# ਗੁਰੂ ਅਰਜਨ ਦੇਵ ਜੀ ਦਾ ਰਹੱਸਵਾਦ

ਪੰਜਾਬ ਯੂਨੀਵਰਸਿਟੀ ਦੀ ਪੀ-ਐਚ. ਡੀ.
ਦੀ ਡਿਗਰੀ ਲਈ ਪੇਸ਼ ਕੀਤਾ ਗਿਆ
ਸ਼ੋਧ-ਪ੍ਰਬੰਧ

PUNJAB UNIVERSITY LIBRARY

ਨਿਗਰਾਨ
ਡਾ. ਸੁਰਿੰਦਰ ਸਿੰਘ ਕੋਹਲੀ
ਸੀਨੀਅਰ ਪ੍ਰੋਫੈਸਰ ਤੇ ਮੁਖੀ, ਪੰਜਾਬੀ ਵਿਭਾਗ
ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ

ਵਲੋਂ
ਰਾਜਿੰਦਰ ਜੀਤ ਕੌਰ ਢੀਂ[illegible]
ਅਜਿੰਦਰ ਜੀਤ ਕੌਰ [illegible]

# ਤਤਕਰਾ


੧- ਆਰੰਭਕ ਸ਼ਬਦ - 4

੨- ਸੰਕੇਤਾਵਲੀ - 7

੩- ਭੂਮਿਕਾ - 9

ਗੁਰੂ ਅਰਜਨ ਦੇਵ ਜੀ ਦਾ ਜੀਵਨ- ਉਨ੍ਹਾਂ ਦੇ ਸਮੇਂ ਵਿਚ ਸਮਾਜਕ ਤੇ ਰਾਜਨੀਤਕ ਵਾਤਾਵਰਣ- ਆਦਿ ਗ੍ਰੰਥ ਦੀ ਰਚਨਾ- ਇਸ ਵਿਚ ਆਏ ਗੁਰੂਆਂ ਤੇ ਭਗਤਾਂ ਦੀ ਬਾਣੀ- ਗੁਰੂ ਅਰਜਨ ਦੇਵ ਜੀ ਦੀ ਬਾਣੀ।

੪- ਭਾਗ ਪਹਿਲਾ - 66

ਕਾਂਡ-੧ ਰਹੱਸਵਾਦ ਕੀ ਹੈ- ਰਹੱਸਵਾਦ ਦਾ ਘੇਰਾ- ਰਹੱਸਵਾਦ ਦਾ ਇਤਿਹਾਸ- ਰਹੱਸਵਾਦ ਦਾ ਮਨਵਤਾ ਤੇ ਪ੍ਰਭਾਵ- ਰਹੱਸਵਾਦ ਦੀਆਂ ਕਿਸਮਾਂ- ਰਹੱਸਵਾਦ ਦੇ ਤੱਤ ਤੇ ਵਿਸ਼ੇਸ਼ਤਾਈਆਂ- ਰਹੱਸਵਾਦ ਦੀਆਂ ਮੰਜ਼ਲਾਂ। - 67

ਕਾਂਡ-੨ ਗੁਰੂ ਅਰਜਨ ਦੇਵ ਜੀ ਤੋਂ ਪਹਿਲਾਂ ਦੇ ਭਾਰਤੀ ਤੇ ਪੰਜਾਬੀ ਸਾਹਿੱਤ ਵਿਚ ਰਹੱਸਵਾਦ ਦਾ ਸਰੂਪ। - 102

ਕਾਂਡ-੩ ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ ਰਹੱਸਵਾਦ। - 121

੫- ਭਾਗ ਦੂਜਾ - 140

ਗੁਰੂ ਅਰਜਨ ਦੇਵ ਜੀ ਦੇ ਰਹੱਸਵਾਦ ਦੇ ਦਾਰਸ਼ਨਕ ਤੱਤ-

ਕਾਂਡ-੧ ਬ੍ਰਹਮ - 141

ਕਾਂਡ- ੨ ਜੀਵ - 163

ਕਾਂਡ-੩ ਜਗਤ ਰਚਨਾ - 175

ਕਾਂਡ-੪ ਮਾਇਆ, ਹਉਮੈ - 188

ਕਾਂਡ-੫ ਕਰਮ, ਹੁਕਮ ਤੇ ਨਦਰ ਦੇ ਸਿਧਾਂਤ - 204

੬- <u>ਭਾਗ ਤੀਜਾ</u> - 218.

ਗੁਰੂ ਅਰਜਨ ਦੇਵ ਜੀ ਦੇ ਰਹੱਸਵਾਦ ਦੇ ਧਾਰਮਕ ਅੰਗ-

ਕਾਂਡ-੧ ਆਚਾਰ ਨੀਤੀ - 219.

ਕਾਂਡ-੨ ਨਾਮ, ਸਤਿਗੁਰੂ ਤੇ ਸ਼ਬਦ - 227.

ਕਾਂਡ-੩ ਸਤਿਸੰਗ, ਕੀਰਤਨ - 247.

ਕਾਂਡ-੪ ਬ੍ਰਹਮ ਗਿਆਨੀ, ਜੀਵਨ ਮੁਕਤ, ਸਾਧ, ਸੰਤ, ਗੁਰਮੁਖ ਦਾ ਸੰਕਲਪ - 259

ਕਾਂਡ-੫ ਪ੍ਰਭੂ- ਪ੍ਰਾਪਤੀ- ਜੋਗ, ਸਹਜ, ਅਨਹਦ ਅਵਸਥਾਵਾਂ ਰਾਹੀਂ - 286

੭- <u>ਸਾਰ</u> - 301.

੮- <u>ਪੁਸਤਕਾਵਲੀ</u> - 307.


*****
***
*

## ਆਰੰਭਕ ਸ਼ਬਦ

ਗੁਰਬਾਣੀ ਨਾਲ ਪਿਆਰ ਮੈਂ ਵਿਰਸੇ ਵਿਚ ਆਪਣੇ ਮਾਤਾ ਪਿਤਾ ਤੋਂ ਪ੍ਰਾਪਤ ਕੀਤਾ ਹੈ। ਜਿਉਂ ਜਿਉਂ ਵੱਡੀ ਹੋਈ ਇਸ ਵਿਰਾਸਤ ਨੂੰ ਘੋਖਣ, ਪੜਤਾਲਣ ਦੀ ਖ਼ਾਹਸ਼ ਵਧਦੀ ਗਈ। ਜਿਹੜੀ ਹੁਣ 'ਗੁਰੂ ਅਰਜਨ ਦੇਵ ਜੀ ਦਾ ਰਹੱਸਵਾਦ' ਦੇ ਰੂਪ ਵਿਚ ਆਪ ਦੇ ਹੱਥਾਂ ਵਿਚ ਹੈ।

ਸ੍ਰੀ ਗੁਰੂ ਗ੍ਰੰਥ ਸਾਹਿਬ ਇਕ ਵਿਸ਼ਾਲ ਗਿਆਨ ਭੰਡਾਰ ਹੈ, ਜਿਸ ਵਿਚ ਲਗ ਪਗ ਅੱਧੀ ਰਚਨਾ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਹੈ। ਪੰਜਾਬੀ ਵਿਚ ਹੁਣ ਤੱਕ ਗੁਰੂ ਅਰਜਨ (ਦੇਵ ਜੀ) ਤੇ ਸੰਤ ਦਾਦੂ ਦਿਆਲ- ਇਕ ਤੁਲਨਾਤਮਕ ਅਧਿਐਨ (ਡਾ. ਕਰਤਾਰ ਸਿੰਘ ਸੂਰੀ), ਗੁਰੂ ਅਰਜਨ ਦੇਵ ਜੀ ਦੀ ਰਚਨਾ ਵਿਚ ਲੋਕ ਤੱਤ (ਡਾ. ਸੋਹਿੰਦਰ ਸਿੰਘ ਬੇਦੀ), ਗੁਰੂ ਅਰਜਨ ਦੇਵ ਜੀ ਦੀ ਰਚਨਾ ਵਿਚ ਅਲੰਕਾਰ ਆਦਿ- ਵਿਸ਼ਿਆਂ ਤੇ ਖੋਜ ਭਰਪੂਰ ਕੰਮ ਹੋਇਆ ਹੈ। ਇਨ੍ਹਾਂ ਤੋਂ ਇਲਾਵਾ ਗੁਰੂ ਅਰਜਨ ਦੇਵ ਜੀ ਦੀ ਬਾਵਨ ਅਖਰੀ- ਇਕ ਅਧਿਐਨ (ਸੁਰਿੰਦਰ ਪਾਲ ਕੌਰ), ਗੁਰੂ ਅਰਜਨ- ਜੀਵਨ ਤੇ ਰਚਨਾ (ਭਾਸ਼ਾ ਵਿਭਾਗ, ਪਟਿਆਲਾ), ਜੀਵਨ ਕਥਾ- ਗੁਰੂ ਅਰਜਨ ਦੇਵ ਜੀ (ਗਿਆਨੀ ਦਿੱਤ ਸਿੰਘ), ਜੀਵਨ ਬ੍ਰਿਤਾਂਤ ਸ੍ਰੀ ਗੁਰੂ ਅਰਜਨ ਦੇਵ ਜੀ (ਪ੍ਰੋ. ਸਾਹਿਬ ਸਿੰਘ), ਸ੍ਰੀ ਗੁਰੂ ਅਰਜਨ ਬਿਲਾਸ (ਗਿਆਨੀ ਜੋਧ ਸਿੰਘ), ਦੇਵੀ ਜੀਵਨ ਗੁਰੂ ਅਰਜਨ ਦੇਵ ਜੀ (ਪ੍ਰੋ. ਹਰੀ ਸਿੰਘ), ਗੁਰੂ ਅਰਜਨ ਬਿਲਾਸ (ਗਿਆਨੀ ਬਿਸ਼ਨ ਸਿੰਘ) ਆਦਿ ਰਚਨਾਵਾਂ ਨੇ ਗੁਰੂ ਅਰਜਨ ਦੇਵ ਜੀ ਸਬੰਧੀ ਵਾਕਫ਼ੀਅਤ ਦਿੱਤੀ ਹੈ।

ਅਜੇ ਵੀ ਪੰਚਮ ਪਾਤਸ਼ਾਹ ਸਬੰਧੀ ਕਈ ਵਿਸ਼ੇ ਅਨਛੋਹ ਪਏ ਹਨ। ਜਿਨ੍ਹਾਂ ਵਿਚੋਂ 'ਗੁਰੂ ਅਰਜਨ ਦੇਵ ਜੀ ਦਾ ਰਹੱਸਵਾਦ' ਵਿਸ਼ਾ ਮੈਂ ਨਿਭਾਇਆ ਹੈ।

ਇਸ ਥੀਸਸ ਦੀ ਭੂਮਿਕਾ ਵਿਚ ਗੁਰੂ ਅਰਜਨ ਦੇਵ ਜੀ ਦੇ ਜਨਮ, ਗੁਰਿਆਈ, ਕਾਰਜ, ਸ਼ਹੀਦੀ, ਰਚਨਾ ਆਦਿ ਸਬੰਧੀ ਜਾਣਕਾਰੀ ਹੈ। ਆਪ ਜੀ ਦੀ ਜਨਮ ਤਿਥੀ ਸਬੰਧੀ ਪਏ ਭੁਲੇਖੇ ਤੇ ਆਦਿ ਗ੍ਰੰਥ ਦੀ ਸੰਪਾਦਨਾ ਵੇਲੇ ਗੁਰਬਾਣੀ ਇਕੱਤਰ ਕਰਨ ਸਬੰਧੀ ਭੁਲੇਖਿਆਂ ਨੂੰ ਆਪਣੀਆਂ ਦਲੀਲਾਂ ਸਹਿਤ ਸੁਲਝਾਉਣ ਦਾ ਨਿਮਾਣਾ ਜਿਹਾ ਯਤਨ ਕੀਤਾ ਹੈ।

ਇਸ ਤੋਂ ਅੱਗੇ ਤਿੰਨ ਭਾਗ ਹਨ। ਪਹਿਲੇ ਭਾਗ ਵਿਚ ਤਿੰਨ ਕਾਂਡ ਹਨ। ਪਹਿਲਾ ਕਾਂਡ ਰਹੱਸਵਾਦ- ਇਹ ਕੀ ਹੈ, ਇਸ ਦਾ ਘੇਰਾ, ਇਤਿਹਾਸ, ਕਿਸਮਾਂ,

ਇਸ ਦੇ ਤੱਤ, ਵਿਸ਼ੇਸ਼ਤਾਈਆਂ ਤੇ ਮੰਜ਼ਲਾਂ ਸਬੰਧੀ ਜਾਣਕਾਰੀ ਦੇਂਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਰਹੱਸਵਾਦ ਕਿਸ ਕਿਸਮ ਦਾ ਹੈ, ਇਸੇ ਕਾਂਡ ਵਿਚ ਆਉਂਦਾ ਹੈ। ਦੂਸਰੇ ਕਾਂਡ ਵਿਚ ਗੁਰੂ ਅਰਜਨ ਦੇਵ ਜੀ ਤੋਂ ਪਹਿਲਾਂ ਦੇ ਭਾਰਤੀ ਤੇ ਪੰਜਾਬੀ ਸਾਹਿੱਤ ਵਿਚ ਰਹੱਸਵਾਦ ਦੇ ਸਰੂਪ ਸਬੰਧੀ ਵਾਕਫ਼ੀ ਹੈ। ਤੀਜੇ ਕਾਂਡ ਵਿਚ ਗੁਰੂ ਅਰਜਨ ਦੇਵ ਜੀ ਦਾ ਰਹੱਸਵਾਦ ਸੰਖੇਪ ਰੂਪ ਵਿਚ ਬਿਆਨਿਆ ਹੈ। ਆਪ ਦੇ ਰਹੱਸਵਾਦ ਦੇ ਦੋ ਭਾਗ- ਦਾਰਸ਼ਨਕ ਤੱਤ ਤੇ ਧਾਰਮਕ ਅੰਗ- ਕਰਕੇ ਅਸਲੀ ਵਿਸ਼ੇ ਤਕ ਪਹੁੰਚ ਸੁਖੈਨ ਕਰ ਦਿੱਤੀ ਹੈ।

ਦੂਸਰੇ ਭਾਗ ਵਿਚ ਗੁਰੂ ਸਾਹਿਬ ਦੇ ਰਹੱਸਵਾਦ ਦੇ ਦਾਰਸ਼ਨਕ ਤੱਤਾਂ- ਬ੍ਰਹਮ, ਜੀਵ, ਜਗਤ ਰਚਨਾ, ਮਾਇਆ, ਹਉਮੈ, ਕਰਮ, ਹੁਕਮ ਤੇ ਨਦਰ ਨੂੰ ਵਿਚਾਰਿਆ ਹੈ।

ਤੀਸਰੇ ਭਾਗ ਵਿਚ ਆਪ ਦੇ ਰਹੱਸਵਾਦ ਦੇ ਧਾਰਮਕ ਅੰਗਾਂ- ਆਚਾਰ ਨੀਤੀ ਨਾਮ, ਸਤਿਗੁਰੂ, ਸ਼ਬਦ, ਸਤਿਸੰਗ, ਕੀਰਤਨ ਤੇ ਪ੍ਰਭੂ ਪ੍ਰਾਪਤੀ ਨੂੰ ਛੂਹਿਆ ਹੈ। ਬ੍ਰਹਮ ਗਿਆਨੀ, ਜੀਵਨ ਮੁਕਤ, ਸਾਧ, ਸੰਤ ਤੇ ਗੁਰਮੁਖ ਦੀਆਂ ਸਿਫ਼ਤਾਂ ਪ੍ਰਗਟਾਈਆਂ ਹਨ, ਜੋ ਜੀਵ ਲਈ ਪਥ-ਪਰਦਰਸ਼ਨ ਦੇ ਆਦਰਸ਼ ਹਨ।

ਇਸ ਵਿਸ਼ੇ ਨੂੰ ਨਿਭਾਉਂਦਿਆਂ ਕਈ ਔਕੜਾਂ ਸਾਹਮਣੇ ਆਈਆਂ। ਸਭ ਤੋਂ ਵੱਡੀ ਔਕੜ ਪੰਜਾਬੀ ਸਾਹਿੱਤ ਵਿਚ 'ਰਹੱਸਵਾਦ' ਸਬੰਧੀ ਜਾਣਕਾਰੀ ਦੀ ਘਾਟ ਸੀ। ਉਸ ਸਮੇਂ ਪੱਛਮੀ ਸਾਹਿੱਤ ਨੇ ਸਹਾਇਤਾ ਕੀਤੀ। ਦੂਸਰੀ ਔਕੜ ਸ਼ਬਦ ਜੋੜਾਂ ਦੀ ਹੈ। ਵਧ ਤੋਂ ਵਧ ਕੋਸ਼ਿਸ਼ ਕੀਤੀ ਗਈ ਹੈ ਕਿ ਸ਼ਬਦ ਜੋੜਾਂ ਵਿਚ ਇਕਸਾਰਤਾ ਤੇ ਸ਼ੁੱਧਤਾ ਰਹੇ। ਇਸ ਨੂੰ ਗ਼ੈਰ ਪੰਜਾਬੀ ਭਾਸ਼ਾਵਾਂ ਨਾਲ ਬੋਝਲ ਹੋਣ ਤੋਂ ਬਚਾਉਣ ਦਾ ਪੂਰਾ ਯਤਨ ਕੀਤਾ ਹੈ। ਸਰਲ ਤੇ ਸੁਖੈਨ ਸ਼ਬਦਾਵਲੀ ਦਾ ਪ੍ਰਯੋਗ ਕੀਤਾ ਹੈ ਤਾਂ ਜੋ ਇਹ ਰਚਨਾ ਜਨ-ਸਾਧਾਰਨ ਦੀ ਸਮਝ ਵਿਚ ਵੀ ਆ ਸਕੇ। ਕੇਵਲ ਉਹੀ ਸ਼ਬਦ ਗੈਰ ਪੰਜਾਬੀ ਲਏ ਹਨ ਜੋ ਪੰਜਾਬੀ ਦੇ ਹਾਜ਼ਮੇ ਅਨੁਸਾਰ ਆ ਸਕਦੇ ਹਨ। ਕਾਫ਼ੀ ਸੁਧਾਈ ਕਰਨ ਉਪਰੰਤ ਵੀ ਕਈ ਅਸ਼ੁੱਧੀਆਂ ਰਹਿ ਜਾਣੀਆਂ ਸੰਭਵ ਹਨ। ਪ੍ਰੀਖਿਅਕ-, ਪਾਠਕ ਖਿਮਾ ਕਰ ਸਕਣ ਤਾਂ ਧੰਨਵਾਦੀ ਹੋਵਾਂਗੀ।

ਡਾ. ਸੁਰਿੰਦਰ ਸਿੰਘ ਕੋਹਲੀ ਜੀ ਦਾ ਹਾਰਦਕ ਧੰਨਵਾਦ ਕਰਦੀ ਹਾਂ, ਜਿਨ੍ਹਾਂ ਨੇ ਨ ਕੇਵਲ ਮੈਨੂੰ ਇਹ ਵਿਸ਼ਾ ਹੀ ਦਿੱਤਾ ਬਲਕਿ ਆਪ ਜੀ ਨੇ ਸੁਚੱਜੀ ਅਗਵਾਈ ਤੇ ਉਤਸ਼ਾਹ ਦੇ ਕੇ ਇਹ ਗੰਭੀਰ ਵਿਸ਼ਾ ਮੇਰੇ ਲਈ ਸੁਖਾਲਾ ਤੇ ਨਿਭਾਉਣਯੋਗ ਬਣਾਇਆ।

ਆਪਣੇ ਰੁਝੇਂਵਿਆਂ ਭਰੇ ਜੀਵਨ ਵਿਚੋਂ ਜੋ ਕੀਮਤੀ ਸਮਾਂ ਆਪ ਮੈਨੂੰ ਬਖ਼ਸ਼ਦੇ ਰਹੇ, ਉਹ ਮੇਰੇ ਲਈ ਵਰਦਾਨ ਦੇ ਤੁਲ ਹੈ। ਸ੍ਰੀ ਮਤੀ ਕੁਲਵੰਤ ਕੌਰ ਕੋਹਲੀ ਜੀ ਦੀ ਵੀ, ਉਨ੍ਹਾਂ ਵਲੋਂ ਮਿਲੇ ਉਤਸ਼ਾਹ ਤੇ ਸੁਹਿਰਦ ਵਤੀਰੇ ਲਈ ਸ਼ੁਕਰ ਗੁਜ਼ਾਰ ਹਾਂ।

ਰਿਣੀ ਹਾਂ- ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੀ ਲਾਇਬ੍ਰੇਰੀ ਦੇ ਕਰਮ--ਚਾਰੀਆਂ- ਖਾਸ ਕਰਕੇ ਡਾਕਟਰ ਸੇਠ ਦੀ, ਖਾਲਸਾ ਕਾਲਜ,ਅੰਮ੍ਰਿਤਸਰ ਦੀ ਲਾਇਬ੍ਰੇਰੀ ਦੇ ਕਰਮਚਾਰੀਆਂ- ਖਾਸ ਕਰਕੇ ਸ: ਸੁਖਬੀਰ ਸਿੰਘ ਦੀ, ਸਿੱਖ ਰੈਫਰੇਂਸ ਲਾਇਬ੍ਰੇਰੀ,ਅੰਮ੍ਰਿਤਸਰ ਦੇ ਕਰਮਚਾਰੀਆਂ- ਖਾਸ ਕਰਕੇ ਸ: ਸ਼ਮਸ਼ੇਰ ਸਿੰਘ ਅਸ਼ੋਕ ਦੀ, ਗੁਰੂ ਨਾਨਕ ਯੂਨੀਵਰਸਿਟੀ, ਅੰਮ੍ਰਿਤਸਰ ਦੀ ਲਾਇਬ੍ਰੇਰੀ ਦੇ ਕਰਮਚਾਰੀਆਂ ਦੀ ਤੇ ਉਨ੍ਹਾਂ ਸਾਰੇ ਵਿਦਵਾਨਾਂ ਦੀ, ਜਿਨ੍ਹਾਂ ਦੀਆਂ ਰਚਨਾਵਾਂ ਵਿਚੋਂ ਹਵਾਲੇ ਲਏ ਹਨ।

ਅਜ ਜਦੋਂ ਮੇਰਾ ਥੀਸਸ ਮੁਕੰਮਲ ਹੋ ਗਿਆ ਹੈ ਤਾਂ ਮੈਨੂੰ ਦੂਹਰੀ ਖੁਸ਼ੀ ਹੋ ਰਹੀ ਹ। ਇਕ ਮੇਰੇ ਮਾਤਾ ਪਿਤਾ ਦੇ ਧਾਰਮਕ ਵਿਚਾਰ ਦੇਣ ਨੂੰ ਕੋਈ ਫਲ ਪਿਆ ਹੈ ਤੇ ਦੂਜੀ ਮੇਰੇ ਜੀਵਨ ਸਾਥੀ ਦੀ ਦਿਲੀ ਖ਼ਾਹਸ਼ ਪੂਰੀ ਹੋਈ ਹੈ। ਜਿਨ੍ਹਾਂ ਨੇ ਬੜੀ ਡੂੰਘੀ ਸੋਚ ਨਾਲ ਡਾਕਟਰ ਕੋਹਲੀ ਸਾਹਿਬ ਪਾਸੋਂ ਮੇਰੇ ਲਈ ਗੁਰਬਾਣੀ ਦੇ ਵਿਸ਼ੇ ਦੀ ਸਿਫਾਰਸ਼ ਕੀਤੀ ਸੀ। ਇਸ ਕਾਰਜ ਨੂੰ ਨੇਪਰੇ ਚੜ੍ਹਾਉਣ ਵਿਚ ਆਪ ਨੇ ਪੂਰਾ ਸਾਥ ਦਿੱਤਾ ਹ ਜਿਸ ਵਜੋਂ ਸਦਾ ਦੇਣਦਾਰ ਹਾਂ।

ਅੰਤ ਵਿਚ ਧੰਨਵਾਦੀ ਹਾਂ ਸ: ਗੁਰਦਿਆਲ ਸਿੰਘ ਦੀ, ਜਿਸ ਨੇ ਠੀਕ ਸਮੇਂ ਸਿਰ ਪੂਰੀ ਲਗਨ ਨਾਲ ਟਾਈਪ ਕਰਕੇ ਦਿੱਤਾ।

ਰਾਜਿੰਦਰ ਜੀਤ ਕੌਰ ਢੀਂਡਸਾ

# ਸੰਕੇਤਾਵਲੀ

| ਪੂਰੇ ਸ਼ਬਦ | ਸੰਕੇਤਕ ਸ਼ਬਦ |
|---|---|
| ੧- ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ | ਆਦਿ ਗ੍ਰੰਥ |
| ੨- ਸ਼ਬਦਾਰਥ- ਸ੍ਰੀ ਗੁਰੂ ਗ੍ਰੰਥ ਸਾਹਿਬ ਜੀ | ਸ਼ਬਦਾਰਥ |
| ੩- ਗੁਰੂ ਨਾਨਕ ਦੇ ਵਿਸ਼ੇਸ਼ ਪ੍ਰਸੰਗ ਵਿਚ ਪੰਜਾਬੀ ਨਿਰਗੁਣਧਾਰਾ ਦਾ ਆਲੋਚਨਾਤਮਕ ਅਧਿਅਨ | ਗੁਰੂ ਨਾਨਕ ----- ਆਲੋਚਨਾਤਮਕ ਅਧਿਅਨ |
| ੪- ਗੁਰ ਸ਼ਬਦ ਰਤਨਾਕਰ-ਮਹਾਨਕੋਸ਼ | ਮਹਾਨਕੋਸ਼ |
| ੫- Encyclopaedia | Ency. |
| ੬- The Faith of the World- (A Dictionary of all Religions and Religious Sects) | The Faith of the World. |
| ੭- Mysticism- A study and an Anthology | Mysticism |

*****
***
*

ਗੁਰੁ ਅਰਜਨੁ ਸਿਰਿ ਛਤ੍ਰੁ ਆਪਿ ਪਰਮੇਸਰਿ ਦੀਅਉ।।

— ਹਰਿਬੰਸ ਭੱਟ, ਆਦਿ ਗ੍ਰੰਥ, ਪੰਨਾ ੧੪੦੯

ਭੂਮਿਕਾ:-

ਗੁਰੂ ਅਰਜਨ ਦੇਵ ਜੀ ਦਾ ਜੀਵਨ- ਉਨ੍ਹਾਂ ਦੇ ਸਮੇਂ ਵਿਚ ਸਮਾਜਕ ਤੇ ਰਾਜਨੀਤਕ ਵਾਤਾਵਰਣ- ਆਦਿ ਗ੍ਰੰਥ ਦੀ ਰਚਨਾ- ਇਸ ਵਿਚ ਆਏ ਗੁਰੂਆਂ ਤੇ ਭਗਤਾਂ ਦੀ ਬਾਣੀ- ਗੁਰੂ ਅਰਜਨ ਦੇਵ ਜੀ ਦੀ ਬਾਣੀ।

ਗੁਰੂ ਅਰਜਨ ਦੇਵ ਜੀ ਦਾ ਜੀਵਨ:-

ਮੁਰਤਿ ਪੰਚ ਪ੍ਰਮਾਣ ਪੁਰਖੁ ਗੁਰੁ ਅਰਜਨ ਪਿਖਹੁ ਨਯਣ।। [1]
(ਮਥਰਾ ਭੱਟ)

ਸਿੱਖ ਇਤਿਹਾਸ ਦੇ ਪਹਿਲੇ 'ਮਹਾਨ' ਸਾਹਿਤਕਾਰ ਕਵੀ, ਸੰਪਾਦਕ, ਵਿਦਵਾਨ ਤੇ ਪਹਿਲੇ ਸ਼ਹੀਦ- ਗੁਰੂ ਅਰਜਨ ਦੇਵ ਜੀ- ਦਾ ਜਨਮ ਵਿਸਾਖ ਵਦੀ ੭ (੧੯ ਵਿਸਾਖ) ਸੰਮਤ ੧੬੨੦ ਦਿਨ ਮੰਗਲਵਾਰ[2] ਮੁਤਾਬਕ ੧੫ ਅਪ੍ਰੈਲ ੧੫੬੩ ਨੂੰ ਗੋਇੰਦਵਾਲ ਵਿਖੇ ਹੋਇਆ।

ਆਪ ਦੇ ਜਨਮ ਬਾਰੇ ਵੱਖ ਵੱਖ ਵਿਚਾਰ ਮਿਲਦੇ ਹਨ-

ਗੁਰਪ੍ਰਣਾਲੀ ਕ੍ਰਿਤ ਸਨਾਤਮੰਭੂ[3] ਅਨੁਸਾਰ ਆਪ ਦਾ ਜਨਮ ੧੮ ਵਿਸਾਖ ਸੰਮਤ ੧੬੧੦ ਵਿਚ ਦਸਿਆ ਗਿਆ ਹੈ।

---

੧- ਸਵਈਏ ਮਹਲੇ ੫ ਕੇ ਆਦਿ ਗ੍ਰੰਥ, ਪੰਨਾ ੧੪੦੮

੨- ੳ- A critical study of Adi Granth ,Dr.S.S.Kohli,p.6.

ਅ- The Sikh Religion,M.A.Macauliffe, Vol.III,p.1.

ੲ- History and Philosophy ofthe Sikh Religion,Khazan Singh, Vol.I,p.118.

ਸ- ਮਹਾਨ ਕੋਸ਼, ਭਾਈ ਕਾਨ੍ਹ ਸਿੰਘ ਨਾਭਾ, ਪੰਨਾ ੬੦

ਹ- ਗੁਰਮਤਿ ਸਿਧਾਂਤ ਤੇ ਕੋਮਾਂਤਰੀ ਵਿਚਾਰਧਾਰਾ, ਲਾਲ ਸਿੰਘ, ਪੰਨਾ ੧੦

ਕ- ਗੁਰੂ ਅਰਜਨ ਦੇਵ ਕੀ ਬਾਣੀ(ਹਿੰਦੀ)ਭਾਸ਼ਾ ਵਿਭਾਗ,ਪਟਿਆਲਾ,ਪੰਨਾ ੧

ਖ- ਪੰਜਾਬ ਦੇ ਹੀਰੇ, ਮੌਲਾ ਬਖਸ਼ ਕੁਸ਼ਤਾ, ਪੰਨਾ ੧੬

ਗ- ਜੀਵਨ ਕਥਾ ਗੁਰੂ ਅਰਜਨ ਦੇਵ ਜੀ,ਭਾਈ ਵਿਰ ਸਿੰਘ, ਪੰਨਾ ੬

ਘ- ਗੁਰਪੁਰਬ ਨਿਰਣਯ, ਕਰਮ ਸਿੰਘ ਹਿਸਟੋਰੀਅਨ, ਪੰਨਾ ੧੦੧

ਙ- ਤ੍ਵਾਰੀਖ ਗੁਰੂ ਖਾਲਸਾ,ਗਿਆਨੀ ਗਿਆਨ ਸਿੰਘ,ਪੰਨਾ ੧੯੦(ਲਿਥੋ ਪ੍ਰਿੰਟ)

ਚ- ਗੁਰਬਾਣੀ ਪ੍ਰਬੋਧ, ਭਗਤ ਰਾਮ ਦਿੱਤਾ ਜੀ, ਪੰਨਾ ੧੧੨

੩- ਗੁਰਪ੍ਰਣਾਲੀ ਪੰ.ਯੂ.ਚੰਡੀਗੜ੍ਹ ਲਾਇਬ੍ਰੇਰੀ(ਹੱਥ ਲਿਖਤ)ਨੰਬਰ ੩੮੮, ਪੰਨਾ ੪

ਗੁਰਪ੍ਰਣਾਲੀ ਕ੍ਰਿਤ ਭਾਈ ਕੇਸਰ ਸਿੰਘ,[1] ਗੁਰਪ੍ਰਣਾਲੀ ਕ੍ਰਿਤ ਗੁਲਾਬ ਸਿੰਘ,[2] ਪੰਡਤ ਤਾਰਾ ਸਿੰਘ ਨਰੋਤਮ,[3] ਗੁਰ ਸਾਗਰ ਰਤਨ ਪ੍ਰਕਾਸ਼,[4] ਭਗਤ ਲਛਮਨ ਸਿੰਘ,[5] ਅਨੁਸਾਰ ਵੀ ਜਨਮ ਸਾਲ ਸੰਮਤ ੧੬੧੦ ਹੈ। ਕੇਸਰ ਸਿੰਘ ਛਿਬਰ ਭੀ ਇਹੋ ਹੀ ਸੰਮਤ ਮੰਨਦੇ ਹਨ।[6]

ਪਰ ਸੰ: ੧੫੬੩ (ਸੰਮਤ ੧੬੨੦) ਠੀਕ ਹੈ ਕਿਉਂਕਿ ਸੰ: ੧੫੫੩ (ਸੰਮਤ ੧੬੧੦)[7] ਵਿਚ ਤਾਂ ਗੁਰੂ ਰਾਮ ਦਾਸ ਜੀ ਦੀ ਸ਼ਾਦੀ ਹੋਈ ਸੀ ਤੇ ਗੁਰੂ ਅਰਜਨ ਦੇਵ ਜੀ ਆਪ ਜੀ ਦੀ ਸਭ ਤੋਂ ਛੋਟੀ ਔਲਾਦ ਹਨ।

ਜਨਮ ਦੀ ਜ਼ਿਆਦਾ ਸ਼ੁੱਧ ਤਿਥੀ ਅਸੀਂ ੧੫ ਅਪ੍ਰੈਲ ੧੫੬੩ (ਸੰਮਤ ੧੬੨੦)[8] ਹੀ ਮੰਨ ਕੇ ਇਹ ਚਰਚਾ ਇਥੇ ਸਮਾਪਤ ਕਰਦੇ ਹਾਂ।

---

੧- ਇਤਿਹਾਸਕ ਪੱਤਰ, ਵਿਸਾਖ ਜੇਠ ਹਾੜ ਸੰਮਤ ੨੦੦੬, ਸੰ: ੧੯੪੯, ਸਿੱਖ ਹਿਸਟਰੀ ਸੋਸਾਇਟੀ, ਅੰਮ੍ਰਿਤਸਰ, ਸੈਂਚੀ ੧, ਅੰਕ ੧, ਪੰਨਾ ੫੪

੨- ਉਪਰੋਕਤ ਇਤਿਹਾਸਕ ਪੱਤਰ, ਪੰਨਾ ੮੩

੩- ਸ੍ਰੀ ਗੁਰੂ ਤੀਰਥ ਸੰਗ੍ਰਹਿ, ਪੰਡਤ ਤਾਰਾ ਸਿੰਘ ਨਰੋਤਮ, ਪੰਨਾ ੩੩

੪- ਗੁਰ ਸਾਗਰ ਰਤਨ ਪ੍ਰਕਾਸ਼, ਗੁਰਬਖਸ਼ ਸਿੰਘ ਤੂਰਨ, ਪੰਨਾ ੧੨੦

੫- Sikh Martyrs, Bhagat Lakshman Singh, p.33

੬- ਬੰਸਾਵਲੀ ਨਾਮਾ ਦਸਾਂ ਪਾਤਸ਼ਾਹੀਆਂ ਕਾ, ਚਰਣ ੫, ਅੰਕ ੧ (ਕੇਸਰ ਸਿੰਘ ਛਿਬਰ) (ਪਰਖ ੧੯੭੨, ਭਾਗ ੨, ਪੰਨਾ ੪੨)

੭- History and Philosophy of The Sikh Religion, Khazan Singh, Vol.I, p.116.

੮- ਜਨਮ ਸਾਲ ੧੫੬੩ ਨੂੰ ਪ੍ਰਮਾਣਕ ਸਿਧ ਕਰਨ ਲਈ ਹੇਠ ਲਿਖੀਆਂ ਦਲੀਲਾਂ ਪੇਸ਼ ਕਰਦੀ ਹਾਂ:-

ੳ- ਗੁਰੂ ਅੰਗਦ ਦੇਵ ਜੀ ੧੫੫੨ ਵਿਚ ਜੋਤੀ ਜੋਤ ਸਮਾਏ ਤੇ ਗੁਰੂ ਅਮਰਦਾਸ ਜੀ ਨੂੰ ਗੁਰਗੱਦੀ ਮਿਲੀ। ਸਿੱਖ ਇਤਿਹਾਸ ਵਿਚ ਜ਼ਿਕਰ ਆਉਂਦਾ ਹੈ ਕਿ ਭਾਈ ਜੇਠਾ ਜੀ ਦੀ ਬੀਬੀ ਭਾਨੀ ਨਾਲ ਸ਼ਾਦੀ ਸਮੇਂ ਅਮਰਦਾਸ ਜੀ 'ਗੁਰੂ' ਅਮਰਦਾਸ ਜੀ ਬਣ ਚੁੱਕੇ ਸਨ, ਸੋ ਜੇਠਾ ਜੀ ਦੀ ਸ਼ਾਦੀ ੧੫੫੩ ਵਿਚ ਹੋਈ, ੧੫੪੩ ਵਿਚ ਨਹੀਂ।

ਅ- ਜੇਠਾ ਜੀ ਦਾ ਜਨਮ ੧੫੩੪ ਵਿਚ ਹੋਇਆ। ਜੇ ਸ਼ਾਦੀ ੧੫੪੩ ਵਿਚ ਮੰਨ ਲਈ ਜਾਵੇ ਤਾਂ ਉਸ ਸਮੇਂ ਜੇਠਾ ਜੀ ਦੀ ਆਯੂ ਕੇਵਲ ੯ ਸਾਲ ਬਣਦੀ ਹੈ। ਪਰ ੯ ਸਾਲ ਦਾ ਬੱਚਾ ਗੱਭਰੂ ਨਹੀਂ ਕਿਹਾ ਜਾ ਸਕਦਾ। ਨਾ ਹੀ ਗੁਰੂ ਅਮਰਦਾਸ ਜੀ ਆਪਣੀ ਮੁਟਿਆਰ ਧੀ ਲਈ ਅੰਞਾਣਾ ਵਰ ਚੁਣ ਸਕਦੇ ਸਨ, ਜਿਨ੍ਹਾਂ ਦੀ ਆਪਣੀ ਸਿੱਖਿਆ ਬਾਲ-ਵਿਆਹ ਦੇ ਵਿਰੁੱਧ ਹੈ।

ੲ- ਬੀਬੀ ਭਾਨੀ ਜੀ ਦੀ ਸ਼ਾਦੀ ਸਮੇਂ ਉਮਰ ੯ ਸਾਲ ਤੋਂ ਘੱਟ ਵੀ ਨਹੀਂ ਸਮਝੀ ਜਾ ਸਕਦੀ। ਸੋ ਨਿਸਚੇ ਹੀ ਜੇਠਾ ਜੀ ਦੀ ਸ਼ਾਦੀ ੧੫੫੩ ਵਿਚ ੧੯ ਸਾਲ ਦੀ ਆਯੂ ਵਿਚ ਹੋਈ ਅਤੇ (ਗੁਰੂ) ਅਰਜਨ ਆਪ ਦੀ ਤੀਸਰੀ ਔਲਾਦ ਹਨ, ਜੋ ੧੫੬੩ ਵਿਚ ਹੀ ਪੈਦਾ ਹੋਏ।

ਸ- ੧੫੪੯ ਵਿਚ ਗੁਰੂ ਅੰਗਦ ਦੇਵ ਜੀ ਨੇ ਭਾਈ ਗੋਂਦੇ ਦੀ ਬੇਨਤੀ ਤੇ ਗੋਇੰਦਵਾਲ ਵਸਾਇਆ। ਗੁਰੂ ਅਮਰਦਾਸ ਜੀ ਨੇ ਆਪਣੀ ਬੱਚੀ ਬੀਬੀ ਭਾਨੀ ਜੀ ਦੀ ਸ਼ਾਦੀ ਗੋਇੰਦਵਾਲ ਵਿਚ ਕੀਤੀ ਸੀ, ਜੋ ੧੫੪੩ ਵਿਚ ਅਸੰਭਵ ਹੈ, ੧੫੫੩ ਵਿਚ ਹੀ ਹੋਈ।

ਗੁਰੂ ਅਰਜਨ ਦੇਵ ਜੀ[੧] ਸੋਢੀ ਕੁਲ ਵਿਚੋਂ ਹਨ, ਇਸ ਕੁਲ ਦਾ ਪਿਛਾ ਸ੍ਰੀ ਰਾਮ ਚੰਦਰ ਦੀ ਔਲਾਦ ਲਵ ਨਾਲ ਜਾ ਜੁੜਦਾ ਹੈ।

ਬੰਸਾਵਲੀ ਇਸ ਪ੍ਰਕਾਰ ਹੈ:-

ਸ੍ਰੀ ਰਾਮ ਚੰਦਰ ਜੀ

- ਲਵ
  - ਕਾਲ ਰਾਏ
  - ਸੋਢੀ ਰਾਏ
  - ਬਿਜੈ ਰਾਏ
  - ਮੂਲਕ ਰਾਏ
  - ਸੈਬੀ
  - ਮੋਤਾ
  - ਅਨੰਤਾ
  - ਚਿਤ ਭੋਜ
  - ਕ੍ਰਿਸ਼ਨ ਕੰਵਰ
  - ਹਰੀ ਰਾਮ
  - ਠਾਕਰ ਦਾਸ
  - ਹਰ ਦਾਸ
  - ਗੁਰੂ ਰਾਮਦਾਸ ਜੀ
  - ਗੁਰੂ ਅਰਜਨ ਦੇਵ ਜੀ
- ਕੁਸ਼ੂ
  - ਕਾਲ ਕੇਤ
  - ਧੀਰ ਰਾਏ
  - ਅੰਮ੍ਰਿਤ ਰਾਏ ਬੇਦੀ
  - ਸਲ / ਨਰੋਤਮ
  - ਅਭੋਜ
  - ਨਾਬ ਜੀ
  - ਸੰਭੂ ਜੀ
  - ਪ੍ਰਜਾਪਤ
  - ਨਰਾਇਣ
  - ਸੈਨਪਾਤ
  - ਰਾਮ ਨਾਰਾਇਣ
  - ਸ਼ਿਵ ਰਾਜ
  - ਕਾਲੂ / ਲਾਲੂ
  - ਗੁਰੂ ਨਾਨਕ ਦੇਵ ਜੀ

---

੧- ਗੁਰ ਸਾਗਰ ਰਤਨ ਪ੍ਰਕਾਸ਼, ਗੁਰਬਖਸ਼ ਸਿੰਘ ਤੁਰਨ, ਪੰਨਾ ੪-੫

ਕੇਸਰ ਸਿੰਘ ਛਿਬਰ ਵੀ ਗੁਰੂ ਸਾਹਿਬ ਨੂੰ ਰਾਜਾ ਦਸਰਥ ਦੀ ਵੰਸ ਨਾਲ ਜੋੜਦੇ ਹਨ:-

ਵੇਦੀ ਸੋਢੀ ਤ੍ਰਿਹਨ ਤੇ ਭਲੇ। ਚਾਰੇ ਜਾਤੀ ਰਾਜਾ ਦਸਰਥ ਦੀ ਅੰਸੁ ਆਏ ਰਲੇ ਮਿਲੇ।[1]

ਚੌਥੀ ਪਾਤਸ਼ਾਹੀ ਗੁਰੂ ਰਾਮਦਾਸ ਜੀ ਦੇ ਘਰ ਤਿੰਨ ਸਪੁਤਰ ਹੋਏ:[2]

੧- ਪ੍ਰਿਥੀ ਚੰਦ ਦਾ ਜਨਮ ੧੫੫੭ ਵਿਚ ਹੋਇਆ (ਅਸੂ ੧, ਸੰਮਤ ੧੬੧੪)
੨- ਮਹਾਂਦੇਵ ਦਾ ਜਨਮ ੧੫੬੦ ਵਿਚ ਹੋਇਆ (ਹਾੜ ੪, ਸੰਮਤ ੧੬੧੭)
੩- (ਗੁਰੂ) ਅਰਜਨ ਦੇਵ ਦਾ ਜਨਮ ੧੫੬੩ ਵਿਚ ਹੋਇਆ (ਵਿਸਾਖ ੧੮, ਸੰਮਤ੧੬੨੦)

ਭਗਤ ਲਛਮਨ ਸਿੰਘ ਆਪ ਨੂੰ ਗੁਰੂ ਰਾਮਦਾਸ ਜੀ ਦੇ ਦੂਜੇ ਲੜਕੇ ਦਸਦੇ ਹਨ।[3] ਜੋ ਠੀਕ ਨਹੀਂ।

ਗੁਰੂ ਅਰਜਨ ਦੇਵ ਜੀ ਦੇ ਮਾਤਾ ਬੀਬੀ ਭਾਨੀ ਜੀ[4] ਬੜੇ ਨੇਕ ਤੇ ਧਾਰਮਕ ਵਿਚਾਰਾਂ ਵਾਲੇ ਸਨ; ਜਿਨ੍ਹਾਂ ਦੇ ਤਪ, ਸਿਦਕ ਤੇ ਸ਼ਰਧਾ ਭਾਵ ਸਦਕਾ ਗੁਰੂਗੱਦੀ ਗੁਰੂ ਅਮਰਦਾਸ ਜੀ ਨੇ ਆਪਣੇ ਪੁਤਰਾਂ ਨੂੰ ਨਹੀਂ ਸੀ ਦਿੱਤੀ, ਜਵਾਈ (ਗੁਰੂ) ਰਾਮਦਾਸ ਜੀ ਨੂੰ ਦਿੱਤੀ ਸੀ।

ਮਾਤਾ ਪਿਤਾ ਦਾ ਇਹ ਸਾਰਾ ਅਸਰ ਪ੍ਰਿਥੀ ਚੰਦ ਤੇ ਮਹਾਂਦੇਵ ਨੂੰ ਛੱਡ ਕੇ (ਗੁਰੂ) ਅਰਜਨ ਦੇਵ ਜੀ ਪਾਸ ਪੁੱਜ ਗਿਆ। ਆਪ ਬਚਪਨ ਤੋਂ ਹੀ ਹੋਣਹਾਰ ਦਿਖਾਈ ਦੇਂਦੇ ਸਨ ਤਦੇ ਆਪ ਦੇ ਨਾਨਾ ਜੀ ਨੇ ਆਪ ਨੂੰ ਵਰ ਦਿੱਤਾ ਸੀ-'ਦੋਹਿਤਾ ਬਾਣੀ ਦਾ ਬੋਹਥਾ', ਭਾਵ ਸਾਡਾ ਇਹ ਦੋਹਤਾ ਵੱਡਾ ਸਾਹਿਤਕਾਰ ਹੋਵੇਗਾ। ਇਸ ਘਟਨਾ ਨੂੰ ਸਿੱਖ ਇਤਿਹਾਸ ਵਿਚ ਇਉਂ ਦਸਿਆ ਹੈ ਕਿ ਇਕ ਵਾਰ ਗੁਰੂ ਅਮਰਦਾਸ ਜੀ ਆਰਾਮ ਕਰ ਰਹੇ ਸਨ, ਬਾਲਕ ਅਰਜਨ ਰਿੜ੍ਹਦੇ ਰਿੜ੍ਹਦੇ ਨਾਨਾ ਜੀ ਦੇ ਮੰਜੇ ਪਾਸ ਆ ਪੁੱਜੇ ਤੇ ਫਿਰ ਉਪਰ ਚੜ੍ਹਨ ਦਾ ਉਪਰਾਲਾ ਹਾਲੇ ਕਰਨਾ ਹੀ ਸੀ ਕਿ ਮਾਤਾ ਭਾਨੀ ਜੀ ਪਕੜਨ ਲਗੇ ਤਾਂ ਜੋ ਗੁਰੂ ਜੀ ਦੇ ਆਰਾਮ ਵਿਚ ਵਿਘਨ ਨਾ ਪਵੇ। ਪਰ ਗੁਰੂ ਜੀ ਨੇ ਵੇਖ ਲਿਆ ਤੇ ਬਾਲਕ ਨੂੰ ਚੁੱਕ ਕੇ ਪਿਆਰ ਕੀਤਾ ਤੇ ਭਵਿਸ਼ ਬਾਣੀ ਆਖੀ, ਜੋ ਭਾਈ ਸੰਤੋਖ ਸਿੰਘ ਜੀ ਦੇ ਸ਼ਬਦਾਂ ਵਿਚ ਇਉਂ ਵਰਣਨ ਹੈ:-

---

੧- ਬੰਸਾਵਲੀ ਨਾਮਾ ਦਸਾਂ ਪਾਤਸ਼ਾਹੀਆਂ ਕਾ, ਅੰਕ- ੧੦੮, ਚਰਣ-੧

੨- ੳ-History and Philosophy of The Sikh Religion, Khazan Singh, Vol.I, p.118.
ਅ- ਤ੍ਵਾਰੀਖ ਗੁਰੂ ਖਾਲਸਾ, ਗਿਆਨੀ ਗਿਆਨ ਸਿੰਘ, ਪੰਨਾ ੧੯੦ (ਲਿਥੋ ਪ੍ਰਿੰਟ)

੩- Sikh Martyrs, Bhagat Lakshman Singh, p.33.

੪- ਬੀਬੀ ਭਾਨੀ ਜੀ ਗੁਰੂ ਅਮਰਦਾਸ ਜੀ ਦੀ ਪੁਤਰੀ ਸਨ। ਆਪ ਨੇ ਇਕ ਵਾਰ ਆਪਣੇ ਪਿਤਾ ਜੀ ਪਾਸੋਂ ਵਰ ਲਿਆ ਸੀ ਕਿ ਗੁਰਗੱਦੀ ਸੋਢੀ ਖਾਨਦਾਨ ਵਿਚ ਰਹੇ, ਸੋ ਗੁਰੂ ਰਾਮਦਾਸ ਜੀ ਤੋਂ ਬਾਦ ਅਜਿਹਾ ਹੀ ਹੋਇਆ।

ਨਹਿ ਲਿਜਾਇਓ ਰਹਿਨ ਦਿਓ ਖਰਿਓ।।
ਜੁਗ ਕਰ ਸੋਂ ਗੁਰ ਗਹਿਬੋ ਕਰਿਓ।।
ਊਪਰ ਕੇ ਉਠਾਇ ਤਬ ਤੋਲਿਓ।।
ਗਰਵ ਭਾਰ ਲਖ ਸ੍ਰੀ ਗੁਰ ਬੋਲਿਓ।।
ਭਾਰੀ ਗੁਰ ਜਗ ਮੇਂ ਬਿਦ ਤੇ ਹੈ।।
ਬਾਣੀ ਕੇ ਬੋਹਥ ਬਡ ਹਵੈ ਹੈ।।[੧]

ਭਾਈ ਕੇਸਰ ਸਿੰਘ ਛਿਬਰ ਗੁਰੂ ਜੀ ਲਈ ਕੀਤੀ ਗਈ ਭਵਿਸ਼ ਬਾਣੀ ਬਾਰੇ ਜ਼ਿਕਰ ਕਰਦੇ ਹਨ:-

ਬਚਨ ਕੀਤਾ ਇਹ ਬਡਾ ਪੁਰਖ ਹੈ ਭਾਰੀ।।
ਇਨ ਮੰਜੀ ਹਿਲਾਣੀ ਅਸਾਡੀ ਸਾਰੀ।।[੨]

ਗੁਰੂ ਅਮਰਦਾਸ ਜੀ ਨੇ ਆਪਣੇ ਦੋਹਤੇ ਅਰਜਨ ਦੀ ਵਿਦਵਤਾ ਨੂੰ ਪੰਘੂੜੇ ਵਿਚੋਂ ਹੀ ਪਹਿਚਾਨ ਲਿਆ ਸੀ:-

ਗੁਰੂ ਅਮਰਦਾਸ ਅਰਜਨ ਸਹੀ ਕਰ ਲੀਤਾ।।
ਤਬ ਭਾਰੀ ਪੁਰਖ ਕਾ ਬਚਨ ਸੀ ਕੀਤਾ।।[੩]

ਮੇਕਾਲਿਫ ਨੇ ਵੀ ਇਸ ਘਟਨਾ ਦਾ ਵਰਣਨ ਕੀਤਾ ਹੈ, ਪਰ ਉਸ ਨੇ 'ਬਾਣੀ ਦਾ ਬੋਹਥਾ' ਦੀ ਥਾਂ 'ਪਾਣੀ ਕਾ ਬੋਹਿਤਾ' ਲਿਖਿਆ ਹੈ। ਉਹ ਲਿਖਦਾ ਹੈ ਕਿ 'ਇਹ ਮੇਰਾ ਦੋਹਤਾ ਪਾਣੀ ਕਾ ਬੋਹਿਤਾ ਹੋਵੇਗਾ'।[੪] ਜਾਪਦਾ ਹੈ ਮੇਕਾਲਿਫ ਨੂੰ ਪੰਜਾਬੀ ਦਾ ਮੁਹਾਵਰਾ ਸਮਝਣ ਵਿਚ ਭੁਲੇਖਾ ਲਗਾ ਹੈ। ਪਰ ਗੁਰੂ ਸਾਹਿਬ ਦੀ ਵਿਦਵਤਾ ਦਾ ਸਿੱਕਾ ਤਾਂ ਮੇਕਾਲਿਫ ਦੇ ਮਨ ਵਿਚ ਜ਼ਰੂਰ ਹੈ।

ਸੰਮਤ ੧੬੩੨ ਵਿਚ ਲਗ ਪਗ ੧੨ ਸਾਲ ਦੀ ਆਯੂ ਵਿਚ ਆਪ ਦਾ ਵਿਆਹ ਸੋਢੀ ਚੰਦਨ ਦਾਸ ਖਤਰੀ ਦੀ ਧੀ ਰਾਮ ਦੇਵੀ ਨਾਲ ਹੋਇਆ। ਉਸ ਦੇ ਚਲਾਣੇ ਮਗਰੋਂ ਸੰਮਤ ੧੬੪੬ ਵਿਚ ਦੂਜਾ ਵਿਆਹ ਕਿਸ਼ਨ ਚੰਦ ਦੀ ਪੁਤਰੀ ਬੀਬੀ ਗੰਗਾ ਨਾਲ ਹੋਇਆ, ਜਿਸ ਦੀ ਕੁਖੋਂ ਬਾਲਕ ਹਰਗੋਬਿੰਦ ਜੀ ਨੇ ਜਨਮ ਲਿਆ।

---

੧- ਸੂਰਜ ਪ੍ਰਕਾਸ਼, ਭਾਈ ਸੰਤੋਖ ਸਿੰਘ

੨- ਬੰਸਾਵਲੀ ਨਾਮਾ ਦਸਾਂ ਪਾਤਸ਼ਾਹੀਆਂ ਕਾ, ਕੇਸਰ ਸਿੰਘ ਛਿਬਰ, ਅੰਕ-੮੧, ਚਰਣ ੩

੩- ਉਹੀ। ਅੰਕ-੨, ਚਰਣ ੫

੪- This Grandson of mine shall be a boat to take mankind across the ocean of the world. (The Sikh Religion, M.A.Macauliffe, Vol.III, p.1.

ਜਨਮ ਕਾਲ ਵਾਂਗ ਵਿਆਹ ਦੇ ਸੰਮਤ ਦਾ ਵੀ ਚਰਚਾ ਚਲਦਾ ਹੈ। ਪੰਡਤ ਤਾਰਾ ਸਿੰਘ ਨਰੋਤਮ[੧] ਆਪ ਦਾ ਪਹਿਲਾ ਵਿਆਹ ਮਾਤਾ ਗੰਗਾ ਜੀ ਨਾਲ ਹਾੜ, ੧੬੨੨ ਸੰਮਤ ਵਿਚ ਲਿਖਦੇ ਹਨ। ਪ੍ਰੋ.ਸਾਹਿਬ ਸਿੰਘ[੨] ਪਹਿਲਾ ਵਿਆਹ ੧੫੮੯ ਈ. (ਸੰਮਤ ੧੬੪੬) ਵਿਚ ਫਲੌਰ ਪਰਗਣੇ ਵਿਚ ਬੀਬੀ ਗੰਗਾ ਜੀ ਨਾਲ ਦਸਦੇ ਹਨ।

ਗੁਰਪ੍ਰਣਾਲੀਆਂ ਦੇ ਕਰਤਾ ਆਪ ਦਾ ਪਹਿਲਾ ਵਿਆਹ ਸੰਮਤ ੧੬੨੨ ਵਿਚ ਲਿਖਦੇ ਹਨ।[੩] 'ਅਰ ਦੂਸਰੀ ਜਾਗਾ ਸੇਖੜੀ। ਗੰਗਾ ਦੇਵੀ ਕਾ ਡੋਲਾ ਆਨ ਦਿੱਤਾ। ਸੰਮਤ ੧੬੪੮ ਹਾੜ ਦੀ ਬਾਈਸਵੀਂ ਗੁਰ ਮੰਦਰੋਂ ਬਿਖੇ ਬਿਧ ਪੂਰਬਕ ਬਿਵਾਹ ਭਯਾ।'[੪]

ਗੁਰਪ੍ਰਣਾਲੀ ਕ੍ਰਿਤ ਭਾਈ ਕੇਸਰ ਸਿੰਘ ਉਪਰੋਕਤ ਸੰਮਤ ਦਾ ਹੀ ਸਮਰਥਨ ਕਰਦੇ ਹਨ।[੫] ਪਰ ਗੁਰਪ੍ਰਣਾਲੀ ਕ੍ਰਿਤ ਸੂਰਜ ਸਨਾਯੰਭੂ[੬] ਨੇ ਅਤੇ ਕੇਸਰ ਸਿੰਘ ਛਿਬਰ[੭] ਨੇ ਇਸ ਵਿਚ ਕੁਝ ਫਰਕ ਪਾ ਦਿੱਤਾ ਹੈ। ਇਨ੍ਹਾਂ ਦੇ ਮੁਤਾਬਕ ਪਹਿਲੀ ਸ਼ਾਦੀ ੨੨ ਵਿਸਾਖ ਸੰਮਤ ੧੬੨੨ ਨੂੰ ਅਤੇ ਦੂਜੀ ਹਾੜ ਦੀ ੨੨ ਸੰਮਤ,੧੬੪੬ ਵਿਚ ਹੋਈ। ਜ਼ਿਆਦਾ ਚਰਚਾ ਵਿਚ ਨਾ ਜਾਂਦੇ ਹੋਏ ਅਸੀਂ ਪਹਿਲੀ ਸ਼ਾਦੀ ਸੰਮਤ ੧੬੩੨[੮] ਅਤੇ ਦੂਜੀ ਸ਼ਾਦੀ ਸੰਮਤ ੧੬੪੬ ਵਿਚ ਹੋਈ ਪ੍ਰਮਾਣਕ ਮੰਨਦੇ ਹਾਂ।

(ਗੁਰੂ) ਅਰਜਨ ਦੇਵ ਜੀ ਦੇ ਬਚਪਨ ਦੀ ਸਭ ਤੋਂ ਅਹਿਮ ਘਟਨਾ ਆਪ ਦਾ ਲਾਹੌਰ ਜਾਣਾ ਹੈ। ਲਾਹੌਰ ਗੁਰੂ ਰਾਮਦਾਸ ਜੀ ਦੇ ਤਾਏ ਦੇ ਪੁੱਤਰ ਭਾਈ ਸਹਾਰੀ ਮਲ ਦੇ ਬੇਟੇ ਦੀ ਸ਼ਾਦੀ ਸੀ। ਪਿਤਾ ਗੁਰੂ ਰਾਮਦਾਸ ਜੀ ਨੇ ਆਪਣੇ ਵੱਡੇ ਲੜਕੇ ਪ੍ਰਿਥੀ ਚੰਦ ਨੂੰ ਲਾਹੌਰ ਸ਼ਾਦੀ ਤੇ ਜਾਣ ਲਈ ਆਖਿਆ, ਪਰ ਪ੍ਰਿਥੀ ਚੰਦ ਤਾਂ ਦੁਨੀਆਂਦਾਰੀ ਵਿਚ ਇਤਨਾ ਖੁਭ ਚੁੱਕਾ ਸੀ ਕਿ ਮਾਇਆ ਦਾ ਲਾਲਚ ਉਸ ਨੂੰ ਕਿਤੇ ਨਿਕਲਣ ਨਹੀਂ ਸੀ ਦੇਂਦਾ। ਚੜ੍ਹਾਵੇ ਦੀ ਸਾਰੀ ਮਾਇਆ ਦੀ ਸੰਭਾਲ[੯] ਉਸ ਦੇ ਜ਼ਿੰਮੇ ਸੀ,

---

੧- ਸ੍ਰੀ ਗੁਰੂ ਤੀਰਥ ਸੰਗ੍ਰਹਿ,ਪੰਡਤ ਤਾਰਾ ਸਿੰਘ ਨਰੋਤਮ, ਪੰਨਾ ੩੩

੨- ਜੀਵਨ ਬ੍ਰਿਤਾਂਤ ਸ੍ਰੀ ਗੁਰੂ ਅਰਜਨ ਦੇਵ ਜੀ,ਪ੍ਰੋ.ਸਾਹਿਬ ਸਿੰਘ,ਪੰਨਾ ੨੬

੩- ਗੁਰਪ੍ਰਣਾਲੀ ਕ੍ਰਿਤ ਭਾਈ ਗੁਲਾਬ ਸਿੰਘ,ਇਤਿਹਾਸਕ ਪੱਤਰ,ਵਿਸਾਖ ਜੇਠ ਹਾੜ ੧੯੫੦, ਸੈਂਚੀ ੨, ਪੰਨਾ ੫੩

੪- ਉਹੀ।

੫- ਗੁਰਪ੍ਰਣਾਲੀ ਕ੍ਰਿਤ ਭਾਈ ਕੇਸਰ ਸਿੰਘ,ਉਤਾਰਾ ਕੀਤਾ ਗੰਡਾ ਸਿੰਘ ੨੪-੧੧-੧੯੨੩ ਅੰਮ੍ਰਿਤਸਰ ਅਤੇ ਇਤਿਹਾਸਕ ਪੱਤਰ,ਵਿਸਾਖ ਜੇਠ ਹਾੜ ੧੯੪੯, ਸਿੱਖ ਹਿਸਟਰੀ ਸੋਸਾਇਟੀ ਅੰਮ੍ਰਿਤਸਰ, ਸੈਂਚੀ ੧, ਅੰਕ ੧, ਪੰਨਾ ੫੪

੬- ਗੁਰਪ੍ਰਣਾਲੀ ਪੰਜਾਬ ਯੂਨੀਵਰਸਿਟੀ ਲਾਇਬ੍ਰੇਰੀ,ਹਥ ਲਿਖਤ ਨੰ.੩੯੮,ਪੰਨਾ ੪

੭- ਬੰਸਾਵਲੀ ਨਾਮਾ ਦਸਾਂ ਪਾਤਸ਼ਾਹੀਆਂ ਕਾ, ਚਰਣ ੫, ਅੰਕ ੪ ਤੇ ੨੧

੮- ਪਰਖ,ਸਾਲ ੧੯੬੯,ਭਾਗ ੨,ਪੰਨਾ ੧,ਲੇਖ ਡਾ.ਸੁਰਿੰਦਰ ਸਿੰਘ ਕੋਹਲੀ

੯- ਗੁਰੂ ਰਾਮਦਾਸ ਜੀ ਦੇ ਦਰਬਾਰ ਵਿਚ ਜੋ ਭੇਟਾ ਚੜ੍ਹਦੀ ਸੀ,ਉਸਦਾ ਹਿਸਾਬ ਕਿਤਾਬ ਪ੍ਰਿਥੀ ਚੰਦ ਦੇ ਹੱਥ ਵਿਚ ਸੀ।ਉਹ ਉਸ ਵਿਚੋਂ ਬਹੁਤ ਸਾਰੀ ਰਕਮ ਆਪਣੇ ਲਈ ਵਖਰੀ ਰਖਦਾ ਸੀ।- ਸਿੱਖੀ ਤੇ ਸਿੱਖ ਇਤਿਹਾਸ,ਸ਼ਮਸ਼ੇਰ ਸਿੰਘ ਅਸ਼ੋਕ, ਪੰਨਾ ੫੯

ਸੋ ਉਹ ਕਿਵੇਂ ਚਲਾ ਜਾਂਦਾ। ਪ੍ਰਿਥੀ ਚੰਦ ਨੇ ਗੁਰੂ ਪਿਤਾ ਦੇ ਹੁਕਮ ਨੂੰ ਨਾ ਮੰਨਦਿਆਂ ਹੋਇਆਂ ਜੁਆਬ ਦਿੱਤਾ, 'ਭਲਾ ਪਿਤਾ ਜੀ ਇੰਨਾ ਕੰਮ ਛਡ ਕੇ ਮੈਂ ਕਿਵੇਂ ਚਲਾ ਜਾਵਾਂ।' ਭਾਵੇਂ ਅੰਦਰੋਂ ਉਸ ਨੂੰ ਗੁਰਗੱਦੀ ਦਾ ਲਾਲਚ ਕੁਤਰੀ ਜਾ ਰਿਹਾ ਸੀ ਕਿ ਜਿੰਨਾ ਉਹ ਗੁਰੂ ਪਿਤਾ ਜੀ ਦੇ ਨਜ਼ਦੀਕ ਰਹੇਗਾ, ਉਨਾ ਗੁਰਗੱਦੀ ਮਿਲਣ ਦੇ ਮੌਕੇ ਜ਼ਿਆਦਾ ਸੰਭਾਲੇ ਜਾ ਸਕਦੇ ਹਨ।[੧]

ਪ੍ਰਿਥੀ ਚੰਦ ਦੇ ਇਨਕਾਰ ਦੇ ਬਾਦ ਗੁਰੂ ਪਿਤਾ ਜੀ ਨੇ ਮਹਾਂਦੇਵ ਜੀ ਨੂੰ ਸ਼ਾਦੀ ਤੇ ਜਾਣ ਲਈ ਆਖਿਆ, ਪਰ ਆਪ ਤਾਂ ਸ਼ਾਦੀ ਗ਼ਮੀ ਤੇ ਦੁਨਿਆਵੀ ਧੰਦਿਆਂ ਤੋਂ ਨਿਆਰੇ ਹੋ ਗਏ ਸਨ, ਕਿਸੇ ਵੀ ਦੁਨੀਆਂਦਾਰੀ ਦੇ ਚੱਕਰ ਵਿਚ ਉਹ ਨਹੀਂ ਪੈਂਦੇ ਸਨ।[੨] ਆਪ ਦੇ ਵਿਰਕਤ ਜੁਆਬ ਤੋਂ ਬਾਦ ਸਭ ਤੋਂ ਛੋਟੇ ਤੇ ਆਗਿਆ-ਕਾਰ ਬੱਚੇ 'ਅਰਜਨ' ਦੀ ਵਾਰੀ ਆਈ। ਗੁਰੂ ਪਿਤਾ ਜੀ ਨੇ ਸ਼ਾਦੀ ਤੇ ਜਾਣ ਲਈ ਆਪ ਨੂੰ ਪੁਛਿਆ, ਆਪ ਨੇ 'ਸਤਿ ਬਚਨ' ਕਹਿ ਕੇ ਹੁਕਮ ਮੰਨ ਲਿਆ। ਲਾਹੌਰ ਜਾਣ ਦੀ ਤਿਆਰੀ ਹੋ ਗਈ। ਤੁਰਨ ਲਗਿਆਂ ਆਪ ਨੂੰ ਇਕ ਜ਼ਰੂਰੀ ਸੰਦੇਸ਼ ਇਹ ਦਿੱਤਾ ਗਿਆ ਕਿ ਸ਼ਾਦੀ ਤੋਂ ਬਾਦ ਲਾਹੌਰੋਂ ਜਲਦੀ ਪਰਤਣਾ ਨਹੀਂ, ਉਥੇ ਹੀ ਗੁਰਮਤਿ ਪ੍ਰਚਾਰ ਕਰਨਾ, ਸ਼ਬਦ ਕੀਰਤਨ ਤੇ ਪ੍ਰਭੂ-ਉਸਤਤ ਕਰਨੀ, ਗੁਰੂ ਨਾਨਕ ਦੇ ਨਾਮ ਦਾ ਪ੍ਰਚਾਰ ਕਰਨਾ; ਜਦ ਤੱਕ ਅਸੀਂ ਨਾ ਬੁਲਾਈਏ, ਵਾਪਸ ਨਹੀਂ ਆਉਣਾ।

(ਗੁਰੂ) ਅਰਜਨ ਸ਼ਾਦੀ ਤੇ ਚਲੇ ਗਏ। ਲਾਹੌਰ ਗਿਆਂ ਕਿੰਨਾ ਹੀ ਸਮਾਂ ਬੀਤ ਗਿਆ। ਹਾਲੇ ਪਿਤਾ ਜੀ ਨੇ ਬੁਲਾਇਆ ਨਹੀਂ; ਹੁਕਮਨਾਮਾ ਮਿਲੇ ਬਿਨਾਂ ਆਪ ਨੇ ਆਉਣਾ ਨਹੀਂ। ਹੁਣ ਕਵੀ ਮਨ ਨੂੰ ਵਿਛੋੜੇ ਨੇ ਡਾਢਾ ਤੰਗ ਕੀਤਾ, ਦਿਲ ਕਰਦਾ ਹੈ, ਗੁਰੂ ਪਿਤਾ ਨਾਲੋਂ ਇਹ ਵਿਛੋੜਾ ਜਲਦੀ ਖਤਮ ਹੋਵੇ। ਆਪ ਨੇ ਮਾਝ ਰਾਗ ਵਿਚ ਇਕ ਕਾਵਿ-ਬੰਦ ਲਿਖ ਕੇ ਗੁਰੂ ਪਿਤਾ ਜੀ ਨੂੰ ਇਕ ਸਿੱਖ ਹੱਥੀਂ ਸੰਦੇਸ਼ ਭੇਜਿਆ:-

ਮੇਰਾ ਮਨੁ ਲੋਚੈ ਗੁਰਦਰਸਨ ਤਾਈ।।
ਬਿਲਪ ਕਰੇ ਚਾਤ੍ਰਿਕ ਕੀ ਨਿਆਈ।।
ਤ੍ਰਿਖਾ ਨ ਉਤਰੈ ਸਾਂਤਿ ਨਾ ਆਵੈ ਬਿਨੁ ਦਰਸਨ ਸੰਤ ਪਿਆਰੇ ਜੀਉ।।
ਹਉ ਘੋਲੀ ਜੀਉ ਘੋਲਿ ਘੁਮਾਈ ਗੁਰਦਰਸਨ ਸੰਤ ਪਿਆਰੇ ਜੀਉ।[੩]

---

੧- ਪਰ ਉਸ ਨੂੰ ਇਹ ਨਹੀਂ ਸੀ ਪਤਾ ਕਿ ਇਹ ਗੁਰਗੱਦੀ ਪਿਤਾ ਪੁਰਖੀ 'ਹੱਕ' ਨਾਲ ਨਹੀਂ, 'ਗੁਣਾਂ' ਨਾਲ ਪ੍ਰਾਪਤ ਹੋਏਗੀ।

੨- (ਗੁਰੂ) ਅਰਜਨ ਆਪਣੇ ਆਲੇ ਦੁਆਲੇ ਦੇ ਸੁਖ ਆਰਾਮ ਦੀ ਘਟ ਹੀ ਪ੍ਰਵਾਹ ਕਰਦੇ ਕਰਦੇ ਸਨ ਤੇ ਆਪਣੇ ਪਿਤਾ ਜੀ ਦੀ ਸੰਗਤ ਵਿਚ ਮਗਨ ਰਹਿੰਦੇ ਸਨ। ਉਨ੍ਹਾਂ ਦੇ ਵੱਡੇ ਗੁਣ ਸੇਵਾ, ਨਿਮ੍ਰਤਾ ਤੇ ਪ੍ਰੇਮ ਸਨ। (The Gospel of Guru Granth Sahib, Duncan, Greenlees, p.71-72)

੩- ਮਾਝ ਮ: ੫, ਆਦਿ ਗ੍ਰੰਥ, ਪੰਨਾ ੯੬

ਪਰ ਇਹ ਸੰਦੇਸ਼ ਗੁਰੂ ਰਾਮਦਾਸ ਜੀ ਪਾਸ ਨਾ ਪੁਜਿਆ, ਵੱਡੇ ਭਰਾ ਪ੍ਰਿਥੀ ਚੰਦ ਨੇ ਜ਼ਬਤ ਕਰ ਲਿਆ। ਇਸ ਦੇ ਜੁਆਬ ਦੀ ਉਡੀਕ ਮਗਰੋਂ (ਗੁਰੂ) ਅਰਜਨ ਦੇਵ ਜੀ ਨੇ ਇਕ ਹੋਰ ਪਤਰਕਾ ਲਿਖੀ:-

"ਤੇਰਾ ਮੁਖੁ ਸੁਹਾਵਾ ਜੀਉ ਸਹਜਿ ਧੁਨਿ ਬਾਣੀ।।
--- --- ---[1]

ਇਹ ਪਤਰਕਾ ਵੀ ਗੁਰੂ ਜੀ ਪਾਸ ਨਾ ਪੁੱਜ ਸੱਕੀ। ਵਿਛੋੜੇ ਵਿਚ ਸੱਲੇ ਹੋਏ (ਗੁਰੂ) ਅਰਜਨ ਜੀ ਨੇ ਤੀਸਰੀ ਚਿੱਠੀ ਵਿਚ ਜੋ ਮਜ਼ਮੂਨ ਲਿਖਿਆ, ਉਹ ਆਪ ਦੇ ਹੋਣੀਆਂ ਭਰੇ ਭਵਿਖਤ ਬਾਰੇ ਸਪਸ਼ਟੀਕਰਨ ਕਰਦਾ ਹੈ। ਚਿੱਠੀ ਇਸ ਪ੍ਰਕਾਰ ਹੈ:-

"ਇਕ ਘੜੀ ਨ ਮਿਲਤੇ ਤਾਂ ਕਲਜੁਗੁ ਹੋਤਾ।।
ਹੁਣ ਕਦ ਮਿਲੀਐ ਪ੍ਰਿਅ ਤੁਧੁ ਭਗਵੰਤਾ।।
ਮੋਹਿ ਰੈਣਿ ਨ ਵਿਹਾਵੈ ਨੀਦ ਨ ਆਵੈ ਬਿਨੁ ਦੇਖੇ ਗੁਰਦਰਬਾਰੇ ਜੀਉ।।
ਹਉ ਘੋਲੀ ਜੀਉ ਘੋਲਿ ਘੁਮਾਈ ਤਿਸੁ ਸਚੇ ਗੁਰਦਰਬਾਰੇ ਜੀਉ।।[2]

ਇਹ ਚਿੱਠੀ ਗੁਰੂ ਜੀ ਨੂੰ ਮਿਲ ਗਈ ਕਿਉਂਕਿ ਇਸ ਵਾਰੀ ਸੰਦੇਸ਼ਾ ਪੁਚਾਉਣ ਵਾਲੇ ਸਿੱਖ ਨੂੰ ਪੱਕੀ ਕੀਤੀ ਗਈ ਸੀ ਕਿ ਚਿੱਠੀ ਕੇਵਲ ਪਿਤਾ ਜੀ ਦੇ ਹੱਥ ਵਿਚ ਪੁਚਾਈ ਜਾਵੇ। ਗੁਰੂ ਰਾਮਦਾਸ ਜੀ ਨੇ ਚਿੱਠੀ ਦੇ ਉਪਰ ਲਿਖਿਆ ਅੰਕ ੩ ਦੇਖ ਕੇ ਬੇਟੇ ਅਰਜਨ ਦੀਆਂ ਦੂਸਰੀਆਂ ਚਿੱਠੀਆਂ ਬਾਰੇ ਸੋਚਿਆ ਕਿ ਕਿਥੇ ਹਨ। ਆਪ ਸਮਝ ਗਏ ਕਿ ਇਹ ਵੱਡੇ ਭਰਾ ਦੀ ਈਰਖਾ ਦਾ ਸਿੱਟਾ ਹੈ ਤੇ ਇਸ ਦੀ ਪ੍ਰੋੜਤਾ ਕਰ ਦਿੱਤੀ, ਸੁਨੇਹਾ ਲਿਆਉਣ ਵਾਲੇ ਸਿੱਖ ਨੇ, ਕਿ ਮੇਰੇ ਪਾਸੋਂ ਬਦੋ ਬਦੀ ਦੋ ਚਿੱਠੀਆਂ ਬਾਬਾ ਪ੍ਰਿਥੀ ਚੰਦ ਜੀ ਨੇ ਲੈ ਲਈਆਂ ਸਨ। ਗੁਰੂ ਜੀ ਨੇ ਬੁਲਾਇਆ, ਪੁਛਿਆ ਕਿ ਪ੍ਰਿਥੀ ਚੰਦ ਚਿੱਠੀਆਂ ਕਿਥੇ ਹਨ, ਪ੍ਰਿਥੀ ਚੰਦ ਮੁਕਰ ਗਿਆ, ਤਾਂ ਗੁਰੂ ਜੀ ਨੇ ਇਕ ਸਿੱਖ ਘਰ ਭੇਜ ਕੇ ਪ੍ਰਿਥੀ ਚੰਦ ਦੀ ਜੇਬ ਵਿਚ ਪਈਆਂ ਚਿੱਠੀਆਂ ਮੰਗਵਾ ਲਈਆਂ।

(ਗੁਰੂ) ਅਰਜਨ ਦੇਵ ਜੀ ਨੂੰ ਲਾਹੌਰ ਸੁਨੇਹਾ ਭੇਜ ਦਿੱਤਾ ਗਿਆ। ਆਪ ਆਏ ਤਾਂ ਆਪ ਨੇ ਮਿਲਣ ਦੀ ਖੁਸ਼ੀ ਵਿਚ ਚੌਥਾ ਅੰਕ ਉਚਾਰਿਆ:-

"ਭਾਗੁ ਹੋਆ ਗੁਰਿ ਸੰਤੁ ਮਿਲਾਇਆ।।
ਪ੍ਰਭੁ ਅਬਿਨਾਸੀ ਘਰ ਮਹਿ ਪਾਇਆ।।
ਸੇਵ ਕਰੀ ਪਲ ਚਸਾ ਨ ਵਿਛੁੜਾ ਜਨ ਨਾਨਕ ਦਾਸ ਤੁਮਾਰੇ ਜੀਉ।।
ਹਉ ਘੋਲੀ ਜੀਉ ਘੋਲਿ ਘੁਮਾਈ ਜਨ ਨਾਨਕ ਦਾਸ ਤੁਮਾਰੇ ਜੀਉ।।"[3]

---

੧- ਮਾਝ ਮ: ੪, ਆਦਿ ਗ੍ਰੰਥ, ਪੰਨਾ ੯੬
੨- ਉਹੀ, ਪੰਨਾ ੯੬-੯੭
੩- ਉਹੀ, ਪੰਨਾ ੯੭

ਇਹ ਸੁਬਦ, ਇਨ੍ਹਾਂ ਵਿਚਲਾ ਮਜ਼ਮੂਨ ਤੇ ਇਨ੍ਹਾਂ ਦਾ ਬਿਆਨ ਢੰਗ ਅਜਿਹਾ ਹੈ ਕਿ ਇਨ੍ਹਾਂ ਗੁਣਾਂ ਕਰਕੇ ਹੀ (ਗੁਰੂ) ਅਰਜਨ ਦੇਵ ਜੀ ਦੇ ਜੀਵਨ ਵਿਚ ਇਕ ਅਜਿਹਾ ਮੋੜ ਆਇਆ ਕਿ ਆਪ ਦੇ ਪਿਤਾ ਜੀ ਨੇ ਆਪ ਨੂੰ ਗੁਰਗੱਦੀ ਦਾ ਯੋਗ ਵਾਰਸ ਸਮਝਿਆ।

## ਗੁਰਿਆਈ:-

ਆਪਣਾ ਅੰਤ ਸਮਾਂ ਨੇੜੇ ਆਇਆ ਦੇਖ ਕੇ ਗੁਰੂ ਰਾਮਦਾਸ ਜੀ ਨੇ ਗੁਰਿਆਈ ਦੀ ਰਸਮ ਕਰਨੀ ਯੋਗ ਸਮਝੀ।[1] ੩੦ ਅਗਸਤ, ੧੫੮੧[2] ਨੂੰ ਆਪ ਜੀ ਨੇ ਗੁਰਗੱਦੀ ਆਪਣੇ ਸਭ ਤੋਂ ਛੋਟੇ ਸਪੁਤਰ (ਗੁਰੂ) ਅਰਜਨ ਦੇਵ ਜੀ ਨੂੰ ਬਖਸ਼ ਕੇ ਉਨ੍ਹਾਂ ਦੇ ਮੋਢਿਆਂ ਤੇ ਸਿੱਖ ਕੌਮ ਦੀ ਸੰਭਾਲ ਦੀ ਜ਼ਿੰਮੇਵਾਰੀ ਪਾ ਦਿੱਤੀ।[3]

ਕੁਝ ਵਿਦਵਾਨ ਗੁਰਿਆਈ ਦੇ ਸਮੇਂ ਦੀ ਤਾਰੀਖ ਵੱਖ ਦਸਦੇ ਹਨ। ਉਨ੍ਹਾਂ ਮੁਤਾਬਕ ਗੁਰਿਆਈ ੨ ਅੱਸੂ ਸੰਮਤ ੧੬੩੮ (੧ ਸਤੰਬਰ, ੧੫੮੧)[4] ਅਤੇ ੨੧ ਵਿਸਾਖ ਸੰਮਤ ੧੬੩੮ (੧੫੮੧)[5] ਨੂੰ ਮਿਲੀ।

ਇਉਂ 'ਗੁਰੂ ਰਾਮਦਾਸ ਜੀ ਨੇ ਪੋਥੀ,[6] ਮਾਲਾ, ਝੋਲੀ ਪਾ ਕੇ; ਪੰਜਵੇਂ ਜੋਤਿ ਜਾਮੇ ਦੇ ਚਰਨਾਂ ਵਿਚ ਪੰਜ ਪੈਸੇ ਤੇ ਨਾਰਿਅਲ ਰਖ ਕੇ ਸੀਸ ਨਿਵਾ ਦਿੱਤਾ। ਫਿਰ ਹਜ਼ੂਰੀ ਸਿੱਖਾਂ ਨੂੰ ਲੋੜ ਮੁਤਾਬਕ ਸੌਂਪਣਾ ਕਰਕੇ ਆਪ ੨ ਅੱਸੂ ੧੬੩੮ (੧ ਸਤੰਬਰ ੧੫੮੧) ਨੂੰ ਜੋਤੀ ਜੋਤ ਸਮਾ ਗਏ।

---

੧- ਗੁਰਿਆਈ ਦਾ ਇਹ ਫੈਸਲਾ ਉਨ੍ਹਾਂ ਦੇ ਵੱਡੇ ਭਰਾ ਪ੍ਰਿਥੀ ਚੰਦ ਲਈ ਦੁਖਦਾਈ ਸੀ। (A History of Sikhs, Khushwant Singh, Vol.I, p.56.)

੨- ੳ- ਪਰਖ ੧੯੬੯, ਭਾਗ ੨, ਪੰਨਾ ੧, ਡਾ. ਸੁਰਿੰਦਰ ਸਿੰਘ ਕੋਹਲੀ
ਅ- A History of the Sikhs, J.D.Cunningham, p.46.

੩- ਸਮਾਨਤਾ ਦਾ ਅਸੂਲ ਸਿੱਖ ਧਰਮ ਵਿਚ ਏਨਾ ਮਜ਼ਬੂਤ ਸੀ ਕਿ ਗੁਰੂ ਨਾਨਕ ਦੇਵ ਜੀ ਨੇ ਆਪਣੇ ਬੱਚੇ (ਸ੍ਰੀ ਚੰਦ ਤੇ ਲਖਮੀ ਦਾਸ ਜੀ) ਗੁਰਗੱਦੀ ਤੋਂ ਵਾਂਜੇ ਕਰ ਦਿੱਤੇ ਅਤੇ ਭਾਈ ਲਹਿਣੇ ਨੂੰ ਗੁਰੂ ਅੰਗਦ ਬਣਾਇਆ। ਗੁਰੂ ਅੰਗਦ ਦੇਵ ਜੀ ਨੇ ਆਪਣੇ ਲੜਕਿਆਂ (ਦਾਤੂ ਤੇ ਦਾਸੂ ਜੀ) ਨੂੰ ਜੋ ਆਗਿਆਕਾਰੀ ਨਹੀਂ ਸਨ, ਗੁਰਿਆਈ ਨਹੀਂ ਦਿੱਤੀ ਤੇ ਇਕ ਸ਼ਰਧਾਲੂ ਬਿਰਧ ਸਿੱਖ ਅਮਰਦਾਸ ਨੂੰ ਗੁਰੂ ਥਾਪ ਦਿੱਤਾ। ਗੁਰੂ ਅਮਰਦਾਸ ਜੀ ਨੇ ਆਪਣੇ ਲੜਕਿਆਂ (ਮੋਹਨ ਤੇ ਮੋਹਰੀ ਜੀ) ਨੂੰ ਗੁਰਗੱਦੀ ਲਈ ਅਯੋਗ ਸਮਝ ਕੇ ਆਪਣੇ ਜਵਾਈ ਰਾਮਦਾਸ ਨੂੰ ਗੁਰੂ ਬਣਾਇਆ। ਗੁਰੂ ਰਾਮਦਾਸ ਜੀ ਨੇ ਵੀ ਆਪਣੇ ਵੱਡੇ ਲੜਕੇ (ਪ੍ਰਿਥੀ ਚੰਦ ਤੇ ਮਹਾਂਦੇਵ) ਗੁਰਗੱਦੀ ਦੇ ਕਾਬਲ ਨਾ ਸਮਝ ਕੇ ਸਭ ਤੋਂ ਛੋਟੇ ਲੜਕੇ ਅਰਜਨ ਨੂੰ ਗੁਰੂ ਦੀ ਪਦਵੀ ਦਿੱਤੀ। (History & Philosphy of the Sikh Religion, Khazan Singh, Vol.II, p.578.)

੪- ਗੁਰਮਤਿ ਸਿਧਾਂਤ ਤੇ ਕੌਮਾਂਤਰੀ ਵਿਚਾਰਧਾਰਾ, ਲਾਲ ਸਿੰਘ, ਪੰਨਾ ੧੦

੫- ੳ- ਤਵਾਰੀਖ ਗੁਰੂ ਖਾਲਸਾ, ਗਿਆਨੀ ਗਿਆਨ ਸਿੰਘ, ਪੰਨਾ ੧੯੩ (ਲਿਥੋ ਪ੍ਰਿੰਟ)
ਅ- History & Philosophy of The Sikh Religion, Khazan Singh, Vol.I, p.118.

੬- ਪੰਜਾਬੀ ਦੁਨੀਆਂ, ਅਕਤੂਬਰ, ਨਵੰਬਰ, ੧੯੬੨, ਪੰਨਾ ੧੮, ਲੇਖ-ਭਾਈ ਰਣਧੀਰ ਸਿੰਘ ਰੀਸਰਚ ਸਕਾਲਰ

ਗੁਰਿਆਈ ਸੰਭਾਲਦਿਆਂ ਹੀ ਆਪ ਉਪਰ ਜ਼ਿੰਮੇਵਾਰੀਆਂ ਤੋਂ ਇਲਾਵਾ ਈਰਖਾ ਦਾ ਹੜ੍ਹ ਵੀ ਸੀ- ਵੱਡੇ ਭਰਾ ਪ੍ਰਿਥੀ ਚੰਦ ਵਲੋਂ ਈਰਖਾ- ਜਿਸ ਨੂੰ ਇਹ ਵਹਿਮ ਸੀ ਕਿ ਮੇਰਾ ਹੱਕ ਖੋਹ ਕੇ ਛੋਟੇ ਭਰਾ ਨੂੰ ਦਿੱਤਾ ਗਿਆ ਹੈ, ਜਿਸ ਦਾ ਉਹ ਹੱਕਦਾਰ ਨਹੀਂ। ਗੁਰੂ ਅਰਜਨ ਦੇਵ ਜੀ ਸ਼ਾਂਤੀ ਦੇ ਪੁੰਜ ਬਣ ਇਹ ਸਭ ਮੁਸ਼ਕਲਾਂ ਸਹਾਰਦੇ ਰਹੇ।

ਕਾਰਜ:-

ਗੁਰਗੱਦੀ ਸੰਭਾਲਣ ਤੋਂ ਪਹਿਲਾਂ ਵੀ ਆਪ ਦੂਰਅੰਦੇਸ਼ ਤੇ ਆਗਿਆਕਾਰ ਸਪੁਤਰ ਸਨ, ਹੁਣ ਜ਼ਿੰਮੇਵਾਰੀ ਮਿਲਣ ਤੇ ਆਪ ਹੋਰ ਵੀ ਜ਼ਿਆਦਾ ਦੂਰ ਦੀ ਸੋਚਣ ਲੱਗੇ। ਪਹਿਲੇ ਕੁਛ ਸਾਲ ਤਾਂ ਆਪ ਜੀ ਨੂੰ ਵਿਰੋਧਤਾ ਦੀਆਂ ਸੋਚਾਂ ਤੇ ਪਰੇਸ਼ਾਨੀਆਂ ਨੇ ਧਰਮ ਪ੍ਰਚਾਰ ਤੋਂ ਇਲਾਵਾ ਹੋਰ ਕੋਈ ਉਸਾਰੂ ਕੰਮ ਨਹੀਂ ਕਰਨ ਦਿੱਤਾ। ਇਸ ਸਮੇਂ ਨੂੰ ਨਿਰੋਲ ਧਰਮ ਪ੍ਰਚਾਰ ਲਈ ਲਗਾਉਣ ਨਾਲ ਵੀ ਸਿੱਖ ਕੌਮ ਨੂੰ ਭਾਰੀ ਲਾਭ ਹੋਇਆ। ਜੋ ਗੁਰਸਿੱਖੀ ਗੁਰੂ ਨਾਨਕ ਦੇਵ ਜੀ ਨੇ ਚਲਾਈ ਸੀ ਉਹ ੧੫੮੧ ਵਿਚ (ਆਪ ਨੂੰ ਗੁਰਿਆਈ ਮਿਲਣ ਸਮੇਂ) ਮਸਾਂ ਦੁਗਣੀ ਹੋ ਸਕੀ ਸੀ; ਪਰ ਹੁਣ ੧੫੮੧-੧੬੦੬ ਤੱਕ ਸਿੱਖਾਂ ਦੀ ਗਿਣਤੀ ਕਈ ਗੁਣਾਂ ਵਧ ਗਈ ਸੀ।

ਘਰੋਗੀ ਈਰਖਾ ਦਾ ਪੱਲਾ ਜਦੋਂ ਕੁਛ ਹਲਕਾ ਜਾਪਿਆ ਤਾਂ ਗੁਰੂ ਜੀ ਦਾ ਕਲਾਕਾਰ ਮਨ ਉਸਾਰੀ ਵਲ ਜੁਟ ਪਿਆ ਤੇ ਆਪ ਨੇ ਆਪਣੀ ਕੌਮ ਲਈ ਉਹ ਕੁਛ ਖੜਾ ਕਰ ਦਿੱਤਾ ਜੋ ਸਦੀਆਂ ਤੀਕ ਪੁਰਾਣਾ ਨਹੀਂ ਹੋ ਸਕਦਾ। ਉਸਾਰੀ ਦੇ ਕਾਰਜਾਂ ਦਾ ਵੇਰਵਾ ਇਸ ਪ੍ਰਕਾਰ ਹੈ:-

੧- ਸੰਤੋਖਸਰ ਦੀ ਸੇਵਾ:-

ਇਕ ਵਾਰੀ ਪਿਸ਼ਾਵਰ ਦਾ ਇਕ ਅਰੋੜਾ ਸਿੱਖ (ਭਾਈ ਸੰਤੋਖਾ) ਆਪ ਜੀ ਦੀ ਸੇਵਾ ਵਿਚ ਹਾਜ਼ਰ ਹੋਇਆ ਤੇ ਬਹੁਤ ਸਾਰਾ ਧਨ ਮਥਾ ਟੇਕ ਕੇ ਬੇਨਤੀ ਕੀਤੀ ਕਿ ਮੈਂ ਬੇ-ਔਲਾਦ ਹਾਂ। ਮੇਰੇ ਇਸ ਧਨ ਨੂੰ ਕਿਸੇ ਸਫਲ ਥਾਂ ਲਾਇਆ ਜਾਵੇ। ਸੋ ਗੁਰੂ ਜੀ ਨੇ ਇਸ ਮਾਇਆ ਨਾਲ (ਬਿਕ੍ਰਮੀ ੧੬੪੧) ਇਕ ਸਰੋਵਰ ਬਣਵਾਇਆ ਤੇ ਇਸ ਦਾ ਨਾਂ ਸੰਤੋਖਸਰ ਰਖਿਆ।[1]

ਗਿਆਨੀ ਪ੍ਰਤਾਪ ਸਿੰਘ ਅਨੁਸਾਰ ਸੰਤੋਖਸਰ ਦੀ ਸੇਵਾ ਸੰਮਤ ੧੬੪੩(੧੫੮੬) ਵਿਚ ਮੁਕੰਮਲ ਹੋਈ, ਪਿਸ਼ਾਵਰ ਦੇ ਭਾਈ ਸੰਤੋਖੇ ਨੇ ਮਾਇਕ ਸਹਾਇਤਾ ਕੀਤੀ।[2]

ਸੰਮਤ ੧੬੪੧ ਵਿਚ ਸੰਤੋਖਸਰ ਦੀ ਸੇਵਾ ਆਰੰਭ ਹੋਈ ਤੇ ਇਸ ਦੀ ਸਾਰੀ ਸੇਵਾ ੧ ਫਗਣ ੧੬੪੫ (੧੫੮੮) ਵਿਚ ਮੁਕੰਮਲ ਹੋਈ।

---

੧- ਪੰਜਾਬ ਦੇ ਹੀਰੇ, ਮੌਲਾ ਬਖਸ਼ ਕੁਸ਼ਤਾ, ਪੰਨਾ ੧੬
੨- ਗੁਰਮਤਿ ਲੈਕਚਰ, ਗਿਆਨੀ ਪ੍ਰਤਾਪ ਸਿੰਘ, ਪੰਨਾ ੧੭

੨- <u>ਹਰਿਮੰਦਰ ਸਾਹਿਬ</u>:-

ਗੁਰੂ ਅਰਜਨ ਦੇਵ ਜੀ ਦੇ ਮਨ ਵਿਚ ਇਕ ਅਜਿਹੇ ਮੰਦਰ ਦੀ ਕਲਪਨਾ ਸੀ ਜੋ ਲਾਸਾਨੀ ਹੋਵੇ। ਇਹ ਲਾਸਾਨੀ ਮੰਦਰ ਹਰਿਮੰਦਰ ਸਾਹਿਬ ਜਿਸ ਨੂੰ ਸਵਰਨ ਮੰਦਰ (ਗੋਲਡਨ ਟੈਂਪਲ) ਦੇ ਨਾਂ ਨਾਲ ਵੀ ਪੁਕਾਰਦੇ ਹਾਂ, ਦੇ ਰੂਪ ਵਿਚ ਸਾਕਾਰ ਦਿਸਿਆ। ਸਚਮੁਚ ਹੀ ਇਹ ਮੰਦਰ ਲਾਸਾਨੀ ਹੈ। ਸਾਰੇ ਸ਼ਹਿਰ ਨਾਲੋਂ ਨੀਵੇਂ ਥਾਂ ਤੇ ਸਥਿਤ ਹੈ।[1] ਇਸ ਦੇ ਚਾਰੇ ਪਾਸੇ ਦਰਵਾਜ਼ੇ ਰਖੇ ਗਏ ਹਨ, ਜੋ ਸਾਰੇ ਧਰਮਾਂ ਲਈ ਖੁਲ੍ਹੇ ਹਨ। ਅਜਿਹੀ ਮਿਸਾਲ ਇਸ ਤੋਂ ਪਹਿਲਾਂ ਕਿਸੇ ਧਰਮ ਦੇ ਇਤਿਹਾਸ ਵਿਚ ਨਹੀਂ ਸੀ।

ਜਿਸ ਸਰੋਵਰ ਵਿਚ 'ਹਰਿਮੰਦਰ' ਉਸਾਰਿਆ ਗਿਆ, ਉਸ ਦਾ ਟੱਕ ਗੁਰੂ ਰਾਮਦਾਸ ਜੀ ਨੇ ਸੰਨ ੧੫੭੩ ਵਿਚ ਲਾਇਆ ਸੀ, ਪਰ ਅਜੇ ਸਰੋਵਰ ਦਾ ਕੰਮ ਮੁਕੰਮਲ ਨਹੀਂ ਸੀ ਹੋਇਆ ਕਿ ਗੁਰੂ ਰਾਮਦਾਸ ਜੀ ਜੋਤੀ ਜੋਤ ਸਮਾ ਗਏ। ਫਿਰ ਇਹ ਕੰਮ ਕੁਝ ਚਿਰ ਲਈ ਰੁਕ ਗਿਆ; ਜੋ ਗੁਰੂ ਅਰਜਨ ਦੇਵ ਜੀ ਨੇ ਮੁੜ ਆਰੰਭਿਆ।[2]

ਸਰੋਵਰ ਦਾ ਕੰਮ ਮੁਕੰਮਲ ਕਰਾ ਕੇ ਆਪ ਜੀ ਨੇ 'ਹਰਿਮੰਦਰ' ਦੀ ਨੀਂਹ ੧ ਮਾਘ ਸੰਮਤ ੧੬੪੫(ਅਧ ਜਨਵਰੀ ੧੫੮੯)[3] ਨੂੰ ਰਖਣੀ ਨਿਯਤ ਕੀਤੀ ਤੇ ਇਸ ਸ਼ੁਭ ਕਾਰਜ ਲਈ ਗੁਰੂ ਜੀ ਨੇ ਆਪਣੇ ਇਕ ਪਰਮ ਮਿੱਤਰ (ਜੋ ਜ਼ਾਤ ਵਲੋਂ ਮੁਸਲਮਾਨ ਸੀ) ਫ਼ਕੀਰ ਮੀਆਂ ਮੀਰ ਜੀ ਨੂੰ ਚੁਣਿਆ।

---

੧- ੧੪ ਪੌੜੀਆਂ ਹੇਠਾਂ ਉਤਰ ਕੇ ਹਰਿਮੰਦਰ ਸਾਹਿਬ ਦੀ ਪਰਕਰਮਾ ਆਰੰਭ ਹੁੰਦੀ ਹੈ। ਪਰਕਰਮਾ ਦੇ ਵਿਚਕਾਰ ੧੬ ਫੁੱਟ ਡੂੰਘਾ ਸਰੋਵਰ ਹੈ, ਜਿਸ ਵਿਚ 'ਹਰਿਮੰਦਰ' ਸਥਿਤ ਹੈ।

੨- ਇਹ ਸਰੋਵਰ ਵਾਲੀ ਜਗ੍ਹਾ ਪੁਰਾਣੇ ਸਮੇਂ ਵਿਚ ਘਣਾ ਜੰਗਲ ਸੀ। ਦਸਿਆ ਜਾਂਦਾ ਹੈ ਕਿ ਸ੍ਰੀ ਰਾਮ ਚੰਦਰ ਜੀ ਨੇ ਇਸ ਸਥਾਨ ਨੂੰ ਮਹਾਨ ਤੀਰਥ ਸਥਾਨ ਹੋਣ ਦੀ ਭਵਿਸ਼ਬਾਣੀ ਕੀਤੀ ਸੀ। ਕੁਝ ਇਤਿਹਾਸਕਾਰ ਇਹ ਵੀ ਦਸਦੇ ਹਨ ਕਿ ਮਹਾਤਮਾ ਬੁਧ ਵੀ ਇਥੋਂ ਦੀ ਲੰਘੇ ਤੇ ਉਨ੍ਹਾਂ ਨੇ ਆਪਣੇ ਭਿਖਸ਼ੂਆਂ ਨੂੰ ਕਿਹਾ ਕਿ ਇਹ ਥਾਂ ਨਿਰਵਾਣ ਪ੍ਰਾਪਤੀ ਲਈ ਬਹੁਤ ਚੰਗਾ ਹੈ। ਗੁਰੂ ਨਾਨਕ ਦੇਵ ਜੀ ਇਥੇ ਕਈ ਵਾਰ ਆਏ।
ਲਤੀਫ ਤਾਂ ਇਹ ਵੀ ਦਸਦਾ ਹੈ ਕਿ ਗੁਰੂ ਨਾਨਕ ਭਾਈ ਬੁੱਢਾ ਜੀ ਨੂੰ ਬਾਲ ਅਵਸਥਾ ਵਿਚ ਇਥੇ ਹੀ ਮਿਲੇ। (A History of the Punjab, S.M.Latif, p.247) ਭਾਈ ਸੰਤੋਖ ਸਿੰਘ ਕਰਤਾ ਸੂਰਜ ਪ੍ਰਕਾਸ਼ ਦਸਦੇ ਹਨ ਕਿ ਗੁਰੂ ਨਾਨਕ ਦੇਵ ਜੀ ਨੇ ਇਸ ਜਗ੍ਹਾ ਦੀ ਮਹੱਤਤਾ ਗੁਰੂ ਅੰਗਦ ਜੀ ਨੂੰ ਦਸੀ ਤੇ ਉਨ੍ਹਾਂ ਅਗੋਂ ਅਮਰਦਾਸ ਜੀ ਨੂੰ; ਗੁਰੂ ਅਮਰਦਾਸ ਜੀ ਨੇ ਗੁਰੂ ਰਾਮਦਾਸ ਜੀ ਨੂੰ ਅਤੇ ਗੁਰੂ ਰਾਮਦਾਸ ਜੀ ਨੇ ਇਸ ਦਾ ਮਹੱਤਵ ਜਾਣਦੇ ਹੋਏ ਇਸ ਜਗ੍ਹਾ ਵਿਚ ਖੁਦਾਈ ਦਾ ਕੰਮ ਆਰੰਭ ਦਿੱਤਾ, ਜੋ ਸੰਪੂਰਨ ਕੀਤੇ ਬਿਨਾ ਹੀ ਆਪ ਜੋਤੀ ਜੋਤ ਸਮਾ ਗਏ ਤੇ ਇਸ ਦੀ ਸੌਂਪਣਾ ਗੁਰੂ ਅਰਜਨ ਦੇਵ ਜੀ ਨੂੰ ਕਰ ਗਏ।

੩- ੳ- History and Philosophy of The Sikh Religion, Khazan Singh, Vol.I, p.119
ਅ- The Sikh Religion, M.A.Macauliffe, Vol.III, p.10.

ਕਿਹਾ ਜਾਂਦਾ ਹੈ ਕਿ ਨੀਂਹ ਠੀਕ ਥਾਂ ਤੇ ਨ ਰਖੀ ਜਾਣ ਕਰਕੇ, ਇਸ ਪਹਿਲੀ ਇੱਟ ਨੂੰ ਚੁੱਕ ਕੇ, ਮਸਾਲਾ ਠੀਕ ਕਰਕੇ ਫਿਰ ਰਖਿਆ ਗਿਆ ਤਾਂ ਗੁਰੂ ਜੀ ਨੇ ਭਵਿਸ਼ਬਾਣੀ ਕੀਤੀ ਕਿ ਇਹ ਮੰਦਰ ਕਿਸੇ ਦਿਨ ਢਹੇਗਾ ਤੇ ਫਿਰ ਉਸਰੇਗਾ।ਅਜਿਹਾ ਹੀ ਹੋਇਆ, ਸੰਨ ੧੭੬੧ ਵਿਚ ਅਹਿਮਦ ਸ਼ਾਹ ਅਬਦਾਲੀ ਨੇ ਇਸ ਨੂੰ ਬਾਰੂਦ ਨਾਲ ਢਾਹ ਦਿੱਤਾ, ਪਰ ਫਿਰ ਸਿੱਖਾਂ ਨੇ ਇਸ ਨੂੰ ਦੁਬਾਰਾ ਉਸਾਰ ਲਿਆ, ਜਿਸ ਦੀ ਨੀਂਹ ਸਿੱਖ ਜਰਨੈਲ ਸ.ਜੱਸਾ ਸਿੰਘ ਆਹਲੂਵਾਲੀਆ ਪਾਸੋਂ ੧੧ ਵਿਸਾਖ ਸੰਮਤ ੧੮੨੧ (ਸੰ:੧੭੬੪) ਵਿਚ ਰਖਵਾਈ ਗਈ।

ਗੁਰੂ ਅਰਜਨ ਦੇਵ ਜੀ ਹਰਿਮੰਦਰ ਬਬਤ ਆਖਦੇ ਹਨ:-

"ਸੋ ਘਰੁ ਦਯਿ ਵਸਾਇਆ।। ਸੁਖ ਸਾਗਰੁ ਗੁਰੁ ਪਾਇਆ।।[1]

ਜਦੋਂ ਹਰਿਮੰਦਰ ਸਾਹਿਬ ਦਾ ਕੰਮ ਮੁਕੰਮਲ ਹੋ ਗਿਆ ਤਾਂ ਬਹੁਤ ਖੁਸ਼ੀਆਂ ਮਨਾਈਆਂ ਗਈਆਂ।

'ਹਰਿਮੰਦਰ' ਦੀ ਕਾਰ ਸੇਵਾ ਵਿਚ ਸਭ ਤੋਂ ਜ਼ਿਆਦਾ ਹਿੱਸਾ ਭਾਈ ਬੁੱਢਾ, ਭਾਈ ਭਗਤੂ ਤੇ ਭਾਈ ਬਹਿਲੋ ਜੀ ਦਾ ਹੈ। ਇਕ ਦਿਨ ਇਹ ਸਿੱਖ ਇਸ਼ਨਾਨ ਕਰ ਰਹੇ ਸਨ ਕਿ ਗੁਰੂ ਜੀ ਨੇ ਇਨ੍ਹਾਂ ਦੇ ਸਰੀਰਾਂ ਤੇ ਜ਼ਖਮਾਂ ਦੇ ਨਿਸ਼ਾਨ ਤੱਕੇ ਤਾਂ ਗੁਰੂ ਜੀ ਦਾ ਮਨ ਭਰ ਆਇਆ ਤੇ ਬੋਲੇ ਕਿ ਜਿਵੇਂ ਇਨੀ ਘਾਲਣਾ ਤੇ ਸਖਤ ਮਿਹਨਤ ਨਾਲ ਇਸ ਨੂੰ ਤਿਆਰ ਕੀਤਾ ਗਿਆ ਹੈ, ਇਸ ਵਿਚ ਇਸ਼ਨਾਨ ਕਰਨ ਨਾਲ ਸਾਰੇ ਪਾਪ ਉਤਰ ਜਾਣੇ ਚਾਹੀਦੇ ਹਨ ਤੇ ਹਰ ਇਸ਼ਨਾਨ ਕਰਨ ਵਾਲੇ ਦੀਆਂ ਮੁਰਾਦਾਂ ਪੂਰੀਆਂ ਹੋਣੀਆਂ ਚਾਹੀਦੀਆਂ ਹਨ।[2] ਇਸ ਸਮੇਂ ਆਪ ਜੀ ਨੇ ਮੁਖੋਂ ਇਹ ਸ਼ਬਦ ਉਚਾਰੇ:-

"ਰਾਮਦਾਸ ਸਰੋਵਰਿ ਨਾਤੇ।।ਸਭਿ ਉਤਰੇ ਪਾਪ ਕਮਾਤੇ।।[3]

ਹਰਿਮੰਦਰ ਸਾਹਿਬ ਸੰਸਾਰ ਦੀਆਂ ਸਭ ਤੋਂ ਵਧੀਆਂ ਇਮਾਰਤਾਂ ਵਿਚੋਂ ਇਕ ਹੈ। ਧਰਮ ਅਸਥਾਨਾ ਵਿਚੋਂ ਤਾਂ ਅਜਿਹਾ ਬੇਮਿਸਾਲ ਹੈ ਕਿ ਪ੍ਰਦੇਸਾਂ ਤੋਂ ਲੋਕੀਂ ਬੜੀ ਉਤਸੁਕਤਾ ਨਾਲ ਆ ਕੇ ਵੇਖਦੇ ਹਨ ਕਿ ਉਹ ਕਿਹੋ ਜਿਹੀ ਇਮਾਰਤ ਹੈ ਜੋ ਹਰ ਵਕਤ ਪਾਣੀ ਵਿਚ ਵੀ ਸਲਾਮਤ ਰਹਿ ਸਕਦੀ ਹੈ। ਇਸ ਉਪਰ ਸੋਨੇ ਦੀ ਸੇਵਾ ਮਹਾਰਾਜਾ ਰਣਜੀਤ ਸਿੰਘ ਨੇ ੧੮੩੦ ਈ. ਵਿਚ ਕਰਵਾਈ।

---

੧- ਸੋਰਠਿ ਮ: ੫, ਆਦਿ ਗ੍ਰੰਥ, ਪੰਨਾ ੬੨੯

੨- The Sikh Religion, M.A.Macauliffe,Vol.III,p.13,

੩- ੳ- ਭਾਵ ਜੋ ਸਚੇ ਦਿਲ ਨਾਲ ਗੁਰੂ ਰਾਮਦਾਸ ਜੀ ਦੇ ਇਸ ਸਰੋਵਰ ਵਿਚ ਇਸ਼ਨਾਨ ਕਰਨਗੇ, ਉਨ੍ਹਾਂ ਦੇ ਸਰਬ ਦੁਖਾਂ ਤੇ ਪਾਪਾਂ ਦਾ ਨਾਸ ਹੋਵੇਗਾ।

ਅ- ਸੋਰਠਿ ਮ: ੫, ਆਦਿ ਗ੍ਰੰਥ, ਪੰਨਾ ੬੨੫

ਅਸੀਂ 'ਹਰਿਮੰਦਰ' ਨੂੰ ਹਰ ਥਾਂ ਤਾਂ ਨਹੀਂ ਲਿਜਾ ਸਕਦੇ, ਪਰ ਜਦੋਂ ਚੰਨ 'ਚਾਨਣੀ ਰਾਤ' ਵਿਚ ਆਪਣਾ ਚਿਹਰਾ 'ਹਰਿਮੰਦਰ' ਦੇ ਸਰੋਵਰ ਵਿਚੋਂ ਤਕਦਾ ਹੈ ਤਾਂ ਉਸ ਸਮੇਂ ਇਕ ਅਲੌਕਿਕ ਦ੍ਰਿਸ਼ ਹੁੰਦਾ ਹੈ।[੧]

੩- ਤਰਨ ਤਾਰਨ:-

ਤਰਨ ਤਾਰਨ ਦੀ ਖੁਦਵਾਈ ਦਾ ਕੰਮ ੧੫੯੦ ਵਿਚ ਭਾਵ 'ਹਰਿਮੰਦਰ' ਤੋਂ ਦੋ ਸਾਲ ਬਾਦ ਸ਼ੁਰੂ ਕੀਤਾ ਗਿਆ। ਇਹ ਸਰੋਵਰ ਆਕਾਰ ਵਿਚ ਸਿੱਖਾਂ ਦੇ ਸਭ ਗੁਰ ਅਸਥਾਨਾਂ ਨਾਲੋਂ ਵੱਡਾ ਹੈ। ਸਰੋਵਰ ਦੀ ਲੰਬਾਈ ੨੧੨ ਗਜ਼, ਚੌੜਾਈ ੨੦੮ ਗਜ਼ ਤੇ ਡੂੰਘਾਈ ੧੨ ਗਜ਼ ਹੈ। ਇਹ ਤੀਰਥ ਅਸਥਾਨ ੮੪ ਵਿਘਿਆਂ ਵਿਚ ਹੈ।

ਇਸ ਦੀ ਸੋਨੇ ਦੀ ਸੇਵਾ ਮਹਾਰਾਜਾ ਰਣਜੀਤ ਸਿੰਘ ਨੇ ਕਰਵਾਈ, ਆਪ ਨੇ ਉਸ ਸਮੇਂ ਸਵਾ ਮਣ ਸੋਨਾ ਚੜ੍ਹਾਇਆ, ਜੋ ਉਦੋਂ ੨੦ ਲਖ, ੧੪ ਹਜ਼ਾਰ, ੮੮੦ ਰੁਪਏ ਦਾ ਸੀ। ਇਸ ਦੀ ਜ਼ਮੀਨ ਗੁਰੂ ਜੀ ਨੇ ਖਾਹਰੇ ਪਿੰਡ ਦੇ ਗਿਰਦ ਨਿਵਾਹੀ ਦੇ ਪੈਂਚਾਂ ਤੋਂ ਲੈ ਕੇ ੧੭ ਵਿਸਾਖ ੧੬੪੭ (ਸੰਮਤ) ਨੂੰ ਕਸਬਾ ਤਰਨ ਤਾਰਨ ਵਸਾਇਆ।[੨]

੪- ਕਰਤਾਰਪੁਰ (ਜਲੰਧਰ):-

ਗੁਰੂ ਜੀ ਸਿੱਖੀ ਦਾ ਪ੍ਰਚਾਰ ਕਰਨ ਲਈ ਦੁਆਬੇ ਦੇ ਇਕ ਪਿੰਡ ਡੱਲੇ ਵਿਖੇ ਠਹਿਰੇ। ਇਥੇ ਜਲੰਧਰ ਦੇ ਸੂਬੇਦਾਰ ਅਜ਼ੀਮ ਖਾਂ ਨੇ ਆਪ ਜੀ ਦੇ ਦਰਸ਼ਨ ਕੀਤੇ। ਸੰਗਤਾਂ ਵਿਚ ਪ੍ਰੇਮ ਤੇ ਸੇਵਾ ਭਾਵਨਾ ਤੱਕ ਕੇ ਉਸ ਨੇ ਗੁਰੂ ਸਾਹਿਬ ਪਾਸ ਅਰਜ਼ ਕੀਤੀ, 'ਮੇਰੀ ਖਾਹਸ਼ ਹੈ ਕਿ ਸਤਿਸੰਗ ਤੇ ਸੇਵਾ ਦੀ ਰੌਅ ਚਲਾਉਣ ਲਈ ਆਪ ਦੁਆਬੇ ਵਿਚ ਕੋਈ ਨਗਰ ਵਸਾਓ ਜਾਂ ਅਸਥਾਨ ਬਣਾਓ।'[੩] ਅਜ਼ੀਮ ਖਾਂ ਦੀ ਅਰਜ਼ ਮੰਨ ਕੇ ਆਪ ਨੇ ੨੧ ਮੱਘਰ ਸੰਮਤ ੧੬੫੦ (੧੫੯੩) ਵਿਚ ਕਰਤਾਰਪੁਰ ਦੀ ਨੀਂਹ ਰਖੀ। ਜੋ ਅਜ ਲਕੜੀ ਦੇ ਕੰਮ ਦਾ ਭਾਰੀ ਵਪਾਰਕ ਕੇਂਦਰ ਹੈ।

੫- ਛਿਹਰਟਾ ਸਾਹਿਬ :-

ਆਪ ਸੰਮਤ ੧੬੫੧ (੧੫੯੪) ਤੋਂ ਸੰਮਤ ੧੬੫੩ (੧੫੯੬) ਤੱਕ ਵਡਾਲੀ ਵਿਚ ਰਹੇ। ਇਥੇ ਹੀ ਛੇਵੇਂ ਪਾਤਸ਼ਾਹ (ਗੁਰੂ) ਹਰਗੋਬਿੰਦ ਜੀ ਦਾ ਜਨਮ ਹੋਇਆ। ਇਸ ਖੁਸ਼ੀ ਵਿਚ ਆਪ ਜੀ ਨੇ ਇਕ ਖੂਹ ਲਵਾਇਆ, ਜਿਸ ਵਿਚ ਛੇ ਹਰਟ[੪] ਚਲਾਏ

---

੧- The Message of Guru Arjan, Prof. Puran Singh, p.5.
੨- ਗੁਰ ਸਾਗਰ ਰਤਨ ਪ੍ਰਕਾਸ਼, ਗੁਰਬਖਸ਼ ਸਿੰਘ ਤੁਰਨ, ਪੰਨਾ ੧੨੫
੩- ਗੁਰਮਤਿ ਲੈਕਚਰ, ਗਿਆਨੀ ਪ੍ਰਤਾਪ ਸਿੰਘ, ਪੰਨਾ ੧੮
੪- ਉਹ ਕਾਲ ਦਾ ਸਮਾਂ ਸੀ, ਗੁਰੂ ਜੀ ਨੇ ਬੱਚੇ ਦੇ ਜਨਮ ਦੀ ਖੁਸ਼ੀ ਦਾ ਪ੍ਰਗਟਾਵਾ ਦਾਨਾਈ ਨਾਲ ਕੀਤਾ, ਛੇ ਹਰਟਾਂ ਵਾਲਾ ਖੂਹ ਖੁਦਵਾਇਆ ਤਾਂ ਕਿ ਪਿਆਸੇ ਲੋਕ ਤੇ ਪਿਆਸੀ ਧਰਤੀ ਪਾਣੀ ਲੈ ਸਕੇ।

ਗਏ। ਇਸ ਤੋਂ ਇਲਾਵਾ ਖੇਤੀਬਾੜੀ ਦੀ ਉਨਤੀ ਲਈ ਆਪ ਨੇ ਕਈ ਹੋਰ ਖੂਹ ਖੁਦਵਾਏ। ਛਿਹਰਟੇ ਸਾਹਿਬ ਹਰ ਸਾਲ ਬਸੰਤ ਪੰਚਮੀ ਨੂੰ ਮੇਲਾ ਲਗਦਾ ਹੈ। ਜੋ ਲੋਕ ਸਚੇ ਦਿਲ ਨਾਲ ਮੁਰਾਦ ਲੈ ਕੇ ਜਾਂਦੇ ਹਨ, ਇਥੋਂ ਪੂਰੀ ਹੁੰਦੀ ਹੈ।

੬- ਬਉਲੀ ਸਾਹਿਬ (ਲਾਹੌਰ):-

ਇਹ ਗੱਲ ਸੰਮਤ ੧੬੫੬ (੧੫੯੯) ਦੀ ਹੈ, ਜਦੋਂ ਪ੍ਰਿਥੀ ਚੰਦ ਨੇ ਈਰਖਾ ਦੀ ਅੱਗ ਬੁਝਾਉਣ ਲਈ- ਆਪਣੀ ਜਾਇਦਾਦ ਤੇ ਸਿੱਖੀ ਵੰਡਾਉਣ ਲਈ- ਲਾਹੌਰ ਦੇ ਸੂਬੇਦਾਰ ਤਾਹਰ ਬੇਗ਼ ਖਾਂ ਪਾਸ ਅਰਜ਼ੀ ਚਾੜ੍ਹੀ ਹੋਈ ਸੀ। ਸੂਬੇ ਦੇ ਸੱਦਣ ਤੇ ਆਪ ਲਾਹੌਰ ਗਏ ਤੇ ਲੋਕਾਂ ਨੂੰ ਪਾਣੀ ਦੇ ਕਾਲ ਵਸ ਪੀੜਤ ਹੋਏ ਦੇਖ ਕੇ ਗੁਰੂ ਜੀ ਨੇ ਡੱਬੀ ਬਾਜ਼ਾਰ ਲਾਹੌਰ ਵਿਚ ਬਉਲੀ ਸਾਹਿਬ ਦੀ ਸੇਵਾ ਕਰਾਈ। ਤਾਹਰ ਬੇਗ਼ ਖਾਂ ਗੁਰੂ ਜੀ ਦਾ ਵਾਲ ਵੀ ਵਿੰਗਾ ਨਾ ਕਰ ਸਕਿਆ, ਕਿਉਂਕਿ ਗੁਰੂ ਜੀ ਤਾਂ ਹਰ ਦਿਲ ਵਿਚ ਵਸਦੇ ਸਨ ਪਰ ਪ੍ਰਿਥੀ ਚੰਦ ਸਿਰਫ਼ ਮਾਇਆ ਵਿਚ ਵਸਦਾ ਸੀ।

੭- ਰਾਮਸਰ:-

ਰਾਮਸਰ ਦਾ ਤਲਾ ਸੰਮਤ ੧੬੫੭-੬੦ (੧੬੦੧-੩) ਵਿਚ ਬਣਾਇਆ ਗਿਆ। ਇਸ ਦੇ ਕਿਨਾਰੇ ਬੈਠ ਕੇ ਆਪ ਜੀ ਨੇ ਮਹਾਨ ਰਚਨਾ 'ਸੁਖਮਨੀ' ਉਚਾਰੀ। ਇਹੀ ਉਹ ਇਕਾਂਤ ਜਗ੍ਹਾ ਹੈ ਜਿਥੇ ਬੈਠ ਕੇ ਗੁਰੂ ਸਾਹਿਬ ਨੇ ਭਾਈ ਗੁਰਦਾਸ ਦੀ ਸਹਾਇਤਾ ਨਾਲ (ਗੁਰੂ) ਗ੍ਰੰਥ ਸਾਹਿਬ ਦੀ ਤਿਆਰੀ ਕੀਤੀ ਸੀ।

੮- ਉਪਰੋਕਤ ਉਸਾਰੀਆਂ ਤੋਂ ਇਲਾਵਾ ਪਿਪਲੀ ਸਾਹਿਬ, ਵਡਾਲੀ ਤੇ ਗੁਰੂ ਕਾ ਬਾਗ਼ (ਤਹਿਸੀਲ ਅਜਨਾਲਾ) ਜ਼ਿਲਾ ਅੰਮ੍ਰਿਤਸਰ ਦੀ ਆਪ ਜੀ ਨੇ ਸੇਵਾ ਕਰਾਈ।

੯- ਗੁਰੂ ਸਾਹਿਬ ਦੇ ਜੀਵਨ ਕਾਲ ਦਾ ਸਭ ਤੋਂ ਮਹਾਨ ਕੰਮ 'ਆਦਿ ਗ੍ਰੰਥ' ਦੀ ਸੰਪਾਦਨਾ ਹੈ।[1]

ਮਸੰਦ ਪ੍ਰਥਾ:-

'ਮਸੰਦ' ਫ਼ਾਰਸੀ ਸ਼ਬਦ ਮਸਨਦ ਦਾ ਵਿਗੜਿਆ ਹੋਇਆ ਰੂਪ ਹੈ, ਜਿਸ ਦਾ ਭਾਵ ਹੈ ਮੰਜੀ ਜਾਂ ਮੰਜਾ। ਪ੍ਰਚਾਰ ਕਰਨ ਸਮੇਂ ਇਨ੍ਹਾਂ ਪੁਰਸ਼ਾਂ ਨੂੰ ਬੈਠਣ ਲਈ ਉਚੀ ਥਾਂ ਅਥਵਾ ਮੰਜਾ ਮਿਲਦਾ ਸੀ; ਤਦੇ ਹੀ ਇਨ੍ਹਾਂ ਦਾ[2] ਨਾਂ ਮਸੰਦ ਪੈ ਗਿਆ। (ਮੁਹਸਨ ਫ਼ਾਨੀ ਦਾ ਰਚਨਾ ਦਬਿਸਤਾਨ ਮਜ਼ਾਹਿਬ ਵਿਚੋਂ)

---

੧- ਵਿਸਥਾਰ ਲਈ ਵੇਖੋ ਇਸੇ ਥੀਸਸ ਦਾ ਪੰਨਾ 38

੨- ਹਵਾਲਾ- The Sikhs and Sikhism, Dr. Ganda Singh, p.11.

ਮਸੰਦ ਪ੍ਰਥਾ ਗੁਰੂ ਅਰਜਨ ਦੇਵ ਜੀ ਨੇ ਤੋਰੀ। ਪੰਜਾਬ ਵਿਚ ਤੇ ਪੰਜਾਬ ਤੋਂ ਬਾਹਰ ਪ੍ਰਚਾਰ ਕਰਨ ਲਈ ਆਪਣੇ ਪ੍ਰਚਾਰਕ ਭੇਜੇ ਜੋ ਪ੍ਰਚਾਰ ਤੋਂ ਇਲਾਵਾ ਸੰਗਤਾਂ ਤੋਂ ਭੇਟਾ ਵੀ ਉਗਰਾਹੁਕੇ ਲਿਆਉਂਦੇ ਸਨ। ਇਨ੍ਹਾਂ ਮਸੰਦਾਂ ਦੇ ਪ੍ਰਚਾਰ ਰਾਹੀਂ ਕਾਫੀ ਲੋਕ ਗੁਰੂ ਘਰ ਦੇ ਸ਼ਰਧਾਲੂ ਬਣ ਗਏ। ਇਹ ਮਸੰਦ ਹਰ ਸਾਲ ਵਿਸਾਖੀ ਵਾਲੇ ਦਿਨ ਅੰਮ੍ਰਿਤਸਰ ਇਕੱਠੇ ਹੁੰਦੇ। ਕਈ ਲੋਕ ਇਨ੍ਹਾਂ ਮਸੰਦਾਂ ਨਾਲ ਹੀ ਗੁਰੂ ਦਰਬਾਰ ਵਿਚ ਆ ਜਾਂਦੇ। ਜਦੋਂ ਇਨ੍ਹਾਂ ਮਸੰਦਾਂ ਨੇ ਫਿਰ ਪ੍ਰਚਾਰ ਹਿਤ ਜਾਣਾ ਹੁੰਦਾ ਤਾਂ ਗੁਰੂ ਸਾਹਿਬ ਇਨ੍ਹਾਂ ਨੂੰ ਇਕ ਇਕ ਦਸਤਾਰ ਭੇਟ ਕਰਦੇ।

ਪਰ ਮਾਇਆ ਬੜੇ ਬੜੇ ਰਿਸ਼ੀਆਂ ਮੁਨੀਆਂ ਨੂੰ ਭਰਮਾ ਲੈਂਦੀ ਹੈ। ਇਹੀ ਹਾਲ ਮਸੰਦਾਂ ਦਾ ਹੋਇਆ।

'ਹਰਿਮੰਦਰ' ਦੀ ਉਸਾਰੀ ਚਲ ਰਹੀ ਸੀ। ਗੁਰੂ ਜੀ ਨੇ ਕੁਝ ਮਸੰਦਾਂ ਦੀ ਡਿਊਟੀ ਲਾਈ ਕਿ ਉਹ ਭੱਠੇ ਦੀਆਂ ਪੱਕੀਆਂ ਇੱਟਾਂ ਉਸਾਰੀ ਲਈ ਪੁਚਾਉਣ। ਇੰਚਾਰਜ ਮਸੰਦਾਂ ਦੇ ਮਨ ਵਿਚ ਧੋਖਾ ਆ ਗਿਆ, ਉਹ ਧੁੱਪੇ ਸੁਕੀਆਂ ਇੱਟਾਂ ਨੂੰ ਹੀ ਰੰਗ ਕਰਕੇ ਪੁਚਾਉਣ ਲਗ ਪਏ, ਗੁਰੂ ਜੀ ਨੂੰ ਜਦੋਂ ਇਸ ਬੇਈਮਾਨੀ ਦਾ ਪਤਾ ਲਗਾ ਤਾਂ ਆਪ ਜੀ ਨੇ ਮਨ੍ਹਾ ਕੀਤਾ, ਪਰ ਤਿੰਨ ਵਾਰ ਲਗਾਤਾਰ ਮਸੰਦਾਂ ਨੇ ਹੁਕਮ ਮੋੜਿਆ।

ਗੁਰੂ ਜੀ ਨੇ ਉਨ੍ਹਾਂ ਮਸੰਦਾਂ ਨੂੰ ਡਿਊਟੀ ਤੋਂ ਹਟਾ ਦਿੱਤਾ ਅਤੇ ਨਾਲ ਹੀ ਕਿਹਾ ਕਿ ਜਦ ਦਸਵੇਂ ਗੁਰੂ ਜੀ ਆਉਣਗੇ ਤਾਂ ਤੁਹਾਨੂੰ ਇਸ ਦੀ ਸਜ਼ਾ ਮਿਲੇਗੀ।[1]

ਹੋਇਆ ਇਸੇ ਤਰ੍ਹਾਂ, ਦਸਵੇਂ ਗੁਰੂ ਜੀ ਦੇ ਸਮੇਂ ਮਸੰਦ ਇਤਨੇ ਅਵੇਸਲੇ ਹੋ ਚੁੱਕੇ ਸਨ ਕਿ ਆਪਣਾ ਫਰਜ਼ ਪਛਾਨਣੰਦੀ ਥਾਂ ਰਾਹੋਂ ਵੀ ਭਟਕ ਗਏ ਸਨ; ਸੋ ਦਸਵੇਂ ਗੁਰੂ ਜੀ ਨੇ ਮਸੰਦ ਪ੍ਰਥਾ ਖਤਮ ਕਰ ਦਿੱਤੀ।

ਸ਼ਹੀਦੀ:-

ਸਾਰੇ ਧਰਮ ਪੁਕਾਰ ਪੁਕਾਰ ਕੇ ਕਹਿੰਦੇ ਹਨ ਕਿ ਉਹ ਧੰਨ ਹਨ ਜਿਹੜੇ ਕਸ਼ਟ ਸਹਿੰਦੇ ਹਨ। ਕਸ਼ਟ ਸਹਾਰਨਾ ਅਧਿਆਤਮਕ ਜੀਵਨ ਦਾ ਸਾਰ ਹੈ। ਇਹ ਅਸਲੀਅਤ ਦਾ ਸਹੀ ਰੂਪ ਹੈ। ਇਹ ਉਹ ਲਹੂ ਹੈ ਜਿਹੜਾ ਸਾਨੂੰ ਸਾਰਿਆਂ ਨੂੰ ਮੇਲ ਕੇ ਇਕ ਕਰਦਾ ਹੈ।[2]

ਗੁਰੂ ਅਰਜਨ ਦੇਵ ਜੀ ਸਿੱਖ ਕੌਮ ਦੇ ਪਹਿਲੇ ਸ਼ਹੀਦ ਹਨ। ਆਪ ਜੀ ਦੀ ਸ਼ਹੀਦੀ ਦੇ ਕਾਰਨ ਇਹ ਹਨ:-

੧- ਆਪ ਦਾ ਹਰਮਨ ਪਿਆਰਾ ਹੋਣਾ ਤੇ ਇਸ ਰਸੂਖ ਤੋਂ ਵੱਡੇ ਭਰਾ ਪ੍ਰਿਥੀ ਚੰਦ ਦੀ ਈਰਖਾ।

---

੧- The Sikh Religion, M.A. Macauliffe, Vol.III, p.10.
੨- ਧਰਮ-ਇਕ ਤੁਲਨਾਤਮਕ ਅਧਿਅਨ, ਡਾ. ਰਾਧਾ ਕ੍ਰਿਸ਼ਨਨ, ਪੰਨਾ ੧੫੨.

੨- ਚੰਦੂ ਦੀ ਧੀ ਦਾ ਰਿਸ਼ਤਾ (ਗੁਰੂ) ਹਰਗੋਬਿੰਦ ਜੀ ਲਈ ਪ੍ਰਵਾਨ ਨਾ ਕਰਨਾ।

੩- ਜਹਾਂਗੀਰ ਦੇ ਲੜਕੇ ਖੁਸਰੋ ਦੀ ਸਹਾਇਤਾ ਕਰਨੀ।

੪- ਅਸਲੀ ਤੇ ਠੋਸ ਕਾਰਨ ਹੈ ਜਹਾਂਗੀਰ ਦੀ ਤੁਅੱਸਬ ਵਾਲੀ ਨੀਤੀ, ਜਿਸ ਨੂੰ ਈਰਖਾ ਸੀ ਕਿ ਏਡੀ ਵਿਦਵਾਨ ਹਸਤੀ ਮੁਸਲਮਾਨ ਕਿਉਂ ਨਹੀਂ, ਕਿਸੇ ਹੋਰ ਮਜ਼ਹਬ ਵਿਚ ਕਿਉਂ ਹੈ?

ਕਾਰਨ ਭਾਵੇਂ ਕੋਈ ਵੀ ਹੈ, ਪਰ ਇਹ ਗੱਲ ਤਾਂ ਸੂਰਜ ਦੀ ਲੋਅ ਵਾਂਗ ਰੋਸ਼ਨ ਹੈ ਕਿ ਗੁਰੂ ਜੀ ਦੀ ਸ਼ਹੀਦੀ ਕਿਸੇ ਨਿਜੀ ਹਿਤ ਲਈ ਨਹੀਂ ਸੀ; ਕਿਸੇ ਜਾਇਦਾਦ ਦੇ ਝਗੜੇ ਲਈ ਨਹੀਂ ਸੀ; ਕਿਸੇ ਮੋਹ ਮਾਇਆ ਦੇ ਲਾਲਚ ਲਈ ਨਹੀਂ ਸੀ; ਸਗੋਂ ਸਾਰੀ ਕੌਮ ਦੇ ਭਲੇ ਲਈ ਸੀ; ਮਾਨਵਤਾ ਦੇ ਭਲੇ ਲਈ ਸੀ। ਤਦੇ ਇਸ ਦਾ ਅਸਰ ਇਤਨਾ ਚੋਰਪਾ ਸਾਬਤ ਹੋਇਆ ਕਿ ਮੁਗਲ ਰਾਜ ਦੀਆਂ ਨੀਹਾਂ ਹਿਲ ਗਈਆਂ।

ਗੁਰੂ ਜੀ ਨੂੰ ਗੁਰਿਆਈ ਮਿਲਣ ਸਮੇਂ ਮੁਗਲ ਬਾਦਸ਼ਾਹ ਅਕਬਰ ਭਾਰਤ ਤੇ ਰਾਜ ਕਰਦਾ ਸੀ। ਰਾਜਨੀਤਕ ਸ਼ਾਂਤੀ ਸੀ, ਅਕਬਰ ਸੁਲਹਕੁਨ ਬਾਦਸ਼ਾਹ ਸੀ, ਉਹ ਸਭ ਧਰਮਾਂ ਦੀ ਕਦਰ ਕਰਦਾ ਸੀ। ਉਹ ਜਾਣਦਾ ਸੀ ਕਿ ਬਗਾਨੇ ਘਰ ਬਹਿ ਕੇ ਕਿਵੇਂ ਅਪਣੱਤ ਜਗਾਈ ਜਾਂਦੀ ਹੈ। ਪਰ ਉਹ ੧੬੦੫ ਵਿਚ ਫੌਤ ਹੋ ਗਿਆ। ਉਸ ਦਾ ਲੜਕਾ ਜਹਾਂਗੀਰ ਤਖਤ ਦਾ ਮਾਲਕ ਬਣਿਆ। ਜਿੰਨਾ ਅਕਬਰ ਸੈਕੂਲਰ ਸੀ, ਉਨਾ ਹੀ ਜਹਾਂਗੀਰ ਤੰਗ ਦਿਲ। ਜਹਾਂਗੀਰ ਨੇ ਪਹਿਲਾਂ ਹੀ ਸੋਚ ਰਖਿਆ ਸੀ ਕਿ ਜਦੋਂ ਉਹ ਤਖਤ ਦਾ ਮਾਲਕ ਬਣਿਆ ਉਸ ਨੇ ਕੀ ਤਬਦੀਲੀਆਂ ਕਰਨੀਆਂ ਹਨ। ਸੋ ਕੁਦਰਤੀ ਸੀ ਕਿ ਉਸ ਨੂੰ ਗੁਰੂ ਜੀ ਨਾਲ ਈਰਖਾ ਹੁੰਦੀ। ਇਹ ਈਰਖਾ ਕੋਈ ਛਿਪਾ ਕੇ ਰਖਣ ਵਾਲੀ ਨਹੀਂ ਸੀ, ਜਹਾਂਗੀਰ ਨੇ ੧੯ ਮਈ ੧੬੦੬ ਨੂੰ ਆਪਣੀ ਡਾਇਰੀ ਵਿਚ ਜੋ ਇਬਾਰਤ ਲਿਖੀ, ਉਹੀ ਇਸ ਦਾ ਪੱਕਾ ਸਬੂਤ ਹੈ:-

'ਦਰ ਗੋਇੰਦਵਾਲ ਕਿ ਬਰ ਕਿਨਾਰਿ ਦਰਿਆਏ ਬਿਆਹ ਵਾਕਿਆ ਅਸਤ ਹਿੰਦੂਏ ਬੂਦ ਅਰਜਨ ਨਾਮ ਦਰ ਲਿਬਾਸ ਪੀਰੀ ਵਾ ਸ਼ੇਖੀ, ਚੁਨਾਂਚਿ ਬਿਸਿਆਰੇ ਅਜ਼ ਸਾਦਾ ਲੁਹਾਨੇ ਹਨੂਦ ਬਲਕਿ ਨਾਦਾਨੇ ਸਫੀਹਾਨ ਇਸਲਾਮ ਰਾ ਮੁਕੀਦਿ ਅਤਵਾਰ-ਵ-ਅਉਜਾਹਿ ਖ਼ੁਦ ਸਾਖਤਾ ਕਸਿ ਪੀਰੀ ਵ-ਵਿਲਾਇਤ ਰਾ ਬੁਲੰਦ ਆਵਾਜ਼ਾ ਗਰਦਾਨੀਦਾ ਬੂਦ।

ਊ ਰਾ ਗੁਰੂ ਮੀਗੁਫ਼ਤੰਦ ਵਾ ਅਜ਼ ਅਤਰਾਫ਼ ਜਵਾਨਿਬ ਗੋਲਾਂ ਵਾ ਗੋਲ ਪਰਸਤਾਂ ਬਦੋ ਰਜੂ ਆਵੁਰਦਾ ਇਅਤਕਾਦ ਤਮਾਮ ਬਊ ਇਜ਼ਹਾਰ ਮੀਕਰਦੰਦ। ਅਜ਼ ਸਿਹ ਚਹਾਰ ਪੁਸ਼ਤਿ ਊ ਈ ਦੁਕਾਨ ਰਾ ਗਰਮ ਮੀਦਾਸ਼ਤੰਦ।

ਮੁਦਤਹ ਬਖ਼ਾਤਰ ਮੀਤ੍ਰਸਤ, ਕਿ ਈਂ ਦੁਕਾਨਿ ਬਾਤਿਲ ਰਾ ਬਰਤਰਫ਼ ਬਾਇਦ ਸਾਖ਼ਤ, ਯਾ ਊ ਰਾ ਦਰ ਜਰਗਾ ਏ ਅਹਿਲ ਇਸਲਾਮ ਦਰ ਬਾਇਦ ਆਵੁਰਦ, ਤਾ ਆਂ ਕਿ ਦਰੀਂ ਔਯਾਮ ਖ਼ੁਸਰ ਅਜ਼ ਆਂ ਰਾਹ ਅਬੂਰ ਮੀਨਮੂਦ; ਈ ਮਰਦਕਿ ਮਜਹਲ ਇਰਾਦਾ ਕਰਦ ਕਿ ਮੁਲਾਜ਼ਮਤਿ ਊ ਦਰ ਯਾਬਦ।

ਦਰ ਮੰਜ਼ਲੇ ਕਿ ਜਾ ਵਾ ਮੁਕਾਮਿ ਊ ਬੂਦ ਖ਼ੁਸਰੋ ਰਾ ਨੁਜ਼ੂਲ ਉਫ਼ਤਾਦ, ਆਮਦਾ ਊ ਰਾ ਦੀਦ ਵਾ ਬਾਅਜ਼ੇ ਮੁਕਦਮਾਤ ਫਿਰਾ ਯਾਫਤਾ ਬਾਊ ਰਸਾਨੀਦ ਬਰ ਪੇਸ਼ਾਨੀਏ ਊ ਅਗੁਸ਼ਤੇ ਅਜ਼ ਜ਼ਾਫ਼ਰਾਨ ਕਿ ਬ-ਇਸਤਲਾਹਿ ਹਿੰਦੂਆਂ ਕਸ਼ਕਾ ਗੋਇੰਦ ਕਸ਼ੀਦ ਵਾ ਆਂ ਰਾ ਸੁਗੂਨ ਮੀਦਾਨੰਦ।

ਚੂੰ ਈ ਮੁਕਦਮਾ ਬਮਸਮਾਏ ਜਾਹੋ ਜਲਾਲ ਮੀਰਸਦ ਵਾ ਬੁਤਲਾਨੇ ਊ ਰਾ ਬਵਜੂਾ ਅਕਮਲ ਮੀਦਾਨਿਸਤਮ।

ਅਮਰ ਕਰਦਮ ਕਿ ਊ ਰਾ ਹਾਜ਼ਰ ਸਾਖ਼ਤੰਦ ਵਾ ਮਸਾਕਿਨ ਵਾ ਮਨਾਜ਼ਿਲ ਵਾ ਫਰਜੰਦਾਨੇ ਊ ਰਾ ਬਮੁਰਤਜ਼ਾ ਖ਼ਾਨ ਇਨਾਇਤ ਨਮੂਦਮ ਵ ਅਸਬਾਬੋ ਅਮਵਾਲਿ ਊ ਰਾ ਬਕੈਦਿ ਜ਼ਬਤ ਦਰ ਆਵੁਰਦਾ ਫ਼ਰਮੂਦਮ ਕਿ ਊ ਰਾ ਬ-ਸਿਆਸਤ ਵ ਬ-ਯਾਸਾ ਰਸਾਨੰਦ।'[1]

ਇਸ ਦਾ ਪੰਜਾਬੀ ਰੂਪ ਇਸ ਪ੍ਰਕਾਰ ਹੈ:-

'ਗੋਇੰਦਵਾਲ ਜੋ ਬਿਆਹ (ਬਿਆਸ) ਦਰਿਆ ਦੇ ਕੰਢੇ ਤੇ ਹੈ, ਪੀਰਾਂ ਬਜ਼ੁਰਗਾਂ ਦੇ ਭੇਸ ਵਿਚ 'ਅਰਜਨ' ਨਾਮ ਦਾ ਇਕ ਹਿੰਦੂ ਸੀ, ਉਸ ਨੇ ਬਹੁਤ ਸਾਰੇ ਭੋਲੇ ਭਾਲੇ ਹਿੰਦੂ ਬਲਕਿ ਬੇਸਮਝ ਤੇ ਮੂਰਖ ਮੁਸਲਮਾਨਾਂ ਨੂੰ ਵੀ ਆਪਣੇ ਤਰੀਕਿਆਂ (ਧਾਰਮਕ ਰਹਿਤ ਬਹਿਤ) ਦਾ ਸਿਦਕੀ ਬਣਾ ਕੇ ਆਪਣੀ ਬਜ਼ੁਰਗੀ ਤੇ ਈਸ਼ਵਰ ਨਾਲ ਨਜ਼ਦੀਕੀ ਦਾ ਢੋਲ ਬਹੁਤ ਉਚਾ ਵਜਾਇਆ ਹੋਇਆ ਸੀ। ਲੋਕ ਉਸ ਨੂੰ ਗੁਰੂ ਕਹਿੰਦੇ ਸਨ। ਸਾਰਿਆਂ ਪਾਸਿਆਂ ਤੋਂ ਫਰੇਬੀ ਤੇ ਫ਼ਰੇਬ ਦੇ ਪੁਜਾਰੀ ਉਸ ਪਾਸ ਆ ਕੇ ਉਸ (ਗੁਰੂ) ਉਤੇ ਪੂਰਾ ਇਤਕਾਦ[2] ਜ਼ਾਹਰ ਕਰਦੇ ਸਨ। ਤਿੰਨ ਚਾਰ ਪੀੜ੍ਹੀਆਂ ਤੋਂ ਉਨ੍ਹਾਂ ਦੀ ਇਹ ਦੁਕਾਨ ਗਰਮ ਸੀ।

ਕਿੰਨੇ ਚਿਰ ਤੋਂ ਮੇਰੇ ਦਿਲ ਵਿਚ ਇਹ ਖਿਆਲ ਆਉਂਦਾ ਸੀ ਕਿ ਇਸ ਝੂਠ ਦੇ ਵਪਾਰ ਨੂੰ ਬੰਦ ਕਰਨਾ ਚਾਹੀਦਾ ਹੈ ਯਾ ਉਸ ਨੂੰ ਮੁਸਲਮਾਨਾਂ ਦੇ ਮੱਤ ਵਿਚ

---

੧- (ਤੁਜ਼ਕਿ ਜਹਾਂਗੀਰੀ ਵਿਚੋਂ ਸਫ਼ਾ ੩੫) ਹਵਾਲਾ-ਗੁਰੂ ਅਰਜਨ, ਭਾਸ਼ਾ ਵਿਭਾਗ, ਪਟਿਆਲਾ, ਪੰਨਾ ੪੯

੨- ਭਰੋਸਾ

ਲਿਆਉਣਾ ਚਾਹੀਦਾ ਹੈ।

ਇਥੋਂ ਤੱਕ ਕਿ ਇਨ੍ਹਾਂ ਦਿਨਾਂ ਵਿਚ ਹੀ ਖੁਸਰੋ[1] ਇਥੋਂ ਦੀ ਦਰਿਆ ਪਾਰ ਹੋਇਆ। ਇਸ ਜਾਹਲ ਤੇ ਹਕੀਰ ਆਦਮੀ ਨੇ ਇਰਾਦਾ ਕੀਤਾ ਕਿ ਸਦਾ ਉਸ (ਗੁਰੂ) ਦੇ ਨਜ਼ਦੀਕ ਰਹੇ। ਉਸ ਥਾਂ ਤੇ ਜਿਥੇ ਕਿ ਉਸ (ਗੁਰੂ) ਦੇ ਰਹਿਣ ਦੀ ਥਾਂ ਸੀ, ਖੁਸਰੋ ਨੇ ਪੜਾ ਕੀਤਾ। ਇਹ ਉਸ ਨੂੰ ਮਿਲਿਆ ਤੇ ਕਈ ਪਹਿਲੇ ਮਿਥੀਆਂ ਹੋਈਆਂ ਗੱਲਾਂ ਉਸ ਨੂੰ ਸੁਣਾਈਆਂ ਤੇ ਉਸ ਨੇ ਕੇਸਰ ਨਾਲ ਇਕ ਉਂਗਲੀ (ਨਾਲ ਲਕੀਰ) ਇਸ ਦੇ ਮਥੇ ਤੇ ਖਿੱਚੀ, ਜਿਸ ਨੂੰ ਹਿੰਦੂ ਤਿਲਕ ਕਹਿੰਦੇ ਹਨ ਤੇ ਚੰਗਾ ਸ਼ੁਗਨ ਜਾਣਦੇ ਹਨ।

ਜਦ ਇਹ ਗਲ ਮੇਰੇ ਕੰਨੀ ਪਈ- ਅੱਗੇ ਹੀ ਇਨ੍ਹਾਂ ਦੇ ਝੂਠ ਨੂੰ ਮੈਂ ਚੰਗੀ ਤੇ ਪੂਰੀ ਤਰ੍ਹਾਂ ਜਾਣਦਾ ਸੀ- ਮੈਂ ਹੁਕਮ ਦਿੱਤਾ ਕਿ ਉਸ (ਗੁਰੂ) ਨੂੰ ਹਾਜ਼ਰ ਕਰਨ ਤੇ ਉਸ ਦੇ ਘਰ ਘਾਟ ਤੇ ਬੱਚਿਆਂ ਨੂੰ ਮੁਰਤਜ਼ਾ ਖਾਂ ਨੂੰ ਬਖ਼ਸ਼ ਦਿੱਤਾ ਅਤੇ ਉਸ ਦਾ ਮਾਲ ਅਸਬਾਬ ਜ਼ਬਤ ਕਰਕੇ ਹੁਕਮ ਦਿੱਤਾ ਕਿ ਉਸ ਨੂੰ ਡਰਾਉਣ, ਮਾਰਨ, ਸਜ਼ਾ ਦੇਣ ਤੇ ਤਸੀਹੇ ਦੇ ਕੇ ਕਤਲ ਕਰ ਦੇਣ।[2]

ਜਹਾਂਗੀਰ ਨੇ ਇਵੇਂ ਹੀ ਕੀਤਾ ਜਿਵੇਂ ਉਸ ਨੇ ਆਪਣੀ ਡਾਇਰੀ ਵਿਚ ਲਿਖਿਆ ਸੀ। ਕਰਨਾ ਤਾਂ ਉਸ ਨੇ ਉਹੋ ਸੀ ਜੋ ਮਿਥਿਆ ਹੋਇਆ ਸੀ, ਪਰ ਖੁਸਰੋ ਦੀ ਬਗਾਵਤ ਤੇ ਚੰਦੂ ਦੀਆਂ ਸ਼ਿਕਾਇਤਾਂ ਤਾਂ ਮਾਮੂਲੀ ਜਿਹੇ ਬਹਾਨੇ ਮਿਲ ਗਏ, ਜੋ ਨ ਵੀ ਮਿਲਦੇ ਤਦ ਵੀ ਗੁਰੂ ਅਰਜਨ ਦੇਵ ਨਾਲ ਇਹੋ ਹੀ ਹੋਣੀ ਵਾਪਰਨੀ ਸੀ।

ਗੁਰੂ ਜੀ ਨੂੰ ਜਦੋਂ ਮਈ ੧੬੦੬ ਦੇ ਅਖੀਰਲੇ ਹਫ਼ਤੇ ਵਿਚ ਲਾਹੌਰ ਤੋਂ ਗ੍ਰਿਫ਼ਤਾਰੀ ਦਾ ਹੁਕਮ ਮਿਲਿਆ ਤਾਂ ਆਪ ਸਮਝ ਗਏ ਕਿ ਅੱਗੇ ਕੀ ਹੋਣ ਵਾਲਾ ਹੈ। ਆਪ ਨੇ ਭਾਈ ਗੁਰਦਾਸ ਜੀ ਤੇ ਭਾਈ ਬੁੱਢਾ ਜੀ ਨੂੰ ਪਾਸ ਸਦਿਆ। ਬਾਲਕ (ਗੁਰੂ) ਹਰਗੋਬਿੰਦ ਨੂੰ ਗੁਰਿਆਈ ਦੀ ਜਿੰਮੇਵਾਰੀ ਸੌਂਪ ਕੇ ਭਾਈ ਬੁੱਢਾ ਜੀ ਤੋਂ ਤਿਲਕ ਦੀ ਰਸਮ ਕਰਵਾਈ। ਸਿੱਖ ਕੌਮ ਦੀ ਜਿੰਮੇਵਾਰੀ ਬਾਲਕ ਗੁਰੂ ਹਰਗੋਬਿੰਦ ਜੀ ਤੇ ਪਾ ਕੇ ਆਪ ਲਾਹੌਰ ਲਈ ਚਲ ਪਏ। ਕੁਛ ਸਿੱਖ ਆਪ ਦੇ ਨਾਲ ਗਏ।

ਆਪ ਲਾਹੌਰ ਪੁੱਜ ਗਏ। ਜਹਾਂਗੀਰ ਤਾਂ ਪਹਿਲਾਂ ਹੀ ਲਾਹੌਰ ਛੱਡ ਕੇ ਬਾਹਰ ਚਲਾ ਗਿਆ ਸੀ। ਉਸ ਦੇ ਆਚਰਨ ਦੀ ਇਹ ਸਭ ਤੋਂ ਵੱਡੀ ਕਮਜ਼ੋਰੀ ਆਖੀ ਜਾ ਸਕਦੀ ਹੈ ਕਿ ਉਹ ਪਾਪ ਦਾ ਹੁਕਮ ਦੇ ਕੇ ਅੱਖੀਂ ਨ ਵੇਖ ਸਕਿਆ। ਮੁਰਤਜ਼ਾ ਖਾਂ ਵੀ

---

੧- ਜਹਾਂਗੀਰ ਦਾ ਪੁਤਰ, ਜੋ ਗੁਣਾਂ ਕਰਕੇ ਅਕਬਰ ਦਾ ਅਸਲੀ ਜਾਨਸ਼ੀਨ ਬਣਨਾ ਚਾਹੀਦਾ ਸੀ।

੨- ਸਿੱਖ ਇਤਿਹਾਸ ਬਾਰੇ, ਡਾ. ਗੰਡਾ ਸਿੰਘ, ਪੰਨਾ ੧੨-੧੩

ਅਜਿਹਾ ਕਠੋਰ ਕੰਮ ਕਰਨ ਲਈ ਤਿਆਰ ਨਹੀਂ ਸੀ ਕਿ ਧਰਮੀ ਪੁਰਖ ਗੁਰੂ ਅਰਜਨ ਦੇਵ ਜੀ ਨੂੰ ਤਸੀਹੇ ਦੇ ਸਕਦਾ। ਮੁਰਤਜ਼ਾ ਖਾਂ ਨੇ ਇਹ ਕੰਮ ਚੰਦੂ ਦੀਵਾਨ ਦੇ ਜ਼ਿੰਮੇ ਸੌਂਪ ਦਿੱਤਾ।[1] ਚੰਦੂ ਦੇ ਦਿਲ ਵਿਚ ਧੀ ਦਾ ਸਾਕ ਨਾ ਪ੍ਰਵਾਨ ਕਰਨ ਦਾ ਸਾੜ ਸੀ, ਜੋ ਉਸ ਨੇ ਬਾਦਸ਼ਾਹ ਦੇ ਹੁਕਮ ਨਾਲ ਗੁਰੂ ਜੀ ਨੂੰ ਤਸੀਹੇ ਦੇ ਦੇ ਕੇ ਮੱਠਾ ਕੀਤਾ।

ਗੁਰੂ ਜੀ ਨੂੰ ਲਗਾਤਾਰ ਪੰਜ ਦਿਨ ਤਸੀਹੇ ਮਿਲਦੇ ਰਹੇ। ਕਦੀ ਗਰਮ ਰੇਤ ਪਾਈ ਜਾਂਦੀ ਤੇ ਕਦੀ ਸਰੀਰ ਤੇ ਉਬਲਦਾ ਹੋਇਆ ਪਾਣੀ, ਕਦੀ ਤੱਤੀ ਤਵੀ ਤੇ ਬਿਠਾਇਆ ਜਾਂਦਾ ਤੇ ਕਦੀ ਤਪਦੀ ਤੇਲ ਭਰੀ ਕੜਾਹੀ ਵਿਚ। ਪਰ ਗੁਰੂ ਜੀ ਅਡੋਲ ਚਿਤ ਰਹੇ। ਸਾਰੇ ਦੁਖ ਸਹਿੰਦਿਆਂ ਹੋਇਆਂ ਵੀ ਉਨ੍ਹਾਂ ਨੇ 'ਸੀ' ਨਹੀਂ ਕੀਤੀ, ਹਾਲਾਂਕਿ ਇਤਨੇ ਦਿਨ ਆਪ ਨੂੰ ਖਾਣ ਪੀਣ ਨੂੰ ਵੀ ਕੁਝ ਨਹੀਂ ਸੀ ਦਿੱਤਾ ਗਿਆ।

ਲਗਾਤਾਰ ਇਉਂ ਦੁਖ ਸਹਿੰਦਿਆਂ ਅੱਜ ਪੰਜਵਾਂ ਦਿਨ ਸੀ ਕਿ ਉਨ੍ਹਾਂ ਨੂੰ ਗਊ ਦੇ ਚੰਮ ਵਿਚ ਮੜ੍ਹਾਏ ਜਾਣ ਦਾ ਹੁਕਮ ਹੋਇਆ। ਇਸ ਤੋਂ ਪਹਿਲਾਂ ਗੁਰੂ ਜੀ ਨੇ ਰਾਵੀ ਤੇ ਇਸ਼ਨਾਨ ਕਰਨ ਦੀ ਆਗਿਆ ਮੰਗੀ। ਆਗਿਆ ਮਿਲਣ ਤੇ ਆਪ ਪੰਜ ਸਿੱਖਾਂ ਦੀ ਸਹਾਇਤਾ ਨਾਲ ਲੰਗੜਾਉਂਦੇ ਹੋਏ ਬੜੀ ਮੁਸ਼ਕਲ ਨਾਲ ਰਾਵੀ ਦੇ ਕਿਨਾਰੇ ਪੁੱਜੇ।

ਰਾਵੀ ਤੇ ਪਹੁੰਚ ਕੇ ਆਪ ਨੇ ਇਸ਼ਨਾਨ ਕੀਤਾ। ਫਿਰ ਜਪੁਜੀ ਦਾ ਪਾਠ ਕੀਤਾ ਤੇ ਜੇਠ ਸੁਦੀ ੪, ਸੰਮਤ ੧੬੬੩ ਨੂੰ ੪੩ ਸਾਲ ਦੀ ਆਯੂ ਵਿਚ ਇਹ ਜੀਵਨ ਲੀਲ੍ਹਾ ਸਮਾਪਤ ਕਰ ਦਿੱਤੀ।[2]

ਮੈਲਕਮ, ਦਬਿਸਤਾਨ ਮਜ਼ਾਹਿਬ ਅਤੇ ਫਾਸਟਰ ਟ੍ਰੈਵਲਜ਼ ਦੇ ਆਧਾਰ ਤੇ ਕਨਿੰਘਮ ਦਾ ਕਥਨ ਹੈ ਕਿ 'ਐਸਾ ਵਿਸ਼ਵਾਸ਼ ਕੀਤਾ ਜਾਂਦਾ ਹੈ ਕਿ ਕੈਦ ਦੇ ਕਸ਼ਟਾਂ ਦੇ ਕਾਰਨ ਉਨ੍ਹਾਂ ਦਾ ਸਰੀਰ ਜਲਦੀ ਆਤਮਾ ਤੋਂ ਜੁਦਾ ਹੋ ਗਿਆ। ਪਰ ਇਨ੍ਹਾਂ ਦੇ ਸਿੱਖਾਂ ਦਾ ਇਹ ਦ੍ਰਿੜ੍ਹ ਵਿਸ਼ਵਾਸ਼ ਹੈ ਕਿ ਰਾਵੀ ਵਿਚ ਇਸ਼ਨਾਨ ਕਰਨ ਦੀ ਆਗਿਆ ਪ੍ਰਾਪਤ ਕਰਕੇ ਆਪ ਪਹਿਰੇਦਾਰਾਂ ਤੇ ਹੋਰ ਲੋਕਾਂ ਨੂੰ ਹੈਰਾਨੀ ਵਿਚ ਪਾ ਕੇ ਰਾਵੀ ਵਿਚ ਜਾ ਕੇ ਅੰਤਰ ਧਿਆਨ ਹੋਏ।'[3]

---

੧- ਕਿਹਾ ਸੁਮੇਲ ਹੈ ਕਿ ਇਕ ਮੁਗਲ ਬਾਦਸ਼ਾਹ ਨੇ ਇਕ ਹਿੰਦੂ ਗੁਰੂ ਦੀ ਸ਼ਹਾਦਤ ਉਸ ਦੇ ਹਿੰਦੂ ਭਾਈ ਦੇ ਹੱਥੀਂ ਹੀ ਕਰਵਾਈ। ਮੁਗਲ ਹਾਕਮ ਦੋਵੇਂ ਹੀ (ਜਹਾਂਗੀਰ ਤੇ ਮੁਰਤਜ਼ਾ ਖਾਂ) ਮੈਦਾਨ ਵਿਚੋਂ ਸਾਫ਼ ਨਿਕਲ ਗਏ।

੨- ਸੰਤ ਸਾਹਿਤਯ (ਹਿੰਦੀ), ਡਾ. ਸੁਦਰਸ਼ਨ ਸਿੰਘ ਮਜੀਠੀਆ, ਪੰਨਾ ੧੬੪

੩- A History of the Sikhs, J.D.Cunningham, p.76.

ਪਰ ਕਨਿੰਘਮ ਦਾ ਇਹ ਵਿਚਾਰ ਕੁਝ ਉਲਾਰ ਹੈ, ਕਿਉਂਕਿ ਕਿਸੇ ਵੀ ਸਿੱਖ ਇਤਿਹਾਸਕਾਰ ਨੇ ਇਹ ਨਹੀਂ ਕਿਹਾ ਕਿ ਗੁਰੂ ਜੀ ਅੰਤਰ ਧਿਆਨ ਹੋ ਗਏ।

ਭਾਈ ਗੁਰਦਾਸ ਜੀ ਗੁਰੂ ਜੀ ਦੇ ਸ਼ਹੀਦੀ ਸਮੇਂ ਨੂੰ ਆਪਣੀ ਰਚਨਾ ਵਿਚ ਇਉਂ ਦਸਦੇ ਹਨ:-

ਮਿਰਗ ਜਿਵੇਂ ਸ਼ਿਕਾਰੀ ਦੇ ਹੱਥ ਆਉਣ ਲਗਾ ਘੰਡਾ ਹੇੜੇ[1] ਦੇ ਨਾਦ ਤੇ ਮਸਤ ਰਹਿੰਦਾ ਹੈ, ਤਿਵੇਂ ਗੁਰੂ ਅਰਜਨ ਦੇਵ ਜੀ ਸ਼ਬਦ ਸੁਰਤ ਵਿਚ ਲਿਵਲੀਨ ਰਹੇ। ਜੋਤੀ ਜੋਤ ਸਮਾਉਣ ਤੋਂ ਪਹਿਲਾਂ ਵਾਲੀ ਰਾਤ ਗੁਰੂ ਜੀ ਲਈ ਭਾਰੀ ਕਸ਼ਟ ਭਰੀ ਰਾਤ ਸੀ, ਪਰ ਆਪ ਭੌਰ ਦੀ ਤਰ੍ਹਾਂ ਪ੍ਰਭੂ ਚਰਨਾਂ ਨਾਲ ਚਿਤ ਜੋੜ ਕੇ ਸਹਜ ਅਨੰਦ ਵਿਚ ਰਹੇ।[2]

ਇਉਂ ਲਗ ਪਗ ੨੫ ਸਾਲ[3] ਗੁਰਗੱਦੀ ਦੀ ਜ਼ਿੰਮੇਵਾਰੀ ਸੰਭਾਲ ਕੇ ਪ੍ਰਭੂ ਦੇ ਭਾਣੇ ਨੂੰ ਮਿੱਠਾ[4] ਮੰਨਦੇ ਹੋਏ ਆਪ ਆਪਣੇ ਆਦਰਸ਼ਾਂ ਲਈ ਸ਼ਹੀਦ ਹੋ ਗਏ।

ਇਹ (ਅਭਾਗਾ) ਸਮਾਂ ੩੦ ਮਈ, ੧੬੦੬ ਦਿਨ ਸ਼ੁਕਰਵਾਰ ਸੀ। ਕਰਮ ਸਿੰਘ ਹਿਸਟੋਰੀਅਨ[5] ਤੇ ਡਾ. ਗੰਡਾ ਸਿੰਘ[6] ੩੦ ਮਈ, ੧੬੦੬ ਨੂੰ ੨ ਹਾੜ, ਸੰਮਤ ੧੬੬੩ ਦਸਦੇ ਹਨ। ਪਰ ਖਜ਼ਾਨ ਸਿੰਘ[7] ਦੇ ਅਨੁਸਾਰ ਇਹ ਦਿਨ ੨੨ ਜੇਠ, ਸੰਮਤ ੧੬੬੩ ਬਣਦਾ ਹੈ।

ਹਾੜ ਦੀ ੨ ਤਾਰੀਖ ਸੀ ਜਾਂ ਜੇਠ ਦੀ ੨੨ ਤਾਰੀਖ; ਇਸ ਵਿਚ ਜ਼ਿਆਦਾ ਸੋਚਣ ਦੀ ਲੋੜ ਨਹੀਂ, ਜੇਠ ਦੇ ਸੁਦੀ ਪੱਖ ਦੀ ੪ ਜ਼ਰੂਰ ਸੀ, ਇਸ ਵਿਚ ਦੋ ਰਾਵਾਂ ਨਹੀਂ ਹਨ।

ਇਹ ਸਿੱਖ ਇਤਿਹਾਸ ਵਿਚ ਪਹਿਲੀ ਕੁਰਬਾਨੀ ਹੈ- ਇਕ ਅਦੁੱਤੀ ਕੁਰਬਾਨੀ। ਇਸ ਤੋਂ ਠੀਕ ੬੯ ਸਾਲ ਮਗਰੋਂ ਗੁਰੂ ਅਰਜਨ ਦੇਵ ਜੀ ਦੇ ਪੋਤਰੇ ਗੁਰੂ ਤੇਗ ਬਹਾਦਰ ਜੀ ਨੂੰ, ਜਹਾਂਗੀਰ ਦੇ ਪੋਤਰੇ ਔਰੰਗਜ਼ੇਬ ਦੀ ਕਟੜਤਾ ਦਾ ਮੁਕਾਬਲਾ ਕਰਦੇ ਹੋਏ ਬਲੀਦਾਨ ਦੇਣਾ ਪਿਆ।

---

੧- ਸ਼ਿਕਾਰੀ ਦੀ ਘੰਟੀ

੨- ਵਾਰਾਂ ਭਾਈ ਗੁਰਦਾਸ, ਵਾਰ ੨੪, ਪਉੜੀ ੨੩

੩- ਆਪ ਨੇ ੨੪ ਸਾਲ ੯ ਮਹੀਨੇ ਇਕ ਦਿਨ ਗੁਰਿਆਈ ਕੀਤੀ।

੪- ਤੇਰਾ ਕੀਆ ਮੀਠਾ ਲਾਗੈ।। ਹਰਿ ਨਾਮੁ ਪਦਾਰਥ ਨਾਨਕ ਮਾਂਗੈ।।
—ਆਸਾ ਮ: ੫, ਆਦਿ ਗ੍ਰੰਥ, ਪੰਨਾ ੩੯੪

੫- ਗੁਰਪੁਰਬ ਨਿਰਣਯ, ਕਰਮ ਸਿੰਘ ਹਿਸਟੋਰੀਅਨ, ਪੰਨਾ ੧੦੧

੬- The Sikhs and Sikhism, Dr. Ganda Singh, p.14.

7- History and Philosophy of the Sikh Religion, Khazan Singh, Vol.I, p.125.

## ਗੁਰੂ ਅਰਜਨ ਦੇਵ ਜੀ ਦੇ ਸਮੇਂ ਵਿਚ ਸਮਾਜਕ ਅਤੇ ਰਾਜਨੀਤਕ ਵਾਤਾਵਰਣ:-

### ਸਮਾਜਕ ਵਾਤਾਵਰਣ:-

ਕਿਸੇ ਸਮੇਂ ਦਾ ਸਾਹਿੱਤ ਉਸ ਸਮੇਂ ਦੇ ਸਮਾਜ ਦਾ ਦਰਪਨ ਹੁੰਦਾ ਹੈ। ਗੁਰੂ ਅਰਜਨ ਦੇਵ ਜੀ ਦੇ ਸਮੇਂ ਦੀ ਸਮਾਜਕ ਹਾਲਤ ਜਾਣਨ ਲਈ ਸਾਨੂੰ ਉਸ ਸਮੇਂ ਵਿਚ ਰਚੇ ਗਏ ਸਾਹਿੱਤ ਦਾ ਆਸਰਾ ਲੈਣਾ ਪੈਂਦਾ ਹੈ। ਉਹ ਸਾਹਿੱਤ ਸਾਡੀ ਖੁਸ਼ਕਿਸਮਤੀ ਨਾਲ ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿਚ ਸਾਡੇ ਪਾਸ ਪੁਜਿਆ ਹੈ, ਜਿਸ ਵਿਚ ਗੁਰੂ ਅਰਜਨ ਦੇਵ ਤੇ ਆਪ ਤੋਂ ਪਹਿਲਾਂ ਦੇ ਗੁਰੂਆਂ ਤੇ ਭਗਤਾਂ ਦੀ ਰਚਨਾ ਸ਼ਾਮਲ ਹੈ। ਇਕ ਹੋਰ ਸਾਹਿੱਤ ਸੋਮਾ ਹੈ- ਭਾਈ ਗੁਰਦਾਸ ਦੀਆਂ ਵਾਰਾਂ।

ਇਸ ਤੋਂ ਪਹਿਲਾਂ ਕਿ ਅਸੀਂ ਇਨ੍ਹਾਂ ਸੋਮਿਆਂ ਦੇ ਆਧਾਰ ਤੇ ਸਿੱਧੀ ਵਿਚਾਰ ਕਰੀਏ, ਇਥੇ ਕੁਝ ਕੁ ਵਿਦਵਾਨਾਂ ਦੀ ਉਸ ਸਮੇਂ ਬਾਰੇ ਰਾਇ ਪੁਛਣੀ ਮੁਨਾਸਬ ਲਗਦੀ ਹੈ।

ਡਾ. ਹਜ਼ਾਰੀ ਪ੍ਰਸ਼ਾਦ ਦਿਵੇਦੀ ਅਨੁਸਾਰ:-

'ਭਾਰਤੀ ਸਮਾਜ ਨੂੰ ਪਹਿਲੀ ਵਾਰ ਅਜਿਹੇ ਹਾਲਾਤ ਦਾ ਸਾਹਮਣਾ ਕਰਨਾ ਪੈ ਰਿਹਾ ਸੀ, ਜਿਨ੍ਹਾਂ ਤੋਂ ਉਹ ਅਣਜਾਣ ਸੀ। ਵਰਣ ਆਸ਼ਰਮ ਦਾ ਜ਼ੋਰ ਸੀ। ਆਚਾਰ ਹੀਨ ਲੋਕਾਂ ਨੂੰ ਸਮਾਜ ਨਾਲੋਂ ਅੱਡ ਕਰ ਦਿੱਤਾ ਜਾਂਦਾ ਸੀ ਤੇ ਉਨ੍ਹਾਂ ਦੁਆਰਾ ਕਿਸੇ ਨਵੀਂ ਜਾਤੀ ਦੀ ਰਚਨਾ ਹੋ ਜਾਂਦੀ। ਇਉਂ ਕਈ ਜ਼ਾਤਾਂ ਤੇ ਉਪ-ਜ਼ਾਤਾਂ ਹੋਂਦ ਵਿਚ ਆਉਂਦੀਆਂ ਗਈਆਂ।----- ਹੁਣ ਸਾਹਮਣੇ ਇਕ ਸੰਗਠਿਤ ਸਮਾਜ (ਮੁਸਲਿਮ ਸਮਾਜ) ਸੀ; ਜੋ ਹਰ ਜਾਤੀ ਦੇ ਲੋਕਾਂ ਨੂੰ ਆਪਣੇ ਵਿਚ ਸਮਾ ਲੈਣ ਦੀ ਸਹੁੰ ਖਾ ਚੁੱਕਾ ਸੀ। ਇਕ ਵਾਰ ਜੋ ਕੋਈ ਵਿਅਕਤੀ ਇਸਲਾਮ ਵਿਚ ਆਉਣਾ ਮੰਨ ਲੈਂਦਾ ਤਾਂ ਇਸਲਾਮ ਬਿਨਾਂ ਕਿਸੇ ਭੇਦ ਭਾਵ ਦੇ ਉਸ ਦੀ ਜ਼ਾਤ ਨੂੰ ਭੁੱਲ ਜਾਂਦਾ।'[1]

ਸਰ ਗੋਕਲ ਚੰਦ ਨਾਰੰਗ ਲਿਖਦੇ ਹਨ 'ਪੰਜਾਬ ਵਿਚ ਉਸ ਸਮੇਂ ਹਿੰਦੂਆਂ ਦੀ ਹਾਲਤ ਅਤਿ ਘ੍ਰਿਣਾ ਯੋਗ ਸੀ। ਆਮ ਲੋਕਾਂ ਵਿਚ ਬਸ ਇਸੇ ਗਲ ਦਾ ਨਾਮ ਧਰਮ ਸੀ ਕਿ ਇਕ ਖਾਸ ਤਰ੍ਹਾਂ ਨਾਲ ਚੌਂਕੇ ਚੁੱਲ੍ਹੇ ਬਣਾ ਕੇ ਰਸੋਈ ਪਕਾਈ, ਖਾਈ, ਜਾਂ ਤੀਰਥਾਂ ਤੇ ਇਸ਼ਨਾਨ ਕਰ ਲਿਆ ਜਾਂ ਮਥੇ ਟਿੱਕਾ ਲਾ ਲਿਆ ਜਾਂ ਹੋਰ ਇਸ ਤਰ੍ਹਾਂ ਦੀਆਂ ਫੋਕੀਆਂ ਰਸਮਾਂ ਰੀਤਾਂ ਕਰ ਲਈਆਂ।'[2]

ਡਾ. ਸੁਰਿੰਦਰ ਸਿੰਘ ਕੋਹਲੀ, ਡਾ. ਤਾਰਾ ਚੰਦ ਦੀ ਪੁਸਤਕ[3] ਵਿਚੋਂ ਹਵਾਲਾ

---

੧- ਸੰਤ ਸਾਹਿੱਤਯ ਕੀ ਸਮਾਜਕ ਪਿਠਭੂਮੀ (ਹਿੰਦੀ), ਡਾ. ਹਜ਼ਾਰੀ ਪ੍ਰਸ਼ਾਦ ਦਿਵੇਦੀ।

੨- Transformation of Sikhism, Sir Gokal Chand Narang, p.5.

੩- Influence of Islam on Hindu Culture, Dr. Tara Chand, Introduction.

ਦੇਂਦੇ ਹੋਏ ਲਿਖਦੇ ਹਨ ਕਿ 'ਕਲਾ ਦੇ ਪੱਖੋਂ ਹਿੰਦੂਆਂ ਨੇ ਮੁਸਲਮਾਨਾਂ ਦਾ ਅਸਰ ਅਪਨਾਇਆ। ਸਾਹਿੱਤ ਦੇ ਪੱਖੋਂ ਹੁਣ ਪੰਡਤਾਂ ਦੀ ਸੰਸਕ੍ਰਿਤ ਨੂੰ ਠੇਸ ਪੁੱਜੀ ਤੇ ਇਸ ਦੀ ਥਾਂ ਦੇਸੀ ਭਾਸ਼ਾਵਾਂ ਨੇ ਲੈ ਲਈ। ਉਰਦੂ ਇਨ੍ਹਾਂ ਵਿਚੋਂ ਪ੍ਰਧਾਨ ਸੀ। ਸਾਰੇ ਸਮਾਜਕ ਢਾਂਚੇ ਵਿਚ ਤਬਦੀਲੀ ਇਨੀ ਜ਼ਿਆਦਾ ਸੀ, ਜਿਵੇਂ ਕੋਈ ਨਵਾਂ ਢਾਂਚਾ ਹੀ ਬਣ ਗਿਆ ਹੋਵੇ।'

ਡਾ.ਕੋਹਲੀ ਦਸਦੇ ਹਨ ਕਿ ਮੁਸਲਮਾਨਾਂ ਦੀ ਕਟੜਤਾ ਵੀ ਧਿਆਨ ਯੋਗ ਹੈ, ਜਿਸ ਦਾ ਜ਼ਿਕਰ ਗੁਰੂ ਕਵੀਆਂ ਤੇ ਭਾਈ ਗੁਰਦਾਸ ਜੀ ਨੇ ਥਾਂ ਪਰ ਥਾਂ ਕੀਤਾ ਹੈ। ਇਸ ਕਟੜਤਾ ਨੂੰ ਸੂਫੀ ਕਵੀਆਂ ਨੇ ਆ ਕੇ ਘੱਟ ਕੀਤਾ।

ਡਾ.ਤਾਰਾ ਚੰਦ ਅਨੁਸਾਰ ਹਿੰਦੂ ਧਰਮ ਤੇ ਸਮਾਜ ਵਿਚ ਕਾਫ਼ੀ ਤਬਦੀਲੀ ਆਈ। ਖਾਸ ਕਰਕੇ ਪੰਡਤਾਂ ਦੀ ਮਹਾਨਤਾ ਮੁੱਕ ਗਈ, ਹਿੰਦੂ ਬੁੱਤ ਢਾਹ ਦਿੱਤੇ ਗਏ ਤੇ ਸੰਸਕ੍ਰਿਤ ਸਾਹਿੱਤ ਨੂੰ ਧੱਕਾ ਵੱਜਾ। ਫੇਰ ਹਿੰਦੂਆਂ ਤੇ ਮੁਸਲਮਾਨਾਂ ਵਿਚ ਵਕਤੀ ਸਮਝੌਤਾ ਹੋ ਗਿਆ, ਜਿਸ ਦੇ ਫਲਸਰੂਪ ਉਹ ਗਵਾਂਢੀਆਂ ਵਾਂਗ ਰਹਿਣ ਲਗ ਪਏ।[1]

ਹੁਣ ਅਸੀਂ ਸਾਹਿੱਤ ਨੂੰ ਪੜਚੋਲਦੇ ਹਾਂ। ਇਸ ਵਿਚ ਕੋਈ ਸ਼ੱਕ ਨਹੀਂ ਕਿ ਗੁਰੂ ਨਾਨਕ ਦੇਵ ਜੀ ਆਪਣੇ ਜੀਵਨ ਦੇ ੭੦ ਸਾਲਾਂ ਵਿਚੋਂ ਕਿਸੇ ਇਕ ਦਿਨ ਨੂੰ ਵੀ ਆਪਣੇ ਸੁਖ ਦੇ ਲੇਖੇ ਨ ਲਾ ਕੇ ਲੋਕਾਈ ਦੇ ਭਲੇ ਲਈ ਲਗੇ ਰਹੇ। ਆਪ ਤੋਂ ਬਾਦ ਗੁਰੂ ਅੰਗਦ ਦੇਵ ਜੀ, ਗੁਰੂ ਅਮਰਦਾਸ ਜੀ, ਗੁਰੂ ਰਾਮਦਾਸ ਜੀ ਤੇ ਗੁਰੂ ਅਰਜਨ ਦੇਵ ਜੀ ਨੇ ਸਮਾਜ ਨੂੰ ਸੁਧਾਰਨ ਲਈ ਆਪਣਾ ਜੀਵਨ ਲਾਇਆ। ਇਥੋਂ ਤੱਕ ਕਿ ਗੁਰੂ ਅਰਜਨ ਦੇਵ ਜੀ ਆਪਣੇ ਆਚਰਣਕ ਆਦਰਸ਼ਾਂ ਲਈ ਸ਼ਹੀਦ ਹੋ ਗਏ। ਗੁਰੂ ਸਾਹਿਬਾਨ ਤੋਂ ਪਹਿਲਾਂ ਹੋਏ ਭਗਤਾਂ ਨੇ ਵੀ ਸਮਾਜ ਸੁਧਾਰਨ ਲਈ ਆਪਣਾ ਮੁਨਾਸਬ ਹਿੱਸਾ ਪਾਇਆ।

ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਤੇ ਵਾਰਾਂ ਭਾਈ ਗੁਰਦਾਸ ਵਿਚ ਕਈ ਥਾਂ ਸਾਨੂੰ ਅਜਿਹੀਆਂ ਝਾਕੀਆਂ ਮਿਲਦੀਆਂ ਹਨ, ਜਿਹੜੀਆਂ ਉਸ ਸਮੇਂ ਦੇ ਸਮਾਜ ਦੀ ਸਹੀ ਤਸਵੀਰ ਹਨ।

ਮੋਟੇ ਤੌਰ ਤੇ ਉਸ ਸਮੇਂ ਦੇ ਸਮਾਜ ਦੀ ਤਸਵੀਰ ਇਉਂ ਹੈ:-

੧- ਲੋਕ ਮਤਲਬੀ ਸਨ। ਇਥੋਂ ਤੱਕ ਕਿ ਇਸਤਰੀ ਪੁਰਖ ਦਾ ਪਿਆਰ ਵੀ ਪੈਸੇ ਦੀ ਖਾਤਰ ਸੀ।[2] ਜਿਥੇ ਸੁਆਰਥ ਪ੍ਰਧਾਨ ਹੋਵੇ ਉਥੇ ਫਿਰ ਰੱਬ ਹੀ ਰਾਖਾ। ਇਸ

---

੧- ਹਵਾਲਾ:-A Critical Study of Adi Granth,Dr.S.S.Kohli,p.162, footnote.

੨- ਇਸਤਰੀ ਪੁਰਖੈ ਖਟਿਐ ਭਾਉ।।
ਸਲੋਕ ਮ:੧ (ਰਾਮਕਲੀ ਦੀ ਵਾਰ ਮ:੩) ਆਦਿ ਗ੍ਰੰਥ, ਪੰਨਾ ੯੫੧

ਸੁਆਰਥ ਦਾ ਸ਼ਿਕਾਰ ਨਿਰੇ ਕਬੀਲਦਾਰ ਹੀ ਨਹੀਂ ਸਨ, ਸਗੋਂ ਜੋਗੀ, ਸਾਧੂ ਵੀ ਸਨ। ਕਿਉਂਕਿ ਉਹ ਨਿਰੇ ਵਿਖਾਵੇ ਦੇ ਸਾਧੂ ਬਣੇ ਹੋਏ ਸਨ।[1]

੨-ਨਿਰਾ ਆਮ ਆਦਮੀ ਤੇ ਜੋਗੀ ਹੀ ਨਹੀਂ; ਸਗੋਂ ਕਹਿੰਦੇ ਕਹਾਂਦੇ 'ਗੁਰੂ' ਵੀ ਗ਼ਲਤ ਲੀਹਾਂ ਤੇ ਪਏ ਹੋਏ ਸਨ।[2]

੩-ਜਦੋਂ ਗੁਰੂ ਹੀ ਅਜਿਹੇ (ਅੰਨ੍ਹੇ) ਹੋ ਜਾਣ ਤਾਂ ਸਮਾਜ ਵਿਚ ਅਕ੍ਰਿਤਘਣਤਾ, ਨਿਮਕ ਹਰਾਮੀ ਅਤੇ ਹੋਰ ਅਜਿਹੇ ਗੁਣ ਆ ਜਾਣੇ ਹੈਰਾਨੀ ਜਨਕ ਨਹੀਂ ਲਗਦੇ, ਸਗੋਂ ਚੁਫੇਰਾ ਨਰਕ ਦੀ ਨਿਆਈ ਭਾਸਦਾ ਹੈ।[3] ਭਾਈ ਗੁਰਦਾਸ ਜੀ ਅਜਿਹੇ ਅਕ੍ਰਿਤਘਣਾ ਨੂੰ ਧਰਤੀ ਤੇ ਭਾਰ ਕਹਿੰਦੇ ਹਨ।[4]

੪-ਧੋਖਿਆ, ਫਰੇਬਾਂ ਤੇ ਬੇਇਨਸਾਫੀਆਂ ਨੇ ਸਮਾਜ ਵਿਚ ਇਕ ਵਿਹਲੜ ਸ਼੍ਰੇਣੀ ਪੈਦਾ ਕਰ ਦਿੱਤੀ ਸੀ। ਇਹ ਕਈ ਭੇਸਾਂ ਵਿਚ ਫਿਰਦੇ ਸਨ, ਮੰਗ ਖਾਣਾ ਇਨ੍ਹਾਂ ਦਾ ਧਰਮ ਸੀ। ਗੁਰੂ ਸਾਹਿਬ ਅਜਿਹੇ ਲੋਕਾਂ ਦੇ ਨੇੜੇ ਲਗਣਾ ਪਸੰਦ ਨਹੀਂ ਸਨ ਕਰਦੇ, ਅਜਿਹੇ ਸਾਧਾਂ ਨੂੰ ਜੋ ਮਖੱਟੂ ਰਹਿਣ ਲਈ ਫਕੀਰੀ ਧਾਰਨ ਕਰਦੇ ਹਨ, ਉਹ ਨ ਫਕਰ ਬਣਦੇ ਹਨ ਤੇ ਨ ਹੀ ਆਪਣੇ ਪਹਿਲੇ ਰੂਪ ਵਿਚ ਸਾਧਾਰਨ ਜੀਵ ਰਹਿੰਦੇ ਹਨ।[5]

੫-ਠਗੀ ਜ਼ੋਰਾਂ ਤੇ ਸੀ। ਸਗੋਂ ਜੇ ਇਹ ਕਿਹਾ ਜਾਵੇ ਕਿ ਸਜਣ ਠੱਗਾਂ ਦੀਆਂ ਦੁਕਾਨਾਂ ਬੜੀ ਸਫਲਤਾ ਨਾਲ ਚਲ ਰਹੀਆਂ ਸਨ ਤਾਂ ਝੂਠ ਨਹੀਂ। ਗੁਰੂ ਜੀ ਨੇ ਇਨ੍ਹਾਂ 'ਸੁਰਾਫਤਾ' ਦੀਆਂ ਦੁਕਾਨਾਂ ਦੇ ਦਰਵਾਜ਼ੇ ਖੋਲ੍ਹ ਕੇ ਸਰੇ ਬਾਜ਼ਾਰ ਖਲਾਰਾ ਪਾਇਆ, ਪਰ ਇਸ ਖਲਾਰੇ ਵਿਚ ਵੀ ਦਾਨਾਈ ਦਾ ਰਾਜ਼ ਹੈ ਕਿ ਸਿਰਫ਼ ਉਨ੍ਹਾਂ ਨੂੰ ਹੀ ਪਤਾ ਸੀ-ਕਿ ਇਹ ਕਿਸ ਦਾ ਖਿੱਦੋ ਫੋਲਿਆ ਜਾ ਰਿਹਾ ਹੈ-ਜਿਨ੍ਹਾਂ ਦੀ ਹੱਡ ਬੀਤੀ ਹੁੰਦੀ ਸੀ। ਸਜਣ ਠੱਗ "ਉਜਲ ਕੈਹਾ ਚਿਲਕਣਾ------" ਸ਼ਬਦ ਸੁਣ ਕੇ ਸ਼ਰਮ ਨਾਲ ਪਾਣੀ ਪਾਣੀ ਹੋ

---

੧- ਜੋਗੀ ਗਿਰਹੀ ਜਟਾ ਬਿਭੂਤ।।ਆਗੈ ਪਾਛੈ ਰੋਵਹਿ ਪੂਤ।।
ਸਲੋਕ ਮ:੧(ਰਾਮਕਲੀ ਦੀ ਵਾਰ ਮ:੩) ਆਦਿ ਗ੍ਰੰਥ, ਪੰਨਾ ੯੫੧

੨- ਗੁਰੂ ਜਿਨਾ ਕਾ ਅੰਧੁਲਾ ਸਿੱਖ ਵੀ ਅੰਧੇ ਕਰਮ ਕਰੇਨਿ।।
ਰਾਮਕਲੀ ਦੀ ਵਾਰ ਮ:੩,ਆਦਿ ਗ੍ਰੰਥ,ਪੰਨਾ ੯੫੧

੩- ਨਰਕ ਘੋਰ ਬਹੁ ਦੁਖ ਘਣੇ,ਅਕਿਰਤਘਣਾ ਕਾ ਥਾਨੁ।।
ਸਲੋਕ ਮ:੫,ਗਉੜੀ ਕੀ ਵਾਰ ਮ:੪,ਆਦਿ ਗ੍ਰੰਥ, ਪੰਨਾ ੩੧੫

੪- ਭਾਰੇ ਭੁਈਂ ਅਕ੍ਰਿਤਘਣ ਮੰਦੀ ਹੂੰ ਮੰਦੇ।। ਵਾਰਾਂ ਭਾਈ ਗੁਰਦਾਸ।

੫-ਮਖਟੂ ਹੋਇ ਕੈ ਕੰਨ ਪੜਾਏ।।ਫਕਰੁ ਕਰੇ ਹੋਰ ਜਾਤਿ ਗਵਾਏ।।
ਗੁਰੁ ਪੀਰੁ ਸਦਾਏ ਮੰਗਣ ਜਾਇ।।ਤਾ ਕੈ ਮੂਲਿ ਨ ਲਗੀਐ ਪਾਇ।।
ਸਲੋਕ ਮ:੧(ਸਾਰੰਗ ਦੀ ਵਾਰ ਮ:੪) ਆਦਿ ਗ੍ਰੰਥ, ਪੰਨਾ ੧੨੪੫

ਰਿਹਾ ਸੀ ਪਰ ਪਾਸ ਬੈਠੇ ਕਿਸੇ ਹੋਰ ਨੂੰ ਇਸ ਦਾ ਪਤਾ ਨਹੀਂ ਸੀ ਲਗਦਾ ਕਿ ਇਹ "ਕੋਹਾ" ਕੌਣ ਹੈ? ਗੁਰੂ ਜੀ ਨਾਂ ਦੇ ਸਜਣਾਂ ਨੂੰ ਨਹੀਂ, ਸਦਾ ਸਾਥ ਨਿਭਾਉਣ ਵਾਲੇ ਸਜਣਾਂ ਨੂੰ[1] ਲਭਦੇ ਤਾਂ ਜੋ ਉਹ ਕੌਮ ਦੀ ਉਸਾਰੀ ਲਈ ਆਪਣੇ ਭਾਈਆਂ ਦੇ ਹੱਥ ਵਟਾ ਸਕਣ।

੬- ਜ਼ਾਤ ਪਾਤ ਦਾ ਭੂਤ ਆਮ ਜਨਤਾ ਤੇ ਪੂਰੀ ਤਰ੍ਹਾਂ ਸ਼ਿਕੰਜਾ ਪਾਈ ਬੈਠਾ ਸੀ। ਸਾਰਾ ਸਮਾਜ ਚਾਰ ਵਰਣਾਂ ਵਿਚ ਵੰਡਿਆ ਹੋਇਆ ਸੀ- ਬ੍ਰਾਹਮਣ, ਖਤ੍ਰੀ, ਵੈਸ਼ ਤੇ ਸੂਦਰ। ਬ੍ਰਾਹਮਣ ਜੋ ਆਪ ਮੁੱਲਾਂ ਤੋਂ ਡਰ ਕੇ ਜੀਵਨ ਦੀਆਂ ਘੜੀਆਂ ਲੰਘਾਉਂਦਾ ਸੀ, ਆਪਣੇ ਹੇਠ ਕੰਮ ਕਰਨ ਵਾਲੇ ਸੂਦਰਾਂ ਨਾਲ ਨੀਚ ਤੋਂ ਨੀਚ ਵਿਹਾਰ ਕਰਦਾ ਸੀ। ਬ੍ਰਾਹਮਣ ਭਾਵੇਂ ਨੀਚ ਕੰਮ ਕਰੇ, ਫਿਰ ਵੀ ਉੱਚਾ ਹੈ, ਕਿਉਂਕਿ ਜ਼ਾਤ ਤੋਂ ਉੱਚਾ ਹੈ; ਸੂਦਰ ਭਾਵੇਂ ਕਿੰਨਾ ਵੀ ਨੇਕ ਤੇ ਧਰਮੀ ਹੈ, ਨੀਚ ਹੈ, ਕਿਉਂਕਿ ਸੂਦਰ ਹੈ।

ਜ਼ਾਤ ਦਾ ਅਭਿਮਾਨ ਤੋੜਨ ਲਈ ਗੁਰੂ ਅਮਰਦਾਸ ਜੀ ਨੇ ਆਵਾਜ਼ ਉਠਾਈ- ਕਿ ਹੇ ਲੋਕੋ, ਜ਼ਾਤ ਦੇ ਅਭਿਮਾਨ ਵਿਚ ਨਾ ਮਰੋ, ਜੋ ਪਰਮਾਤਮਾ ਨੂੰ ਯਾਦ ਰਖੇ, ਉਹੀ ਬ੍ਰਾਹਮਣ ਹੈ, ਭਾਵੇਂ ਕਿਸੇ ਜ਼ਾਤ ਦਾ ਕਿਉਂ ਨਾ ਹੋਵੇ। ਜ਼ਾਤ ਦਾ ਹੰਕਾਰ ਚੰਗੀ ਗਲ ਨਹੀਂ। ਸਗੋਂ ਇਸ ਹੰਕਾਰ ਨਾਲ ਹੋਰ ਕਈ ਖ਼ਰਾਬੀਆਂ ਨਿਕਲਦੀਆਂ ਹਨ।[2]

੭- ਔਰਤ ਨਾਲ ਮਾੜਾ ਸਲੂਕ ਹੁੰਦਾ ਸੀ, ਮੁਸਲਮਾਨਾਂ ਦਾ ਰਾਜ ਜੁ ਸੀ। ਇਸ ਨੂੰ ਪਰਦੇ ਅੰਦਰ ਰਖਿਆ ਜਾਂਦਾ ਸੀ। ਪੈਰ ਦੀ ਜੁਤੀ ਸਮਝਿਆ ਜਾਂਦਾ ਸੀ (ਜੋ ਜਦੋਂ ਚਾਹੇ ਬਦਲੀ ਜਾ ਸਕਦੀ ਹੈ) ਪਰ ਗੁਰੂ ਨਾਨਕ ਦੇਵ ਜੀ ਨੇ ਔਰਤ ਨੂੰ ਆਦਮੀ ਦੇ ਸਮਾਨ ਦਰਜਾ ਦਿੱਤਾ। ਰਾਜਿਆਂ ਦੀਆਂ ਜਨਮ ਦਾਤੀਆਂ, ਨੀਵੀਆਂ ਕਿਵੇਂ ਹੋਈਆਂ?[3]

੮- ਅਵਲ ਤਾਂ ਧੀਆਂ ਦਾ ਜਨਮ ਲੈਣਾ ਹੀ ਪਾਪ ਸਮਝਿਆ ਜਾਂਦਾ ਸੀ, ਪਰ ਜੇ ਕਿਤੇ

---

੧- ਸਜਣ ਸੇਈ ਨਾਲਿ ਮੈ ਚਲਦਿਆ ਨਾਲਿ ਚਲੰਨਿ॥
ਜਿਥੈ ਲੇਖਾ ਮੰਗੀਐ ਤਿਥੈ ਖੜੇ ਦਿਸੰਨਿ॥
ਸੂਹੀ ਮ:੧, ਆਦਿ ਗ੍ਰੰਥ, ਪੰਨਾ ੭੨੯

੨- ਜਾਤਿ ਕਾ ਗਰਬੁ ਨ ਕਰੀਅਹੁ ਕੋਈ॥ ਬ੍ਰਹਮੁ ਬਿੰਦੇ ਸੋ ਬ੍ਰਾਹਮਣੁ ਹੋਈ॥
ਜਾਤਿ ਕਾ ਗਰਬੁ ਨ ਕਰਿ ਮੂਰਖ ਗਵਾਰਾ॥ ਇਸੁ ਗਰਬ ਤੇ ਚਲਹਿ ਬਹੁਤੁ ਵਿਕਾਰਾ॥
ਭੈਰਉ ਮ:੩, ਆਦਿ ਗ੍ਰੰਥ, ਪੰਨਾ ੧੧੨੮

੩- ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥
ਵਾਰ ਆਸਾ ਮ:੧, ਆਦਿ ਗ੍ਰੰਥ, ਪੰਨਾ ੪੭੩

ਬਦਕਿਸਮਤੀ ਨਾਲ ਵਿਆਹੀ ਧੀ ਦਾ ਪਤੀ ਕਾਲਵਸ ਹੋ ਜਾਵੇ ਤਾਂ ਇਸਤਰੀ ਨੂੰ ਚਿਤਾ ਵਿਚ ਜਿੰਦਾ ਹੀ ਸੜਨਾ ਪੈਂਦਾ ਸੀ। ਜੋ ਔਰਤ ਜ਼ਾਤ ਨਾਲ ਸਖ਼ਤ ਬੇਇਨਸਾਫੀ ਸੀ। ਗੁਰੂ ਅਮਰਦਾਸ ਜੀ ਨੇ ਦਸਿਆ ਕਿ ਸਤੀਆਂ ਉਹ ਨਹੀਂ ਜੋ ਜਬਰਦਸਤੀ ਚਿਤਾ ਵਿਚ ਸੁੱਟ ਦਿੱਤੀਆਂ ਜਾਂਦੀਆਂ ਹਨ, ਸਗੋਂ ਅਸਲੀ ਸਤੀਆਂ ਤਾਂ ਉਹ ਹਨ ਜੋ ਪਤੀ ਦੇ ਵਿਯੋਗ ਵਿਚ ਹੀ ਜਾਨ ਦੇ ਦੇਣ।[1]

੯- ਬ੍ਰਾਹਮਣ ਲੋਕ ਆਪਣੇ ਆਪ ਨੂੰ ਮਹਾਂ ਗਿਆਤਾ ਸਮਝਦੇ ਸਨ, ਕਿਉਂਕਿ ਸੰਸਕ੍ਰਿਤ ਦਾ ਗਿਆਨ ਸਾਧਾਰਨ ਜਨਤਾ ਨੂੰ ਨਹੀਂ ਸੀ। ਇਹ ਪੰਡਤ(ਬ੍ਰਾਹਮਣ) ਹੁਣ ਭੇਖੀ ਹੋ ਗਏ ਸਨ, ਮੂੰਹੋਂ ਕੁਝ ਕਹਿੰਦੇ ਸਨ ਤੇ ਅਸਲੀ ਜੀਵਨ ਕੁਝ ਹੋਰ ਬਿਤਾਉਂਦੇ ਸਨ, ਸਿਰਫ ਸੰਸਕ੍ਰਿਤ ਦੇ ਸਲੋਕ ਹੀ ਪੜ੍ਹਦੇ ਸਨ, ਅਸਲੀ ਰਾਮ ਵਿਸਰ ਗਿਆ ਸੀ, 'ਆਪ ਨਾ ਵਸੀ ਸਹੁਰੇ ਲੋਕਾਂ ਮੱਤੀਂ ਦੇਇ' ਦਾ ਅਖਾਣ ਉਨ੍ਹਾਂ ਲਈ ਉਚਿਤ ਸੀ। ਗੁਰੂ ਸਾਹਿਬ ਇਨ੍ਹਾਂ ਪੰਡਤਾਂ ਨੂੰ ਸਮਝਾਂਦੇ ਹਨ ਕਿ ਉਹ ਵੇਦ ਪੜ੍ਹੇ, ਜਿਨ੍ਹਾਂ ਨਾਲ ਮਨ ਦਾ ਕਰੋਧ ਤੇ ਹੋਰ ਮੈਲ ਨਵਿਰਤ ਹੋ ਜਾਵੇ।[2] ਨਿਰੇ ਪੰਡਤ ਹੀ ਨਹੀਂ, ਕਾਜ਼ੀ ਵੀ ਝੂਠ ਦੀਆਂ ਪੰਡਾਂ ਸਨ। ਜੋਗੀ ਵੀ ਅਸਲੀ ਜੋਗੀ ਨਹੀਂ ਸਨ, ਸੋ ਇਹ ਤਿੰਨੇ—ਕਾਜ਼ੀ, ਪੰਡਤ ਤੇ ਜੋਗੀ-ਸਮਾਜ ਵਿਚ ਉਜਾੜੇ ਦਾ ਬੰਨਾ ਸਨ।[3]

੧੦- ਹਉਮੈਂ ਦਾ ਰੋਗ, ਮਨਮਤ ਅਨੁਸਾਰ ਚਲਣਾ ਤੇ ਭਲੇ ਪੁਰਸ਼ਾਂ ਦੀ ਨਿੰਦਾ ਕਰਨੀ, ਉਸ ਸਮੇਂ ਦੇ ਸਾਧਾਰਨ ਜੀਵ ਦੀ 'ਸਿਫ਼ਤ' ਸੀ। ਹਉਮੈਂ ਵਿਚ ਸਾਰਾ ਸੰਸਾਰ ਹੀ ਗ੍ਰਸਿਆ ਪਿਆ ਸੀ ਤੇ ਦੂਜੇ ਨਾਲ ਨਫਰਤ ਤੇ ਨਿੰਦਾ ਕਰਨ ਦੀ ਬੀਮਾਰੀ ਹਰ ਜੀਵ ਵਿਚ ਸੀ, ਪਰ ਇਹ ਬੀਮਾਰੀ ਤੀਰਥ ਨ੍ਹਾਤਿਆਂ ਨਹੀਂ ਉਤਰ ਸਕਦੀ।[4] ਸੰਤਾਂ ਦੀ ਨਿੰਦਾ ਤੇ ਚੁਗਲ ਖੋਰਾਂ ਦੀ ਸਿਫਤ, ਇਹ ਉਲਟੀ ਗੰਗਾ ਵਹਿ ਰਹੀ ਸੀ।[5]

---

੧- ਸਤੀਆ ਏਹਿ ਨ ਆਖੀਅਨਿ ਜੋ ਮੜਿਆ ਲਗਿ ਜਲੰਨਿ॥
ਨਾਨਕ ਸਤੀਆ ਜਾਣੀਅਨਿ ਜਿ ਬਿਰਹੇ ਚੋਟ ਮਰੰਨਿ॥
ਵਾਰ ਸੂਹੀ, ਮ:੩, ਆਦਿ ਗ੍ਰੰਥ, ਪੰਨਾ ੭੮੭

੨- ਮੁਖ ਤੇ ਪੜਤਾ ਟੀਕਾ ਸਹਿਤ॥ ਹਿਰਦੈ ਰਾਮੁ ਨਹੀ ਪੂਰਨ ਰਹਤ॥
ਉਪਦੇਸੁ ਕਰੇ ਕਰਿ ਲੋਕ ਦ੍ਰਿੜਾਵੈ॥ ਅਪਨਾ ਕਹਿਆ ਆਪਿ ਨ ਕਮਾਵੈ॥
ਪੰਡਿਤ ਬੇਦੁ ਬੀਚਾਰਿ ਪੰਡਿਤ॥ ਮਨ ਕਾ ਕ੍ਰੋਧੁ ਨਿਵਾਰਿ ਪੰਡਿਤ॥
ਰਾਮਕਲੀ ਮ:੫, ਆਦਿ ਗ੍ਰੰਥ, ਪੰਨਾ ੮੮੭

੩-ਕਾਦੀ ਕੂੜੁ ਬੋਲਿ ਮਲੁ ਖਾਇ॥ ਬ੍ਰਹਮਣੁ ਨਾਵੈ ਜੀਆ ਘਾਇ॥
ਜੋਗੀ ਜੁਗਤਿ ਨ ਜਾਣੈ ਅੰਧੁ॥ ਤੀਨੇ ਓਜਾੜੇ ਕਾ ਬੰਧੁ॥
ਧਨਾਸਰੀ ਮ:੧, ਆਦਿ ਗ੍ਰੰਥ, ਪੰਨਾ ੬੬੨

੪- ਜਗਿ ਹਉਮੈ ਮੈਲੁ ਦੁਖੁ ਪਾਇਆ ਮਲੁ ਲਾਗੀ ਦੂਜੈ ਭਾਇ॥
ਮਲੁ ਹਉਮੈ ਧੋਤੀ ਕਿਵੈ ਨ ਉਤਰੈ ਜੇ ਸਉ ਤੀਰਥ ਨਾਇ॥
ਸਿਰੀ ਰਾਗ ਮ:੩, ਆਦਿ ਗ੍ਰੰਥ, ਪੰਨਾ ੩੯

੫- ਸੰਤ ਕੀ ਨਿੰਦਾ ਸਾਕਤ ਕੀ ਪੂਜਾ ਐਸੀ ਦ੍ਰਿੜੀ ਬਿਪਰੀਤਿ॥
ਧਨਾਸਰੀ ਮ:੫, ਆਦਿ ਗ੍ਰੰਥ, ਪੰਨਾ ੬੭੩

੧੧- ਵਹਿਮਾਂ ਭਰਮਾਂ ਦੀ ਭਰਮਾਰ ਸੀ। ਫੋਕਟ ਰਸਮਾਂ ਤੇ ਕਿਰਿਆ ਕਰਮ ਵਿਚ ਫਸਿਆ ਸਮਾਜ ਚੀਕ ਰਿਹਾ ਸੀ, ਜਿਸ ਨੂੰ ਆਜ਼ਾਦ ਕਰਾਉਣ ਲਈ ਇਹ ਰਸਮਾਂ ਦੀਆਂ ਬੇੜੀਆਂ ਗੁਰੂ ਅਰਜਨ ਦੇਵ ਜੀ ਨੇ ਕੱਟੀਆਂ। ਗੁਰੂ ਅਰਜਨ ਦੇਵ ਜੀ ਦਾ ਇਕਲੌਤਾ ਬੇਟਾ ਸੀ, ਜਿਸ ਨੂੰ ਆਪ ਨੇ ਪਰਮਾਤਮਾ ਪਾਸੋਂ ਮੰਗ ਕੇ ਪ੍ਰਾਪਤ ਕੀਤਾ ਸੀ। ਉਸ ਨੂੰ ਬਚਪਨ ਵਿਚ ਸੀਤਲਾ ਨਿਕਲ ਆਈ। ਗੁਰੂ ਜੀ ਦੇ ਸਿੱਖਾਂ ਤੇ ਪਤਨੀ ਨੇ ਆਪ ਨੂੰ ਸੀਤਲਾ ਦੇਵੀ ਦੀ ਪੂਜਾ ਕਰਨ ਲਈ ਆਖਿਆ, ਪਰ ਆਪ ਗੁਰੂ ਮਹਾਰਾਜ ਦੇ ਆਸਰੇ ਬਿਨਾਂ ਕਿਸੇ ਹੋਰ ਦੀ ਪੂਜਾ ਕਰਨ ਲਈ ਤਿਆਰ ਨ ਹੋਏ।

੧੨- ੳ- ਜੋ ਸਮਾਜਕ ਰਸਮਾਂ ਉਸ ਸਮੇਂ ਪ੍ਰਚਲਤ ਸਨ, ਉਨ੍ਹਾਂ ਸਭ ਦੀ ਤਸਵੀਰ ਤੇ ਨਜ਼ਰ ਮਾਰਨੀ ਕੁਥਾਂ ਨਹੀਂ ਹੋਵੇਗੀ। ਜਿਹਾ ਕਿ ਮਿਰਤਕ ਸਰੀਰ ਨੂੰ ਨੁਹਾਉਣਾ, ਰੇਸ਼ਮ ਜਾਂ ਪੱਟ ਵਿਚ ਲਪੇਟਣਾ, ਲੋਕਾਂ ਦਾ ਢਾਹੀਂ ਮਾਰ ਕੇ ਰੋਣਾ ਤੇ ਪਿਟਣਾ। ਕਿਸੇ ਮੁਰਦੇ ਨੂੰ ਦਬਾਉਣਾ, ਕਿਸੇ ਨੂੰ ਸਾੜਨਾ ਤੇ ਕਿਸੇ ਨੂੰ ਕਾਂ ਕੁਤਿਆਂ ਜੋਗਾ ਛੱਡ ਦੇਣਾ, ਕਈਆਂ ਦਾ ਜਲ ਪ੍ਰਵਾਹ ਕਰਨਾ ਆਮ ਸੀ। ਮੋਏ ਪਿਤਰਾਂ ਲਈ ਸਰਾਧ ਕਰਨੇ, ਪ੍ਰੰਨ ਦਾਨ ਤੇ ਕਿਰਿਆ ਕਰਨੀ, ਪਤੱਲਾਂ ਦੇਣੀਆਂ ਆਦਿ ਰਸਮਾਂ ਪ੍ਰਚਲਤ ਸਨ। ਇਥੋਂ ਤੱਕ ਵੀ ਸੀ ਕਿ ਚੋਰ ਵੀ ਚੋਰੀ ਦੇ ਮਾਲ ਵਿਚੋਂ ਆਪਣੇ ਬਜ਼ੁਰਗਾਂ ਪ੍ਰਤੀ ਦਾਨ ਭੇਜਦੇ ਸਨ।[1]

ਅ- ਵਿਆਹ ਦੇ ਸ਼ੁਗਨ- ਜੰਞ ਦਾ ਢੁਕਾ, ਸਾਹਾ ਸੁਧਾਣਾ, ਤੇਲ ਪਾਉਣਾ, ਪਾਣੀ ਵਾਰ ਕੇ ਪੀਣਾ, ਵਿਆਹ ਪਿਛੋਂ ਮੁਕਲਾਵੇ ਆਦਿ ਦਾ ਰਿਵਾਜ ਸੀ।

੧੩- ਆਦਰਸ਼ਕ ਨਾਰੀ ਲਈ ਕੁਝ ਕੁ ਅਸੂਲ ਨਿਸਚਿਤ ਸਨ:-
ਜਿਸ ਨੇ ਪਿਰ ਦਾ ਸਹਿਜ ਨਹੀਂ ਮਾਣਿਆ, ਹੁਕਮ ਮੰਨ ਕੇ ਨਹੀਂ ਚਖਿਆ; ਉਹ ਕੁਚਲ, ਕਰੂਪ ਤੇ ਕੁਲਖਣੀ ਨਾਰ ਹੈ ਤੇ ਜੋ ਮਿਠਾ ਬੋਲੇ, ਨਿਵ ਚਲਹਿ ਆਪਣਾ ਖਸਮ ਪਛਾਣਹਿ, ਤਨ ਮਨ ਅਰਪਨ ਕਰੇ, ਉਹ ਸੁਲਖਣੀ ਹੈ। ਪੁਤਰਵੰਤੀ, ਸੀਲਵੰਤ, ਰੂਪਵੰਤ, ਹਿਰਣਾਖੀ, ਨੈਣ ਸਲੋਨੀ, ਸੁਘੜ, ਆਚਾਰਵੰਤ, ਵੱਡੀ ਕੁਲ ਵਾਲੀ, ਆਗਿਆਕਾਰੀ, ਸਾਂਝੇ ਪਰਿਵਾਰ ਨਾਲ ਮਿਲ ਕੇ ਤੁਰਨ ਵਾਲੀ, ਕਸੀਦਾ ਕੱਢ ਕੇ ਚੋਲੀ ਪਹਿਨਣ ਵਾਲੀ ਤੇ ਘਰ ਨੂੰ ਸੰਭਾਲ ਕੇ ਰਖਣ ਵਾਲੀ ਨਾਰ ਬੜੀ ਸੁਲੱਖਣੀ ਹੈ।[2] (ਮਾਝ ਮ:੫, ਆਦਿ ਗ੍ਰੰਥ, ਪੰਨਾ ੯੭)

---

੧- ਆਸਾ ਦੀ ਵਾਰ ਮ:੧, ਆਦਿ ਗ੍ਰੰਥ, ਪੰਨਾ ੪੭੨

੨- ਹਵਾਲਾ:- ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਾਹਿੱਤਕ ਵਿਸ਼ੇਸ਼ਤਾ, ਡਾ. ਗੋਪਾਲ ਸਿੰਘ, ਦਰਦੀ, ਪੰਨਾ ੭੪

ਗੁਰੂ ਨਾਨਕ ਦੇਵ ਜੀ ਨੇ ਉਸ ਸਮੇਂ ਦੀ ਸਮਾਜਕ ਹਾਲਤ ਦਾ ਸਾਰ ਇਕ ਹੀ ਸ਼ਬਦ ਵਿਚ ਅੰਕਿਤ ਕੀਤਾ ਹੈ:-

"ਅੰਧੇ ਕਾ ਨਾਉ ਪਾਰਖੂ ਕਲੀ ਕਾਲ ਵਿਡਾਣੇ॥
ਸੂਤੇ ਕਉ ਜਾਗਤੁ ਕਹੈ ਜਾਗਤ ਕਉ ਸੂਤਾ॥
ਜੀਵਤ ਕਉ ਮੂਆ ਕਹੈ ਮੂਏ ਨਹੀ ਰੋਤਾ॥
ਆਵਤ ਕਉ ਜਾਤਾ ਕਹੈ ਜਾਤੇ ਕਉ ਆਇਆ॥
ਮੀਠੇ ਕਉ ਕਉੜਾ ਕਹੈ ਕੜੂਏ ਕਉ ਮੀਠਾ॥
ਰਾਤੇ ਕੀ ਨਿੰਦਾ ਕਰਹਿ ਐਸਾ ਕਲਿ ਮਹਿ ਡੀਠਾ॥
ਚੇਰੀ ਕੀ ਸੇਵਾ ਕਰਹਿ ਠਾਕੁਰੁ ਨਹੀ ਦੀਸੈ॥
ਪੋਖਰੁ ਨੀਰੁ ਵਿਰੋਲੀਐ ਮਾਖਨੁ ਨਹੀ ਰੀਸੈ॥"[1]

<u>ਰਾਜਨੀਤਕ ਵਾਤਾਵਰਣ</u>:-

ਗੁਰੂ ਅਰਜਨ ਦੇਵ ਜੀ ਦਾ ਸਮਾਂ ੧੫੬੩-੧੬੦੬ ਈਸਵੀ ਦਾ ਹੈ। ਇਸ ਵਿਚ ਦੋ ਮੁਗਲ ਬਾਦਸ਼ਾਹ ਹੋਏ-ਅਕਬਰ ਤੇ ਜਹਾਂਗੀਰ। ਅਕਬਰ ੧੫੫੬ ਤੋਂ ੧੬੦੫ ਤੱਕ ਰਿਹਾ ਤੇ ਜਹਾਂਗੀਰ ਦਾ ਸਮਾਂ ੧੬੦੫ ਤੋਂ ਸ਼ੁਰੂ ਹੁੰਦਾ ਹੈ। ਇਸ ਦੇ ਪਿਛੋਕੜ ਨੂੰ ਵੀ ਵਿਚਾਰ ਲੈਣਾ ਇਥੇ ਠੀਕ ਰਹੇਗਾ ਕਿਉਂਕਿ ਆਦਿ ਗ੍ਰੰਥ[2] ਵਿਚ ਲਗ ਪਗ ੧੨ਵੀਂ ਸਦੀ ਤੋਂ ੧੭ਵੀਂ ਸਦੀ ਤੱਕ ਦੇ ਕਵੀਆਂ ਦੀ ਰਚਨਾ ਹੈ।

ਬਾਰ੍ਹਵੀਂ ਸਦੀ ਭਾਰਤ ਵਿਚ ਹਮਲਾਵਰਾਂ ਦੀ ਸਦੀ ਸੀ, ਲੁੱਟ ਮਾਰ ਦੀ ਸਦੀ। ਇਸ ਸਦੀ ਵਿਚ ਮਹਿਮੂਦ ਗਜ਼ਨੀ ਨੇ ਭਾਰਤ ਤੇ ੧੭ ਹਮਲੇ ਕੀਤੇ। ਚੰਗੇਜ਼ ਆਇਆ ਤੇ ੧੧੯੨ ਵਿਚ ਮੁਹੰਮਦ ਗੌਰੀ ਨੇ ਪ੍ਰਿਥਵੀ ਰਾਜ ਚੌਹਾਨ ਨੂੰ ਹਰਾ ਕੇ ਭਾਰਤ ਵਿਚ ਮੁਸਲ--ਮਾਨੀ ਰਾਜ ਸ਼ੁਰੂ ਕੀਤਾ। ਪ੍ਰਿਥਵੀ ਰਾਜ ਦੇ ਚਚੇਰੇ ਭਾਈ ਜੈ ਚੰਦ ਨੇ ਈਰਖਾ ਵਸ ਮੁਸਲਮਾਨ ਬਾਦਸ਼ਾਹ (ਮੁਹੰਮਦ ਗੌਰੀ) ਦੀ ਸਹਾਇਤਾ ਕੀਤੀ। ਜਿਸ ਦਾ ਸਿੱਟਾ ਇਹ ਹੋਇਆ ਕਿ ਇਕ ਆਦਮੀ (ਜੈ ਚੰਦ) ਦੀ ਬੇਵਕੂਫ਼ੀ ਦਾ ਖ਼ਮਿਆਜ਼ਾ ਸਾਰੇ ਭਾਰਤ ਵਰਸ਼ ਨੂੰ ੧੯੪੭ ਤੱਕ ਭੁਗਤਣਾ ਪਿਆ।ਏਨੀਆਂ ਸਦੀਆਂ ਦੇਸ਼ ਗੁਲਾਮ ਹੀ ਰਿਹਾ।

੧੧੯੨ ਵਿਚ ਗੁਲਾਮ ਹੋਏ ਦੇਸ਼ ਵਿਚ ੧੨੦੬ ਤੋਂ ੧੨੯੦ ਤੱਕ[3] 'ਗੁਲਾਮ ਬੰਸ' ਨੇ ਰਾਜ ਕੀਤਾ। ਇਸ ਤੋਂ ਮਗਰੋਂ ੧੨੯੦-੧੩੨੦ ਤੱਕ,੧੩੨੧-੧੪੧੨ ਤੱਕ,੧੪੧੪-੧੪੫੦

---

੧- ਗਉੜੀ ਬੈਰਾਗਣਿ ਮ:੧,ਆਦਿ ਗ੍ਰੰਥ, ਪੰਨਾ ੨੨੯
੨- ਜਿਸ ਦਾ ਸੰਪਾਦਨ ਗੁਰੂ ਅਰਜਨ ਦੇਵ ਜੀ ਨੇ ਕੀਤਾ ਸੀ।
੩- ੧੪੧੨-੧੪੧੪ ਦੇ ਦਰਮਿਆਨ ਦੌਲਤ ਖਾਂ ਲੋਧੀ ਨੇ ਰਾਜ ਕੀਤਾ, ਜਿਸ ਪਾਸੋਂ ਜਲਦੀ ਹੀ ਤਾਕਤ ਸੱਯਦਾਂ ਨੇ ਖੋਹ ਲਈ।

ਤੱਕ ਤੇ ੧੪੫੦-੧੫੨੬ ਤੱਕ ਕਰਮਵਾਰ ਖਿਲਜ਼ੀ ਬੰਸ, ਤੁਗਲਕ ਬੰਸ, ਸਯੱਦ ਬੰਸ ਤੇ ਲੋਧੀ ਬੰਸ ਨੇ ਰਾਜ ਕੀਤਾ।

੧੪੬੯-੧੫੩੯ ਦਾ ਸਮਾਂ ਸਿੱਖ ਕੌਮ ਦੇ ਮੋਢੀ ਗੁਰੂ ਨਾਨਕ ਦੇਵ ਜੀ ਦਾ ਹੈ। ੧੫੨੬ ਵਿਚ ਬਾਬਰ ਨੇ ਇਬਰਾਹੀਮ ਲੋਧੀ ਨੂੰ ਹਰਾ ਕੇ ਮੁਗਲ ਰਾਜ ਦੀ ਨੀਂਹ ਰਖੀ। ੧੫੫੬ ਵਿਚ ਬਾਬਰ ਦੇ ਪੋਤਰੇ ਅਕਬਰ ਨੇ ਆਪਣੇ ਪਿਤਾ ਹਮਾਯੂੰ ਦੇ ਮਰਨ ਤੇ ਤਖਤ ਸੰਭਾਲਿਆ।

ਬਾਬਰ ਤੇ ਗੁਰੂ ਨਾਨਕ ਦੇਵ ਜੀ ਤੋਂ ਮੁਗਲਾਂ ਤੇ ਸਿੱਖਾਂ ਵਿਚ ਸੰਬੰਧ ਸ਼ੁਰੂ ਹੁੰਦੇ ਹਨ, ਜੋ ੧੭੦੮ ਤੱਕ ਚਲਦੇ ਹਨ। ੧੭੦੭ ਵਿਚ ਸਤਵਾਂ ਮੁਗਲ ਬਾਦਸ਼ਾਹ ਫ਼ੌਤ ਹੋਇਆ ਅਤੇ ੧੭੦੮ ਵਿਚ ਦਸਮ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਜੋਤੀ ਜੋਤ[1] ਸਮਾਏ। ਇਧਰ ੧੭੦੭ ਤੋਂ ਬਾਦ ਸਿੱਖ ਕੌਮ ਸੰਭਲਦੀ ਹੀ ਗਈ, ਉਧਰ ਮੁਗਲ ਰਾਜ ਦਿਨ-ਬ-ਦਿਨ ਢਹਿਣ ਲਗ ਪਿਆ।

ਇਸ ਸਾਰੇ ਸਿੱਖ-ਮੁਗਲ ਸੰਬੰਧ ਵਿਚ ਸਮਾਨਤਾ ਨਹੀਂ ਰਹੀ। ਕਦੀ ਆਪਸ ਵਿਚਲੇ ਸਬੰਧ ਅਦਿ ਦੇ ਸੁਲਾਹ ਵਾਲੇ ਸਨ- ਬਾਬਰ ਨੇ ਗੁਰੂ ਨਾਨਕ ਦੇਵ ਜੀ ਤੋਂ ਆਪਣੇ ਰਾਜ ਦੀ ਸਥਿਰਤਾ ਦਾ ਵਰ ਲਿਆ, ਹਮਾਯੂੰ ਗੁਰੂ ਅੰਗਦ ਦੇਵ ਜੀ ਨੂੰ ਮਿਲਿਆ। ਅਕਬਰ ਨੇ ਗੁਰੂ ਅਮਰਦਾਸ ਜੀ ਨੂੰ ਜਾਗੀਰ ਦੇਣੀ ਚਾਹੀ,[2] ਗੁਰੂ ਰਾਮਦਾਸ ਜੀ ਦੇ ਦਰਸ਼ਨ ਕਰਕੇ ਖੁਸ਼ੀਆਂ ਪ੍ਰਾਪਤ ਕੀਤੀਆਂ। ਗੁਰੂ ਅਰਜਨ ਦੇਵ ਜੀ ਨੂੰ ਮਿਲਿਆ। ਆਪ ਦੇ ਕਹੇ ਤੇ ਕਾਲ ਦੇ ਸਮੇਂ ਵਿਚ ਕਿਸਾਨਾਂ ਦਾ ਮਾਮਲਾ ਮੁਆਫ਼ ਕੀਤਾ, ਕਿਸਾਨਾਂ ਨੂੰ ਹੋਰ ਰਿਆਇਤਾਂ ਵੀ ਦਿੱਤੀਆਂ, ਗੁਰਬਾਣੀ ਸੰਗ੍ਰਹਿ ਦੀ ਸ਼ਲਾਘਾ ਕੀਤੇ ਬਿਨਾਂ ਵੀ ਨਾ ਰਹਿ ਸਕਿਆ।

ਪਰ ਇਸ ਅਤਿ ਚੰਗੇ ਵਰਤਾਉ ਮਗਰੋਂ ਇਕ ਦਮ ਹੀ ਪਾਸਾ ਪਲਟ ਗਿਆ- ੧੬੦੫ ਵਿਚ ਸਲੀਮ 'ਜਹਾਂਗੀਰ' ਦੇ ਨਾਮ ਨਾਲ ਬਾਦਸ਼ਾਹ ਬਣਿਆ। ਇਸ ਦਾ ਸੁਭਾ ਬਾਪ ਤੋਂ ਬਿਲਕੁਲ ਉਲਟ ਸੀ, ਸੋ ਕੁਦਰਤੀ ਸੀ ਸਿੱਖ-ਮੁਗਲ ਰਿਸ਼ਤਾ ਵੀ ਪਹਿਲਾਂ ਜਿਹਾ ਨਾ ਰਹਿੰਦਾ। ਅਜਿਹਾ ਹੀ ਹੋਇਆ। ਇਕ ਸਾਲ ਦੇ ਅੰਦਰ ਅੰਦਰ ਹੀ ਹਾਲਾਤ ਅਜਿਹੇ ਬਣਾਏ ਗਏ ਕਿ ਗੁਰੂ ਅਰਜਨ ਦੇਵ ਜੀ ਨੇ ਜਹਾਂਗੀਰ ਦੇ ਤੁਅੱਸਬ ਦਾ ਮੁਕਾਬਲਾ ਕਰਦੇ ਹੋਏ ਬਲੀਦਾਨ ਦੇ ਦਿੱਤਾ।

ਇਸ ਤੋਂ ਇਹ ਅੰਦਾਜ਼ਾ ਸਹਿਜੇ ਹੀ ਲਗ ਸਕਦਾ ਹੈ ਕਿ ਅਜਿਹੇ ਰਾਜਨੀਤਕ ਵਾਤਾਵਰਣ ਵਿਚ ਜਨਤਾ ਦਾ ਕੀ ਹਾਲ ਹੁੰਦਾ ਹੈ।

---

੧- ੧੭੦੭ ਵਿਚ ਬਾਦਸ਼ਾਹ ਬਹਾਦਰ ਸ਼ਾਹ ਨੇ ਔਰੰਗਜ਼ੇਬ ਦਾ ਤਖਤ ਸੰਭਾਲਿਆ, ਜੋ ਬਾਦਸ਼ਾਹ ਨਾਲੋਂ 'ਵਿਲਾਸੀ' ਜ਼ਿਆਦਾ ਸੀ।

੨- ਜੋ ਪ੍ਰਵਾਨ ਨਾ ਕੀਤੀ ਗਈ।

ਗੁਰੂ ਅਰਜਨ ਦੇਵ ਜੀ ਤੋਂ ਪਹਿਲਾਂ ਦੇ ਭਗਤ ਕਵੀਆਂ ਤੇ ਗੁਰੂ ਕਵੀਆਂ ਨੇ ਉਪਰੋਕਤ ਰਾਜਸੀ ਹਾਲਤ ਦਾ ਟਾਕਰਾ ਕੀਤਾ। ਭਗਤ ਨਾਮ ਦੇਵ, ਭਗਤ ਕਬੀਰ ਜੀ ਤੇ ਗੁਰੂ ਨਾਨਕ ਦੇਵ ਜੀ ਨੇ ਦੇਸ਼ ਵਿਚਲੀ ਖਲਬਲੀ ਦਾ[੧], ਲੋਕਾਂ ਉਪਰ ਹੁੰਦੇ ਧੱਕੇ ਦਾ ਬੜੇ ਖੁਲ੍ਹੇ ਤੌਰ ਤੇ ਆਪਣੀ ਰਚਨਾ ਵਿਚ ਬਿਆਨ ਕੀਤਾ ਹੈ।

ਗੁਰੂ ਅਰਜਨ ਦੇਵ ਜੀ ਨੂੰ ਆਪਣੇ ਸੁਭਾ ਵਾਂਗ ਬਿਲਕੁਲ ਸ਼ਾਂਤ ਰਾਜਸੀ ਵਾਤਾ-ਵਰਣ ਮਿਲਿਆ। ਭਾਵੇਂ ਆਪ ਦੇ ਵੱਡੇ ਭਰਾ ਪ੍ਰਿਥੀ ਚੰਦ ਨੇ ਆਪ ਦੇ ਖਿਲਾਫ਼ ਰਾਜ ਦਰਬਾਰ ਵਿਚ ਅਨੇਕਾਂ ਅਰਜ਼ੀਆਂ ਚਾੜ੍ਹੀਆਂ ਪਰ ਅਕਬਰ ਬਾਦਸ਼ਾਹ ਦੇ ਦਿਲ ਵਿੱਚ ਗੁਰੂ ਜੀ ਲਈ ਅਥਾਹ ਸਤਿਕਾਰ ਸੀ।

ਇਸ ਰਾਜਸੀ ਸ਼ਾਂਤੀ ਦਾ ਹੀ ਸਿੱਟਾ ਸੀ ਕਿ ਗੁਰੂ ਅਰਜਨ ਦੇਵ ਜੀ ਨੇ ਕੇਵਲ ੪੩ ਸਾਲ ਦੀ ਆਯੂ ਵਿਚ ਕਈ ਅਦੁੱਤੀ ਯਾਦਗਾਰੀ ਉਸਾਰੀਆਂ ਕਰਵਾਈਆਂ। ਏਨਾ ਸਾਹਿੱਤ ਰਚਿਆ ਕਿ ਆਪ ਸੰਸਾਰ ਭਰ ਦੇ ਉਤਮ ਰਹੱਸਵਾਦੀਆਂ ਦੀ ਕਤਾਰ ਵਿਚੋਂ ਮੂਹਰੇ ਹੋ ਗਏ। ਆਕਾਰ ਦੇ ਹਿਸਾਬ ਨਾਲ ਗੁਰੂ ਗ੍ਰੰਥ ਸਾਹਿਬ ਦੀ ਸਾਰੀ ਰਚਨਾ ਦਾ ਲਗ ਪਗ ਅਧ ਕੇਵਲ ਗੁਰੂ ਅਰਜਨ ਦੇਵ ਜੀ ਦਾ ਹੈ।

ਜਿਵੇਂ ਨਿੱਜੀ ਮਿਹਨਤ ਨਾਲ ਗੁਰੂ ਨਾਨਕ ਦੇਵ ਜੀ ਨੇ ਸਿੱਖ ਕੌਮ ਦੀ ਨੀਂਹ ਰਖੀ, ਉਵੇਂ ਬਾਬਰ ਨੇ ਖੁਰਾਸਾਨ ਤੋਂ ਆ ਕੇ ਨਿੱਜੀ ਹਿੰਮਤ ਨਾਲ ਮੁਗਲ ਰਾਜ ਦੀ ਨੀਂਹ ਰਖੀ।

ਜਿਵੇਂ ਗੁਰੂ ਅਰਜਨ ਦੇਵ ਜੀ ਨੇ ਆਪਣੀ ਸੋਚ ਸਮਝ, ਦੂਰ ਅੰਦੇਸ਼ੀ ਤੇ ਕਲਪਨਾ ਉਡਾਰੀ ਨਾਲ ਸਿੱਖ ਕੌਮ ਦੀਆਂ ਨੀਂਹਾਂ ਪੱਕੀਆਂ ਕੀਤੀਆਂ,ਉਵੇਂ ਅਕਬਰ ਨੇ ਮੁਗਲ ਰਾਜ ਦੀਆਂ ਨੀਂਹਾਂ ਪੱਕੀਆਂ ਕੀਤੀਆਂ। ਪਰ ਅਕਬਰ ਦੀ ਬਦਕਿਸਮਤੀ ਇਹ ਹੋਈ ਕਿ ਉਸ ਦੇ ਜਾਨਸ਼ੀਨ ਉਸ ਵਰਗੇ ਸਿਆਸਤ-ਦਾਨ ਨਾ ਨਿਕਲੇ, ਤਦੇ ਹੀ ਮੁਗਲ ਰਾਜ ਦੇ ਇਸ ਸਿਖ਼ਰ ਤੋਂ ਬਾਦ ਪਤਨ ਸ਼ੁਰੂ ਹੋ ਗਿਆ।

---

੧- ੳ-ਸੁਲਤਾਨੁ ਪੂਛੈ ਸੁਨੁ ਬੇ ਨਾਮਾ।। ਰਾਗ ਭੈਰਉ ਨਾਮਦੇਵ ਜੀ,ਆਦਿ ਗ੍ਰੰਥ,ਪੰਨਾ੧੧੬੫
ਅ-ਗੰਗ ਗੁਸਾਇਨਿ ਗਹਿਰ ਗੰਭੀਰ।। ਰਾਗ ਭੈਰਉ ਕਬੀਰ ਜੀ,ਆਦਿ ਗ੍ਰੰਥ,ਪੰਨਾ੧੧੬੨
ੲ-ਭੁਜਾ ਬਾਂਧਿ ਭਿਲਾ ਕਰਿ ਡਾਰਿਓ।।ਗੋਂਡ ਕਬੀਰ ਜੀ,ਆਦਿ ਗ੍ਰੰਥ,ਪੰਨਾ੮੭੦
ਸ-ਜਿਨ ਸਿਰਿ ਸੋਹਨਿ ਪਟੀਆ ਮਾਂਗੀ ਪਾਇ ਸੰਧੂਰੁ।।
ਆਸਾ ਮ:੧,ਆਦਿ ਗ੍ਰੰਥ, ਪੰਨਾ ੪੧੭
ਹ-ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ।।
ਵਾਰ ਮਾਝ ਮ:੧,ਆਦਿ ਗ੍ਰੰਥ, ਪੰਨਾ ੧੪੫
ਅਤੇ ਹੋਰ ਅਨੇਕਾਂ ਉਦਾਹਰਣਾਂ।

ਅਕਬਰ ਦੇ ਅੱਖਾਂ ਮੀਟਦਿਆਂ ਹੀ ਗੁਰੂ ਅਰਜਨ ਦੇਵ ਜੀ ਨੂੰ ਰਾਜਸੀ ਹਾਲਾਤ ਦਾ ਸਾਹਮਣਾ ਕਰਨਾ ਪਿਆ, ਜਿਸ ਦੇ ਫਲਸਰੂਪ ਆਪ ਨੇ ਸਿੱਖੀ ਦੇ ਬੂਟੇ ਨੂੰ ਸਦਾ ਹਰਾ ਰਖਣ ਲਈ ਆਪਣੇ ਖ਼ੂਨ ਨਾਲ ਸਿੰਜਿਆ।

## ਆਦਿ ਗ੍ਰੰਥ ਦਾ ਸੰਪਾਦਨ:-

ਆਦਿ ਗ੍ਰੰਥ ਜਿਸ ਨੂੰ ਅਸੀਂ ਸਤਿਕਾਰ ਨਾਲ "ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ" ਕਹਿੰਦੇ ਹਾਂ, ਸਿੱਖਾਂ ਦੀ ਪਰਮ ਸਤਿਕਾਰ ਯੋਗ ਧਰਮ ਪੁਸਤਕ ਹੈ। ਇਸ ਨਾਮ ਨਾਲ 'ਸ੍ਰੀ' 'ਸਾਹਿਬ' 'ਜੀ' ਸਤਿਕਾਰ ਭਰੇ ਸ਼ਬਦ ਹਨ ਤੇ 'ਆਦਿ' ਸ਼ਬਦ ਦੀ ਵਰਤੋਂ ਗੁਰੂ ਗੋਬਿੰਦ ਸਿੰਘ ਜੀ ਤੋਂ ਬਾਦ ਸ਼ੁਰੂ ਹੋਈ।[੧]

## ਆਦਿ ਗ੍ਰੰਥ ਦੀ ਲੋੜ:-

ਇਕ ਵਾਰ ਸਿੱਖਾਂ ਨੇ ਇਕੱਠੇ ਹੋ ਕੇ ਆਪਣੇ ਪੰਜਵੇਂ ਗੁਰੂ ਅਰਜਨ ਦੇਵ ਜੀ ਪਾਸ ਬੇਨਤੀ ਕੀਤੀ ਕਿ ਗੁਰੂ ਨਾਨਕ ਦੇਵ ਜੀ ਦੇ ਸ਼ਬਦਾਂ ਵਿਚ ਦਿਲ ਟੁੰਬਵੀਂ ਸ਼ਕਤੀ ਹੈ, ਜਿਸ ਨੂੰ ਸੁਣਨ ਨਾਲ ਮਨ ਵਿਸਮਾਦ ਵਿਸਮਾਦ ਹੋ ਜਾਂਦਾ ਹੈ। ਅੱਜ ਕਲ ਸੁਆਰਥੀ ਲੋਕਾਂ ਨੇ ਆਪਣੇ ਸੁਆਰਥ ਲਈ ਕਈ ਹੋਰ ਸ਼ਬਦ ਗੁਰੂ ਨਾਨਕ ਦੇ ਨਾਮ ਤੇ ਪ੍ਰਚਲਤ ਕਰ ਲਏ ਹਨ।----ਸੋ ਹੁਣ ਇਹ ਜ਼ਰੂਰੀ ਹੈ ਕਿ ਗੁਰੂ ਮਹਾਰਾਜ ਦੇ ਸ਼ਬਦਾਂ ਨੂੰ ਇਕੱਠਾ ਕੀਤਾ ਜਾਏ ਤਾਂਕਿ ਪਵਿਤਰਤਾ ਕਾਇਮ ਰਹੇ।[੨]

ਭਾਈ ਕੇਸਰ ਸਿੰਘ ਛਿਬਰ[੩] ਤੇ ਮੈਕਾਲਿਫ਼[੪] ਦਾ ਵੀ ਅਜਿਹਾ ਹੀ ਮਤ ਹੈ ਕਿ ਗੁਰੂ ਜੀ ਨੇ ਪ੍ਰਿਥੀਏ (ਜਿਸ ਨੂੰ ਮੀਣਾ ਵੀ ਆਖਦੇ ਹਨ) ਦੀ ਰਚਨਾ ਦਾ ਰਲਾ ਰੋਕਣ ਲਈ ਤੇ ਸਿੱਖਾਂ ਲਈ ਸਥਾਈ ਰੂਪ ਵਿਚ ਇਕ ਗ੍ਰੰਥ ਤਿਆਰ ਕਰਨ ਲਈ ਆਪਣੀ ਤੇ ਆਪਣੇ ਪਾਸ ਪਈ ਸਾਰੀ ਗੁਰਬਾਣੀ ਨੂੰ ਇਕ ਜਗ੍ਹਾ ਸੰਗ੍ਰਹਿਤ ਕਰਨ ਦੀ ਸੋਚੀ।

ਆਦਿ ਗ੍ਰੰਥ ਦੀ ਲੋੜ ਸਬੰਧੀ ਡਾ. ਸੁਰਿੰਦਰ ਸਿੰਘ ਕੋਹਲੀ ਇਉਂ ਦਸਦੇ ਹਨ:-

'ਗੁਰੂ ਨਾਨਕ ਦੇ ਨਾਮ ਹੇਠਾਂ ਲਿਖੇ ਗਏ ਸ਼ਬਦਾਂ ਦੀ ਗਿਣਤੀ ਦਿਨੋ ਦਿਨ

---

੧- ਇਸ ਗ੍ਰੰਥ ਨਾਲ 'ਆਦਿ' ਸ਼ਬਦ ਦਾ ਭਾਵ ਹੈ ਪਹਿਲਾ। ਸਿੱਖ ਸੰਪਤੀ ਵਿਚ ਗੁਰੂ ਗੋਬਿੰਦ ਸਿੰਘ ਜੀ ਦੀ ਦੇਣ 'ਦਸਮ ਗ੍ਰੰਥ' ਨਾਲ ਵਾਧਾ ਹੋ ਗਿਆ ਸੀ। ਇਸ ਕਰਕੇ ਪਹਿਲੇ ਗ੍ਰੰਥ ਦਾ ਨਾਮ 'ਆਦਿ ਗ੍ਰੰਥ' ਤੇ ਦੂਸਰੇ ਦਾ ਨਾਮ 'ਦਸਮ ਗ੍ਰੰਥ' (ਕਿਉਂਕਿ ਇਹ ਨਿਰੋਲ ਦਸਮ ਪਾਤਸ਼ਾਹ ਦੀ ਰਚਨਾ ਹੈ) ਪ੍ਰਚਲਤ ਹੋਇਆ।

੨- Adi Granth, E.Trumpp Introduction, p.80

੩- ਬੰਸਾਵਲੀ ਨਾਮਾ ਦਸਾਂ ਪਾਤਸ਼ਾਹੀਆਂ ਕਾ, ਕੇਸਰ ਸਿੰਘ ਛਿਬਰ, ਚਰਣ ੫, ਅੰਕ ੯੧ ਤੇ ੯੬

੪- The Sikh Religion, M.A.Macauliffe, Vol.III, p.55.

ਵਧਦੀ ਹੀ ਗਈ ਅਤੇ ਸਿੱਖਾਂ ਨੇ ਗੁਰੂ ਅਰਜਨ ਦੇਵ ਜੀ ਨੂੰ ਬੇਨਤੀ ਕੀਤੀ ਕਿ ਉਹ ਸੰਗਤਾਂ ਲਈ ਪ੍ਰਮਾਣਕ ਸ਼ਬਦਾਂ ਦੀ ਚੋਣ ਕਰ ਦੇਣ ਕਿਉਂਕਿ ਸਿੱਖਾਂ ਲਈ ਤਾਂ ਅਸਲੀ ਬਨਾਵਟੀ ਨੂੰ ਵੱਖ ਵੱਖ ਕਰਨਾ ਔਖਾ ਸੀ, ਇਨ੍ਹਾਂ ਸਿੱਖਾਂ ਦੀ ਬੇਨਤੀ ਨੇ ਹੀ ਗੁਰੂ ਅਰਜਨ ਦੇਵ ਜੀ ਨੂੰ ਗੁਰੂ ਗ੍ਰੰਥ ਸਾਹਿਬ ਦੇ ਸੰਪਾਦਨ ਦਾ ਵਿਚਾਰ ਦਿੱਤਾ ਸੀ।[1]

ਗੁਰੂ ਨਾਨਕ ਦੇਵ ਜੀ ਨੇ ਭਵਿਖਬਾਣੀ ਵੀ ਕੀਤੀ ਹੋਈ ਸੀ ਕਿ ਸਾਡੇ ਦਸਵੇਂ ਜਾਮੇ ਦੇ ਬਾਦ ਇਹ ਦਰਜਾ ਪਵਿਤ੍ਰ ਗ੍ਰੰਥ ਸਾਹਿਬ ਨੂੰ ਦਿੱਤਾ ਜਾਏਗਾ ਤੇ ਉਹੀ ਸਿੱਖਾਂ ਦੇ ਰੂਹਾਨੀ ਗੁਰੂ ਸਮਝੇ ਜਾਣਗੇ।[2]

ਪਰ ਇਨ੍ਹਾਂ ਸਾਰਿਆਂ ਵਿਚੋਂ ਗੁਰੂ ਸਾਹਿਬਾਨ ਦੀ ਰਚਨਾ ਨੂੰ ਅਸ਼ੁਧ ਰਚਨਾ ਦੇ ਰਲੇ ਤੋਂ ਬਚਾਉਣ ਲਈ ਸ਼ੁਧ ਰਚਨਾ ਸੰਗ੍ਰਹਿ ਕਰਨ ਦਾ ਵਿਚਾਰ ਜ਼ਿਆਦਾ ਠੋਸ ਹੈ।

ਇਸ ਤੋਂ ਵੀ ਵੱਡੀ ਲੋੜ ਗੁਰੂ ਸਾਹਿਬ ਨੂੰ ਆਪ ਮਹਿਸੂਸ ਹੋ ਰਹੀ ਸੀ। ਗੁਰੂ ਸਾਹਿਬ ਇਕ ਅਲੌਕਿਕ ਪ੍ਰਤਿਭਾ ਦੇ ਮਾਲਕ ਸਨ। ਆਪ ਜੀ ਨੂੰ ਆਪਣੇ ਤੋਂ ਪਹਿਲਾਂ ਦੇ ਇਤਿਹਾਸ ਤੇ ਮਿਥਿਹਾਸ ਦੀ ਪੂਰੀ ਵਾਕਫ਼ੀ ਸੀ। ਇਸ ਤੋਂ ਵੀ ਜ਼ਿਆਦਾ ਆਪ ਦੂਰ ਅੰਦੇਸ਼ ਆਗੂ ਸਨ, ਜਿਸ ਕਰਕੇ ਆਪ ਨੇ ਇਹ ਲੋੜ ਮਹਿਸੂਸ ਕੀਤੀ ਕਿ ਆਪਣੇ ਬਜ਼ੁਰਗਾਂ ਦੀ ਤੇ ਆਪਣੀ ਰਚਨਾ ਨੂੰ ਇਕ ਗ੍ਰੰਥ ਦੇ ਰੂਪ ਵਿਚ ਸੰਪਾਦ ਕਰ ਦਿੱਤਾ ਜਾਵੇ ਤਾਂ ਜੋ ਸਿੱਖ ਕੌਮ ਇਸ ਤੋਂ ਅਗਵਾਈ ਲੈ ਸਕੇ।

ਮਧ ਕਾਲ ਵਿਚ ਸ਼ਾਇਦ ਹੀ ਅਜਿਹਾ ਕੋਈ ਸਾਹਿੱਤਕਾਰ ਹੋਏਗਾ, ਜਿਸ ਦੀ ਰਚਨਾ ਸੁੱਚੀ ਆਪਣੇ ਮੂਲ ਰੂਪ ਵਿਚ ਸਾਡੇ ਸਾਹਮਣੇ ਆਈ ਹੋਵੇ। ਪਰ ਪੰਜਾਬੀ ਜਗਤ ਨੂੰ ਗੁਰੂ ਅਰਜਨ ਦੇਵ ਜੀ ਨੇ ਇਹ ਅਮੋਲਕ ਖ਼ਜ਼ਾਨਾ ਬਖ਼ਸ਼ਿਆ, ਜੋ ਦੁਨੀਆਂ ਭਰ ਦੀ ਕਿਸੇ ਕੌਮ ਪਾਸ ਨਹੀਂ। ਮਜ਼ਹਬ ਦੇ ਇਤਿਹਾਸ ਵਿਚ ਇਹ ਇਕ ਅਸਚਰਜ ਰਚਨਾ ਹੈ।[3]

ਸਿੱਖ ਧਰਮ ਸਿਧਾਂਤਕ ਪੱਖ ਤੋਂ ਦੂਸਰੇ ਲਗ ਪਗ ਸਾਰੇ ਧਰਮਾਂ ਨਾਲੋਂ ਵੱਖਰਾ ਹੈ। ਸੰਸਾਰ ਵਿਚ ਜੋ ਵੱਡੇ ਵੱਡੇ ਧਰਮ ਪ੍ਰਚਾਰਕ ਹੋਏ ਹਨ—ਪਾਈਥਾਗੋਰਸ, ਸੁਕਰਾਤ, ਮਹਾਤਮਾ ਬੁਧ, ਕਨਫਿਊਸ਼ੀਅਸ, ਹਜ਼ਰਤ ਈਸਾ, ਆਦਿ—ਇਨ੍ਹਾਂ ਵਿਚੋਂ ਕੋਈ ਵੀ ਆਪਣੀ ਰਚਨਾ ਸੰਸਾਰ ਨੂੰ ਨਹੀਂ ਦੇ ਗਿਆ। ਰਾਮਾਇਣ ਦੀ ਕਥਾ ਰਾਮ ਚੰਦਰ ਜੀ ਨੇ ਨਹੀਂ ਲਿਖੀ, ਸਗੋਂ ਰਿਸ਼ੀ ਬਾਲਮੀਕ ਤੇ ਕਵੀ ਤੁਲਸੀ ਦਾਸ ਦੀ ਕਲਪਨਾ ਉਡਾਰੀ ਦਾ ਫਲ ਹੈ। ਗੀਤਾ ਵੀ ਭਗਵਾਨ ਕ੍ਰਿਸ਼ਨ ਆਪਣੀ ਹੱਥੀਂ ਲਿਖ ਕੇ ਨਹੀਂ ਛੱਡ ਗਏ।

---

੧- A Critical Study of Adi Granth, Dr. S. S. Kohli, p.21.

੨- History and Philosophy of the Sikh Religion, Khazan Singh, Vol. II, p.571.

੩- ਗੁਰਮਤਿ ਫਿਲਾਸਫੀ, ਗਿਆਨੀ ਪ੍ਰਤਾਪ ਸਿੰਘ, ਪੰਨਾ ੧੫੩

ਪਰ ਸਿੱਖ ਗੁਰੂਆਂ ਦੀ ਬਾਣੀ ਉਨ੍ਹਾਂ ਦੀ ਆਪਣੀ ਲਿਖੀ ਹੋਈ ਤੇ ਸੰਭਾਲੀ ਹੋਈ ਮਿਲਦੀ ਹੈ, ਭਾਵ ਜੋ ਸਿਖਿਆ ਉਨ੍ਹਾਂ ਨੇ ਦਿੱਤੀ ਹੈ ਉਸ ਦਾ ਪਤਾ ਸਾਨੂੰ ਉਨ੍ਹਾਂ ਦੀ ਲਿਖਤ ਤੋਂ ਲਗ ਜਾਂਦਾ ਹੈ। ਇਥੇ ਇਕ ਗਲ ਚੇਤੇ ਰਖਣ ਯੋਗ ਹੈ ਕਿ ਗੁਰੂ ਅਰਜਨ ਦੇਵ ਜੀ ਨੇ ਇਨਾ ਮਹਾਨ ਕੰਮ ਕਰਕੇ ਕਿਤੇ ਆਪਾ ਨਹੀਂ ਜਣਾਇਆ। 'ਨਾਨਕ' ਨਾਮ ਦੀ ਵਰਤੋਂ ਕੀਤੀ ਹੈ। ਸੰਸਾਰੀ ਕਵੀ ਕਵਿਤਾ ਰਚ ਕੇ ਮਾਣ ਕਰਦੇ ਹਨ,-ਰਿਸ਼ੀ ਬਾਲਮੀਕ ਨੇ ਰਾਮਾਇਣ ਲਿਖੀ ਤੇ ਕਿਹਾ 'ਜਦ ਤੱਕ ਰਾਮ ਦਾ ਨਾਮ ਰਹੇਗਾ, ਮੇਰੀ ਰਚਨਾ ਯਾਦ ਰਹੇਗੀ।'ਅੰਗਰੇਜ਼ੀ ਦੇ ਕਵੀ ਮਿਲਟਨ ਨੇ ਆਪਣੀ ਰਚਨਾ ਪੈਰਾਡਾਈਸ ਲਾਸਟ ਬਾਰੇ ਕਿਹਾ ਸੀ; 'ਦੁਨੀਆਂ ਇਸ ਨੂੰ ਖਤਮ ਨਹੀਂ ਹੋਣ ਦੇਵੇਗੀ।'[੧] ਪਰ ਧੰਨ ਹਨ ਗੁਰੂ 'ਅਰਜਨ'! ਜਿਨ੍ਹਾਂ ਵਿਚ ਹਉਂ ਨਹੀਂ ਆਈ।

## ਆਦਿ ਗ੍ਰੰਥ ਦੇ ਸੰਪਾਦਨ ਦਾ ਮੰਤਵ:-

ਕਈ ਕਹਿੰਦੇ ਹਨ ਕਿ ਗੁਰੂ ਗ੍ਰੰਥ ਸਾਹਿਬ ਰਿਗ ਵੇਦ ਨਾਲ ਮਿਲਦਾ ਜੁਲਦਾ ਹੈ। ਸਵਾਮੀ ਦਯਾ ਨੰਦ ਜੀ ਸਤਿਆਰਥ ਪ੍ਰਕਾਸ਼ ਵਿਚ ਲਿਖਦੇ ਹਨ ਕਿ ਰਿਗ ਵੇਦ ਦਾ ਹੁਕਮ ਹੈ-'ਨਿਯੋਗ ਕਰਕੇ ਇਕ ਜ਼ਨਾਨੀ ਬੇਸ਼ਕ ਗਿਆਰਾਂ ਖ਼ਸਮ ਕਰ ਲਵੇ।' ਇਸੇ ਤਰ੍ਹਾਂ ਕੁਰਾਨ ਸ਼ਰੀਫ਼ ਵਿਚ ਵੀ ਦਰਜ ਹੈ-'ਅਜਿਹੀਆਂ ਦੋ, ਤਿੰਨ ਜਾਂ ਚਹੁੰ ਜ਼ਨਾਨੀਆਂ ਨਾਲ ਵਿਆਹ ਕਰ ਲਓ; ਜਿਹੜੀਆਂ ਤੁਹਾਨੂੰ ਯੋਗ ਜਾਪਣ।' ਪਰ ਅਜਿਹੇ ਵਿਹਾਰੀ ਕੰਮਾਂ ਸਬੰਧੀ ਜਾਂ ਜ਼ਿੰਦਗੀ ਦੀਆਂ ਆਮ ਲੋੜਾਂ ਸਬੰਧੀ ਜੇ ਕੋਈ ਗੁਰੂ ਗ੍ਰੰਥ ਸਾਹਿਬ ਤੋਂ ਰਹਿਨੁਮਾਈ ਲੱਭੇ ਤਾਂ ਉਸ ਨੂੰ ਸਖ਼ਤ ਮਾਯੂਸੀ ਹੋਏਗੀ। ਗੁਰੂ ਗ੍ਰੰਥ ਸਾਹਿਬ ਕੋਈ ਰਹਿਤ-ਨਾਮਾ ਨਹੀਂ, ਜੋ ਇਸ ਵਿਚ ਵਿਆਹ ਜਾਂ ਕੁੜਮਾਈ, ਜਨਮ ਜਾਂ ਮਿਰਤੂ, ਗ੍ਰਹਿ ਨਿਵਾਸ ਜਾਂ ਉਠਣ ਬਹਿਣ ਜਾਂ ਬੋਲਣ ਕੂਣ ਆਦਿ ਦੀਆਂ ਤਫ਼ਸੀਲਾਂ ਸਬੰਧੀ ਸ਼ਰਈ ਨਿਯਮ ਜਾਂ ਸੰਸਕਾਰ ਆਦਿ ਦਿੱਤੇ ਹੋਣ। ਨਾ ਹੀ ਗੁਰੂ ਗ੍ਰੰਥ ਸਾਹਿਬ ਖਟ ਸ਼ਾਸਤਰ ਵਾਂਗ ਕਿਸੇ ਮਤ ਮਤਾਂਤਰ ਦੇ ਖੰਡਣ ਮੰਡਣ ਕਰਕੇ ਕਿਸੇ ਖਾਸ ਦਰਸ਼ਨ ਦੇ ਪੱਖ ਨੂੰ ਲੈ ਕੇ ਲਿਖਿਆ ਗਿਆ ਹੈ। ਗੁਰੂ ਗ੍ਰੰਥ ਦਾ ਮੰਤਵ ਸੁਖ, ਪਰਮ ਸੁਖ, ਅਨੰਦ, ਪਰਮਾਨੰਦ ਦੇਣਾ ਹੈ। ਡਿਗਦੇ ਡੋਲਦੇ ਮਨ ਨੂੰ ਟਿਕਾਅ ਦੇਣਾ ਹੈ, ਧੀਰਜ ਦੇਣਾ ਹੈ, ਸ਼ਾਂਤੀ ਦੇਣਾ ਹੈ।[੨]

## ਮਹਾਨਤਾ:-

ਆਦਿ ਗ੍ਰੰਥ ਦੀ ਮਹੱਤਤਾ ਦੇਖਣ ਲਈ ਮੇਰੀ ਨਜ਼ਰ ਵਿਚ ਦੋ ਕਸਵੱਟੀਆਂ ਹਨ- ਪਹਿਲੀ ਕਸਵੱਟੀ ਹੈ- ਆਦਿ ਗ੍ਰੰਥ ਦੀ ਦੂਜੇ ਧਰਮ ਗ੍ਰੰਥਾਂ ਨਾਲ ਤੁਲਨਾ; ਜੋ ਧਰਮ ਆਪਣੇ ਉਚ ਹੋਣ ਦੇ ਦਾਅਵੇ ਕਰਦੇ ਹਨ, ਉਨ੍ਹਾਂ ਦੀ ਸਿਖਿਆ ਤੇ ਆਦਿ ਗ੍ਰੰਥ ਦੀ ਸਿਖਿਆ ਵਿਚ ਫ਼ਰਕ ਵੇਖ ਕੇ ਇਸ ਪਵਿਤ੍ਰ ਗ੍ਰੰਥ ਅਗੇ ਆਪ ਮੁਹਾਰੇ ਸਿਰ ਝੁਕ ਜਾਂਦਾ ਹੈ।

---

੧- The world will not let it die-Milton.
੨- ਗੁਰਮਤਿ ਦਰਸ਼ਨ, ਡਾ. ਸ਼ੇਰ ਸਿੰਘ, ਪੰਨਾ ੫੮

ਹਿੰਦੂ ਧਰਮ ਦਾ ਕਹਿਣਾ ਹੈ- "ਜੋ ਸਿਮ੍ਰਤੀਆਂ ਵੇਦ ਤੋਂ ਵਿਰੁਧ ਹਨ,ਉਹ ਸਭ ਨਿਸਫਲ ਤੇ ਨਰਕ ਫਲ ਦੇਣ ਵਾਲੀਆਂ ਹਨ।"[1]

ਇਸਲਾਮ ਕਹਿੰਦਾ ਹੈ- "ਕੁਰਾਨ,ਮੁਹੰਮਦ ਸਾਹਿਬ ਦੇ ਪਿਛੋਂ ਅਜਿਹੀ ਕਿਤਾਬ ਹੈ, ਜਿਸ ਉਪਰ ਲੋਕ ਨਿਸਚਾ ਕਰ ਸਕਣਗੇ।"[2]

ਈਸਾਈ ਕਹਿੰਦੇ ਹਨ-"ਜੋ ਕੋਈ ਈਸਾ ਦੀ ਸਿਖਿਆ ਦੀ ਉਲੰਘਣਾ ਕਰਦਾ ਹੈ, ਤਾਂ ਪਰਮੇਸ਼ੁਰ ਉਸ ਦਾ ਨਹੀਂ, ਜੋ ਕੋਈ ਤੁਹਾਡੇ ਪਾਸ ਆਵੇ ਅਤੇ ਈਸਾ ਦੀ ਸਿਖਿਆ ਨ ਲਿਆਵੇ ਤਾਂ ਉਸ ਨੂੰ ਘਰ ਨ ਵੜਨ ਦਿਓ ਅਤੇ ਉਸ ਨਾਲ ਸਲਾਮ ਨ ਕਰੋ।"[3] "ਅਛਾ ਅਯਾਲੀ ਮੈਂ ਹਾਂ ਅਤੇ ਆਪਣੀਆਂ ਭੇਡਾਂ ਨੂੰ ਸਿਆਣਦਾ ਹਾਂ ਤੇ ਮੇਰੀਆਂ ਆਪਣੀਆਂ ਭੇਡਾਂ ਮੈਨੂੰ ਸਿਆਣਦੀਆਂ ਹਨ।"[4]

ਪਰ ਆਦਿ ਗ੍ਰੰਥ ਦੀ ਸਿਖਿਆ ਹੈ ਕਿ:-

ੳ- ਸਭਸੈ ਉਪਰਿ ਗੁਰ ਸਬਦੁ ਬੀਚਾਰੁ।।ਹੋਰ ਕਥਨੀ ਬਦਉ ਨ ਸਗਲੀ ਛਾਰੁ।।[5]

ਅ- ਜਿਨੀ ਨਾਮ ਧਿਆਇਆ ਗਏ ਮਸਕਤਿ ਘਾਲਿ।।
ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ।।[6]

ੲ- ਆਵਹੁ ਸਿਖ ਸਤਗੁਰੂ ਕੇ ਪਿਆਰਿਹੋ ਗਾਵਹੁ ਸਚੀ ਬਾਣੀ।।[7]

ਸ- ਬਾਣੀ ਗੁਰੂ ਗੁਰੂ ਹੈ ਬਾਣੀ ਵਿਚ ਬਾਣੀ ਅੰਮ੍ਰਿਤੁ ਸਾਰੇ।।
ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ।।[8]

ਹ- ਧੁਰ ਕੀ ਬਾਣੀ ਆਈ।।ਤਿਨਿ ਸਗਲੀ ਚਿੰਤ ਮਿਟਾਈ।।[9]

ਇਸ ਕਸਵੱਟੀ ਤੇ ਜਿਨਾ ਪਰਖੀ ਜਾਂਦੇ ਹਾਂ, ਪਾਸੇ ਦੇ ਸੋਨੇ ਵਾਂਗ ਇਸ ਵਿਚ ਉਨੀ ਹੀ ਚਮਕ ਵਧਦੀ ਜਾਂਦੀ ਹੈ।

ਆਦਿ ਗ੍ਰੰਥ ਬਾਰੇ ਕੁਛ ਹੋਰ ਵਿਦਵਾਨਾਂ ਦੇ ਵਿਚਾਰ ਦੇ ਦੇਣੇ ਵੀ ਯੋਗ ਹਨ:-

ਡਾ.ਟ੍ਰੰਪ ਲਿਖਦਾ ਹੈ-(ਗੁਰੂ) 'ਗ੍ਰੰਥ ਦਾ ਫਲਸਫਾ ਮੈਨੂੰ ਬੜਾ ਹੀ ਪਤਲਾ

---

੧- ਮਨੂ ਸਿਮ੍ਰਤੀ, ਅਧਿਆਏ ੧੨, ਸਲੋਕ ੯੫
੨- ਕੁਰਾਨ, ਸੂਰਤ ੭੬, ਆਯਤ ੫੦
੩- ਅੰਜੀਲ, ਯੂਹੰਨਾ ਦੀ ਚਿੱਠੀ ੨,ਅੰਕ ੯,੧੦,੧੧
੪- ਯੂਹੰਨਾ ਦੀ ਅੰਜੀਲ, ੧੦;੧੪
੫- ਰਾਮਕਲੀ ਮ:੧,ਅਸਟਪਦੀ ੪,ਆਦਿ ਗ੍ਰੰਥ,ਪੰਨਾ ੯੦੪
੬- ਸਲੋਕ ਮ:੨,ਆਦਿ ਗ੍ਰੰਥ, ਪੰਨਾ ੧੪੬
੭- ਰਾਮਕਲੀ ਅਨੰਦ ਮ:੩,ਆਦਿ ਗ੍ਰੰਥ, ਪੰਨਾ ੯੨੦
੮- ਨਟ ਮ:੪,ਅਸਟਪਦੀ, ਆਦਿ ਗ੍ਰੰਥ, ਪੰਨਾ ੯੮੨
੯- ਸੋਰਠਿ ਮ:੫, ਆਦਿ ਗ੍ਰੰਥ, ਪੰਨਾ ੬੨੮

ਲਗਿਆ ਹੈ, ਖਿਆਲਾਂ ਦੀ ਦੁਹਰਾਈ ਇਸ ਵਿਚ ਬੜੀ ਹੈ[1] ਤੇ ਜਿਹੜਾ ਕੋਈ ਕਿਸੇ ਇਕ ਰਾਗ ਦੀ ਬਾਣੀ ਨੂੰ ਪੜ੍ਹ ਲਵੇ, ਉਸ ਨੂੰ ਹੋਰ ਅਗੇ ਕੁਝ ਪੜ੍ਹਨ ਦੀ ਤੀਬਰਤਾ ਨਹੀਂ ਜਾਗਦੀ।' ਫਿਰ ਉਹ ਆਪ ਹੀ ਲਿਖਦਾ ਹੈ, 'ਆਦਿ ਗ੍ਰੰਥ ਸ਼ਬਦ ਉਸਾਰੀ ਦੇ ਭਿੰਨ ਭਿੰਨ ਨਮੂਨਿਆਂ ਦਾ ਅਮਿੱਤ ਭੰਡਾਰ ਹੈ,----ਕਾਵਿ ਰੂਪਾਂ ਤੇ ਸ਼ੈਲੀਆਂ ਦਾ ਅਦੁਤੀ ਸੰਗ੍ਰਹਿ ਹੈ ----ਅਤੇ ਸੰਸਾਰ ਦੀਆਂ ਧਰਮ ਪੁਸਤਕਾਂ ਵਿਚੋਂ ਸ਼ਾਇਦ ਹੀ ਕੋਈ ਰਚਨਾ ਗੁਰੂ ਗ੍ਰੰਥ ਸਮਾਨ ਸਾਹਿਤਕ ਖੂਬਸੂਰਤੀ ਤੇ ਅਨੁਭਵੀ ਗਿਆਨ ਵਾਲੀ ਹੋਵੇ।'[2]

ਮੈਕਾਲਿਫ ਤੇ ਮਿਸ ਡੇਰਬੀ ਨੇ ਸਿੱਖ ਮੱਤ ਰਾਹੀਂ ਧਰਮ ਦੇ ਇਤਿਹਾਸ ਵਿਚ ਇਕ ਨਿਖੜਵਾਂ ਤੇ ਅਲੌਕਿਕ ਚਮਤਕਾਰ ਤਕਿਆ ਹੈ। ਸਿੱਖ ਮੱਤ ਦੇ ਅਨੁਯਾਈ ਆਪ ਵੀ ਇਹੀ ਮੰਨਦੇ ਹਨ ਤੇ ਪ੍ਰਚਾਰਦੇ ਹਨ।[3]

ਦੂਜੀ ਕਸਵੱਟੀ ਹੈ- ਆਦਿ ਗ੍ਰੰਥ ਦੇ ਵਿਸ਼ੇ ਦੀ ਮਹਾਨਤਾ; ਵਿਸ਼ੇ ਪੱਖ ਦੀ ਮਹਾਨਤਾ ਖਾਸ ਕਰਕੇ-ਸਦੀਵਤਾ, ਮੌਲਕਤਾ, ਪ੍ਰਮਾਣਕਤਾ-ਇਸ ਸਾਹਿਤਕ ਰਚਨਾ ਨੂੰ ਗੁਰੂ ਗ੍ਰੰਥ ਸਾਹਿਬ ਦੀ ਪਦਵੀ ਪ੍ਰਦਾਨ ਕੀਤੀ ਗਈ, ਜੋ ਵਿਸ਼ਵ ਦੀ ਕਿਸੇ ਹੋਰ ਧਰਮ ਪੁਸਤਕ ਨੂੰ ਅੱਜ ਤੱਕ ਨਹੀਂ ਦਿੱਤੀ ਗਈ।

ਈਸਾਈ ਕਹਿੰਦੇ ਹਨ- ਈਸਾ ਇਕ ਦਿਨ ਫੇਰ ਆਸਮਾਨ ਵਿਚੋਂ ਉਤਰੇਗਾ।

ਮੁਸਲਮਾਨ ਕਹਿੰਦੇ ਹਨ- ਮੀਰ ਮਹਿੰਦੀ ਆਵੇਗਾ।

ਪਰ ਦਸਵੇਂ ਗੁਰੂ ਸਾਹਿਬ ਨੇ ਅਜਿਹੀਆਂ ਔਕੜਾਂ ਦਾ ਹੱਲ ਬੜਾ ਸੁੰਦਰ ਤੇ ਸੌਖਾ ਲਭਿਆ ਕਿ 'ਲੀਡਰਸ਼ਿਪ ਗੁਰੂ ਗ੍ਰੰਥ ਦੀ ਰਹੇਗੀ।'

ਗੁਰੂ ਗ੍ਰੰਥ ਸਾਹਿਬ ਦੀ ਗੁਰਤਾ ਬਾਰੇ ਰਹਿਤਨਾਮਿਆਂ ਵਿਚ ਇਹ ਬਚਨ ਮਿਲਦੇ ਹਨ:-

ੳ- ਆਗਿਆ ਗੁਰੂ ਗ੍ਰੰਥ ਸਾਹਿਬ ਕੀ ਮੰਨਣੀ।[4]

ਅ- ਅਕਾਲ ਪੁਰਖ ਕੇ ਬਚਨ ਸਿਉ ਪਰਗਟ ਚਲਾਇਓ ਪੰਥ।।
ਸਭ ਸਿਖਨ ਕੋ ਬਚਨ ਏਹ ਗੁਰੂ ਮਾਨੀਓ ਗ੍ਰੰਥ।।[5]

---

੧- ਡਾ. ਟ੍ਰੰਪ ਪਹਿਲਾ ਪਾਦਰੀ ਹੈ ਜਿਸ ਨੂੰ ਆਦਿ ਗ੍ਰੰਥ ਦਾ ਅਨੁਵਾਦ ਕਰਨ ਲਈ ਵੇਲੇ ਦੀ ਅੰਗ੍ਰੇਜ਼ੀ ਹਕੂਮਤ ਨੇ ਲਗਾਇਆ। ਪਰ ਇਹ ਅਨੁਵਾਦ ਸਾਹਿਤਕ ਨਾਲੋਂ ਸ਼ਾਬਦਿਕ ਜ਼ਿਆਦਾ ਹੈ, ਕਿਉਂਕਿ ਟ੍ਰੰਪ ਆਦਿ ਗ੍ਰੰਥ ਦੀਆਂ ਡੂੰਘਾਈਆਂ ਤੱਕ ਨਹੀਂ ਜਾ ਸਕਿਆ। ਗੁਰਬਾਣੀ ਦੀ ਪੂਰੀ ਸਮਝ ਨ ਆ ਸਕਣ ਕਰਕੇ ਹੀ ਉਸ ਨੂੰ ਖ਼ਿਆਲਾਂ ਦਾ ਦੁਹਰਾ ਜਾਪਿਆ ਹੈ। ਇਹ ਅਨੁਵਾਦ ੧੮੭੭ ਵਿਚ ਹੋਇਆ, ਇਸ ਤੋਂ ਮਗਰੋਂ ਡਾ. ਗੋਪਾਲ ਸਿੰਘ ਦਰਦੀ ਨੇ ਅੰਗ੍ਰੇਜ਼ੀ ਵਿਚ ਅਨੁਵਾਦ ਕੀਤਾ ਹੈ।

੨- Adi Granth, Dr.E.Trumpp, Introduction.

੩- ਹਵਾਲਾ-ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਾਹਿਤਕ ਵਿਸ਼ੇਸ਼ਤਾ, ਡਾ. ਗੋਪਾਲ ਸਿੰਘ ਦਰਦੀ, ਪੰਨਾ ੩੬-੩੭

੪- ਰਹਿਤਨਾਮਾ ਭਾਈ ਚੋਪਾ ਸਿੰਘ।

੫- ਰਹਿਤਨਾਮਾ ਭਾਈ ਪ੍ਰਹਿਲਾਦ ਸਿੰਘ।

ਅਸਲ ਵਿਚ ਗੁਰੂ ਗ੍ਰੰਥ ਨ ਕੇਵਲ ਸਿੱਖਾਂ ਜਾਂ ਭਾਰਤ ਦਾ ਹੈ, ਸਗੋਂ ਉਹ ਤਾਂ ਸਮੁੱਚੇ ਮਨੁੱਖ ਮਾਤਰ ਦਾ ਅਮੁੱਲ ਅਧਿਆਤਮਕ ਵਿਰਸਾ ਹੈ।[1]

ਹਰ ਇਨਸਾਨ, ਚਾਹੇ ਉਹ ਸੰਸਾਰ ਦੇ ਕਿਸੇ ਵੀ ਕੋਨੇ ਵਿਚ ਵਸਦਾ ਹੈ, ਕਿਸੇ ਵੀ ਮਜ਼ਹਬ ਦਾ ਹੈ, ਕਿਸੇ ਵੀ ਰੰਗ ਦਾ ਹੈ- ਪਰ ਜਿਸ ਵਿਚ ਇਨਸਾਨੀਅਤ ਹੈ, ਮਾਨਵਤਾ ਲਈ ਪਿਆਰ, ਸਤਿਕਾਰ ਤੇ ਹਮਦਰਦੀ ਹੈ; ਇਸ ਰਚਨਾ ਤੇ ਮਾਣ ਕਰ ਸਕਦਾ ਹੈ।

## ਆਦਿ ਗ੍ਰੰਥ ਵਿਚ ਆਏ ਗੁਰੂਆਂ ਤੇ ਭਗਤਾਂ ਦੀ ਬਾਣੀ:-

ਆਦਿ ਗ੍ਰੰਥ ਦਾ ਸੰਪਾਦਨ ੧੬੦੧-੧੬੦੪ ਈਸਵੀ ਤੱਕ ਦੇ ਸਮੇਂ ਵਿਚਕਾਰ ਕੀਤਾ ਗਿਆ ਹੈ। ਇਸ ਮਹਾਨ ਕੰਮ ਨੂੰ ਅੰਮ੍ਰਿਤਸਰ ਦੇ ਬਾਹਰਵਾਰ 'ਰਾਮਸਰ' ਨਾਂ ਦੇ ਤਲਾ ਕਿਨਾਰੇ ਰੁਖਾਂ ਦੀ ਛਾਵੇਂ ਬਹਿ ਕੇ ਗੁਰੂ ਅਰਜਨ ਦੇਵ ਜੀ ਨੇ ਭਾਈ ਗੁਰਦਾਸ ਜੀ ਦੀ ਸਹਾਇਤਾ ਨਾਲ ਸਿਰੇ ਚਾੜ੍ਹਿਆ।

ਇਸ ਸੰਪਾਦਨ ਦਾ ਕੰਮ ਅਗਸਤ ੧੬੦੪ ਵਿਚ ਮੁਕੰਮਲ ਹੋ ਗਿਆ ਸੀ।[2] ਆਦਿ ਗ੍ਰੰਥ ਦਾ ਪਹਿਲੀ ਵਾਰੀ ਪ੍ਰਕਾਸ਼ ਭਾਦਰੋਂ ਸੁਦੀ ੧, ਸੰਮਤ ੧੬੬੧ (ਅਗਸਤ ੧੬੦੪) ਨੂੰ ਸ੍ਰੀ ਹਰਿਮੰਦਰ ਸਾਹਿਬ ਵਿਚ ਕੀਤਾ ਗਿਆ। ਪਹਿਲੇ ਗ੍ਰੰਥੀ ਬਾਬਾ ਬੁੱਢਾ ਜੀ ਥਾਪੇ ਗਏ।

ਆਦਿ ਗ੍ਰੰਥ ਵਿਚ ੫ ਗੁਰੂਆਂ, ਲਗ ਪਗ ੧੮ ਭਗਤਾਂ ਤੇ ੧੧ ਭੱਟਾਂ ਦੀ ਰਚਨਾ ਹੈ।[3] ਇਹ ਸਾਰੀ ਰਚਨਾ ੩੦ ਰਾਗਾਂ ਵਿਚ ਹੈ।[4]

ਗੁਰੂ ਰਾਮਦਾਸ ਜੀ ਤੇ ਗੁਰੂ ਅਰਜਨ ਦੇਵ ਜੀ ਨੇ ਸਾਰੇ ੩੦ ਰਾਗਾਂ ਵਿਚ ਰਚਨਾ ਕੀਤੀ। ਗੁਰੂ ਨਾਨਕ ਦੇਵ ਜੀ[6] ਨੇ ਕੇਵਲ ੧੯[5] ਰਾਗਾਂ ਵਿਚ ਤੇ ਗੁਰੂ ਅਮਰਦਾਸ ਜੀ ਨੇ ਇਨ੍ਹਾਂ ਹੀ ੧੯ ਰਾਗਾਂ ਵਿਚੋਂ ੧੭ ਵਿਚ ਰੂਹਾਨੀ ਕਵਿਤਾ ਲਿਖੀ। ਗੁਰੂ ਅੰਗਦ ਦੇਵ

---

੧- ਸ੍ਰੀ ਗੁਰੂ ਗ੍ਰੰਥ ਸਾਹਿਬ- ਇਕ ਪਰਿਚਯ, ਡਾ. ਧਰਮਪਾਲ ਮੈਣੀ, ਪੰਨਾ ੬

੨- ੳ- A History of Sikhs, Khushwant Singh, Vol.I, p.58.
ਅ- The Sikh Religion, M.A.Macauliffe, Vol.III, p.64.
ੲ- A short History of Sikhs, Teja Singh & Ganda Singh, Vol.I, p.3

੩- ਨਾਵੇਂ ਗੁਰੂ ਜੀ ਦੀ ਰਚਨਾ ਬਾਦ ਵਿਚ ਦਸਵੇਂ ਗੁਰੂ ਜੀ ਨੇ ਆਦਿ ਗ੍ਰੰਥ ਵਿਚ ਰਾਗਾਂ ਦੇ ਕ੍ਰਮ ਅਨੁਸਾਰ ਦਰਜ ਕੀਤੀ।

੪- ੩੧ ਵਾਂ ਰਾਗ 'ਜੈਜਾਵੰਤੀ' ਨਾਵੇਂ ਗੁਰੂ ਜੀ ਨੇ ਵਧਾਇਆ। ਆਪ ਦੇ ਇਸ ਰਾਗ ਵਿਚ ੪ ਪਦੇ ਹਨ।

੫- ਇਹ ਰਾਗ ਹਨ- ੧,੨,੩,੪,੫,੮,੯,੧੦,੧੪,੧੫,੧੬,੧੮,੨੧,੨੨,੨੪,੨੫,੨੬,੨੭ ਤੇ ੩੦

੬- ਇਨ੍ਹਾਂ ਵਿਚੋਂ ਰਾਗ ਤਿਲੰਗ ਤੇ ਤੁਖਾਰੀ ਛੱਡ ਕੇ ਬਾਕੀ ਦੇ ੧੭ ਰਾਗ।

ਜੀ ਦੇ ਕੁਝ ਕੁ ਸਲੋਕ ਹੀ ਹਨ, ਜੋ ਰਾਗਾਂ ਤੋਂ ਮੁਕਤ ਹਨ।

ਰਾਗਾਂ ਦੇ ਨਾਮ ਇਸ ਪ੍ਰਕਾਰ ਹਨ:-

| | | |
|---|---|---|
| ੧- ਸਿਰੀ ਰਾਗੁ | ੨- ਰਾਗੁ ਮਾਝ | ੩- ਰਾਗੁ ਗਉੜੀ |
| ੪- ਰਾਗੁ ਆਸਾ | ੫- ਰਾਗੁ ਗੂਜਰੀ | ੬- ਰਾਗੁ ਦੇਵ ਗੰਧਾਰੀ |
| ੭- ਰਾਗੁ ਬਿਹਾਗੜਾ | ੮- ਰਾਗੁ ਵਡਹੰਸ | ੯- ਰਾਗੁ ਸੋਰਠਿ |
| ੧੦- ਰਾਗੁ ਧਨਾਸਰੀ | ੧੧- ਰਾਗੁ ਜੈਤਸਰੀ | ੧੨- ਰਾਗੁ ਟੋਡੀ |
| ੧੩- ਰਾਗੁ ਬੈਰਾੜੀ | ੧੪- ਰਾਗੁ ਤਿਲੰਗ | ੧੫- ਰਾਗੁ ਸੂਹੀ |
| ੧੬- ਰਾਗੁ ਬਿਲਾਵਲ | ੧੭- ਰਾਗੁ ਗੋਂਡ | ੧੮- ਰਾਗੁ ਰਾਮਕਲੀ |
| ੧੯- ਰਾਗੁ ਨਟ ਨਾਰਾਇਣ | ੨੦- ਰਾਗੁ ਮਾਲੀ ਗਉੜਾ | ੨੧- ਰਾਗੁ ਮਾਰੂ |
| ੨੨- ਰਾਗੁ ਤੁਖਾਰੀ | ੨੩- ਰਾਗੁ ਕੇਦਾਰਾ | ੨੪- ਰਾਗੁ ਭੈਰਉ |
| ੨੫- ਰਾਗੁ ਬਸੰਤ | ੨੬- ਰਾਗੁ ਸਾਰੰਗ | ੨੭- ਰਾਗੁ ਮਲ੍ਹਾਰ |
| ੨੮- ਰਾਗੁ ਕਾਨੜਾ | ੨੯- ਰਾਗੁ ਕਲਿਆਣ | ੩੦- ਰਾਗੁ ਪ੍ਰਭਾਤੀ |

੩੧- ਰਾਗੁ ਜੈਜਾਵੰਤੀ ਗੁਰੂ ਅਰਜਨ ਦੇਵ ਜੀ ਤੋਂ ਬਾਦ ਵਿਚ ਸ਼ਾਮਲ ਕੀਤਾ ਗਿਆ।

ਨੋਟ:- ਇਨ੍ਹਾਂ ਰਾਗਾਂ ਵਿਚੋਂ ਕਈ ਰਾਗ ਦੋ ਦੋ ਮਿਲਾ ਕੇ ਵੀ ਵਰਤੇ ਹਨ। ਜਿਵੇਂ ਗਉੜੀ-ਮਾਝ, ਗਉੜੀ-ਬੈਰਾਗਣਿ, ਬਸੰਤ-ਹਿੰਡੋਲ ਆਦਿ।

ਇਸ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ੩੩੮੪ ਸ਼ਬਦ ਹਨ ਤੇ ਉਨ੍ਹਾਂ ਵਿਚ ੧੫੫੭੫ ਬੰਦ ਹਨ। ਇਨ੍ਹਾਂ ਵਿਚੋਂ ੬੨੦੪ ਬੰਦ ਗੁਰੂ ਅਰਜਨ ਦੇਵ ਮਹਲਾ ੫ ਦੁਆਰਾ, ੨੯੪੯ ਬੰਦ ਆਦਿ ਸ੍ਰੀ ਗੁਰੂ ਨਾਨਕ ਦੁਆਰਾ, ੨੫੨੨ ਬੰਦ ਤੀਸਰੇ ਗੁਰੂ ਅਮਰਦਾਸ ਜੀ ਮਹਲਾ ੩ ਦੁਆਰਾ, ੧੭੩੦ ਬੰਦ ਚੌਥੇ ਗੁਰੂ ਰਾਮਦਾਸ ਮਹਲਾ ੪ ਦੁਆਰਾ, ੧੯੬ ਬੰਦ ਨੌਵੇਂ ਗੁਰੂ ਤੇਗ ਬਹਾਦਰ ਮਹਲਾ ੯ ਦੁਆਰਾ,[1] ੫੭ ਬੰਦ ਦੂਜੇ ਗੁਰੂ ਅੰਗਦ ਦੇਵ ਮਹਲਾ ੨ ਦੁਆਰਾ ਰਚੇ ਗਏ ਹਨ। ਇਸ ਤੋਂ ਇਲਾਵਾ ਭਗਤ ਕਬੀਰ ਦੇ ਬੰਦ ਸਭ ਤੋਂ ਜ਼ਿਆਦਾ ਹਨ ਤੇ ਮਰਦਾਨਾ ਦੇ ਸਭ ਤੋਂ ਘਟ।[2]

ਟ੍ਰੰਪ, ਮੈਕਾਲਿਫ, ਤੇਜਾ ਸਿੰਘ ਤੇ ਗੰਡਾ ਸਿੰਘ, ਇਕ ਸਲੋਕ ਗੁਰੂ ਗੋਬਿੰਦ ਸਿੰਘ ਜੀ ਦਾ ਮੰਨਦੇ ਹਨ:-

ਬਲ ਹੋਆ ਬੰਧਨ ਛੁਟੇ ਸਭ ਕਿਛੁ ਹੋਤ ਉਪਾਇ।।
ਨਾਨਕ ਸਭ ਕਿਛੁ ਤੁਮਰੈ ਹਾਥ ਮੈ ਤੁਮ ਹੀ ਹੋਤ ਸਹਾਇ।।੫੪।।[3]

ਪਰ ਡਾ. ਸ਼ੇਰ ਸਿੰਘ[4] ਇਸ ਦੋਹਰੇ ਨੂੰ ਗੁਰੂ ਗੋਬਿੰਦ ਸਿੰਘ ਦਾ ਨਹੀਂ ਮੰਨਦੇ,

---

੧- ਜੋ ਗੁਰੂ ਅਰਜਨ ਦੇਵ ਜੀ ਤੋਂ ਬਾਦ ਰਚੇ ਅਤੇ ਆਦਿ ਗ੍ਰੰਥ ਵਿਚ ਸ਼ਾਮਲ ਕੀਤੇ ਗਏ।
੨- ਹਵਾਲਾ-ਸ੍ਰੀ ਗੁਰੂ ਗ੍ਰੰਥ ਦਰਸ਼ਨ(ਹਿੰਦੀ), ਡਾ. ਜਯ ਰਾਮ ਮਿਸ਼ਰ, ਪੰਨਾ ੨੨
੩- ਆਦਿ ਗ੍ਰੰਥ, ਪੰਨਾ ੧੪੨੯
੪- Philosophy of Sikhism, Dr.Sher Singh, p.49.

ਉਹ ਇਸ ਗੁਰੂ ਤੇਗ ਬਹਾਦਰ ਜੀ ਦੀ ਰਚਨਾ ਹੀ ਕਹਿੰਦੇ ਹਨ।

ਆਦਿ ਗ੍ਰੰਥ ਸਿੱਖ ਕੌਮ ਦਾ ਅਮੋਲਕ ਖਜ਼ਾਨਾ ਹੈ, ਜਿਸ ਨੂੰ ਵਿਦਵਾਨ ਗੁਰੂ ਅਰਜਨ ਦੇਵ ਜੀ ਨੇ ਤਿਆਰ ਕਰਕੇ ਸਾਡੇ ਵਿਰਸੇ ਨੂੰ ਮਿਥਿਹਾਸ ਦੇ ਪੈਰਾਂ ਵਿਚ ਰੁਲਣ ਤੋਂ ਬਚਾ ਲਿਆ। ਇਥੇ ਇਕ ਸੁਆਲ ਚਿਰ ਕਾਲ ਤੋਂ ਖੜਾ ਹੁੰਦਾ ਰਿਹਾ ਹੈ ਕਿ ਗੁਰੂ ਅਰਜਨ ਦੇਵ ਜੀ ਨੂੰ ਇਹ ਸਾਰੀ ਰਚਨਾ ਕਿਥੋਂ ਤੇ ਕਿਵੇਂ ਮਿਲੀ। ਜ਼ਿਆਦਾ ਗੰਭੀਰ ਪ੍ਰਸ਼ਨ ਪਹਿਲੇ ਚਾਰ ਗੁਰੂ ਸਾਹਿਬਾਨ ਦੀ ਰਚਨਾ ਬਾਰੇ ਹੀ ਉਠਦਾ ਹੈ।

ਮੈਕਾਲਿਫ[੧], ਪ੍ਰੋ.ਤੇਜਾ ਸਿੰਘ[੨], ਗਿਆਨੀ ਪ੍ਰਤਾਪ ਸਿੰਘ[੩] ਤੇ ਹੋਰ ਕਈ ਸਿੱਖ ਇਤਿਹਾਸਕਾਰਾਂ ਨੇ ਸੂਰਜ ਪ੍ਰਕਾਸ਼[੪] ਦੇ ਆਧਾਰ ਤੇ ਇਹ ਮੰਨਿਆ ਹੈ ਕਿ ਗੁਰੂ ਅਰਜਨ ਦੇਵ ਜੀ ਨੇ ਆਪਣੇ ਤੋਂ ਪਹਿਲੀ ਰਚਨਾ ਜੋ ਬਾਬਾ ਮੋਹਨ ਜੀ (ਗੁਰੂ ਅਮਰਦਾਸ ਜੀ ਦੇ ਲੜਕੇ) ਪਾਸ ਪਈ ਸੀ, ਭਾਈ ਬੁੱਢਾ ਜੀ ਤੇ ਭਾਈ ਗੁਰਦਾਸ ਜੀ ਨੂੰ ਭੇਜ ਕੇ ਮੰਗਵਾਣੀ ਚਾਹੀ, ਪਰ ਇਨ੍ਹਾਂ ਦੀ ਅਸਫਲਤਾ ਪਿਛੋਂ ਗੁਰੂ ਜੀ ਆਪ ਗਏ ਤੇ ਉਨ੍ਹਾਂ ਨੇ ਗਉੜੀ ਰਾਗ ਵਿਚ ਮੋਹਨ ਜੀ ਨੂੰ ਸੰਬੋਧਨ ਕਰਕੇ ਸ਼ਬਦ[੫] ਉਚਾਰੇ, ਜਿਨ੍ਹਾਂ ਤੋਂ ਪ੍ਰਭਾਵਤ ਹੋ ਕੇ ਮੋਹਨ ਜੀ ਨੇ ਬਾਣੀ ਦੇ ਦਿੱਤੀ।

ਪਰ ਪ੍ਰੋ.ਸਾਹਿਬ ਸਿੰਘ ਦਾ ਮੱਤ ਹੈ ਕਿ ਗੁਰੂ ਸਾਹਿਬਾਨ ਦੀ ਰਚਨਾ, ਗੁਰੂ ਅਰਜਨ ਦੇਵ ਜੀ ਪਾਸ ਗੁਰਿਆਈ ਵਾਂਗ ਸੀਨਾ-ਬ-ਸੀਨਾ ਆ ਗਈ ਸੀ, ਕਿਸੇ ਉਚੇਚੇ ਯਤਨ ਨਾਲ ਕਿਤੋਂ ਮੰਗਵਾਣੀ ਨਹੀਂ ਪਈ। ਬਾਬਾ ਮੋਹਨ ਜੀ ਨੂੰ ਸੰਬੋਧਨ ਕਰਕੇ ਸ਼ਬਦ ਉਚਾਰਨ ਦੀ ਗੱਲ ਵੀ ਪ੍ਰੋ.ਸਾਹਿਬ ਸਿੰਘ ਨੂੰ ਢੁਕਵੀਂ ਨਹੀਂ ਲਗੀ।[੬]

ਇਸ ਤੋਂ ਵੀ ਵਜ਼ਨਦਾਰ ਇਕ ਹੋਰ ਦਲੀਲ ਹੈ ਕਿ ਜਿਸ ਬਾਬਾ ਮੋਹਨ ਜੀ ਨੂੰ ਗੁਰਿਆਈ ਦੇ ਲਾਇਕ ਨਹੀਂ ਸਮਝਿਆ ਜਾਂਦਾ, ਉਸ ਨੂੰ ਗੁਰਬਾਣੀ ਵਰਗਾ ਅਮੋਲਕ ਖ਼ਜ਼ਾਨਾ ਸੰਭਾਲਣ ਦੀ ਜ਼ਿੰਮੇਵਾਰੀ ਕਿਵੇਂ ਮਿਲੀ। ਜੇ ਭਲਾ ਕਿਸੇ ਅਯੋਗ ਢੰਗ ਨਾਲ

---

੧- The Sikh Religion, M.A.Macauliffe, Vol.III, p.55 to 60.

੨- A short History of Sikhs, Teja Singh & Ganda Singh, p.30.

੩- ਗੁਰਮਤਿ ਫਿਲਾਸਫੀ, ਗਿਆਨੀ ਪ੍ਰਤਾਪ ਸਿੰਘ, ਪੰਨਾ ੧੬੦

੪- ਸੂਰਜ ਪ੍ਰਕਾਸ਼, ਕ੍ਰਿਤ ਕਵੀ ਸੰਤੋਖ ਸਿੰਘ, ਬੰਦ ਨੰ:੩੩, ਅੰਕ ੩੫ ਤੋਂ ਬੰਦ ੩੪, ਅੰਕ ੧੨ ਤੱਕ

੫- ੳ- ਮੋਹਨ ਤੇਰੇ ਊਚੇ ਮੰਦਰ ਮਹਲ ਅਪਾਰਾ।।
ਰਾਗ ਗਉੜੀ ਛੰਤ ਮ:੫, ਆਦਿ ਗ੍ਰੰਥ, ਪੰਨਾ ੨੪੮
ਅ- ਮੋਹਨ ਤੇਰੇ ਬਚਨ ਅਨੂਪ ਚਾਲ ਨਿਰਾਲੀ।।
ਰਾਗ ਗਉੜੀ ਛੰਤ ਮ: ੫, ਆਦਿ ਗ੍ਰੰਥ, ਪੰਨਾ ੨੪੮
ੲ- ਮੋਹਨ ਤੁਧੁ ਸਤਿ ਸੰਗਤਿ ਧਿਆਵੈ ਦਰਸ ਧਿਆਨਾ।।
ਰਾਗ ਗਉੜੀ ਛੰਤ ਮ:੫, ਆਦਿ ਗ੍ਰੰਥ, ਪੰਨਾ ੨੪੮
ਸ- ਮੋਹਨ ਤੂੰ ਸੁਫਲੁ ਫਲਿਆ ਸਣੁ ਪਰਵਾਰੇ।।
ਰਾਗ ਗਉੜੀ ਛੰਤ ਮ:੫, ਆਦਿ ਗ੍ਰੰਥ, ਪੰਨਾ ੨੪੮

੬- ਕੁਝ ਹੋਰ ਧਾਰਮਕ ਲੇਖ, ਸਾਹਿਬ ਸਿੰਘ, ਪੰਨਾ ੪੧

ਮੋਹਨ ਜੀ ਨੇ ਗੁਰਬਾਣੀ ਪ੍ਰਾਪਤ ਕਰ ਹੀ ਲਈ ਸੀ, ਫਿਰ ਇਕ ਤਾਂ ਉਸ ਦਾ ਇਸ ਖ਼ਜ਼ਾਨੇ ਨੂੰ ਵਾਪਸ ਕਰਨ ਦਾ ਸੁਆਲ ਹੀ ਨਹੀਂ ਉਠਦਾ ਤੇ ਦੂਜੇ ਗੁਰੂ ਅਰਜਨ ਦੇਵ ਜੀ ਵਰਗੇ ਮਹਾਂਪੁਰਸ਼ ਦਾ ਗੁਰਿਆਈ ਤੋਂ ਵਾਂਜੇ ਗਏ ਮਨੁੱਖ ਨੂੰ ਖੁਸ਼ ਕਰਨ ਲਈ ਗੁਰ ਸ਼ਬਦ ਕਹਿ ਕੇ ਰਚਨਾ ਲੈਣ ਦੀ ਗੱਲ ਅਸੰਭਵ ਜਹੀ ਜਾਪਦੀ ਹੈ।

ਪ੍ਰਿੰ.ਸਾਹਿਬ ਸਿੰਘ ਦੀ ਦਲੀਲ ਨਾਲ ਸਹਿਮਤੀ ਦੇ ਹੱਕ ਵਿਚ ਆਪਣੇ ਵਿਚਾਰ ਦੇਣੇ ਵੀ ਜ਼ਰੂਰੀ ਹਨ। ਸਿੱਖ ਗੁਰੂ ਜੀ ਆਪਣੇ ਜੀਉਂਦੇ ਜੀਅ ਆਪਣਾ ਜਾਨਸ਼ੀਨ ਚੁਣ ਜਾਂਦੇ ਰਹੇ ਹਨ ਤੇ ਉਸ ਜਾਨਸ਼ੀਨ ਨੂੰ ਆਪਣੀ ਥਾਂ ਦੇਣ ਲਈ ਆਪਣੀ ਕੀਮਤੀ ਪੂੰਜੀ 'ਪੋਥੀ' ਦੇ ਕੇ ਲੋੜੀਂਦੇ ਸ਼ਗਨ[3] ਕਰ ਜਾਂਦੇ ਰਹੇ ਹਨ। ਜਿਹਾ ਕਿ ਅੰਤ ਸਮਾਂ ਦੇਖ ਕੇ ਪੰਜ ਪੈਸੇ,[1] ਨਰੇਲ,[2] ਤੇ ਇਕ ਪੋਥੀ ਰੱਖ ਕੇ ਆਪਣੇ ਵਾਰਸ ਗੁਰੂ ਨੂੰ ਮਥਾ ਟੇਕਣਾ। ਇਹ ਪੋਥੀ ਜੋ ਇਕ ਗੁਰੂ ਤੋਂ ਦੂਜੇ ਗੁਰੂ ਜੀ ਪਾਸ ਜਾਂਦੀ ਸੀ, ਉਹ ਅਮੋਲਕ ਰਚਨਾ ਹੀ ਹੁੰਦੀ ਸੀ।

ਆਦਿ ਗ੍ਰੰਥ ਨੂੰ ਧਿਆਨ ਨਾਲ ਪੜ੍ਹੀਏ ਤਾਂ ਇਹ ਸਮਝ ਆਪਣੇ ਆਪ ਹੀ ਆ ਜਾਂਦੀ ਹੈ ਕਿ ਗੁਰੂ ਨਾਨਕ ਦੇਵ ਜੀ ਦੀ ਰਚਨਾ ਗੁਰੂ ਅੰਗਦ ਦੇਵ ਜੀ ਪਾਸ ਸੀ ਤੇ ਇਨ੍ਹਾਂ ਦੁਹਾਂ ਗੁਰੂ ਜੀ ਦੀ ਰਚਨਾ ਗੁਰੂ ਅਮਰਦਾਸ ਜੀ ਪਾਸ ਤੇ ਇਨ੍ਹਾਂ ਤਿੰਨਾਂ ਦੀ ਰਚਨਾ ਗੁਰੂ ਰਾਮਦਾਸ ਜੀ ਪਾਸ ਤੇ ਇਸ ਤੋਂ ਅਗੇ ਚਹੁੰਆਂ ਗੁਰੂਆਂ ਦੀ ਰਚਨਾ ਗੁਰੂ ਅਰਜਨ ਦੇਵ ਜੀ ਪਾਸ ਪੁਜ ਗਈ ਸੀ। ਰਚਨਾ ਵਿਚਲਾ ਸੁਮੇਲ ਇਸ ਦਾ ਪੱਕਾ ਸਬੂਤ ਹੈ, ਜਿਸ ਨੂੰ ਅਸੀਂ ਝੁਠਲਾ ਨਹੀਂ ਸਕਦੇ।

ਮਿਸਾਲ ਦੇ ਤੌਰ ਤੇ ਗੁਰੂ ਨਾਨਕ ਦੇਵ ਜੀ ਨੇ ੧੯ ਰਾਗਾਂ ਵਿਚ ਰਚਨਾ ਕੀਤੀ ਹੈ ਤੇ ਇਨ੍ਹਾਂ ਹੀ ੧੯ ਰਾਗਾਂ ਵਿਚੋਂ ਸਿਰਫ਼ ੨ (ਰਾਗੁ ਤਿਲੰਗ, ਰਾਗੁ ਤੁਖਾਰੀ) ਨੂੰ ਛੱਡ ਕੇ ਬਾਕੀ ਰਾਗਾਂ ਵਿਚ ਗੁਰੂ ਅਮਰਦਾਸ ਜੀ ਨੇ ਰਚਨਾ ਕੀਤੀ। ਗੁਰੂ ਰਾਮਦਾਸ ਜੀ ਨੇ ਗੁਰੂ ਨਾਨਕ ਦੇਵ ਜੀ ਵਾਲੇ ੧੯ ਰਾਗਾਂ ਵਿਚ ੧੧ ਹੋਰ ਵਧਾ ਕੇ ੩੦ ਰਾਗਾਂ ਵਿਚ ਬਾਣੀ ਉਚਾਰੀ ਤੇ ਇਨ੍ਹਾਂ ਹੀ ੩੦ ਰਾਗਾਂ ਵਿਚ ਗੁਰੂ ਅਰਜਨ ਦੇਵ ਜੀ ਨੇ।

ਇਹ ਸੁਮੇਲ ਸੁਭਾਵਕ ਨਹੀਂ, ਜਾਣ ਬੁਝ ਕੇ ਕੀਤਾ ਗਿਆ ਹੈ। ਆਉਣ ਵਾਲੇ

---

੧- ਆਪਣੇ ਵਲੋਂ ਤੁਛ ਭੇਟਾ ਸਮਾਨ।

੨- ਸ਼ਗਨਾਂ ਦਾ ਫਲ ਹੈ, ਜੋ ਅੱਜ ਵੀ ਵਿਆਹ ਸ਼ਾਦੀਆਂ ਸਮੇਂ ਦਿੱਤਾ-ਲਿਆ ਜਾਂਦਾ ਹੈ।

੩- ਨਿਸਚੇ ਹੀ ਇਹ ਪੋਥੀ ਗੁਰੂ ਜੀ ਦੀ ਆਪਣੀ ਰਚਨਾ ਹੁੰਦੀ ਸੀ। ਵਿਸਥਾਰ ਲਈ ਵੇਖੋ:-

ੳ- ਪੋਥੀ ਤੇ ਮਾਲਾ ਗੁਰਗੱਦੀ ਦੇ ਲਾਜ਼ਮੀ ਚਿੰਨ੍ਹ ਸਨ-ਵੇਖੋ ਤਾਰੀਖਿ ਸਿੱਖਾਂ, ਮੁਨਸ਼ੀ ਖੁਸ਼ਵਕਤ ਰਾਏ (ਫਾਰਸੀ), ਪੰਨਾ ੧੧-੧੪

ਅ- 'ਤਿਤੁ ਮਹਿਲ ਸ਼ਬਦ ਹੋਆ ਸੋ ਪੋਥੀ ਜੁਬਾਨਿ ਗੁਰੂ ਅੰਗਦ ਜੋਗ ਮਿਲੀ' ਵੇਖੋ:- ਪੁਰਾਤਨ ਜਨਮ ਸਾਖੀ, ਪੰਨਾ ੧੩੭

ਗੁਰੂ ਜੀ ਆਪਣੇ ਤੋਂ ਪਹਿਲੇ ਗੁਰੂ ਜੀ ਤੋਂ ਰਚਨਾ ਰਾਹੀਂ ਪ੍ਰਭਾਵਤ ਹੁੰਦੇ ਰਹੇ ਹਨ ਕਿਉਂਕਿ ਇਹ ਗਿਆਨ ਸੋਮਾ ਆਪ ਪਾਸ ਲਿਖਤੀ ਜਾਇਦਾਦ ਦੇ ਰੂਪ ਵਿਚ ਸੀ।

ਬਾਣੀ ਵਿਚਲੇ ਸ਼ਬਦਾਂ ਦੇ ਅਰਥ, ਸਲੋਕਾਂ ਤੇ ਸ਼ਬਦਾਂ ਦਾ ਮੇਲ ਅਤੇ ਹੋਰ ਰਚਨਾ ਦਾ ਮੇਲ[1] ਇਕ ਹੋਰ ਸਬੂਤ ਹੈ ਕਿ ਇਹ ਬਾਣੀ ਇਕ ਗੁਰੂ ਤੋਂ ਦੂਜੇ ਪਾਸ ਗੁਰਿਆਈ ਦੀ ਦਾਤ ਦੇ ਨਾਲ ਹੀ ਪੁਜ ਜਾਂਦੀ ਸੀ।

ਜੇ ਮੈਕਾਲਿਫ਼ ਆਦਿ ਦੇ ਆਧਾਰ ਤੇ ਇਹ ਸੋਚੀਏ ਕਿ 'ਮੋਹਨਾ' ਨੂੰ ਸ਼ਬਦ ਤਾਂ ਸੰਬੋਧਨ ਕੀਤੇ ਹੀ ਗਏ, ਫਿਰ ਇਹ ਕਾਹਦੇ ਲਈ ਹਨ। ਤਾਂ ਇਹ ਵੀ ਕੋਈ ਠੋਸ ਸਬੂਤ ਨਹੀਂ ਕਿਉਂਕਿ ਮੋਹਨ ਸ਼ਬਦ ਦੀ ਵਰਤੋਂ (ਪਰਮਾਤਮਾ ਦੇ ਭਾਵ ਵਿਚ) ਗੁਰੂ ਅਰਜਨ ਦੇਵ ਜੀ ਨੇ ਕਈ ਥਾਈਂ ਕੀਤੀ ਹੈ। ਜਿਵੇਂ:-

੧- ਮੈ ਪੇਖਿਓ ਰੀ ਊਚਾ ਮੋਹਨੁ ਸਭ ਤੇ ਊਚਾ।।[2]

੨- ਮੋਹਨ ਨੀਂਦ ਨ ਆਵੈ ਹਾਵੈ ਹਾਰ ਕਜਰ ਬਸਤ੍ਰ ਅਭਰਨ ਕੀਨੇ।।
ਉਡੀਨੀ ਉਡੀਨੀ ਉਡੀਨੀ।। ਕਬ ਘਰਿ ਆਵੈਰੀ।। ਰਹਾਉ।।
--- --- ---
ਮੋਹਨ ਰੂਪੁ ਦਿਖਾਵੈ।। ਅਬ ਮੋਹਿ ਨੀਦ ਸੁਹਾਵੈ।।[3]

ਸੋ ਇਸ ਸਬੰਧ ਵਿਚ ਹੋਰ ਕਹਿਣਾ ਵਿਸਥਾਰ ਵਿਚ ਜਾਣ ਦੇ ਤੁਲ ਹੀ ਹੋਵੇਗਾ ਕਿਉਂਕਿ ਗੁਰੂ ਗ੍ਰੰਥ ਸਾਹਿਬ ਨੂੰ ਵਿਚਾਰਨ ਵਾਲੇ ਵਿਦਵਾਨ ਪਾਠਕ ਜਾਣਦੇ ਹਨ ਕਿ ਗੁਰੂ ਸਾਹਿਬਾਨ ਦੀ ਰਚਨਾ ਵਿਚ ਆਪਸੀ ਸਾਂਝ ਕਿੰਨੀ ਜ਼ਿਆਦਾ ਹੈ। ਸਿਰੀ ਰਾਗੁ ਵਿਚ ਗੁਰੂ ਨਾਨਕ ਦੇਵ ਜੀ ਨੇ 'ਪਹਿਰੇ' ਲਿਖੇ, ਇਸੇ ਵਿਚ ਗੁਰੂ ਰਾਮਦਾਸ ਜੀ ਤੇ ਗੁਰੂ ਅਰਜਨ ਦੇਵ ਜੀ ਨੇ ਵੀ 'ਪਹਿਰਿਆਂ' ਦੀ ਰਚਨਾ ਕੀਤੀ। ਰਾਗੁ ਸੂਹੀ ਵਿਚ

---

੧- ੳ- ਰਾਗੁ ਆਸਾ ਵਿਚ ਗੁਰੂ ਨਾਨਕ ਦੇਵ ਜੀ ਨੇ ਪੱਟੀ ਲਿਖੀ ਤੇ ਇਸੇ ਰਾਗ ਵਿਚ ਗੁਰੂ ਅਮਰਦਾਸ ਜੀ ਨੇ ਪੱਟੀ ਲਿਖੀ।
ਅ- ਰਾਗੁ ਗਉੜੀ ਵਿਚ ਕਬੀਰ ਜੀ ਨੇ ਬਾਵਨ ਅਖਰੀ ਲਿਖੀ ਤੇ ਇਸੇ ਰਾਗ ਵਿਚ ਗੁਰੂ ਅਰਜਨ ਦੇਵ ਜੀ ਨੇ ਬਾਵਨ ਅਖਰੀ ਲਿਖੀ।
ੲ- ਰਾਗੁ ਰਾਮਕਲੀ ਵਿਚ ਗੁਰੂ ਨਾਨਕ ਦੇਵ ਜੀ ਨੇ 'ਸਿਧ ਗੋਸ਼ਟ' (ਲੰਬੀ ਰਚਨਾ) ਰਚੀ ਅਤੇ ਇਸੇ ਰਾਗ ਵਿਚ ਗੁਰੂ ਅਮਰਦਾਸ ਜੀ ਨੇ ਆਪਣੀ ਲੰਬੀ ਰਚਨਾ 'ਅਨੰਦ' ਲਿਖੀ।
ਸ- ਰਾਗੁ ਰਾਮਕਲੀ ਵਿਚ ਗੁਰੂ ਅਮਰਦਾਸ ਜੀ ਤੇ ਗੁਰੂ ਅਰਜਨ ਦੇਵ ਜੀ ਦੋਹਾਂ ਨੇ ਵਾਰਾਂ ਲਿਖੀਆਂ ਹਨ।
ਹ- ਰਾਗੁ ਗਉੜੀ ਵਿਚ ਗੁਰੂ ਰਾਮਦਾਸ ਜੀ ਤੇ ਗੁਰੂ ਅਰਜਨ ਦੇਵ ਜੀ ਦੋਹਾਂ ਨੇ ਹੀ ਵਾਰਾਂ ਲਿਖੀਆਂ।
ਕ- ਰਾਗੁ ਗੂਜਰੀ ਵਿਚ ਗੁਰੂ ਅਮਰਦਾਸ ਜੀ ਤੇ ਗੁਰੂ ਅਰਜਨ ਦੇਵ ਜੀ ਦੋਹਾਂ ਨੇ ਹੀ ਵਾਰਾਂ ਲਿਖੀਆਂ।

੨- ਦੇਵਗੰਧਾਰੀ ਮ:੫, ਆਦਿ ਗ੍ਰੰਥ, ਪੰਨਾ ੫੩੪

੩- ਬਿਲਾਵਲ ਮ:੫, ਆਦਿ ਗ੍ਰੰਥ, ਪੰਨਾ ੮੩੦

ਗੁਰੂ ਨਾਨਕ ਦੇਵ ਜੀ ਨੇ 'ਕੁਚੱਜੀ', 'ਸੁਚੱਜੀ' ਦੀ ਰਚਨਾ ਕੀਤੀ ਤੇ ਇਸੇ ਰਾਗ ਵਿਚ ਗੁਰੂ ਅਰਜਨ ਦੇਵ ਜੀਨੇ 'ਗੁਣਵੰਤੀ' ਦੀ ਰਚਨਾ ਕੀਤੀ। ਅਜਿਹੇ ਅਨੇਕਾਂ ਸਬੂਤ ਹਨ ਕਿ ਗੁਰੂ ਜੀ ਨੂੰ ਗੁਰਬਾਣੀ ਵਿਰਸੇ ਵਿਚ ਮਿਲਦੀ ਰਹੀ। ਵਿਸ਼ੇ ਵਿਚ ਵੀ ਸਾਂਝ ਏਨੀ ਜ਼ਿਆਦਾ ਹੈ ਕਿ ਆਪ ਜੀ ਦੀ ਰਚਨਾ ਪਾਠਕਾਂ ਲਈ ਨਿਖੇੜਨੀ ਅਸੰਭਵ ਹੋ ਜਾਂਦੀ ਜੇ ਸਿਆਣੇ ਸੰਪਾਦਕ (ਗੁਰੂ) ਜੀ ਹਰ ਇਕ ਗੁਰੂ ਜੀ ਦੀ ਰਚਨਾ ਉਪਰ ਕਰਮਵਾਰ ਮਹਲਾ ੧, ਮਹਲਾ ੨,----ਆਦਿ ਨਾ ਲਿਖਦੇ।

ਭਗਤਾਂ ਦੀ ਬਾਣੀ ਜ਼ਿਆਦਾ ਤਰ ਤਾਂ ਗੁਰੂ ਨਾਨਕ ਦੇਵ ਜੀਨੇ ਇਕਤਰ ਕਰ ਲਈਸੀ। ਬਾਬਾ ਫਰੀਦ, ਭਗਤ ਕਬੀਰ, ਨਾਮਦੇਵ, ਜੈਦੇਵ, ਤ੍ਰਿਲੋਚਨ ਆਦਿ ਭਗਤਾਂ ਦੀ ਬਾਣੀ ਗੁਰੂ ਨਾਨਕ ਦੇਵ ਜੀ ਦੀ ਮਿਹਨਤ ਨਾਲ ਇਕੱਤਰ ਹੋਈ, ਇਸ ਦੇ ਅਨੇਕਾਂ ਸਬੂਤ ਗੁਰੂ ਗ੍ਰੰਥ ਸਾਹਿਬ ਵਿਚੋਂ ਹੀ ਮਿਲ ਜਾਂਦੇ ਹਨ, ਪਰ ਇਕ ਵੱਡਾ ਸਬੂਤ ਇਹ ਹੈ ਕਿ ਗੁਰੂ ਨਾਨਕ ਦੇਵ ਜੀ ਨੇ ਬਾਬਾ ਫਰੀਦ ਜੀ ਦੇ ਸਲੋਕਾਂ ਦੇ ਉਤਰ ਵਿਚ ਸਲੋਕ ਰਚੇ ਹਨ। ਗੁਰੂ ਅਮਰਦਾਸ ਜੀ, ਗੁਰੂ ਰਾਮਦਾਸ ਜੀ ਅਤੇ ਗੁਰੂ ਅਰਜਨ ਦੇਵ ਜੀ ਨੇ ਵੀ ਭਗਤ ਕਬੀਰ ਤੇ ਬਾਬਾ ਫਰੀਦ ਦੇ ਸਲੋਕਾਂ ਨਾਲ ਆਪਣੇ ਵਿਚਾਰ ਦਸੇ ਹਨ।[1]

ਕੁਝ ਭਗਤਾਂ ਦੀ ਰਚਨਾ ਗੁਰੂ ਅਰਜਨ ਦੇਵ ਜੀ ਨੇ ਭਾਈ ਗੁਰਦਾਸ ਜੀ ਤੇ ਭਾਈ ਬੁੱਢਾ ਜੀ ਨੂੰ ਪੰਜਾਬ ਤੋਂ ਬਾਹਰ ਭੇਜਕੇ, ਜਿਥੋਂ ਕਿਤੋਂ ਮਿਲੀ ਮੰਗਵਾਈ। ਨਾਲ ਹੀ ਆਪ ਜੀ ਨੇ ਭਾਰਤ ਭਰ ਵਿਚੋਂ ਸਾਰੇ ਨਾਮੀ ਹਿੰਦੂ ਤੇ ਮੁਸਲਮਾਨ ਵਿਦਵਾਨ ਸਦੇ ਤਾਂ ਕਿ ਜੋ ਗ੍ਰੰਥ ਸੰਪਾਦ ਹੋ ਰਿਹਾ ਹੈ, ਉਸ ਲਈ ਵੱਧ ਤੋਂ ਵੱਧ ਰਚਨਾਵਾਂ ਮਿਲ ਸਕਣ। ਆਏ ਵਿਦਵਾਨਾਂ ਨੇ ਆਪਣੀਆਂ ਰਚਨਾਵਾਂ ਦਸੀਆਂ। ਜੋ ਰਚਨਾਵਾਂ ਗੁਰੂ ਆਸ਼ੇ ਦੇ ਅਨੁਕੂਲ ਸਨ ਤੇ ਸਿੱਖ ਗੁਰੂਆਂ ਦੀ ਸਿਖਿਆ ਦੇ ਵਿਰੁੱਧ ਨਹੀਂ ਸਨ; ਉਹ ਸਭ ਇਸ ਗ੍ਰੰਥ ਵਿਚ ਸ਼ਾਮਲ ਕਰ ਲਈਆਂ ਗਈਆਂ।[2]

ਭਗਤਾਂ ਦੀ ਰਚਨਾ ਇਸ ਗ੍ਰੰਥ ਵਿਚ ਸ਼ਾਮਲ ਕਰਨ ਦਾ ਗੁਰੂ ਸਾਹਿਬ ਦਾ

---

੧- ੳ-ਸਾਹੁਰੇ ਪੇਈਐ ਕੰਤ ਕੀ ਕੰਤੁ ਅਗੰਮੁ ਅਥਾਹੁ।।
ਨਾਨਕ ਸੋ ਸੋਹਾਗਣੀ ਜੁ ਭਾਵੈ ਬੇਪਰਵਾਹ।।੩੨।।
ਮ:੧,(ਸਲੋਕ ਫਰੀਦ)ਆਦਿ ਗ੍ਰੰਥ, ਪੰਨਾ ੧੩੭੯
ਅ-ਦਾਤੀ ਸਾਹਿਬ ਸੰਦੀਆ ਕਿਆ ਚਲੈ ਤਿਸੁ ਨਾਲਿ।।੧੧੩।।ਮ:੧, ਸਲੋਕ ੧੧੩
ੲ-ਤਨੁ ਨ ਤਪਾਇ ਤਨੂਰ ਜਿਉ ਬਾਲਣੁ ਹਡ ਨ ਬਾਲਿ।।੧੨੦।।ਮ:੧
ਸ-ਕਿਆ ਹੰਸ ਕਿਆ ਬਗੁਲਾ ਜਾਕਉ ਨਦਰਿ ਧਰੇ।।
ਜੇ ਤਿਸੁ ਭਾਵੈ ਨਾਨਕਾ ਕਾਗਹੁ ਹੰਸੁ ਕਰੇ।੧੨੪।।ਮ:੧
(ਸਲੋਕ ਫਰੀਦ)ਆਦਿ ਗ੍ਰੰਥ, ਪੰਨਾ ੧੩੮੪
ਹ-ਚਿੰਤਾ ਭੀ ਆਪਿ ਕਰਾਇਸੀ ਅਚਿੰਤੁ ਭਿ ਆਪੇ ਦੇਇ।੨੨੦।।ਮ:੩
ਕ- ਕਬੀਰ ਰਾਮੁ ਨ ਚੇਤਿਓ ਫਿਰਿਆ ਲਾਲਚ ਮਾਹਿ।।੨੨੧।।ਮ:੫ ਆਦਿ ਗ੍ਰੰਥ ਪੰਨਾ ੧੩੭੬

੨- ਜਿਨ੍ਹਾਂ ਵਿਚ ਅਖਉਤੀ ਨੀਵੀਂ ਜ਼ਾਤ ਦੇ ਭਗਤ ਸ਼ਾਮਲ ਸਨ-ਨਾਮਦੇਵ(ਛੀਂਬਾ), ਸਧਨਾ(ਕਸਾਈ),ਕਬੀਰ(ਜੁਲਾਹਾ)ਆਦਿ ਨੂੰ (ਬਾਦਸ਼ਾਹ)ਭਗਤ ਪੀਪਾ ਦੇ ਬਰਾਬਰ ਖੜਾ ਕੀਤਾ।

ਮਨੋਰਥ ਇਹ ਸੀ ਕਿ ਉਹ ਸੰਸਾਰ ਨੂੰ ਦਸ ਸਕਣ ਕਿ ਸਿੱਖ ਧਰਮ ਵਿਚ ਤੰਗ ਦਿਲੀ ਜ਼ਰਾ ਵੀ ਨਹੀਂ। ਹਰ ਭਗਤ ਚਾਹੇ ਕਿਸੇ ਵੀ ਧਰਮ ਦਾ, ਕਿਸੇ ਵੀ ਜ਼ਾਤ ਦਾ ਹੋ, ਸਨਮਾਨ ਦਾ ਪਾਤਰ ਹੈ।[੧]

ਕਈ ਗੁਰੂ ਜੀ ਦੇ ਸਮਕਾਲੀ ਭਗਤ ਸਨ।[੨] ਜਿਨ੍ਹਾਂ ਦੀ ਰਚਨਾ ਆਪ ਜੀ ਨੇ ਆਦਿ ਗ੍ਰੰਥ ਵਿਚ ਸ਼ਾਮਲ ਨਹੀਂ ਕੀਤੀ। ਇਸ ਦਾ ਕਾਰਨ ਇਹ ਹੈ ਕਿ ਇਨ੍ਹਾਂ ਦੀ ਰਚਨਾ ਗੁਰੂ ਜੀ ਨੂੰ ਗੁਰੂ ਆਸ਼ੇ ਦੇ ਅਨੁਕੂਲ ਨਹੀਂ ਲੱਗੀ। ਭਗਤ ਕਾਹਨਾ, ਛੱਜੂ, ਪੀਲੂ ਤੇ ਸ਼ਾਹ ਹੁਸੈਨ ਲਾਹੌਰ ਦੇ ਪ੍ਰਸਿਧ ਭਗਤ ਸਨ। ਕਿਹਾ ਜਾਂਦਾ ਹੈ ਕਿ ਇਹ ਵੀ ਚਾਰੇ ਆਪਣੀ ਰਚਨਾ ਲੈ ਕੇ ਗੁਰੂ ਸਾਹਿਬ ਪਾਸ ਪੁੱਜੇ। ਪਰ ਗੁਰੂ ਜੀ ਨੇ ਇਨ੍ਹਾਂ ਦੀ ਰਚਨਾ ਅਸਵੀਕਾਰ ਕਰ ਦਿੱਤੀ। ਇਸ ਦਾ ਕਾਰਨ ਇਹ ਸੀ ਕਿ ਇਨ੍ਹਾਂ ਰਚਨਾਵਾਂ ਵਿਚਲੀ ਸਿਖਿਆ ਸਿੱਖ ਵਿਚਾਰਧਾਰਾ ਦੇ ਅਨੁਕੂਲ ਨਹੀਂ ਸੀ।[੩] ਕਾਹਨਾਂ ਨੇ ਆਪਣੇ ਆਪ ਨੂੰ ਪਰਮਾਤਮਾ ਆਖਿਆ ਸੀ, ਛੱਜੂ ਨੇ ਇਸਤ੍ਰੀ ਦੀ ਨਿੰਦਾ ਕੀਤੀ ਸੀ। ਪੀਲੂ ਤੇ ਸ਼ਾਹ ਹੁਸੈਨ ਵਿਚ ਨਿਰਾਸ਼ਾਵਾਦ ਸੀ।[੪]

ਸ੍ਰੀ ਗੁਰੂ ਗ੍ਰੰਥ ਸਾਹਿਬ ਲਈ ਜੋ ਭਗਤਾਂ ਦੀ ਚੋਣ ਹੋਈ ਉਹ 'ਅਨੰਦ ਰੂਪ' ਵਾਲੇ ਮਹਾਂ ਪੁਰਖਾਂ ਦੀ ਸੀ। ਉਹ ਬਾਕੀ ਦੇ ਪੰਡਿਤ 'ਬੀੜ' ਵਿਚ ਦਰਜ ਨਹੀਂ ਹੋ ਸਕੇ, ਜਿਨ੍ਹਾਂ ਦੀ ਦ੍ਰਿਸ਼ਟੀ ਇਲਮ ਦੇ ਬੋਝ ਹੇਠ ਦੱਬੀ ਹੋ ਗਈ ਸੀ ਭਾਵੇਂ ਗੱਲਾਂ ਉਹ ਸਿਧਾਂਤਕ ਕਰਦੇ ਸਨ।[੫]

ਇਸ ਤੋਂ ਇਲਾਵਾ ੧੧ ਭੱਟਾਂ ਦੀ ਰਚਨਾ ਆਦਿ ਗ੍ਰੰਥ ਵਿਚ ਸ਼ਾਮਲ ਕੀਤੀ ਗਈ। ਇਹ ਭੱਟ ਗੁਰੂ ਮਹਿਮਾ ਸੁਣ ਕੇ ਗੁਰਦਰਬਾਰ ਵਿਚ ਆਏ ਸਨ। ਇਨ੍ਹਾਂ ਨੇ ਆ ਕੇ ਪਰਮਾਤਮਾ ਦੀ ਉਸਤਤ ਵਿਚ ਸਵਯੇ ਲਿਖੇ, ਜੋ ਗੁਰੂ ਅਰਜਨ ਦੇਵ ਜੀ ਨੇ ਆਦਿ ਗ੍ਰੰਥ ਵਿਚ ਰਾਗਾਂ ਦੇ ਅਖੀਰ ਤੇ ਫੁਟਕਲ ਬਾਣੀ ਵਿਚ ਦਰਜ ਕਰ ਲਏ।

ਭੱਟਾਂ ਦੇ ਸਵਯਾਂ ਬਾਰੇ ਮੈਕਾਲਿਫ ਲਿਖਦਾ ਹੈ-'ਕਈ ਭੱਟ ਲੋਕਾਂ ਨੇ ਸਿੱਖ ਧਰਮ ਅਪਣਾ ਲਿਆ ਹੋਇਆ ਸੀ। ਉਹ ਸਭ ਗੁਰੂ ਜੀ ਦੇ ਹਜ਼ੂਰ ਆਏ। ਉਨ੍ਹਾਂ ਨੇ ਗੁਰੂ ਸਾਹਿਬਾਨ ਦੀ ਉਸਤਤੀ ਕੀਤੀ। ਗੁਰੂ ਜੀ ਨੇ ਉਨ੍ਹਾਂ ਦੀਆਂ ਬਾਣੀਆਂ ਨੂੰ ਪਵਿਤਰ

---

੧- The Sikh Religion, M.A.Macauliffe, Vol.III, p.61.

੨- ਕੁਝ ਭਗਤਾਂ ਦੇ ਨਾਂ ਇਹ ਹਨ-ਅਨੰਦ ਘਨ, ਸਾਧੂ ਜਨ, ਦਾਦੂ ਦਿਆਲ(੧੫੫੪), ਰਜਬ (੧੫੩੯-੯੯), ਸੁੰਦਰ ਦਾਸ(੧੫੯੭)ਆਦਿ।

੩- ਵਿਸਥਾਰ ਲਈ ਵੇਖੋ-ਗੁਰ ਬਿਲਾਸ ਪਾਤਸ਼ਾਹੀ ਛੇਵੀਂ, ਤ੍ਰਿਤੀਆ ਧਿਆਇ, ਅੰਕ ੩੩੧-੩੪੧

੪- The Sikh Religion, M.A.Macauliffe, Vol.III, p.62-63.

੫- ਕਲਮ ਦੀ ਕਰਾਮਾਤ, ਡਾ. ਬਲਬੀਰ ਸਿੰਘ, ਪੰਨਾ੧੦੯

ਸਮਝ ਕੇ ਇਸ ਗ੍ਰੰਥ ਵਿਚ ਸਥਾਨ ਦਿੱਤਾ।[1]

ਮੈਕਾਲਿਫ ਨੂੰ ਇਹ ਸਮਝਣ ਵਿਚ ਭੁਲੇਖਾ ਲਗਾ ਹੈ ਕਿ ਭੱਟਾਂ ਦੀ ਰਚਨਾ ਦਾ ਵਿਸ਼ਾ ਕੀ ਹੈ। ਜੇ ਉਹ ਠੀਕ ਸਮਝਦਾ ਤਾਂ ਇੰਨੀ ਵੱਡੀ ਗਲਤੀ ਦੀ ਗੁੰਜਾਇਸ਼ ਨਹੀਂ ਰਹਿਣੀ ਸੀ, ਪਰ ਇਸ ਵਿਚ ਕਸੂਰ ਮੈਕਾਲਿਫ ਦਾ ਨਹੀਂ ਕਿਉਂਕਿ ਉਹ ਇਕ ਗ਼ੈਰ ਸਿੱਖ ਤੇ ਗ਼ੈਰ ਪੰਜਾਬੀ ਸੀ; ਜੋ ਭੱਟਾਂ ਦੀ ਰਚਨਾ ਨੂੰ ਪੂਰੀ ਤਰ੍ਹਾਂ ਸਮਝ ਨਹੀਂ ਸਕੇ ਕਿ ਭੱਟਾਂ ਨੇ ਪਰਮਾਤਮਾ ਦੀ ਉਸਤਤ ਕੀਤੀ ਹੈ ਅਤੇ ਸਾਧਨ ਗੁਰੂ ਸਾਹਿਬਾਨ ਨੂੰ ਬਣਾਇਆ ਹੈ। ਉਂਜ ਮੈਕਾਲਿਫ[2] ਗੁਰੂ ਸਾਹਿਬਾਨ ਦੀ ਰਚਨਾ ਵਿਚਲੀ ਵਿਦਵੱਤਾ ਦਾ ਸਿੱਕਾ ਮੰਨਦਾ[3], ਉਹ ਲਿਖਦਾ ਹੈ:-

---

੧- The Sikh Religion, M.A.Macauliffe, Vol.III, p.64.

੨- ਆਇਰ ਲੈਂਡ ਦੇ ਇਸ ਵਿਦਵਾਨ ਪੁਰਖ ਦਾ ਜਨਮ ੨੯ ਸਤੰਬਰ, ੧੮੩੭ ਵਿਚ ਹੋਇਆ। ੧੮੬੪ ਵਿਚ ਆਪ ਪੰਜਾਬ ਵਿਚ ਨਿਯੁਕਤ ਹੋ ਕੇ ਆਏ। ੧੮੮੨ ਤੱਕ ਆਪ ਡੀ.ਸੀ.ਦੇ ਗਰੇਡ ਤੱਕ ਪੁੱਜ ਗਏ ਤੇ ੧੮੮੪ ਤੱਕ ਡਵੀਜ਼ਨਲ ਜੱਜ ਬਣ ਗਏ। ਇਸੇ ਦੌਰਾਨ ਆਪ ਵਿਚ ਪ੍ਰੋ.ਗੁਰਮੁਖ ਸਿੰਘ (ਓਰੀਐਂਟਲ ਕਾਲਜ, ਲਾਹੌਰ) ਦੀ ਸੰਗਤ ਨਾਲ ਸਿੱਖ ਧਰਮ ਪ੍ਰਤੀ ਪ੍ਰੇਮ ਜਾਗਿਆ। ਆਪ ਨੇ ਡਾ.ਟ੍ਰੰਪ ਦਾ ਆਦਿ ਗ੍ਰੰਥ ਦਾ ਅਸ਼ੁੱਧ ਅੰਗ੍ਰੇਜ਼ੀ ਤਰਜਮਾ ਵੇਖਿਆ ਹੋਇਆ ਸੀ। ਇਸ ਗਲ ਨੇ ਆਪ ਦੇ ਮਨ ਵਿਚ ਹੋਰ ਵੀ ਉਤਸੁਕਤਾ ਜਗਾਈ ਕਿ 'ਉਹ ਕਿਸੇ ਢੰਗ ਨਾਲ ਆਦਿ ਗ੍ਰੰਥ ਦੀ ਕੋਈ ਸੇਵਾ ਕਰ ਸਕੇ।' ਆਪਣੀ ਖ਼ਾਹਸ਼ ਆਪ ਨੇ ਮਹਾਰਾਜਾ ਹੀਰਾ ਸਿੰਘ ਨਾਭਾ ਪਾਸ ਜ਼ਾਹਰ ਕੀਤੀ, ਜੋ ਮੰਨ ਲਈ ਗਈ ਤੇ ਭਾਈ ਕਾਨ੍ਹ ਸਿੰਘ ਨਾਭਾ ਦੀ ਡੀਊਟੀ ਲਗ ਗਈ ਤੇ ਉਹ ਸਰਦੀਆਂ ਵਿਚ ਨਾਭੇ ਤੇ ਗਰਮੀਆਂ ਵਿਚ ਪਹਾੜ ਤੇ ਰਹਿ ਕੇ ਗੁਰੂ ਗ੍ਰੰਥ ਸਾਹਿਬ ਦਾ ਅਧਿਅਨ ਕਰਨ ਲਗੇ।

੧੮੯੩ ਵਿਚ ਆਪ ਨੇ ਸਰਕਾਰੀ ਨੌਕਰੀ ਤਿਆਗ ਕੇ ਆਪਣਾ ਸਾਰਾ ਸਮਾਂ ਗੁਰਮਤ ਸਾਹਿੱਤ ਦੇ ਪੜ੍ਹਨ ਵਿਚ ਲਗਾ ਦਿੱਤਾ। ਇਉਂ ਲਗ ਪਗ ੧੬ ਸਾਲ ਦੀ ਮਿਹਨਤ ਮਗਰੋਂ ਮੈਕਾਲਿਫ ਸਾਹਿਬ ਨੇ ੧੯੦੭ ਵਿਚ ਆਪਣੀ ਪੁਸਤਕ 'ਸਿੱਖ ਧਰਮ' (ਅੰਗ੍ਰੇਜ਼ੀ ਵਿਚ) ੬ ਭਾਗਾਂ ਵਿਚ ਲੰਡਨ ਤੋਂ ਪ੍ਰਕਾਸ਼ਤ ਕੀਤੀ ਤੇ ਸ਼ੁਕਰਾਨੇ ਵਜੋਂ ਇਸ ਦੇ ਹੱਕ ਭਾਈ ਕਾਨ੍ਹ ਸਿੰਘ ਨਾਭਾ ਨੂੰ ਹੀ ਸੌਂਪ ਦਿੱਤੇ। ਇਸ ਸਾਰੇ ਕੰਮ ਤੇ ਆਪ ਦਾ ਕੋਈ ਦੋ ਲਖ ਰੁਪਿਆ ਲਗ ਗਿਆ। ਪੁਸਤਕਾਂ ਖਰੀਦਣ ਲਈ ਪੰਜਾਬ ਸਰਕਾਰ ਨੇ ਪੇਸ਼ਗੀ ੫੦੦੦/- ਰੁਪਏ ਆਪ ਨੂੰ ਦੇਣੇ ਚਾਹੇ, ਜੋ ਆਪ ਨੇ ਨਹੀਂ ਲਏ। ਜਦੋਂ ਇਹ ਰਚਨਾ ਤਿਆਰ ਹੋ ਗਈ, ਤਦ ਫ਼ਿਰ ਪੰਜਾਬ ਸਰਕਾਰ ਨੇ ਆਪਣੀ ੫੦੦੦/- ਵਾਲੀ ਮੱਦਦ ਦੁਹਰਾਈ ਜਿਸ ਨੂੰ ਮੈਕਾਲਿਫ ਸਾਹਿਬ ਨੇ ਫਿਰ ਅਪ੍ਰਵਾਨ ਕਰ ਦਿਤਾ। ਕਿਉਂਕਿ ਆਪ ਦੇ ਮਨ ਵਿਚ ਇਹ ਵਿਚਾਰ ਸਨ ਕਿ ਇਕ ਤਾਂ ਇਸ ਥੋੜ੍ਹੀ ਜਿਹੀ ਰਕਮ ਨਾਲ ਆਪ ਨੂੰ ਕੋਈ ਖ਼ਾਸ ਆਰਥਕ ਲਾਭ ਨਹੀਂ ਹੋਣਾ, ਦੂਜਾ ਏਨੀ ਕੁ ਰਕਮ ਲੈ ਕੇ ਆਪ ਸਿੱਖਾਂ ਤੇ ਆਮ ਜਨਤਾ ਵਿਚ ਗਿਰਨਾ ਨਹੀਂ ਸੀ ਚਾਹੁੰਦੇ ਕਿ ਇਹ ਸੇਵਾ ਕਿਸੇ ਆਰਥਕ ਲਾਭ ਲਈ ਕੀਤੀ ਹੈ।

ਸਿੱਖ ਧਰਮ ਦੇ ਇਸ ਖੋਜੀ ਦਾ ਦਿਹਾਂਤ ੧੫ਮਾਰਚ, ੧੯੧੩ ਵਿਚ ਹੋਇਆ।

ਅਜਿਹਾ ਕੋਈ ਵਿਅਕਤੀ ਬੜੀ ਮੁਸ਼ਕਲ ਨਾਲ ਮਿਲਦਾ ਹੈ ਜੋ ਸਿੱਖ ਧਰਮ ਦੇ ਗ੍ਰੰਥ ਦਾ ਸੁਧ ਅਨੁਵਾਦ ਕਰ ਸਕਦਾ ਹੋਵੇ। ਜੇ ਸੰਸਕ੍ਰਿਤ ਦਾ ਪੰਡਤ ਮਿਲੇਗਾ ਤਾਂ ਉਸ ਨੂੰ ਫਾਰਸੀ ਤੇ ਅਰਬੀ ਨਹੀਂ ਆਉਂਦੀ, ਜੇ ਫਾਰਸੀ, ਅਰਬੀ ਦਾ ਆਲਿਮ ਮਿਲ ਜਾਵੇ ਤਾਂ ਉਸ ਨੂੰ ਸੰਸਕ੍ਰਿਤ ਦੇ ਸ਼ਬਦਾਂ ਦੀ ਜਾਣਕਾਰੀ ਨਹੀਂ ਹੁੰਦੀ। ਜੋ ਹਿੰਦੀ ਜਾਣਦਾ ਹੈ, ਉਸ ਨੂੰ ਮਰਾਠੀ ਨਹੀਂ ਆਉਂਦੀ ਤੇ ਜੋ ਮਰਾਠੀ ਜਾਣਦਾ ਹੈ, ਉਸ ਨੂੰ ਪੰਜਾਬੀ ਤੇ ਮੁਲਤਾਨੀ ਦੇ ਸ਼ਬਦਾਂ ਨਾਲ ਵਾਕਫੀ ਨਹੀਂ ਹੁੰਦੀ।[੧]

ਜਿਹਾ ਕਿ ਪਾਠਕ ਜਾਣਦੇ ਹਨ ਕਿ ਸੰਪਾਦਕ ਗੁਰੂ ਅਰਜਨ ਦੇਵ ਜੀ ਦੀ ਰਚਨਾ ਆਦਿ ਗ੍ਰੰਥ ਵਿਚ ਸਭ ਤੋਂ ਜ਼ਿਆਦਾ ਹੈ, ਇਵੇਂ ਇਹ ਗੱਲ ਵੀ ਠੀਕ ਹੈ ਕਿ ਗੁਰੂ ਅਰਜਨ ਦੀ ਰਚਨਾ ਵਿਚੋਂ ਕਈ ਭਾਸ਼ਾਵਾਂ ਨਾਲ ਵਾਕਫੀ ਹੁੰਦੀ ਹੈ,ਜਿਹਾ ਕਿ-ਠੇਠ ਪੰਜਾਬੀ, ਲਹਿੰਦੀ ਪੰਜਾਬੀ, ਹਿੰਦੀ, ਸੰਸਕ੍ਰਿਤ, ਅਪਭ੍ਰੰਸ਼, ਸਹਸਕ੍ਰਿਤੀ(ਪ੍ਰਾਕ੍ਰਿਤ) ਫਾਰਸੀ, ਬ੍ਰਜਭਾਸ਼ਾ, ਸਿੰਧੀ, ਅਰਬੀ, ਸਾਧੁਕੜੀ ਆਦਿ। ਜਿਸ ਤੋਂ ਸਾਫ ਜ਼ਾਹਰ ਹੁੰਦਾ ਹੈ ਕਿ ਗੁਰੂ ਜੀ ਇਕ ਮਹਾਨ ਵਿਦਵਾਨ ਕਵੀ ਸਨ। ਪ੍ਰੋ.ਸੀਤਾ ਰਾਮ ਬਾਹਰੀ ਗੁਰੂ ਅਰਜਨ ਦੇਵ ਜੀ ਦੇ ਬਾਰੇ ਲਿਖਦੇ ਹਨ,'ਜਦੋਂ ਕਦੀ ਭਾਰਤ ਵਿਚ ਜਨਤਾ-ਵਾਦ ਪੂਰੀ ਤਰ੍ਹਾਂ ਆਏਗਾ ਤਾਂ ਜਿਹੜੀ ਬੋਲੀ, ਇਥੇ ਹੋਵੇਗੀ ਉਹ ਗੁਰੂ ਅਰਜਨ ਦੀ ਬੋਲੀ ਹੀ ਹੋਵੇਗੀ।[੨]

ਗੁਰੂ ਮਹਾਰਾਜ ਜੀ ਤੇ ਹੋਰ ਜਿਨ੍ਹਾਂ ਮਹਾਂਪੁਰਸ਼ਾਂ ਦੀ ਰਚਨਾ ਆਦਿ ਗ੍ਰੰਥ ਵਿਚ ਸ਼ਾਮਲ ਕੀਤੀ ਗਈ,ਉਸ ਦਾ ਵੇਰਵਾ ਇਸ ਪ੍ਰਕਾਰ ਹੈ:-

| ਨਾਮ | ਜਨਮ,ਜ਼ਾਤ ਤੇ ਪ੍ਰਾਂਤ | | | ਹਚਨਾ(ਪਦਿਆਂ ਵਿਚ) |
|---|---|---|---|---|
| ੧- ਗੁਰੂ ਨਾਨਕ ਦੇਵ | ੧੪੬੯-੧੫੩੯ | ਖਤਰੀ | (ਪੰਜਾਬ) | ੯੭੪ |
| ੨- ਗੁਰੂ ਅੰਗਦ ਦੇਵ | ੧੫੦੪-੧੫੫੨ | " | " | ੬੨ |
| ੩- ਗੁਰੂ ਅਮਰਦਾਸ | ੧੪੭੯-੧੫੭੪ | " | " | ੯੦੭ |
| ੪- ਗੁਰੂ ਰਾਮਦਾਸ | ੧੫੩੪-੧੫੮੧ | " | " | ੬੭੯ |
| ੫- ਗੁਰੂ ਅਰਜਨ ਦੇਵ | ੧੫੬੩-੧੬੦੬ | " | " | ੨੨੧੮ |
| | | | | ੪੮੪੦ |
| **ਭਗਤ ਜਨ** | | | | |
| ੧- ਸ਼ੇਖ ਫਰੀਦ | ੧੧੭੩-੧੨੬੬ | ਸਯਦ ਮੁਸਲਮਾਨ | (ਪੰਜਾਬ) | ੧੩੪ |
| ੨- ਜੈਦੇਵ | ੧੧੮੦--- | ਬ੍ਰਾਹਮਣ | (ਬੰਗਾਲ) | ੨ |
| ੩- ਤ੍ਰਿਲੋਚਨ | ੧੨੬੭--- | " | (ਮਹਾਂਰਾਸ਼ਟਰ) | ੪ |
| ੪- ਨਾਮਦੇਵ | ੧੨੭੦-੧੩੫੦ | ਛੀਂਬਾ | ( " ) | ੬੦ |

---

੧-The Sikh Religion,M.A.Macauliffe,Vol.III,p.6.

੨-ਗੁਰੂ ਅਰਜਨ ਕੀ ਬਾਣੀ,ਭਾਸ਼ਾ ਵਿਭਾਗ,ਪਟਿਆਲਾ(ਪਰਾਕਥਨ-ਹਿੰਦੀ)

| | | | |
|---|---|---|---|
| ੫- ਪਰਮਾਨੰਦ | --------- | ਬ੍ਰਾਹਮਣ(ਮਹਾਰਾਸ਼ਟਰ) | ੧ |
| ੬- ਸਧਨਾ | --------- | ਕਸਾਈ(ਸਿੰਧ) | ੧ |
| ੭- ਬੇਣੀ | --------- | ਬ੍ਰਾਹਮਣ(ਬਿਹਾਰ) | ੩ |
| ੮- ਰਾਮਾਨੰਦ | ੧੩੬੬-੧੪੬੭ | " (ਉਤਰ ਪ੍ਰਦੇਸ਼) | ੧ |
| ੯- ਕਬੀਰ | ੧੩੯੮-੧੫੧੮ | ਜੁਲਾਹਾ ( " ) | ੫੪੧ |
| ੧੦- ਧੰਨਾ | ੧੪੧੫---- | ਜੱਟ (ਰਾਜਿਸਥਾਨ) | ੧ |
| ੧੧- ਸੈਣ | ੧੪ਵੀਂ-੧੫ਵੀਂ ਸਦੀ, | ਨਾਈ(ਮੱਧਪ੍ਰਦੇਸ਼) | ੧ |
| ੧੨- ਪੀਪਾ | ੧੪੨੫---- | ਬ੍ਰਾਹਮਣ (ਗੁਜਰਾਤ) | ੧ |
| ੧੩- ਰਵਿਦਾਸ | -------- | ਚਮਾਰ (ਉਤਰ ਪ੍ਰਦੇਸ਼) | ੪੧ |
| ੧੪- ਸੂਰਦਾਸ | ੧੫੨੮---- | ਬ੍ਰਾਹਮਣ (ਪੰਜਾਬ) | ੧(ਇਕੋ੧ ਤੁਕ ਹੈ) |
| ੧੫- ਸੁੰਦਰ | -------- | ਖਤਰੀ (ਪੰਜਾਬ) | ੬ |
| ੧੬- ਸਤਾ ਤੇ ਬਲਵੰਡ | -------- | ਮਿਰਾਸੀ(ਪੰਜਾਬ) | ੮ |
| ੧੭- ਮਰਦਾਨਾ | -------- | " ( " ) | ੩(ਸਲੋਕ/ਧਨ) |
| ੧੮- ਭੀਖਨ | ੧੫੭੪---- | ਮੁਸਲਮਾਨ(ਉਤਰ ਪ੍ਰਦੇਸ਼) | ੨ |
| | | | ੮੧੧ |

ਭੱਟ

| ਨਾਮ | ਜ਼ਾਤ | ਰਚਨਾ |
|---|---|---|
| ੧- ਕਲਸਹਾਰ | ਮਿਰਾਸੀ | ੫੪ |
| ੨- ਜਾਲਪ | " | ੫ |
| ੩- ਕੀਰਤ | " | ੮ |
| ੪- ਭਿਖਾ | " | ੨ |
| ੫- ਸਲ੍ਹ | " | ੩ |
| ੬- ਭਲ੍ਹ | " | ੧ |
| ੭- ਨਲ੍ਹ | " | ੧੬ |
| ੮- ਗਯੰਦ | " | ੧੩ |
| ੯- ਮਥੁਰਾ | " | ੧੪ |
| ੧੦- ਬਲ੍ਹ | " | ੫ |
| ੧੧- ਹਰਿਬੰਸ | " | ੨ |
| | | ੧੨੩ |

(ਗੁਰੂ ਤੇਗ ਬਹਾਦਰ ਜੀ ਦੇ ੧੧੫ ਪਦ ਤੇ ਗੁਰੂ ਗੋਬਿੰਦ ਸਿੰਘ ਜੀ ਦਾ ੧ ਸਲੋਕ ਬਾਦ ਵਿਚ ਗੁਰੂ ਗੋਬਿੰਦ ਸਿੰਘ ਜੀ ਨੇ ਆਦਿ ਗ੍ਰੰਥ ਵਿਚ ਸ਼ਾਮਲ ਕੀਤੇ)

---

੧- ਛਾਡਿ ਮਨ ਹਰਿ ਬਿਮੁਖਨ ਕੋ ਸੰਗੁ।। ਆਦਿ ਗ੍ਰੰਥ, ਪੰਨਾ ੧੨੫੩

ਆਦਿ ਗ੍ਰੰਥ ਦੇ ਕੁਲ ਸ਼ਬਦਾਂ ਦੀ ਗਿਣਤੀ (ਗੁਰੂ ਅਰਜਨ ਦੇਵ ਜੀ ਦੇ ਸੰਪਾਦਨ ਸਮੇਂ) 4228 ਸੀ। ਭਾਈ ਗੁਰਦਾਸ ਜੀ ਦੇ ਹੱਥਾਂ ਦੀ ਲਿਖੀ ਬੀੜ ਦੇ ੯28 ਪੱਕੇ ਪੱਤਰੇ (ਵਰਕੇ) ਹਨ।[1] ਕਈ ਕਈ ਪੰਨੇ ਖ਼ਾਲੀ ਮਿਲਦੇ ਹਨ। ਇਹ ਬੀੜ ਗੁਰੂ ਅਰਜਨ ਦੇਵ ਜੀ ਤੋਂ ਬਾਦ ਗੁਰੂ ਹਰਗੋਬਿੰਦ ਜੀ ਪਾਸ ਰਹੀ ਤੇ ਫਿਰ ਗੁਰੂ ਹਰਗੋਬਿੰਦ ਜੀ ਦੇ ਪੋਤਰੇ ਧੀਰ ਮਲ ਪਾਸ ਆਈ। ਗੁਰਿਆਈ ਧੀਰ ਮਲ ਦੇ ਭਾਈ ਗੁਰੂ ਹਰ ਰਾਇ ਜੀ ਨੂੰ ਮਿਲੀ ਤਾਂ ਧੀਰ ਮਲ ਨੇ ਆਦਿ ਗ੍ਰੰਥ ਨ ਦੇਣ ਦੀ ਚਲਾਕੀ ਖੇਡ ਲਈ। ਇਹ ਬੀੜ ਅਜੇ ਵੀ ਧੀਰ ਮਲ ਦੀ ਔਲਾਦ ਪਾਸ ਕਰਤਾਰਪੁਰ (ਜਲੰਧਰ) ਪਈ ਹੋਈ ਹੈ।

ਗੁਰੂ ਅਰਜਨ ਦੇਵ ਜੀ ਦੀ ਬਾਣੀ:-

ਗੁਰੂ ਅਰਜਨ ਦੇਵ ਜੀ ਜਮਾਂਦਰੂ ਕਵੀ ਸਨ।[2] 'ਬਾਣੀ ਦਾ ਜਹਾਜ਼' ਆਪ ਜੀ ਨੂੰ ਵਰ ਮਿਲਿਆ ਹੋਇਆ ਸੀ। ਇਹ ਵਰ ਸੱਚ ਸਾਬਤ ਹੋਇਆ। ਆਪ ਨੇ ੪੩ ਸਾਲ ਦੀ ਛੋਟੀ ਜਹੀ ਉਮਰ ਵਿਚ ਇਨੀਆਂ ਮਹਾਨ ਉਸਾਰੀਆਂ ਕਰਕੇ ਵੀ ਗੁਰਬਾਣੀ ਆਪਣੇ ਬਜ਼ੁਰਗਾਂ ਤੋਂ ਜ਼ਿਆਦਾ ਰਚੀ।

ਆਪ ਦੀ ਰਚਨਾ ਦੇ ਕੁਲ ੨੨੧੮ ਪਦੇ ਹਨ। ਆਪ ਨੇ ਕੁਲ ੪੬੭ ਦੁਪਦੇ, ੩੬ ਤਿਪਦੇ, ੭੩੮ ਚਉਪਦੇ, ੨੭ ਪੰਚਪਦੇ, ੧ ਛਿਪਦਾ, ੩੨ ਪੜਤਾਲ ਦੁਪਦੇ, ੨ ਪੜਤਾਲ ਤਿਪਦੇ, ੧ ਪੜਤਾਲ ਚਉਪਦਾ, ੧੮ ਕਾਫੀਆਂ ਚਉਪਦੇ, ੪੩ ਅਸ਼ਟਪਦੀਆਂ, ੨ ਕਾਫੀ ਅਸ਼ਟਪਦੀਆਂ, ੬੩ ਛੰਤ, ੨੫ ਛੰਤਾਂ ਨਾਲ ਸਲੋਕ, ੧੪ ਸੋਲਹੇ, ੬੭ ਸਹਸਕ੍ਰਿਤੀ ਸਲੋਕ, ੨੪ ਗਾਥਾ ਸਲੋਕ, ੧੧ ਚਉਬੋਲੇ, ੨੦ ਸਵਯੇ, ੨੨ ਸਲੋਕ ਵਾਰਾਂ ਤੇ ਵਧੀਕ, ੨੩ ਫੁਨਹੇ, ੨ ਮੁੰਦਾਵਣੀ ਸਲੋਕ ਲਿਖੇ। ਆਪ ਨੇ ੬ ਵਾਰਾਂ ਲਿਖੀਆਂ ਉਹਨਾਂ ਵਿਚ ਤੇ ਹੋਰ ਵਾਰਾਂ ਵਿਚ ਆਏ ਸਲੋਕ ਤੇ ਪਉੜੀਆਂ ਕਰਮਵਾਰ ੨੫੭ ਤੇ ੧੧੭ ਹਨ।[3]

ਆਪ ਦੀ ਰਚਨਾ ੩੦ ਰਾਗਾਂ ਵਿਚ ਹੈ। ਆਪ ਜੀ ਦੀਆਂ ਚੋਣਵੀਆਂ ਰਚਨਾਵਾਂ ਹਨ- ਸੁਖਮਨੀ, ਬਾਰਾਂਮਾਹ, ਬਾਵਨ ਅਖਰੀ, ਜੈਤਸਰੀ ਕੀ ਵਾਰ, ਰੁਤੀ ਤੇ ਥਿਤੀ।

ਗੁਰੂ ਜੀ ਦੀ ਰਚਨਾ ਦਾ ਰਾਗਾਂ ਦੇ ਸਿਲਸਿਲੇ ਵਾਰ ਵਿਸ਼ੇ ਸਹਿਤ ਵੇਰਵਾ ਇਉਂ ਹੈ:-

੧- ਸਿਰੀ ਰਾਗ:-

ਇਸ ਰਾਗ ਵਿਚ ਆਪ ਦੇ ਪਦੇ ੩੦, ਅਸ਼ਟਪਦੀਆਂ ੩, ਪਹਿਰੇ ੧, ਛੰਤ ੨ ਤੇ ਸਲੋਕ ੧ ਮਿਲਦੇ ਹਨ।

---

੧- ਜੀਵਨ ਬ੍ਰਿਤਾਂਤ ਸ੍ਰੀ ਗੁਰੂ ਅਰਜਨ ਦੇਵ ਜੀ, ਪ੍ਰੋ. ਸਾਹਿਬ ਸਿੰਘ, ਪੰਨਾ ੫੬
੨- Transformation of Sikhism, Gokal Chand Narang, p.65.
੩- ਪਰਖ, ੧੯੬੯, ਭਾਗ-੨, ਡਾ. ਸੁਰਿੰਦਰ ਸਿੰਘ ਕੋਹਲੀ, ਪੰਨਾ ੮੦

ਵਿਸ਼ਾ-:ਮੋਹ ਮਾਇਆ ਦਾ ਜਾਲ ਤੇ ਇਸ ਤੋਂ ਛੁਟਕਾਰੇ ਦਾ ਰਸਤਾ-ਨਾਮ ਸਿਮਰਨ। ਪਹਿਰੇ ਵਿਚ ਮਨੁੱਖਾ ਜੀਵਨ ਦੀ ਤੁਲਨਾ ਰਾਤ ਦੇ ੪ ਪਹਿਰਾਂ ਨਾਲ ਕੀਤੀ ਹੈ। ਗੁਰੂ ਨਾਨਕ ਤੇ ਗੁਰੂ ਰਾਮਦਾਸ ਜੀ ਨੇ ਵੀ ਪਹਿਰਿਆਂ ਵਿਚ ਰਚਨਾ ਕੀਤੀ ਹੈ।

੨- <u>ਰਾਗ ਮਾਝ:-</u>

ਇਸ ਵਿਚ ਆਪ ਦੇ ਪਦੇ ੪੩, ਅਸ਼ਟਪਦੀਆਂ ੫ ਹਨ। ਬਾਰਾਂ ਮਾਂਹ (ਪਦੇ ੧੪) ਤੇ ਦਿਨ ਰੈਣਿ (ਪਦੇ ੪) ਆਪ ਦੀਆਂ ਖਾਸ ਰਚਨਾਵਾਂ ਹਨ।

ਵਿਸ਼ਾ:- ਗੁਰੂ ਦਰਸ਼ਨ ਦੀ ਤਾਂਘ, ਪਤੀ ਪਰਮਾਤਮਾ ਵਿਚ ਲੀਨ ਜੀਵ ਇਸਤਰੀ ਦਾ ਵਰਣਨ। ਪਰਮਾਤਮਾ ਦੇ ਰੂਪ- ਮਾਤਾ, ਪਿਤਾ, ਬੰਧਪ ਤੇ ਰਖਵਾਲਾ। ਅਸ਼ਟਪਦੀਆਂ ਵਿਚ ਤੋਲ ਮਾਰੂ ਸੋਲਹਿਆਂ ਵਰਗਾ ਹੈ ਤੇ ਇਨ੍ਹਾਂ ਦਾ ਵਿਸ਼ਾ ਨਾਮ ਦੀ ਮਹਾਨਤਾ ਹੈ। ਬਾਰਾਂ ਮਾਂਹ ਵਿਚ ਪ੍ਰਭੂ ਤੋਂ ਵਿਛੜੇ ਜੀਵ ਦਾ ਬਿਰਹਾ, ਫਿਰ ਮਿਲਾਪ, ਮੌਸਮਾਂ ਦੇ ਬਦਲਣ ਨਾਲ ਪਰੀਵਰਤਤ ਹੁੰਦਾ ਦਿਖਾਇਆ ਹੈ। ਦਿਨ-ਰੈਣਿ ਵਿਚ ਮਨੁੱਖ ਲਈ ਰੋਜ਼ਾਨਾ ਜੀਵਨ ਦੀ ਸਿਖਿਆ ਹੈ।

੩- <u>ਰਾਗ ਗਉੜੀ:-</u>

ਇਸ ਵਿਚ ਆਪ ਦੇ ਪਦੇ ੧੭੨, ਅਸ਼ਟਪਦੀਆਂ ੧੫, ਛੰਤ ੪, ਸਲੋਕ ੫੦ ਪਉੜੀਆਂ ੨੯ ਹਨ। 'ਸੁਖਮਨੀ'[1] (ਸਲੋਕ ੨੪ ਤੇ ਅਸ਼ਟਪਦੀਆਂ ੨੪), ਬਾਵਨ ਅਖਰੀ (ਪਦੇ ੫੫) ਤੇ ਥਿਤੀ (ਪਦੇ ੧੭) ਖਾਸਬਾਣੀਆਂ ਹਨ। ਇਹ ਰਾਗ ਆਕਾਰ ਤੇ ਵਿਸ਼ੇ ਵਿਚ ਆਦਿ ਗ੍ਰੰਥ ਦਾ ਸਭ ਤੋਂ ਵੱਡਾ ਰਾਗ ਹੈ।

ਵਿਸ਼ਾ:- ਜੀਵ ਦਾ ਮਾਇਆ ਜਾਲ ਵਿਚ ਫਸਣਾ, ਨਾਮ ਸਿਮਰਨ ਤੇ ਪ੍ਰਭੂ ਦੀ ਨਜ਼ਰ ਦੁਆਰਾ ਛੁਟਕਾਰਾ ਮਿਲਨਾ ਤੇ ਕੀਰਤਨ ਦੀ ਮਹਿਮਾ ਦਰਸਾਈ ਹੈ। ਇਸ ਰਾਗ ਵਿਚ ਆਪ ਦੀ ਵਾਰ ਹੈ ਜੋ ਰਾਇ ਕਮਾਲ ਦੀ ਮੌਜਦੀ ਦੀ ਵਾਰ ਦੀ ਧੁਨੀ ਤੇ ਗਾਈ ਜਾਣ ਲਈ ਹਿਦਾਇਤ ਕੀਤੀ ਹੈ।[2]

੪- <u>ਰਾਗ ਆਸਾ:-</u>

ਇਸ ਰਾਗ ਵਿਚ ਆਪ ਦੇ ਪਦੇ ੧੬੩, ਅਸ਼ਟਪਦੀਆਂ ੨, ਛੰਤ ੧੪ ਤੇ ਬਿਰਹੜੇ (ਪਦੇ ੩) ਦੀ ਰਚਨਾ ਹੈ।

ਵਿਸ਼ਾ:-ਮਾਇਆ ਦੁਆਰਾ ਜੀਵ ਦਾ ਨੁਕਸਾਨ ਤੇ ਗੁਰੂ ਦੁਆਰਾ ਛੁਟਕਾਰਾ, ਔਗੁਣ ਛੱਡ ਕੇ ਗੁਣ ਗ੍ਰਹਿਣ ਕਰਨੇ। ਬਿਰਹੜੇ ਵਿਚ ਵਿਯੋਗ ਦਾ ਵਰਣਨ ਹੈ।

---

੧- ਸੁਖਮਨੀ ਬਾਰੇ ਵਿਸਥਾਰ ਲਈ ਵੇਖੋ ਇਸੇ ਥੀਸਸ ਦਾ ਪੰਨਾ ੬੨
੨- ਗੁਰ ਬਿਲਾਸ ਪਾਤਸ਼ਾਹੀ ਛੇਵੀਂ ਵਿਚ ਦਸਿਆ ਹੈ ਕਿ ਗੁਰੂ ਗ੍ਰੰਥ ਸਾਹਿਬ ਵਿਚ ਆਈਆਂ ਵਾਰਾਂ ਤੇ ਗਾਉਣ ਦੀ ਧੁਨੀ ਦੀਆਂ ਹਿਦਾਇਤਾਂ ਗੁਰੂ ਹਰਗੋਬਿੰਦ ਜੀ ਨੇ ਸ਼ਾਮਲ ਕੀਤੀਆਂ, ਪਰ ਇਸ ਗਲ ਦਾ ਕੋਈ ਹੋਰ ਸਬੂਤ ਨਹੀਂ ਮਿਲਦਾ।

੫- <u>ਰਾਗ ਗੂਜਰੀ</u>:-

ਇਸ ਵਿਚ ਪਦੇ ੩੨, ਅਸ਼ਟਪਦੀਆਂ ੨, ਸਲੋਕ ੪੨, ਪਉੜੀਆਂ ੨੧ ਹਨ।
ਵਿਸ਼ਾ:- ਸਿਮਰਨ, ਮੰਦ ਵਿਸ਼ਿਆਂ ਦਾ ਤਿਆਗ, ਪਰਮਾਤਮਾ ਦੇ ਸਰਗੁਣ ਸਰੂਪ ਦਾ ਵਰਣਨ, ਵਿਕਾਰਾਂ ਨੂੰ ਤਿਆਗ ਕੇ ਪ੍ਰਭੂ ਚਰਨੀ ਲਗਣਾ। ਇਸ ਰਾਗ ਵਿਚ ਵੀ ਆਪ ਨੇ ਵਾਰ ਲਿਖੀ ਹੈ।

੬- <u>ਰਾਗ ਦੇਵ ਗੰਧਾਰੀ</u>:-

ਇਸ ਵਿਚ ਆਪ ਦੇ ਸਿਰਫ਼ ੩੮ ਪਦੇ ਹਨ।
ਵਿਸ਼ਾ:- ਸਾਧ ਸੰਗਤ ਦੁਆਰਾ ਮਨ ਦੀ ਸੁਧੀ ਤੇ ਮਨਾਂ ਦੇ ਵਿਤਕਰੇ ਦੂਰ ਕਰਨ ਤੇ ਨਾਮ ਸਿਮਰਨ ਦਾ ਉਪਦੇਸ਼ ਹੈ।

੭- <u>ਰਾਗ ਬਿਹਾਗੜਾ</u>:-

ਇਸ ਵਿਚ ਪਦੇ ੧, ਛੰਤ ੧ ਤੇ ਸਲੋਕ ੨ ਹਨ।
ਵਿਸ਼ਾ:- ਸਾਧ ਸੰਗਤ ਦੀ ਮਹੱਤਤਾ, ਪ੍ਰਭੂ ਦੀ ਕਿਰਪਾ ਦੁਆਰਾ ਹਉਮੈ ਤੋਂ ਛੁਟਕਾਰਾ ਮਿਲਦਾ ਹੈ।

੮- <u>ਰਾਗ ਵਡਹੰਸ</u>:-

ਇਸ ਵਿਚ ਪਦੇ ੯, ਛੰਤ ੩ ਹਨ।
ਵਿਸ਼ਾ:-ਪ੍ਰਭੂ ਉਸਤਤੀ ਤੋਂ ਇਲਾਵਾ ਉਸ ਦੇ ਦਰਸ਼ਨਾਂ ਦੀ ਸਿੱਕ ਪ੍ਰਗਟਾਈ ਹੈ।

੯- <u>ਰਾਗ ਸੋਰਠਿ</u>:-

ਇਸ ਵਿਚ ਪਦੇ ੯੪ ਤੇ ਅਸ਼ਟਪਦੀਆਂ ੩ ਹਨ।
ਵਿਸ਼ਾ:- ਪਰਮਾਤਮਾ ਦੀ ਸਰਬ ਵਿਆਪਕਤਾ ਤੇ ਸਰਬ ਸ਼ਕਤੀਮਾਨਤਾ ਦਸੀ ਹੈ ਤੇ ਨਾਮ ਸਿਮਰਨ ਦੀ ਪ੍ਰੇਰਨਾ ਦਿੱਤੀ ਹੈ।

੧੦- <u>ਰਾਗ ਧਨਾਸਰੀ</u>:-

ਇਸ ਵਿਚ ਪਦੇ ੫੮, ਅਸ਼ਟਪਦੀ ੧ ਤੇ ਛੰਤ ੧ ਹੈ।
ਵਿਸ਼ਾ:- ਸਿਮਰਨ ਦੀ ਮਹਾਨਤਾ, ਪ੍ਰਭੂ ਤੇ ਭਰੋਸਾ, ਮਨੁੱਖਾ ਜੀਵਨ ਦਾ ਮਹੱਤਵ ਦਸਿਆ ਹੈ।

੧੧- <u>ਰਾਗ ਜੈਤਸਰੀ</u>:-

ਇਸ ਵਿਚ ਆਪ ਦੇ ਪਦੇ ੧੩, ਛੰਤ ੩ ਹਨ। ਜੈਤਸਰੀ ਦੀ ਵਾਰ ਇਸ ਰਾਗ ਦੀ ਖਾਸ ਰਚਨਾ ਹੈ ਜਿਸ ਵਿਚ ਸਲੋਕ ੪੦ ਤੇ ਪਉੜੀਆਂ ੨੦ ਹਨ।

ਵਿਸ਼ਾ:- ਨਾਮ ਸਿਮਰਨ ਨਾਲ ਹੀ ਸੁਖ ਮਿਲਦਾ ਹੈ। ਪ੍ਰਭੂ ਤੋਂ ਵਿਛੜੀਆਂ ਰੂਹਾਂ ਦਾ ਬਿਰਹਾ ਵਰਣਨ ਹੈ। ਜੈਤਸਰੀ ਦੀ ਵਾਰ ਇਸ ਰਾਗ ਦੀ ਵਿਸ਼ੇਸ਼ ਰਚਨਾ ਹੈ ਤੇ ਇਹ ਰਚਨਾ ਆਦਿ ਗ੍ਰੰਥ ਦੀ ਸਭ ਤੋਂ ਰੰਗੀਨ ਰਚਨਾ ਹੈ। ਇਸ ਵਿਚੋਂ ਪਾਠਕ ਵੱਖ ਵੱਖ ਭਾਸ਼ਾਵਾਂ[1] ਦੇ ਰੰਗ ਮਾਣ ਸਕਦੇ ਹਨ। ਜੈਤਸਰੀ ਦੀ ਵਾਰ ਬੋਲੀ ਦੇ ਪੱਖ ਤੋਂ ਗੁਰੂ ਸਾਹਿਬ ਦੀ ਮਹਾਨ ਪ੍ਰਾਪਤੀ ਹੈ। ਪਉੜੀਆਂ ਕੇਂਦਰੀ ਪੰਜਾਬੀ ਵਿਚ ਹਨ ਤੇ ਹਰ ਪਉੜੀ ਨਾਲ ਇਕ ਸਲੋਕ ਪ੍ਰਾਕ੍ਰਿਤ ਜਾਂ ਗਾਥਾ ਵਿਚ ਹੈ ਅਤੇ ਦੂਜਾ ਸਲੋਕ ਲਹਿੰਦੀ ਪੰਜਾਬੀ ਬੋਲੀ ਵਿਚ ਹੈ। ਪਉੜੀ ਤੇ ਦੁਹਾਂ ਸਲੋਕਾਂ ਵਿਚ ਵਿਚਾਰ ਇਕੋ ਹੈ। ਸਾਰੀ ਵਾਰ ਵਿਚ ਮਜ਼ਮੂਨ ਇਹ ਹੈ ਕਿ ਸਰੀਰ ਤੇ ਮਾਇਆ ਨਾਸ਼ਵਾਨ ਹਨ, ਨਾਮ ਸਿਮਰਨ ਬਿਨਾਂ ਜੀਵਨ ਧ੍ਰਿਗ ਹੈ। ਗੁਰੂ ਕਿਰਪਾ ਦੁਆਰਾ ਨਾਮ ਪ੍ਰਾਪਤ ਹੁੰਦਾ ਹੈ।[2]

੧੨- ਰਾਗ ਟੋਡੀ:-

ਇਸ ਵਿਚ ਆਪ ਦੇ ਪਦੇ ੨੮ ਹਨ, ਜਿਨ੍ਹਾਂ ਵਿਚ ਵਿਸ਼ਾ ਨਾਮ ਸਿਮਰਨ ਤੇ ਮਾਇਆ ਤੋਂ ਬਚਣ ਲਈ ਪ੍ਰੇਰਨਾ ਹੈ।

੧੩- ਰਾਗ ਬੈਰਾੜੀ:-

ਇਸ ਰਾਗ ਵਿਚ ਆਪ ਦਾ ਸਿਰਫ ਇਕ ਹੀ ਪਦਾ ਹੈ,[3] ਜਿਸ ਵਿਚ ਆਪ ਸੰਤਾਂ ਦੀ ਸੰਗਤ ਦਾ ਫਲ ਦਸਦੇ ਹਨ।

੧੪- ਰਾਗ ਤਿਲੰਗ:-

ਇਸ ਵਿਚ ਆਪ ਦੇ ੫ ਪਦੇ ਹਨ।

ਵਿਸ਼ਾ:- ਪਰਮਾਤਮਾ ਦੀ ਸਰਬ ਸ਼ਕਤੀਮਾਨਤਾ ਤੇ ਉਸੇ ਦੀ ਓਟ ਤਕਣੀ ਹੈ।

੧੫- ਰਾਗ ਸੂਹੀ:-

ਇਸ ਵਿਚ ਆਪ ਦੇ ਪਦੇ ੫੮, ਅਸ਼ਟਪਦੀਆਂ ੫, ਛੰਤ ੧੧ ਤੇ 'ਗੁਣਵੰਤੀ' (ਪਦਾ ੧) ਰਚਨਾਵਾਂ ਹਨ।

ਵਿਸ਼ਾ:- ਪਰਮਾਤਮਾ ਤੇ ਉਸ ਦੀ ਸਾਰੀ ਸਿਰਜਣਾ ਦਾ ਵਰਣਨ, ਨਾਮ ਸਿਮਰਨ ਤੇ ਮਾਇਆ ਤੋਂ ਬਚਣਾ ਹੈ। 'ਗੁਣਵੰਤੀ' ਵਿਚ ਜੀਵ ਇਸਤਰੀ

---

੧- ਮੋਟੇ ਤੌਰ ਤੇ ਤਿੰਨ ਭਾਸ਼ਾਵਾਂ ਹਨ-ਪ੍ਰਾਕ੍ਰਿਤ,ਲਹਿੰਦੀ ਪੰਜਾਬੀ ਤੇ ਕੇਂਦਰੀ ਪੰਜਾਬੀ।
੨- ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਾਹਿੱਤਕ ਇਤਿਹਾਸ,ਡਾ.ਤਾਰਨ ਸਿੰਘ,ਪੰਨਾ ੩੮੯
੩- ਸੰਤ ਜਨਾ ਮਿਲਿ ਹਰਿ ਜਸੁ ਗਾਇਓ।। ਆਦਿ ਗ੍ਰੰਥ, ਪੰਨਾ ੭੨੦

ਰਾਹੀਂ ਗੁਰੂ ਜੀ ਦਸਦੇ ਹਨ ਕਿ ਮੈਂ ਜੋ ਕੁਝ ਵੀ ਕਰਦਾ ਹਾਂ, ਪ੍ਰਭੂ ਪਤੀ ਦੇ ਹੁਕਮ ਵਿਚ ਕਰਦਾ ਹਾਂ। ਇਹ ਅਤਿ ਨਿਮਰਤਾ ਦੀ ਅਦੁੱਤੀ ਮਿਸਾਲ ਹੈ।

੧੬- <u>ਰਾਗ ਬਿਲਾਵਲ:-</u>

ਇਸ ਵਿਚ ਪਦੇ ੧੨੯,ਅਸ਼ਟਪਦੀਆਂ ੨ ਤੇ ਛੰਤ ੫ ਹਨ।

ਵਿਸ਼ਾ:- ਪ੍ਰਭੂ ਦੇ ਪ੍ਰੇਮ ਰਸ ਦਾ ਜ਼ਿਕਰ, ਪ੍ਰਭੂ ਦੀ ਬਖਸ਼ਸ਼ ਦਾ ਫਲ,ਮਾਇਆ ਤੋਂ ਬਚਣਾ ਤੇ ਪ੍ਰਭੂ ਮਿਲਨ ਦਾ ਅਨੰਦ ਹੈ।

੧੭- <u>ਰਾਗ ਗੋਂਡ:-</u>

ਇਸ ਰਾਗ ਵਿਚ ਆਪ ਦੇ ਪਦੇ ੨੨ ਤੇ ਅਸ਼ਟਪਦੀ ੧ ਹੈ।

ਵਿਸ਼ਾ:- ਜੀਵਾਤਮਾ ਤੇ ਪਰਮਾਤਮਾ ਸੰਬੰਧੀ ਵਿਚਾਰ ਪੇਸ਼ ਕੀਤੇ ਹਨ।

੧੮- <u>ਰਾਗ ਰਾਮਕਲੀ:-</u>

ਇਸ ਰਾਗ ਵਿਚ ਆਪ ਦੇ ਪਦੇ ੬੦, ਅਸ਼ਟਪਦੀਆਂ ੮, ਛੰਤ[੧] ੬,ਸਲੋਕ ੪੪, ਪਉੜੀਆਂ ੨੨ ਤੇ ਰੁਤੀ (੮ ਸਲੋਕ ਤੇ ੮ ਛੰਤ) ਰਚਨਾਵਾਂ ਹਨ।

ਵਿਸ਼ਾ:- ਮਾਇਆ ਤੋਂ ਬਚਣਾ ਸਿਮਰਨ ਦੁਆਰਾ, ਨਾਮ ਹੀ ਅਜਿਹਾ ਸਾਧਨ ਹੈ, ਜਿਸ ਨਾਲ ਮਨ ਦੀ ਮੈਲ ਉਤਰਦੀ ਹੈ। 'ਰੁਤੀ' ਇਸ ਰਾਗ ਦੀ ਇਕ ਵਿਸ਼ੇਸ਼ ਰਚਨਾ ਹੈ, ਜਿਸ ਵਿਚ ਗੁਰੂ ਸਾਹਿਬ ਨੇ ੬ ਰੁਤਾਂ ਦਾ ਵਰਣਨ ਅਤਿ ਖ਼ੂਬਸੂਰਤੀ ਨਾਲ ਕੀਤਾ ਹੈ। ਰਾਮਕਲੀ ਦੀ ਵਾਰ ਵਿਚ ਅਗੰਮ ਪਰਮਾਤਮਾ ਦੀ ਮਹਾਨਤਾ ਦੱਸੀ ਹੈ।

੧੯- <u>ਰਾਗ ਨਟ ਨਾਰਾਇਣ:-</u>

ਇਸ ਵਿਚ ਆਪ ਦੇ ੧੦ ਪਦੇ ਹਨ।

ਵਿਸ਼ਾ:- ਪ੍ਰਭੂ ਮਿਲਨ ਦੀ ਤਾਂਘ ਹੈ।

੨੦- <u>ਰਾਗ ਮਾਲੀ ਗਉੜਾ:-</u>

ਇਸ ਵਿਚ ਆਪ ਦੇ ਸਿਰਫ ੮ ਪਦੇ ਹਨ।

ਵਿਸ਼ਾ:- ਨਾਮ ਸਿਮਰਨ ਤੇ ਪ੍ਰਭੂ ਨਾਲ ਪ੍ਰੇਮ ਹੈ।

੨੧- <u>ਰਾਗ ਮਾਰੂ:-</u>

ਇਸ ਵਿਚ ਆਪ ਦੇ ਪਦੇ ੩੦, ਅਸ਼ਟਪਦੀਆਂ ੬, ਅੰਜੁਲੀਆਂ ੪,ਸੋਲਹੇ ੧੪, ਸਲੋਕ ੬੭ ਤੇ ਪਉੜੀਆਂ ੨੩ ਹਨ।

---

੧- ਆਪ ਦੀ ਇਹ ਰਚਨਾ ਅਧੂਰੀ ਲਗਦੀ ਹੈ ਕਿਉਂਕਿ ਆਪ ਨੇ ਰਾਮਕਲੀ ਛੰਤ ਮ:੫ ਵਿਚ '॥੪॥੪॥'ਅੰਕ ਲਿਖਣ ਮਗਰੋਂ ਸਿਰਫ ਦੋ ਹੀ ਤੁਕਾਂ ਰਚੀਆਂ ਹਨ ਤੇ ਉਨ੍ਹਾਂ ਦੇ ਪਿਛੇ ਕੋਈ ਅੰਕ ਦਰਜ ਨਹੀਂ ਕੀਤਾ। ਵੇਖੋ-ਆਦਿ ਗ੍ਰੰਥ,ਪੰਨਾ ੯੨੭

ਵਿਸ਼ਾ:- ਮਾਇਆ ਦੇ ਵਿਸ਼ੇ ਵਿਕਾਰ ਤੇ ਇਨ੍ਹਾਂ ਤੋਂ ਬਚਣ ਲਈ ਨਾਮ ਸਿਮਰਨ ਦੀ ਪ੍ਰੇਰਨਾ। ਸਾਰੀ ਸਿਰਜਣਾ, ਪਸਾਰਾ ਪਰਮਾਤਮਾ ਦੇ ਵਸ ਵਿਚ ਹੈ, ਸਤਿਗੁਰੂ ਦੇ ਰਾਹੀਂ ਪ੍ਰਭੂ ਨਾਲ ਰਸਾਈ ਹੋ ਸਕਦੀ ਹੈ। ਮਾਰੂ ਰਾਗ ਦੀ ਵਾਰ ਵਿਚ ਪਰਮਾਤਮਾ ਦੀ ਸਰਬ-ਵਿਆਪਕਤਾ ਤੇ ਸਰਬਸ਼ਕਤੀ--ਮਾਨਤਾ ਦਾ ਜ਼ਿਕਰ ਹੈ। ਇਸ ਵਾਰ ਵਿਚ ਸਲੋਕ ਦੀ ਥਾਂ ਡੱਖਣੇ[1] ਸ਼ਬਦ ਵਰਤਿਆ ਹੈ।

੨੨- ਰਾਗ ਤੁਖਾਰੀ:-

ਆਪ ਦਾ ਇਸ ਵਿਚ ਕੇਵਲ ਇਕ ਹੀ ਪਦਾ[2] ਹੈ।

ਵਿਸ਼ਾ:- ਨਾਮ ਦੀ ਮਹਿਮਾ ਹੈ, ਜੋ ਪ੍ਰਭੂ ਦੀ ਨਦਰ ਦੁਆਰਾ ਪ੍ਰਾਪਤ ਹੁੰਦੀ ਹੈ।

੨੩- ਰਾਗ ਕੇਦਾਰਾ:-

ਇਸ ਵਿਚ ਪਦੇ ੧੫ ਤੇ ਛੰਤ ੧ ਹੈ।

ਵਿਸ਼ਾ:- ਆਤਮਾ ਪਰਮਾਤਮਾ ਦੇ ਮਿਲਨ ਦਾ ਅਨੰਦ ਵਰਣਨ ਕੀਤਾ ਹੈ। ਇਹ ਮਿਲਨ ਸਾਧ ਸੰਗਤ ਦੁਆਰਾ ਹੋ ਸਕਦਾ ਹੈ।

੨੪- ਰਾਗ ਭੈਰਉ:-

ਇਸ ਵਿਚ ਪਦੇ ੫੭ ਤੇ ਅਸ਼ਟਪਦੀਆਂ ੩ ਹਨ।

ਵਿਸ਼ਾ:- ਸਿਮਰਨ ਦਾ ਫਲ, ਨਿੰਦਕਾਂ ਦੀ ਦੁਰਦਸ਼ਾ, ਹਉਮੈ ਦਾ ਵਰਣਨ ਤੇ ਇਸ ਦਾ ਇਲਾਜ ਹੈ। ਪ੍ਰਭੂ ਸੰਤਾ ਦਾ ਵਰਣਨ ਤੇ ਪਰਮਾਤਮਾ ਪ੍ਰਤੀ ਸ਼ੁਕਰਾਨੇ ਦਾ ਜ਼ਿਕਰ ਹੈ।

੨੫- ਰਾਗ ਬਸੰਤ:-

ਇਸ ਵਿਚ ਆਪ ਦੇ ਪਦੇ ੨੧ ਤੇ ਅਸ਼ਟਪਦੀਆਂ ੨ ਹਨ।

ਵਿਸ਼ਾ:- ਬਸੰਤ ਰੁਤ ਨੂੰ ਚਿਨ੍ਹ ਬਣਾ ਕੇ ਗੁਰੂ ਜੀ ਨੇ ਪ੍ਰਭੂ ਮਿਲਾਪ ਦੇ ਅਨੰਦ ਦਾ ਵਰਣਨ ਕੀਤਾ ਹੈ। ਬਸੰਤ ਦੀ ਵਾਰ ਵਿਚ ਆਪ ਨੇ ਕੇਵਲ ੩ ਪਉੜੀਆਂ ਹੀ ਰਚੀਆਂ ਹਨ। ਚਿਨ੍ਹ ਇਸ ਵਿਚ ਵੀ ਬਸੰਤ ਰੁਤ ਦੇ ਹੀ ਵਰਤੇ ਹਨ। ਇਹ ਆਪ ਜੀ ਦੀ ਸਭ ਤੋਂ ਛੋਟੀ (ਸਗੋਂ ਸਾਰੇ ਗੁਰੂ ਗ੍ਰੰਥ ਸਾਹਿਬ ਦੀ

---

੧- ਡੱਖਣੇ ਤੋਂ ਭਾਵ ਹੈ ਦੱਖਣ ਦੇ। ਮੁਲਤਾਨ, ਸਾਹੀਵਾਲ ਦੇ ਇਲਾਕੇ ਦੀ ਬੋਲੀ ਨੂੰ ਦਖਣੀ ਪੰਜਾਬੀ ਕਿਹਾ ਜਾਂਦਾ ਹੈ। ਇਹ ਸਲੋਕ ਦਖਣੀ ਪੰਜਾਬੀ ਵਿਚ ਹਨ। ਇਸ ਕਰਕੇ ਇਨ੍ਹਾਂ ਦਾ ਸਿਰਲੇਖ ਸਲੋਕ ਦੀ ਥਾਂ 'ਡੱਖਣੇ' ਰਖ ਦਿਤਾ ਗਿਆ ਹੈ।

੨- ਘੋਲਿ ਘੁਮਾਈ ਲਾਲਨਾ ਗੁਰਿ ਮਨੁ ਦੀਨਾ।। ਆਦਿ ਗ੍ਰੰਥ, ਪੰਨਾ ੧੧੧੭

ਸਭ ਤੋਂ ਛੋਟੀ) ਵਾਰ ਹੈ।[1] ਇਉਂ ਲਗਦਾ ਹੈ ਕਿ ਆਪ ਨੇ ਅਜੇ ਹੋਰ ਪਉੜੀਆਂ ਰਚਣੀਆਂ ਸਨ।[2]

੨੬- ਰਾਗ ਸਾਰੰਗ:-

ਇਸ ਵਿਚ ਆਪ ਨੇ ਪਦੇ ੧੩੯, ਅਸ਼ਟਪਦੀਆਂ ੨ ਤੇ ਛੰਤ ੧ ਰਚੇ ਹਨ।
ਵਿਸ਼ਾ:- ਪਰਮਾਤਮਾ ਪ੍ਰਤੀ ਸ਼ਰਧਾ ਤੇ ਪਿਆਰ ਦਾ ਇਜ਼ਹਾਰ ਕੀਤਾ ਹੈ। ਮਨੁੱਖਾ ਜੀਵਨ ਸਫਲ ਕਰਨ ਦੀ ਤੇ ਸਾਧ ਬਚਨਾਂ ਤੇ ਚਲਣ ਦੀ ਪ੍ਰੇਰਨਾ ਕੀਤੀ ਹੈ। ਛੰਤ ਵਿਚ ਪਰਮਾਤਮਾ ਦਾ ਜਸ ਗਾਇਆ ਹੈ।

੨੭- ਰਾਗ ਮਲਾਰ:-

ਇਸ ਵਿਚ ਪਦੇ ੩੦ ਤੇ ਛੰਤ ਇਕ ਹੈ।
ਵਿਸ਼ਾ:- ਜਿਹਾ ਕਿ ਰਾਗ ਦੇ ਨਾਮ ਤੋਂ ਹੀ ਪ੍ਰਗਟ ਹੈ, ਇਹ ਬਰਖਾ ਰੁੱਤ ਦਾ ਰਾਗ ਹੈ। ਗੁਰੂ ਜੀ ਨੇ ਜੀਵ ਇਸਤਰੀ ਦੀ ਪ੍ਰਭੂ ਪਤੀ ਤੋਂ ਵਿਛੋੜੇ ਨਾਲ ਜੋ ਹਾਲਤ ਹੁੰਦੀ ਹੈ, ਉਸ ਦਾ ਮਾਨਸਕ ਰੂਪ ਬਿਆਨਿਆ ਹੈ। ਸਾਰੀ ਰਚਨਾ ਵਿਚ ਚਿਨ੍ਹ ਬੱਦਲਾਂ ਨੂੰ ਹੀ ਲਿਆ ਹੈ।

੨੮- ਰਾਗ ਕਾਨੜਾ:-

ਇਸ ਰਾਗ ਵਿਚ ਪਦੇ ੫੦ ਤੇ ਛੰਤ ੧ ਹੈ।
ਵਿਸ਼ਾ:- ਸਤਿਗੁਰੂ ਤੇ ਕੀਰਤਨ ਦੀ ਮਹੱਤਤਾ, ਸਿਮਰਨ ਤੇ ਸਾਧ ਸੰਗਤ ਦੇ ਫਲ ਬਿਆਨੇ ਹਨ।

੨੯- ਰਾਗ ਕਲਿਆਣ:-

ਇਸ ਵਿਚ ਗੁਰੂ ਜੀ ਦੇ ੧੦ ਪਦੇ ਹਨ।
ਵਿਸ਼ਾ:- ਪ੍ਰੀਤਮ ਮਿਲਨ ਦੀ ਬਿਹਬਲਤਾ ਤੇ ਪ੍ਰਭੂ ਦੀ ਨਦਰ ਲਈ ਮੰਗ ਮੰਗੀ ਹੈ।

੩੦- ਰਾਗ ਪ੍ਰਭਾਤੀ:-

ਇਸ ਵਿਚ ਆਪ ਜੀ ਦੇ ਪਦੇ ੧੪ ਤੇ ਅਸ਼ਟਪਦੀਆਂ ੩ ਹਨ।
ਵਿਸ਼ਾ:- ਨਾਮ ਸਿਮਰਨ ਤੇ ਇਸ ਦੇ ਫਲ, ਮਨ ਮਤੀ ਕਰਨ ਵਾਲੇ ਹੰਕਾਰੀਆਂ

---

੧- ਵੇਖੋ ਆਦਿ ਗ੍ਰੰਥ, ਪੰਨਾ ੧੧੯੩
੨- ਕਿਹਾ ਜਾਂਦਾ ਹੈ ਕਿ ਗੁਰੂ ਸਾਹਿਬ ਬਸੰਤ ਦੀ ਵਾਰ ਦੀ ਰਚਨਾ ਕਰ ਰਹੇ ਸਨ ਕਿ ਲੰਗਰ ਤਿਆਰ ਹੋਣ ਦਾ ਸੁਨੇਹਾ ਆਪ ਜੀ ਨੂੰ ਮਿਲਿਆ, ਆਪ ਨੇ ਕਲਮ ਰੋਕ ਦਿਤੀ ਅਤੇ ਲੰਗਰ ਵਲ ਰਵਾਨਾ ਹੋ ਗਏ। ਸੁਨੇਹਾ ਲੈ ਕੇ ਆਏ ਸਿੱਖਾਂ ਨੇ ਰਚਨਾ ਪੂਰੀ ਕਰਨ ਲਈ ਬੇਨਤੀ ਕੀਤੀ, ਪਰ ਆਪ ਦੇ ਦਿਲ ਵਿਚ ਲੰਗਰ ਦਾ ਸਤਿਕਾਰ ਰਚਨਾ ਨਾਲੋਂ ਜ਼ਿਆਦਾ ਸੀ। ਸੋ ਆਪ ਦੀ ਇਹ ਰਚਨਾ ਜਿੰਨੀ ਉਸ ਸਮੇਂ ਲਿਖੀ ਸੀ, ਉਨੀ ਹੀ ਰਹਿ ਗਈ।

ਬਾਰੇ ਵੀ ਇਸ ਵਿਚ ਵਿਚਾਰ ਮਿਲਦੇ ਹਨ।

ਰਾਗਾਂ ਤੋਂ ਇਲਾਵਾ ਆਪ ਦੀਆਂ ਕੁਝ ਵਿਸ਼ੇਸ਼ ਰਚਨਾਵਾਂ ਹਨ ਜੋ ਆਪ ਜੀ ਨੇ ਫੁਟਕਲ ਬਾਣੀ ਵਿਚ ਆਦਿ ਗ੍ਰੰਥ ਦੇ ਅਖ਼ੀਰ ਵਿਚ ਦਰਜ ਕੀਤੀਆਂ ਹਨ। ਉਹ ਰਚਨਾਵਾਂ ਇਹ ਹਨ:-

੧- ਸਹਸਕ੍ਰਿਤੀ ਸਲੋਕ:-

ਇਸ ਵਿਚ ਸੰਸਕ੍ਰਿਤ ਰਲੀ ਪੰਜਾਬੀ ਹੈ,ਜੋ ਉਸ ਸਮੇਂ ਦਾ ਪ੍ਰਾਕ੍ਰਿਤ ਰੂਪ ਸੀ, ਇਸੇ ਲਈ ਇਸ ਨੂੰ ਸਹਸਕ੍ਰਿਤੀ ਸਲੋਕ ਆਖਿਆ ਹੈ। ਇਸ ਵਿਚ ਆਪ ਦੇ ੬੭ ਸਲੋਕ ਹਨ।[੧]

ਵਿਸ਼ਾ-ਇਸ ਵਿਚ ਆਪ ਨੇ ਗੁਰਮਤ ਸੰਬੰਧੀ ਵਿਚਾਰ ਪ੍ਰਗਟ ਕੀਤੇ ਹਨ।

੨- ਗਾਥਾ[੨]:-

ਇਹ ਗੁਰੂ ਅਰਜਨ ਦੇਵ ਜੀ ਦੇ ੨੪ ਸਲੋਕਾਂ ਦਾ ਸੰਗ੍ਰਹਿ ਹੈ। ਇਸ ਵਿਚ 'ਣ' ਅੱਖਰ ਦੀ ਵਰਤੋਂ ਜ਼ਿਆਦਾ ਕੀਤੀ ਹੈ। ਬਾਕੀ ਬਾਣੀ ਨਾਲੋਂ ਇਹੀ ਇਸ ਦੀ ਵਖਰੀ ਪਛਾਣ ਹੈ। ਜੀਵ ਨੂੰ ਸੰਸਾਰ ਵਿਚੋਂ ਵਿਸ਼ਿਆਂ ਤੋਂ ਕਾਮਯਾਬੀ ਹਾਸਲ ਕਰਨ ਲਈ ਪ੍ਰਭੂ ਦਾ ਨਾਮ ਗਾਇਨ ਕਰਨ ਦੀ ਪ੍ਰੇਰਨਾ ਕੀਤੀ ਹੈ।

ਵਿਸ਼ਾ-ਨਾਮ ਸਿਮਰਨ ਤੇ ਹਰੀ ਦੀ ਉਸਤਤ ਦੇ ਅਨੰਦ ਦਾ ਪ੍ਰਗਟਾ ਹੈ।

੩- ਫੁਨਹੇ:-

ਆਪਣੀ ਸਾਲੀ 'ਹਰਿ ਹਾਂ' ਦੁਆਰਾ ਭਗਤੀ ਪੂਰਕ ਕਵਿਤਾ ਸਿਰਜਨ ਦੀ ਪ੍ਰਾਰਥਨਾ ਸੁਣ ਕੇ ਪੰਜਵੇਂ ਗੁਰੂ ਜੀ ਨੇ ੨੩ ਪਉੜੀਆਂ ਉਸ ਨੂੰ ਸੰਬੋਧਨ ਕਰਕੇ ਲਿਖੀਆਂ ਹਨ।

ਵਿਸ਼ਾ- ਫੁਨਹੇ ਰਚਨਾ ਇਕ ਆਤਮਕ ਜੀਵਨ ਤੇ ਰਸ ਦੀ ਕਥਾ ਹੈ, ਜਿਸ ਵਿਚ ਆਤਮਾ ਸੋਹਣੇ ਹਰੀ ਦੇ ਦਰਸ਼ਨ ਲਈ ਮੋਹੀ ਜਾਂਦੀ ਹੈ, ਆਤਮਾ ਉਸ ਦੀ ਉਸਤਤ ਕਰਨ ਲਈ ਯਤਨ ਕਰਦੀ ਹੈ। ਜੇ ਦਿਲ ਵਿਚ ਹਰੀ ਆ ਵਸੇ ਤਾਂ ਸਾਰੇ ਸ਼ਿੰਗਾਰ ਤੇ ਸ਼ੋਭਾ ਵਿਚੇ ਪ੍ਰਾਪਤ ਹੋ ਜਾਂਦੀਆਂ ਹਨ।[੩]

---

੧- ਗੁਰੂ ਨਾਨਕ ਦੇਵ ਜੀ ਨੇ ਵੀ ਚਾਰ ਸਹਸਕ੍ਰਿਤੀ ਸਲੋਕ ਰਚੇ ਹਨ। 'ਸੰਸਕ੍ਰਿਤ' ਦਾ ਪ੍ਰਾਕ੍ਰਿਤ ਰੂਪ 'ਸਹਸਕਿਰਤ' ਹੈ। ਸੋ ਜਿਥੇ ਗੁਰਬਾਣੀ ਵਿਚ ਸਹਸਕ੍ਰਿਤੀ ਸਲੋਕ ਆਉਂਦੇ ਹਨ, ਉਹ ਸੰਸਕ੍ਰਿਤ ਦੇ ਨਹੀਂ, ਉਸ ਬੋਲੀ ਦੇ ਹਨ, ਜੋ 'ਸੰਸਕ੍ਰਿਤ' ਤੋਂ 'ਸਹਸਕ੍ਰਿਤ' ਹੋ ਗਈ ਹੈ। ਭਾਵ ਉਹ ਸਲੋਕ 'ਪ੍ਰਾਕ੍ਰਿਤ' ਦੇ ਹਨ। ਇਨ੍ਹਾਂ ਸਲੋਕਾਂ ਦੇ ਨਾਲ ਹੀ ਅੱਗੇ 'ਗਾਥਾ' ਦੇ ਸਲੋਕ ਆਉਣੇ ਵੀ ਇਹੀ ਪ੍ਰਗਟ ਕਰਦੇ ਹਨ ਕਿ 'ਸਹਸਕ੍ਰਿਤੀ' ਸਲੋਕਾਂ ਦਾ ਭਾਵ ਹੈ 'ਪ੍ਰਾਕ੍ਰਿਤ ਦੇ ਸਲੋਕ'। ਵੇਖੋ-ਗੁਰਬਾਣੀ ਵਿਆਕਰਣ, ਪ੍ਰੋ.ਸਾਹਿਬ ਸਿੰਘ, ਪੰਨਾ ੪੦

੨- ਭਾਵ ਉਸਤਤ। ਗਾਥਾ ਵੇਦਾਂ ਦੇ ਸਮੇਂ ਦੀ ਇਕ 'ਪ੍ਰਾਕ੍ਰਿਤ' ਸੀ। ਗੁਰਬਾਣੀ ਵਿਆਕਰਣ, ਪ੍ਰੋ.ਸਾਹਿਬ ਸਿੰਘ, ਪੰਨਾ ੪੦

੩- ਗੁਰੂ ਗ੍ਰੰਥ ਸਾਹਿਬ ਦਾ ਸਾਹਿੱਤਕ ਇਤਿਹਾਸ, ਡਾ.ਤਾਰਨ ਸਿੰਘ, ਪੰਨਾ ੪੧੩

੪- ਚਉਬੋਲੇ:-

ਮੂਸਨ ਤੇ ਜਮਾਲ ਦੇ ਭਾਈਆਂ ਦੇ ਦੋ ਪੁਤਰ ਸਮਨ ਤੇ ਪਤੰਗ ਸਨ। ਇਨ੍ਹਾਂ ਚਾਰਾਂ ਨੂੰ ਸੰਬੋਧਨ ਕਰਕੇ ਕਹੇ ਗਏ ੧੧ ਸ਼ਬਦਾਂ ਨੂੰ ਚਉਬੋਲੇ ਦਾ ਨਾਂ ਦਿਤਾ ਗਿਆ ਹੈ।

ਵਿਸ਼ਾ- ਪਰਮਾਤਮਾ ਦੀ ਮਹੱਤਤਾ ਹੈ। ਪਰਮਾਤਮਾ ਸਸਤਾ ਨਹੀਂ ਪਾਈਦਾ, ਸਿਰ ਦੇ ਕੇ ਪ੍ਰਾਪਤ ਕਰੀਦਾ ਹੈ।

੫- ਸਲੋਕ[੧]:-

ਬਾਬਾ ਫਰੀਦ ਤੇ ਭਗਤ ਕਬੀਰ ਦੇ ਸਲੋਕਾਂ ਵਿਚ ਜਿਥੇ ਗੁਰੂ ਸਾਹਿਬ ਕੋਈ ਸ਼ੰਕਾ ਮਹਿਸੂਸ ਕਰਦੇ ਹਨ, ਉਥੇ ਆਪਣੇ ਵਿਚਾਰ ਦੇਂਦੇ ਹਨ ਜਾਂ ਕਿਤੇ ਕਿਤੇ ਕਿਸੇ ਸਲੋਕ ਨੂੰ ਹੋਰ ਵੀ ਸਪਸ਼ਟ ਕਰਨ ਲਈ ਵੀ ਆਪ ਨੇ ਸਲੋਕ ਰਚੇ ਹਨ।

੬- ਸਵਯੇ ਸ੍ਰੀ ਮੁਖਵਾਕ ਮਹਲਾ ੫:-

੨੦ ਸਵਯੇ ਹਨ ਇਨ੍ਹਾਂ ਵਿਚ ਪ੍ਰਭੂ ਉਸਤਤੀ ਗਾਈ ਗਈ ਹੈ।

੭- ਸਲੋਕ ਵਾਰਾਂ ਤੋ ਵਧੀਕ:-

ਜਿਹਾ ਕਿ ਸਿਰਲੇਖ ਤੋਂ ਹੀ ਪ੍ਰਗਟ ਹੈ ਕਿ ਇਹ ਉਹ ਸਲੋਕ ਹਨ, ਜੋ ਵਾਰਾਂ ਨਾਲ ਲਗਾਉਣ ਮਗਰੋਂ ਬਚ ਰਹੇ। ਇਹ ੨੨ ਹਨ।

ਵਿਸ਼ਾ- ਮਾਇਆ ਵਿਚ ਫਸਿਆਂ ਦੀ ਦੁਰਦਸ਼ਾ ਤੇ ਇਸ ਤੋਂ ਨਿਰਲੇਪ ਰਹਿਣ ਵਾਲਿਆਂ ਗੁਰਮੁਖਾਂ ਦੀ ਸਿਫ਼ਤ ਕੀਤੀ ਹੈ।

---

੧- ਭਗਤ ਕਬੀਰ ਦੇ ਸਲੋਕਾਂ ਵਿਚ ਮਹਲਾ ੫ ਦੇ ਸਲੋਕ-
ੳ-ਕਬੀਰ ਕੂਕਰੁ ਭਉਕਨਾ ਕਰੰਗ ਪਿਛੈ ਉਠਿ ਧਾਇ।। ਸ.ਨੰ.੨੦੯
ਅ-ਕਬੀਰ ਧਰਤੀ ਸਾਧ ਕੀ ਤਸਕਰ ਬੈਸਹਿ ਗਾਹਿ।। " " ੨੧੦
ੲ-ਕਬੀਰ ਚਾਵਲ ਕਾਰਨੇ ਤੁਖ ਕਉ ਮੁਹਲੀ ਲਾਇ।। " " ੨੧੧
ਸ-ਕਬੀਰ ਹਮਰਾ ਕੋ ਨਹੀ ਹਮ ਕਿਸਹੂ ਕੇ ਨਾਹਿ।। " " ੨੧੪
ਹ-ਸਲੋਕ ੨੨੧ ਵੇਖੋ ਇਸੇ ਥੀਸਸ ਦਾ ਫੁਟ ਨੋਟ ਪੰਨਾ ੪੮
ਬਾਬਾ ਫਰੀਦ ਦੇ ਸਲੋਕਾਂ ਵਿਚ ਮਹਲਾ ੫ ਦੇ ਸਲੋਕ-
ੳ-ਫਰੀਦਾ ਖਾਲਕੁ ਖਲਕ ਮਹਿ ਖਲਕ ਵਸੈ ਰਬ ਮਾਹਿ।। ਸ.ਨੰ.੭੫
ਅ-ਫਰੀਦਾ ਭੂਮਿ ਰੰਗਾਵਲੀ ਮੰਝਿ ਵਿਸੂਲਾ ਬਾਗ।। " " ੮੨
ੲ-ਫਰੀਦਾ ਉਮਰ ਸੁਹਾਵੜੀ ਸੰਗਿ ਸੁਵੰਨੜੀ ਦੇਹ।। " " ੮੩
ਸ-ਫਰੀਦਾ ਗਰਬੁ ਜਿਨਾ ਵਡਿਆਈਆ ਧਨਿ ਜੋਬਨਿ ਆਗਾਹ।। ਸ.ਨੰ.੧੦੫
ਹ-ਫਰੀਦਾ ਕੰਤੁ ਰੰਗਾਵਲਾ ਵਡਾ ਵੇਮੁਹਤਾਜੁ।। " " ੧੦੮
ਕ-ਫਰੀਦਾ ਦੁਖੁ ਸੁਖੁ ਇਕੁ ਕਰਿ ਦਿਲ ਤੇ ਲਾਹਿ ਵਿਕਾਰੁ।। " " ੧੦੯
ਖ-ਫਰੀਦਾ ਦੁਨੀ ਵਜਾਈ ਵਜਦੀ ਤੂੰ ਭੀ ਵਜਹਿ ਨਾਲਿ।। " " ੧੧੦
ਗ-ਫਰੀਦਾ ਦਿਲੁ ਰਤਾ ਇਸੁ ਦੁਨੀ ਸਿਉ ਦੁਨੀ ਨ ਕਿਤੈ ਕੰਮਿ।। " " ੧੧੧

੮- <u>ਮੁੰਦਾਵਣੀ</u>:-

ਇਸ ਵਿਚ ਆਪ ਦੇ ਦੋ ਸ਼ਬਦ ਹਨ। ਇਕ ਸ਼ਬਦ ਵਿਚ 'ਆਦਿ ਗ੍ਰੰਥ ਕੀ ਹੈ?' ਦਸਿਆ ਹੈ ਤੇ ਦੂਸਰੇ ਵਿਚ ਇਸ ਪਵਿਤਰ ਗ੍ਰੰਥ ਦੇ ਨਿਰਵਿਘਨ ਮੁਕੰਮਲ ਹੋ ਜਾਣ ਤੇ ਪਰਮਾਤਮਾ ਦਾ ਸ਼ੁਕਰ ਕੀਤਾ ਹੈ।

ਸੋ ਜੋ ਬਾਣੀ ਗੁਰੂ ਨਾਨਕ ਦੇਵ ਜੀ ਨੇ ੧ੴ ਤੋਂ ਆਰੰਭ ਕੀਤੀ ਸੀ, ਉਸ ਨੂੰ 'ਮੁੰਦਾਵਣੀ' ਦੀ ਮੋਹਰ ਲਾ ਕੇ 'ਨਾਨਕ ਨਾਮੁ ਮਿਲੇ ਤਾਂ ਜੀਵਾਂ ਤਨੁ ਮਨੁ ਥੀਵੈ ਹਰਿਆ' ਤੇ ਗੁਰੂ ਅਰਜਨ ਦੇਵ ਜੀ ਨੇ ਸੀਲ ਬੰਦ ਕਰ ਦਿੱਤਾ।

'ਦਿਨ ਰੈਣਿ', 'ਅੰਜੁਲੀਆਂ', 'ਬਿਰਹੜੇ', 'ਮੁੰਦਾਵਣੀ' ਆਦਿ ਕੇਵਲ ਸਿਰਲੇਖ ਹਨ। ਇਨ੍ਹਾਂ ਦਾ ਭਾਵ ਨਾਲ ਸਬੰਧ ਹੈ, ਰਚਨਾ ਨਾਲ ਕੋਈ ਵਾਸਤਾ ਨਹੀਂ। 'ਛੰਤ', 'ਪਹਿਰੇ', 'ਬਾਰਾਂ ਮਾਹ', 'ਬਾਵਨ ਅਖਰੀ', 'ਥਿਤੀ', 'ਵਾਰ', 'ਸਲੋਕ',-ਇਹ ਸਭ ਕਾਵਿ ਭੇਦ ਹਨ ਅਤੇ ਇਨ੍ਹਾਂ ਦਾ ਸਬੰਧ ਰਚਨਾ ਨਾਲ ਹੈ। 'ਛੰਤ'ਤੇ 'ਸਲੋਕ' ਉਸਤਤੀ ਦੀਆਂ ਰਚਨਾਵਾਂ ਹਨ। ਪਿੰਗਲ ਅਨੁਸਾਰ ਇਨ੍ਹਾਂ ਦੀ ਕੋਈ ਹੱਦਬੰਦੀ ਨਿਯਤ ਨਹੀਂ ਕੀਤੀ ਜਾ ਸਕਦੀ। 'ਪਹਿਰੇ', 'ਬਾਰਾਂ ਮਾਹ', 'ਬਾਵਨ ਅਖਰੀ'ਤੇ 'ਥਿਤੀ' ਵਿਚ ਕਰਮਵਾਰ ਪਹਿਰਾਂ, ਮਹੀਨਿਆਂ, ਅਖਰਾਂ ਤੇ ਥਿਤਾਂ ਦੇ ਨਾਂ ਹਰ ਪਦ ਦੇ ਸ਼ੁਰੂ ਵਿਚ ਜ਼ਰੂਰੀ ਹਨ। ਛੰਦ ਦੀ ਕੋਈ ਪਾਬੰਦੀ ਨਹੀਂ, ਪਰ ਵਾਰ ਵਿਚ ਪਉੜੀ ਦੀ ਵਰਤੋਂ ਹੁੰਦੀ ਹੈ: ਇਸ ਨੂੰ ਨਿਸ਼ਾਨੀ ਛੰਦ ਵੀ ਕਿਹਾ ਜਾਂਦਾ ਹੈ।[੧]

<u>ਸੁਖਮਨੀ</u>[੨]:-

ਜੋ ਸਤਿਕਾਰ ਗੁਰੂ ਨਾਨਕ ਦੇਵ ਜੀ ਦੀ ਸ਼ਾਹਕਾਰ ਰਚਨਾ 'ਜਪੁਜੀ' ਨੂੰ ਅਤੇ ਗੁਰੂ ਅਮਰਦਾਸ ਜੀ ਦੀ ਰਚਨਾ 'ਅਨੰਦ' ਨੂੰ ਪ੍ਰਾਪਤ ਹੈ,ਉਹੀ ਸਤਿਕਾਰ ਗੁਰੂ ਅਰਜਨ ਦੇਵ ਜੀ ਦੀ ਸ਼ਾਹਕਾਰ 'ਸੁਖਮਨੀ' ਨੂੰ ਪ੍ਰਾਪਤ ਹੈ।

ਇਹ ਤਿੰਨੇ ਰਚਨਾਵਾਂ ਹੀ ਅਜਿਹੀਆਂ ਹਨ ਕਿ ਇਨ੍ਹਾਂ ਦਾ ਸਿਮਰਨ ਕਿਸੇ ਸਮੇਂ ਵੀ ਕੀਤਾ ਜਾ ਸਕਦਾ ਹੈ। ਫਿਰ ਵੀ ਇਨ੍ਹਾਂ ਦੇ ਪਾਠ ਲਈ ਸਵੇਰ ਦਾ ਸਮਾਂ ਚੁਣਿਆ ਗਿਆ ਹੈ। ਭਾਵੇਂ ਸੁਖਮਨੀ ਇਸ ਸਮੇਂ ਦੀ ਬੰਦਸ਼ ਵਿਚੋਂ ਮੁਕਤ ਹੈ।

ਸੁਖਮਨੀ ਦੇ ਭਾਵ-ਪਹਿਲਾ-ਸੁਖਾਂ ਦੀ ਮਣੀ ਭਾਵ ਸੁਖਾਂ ਦਾ ਖ਼ਜ਼ਾਨਾ।
ਦੂਜਾ -ਅਰਥ ਰਹੱਸਵਾਦੀ ਹੈ,ਭਾਵ ਮਨ ਦਾ ਸੁਖ।

---

੧- ਪੰਜਾਬੀ ਸਾਹਿੱਤ ਦਾ ਇਤਿਹਾਸ,ਡਾ.ਸੁਰਿੰਦਰ ਸਿੰਘ ਕੋਹਲੀ,ਪੰਨਾ ੧੪੦

੨- ਸੁਖਮਨੀ ਦਾ ਇਕ ਹੱਥ ਲਿਖਤ ਉਤਾਰਾ ਭਾਈ ਮਥੋ ਮੁਰਾਰੀ ਨੇ ਸੰਮਤ ੧੯੪੨ (੧੮੮੫ ਈ.)ਵਿਚ ਕੀਤਾ ਸੀ। ਵੇਖੋ- ਹੱਥ ਲਿਖਤ ਨੰ.੭੯੮, ਸਿੱਖ ਰੈਫਰੈਂਸ ਲਾਇਬ੍ਰੇਰੀ, ਅੰਮ੍ਰਿਤਸਰ।

330157

ਤੀਜਾ- ਅਰਥ ਵੀ ਰਹੱਸਮਈ ਸੰਕੇਤ ਹੈ- ਭਾਵ ਸੁਖਮਨਾ ਨਾੜੀ।[1] ਇਹ ਉਚੀ ਸਮਾਧੀ ਦੀ ਅਵਸਥਾ ਹੈ।

ਗੁਰੂ ਅਰਜਨ ਦੇਵ ਜੀ ਨੇ ਆਪਣੀ ਇਹ ਸ਼ਾਹਕਾਰ ਰਚਨਾ ੧੬੦੧ ਤੋਂ ੧੬੦੪ ਦੇ ਦਰਮਿਆਨ ਰਾਮਸਰ (ਅੰਮ੍ਰਿਤਸਰ) ਤਲਾ ਦੇ ਕਿਨਾਰੇ ਲਿਖੀ। ਇਹ ਸਮਾ ਆਪ ਦੀ ਸਾਹਿਤੱਕ ਪ੍ਰੌਢਤਾ ਦਾ ਸਿਖਰ ਸਮਾ ਸੀ। ਇਸੇ ਕਰਕੇ ਇਸ ਸਮੇਂ ਵਿਚ ਅਜਿਹੀ ਉਤਮ ਰਚਨਾ ਨੇ ਜਨਮ ਲਿਆ, ਜਿਹੜੀ ਕਿਸੇ ਵੀ ਕੌਮ ਲਈ, ਕਿਸੇ ਵੀ ਵਰਗ ਲਈ, ਕਿਸੇ ਵੀ ਉਮਰ ਲਈ, ਕਿਸੇ ਵੀ ਜੀਵ ਲਈ, ਰਹਿਨੁਮਾਈ ਕਰਨ ਦੀ ਸਮਰਥਾ ਰਖਦੀ ਹੈ। ਇਸ ਵਿਚ ੨੪ ਅਸ਼ਟਪਦੀਆਂ ਹਨ ਤੇ ਹਰ ਅਸ਼ਟਪਦੀ ਤੋਂ ਪਹਿਲਾਂ ਇਕ ਸਲੋਕ ਹੈ, ਜੋ ਲਗ ਪਗ ਸਾਰੀ ਅਸ਼ਟਪਦੀ ਦਾ ਤੱਤ ਹੈ।

ਵਿਸ਼ਾ:-

ਗੁਰੂ ਅਰਜਨ ਦੇਵ ਜੀ ਨੇ ਆਪਣੀ ਰਚਨਾ ਸੁਖਮਨੀ ਵਿਚ ਨਾਮ ਤੇ ਸਿਮਰਨ ਤੇ ਜ਼ਿਆਦਾ ਜ਼ੋਰ ਦਿੱਤਾ ਹੈ। ਇਸ ਵਿਚ ਰਹੱਸਮਈ ਬਿਆਨ ਤਾਂ ਸਿਖਰਾਂ ਦਾ ਹੈ। ਕਿਤੇ ਵੀ ਵਿਚਾਰ ਪ੍ਰਗਟਾਅ ਠਹਿਰ ਕੇ ਸਾਹ ਨਹੀਂ ਲੈਣ ਦਿੰਦਾ, ਇਕ ਤੋਂ ਮਗਰੋਂ ਦੂਜਾ ਵਿਚਾਰ ਤੇ ਫੇਰ ਤੀਜਾ---ਤੇ ਫੇਰ ਇਸੇ ਤਰ੍ਹਾਂ ਸਾਰੀ ਰਚਨਾ ਵਿਚ ਜਿਵੇਂ ਇਕ ਰਹੱਸਮਈ ਲੜੀ ਹੀ ਚਲ ਰਹੀ ਹੋਵੇ। ਹਰ ਅਸ਼ਟਪਦੀ ਵਿਚ ਵਿਸ਼ਾ ਸਥੂਲ ਤੋਂ ਸੂਖਮ ਵਲ ਵਧਦਾ ਹੈ। ਵਿਸ਼ੇ ਦੇ ਆਰੰਭ ਵਿਚ ਆਪ ਠੋਸ ਹਕੀਕਤ ਨੂੰ ਸਲੋਕ ਦੇ ਰੂਪ ਵਿਚ ਦੇ ਕੇ ਵਿਸ਼ੇ ਤੱਕ ਪਾਠਕ ਦੀ ਸਿਧੀ ਪਹੁੰਚ ਕਰ ਦਿੰਦੇ ਹਨ ਤੇ ਫੇਰ ਸਾਰੀ ਅਸ਼ਟਪਦੀ ਸੂਖਮਤਾ ਦੇ ਮੰਡਲਾਂ ਵਿਚ ਉਡਾਰੀਆਂ ਲਵਾਉਂਦੀ ਜਾਂਦੀ ਹੈ। ਇਹ ਸੂਖਮਤਾ ਤੇ ਰਹੱਸਮਈ ਅਵਸਥਾ ੨੧ਵੀਂ ਪਉੜੀ ਤੇ ਜਾ ਕੇ ਤਾਂ ਹੋਰ ਵੀ ਸਿਖਰਾਂ ਵਲ ਵਧਦੀ ਹੈ। ਜਿਉਂ ਜਿਉਂ ਸੁਖਮਨੀ ਦਾ ਅੰਤ ਨੇੜੇ ਆਉਂਦਾ ਜਾਂਦਾ ਹੈ ਤਿਉਂ ਤਿਉਂ ਸੂਖਮਤਾ ਤੇ ਰਹੱਸ ਸਿਖਰਾਂ ਵਲ ਵਧਦੇ ਜਾਂਦੇ ਹਨ ਤੇ ਅਖੀਰ:-

'ਨਾਨਕ ਇਹ ਗੁਣ ਨਾਮ ਸੁਖਮਨੀ'

ਕਹਿ ਕੇ ਗੁਰੂ ਸਾਹਿਬ ਸਾਡੇ ਲਈ ਨਿਤਾਰਾ ਕਰ ਦੇਂਦੇ ਹਨ ਕਿ ਇਨ੍ਹਾਂ ਗੁਣਾਂ ਦੁਆਰਾ ਜੀਵ ਮਨ ਦਾ ਸੁਖ ਹਾਸਲ ਕਰ ਸਕਦਾ ਹੈ।

---

੧- ਸੁਖਮਨਾ ਨਾੜੀ ਜੋਗੀਆਂ ਦੀ ਕਲਪੀ ਹੋਈ ਇਕ ਨਾੜੀ ਹੈ, ਜੋ ਨੱਕ ਦੇ ਮੂਲ ਤੋਂ ਲੈ ਕੇ ਰੀੜ੍ਹ ਦੇ ਨਾਲ ਹੁੰਦੀ ਹੋਈ, ਦਿਮਾਗ ਤੀਕ ਪਹੁੰਚਦੀ ਹੈ। ਇਸ ਦੇ ਸੱਜੇ ਪਾਸੇ ਪਿੰਗਲਾ ਤੇ ਖੱਬੇ ਪਾਸੇ ਇੜਾ ਹੈ।
ਵੇਖੋ- ਮਹਾਨ ਕੋਸ਼, ਪੰਨਾ ੧੫੬

<u>ਸ਼ੈਲੀ:-</u>

ਸੁਖਮਨੀ ਦੀ ਸ਼ੈਲੀ ਐਸੀ ਸ਼ਕਤੀਵਾਨ ਹੈ, ਜਿਸ ਵਿਚ ਪਰਮਾਤਮਾ ਵਰਗਾ ਸਤਿ ਹੈ, ਚਿਤ ਹੈ, ਅਨੰਦ ਹੈ। ਇਸ ਦੀ ਸ਼ੈਲੀ ਵਿਚ ਇਕ ਸੁਖਾਵਾਂਪਨ ਹੈ। ਮਨ ਭਾਵੇਂ ਕਿੰਨਾ ਉਦਾਸ, ਉਲਾਰ ਤੇ ਡੋਲਿਆ ਹੋਵੇ, ਸੁਖਮਨੀ ਲੋਰੀ ਦਾ ਕੰਮ ਕਰਦੀ ਹੈ।[1]

ਗੁਰੂ ਅਰਜਨ ਦੇਵ ਜੀ ਦੀ ਸੁਖਮਨੀ 'ਸੁਖਾਂ ਦਾ ਦਰਿਆ' ਹੈ।[2] ਜਦੋਂ ਮਨ ਸੁਖਮਨੀ ਦੇ ਦਰਿਆ ਵਿਚ ਟੁਭੀਆਂ ਲਾਉਣ ਲਗ ਪਵੇ ਤਾਂ ਜਿਸਮਾਂ ਦੀ ਹੋਂਦ ਪ੍ਰਤੀਤ ਨਹੀਂ ਹੁੰਦੀ। ਇਸ ਦਰਿਆ ਵਿਚ ਸਾਨੂੰ ਰੋਜ਼ ਟੁਭੀਆਂ ਲਾਉਣੀਆਂ ਚਾਹੀਦੀਆਂ ਹਨ।

ਫਰਾਂਸ ਦਾ ਕੌਮੀ ਗੀਤ ਹਰ ਫਰਾਂਸੀਸੀ ਬੱਚੇ ਦਾ ਹੈ, ਪੁਰਸ਼ ਤੇ ਇਸਤਰੀ ਦਾ ਹੈ। ਇਸ ਨੂੰ ਜਦੋਂ ਉਹਸਾਰੇ ਖੜੇ ਹੋ ਕੇ ਗਾਉਂਦੇ ਹਨ ਤਾਂ ਉਨ੍ਹਾਂ ਨੂੰ ਇਸ ਤੋਂ ਉਤਸ਼ਾਹ ਮਿਲਦਾ ਹੈ। ਇਹੋ ਹਾਲ ਜਾਪਾਨੀ ਰਾਸ਼ਟਰੀ ਗੀਤ ਦਾ ਹੈ।

ਸਾਡਾ ਵੀ ਗੁਰੂ ਗ੍ਰੰਥ ਸਾਹਿਬ ਨਾਲ ਅਜਿਹਾ ਹੀ ਰਿਸ਼ਤਾ ਹੈ, ਇਸੇ ਹੀ ਤਰ੍ਹਾਂ ਅਸੀਂ ਗੁਰੂ ਅਰਜਨ ਦੇ ਸ਼ਬਦਾਂ ਨੂੰ ਕੌਮੀ ਗੀਤ ਨਹੀਂ, ਰਾਸ਼ਟਰੀ ਵੀ ਨਹੀਂ, ਅੰਤਰ ਰਾਸ਼ਟਰੀ ਗੀਤ ਬਨਾਉਣਾ ਹੈ। ਕਿਉਂਕਿ ਗੁਰੂ ਜੀ ਨੇ ਕਿਸੇ ਕੌਮ ਲਈ, ਕਿਸੇ ਬਾਦਸ਼ਾਹ ਲਈ ਨਹੀਂ, ਤੇ ਨ ਹੀ ਕਿਸੇ ਖ਼ਾਸ ਜਿੱਤ ਦੀ ਖ਼ੁਸ਼ੀ, ਤੇ ਨ ਹੀ ਹਾਰ ਦੇ ਰੋਣੇ ਰੋਏ ਹਨ, ਸਗੋਂ ਆਪ ਦੀ ਰਚਨਾ ਤਾਂ ਇਨਸਾਨੀਅਤ ਦੀ ਹੋਸ਼ ਟਿਕਾਣੇ ਲਿਆਉਣ ਲਈ ਹੈ।[3]

ਪ੍ਰੋ.ਪੂਰਨ ਸਿੰਘ ਜੀ ਆਪਣਾ ਤਜਰਬਾ ਦਸਦੇ ਹਨ ਕਿ 'ਇਕ ਵਾਰੀ ਮੈਂ ਆਪਣੇ ਕਿਸੇ ਵਪਾਰਕ ਕੰਮ ਵਿਚ ਬੜਾ ਘਬਰਾਇਆ ਹੋਇਆ ਸਾਂ। ਕੋਈ ਸਾਥ ਦੇਣ ਵਾਲਾ ਨਹੀਂ ਸੀ। ਉਤਸ਼ਾਹ ਕੋਈ ਨਹੀਂ ਸੀ ਰਿਹਾ। ਲੋਕ ਮਖੌਲ ਕਰ ਰਹੇ ਸਨ, ਦੋਸਤ ਸਾਥ ਨਿਭਾਉਣ ਤੋਂ ਅਸਮਰਥ ਸਨ। ਮੈਂ ਮਾਨਸਕ ਇਕਸੁਰਤਾ ਗੁਆ ਬਹਿਣ ਵਾਲਾ ਸੀ। ਇਉਂ ਲਗਦਾ ਸੀ ਕਿ ਹੁਣ ਪਾਗਲ ਹੀ ਹੋ ਜਾਵਾਂਗਾ। ਨੌਕਰਾਂ ਵੀ ਇਹੀ ਸ਼ਕ ਕੀਤਾ ਕਿ ਜੇ ਇਹੀ ਹਾਲਤ ਰਹੀ ਤਾਂ ਇਹਨਾਂ ਦੀ ਮਾਨਸਕ ਹਾਲਤ ਹੋਰ ਵੀ ਵਿਗੜ ਜਾਏਗੀ। ਪਰ ਅਚਾਨਕ ਏਨੀ 'ਤਪਸ਼' ਮਗਰੋਂ ਕਿਧਰੋਂ ਬੱਦਲ ਆਏ, ਮੈਂ ਅੱਖਾਂ ਬੰਦ ਕੀਤੀਆਂ ਤੇ ਮੁੜ ਉਠ ਕੇ 'ਸੁਖਮਨੀ' ਦਾ ਪਾਠ ਕਰਨ ਲਗ ਪਿਆ। ਜਿਉਂ ਜਿਉਂ ਮੈਂ ਪਾਠ ਕਰਦਾ

---

੧- ਭਗਤੀ ਤੇ ਸ਼ਕਤੀ, ਡਾ.ਤਾਰਨ ਸਿੰਘ, ਪੰਨਾ ੨੬੨

੨-The Message of Guru Arjan, Prof.Puran Singh, p.3.

੩-As above, p.4.

ਗਿਆ ਮੇਰੇ ਮਨ ਵਿਚ ਚਾਨਣ ਹੁੰਦਾ ਗਿਆ, ਹਨੇਰਾ ਨਸਦਾ ਗਿਆ। ਚਿਹਰੇ ਤੋਂ ਉਦਾਸੀ ਦੇ ਚਿੰਨ੍ਹ ਖ਼ਤਮ ਹੋ ਗਏ, ਉਦੋਂ ਮੈਨੂੰ ਪੂਰੀ ਸਮਝ ਲਗੀ ਕਿ ਸੁਖਮਨੀ ਕਿਤਨੇ ਦੁਖਾਂ ਦਾ ਦਾਰੂ ਹੈ।'

ਸਚਮੁਚ ਸੁਖਮਨੀ ਇਕ ਅਜਿਹੀ ਗੀਤਾ ਹੈ ਜੋ ਪੰਜਾਬ ਦੇ ਗੁਰੂ ਨੇ ਹਿੰਦੁਸਤਾਨ ਨੂੰ ਮੁੜ ਪੰਜਾਬ ਦੀ ਧਰਤੋਂ ਬਖਸ਼ੀ ਹੈ।[੧] ਸੁਖਮਨੀ ਅਜਿਹੀ ਰਚਨਾ ਹੈ, ਜਿਸ ਨੂੰ ਸੁਣ ਕੇ, ਪੜ੍ਹ ਕੇ, ਮਨ ਸ਼ਾਂਤ ਹੋ ਜਾਂਦਾ ਹੈ। ਭਟਕਣਾ ਹਟ ਜਾਂਦੀਆਂ ਹਨ।

ਨਿਰੀ ਸੁਖਮਨੀ ਹੀ ਨਹੀਂ ਗੁਰੂ ਜੀ ਦੀ ਸਾਰੀ ਰਚਨਾ ਜੀਵਨ ਪਲਟਾ ਦੇਣ ਵਾਲੀ ਹੈ, ਜੇ ਇਸ ਉਪਰ ਧਿਆਨ ਧਰਿਆ ਜਾਵੇ।

ਪੰਚਮ ਪਾਤਸ਼ਾਹ ਦੀ ਬਾਣੀ ਡਾਢੀ ਮਿਠੀ, ਸੌਖੀ, ਸਰਲ, ਭਾਵਪੂਰਤ ਤੇ ਮਨਾਂ ਵਿਚ ਖੁਭ ਜਾਣ ਵਾਲੀ ਹੈ। ਈਸ਼ੁਵਰ ਭਗਤੀ ਤੇ ਗਿਆਨ ਦਾ ਹੁਲਾਰਾ ਦਿੰਦੀ ਹੈ। ਖਾਸ ਕਰਕੇ ਸੁਖਮਨੀ ਸਾਹਿਬ ਇਕ ਅਸਚਰਜ ਰਚਨਾ ਹੈ, ਜੋ ਸੁਰਤ ਨੂੰ ਵਿਸਮਾਦ ਵਿਚ ਤੇ ਉਸ ਤੋਂ ਪਰ੍ਹੇ ਵਾਹਿਗੁਰੂ ਵਿਚ ਲੈ ਜਾਂਦੀ ਹੈ।[੨]

*****
***
*

---

੧- ਨੇਮ ਤੇ ਪ੍ਰੇਮ, ਡਾ.ਤਾਰਨ ਸਿੰਘ, ਪੰਨਾ ੨੬੪

੨- ਗੁਰਮਤਿ ਫਿਲਾਸਫੀ, ਗਿਆਨੀ ਪ੍ਰਤਾਪ ਸਿੰਘ, ਪੰਨਾ ੧੮੦

## ਭਾਗ ਪਹਿਲਾ
*********

ਕਾਂਡ-੧

- ਰਹੱਸਵਾਦ ਕੀ ਹੈ
- ਰਹੱਸਵਾਦ ਦਾ ਘੇਰਾ
- ਰਹੱਸਵਾਦ ਦਾ ਇਤਿਹਾਸ
- ਰਹੱਸਵਾਦ ਦਾ ਮਾਨਵਤਾ ਤੇ ਪ੍ਰਭਾਵ
- ਰਹੱਸਵਾਦ ਦੀਆਂ ਕਿਸਮਾਂ
-ਰਹੱਸਵਾਦ ਦੇ ਤੱਤ ਤੇ ਵਿਸ਼ੇਸ਼ਤਾਈਆਂ
- ਰਹੱਸਵਾਦ ਦੀਆਂ ਮੰਜ਼ਿਲਾਂ

ਕਾਂਡ-੨

- ਗੁਰੂ ਅਰਜਨ ਦੇਵ ਜੀ ਤੋਂ ਪਹਿਲਾਂ ਦੇ ਭਾਰਤੀ ਤੇ ਪੰਜਾਬੀ ਸਾਹਿੱਤ ਵਿਚ ਰਹੱਸਵਾਦ ਦਾ ਸਰੂਪ।

ਕਾਂਡ-੩

- ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ ਰਹੱਸਵਾਦ।

## ਭਾਗ ਪਹਿਲਾ

### ਕਾਂਡ-੧

ਰਹੱਸਵਾਦ ਕੀ ਹੈ- ਰਹੱਸਵਾਦ ਦਾ ਘੇਰਾ - ਰਹੱਸਵਾਦ ਦਾ ਇਤਿਹਾਸ - ਰਹੱਸਵਾਦ ਦਾ ਮਾਨਵਤਾ ਤੇ ਪ੍ਰਭਾਵ - ਰਹੱਸਵਾਦ ਦੀਆਂ ਕਿਸਮਾਂ - ਰਹੱਸਵਾਦ ਦੇ ਤੱਤ ਤੇ ਵਿਸ਼ੇਸ਼ਤਾਈਆਂ - ਰਹੱਸਵਾਦ ਦੀਆਂ ਮੰਜ਼ਲਾਂ।

ਰਹੱਸਵਾਦ ਕੀ ਹੈ:-

ਰਹੱਸਵਾਦ ਜਿਸ ਨੂੰ ਅੰਗ੍ਰੇਜ਼ੀ ਵਿਚ ਮਿਸਟਿਸਿਜ਼ਮ ( Mysticism ) ਕਿਹਾ ਜਾਂਦਾ ਹੈ, ਯੂਨਾਨੀ ਸ਼ਬਦ ਮਸਟਿਸ ( Mustes ) ਤੋਂ ਬਣਿਆ ਹੈ, ਜਿਸ ਦਾ ਭਾਵ ਅਜਿਹੇ ਪੁਰਸ਼ ਤੋਂ ਹੈ ਜੋ ਜੀਵਨ ਤੇ ਮੌਤ ਦੀ ਗੁੱਝੀ ਅਸਲੀਅਤ ਦਾ ਗਿਆਨ ਹਾਸਲ ਕਰੇ।[1]

ਮਿਸਟਰੀ ( Mystry ) ਸ਼ਬਦ ਵੀ ਯੂਨਾਨ ਦਾ ਮੁਹਾਵਰਾ ਹੈ। ਜਿਸ ਦਾ ਭਾਵ ਹੈ ਬੁਲ੍ਹਾਂ ਨੂੰ ਜਾਂ ਅੱਖਾਂ ਨੂੰ ਬੰਦ ਕਰ ਲੈਣਾ। ਇਸ ਦਾ ਧਾਤੂ ਮਾਈ ( My ) ਹੈ, ਇਸ ਧਾਤੂ ਦੇ ਅਰਥ ਵੀ 'ਬੰਦ ਕਰਨਾ' ਜਾਂ 'ਚੁੱਪ ਹੋ ਜਾਣਾ' ਹਨ। ਰਹੱਸਵਾਦੀ ਕਵੀ ਜਾਂ ਦਰਸ਼ਨ ਵੇਤਾ ਬਾਹਰ ਮੁਖੀ ਚੁੱਪ ਸਾਧ ਲੈਂਦੇ ਹਨ ਤੇ ਆਪਣੇ ਆਪ ਨੂੰ ਇਸ ਦਿਸਦੇ ਸੰਸਾਰ ਤੋਂ ਦੂਰ ਲਿਜਾ ਕੇ ਕਿਸੇ ਅਲੌਕਿਕ ਗਗਨ ਮੰਡਲ ਵਿਚ ਉਡਾਰੀਆਂ ਲਾਂਦੇ ਹਨ। ਇਸ ਲਈ ਇਨ੍ਹਾਂ ਨੂੰ ਮਿਸਟਿਕ ( Mystic ) ਕਿਹਾ ਜਾਂਦਾ ਹੈ।

ਆਦਿ ਕਾਲ ਤੋਂ ਮਨੁੱਖ ਇਹ ਸੋਚਦਾ ਆ ਰਿਹਾ ਹੈ ਕਿ ਮੈਂ 'ਕੀ' ਹਾਂ, 'ਕਿਥੋਂ' ਆਇਆ ਹਾਂ, 'ਕਿਵੇਂ' ਆਇਆ ਹਾਂ, 'ਕਿਥੇ' ਜਾਣਾ ਹੈ, ਮੇਰਾ ਮੇਰੇ 'ਅਸਲੇ' ਨਾਲ ਕੀ ਸਬੰਧ ਹੈ?

ਇਹ 'ਕੀ', 'ਕਿਥੋਂ', 'ਕਿਵੇਂ' ਤੇ 'ਕਿਥੇ' ਦੇ ਪ੍ਰਸ਼ਨ ਮਨੁੱਖ ਨੂੰ ਸੋਚਣ ਲਈ ਮਜਬੂਰ ਕਰਦੇ ਹਨ ਤੇ ਫਿਰ ਮਨੁੱਖ ਸੋਚ ਸੋਚ ਕੇ ਇਨ੍ਹਾਂ ਦੇ ਉਤਰ ਲਭਦਾ ਹੈ।

ਕੁਝ ਲੋਕ ਇਨ੍ਹਾਂ ਪ੍ਰਸ਼ਨਾਂ ਦੇ ਉਤਰ ਦਲੀਲ ਦੇ ਆਧਾਰ ਤੇ ਦਿੰਦੇ ਹਨ, ਉਨ੍ਹਾਂ ਲੋਕਾਂ ਨੂੰ 'ਦਾਰਸ਼ਨਕ' ਤੇ ਉਤਰ ਨੂੰ 'ਦਰਸ਼ਨ' ਆਖਿਆ ਜਾਂਦਾ ਹੈ। ਦੂਜੀ ਕਿਸਮ ਦੇ ਲੋਕ ਇਨ੍ਹਾਂ ਪ੍ਰਸ਼ਨਾਂ ਦੇ ਉਤਰ ਅਨੁਭਵ ਦੇ ਆਧਾਰ ਤੇ ਦਿੰਦੇ ਹਨ, ਉਨ੍ਹਾਂ ਲੋਕਾਂ ਨੂੰ ਰਹੱਸਵਾਦ' ਤੇ ਉਤਰ ਨੂੰ 'ਰਹੱਸਵਾਦ' ਦਾ ਨਾਂ ਦਿੱਤਾ ਜਾਂਦਾ ਹੈ।

ਰਹੱਸਵਾਦ ਮਨ ਦੀ ਉਹ ਦਸ਼ਾ ਹੈ, ਜਿਥੇ ਪੁੱਜ ਕੇ ਆਤਮਾ ਤੇ ਪਰਮਾਤਮਾ ਤੋਂ ਸਿਵਾ ਕੋਈ ਰਿਸ਼ਤਾ ਨਹੀਂ ਦਿਸਦਾ।[2]

---

੧- Comparative Religion, A.C.Bouquet, p.288.

੨- Ency. of Philosophy, Edward Caird, Vol.V, p.420

original not quotations given

ਰਹੱਸਵਾਦ ਪਰਮਸੱਤਾ ਨਾਲ ਮਿਲਨ ਦਾ ਸਿੱਧਾ ਤੇ ਭੀੜਾ ਰਸਤਾ ਹੈ।--- ਇਹ ਰਹੱਸਮਈ ਰਸਤਾ ਬਿਲਕੁਲ ਇਕੱਲਾ, ਬਿਖੜਾ ਤੇ ਸਿੱਧੀ ਚੜ੍ਹਾਈ ਦਾ ਹੈ, ਜਿਸ ਵਿਚ ਚੜ੍ਹਾਈ ਹੀ ਚੜ੍ਹਾਈ ਹੈ।[੧] ਜਿਹਾ ਕਿ ਰਹੱਸਵਾਦ ਦੇ ਨਾਮ ਤੋਂ ਹੀ ਪ੍ਰਗਟ ਹੁੰਦਾ ਹੈ, ਇਹ ਕੋਈ ਰਮਜ਼ ਭਰੀ ਧੁੰਦਲੀ ਜਹੀ ਗੱਲ ਹੈ।[੨]

ਰਹੱਸਵਾਦ ਦਾ ਭਾਵ ਧਰਮ ਦੀ ਉਹ ਕਿਸਮ ਹੈ ਜੋ ਜੀਵ ਨੂੰ ਪਰਮਾਤਮਾ ਨਾਲ ਮਿਲਾਵੇ ਭਾਵ ਪਰਮਾਤਮਾ ਦੀ ਹੋਂਦ ਨੂੰ ਸੁਚੇਤ ਕਰੇ।[੩]

ਰਹੱਸਵਾਦ ਸ਼ਬਦ ਧੁੰਦਲਾ ਜਿਹਾ ਹੈ, ਪਰ ਅਕਸਰ ਇਹ ਦੀ ਵਰਤੋਂ ਜੀਵ ਦੇ ਰਬ ਨਾਲ ਸਿੱਧੇ ਮੇਲ ਲਈ ਕੀਤੀ ਜਾਂਦੀ ਹੈ। ਇਹ ਵਰਤੋਂ ਦਿਮਾਗ਼ ਨਾਲ ਨਹੀਂ, ਮਨ ਨਾਲ ਸਬੰਧਤ ਹੈ।[੪]

ਰਹੱਸਵਾਦ ਜੀਵ ਆਤਮਾ ਦੀ ਉਸ ਅੰਦਰੂਨੀ ਪਰਵਿਰਤੀ ਦਾ ਪ੍ਰਕਾਸ਼ਨ ਹੈ, ਜਿਸ ਵਿਚ ਉਹ ਅਦਭੁਤ ਤੇ ਅਲੌਕਿਕ ਸ਼ਕਤੀ ਨਾਲ ਆਪਣਾ ਸ਼ਾਂਤ ਤੇ ਨਿਰਛਲ ਸਬੰਧ ਜੋੜਨਾ ਚਾਹੁੰਦੀ ਹੈ। ਇਹ ਸਬੰਧ ਇਥੋਂ ਤਕ ਵਧ ਜਾਂਦਾ ਹੈ ਕਿ ਦੁਹਾਂ ਵਿਚ ਕੋਈ ਅੰਤਰ ਨਹੀਂ ਰਹਿ ਜਾਂਦਾ।[੫]

ਰਹੱਸਵਾਦ ਕੋਈ ਧਾਰਮਕ ਸਿਧਾਂਤ ਨਹੀਂ, ਇਹ ਜ਼ਿੰਦਗੀ ਦਾ ਇਕ ਦ੍ਰਿਸ਼ਟੀਕੋਨ ਹੈ। ਇਹ ਉਸ ਭੇਦ ਨੂੰ ਪ੍ਰਗਟ ਕਰਨ ਦਾ ਯਤਨ ਕਰਦਾ ਹੈ, ਜੋ ਮਨੁੱਖ ਤੇ ਪ੍ਰਭੂ ਦੇ ਮਿਲਾਪ ਦੇ ਵਿਚਕਾਰ ਹੈ। ਅਥਵਾ ਇਹ 'ਮਨੁੱਖ-ਪ੍ਰਭੂ' ਮੇਲ ਦੇ ਡੂੰਘੇ ਤੇ ਨਿੱਜੀ ਅਨੁਭਵ ਨੂੰ ਪ੍ਰਗਟ ਕਰਦਾ ਹੈ।[੬]

ਰਹੱਸਵਾਦ ਆਤਮ ਖੋਜ ਹੈ, ਸਚਾਈ ਦੀ ਭਾਲ ਹੈ, ਜੋ ਆਪਣੇ ਵਿਚਾਰਾਂ ਦੁਆਰਾ ਅੰਤਰ ਆਤਮੇ ਵਿਚ ਚੁੱਭੀ ਮਾਰ ਕੇ ਭਾਲਣੀ ਹੈ।[੭]

ਰਹੱਸਵਾਦ ਇਕ ਅਨੁਭਵ ਹੈ, ਇਕ ਜੀਵਨ ਹੈ।[੮]

----ਰਹੱਸਵਾਦ ਧਰਮ ਤੋਂ ਪਰੇ ਦੀ ਕੋਈ ਅਸਲੀਅਤ ਹੈ। ਕੋਈ ਡੂੰਘਾ

---

੧-Ency.of Religion & Ethics, Hastings,Vol.IX,p.84.
੨-Mysticism and Philosophy,W.T.Stace, p.15.
੩-Dictionary of Mysticism ,Frank Gaynor ,p.119
੪-Dictionary of Islam,Thomas Patrick Hughes, p.426.
੫- ਕਬੀਰ ਕਾ ਰਹੱਸਵਾਦ(ਹਿੰਦੀ),ਡਾ.ਰਾਮ ਕੁਮਾਰ ਵਰਮਾ,ਪੰਨਾ ੬
੬- ਬਰਟਰੰਡ ਰਸਲ-ਹਵਾਲਾ:-ਸਾਹਿੱਤ ਸਮਾਚਾਰ(ਭਾਈ ਵੀਰ ਸਿੰਘ ਅੰਕ)ਪੰਨਾ ੯੨
੭-Theory and art of Mysticism, Radha Kamal Mukerjee,p.223
੮-Mysticism in English Literature, Spurgeon, p.11.

ਆਤਮਕ ਅਨੁਭਵ ਹੈ।[1]

ਰਹੱਸਵਾਦ ਕੋਈ ਸਿਧਾਂਤ ਨਹੀਂ, ਸਗੋਂ ਬੁਨਿਆਦੀ ਤੌਰ ਤੇ ਇਹ ਤਾਂ ਜੀਵਨ ਲਈ ਅਸਲੀ ਤੇ ਅਮਲੀ ਕ੍ਰਿਆਤਮਕ ਅਸੂਲ ਹੈ।[2] ਦਾਸ ਗੁਪਤਾ ਲਿਖਦੇ ਹਨ ਕਿ 'ਮੈਂ ਤਾਂ ਰਹੱਸਵਾਦ ਨੂੰ ਅਜਿਹਾ ਸਿਧਾਂਤ ਆਖਾਂਗਾ ਜੋ ਬੁਧੀ ਰਾਹੀਂ ਪਾਰਬ੍ਰਹਮ ਨੂੰ ਸਮਝਣ ਤੋਂ ਅਸਮਰਥ ਹੈ। ਪਰ ਉਂਜ ਉਸ ਤੱਕ ਪੁਜਣ ਲਈ ਕੋਈ ਨਾ ਕੋਈ ਰਾਹ ਭਾਲਣ ਵਿਚ ਵਿਸ਼ਵਾਸ਼ ਰਖਦਾ ਹੋਵੇ।'[3]

ਅਧਿਆਤਮਕ ਜੀਵਨ ਦੀ ਵਿਦਿਆ ਦਾ ਨਾਂ ਰਹੱਸਵਾਦ ਹੈ।[4]

ਇਹ ਉਹ 'ਵਾਦ' ਹੈ ਜੋ ਮਨੁੱਖੀ ਮਨ ਦੀ ਰਬੀ ਜੋਤ ਨੂੰ ਪ੍ਰਾਪਤ ਕਰਨ ਦੀ ਤਾਂਘ ਵਿਚੋਂ ਪੈਦਾ ਹੋਇਆ ਹੈ। ਇਹ ਉਹ 'ਵਾਦ' ਹੈ ਜੋ ਚੀਜ਼ਾਂ ਦੇ ਅੰਤਮ ਸੱਚ ਬਾਰੇ ਜਾਨਣ ਦੀ ਚੇਸ਼ਟਾ ਰਖਦਾ ਹੈ।[5]

ਅਪ੍ਰਤਖ ਤੇ ਅਦਿਸਦੇ ਰੂਪ ਨੂੰ ਮਾਨਣਾ ਰਹੱਸਵਾਦ ਹੈ। ਰਹੱਸਵਾਦੀ ਉਚੇਰੀਆਂ ਰੂਹਾਨੀ ਮੰਜ਼ਲਾਂ ਵਿਚ ਵਿਚਰਦਾ ਹੈ ਤੇ ਉਹ ਅਦਿਸ ਤੇ ਅਪਹੁੰਚ ਨਾਲ ਡੂੰਘੀ ਸਾਂਝ ਰਖਦਾ ਹੈ।[6]

ਆਪਣੇ ਅੰਤਹ ਕਰਣ ਦੁਆਰਾ ਇਕ ਸੱਚ, ਪਰਮਤੱਤ ਅਥਵਾ ਈਸ਼ਵਰ ਦੇ ਪ੍ਰਤਖ ਦਰਸ਼ਨ ਕਰਨ ਦੀ ਪ੍ਰਵਿਰਤੀ ਦਾ ਨਾਂ ਰਹੱਸਵਾਦ ਹੈ।[7]

ਅਧਿਆਤਮਕਤਾ ਧਰਮ ਤੇ ਉਸ ਦੇ ਅੰਦਰਲੇ ਤੱਤਾਂ ਦਾ ਸਾਰ ਹੈ, ਰਹੱਸਵਾਦ ਵਿਚ ਧਰਮ ਦੇ ਇਸੇ ਪੱਖ ਤੇ ਜ਼ੋਰ ਦਿੱਤਾ ਜਾਂਦਾ ਹੈ।[8]

ਰਹੱਸਵਾਦ ਕੋਈ ਫਲਸਫਾ ਨਹੀਂ ਨ ਹੀ ਇਸ ਦਾ ਫਲਸਫੇ ਨਾਲ ਕੋਈ ਵਾਸਤਾ ਹੈ, ਇਹ ਤਾਂ ਸਾਰਾ ਹੀ ਅਨੁਭਵ ਹੈ।[9]

ਗ੍ਰੀਅਰਸਨ ਅਨੁਸਾਰ 'ਪਵਿਤਰ ਤੇ ਉਮੰਗ ਭਰੇ ਪ੍ਰੇਮ ਨਾਲ ਪ੍ਰਚਲਤ ਆਤਮਾ ਤੇ ਪਰਮਾਤਮਾ ਦਾ ਮੇਲ ਹੀ ਰਹੱਸਵਾਦ ਹੈ।[10]

---

੧- Studies in Mystical Religion, R.M.Johnes, Introduction, p.XV.
੨- Hindu Mysticism, S.N. Das Gupta (Preface), p.IX.
੩- As above, p.17.
੪- Mysticism, E.Underhill, (Preface), p.XIV.
੫- Ency. Brittanica, Vol.16, p.51.
੬- Ency. of Social Sciences, Vol.II, p.175.
੭- ਹਿੰਦੀ ਸਾਹਿੱਤਯ ਕੋਸ਼, ਪੰਨਾ ੬੩੫
੮- Eastern Religion & Western Thought, Dr.Radha Krishanan, p.61.
੯- Western Mysticism, Dom Cuthbert Butler, p.129.
੧੦- ਹਵਾਲਾ:-ਕਬੀਰ ਕਾ ਰਹੱਸਵਾਦ(ਹਿੰਦੀ), ਡਾ.ਰਾਮ ਕੁਮਾਰ ਵਰਮਾ, ਪੰਨਾ ੧੦੦

ਸੋ ਰਹੱਸਵਾਦ ਇਕ ਅਜਿਹਾ ਮਾਰਗ ਹੈ, ਜੋ ਜੀਵ ਨੂੰ ਰਬ ਤੱਕ ਪੁਚਾ ਸਕਦਾ ਹੈ। ਇਹ ਅਜਿਹਾ ਗਿਆਨ ਹੈ, ਜੋ ਜੀਵ ਨੂੰ ਪਰਮਸੱਤਾ ਵਿਚ ਅਭੇਦ ਕਰ ਸਕਦਾ ਹੈ। ਸਾਦੇ ਅਰਥਾਂ ਵਿਚ ਰਹੱਸਵਾਦ ਆਤਮਾ ਦੇ ਪਰਮਾਤਮਾ ਨੂੰ ਮਿਲਣ ਦੇ ਗਿਆਨ ਦਾ ਨਾਂ ਹੈ।

ਇਸ ਗਿਆਨ ਦੇ ਕੁਝ ਕੁ ਜ਼ਰੂਰੀ ਅੰਗ ਇਹ ਹਨ:-

੧- ਜੀਵ ਦੀ ਪਰਮਾਤਮਾ ਦੇ ਪਿਆਰ ਵਲ ਤੀਬਰ ਖਿੱਚ
੨- ਭਾਵਨਾ ਜਾਂ ਅਕੱਥ ਪ੍ਰੇਮ ਦੀ ਬਹੁਲਤਾ
੩- ਅਧਿਆਤਮਕਤਾ
੪- ਅਦਵੈਤਵਾਦ
੫- ਸਾਧਕ ਦੀ ਸਾਧਨਾ ਸਬੰਧੀ ਰਹੱਸਮਈ ਪ੍ਰਤੀਕ੍ਰਿਆ
੬- ਆਸਤਕਤਾ
੭- ਇਹ ਫਲਸਫਾ ਨਹੀਂ, ਨਿਰੋਲ ਅਨੁਭਵ ਹੈ

ਇਨ੍ਹਾਂ ਅੰਗਾਂ ਨੂੰ ਮੇਲ ਕੇ ਹੀ ਰਹੱਸਵਾਦ ਦਾ ਢਾਂਚਾ ਬਣਦਾ ਹੈ, ਜਿਵੇਂ ਹੱਥ, ਪੈਰ, ਲੱਤਾਂ, ਪੇਟ, ਸਿਰ ਆਦਿ ਅੰਗ ਮੇਲ ਕੇ ਜੀਵ ਦਾ ਸਰੀਰ ਤਿਆਰ ਹੁੰਦਾ ਹੈ।

ਨਿਰਸੰਦੇਹ ਅਸੀਂ ਕਹਿ ਸਕਦੇ ਹਾਂ ਕਿ ਇਹ ਇਕ ਅਜਿਹਾ ਪ੍ਰਯੋਗ ਹੈ,ਜੋ ਬ੍ਰਹਮ ਤੇ ਉਸ ਦੀ ਮਾਇਆ ਨੂੰ ਸਮਝਣ ਲਈ ਜਗਿਆਸੂ ਨੂੰ ਕਰਨਾ ਪੈਂਦਾ ਹੈ। ਇਸ ਅਵਸਥਾ ਨੂੰ ਜੇ ਟੱਪ ਲਿਆ ਜਾਵੇ ਤਾਂ ਫਿਰ ਪ੍ਰਾਣੀ ਅਧਿਆਤਮਕ ਅਵਸਥਾ ਤੇ ਪੁੱਜ ਜਾਂਦਾ ਹੈ, ਜੋ ਨਿਸਚੇ ਹੀ ਰਹੱਸਵਾਦ ਤੋਂ ਉਚੀ ਹੈ, ਜਿਥੇ ਪੁੱਜ ਕੇ ਕਿਸੇ ਤਜਰਬੇ ਦੀ ਗੁੰਜਾਇਸ਼ ਨਹੀਂ ਰਹਿੰਦੀ, ਮਨ ਪ੍ਰਭੂ ਨਾਲ ਇਕ ਰਸ ਜੁੜ ਜਾਂਦਾ ਹੈ।[੧]

ਸ਼ਬਦ ਰਹੱਸਵਾਦ ਕੋਈ ਤਸਲੀ ਬਖਸ਼ ਸ਼ਬਦ ਨਹੀਂ। ਦਾਸ ਗੁਪਤਾ ਦਾ ਵੀ ਇਹੋ ਹੀ ਖਿਆਲ ਹੈ।[੨]

ਇਹ ਸ਼ਬਦ ਯੂਨਾਨ ਵਾਲਿਆਂ ਨੇ ਸ਼ੁਰੂ ਵਿਚ ਜਦੋਂ ਵਰਤਿਆ ਸੀ ਤਾਂ ਇਸ ਦੇ ਇਹੀ ਅਰਥ ਨਹੀਂ ਸਨ। ਇਹ ਅਰਥ ਤਾਂ ਆਧੁਨਿਕ ਕਾਲ ਵਿਚ ਲਏ ਗਏ ਹਨ। ਮਧ ਕਾਲ ਵਿਚ ਇਸ ਅਰਥ ਵਾਸਤੇ ਹੋਰ ਕਈ ਸ਼ਬਦ ਪ੍ਰਚਲਤ ਸਨ ਜਿਨ੍ਹਾਂ ਵਿਚੋਂ ਥਿਆਲੋ--ਜੀਆ ਮਿਸਟਿਕਾ (Theologia Mystica ) ਜਾਂ ਮਿਸਟੀਕਲ ਥਿਆਲੋਜੀ (Mystical Theology ) ਜ਼ਿਆਦਾ ਪ੍ਰਚਲਤ ਸੀ। ਇਸ ਦੇ ਸ਼ਬਦੀ ਰੂਪ ਭਾਵੇਂ ਬਦਲਦੇ ਰਹੇ ਹਨ ਪਰ ਇਹ ਅਰਥ ਉਨਾ ਹੀ ਪੁਰਾਣਾ ਹੈ, ਜਿਨੀ ਮਨੁੱਖਤਾ ਹੈ। ਰਹੱਸਵਾਦ ਤੇ ਰਹੱਸਵਾਦੀ ਕਿਸੇ ਜ਼ਾਤ ਧਰਮ ਜਾਂ ਦੇਸ਼ ਦੀਆਂ ਹੱਦਾਂ ਵਿਚ ਸੀਮਤ ਨਹੀਂ ਰਹਿੰਦੇ।

ਰਹੱਸਵਾਦੀ ਸਾਧਕ ਆਪਣੇ ਅੰਦਰ ਵਲ ਝਾਕਦਾ ਹੈ, ਇਹ ਝਾਤ ਉਸ ਲਈ

---

੧- Mysticism, F.C. Happold, p.37.

੨- Hindu Mysticism, S.N. Das Gupta, p.16.

ਉਨੀ ਹੀ ਜ਼ਰੂਰੀ ਹੈ, ਜਿਨਾ ਸਿਸਾਰੀ ਜੀਵਾਂ ਲਈ ਭੋਜਨ ਜ਼ਰੂਰੀ ਹੈ। ਜਦੋਂ ਇਹ ਸਾਧਕ ਪਰਮਾਤਮਾ ਨਾਲ ਲੀਨ ਹੋ ਜਾਂਦਾ ਹੈ ਤਾਂ ਉਸ ਦੀ ਆਤਮਾ ਕਿਸੇ ਨਵੀਂ ਅਦ੍ਵਿੱਖ ਸ਼ਕਤੀ ਨਾਲ ਓਤ ਪੋਤ ਤੇ ਕਿਸੇ ਅਸੀਮ ਅਨੰਦ ਨਾਲ ਸਰਸ਼ਾਰ ਹੋ ਜਾਂਦੀ ਹੈ। ਕਦੀ ਕਦੀ ਅਜਿਹੀ ਅਵਸਥਾ ਵੀ ਤਾਰੀ ਹੋ ਜਾਂਦੀ ਹੈ ਕਿ ਸਾਧਕ ਉਸ ਅਲੌਕਿਕ ਅਨਹਦ ਨਾਦ ਦੀ ਧੁਨੀ ਸੁਣਦਾ ਸੁਣਦਾ ਮਗਨ ਹੋ ਜਾਂਦਾ ਹੈ ਤੇ ਫੇਰ ਉਹ ਉਸ ਅਦਿਸ ਸ਼ਕਤੀ ਦੇ ਸਾਖਿਆਤ ਦਰਸ਼ਨ ਕਰਦਾ ਹੈ। ਪਰ ਅਜਿਹੀ ਤੀਬਰ ਅਵਸਥਾ ਕਦੀ ਕਦੀ ਹੀ ਸਾਧਕ ਨੂੰ ਪ੍ਰਾਪਤ ਹੁੰਦੀ ਹੈ।

ਏਕਹਾਰਟ ਤੇ ਸ਼ੰਕਰ ਦਾ ਵਿਚਾਰ ਹੈ ਕਿ ਪਰਮਾਤਮਾ ਨੂੰ ਪਾ ਕੇ ਜੀਵ ਚੁਪ ਹੋ ਜਾਂਦਾ ਹੈ। ਜੋ ਸਭ ਤੋਂ ਖ਼ੂਬਸੂਰਤ ਗਲ ਜੀਵ ਪਰਮਾਤਮਾ ਬਾਰੇ ਕਹਿ ਸਕਦਾ ਹੈ, ਉਹ ਵੀ ਇਹ ਹੀ ਹੈ ਕਿ ਪਰਮਾਤਮਾ ਦੇ ਅਨੰਤ ਰੂਪਾਂ ਨੂੰ ਜਾਣ ਕੇ ਜੀਵ ਕੁਝ ਨਹੀਂ ਕਹਿ ਸਕਦਾ।[੧]

ਰਹੱਸਵਾਦੀ ਪਰਮਤੱਤ ਦੀ ਖੋਜ ਕਰਦਾ ਹੈ, ਪਰ ਆਪਣੀ ਖੋਜ ਵਿਚ ਉਹ ਸਿੱਧੇ ਨਹੀਂ, ਅਸਿੱਧੇ ਸਾਧਨ ਵਰਤਦਾ ਹੈ। ਰਹੱਸਵਾਦੀ ਸੋਚਦਾ ਹੈ ਕਿ ਪਰਮਾਤਮਾ ਦੀ ਪ੍ਰਾਪਤੀ ਸਹਜ ਅਵਸਥਾ ਵਿਚ ਪੁੱਜ ਕੇ ਹੀ ਹੋ ਸਕਦੀ ਹੈ। ਫਿਰ ਉਹ ਸਹਜ ਅਵਸਥਾ ਦੀ ਪ੍ਰਾਪਤੀ ਲਈ ਅਨੇਕਾਂ ਸਾਧਨ ਵਰਤਦਾ ਹੈ, ਪਰ ਉਹ ਬੁੱਧੀ, ਭਾਵਨਾ ਤੇ ਵਿਚਾਰਾਂ ਦਾ ਲੜ ਨਹੀਂ ਛਡਦਾ। 'ਕੋਈ ਪਲ ਅਜਿਹਾ ਵੀ ਆ ਜਾਂਦਾ ਹੈ ਜਦੋਂ ਰਹੱਸਵਾਦੀ ਨੂੰ ਸੱਚ ਦਾ ਧੁੰਦਲਾ ਅਸਪਸ਼ਟ ਸਰੂਪ ਇਕ ਦਮ ਸਪਸ਼ਟ ਹੋ ਜਾਂਦਾ ਹੈ। ਫਿਰ ਉਸ ਵਿਚ ਸ਼ੱਕ ਦੀ ਗੁੰਜਾਇਸ਼ ਨਹੀਂ ਰਹਿੰਦੀ।'[੨]

ਜਦੋਂ ਅਜਿਹੀ ਅਵਸਥਾ ਪ੍ਰਾਪਤ ਹੋ ਜਾਂਦੀ ਹੈ ਤਾਂ ਸਾਧਕ ਚੁਪ ਸਾਧ ਲੈਂਦਾ ਹੈ ਕਿਉਂਕਿ ਇਹ ਗਿਆਨ ਅਗਾਂਹ ਕਿਸੇ ਹੋਰ ਪਾਸ ਦਸਿਆ ਨਹੀਂ ਜਾ ਸਕਦਾ।

ਪਰਮਾਤਮਾ ਵਿਚ ਆਤਮਾ ਦੀ ਇਕ ਏਕਤਾ ਹੀ ਧਰਮ ਦੀ ਜਾਨ ਹੈ, ਇਸ ਵਿਸ਼ੇ ਦੀ ਏਕਤਾ ਤੇ ਭਾਵਨਾ ਹੀ ਧਾਰਮਕ ਜੀਵਨ ਦੀ ਮੂਲ ਸਥਿਤੀ ਹੈ।[੩] ਕੋਈ ਵੀ ਜਗਿਆਸੂ ਰਹੱਸਵਾਦੀ ਹੋਏ ਬਿਨ੍ਹਾਂ ਧਾਰਮਕ ਰੁਚੀਆਂ ਵਾਲਾ ਨਹੀਂ ਹੋ ਸਕਦਾ।[੪] ਐਡਵਰਡ ਕੇਅਰਡ ਇਸ ਤੋਂ ਵੀ ਇਕ ਕਦਮ ਅਗੇ ਲੰਘ ਜਾਂਦਾ ਹੈ, ਉਸ ਦਾ ਖਿਆਲ ਹੈ ਕਿ ਆਤਮਾ ਤੇ ਪਰਮਾਤਮਾ ਦੇ ਮੇਲ ਹੋ ਜਾਣ ਤੇ ਸਭ ਧਰਮ ਪਿਛੇ ਰਹਿ ਜਾਂਦੇ ਹਨ।[੫]

---

੧- Mysticism, East and West, Rudolf Otto, p.31.

੨- Bertrand Russell- refer- Mysticism in Religion, Dean Inge, p.24.

੩- Mysticism in Religion, Dean Inge, p.25.

੪- Mysticism, E. Underhill, p.70.

੫- The Evolution of Theology in the Greek Philosophers, Edward Caird, p.210.

ਰਹੱਸਵਾਦੀ ਉਹ ਉਚੇ ਸੁੱਚੇ ਆਚਰਨ ਵਾਲਾ ਆਦਮੀ ਹੁੰਦਾ ਹੈ, ਜਿਸ ਦਾ ਗਿਆਨ ਅਸਾਧਾਰਨ ਹੋਵੇ, ਭਾਵਨਾਵਾਂ ਸੁਚੀਆਂ ਹੋਣ, ਇਛਾ ਸ਼ਕਤੀ ਤੇ ਕੰਟਰੋਲ ਹੋਵੇ ਤੇ ਉਹ ਨਿਰਸੁਆਰਥ ਹੋ ਕੇ ਆਪਣੇ ਸਾਰੇ ਯਤਨਾਂ ਦੁਆਰਾ ਇਕ ਪਰਮ ਆਤਮਾ ਨੂੰ ਪ੍ਰਾਪਤ ਕਰੇ।

ਪਰਮਾਤਮਾ ਨੂੰ ਰਹੱਸਵਾਦੀ ਮਾਤਾ, ਪਿਤਾ, ਪਿਆਰਾ, ਪ੍ਰੀਤਮ, ਪੁੱਤਰ, ਸਖਾ, ਕੰਤ ਦੇ ਰੂਪ ਵਿਚ ਵੇਖਦੇ ਹਨ, ਪਰ ਅਸਲ ਵਿਚ ਤਾਂ ਉਹ ਪਰਮਾਤਮਾ ਹੀ ਹੈ। ਪ੍ਰੇਮਕਾ ਨੂੰ ਗਲਵਕੜੀ ਵਿਚ ਲੈ ਕੇ ਪ੍ਰੇਮੀ ਨੂੰ ਜੋ ਮਿੱਠਾ ਮਿੱਠਾ ਦਿਲ ਵਿਚ ਕੁਝ ਅਹਿਸਾਸ ਹੁੰਦਾ ਹੈ, ਕੁਝ ਅਜਿਹਾ ਹੀ ਅਹਿਸਾਸ ਰਹੱਸਵਾਦੀਆਂ ਨੂੰ ਪ੍ਰਭੂ ਸਬੰਧੀ ਜਾਣ ਕੇ ਹੁੰਦਾ ਹੈ।

ਰਹੱਸਵਾਦ ਕੀ ਹੈ, ਇਸ ਪ੍ਰਸ਼ਨ ਤੇ ਬੁਧ ਧਰਮ ਤਾਂ ਕੋਈ ਜੁਆਬ ਹੀ ਨਹੀਂ ਦੇਂਦਾ। ਵੇਦਾਂਤ 'ਨੇਤਿ ਨੇਤਿ'[1] (ਇਹ ਨਹੀਂ, ਇਹ ਵੀ ਨਹੀਂ) ਕਹਿ ਕੇ ਰੁੱਕ ਜਾਂਦਾ ਹੈ ਕਿਉਂਕਿ ਵੇਦਾਂਤੀ ਕਿਸੇ ਵੀ ਨੁਕਤੇ ਨੂੰ ਪਰਮਾਤਮਾ ਨਹੀਂ ਕਹਿ ਸਕਦਾ।ਉਹ ਹੋਰ ਅੱਗੇ ਵੇਖਣ ਤੇ ਲਭਣ ਲਈ ਤੁਰਦਾ ਹੈ। ਪਰ ਸੂਫ਼ੀ (ਇਕ ਉਰਦੂ ਦੇ ਕਵੀ ਦੇ ਸ਼ਬਦਾਂ ਵਿਚ) ਆਪਣੀ ਸੱਤਾ ਨੂੰ ਉਸ ਪਰਮਸੱਤਾ ਵਿਚ ਗੁਆ ਦਿੰਦਾ ਹੈ:-

"ਜ਼ਾਹਿਦ ਸ਼ਰਾਬ ਪੀਨੇ ਦੇ ਮਸਜਿਦ ਮੇਂ ਬੈਠਕਰ,
ਯਾ ਵੁਹ ਜਗਾਹ ਬਤਾ ਕਿ ਜਹਾਂ ਪਰ ਖ਼ੁਦਾ ਨ ਹੋ।"

ਸੂਫ਼ੀ ਕਵੀ ਰੂਮੀ ਨੇ ਸੂਫ਼ੀ ਰਹੱਸਵਾਦ ਨੂੰ ਇਕ ਉਦਾਹਰਣ ਦੁਆਰਾ ਸਪਸ਼ਟ ਕਰਨ ਦੀ ਕੋਸ਼ਿਸ਼ ਕੀਤੀ ਹੈ- "ਕਿਸੇ ਨੇ ਪ੍ਰੀਤਮ ਦੇ ਦਰਵਾਜ਼ੇ ਤੇ ਦਸਤਕ ਕੀਤੀ,ਅੰਦਰੋਂ ਆਵਾਜ਼ ਆਈ-'ਤੂੰ ਕੌਣ ਹੈਂ?' ਉਸ ਨੇ ਕਿਹਾ-'ਮੈਂ'। ਅੰਦਰੋਂ ਆਵਾਜ਼ ਨੇ ਕਿਹਾ- 'ਇਸ ਘਰ ਵਿਚ ਮੈਂ ਤੇ ਤੂੰ ਦੋ ਨਹੀਂ ਸਮਾ ਸਕਦੇ।' ਦਰਵਾਜ਼ਾ ਨਾ ਖੁਲ੍ਹਿਆ।ਪ੍ਰੇਮੀ ਬਣ ਵਿਚ ਚਲਾ ਗਿਆ। ਸਾਲ ਭਰ ਮੁਸ਼ਕਲਾਂ ਝਾਗਦਾ ਫਿਰ ਵਾਪਸ ਆਇਆ, ਆ ਕੇ ਦਰਵਾਜ਼ਾ ਖੜਕਾਇਆ। ਅੰਦਰੋਂ ਕਿਸੇ ਨੇ ਪੁਛਿਆ-'ਤੂੰ ਕੌਣ ਹੈਂ?' ਪ੍ਰੇਮੀ ਨੇ ਉਤਰ ਦਿੱਤਾ-'ਤੂੰ'। ਦਰਵਾਜ਼ਾ ਖੁਲ੍ਹ ਗਿਆ।"

ਸੂਫ਼ੀ ਕਵੀ ਜਾਇਸੀ ਨੇ ਵੀ ਇਸੇ ਤਰ੍ਹਾਂ ਹੀ ਕਿਹਾ ਹੈ:-

ਹਉ ਹਉ ਕਹਤ ਸਬੈਂ ਮਤ ਖੋਈ।
ਜੋ ਤੂੰ ਨਾਹਿੰ ਆਹਿ ਸਭ ਕੋਈ।—ਪਦਮਾਵਤ

ਰਹੱਸਵਾਦ ਵਿਚ 'ਮੈਂ', 'ਹਉ', 'ਮੇਰੀ', ਦੀ ਅਣਹੋਂਦ ਲਗ ਪਗ ਸਭ ਧਰਮਾਂ ਨੇ ਪ੍ਰਵਾਨ ਕੀਤੀ ਹੈ। ਮਿਸ ਅੰਡਰਹਿਲ ਵੀ ਕਹਿੰਦੀ ਹੈ ਕਿ ਅਸੀਂ ਨਹੀਂ ਕਹਿ ਸਕਦੇ ਕਿ ਬ੍ਰਾਹਮਣ, ਸੂਫ਼ੀ ਤੇ ਈਸਾਈ ਧਰਮ ਵਿਚ ਕੋਈ ਮਤ ਭੇਦ ਹੈ।[2]

---

੧- ਨੇਤ ਨੇਤ ਕਥੰਤਿ ਬੇਦਾ।।ਸਲੋਕ ਸਹਸਕ੍ਰਿਤੀ ਮ:੫,ਆਦਿ ਗ੍ਰੰਥ,ਪੰਨਾ ੧੩੫੯

੨- The Essentials of Mysticism, E.Underhill, p.4.

ਰਹੱਸਵਾਦੀ ਦੇ ਸਾਹਮਣੇ ਇਕ ਵੱਡੀ ਸਮਸਿਆ ਆ ਖਲੋਂਦੀ ਹੈ ਕਿ ਉਹ ਆਪਣਾ ਤਜਰਬਾ ਕਿਸੇ ਨਾਲ ਸਾਂਝਾ ਨਹੀਂ ਕਰ ਸਕਦਾ। ਦਿਲ ਤਾਂ ਹਰ ਕਿਸੇ ਦਾ ਕਰਦਾ ਹੈ ਕਿ ਮੇਰੇ ਪਾਸ ਜੋ ਨਵੀਂ ਚੀਜ਼ ਆਈ ਹੈ, ਉਹ ਢੋਲ ਵਜਾ ਕੇ ਸਭ ਨੂੰ ਦੱਸਾਂ। ਪਰ ਇਹ ਤਾਂ ਜਾਨਣ ਵਾਲੇ ਨੂੰ ਚੁਪ ਹੀ ਕਰਾ ਦੇਂਦੀ ਹੈ। ਬੋਲਣ ਦੀ ਗੁੰਜਾਇਸ਼ ਹੀ ਨਹੀਂ ਰਹਿੰਦੀ।[1] ਦਸਣ ਲਈ ਕੋਈ ਗਿਆਨ ਕੋਸ਼ ਨਹੀਂ ਅਹੁੜਦਾ। ਸੱਚ ਤਾਂ ਇਹ ਹੈ ਕਿ ਦਿਲ ਕਰਦਾ ਹੈ ਕਿ ਆਪਾ ਦਸਿਆ ਜਾਵੇ; ਪਰ ਜ਼ੁਬਾਨ ਵਿਚਾਰੀ ਅਸਮਰਥ ਹੋ ਜਾਂਦੀ ਹੈ।

ਦਿਲ ਕਰਨ ਵਾਲੀ ਮਿਸਾਲ ਸਾਡੇ ਘਰ ਵਿਚ ਹੈ। ਮਹਾਤਮਾ ਬੁਧ ਆਪਣਾ ਘਰ ਘਾਟ ਤੇ ਬੱਚਾ ਛੱਡ ਕੇ ਜੰਗਲਾਂ ਵਿਚ ਗਿਆ, ਕਸ਼ਟ ਸਹਾਰੇ। ਇਕ ਦਿਨ ਉਸ ਦੀ ਸੁਣੀ ਗਈ, ਚਾਨਣ ਹੋ ਗਿਆ। ਰਾਜ ਕੁਮਾਰ ਸਿਧਾਰਥ 'ਗੌਤਮ ਬੁਧ' ਬਣ ਗਿਆ। ਹੁਣ ਜੰਗਲਾਂ ਵਿਚ ਰਹਿਣ ਨੂੰ ਦਿਲ ਨਹੀਂ ਕਰਦਾ, ਉਹ ਵਾਪਸ ਆਪਣੇ ਦੇਸ਼ ਆਇਆ ਤੇ ਦੁਨੀਆਂ ਨੂੰ ਆਪਣਾ ਗਿਆਨ ਅਸ਼ਟ ਮਾਰਗ ਦੁਆਰਾ ਦਸਿਆ ਕਿ ਕਿਵੇਂ ਦੁੱਖਾਂ ਤੋਂ ਛੁਟਕਾਰਾ ਪਾਇਆ ਜਾ ਸਕਦਾ ਹੈ। ਲਗ ਪਗ ੪੦ ਸਾਲ ਉਹ ਆਪਣੇ ਵਿਚਾਰਾਂ ਦਾ ਪ੍ਰਚਾਰ ਕਰਦਾ ਰਿਹਾ। ਸਾਰਾ ਗਿਆਨ ਹੁੰਦੇ ਹੋਏ ਵੀ ਉਹ ਆਪਣੇ ਅੰਦਰ ਚਾਨਣ ਹੋਣ ਦਾ ਰਹੱਸ ਸ਼ਬਦਾਂ ਰਾਹੀਂ ਬਿਆਨ ਨਹੀਂ ਕਰ ਸਕਿਆ।

ਇਥੇ ਸੁਆਲ ਇਹ ਪੈਦਾ ਹੁੰਦਾ ਹੈ ਕਿ ਪਰਮਾਤਮਾ ਸਬੰਧੀ ਗਿਆਨ ਹਾਸਲ ਕਰਨ ਨਾਲ, ਇਸ ਰਹੱਸ ਨੂੰ ਖੋਜਣ ਨਾਲ ਕੀ ਹਾਸਲ ਹੋਣਾ ਹੈ। ਇਸ ਦਾ ਉਤਰ ਸਾਡੇ ਪਾਸ ਕੇਵਲ ਇਕ ਹੀ ਸ਼ਬਦ ਵਿਚ ਹੈ ਜਿਸ ਦੀ ਅਗੋਂ ਹੋਰ ਵਿਆਖਿਆ ਕਰ ਸਕਣੀ ਅਸੰਭਵ ਹੈ। ਉਹ ਸ਼ਬਦ ਹੈ—'ਖੇੜਾ ਜਾਂ ਅਨੰਦ'। ਇਸੇ ਅਨੰਦ ਦੀ ਭਾਲ ਵਿਚ ਹੀ ਸਾਰੇ ਰਹੱਸਵਾਦੀ ਇਸ ਦੌੜ ਵਿਚ ਲੱਗੇ ਹੋਏ ਹਨ ਕਿ ਉਹ ਅੰਤਮ ਸੱਤਾ ਬਾਰੇ ਜਾਣ ਸਕਣ।

ਸਪਰਜਨ ਵੀ ਆਖਦਾ ਹੈ ਕਿ ਰਹੱਸਮਈ ਅਵਸਥਾ ਉਹ ਹੈ ਜਿਥੇ ਮਨੁੱਖ ਸੰਸਾਰ ਦੀਆਂ ਮੁਸ਼ਕਲਾਂ ਲੰਘਦਾ ਹੋਇਆ ਅਜਿਹੀ ਸਟੇਜ ਤੇ ਪੁਜਣਾ ਚਾਹੁੰਦਾ ਹੈ, ਜਿਥੇ

---

੧- ਬਗਦਾਦ ਵਿਚ ਗੁਰੂ ਨਾਨਕ ਦੇਵ ਜੀ ਚਾਰ ਮਹੀਨੇ ਰਹੇ ਅਤੇ ਸਤਿਨਾਮ ਦਾ ਪ੍ਰਚਾਰ ਕੀਤਾ। ਆਪ ਦੇ ਸ਼ਿਸ਼ਾਂ ਵਿਚੋਂ ਇਕ ਬਹਿਲੋਲ ਫ਼ਕੀਰ ਸੀ, ਜੋ ਨਾਮ-ਧਰੀਕ ਹੋਇਆ ਅਤੇ ਗੁਰੂ ਜੀ ਦੀ ਭੇਟਨਾ ਮਗਰੋਂ ਸੱਠ ਵਰ੍ਹੇ ਜੀਊਂਦਾ ਰਿਹਾ। ਉਹਦੇ ਜ਼ੁਹਦ ਅਤੇ ਸਿਮਰਨ ਦੀ ਸ਼ੋਭਾ ਸੁਣ ਕੇ ਵੱਡੇ ਵੱਡੇ ਲੋਕ ਦਰਸ਼ਨ ਨੂੰ ਆਉਂਦੇ। ਇਕ ਵੇਰ ਈਰਾਨ ਦਾ ਬਾਦਸ਼ਾਹ ਵੀ ਆਇਆ। ਪਰ ਬਹਿਲੋਲ ਕਿਸੇ ਨਾਲ ਕੂੰਦਾ ਨਹੀਂ ਸੀ। ਉਹ ਤਾਂ ਦਰਸ਼ਨਾਂ ਦੀ ਅਕਹਿ ਤੇ ਅਟੁੱਟ ਮਸਤੀ ਵਿਚ ਲੀਨ ਸੀ ਅਤੇ ਜਿਸ ਪੱਥਰ ਦੇ ਥੜੇ ਉਤੇ ਗੁਰੂ ਜੀ ਨੇ ਸ਼ਬਦ ਉਚਾਰਿਆ ਸੀ ਤੇ ਅਮੋਘ ਦਰਸ਼ਨ ਦਿਤੇ ਸਨ, ਉਸੇ ਪੱਥਰ ਦੇ ਸਾਹਮਣੇ ਸੱਠ ਵਰ੍ਹੇ ਇਕੋ ਥਾਂ ਬਹਿ ਕੇ ਗੁਜ਼ਾਰ ਦਿੱਤੇ। ਅੰਤ ਉਹ ਉਸ ਪੱਥਰ ਦੀ ਸਿਲ ਉਤੇ ਆਪਣੀ ਸ਼ਰਧਾ ਦਾ ਸਨੇਹਾ ਛੱਡ ਕੇ 'ਅੰਤ ਕੇ ਧਾਮ' ਪਧਾਰ ਗਿਆ।—ਸਿੱਖ ਧਰਮ, ਪ੍ਰੋ. ਤੇਜਾ ਸਿੰਘ, ਪੰਨਾ ੪੨-੪੩

ਕੇਵਲ ਅਨੰਦ ਦੀ ਹੀ ਵਰਖਾ ਹੁੰਦੀ ਹੋਵੇ। ਜਿਥੇ ਜੀਵਨ ਦੇ ਅਨੇਕਾਂ ਦੁਖ ਪਿਘਲ ਕੇ ਰਹਿ ਜਾਂਦੇ ਹਨ।

ਉਪਨਿਸ਼ਦਕਾਰ ਵੀ ਇਹੋ ਹੀ ਕਹਿੰਦੇ ਹਨ ਕਿ ਇਹ ਸ੍ਰਿਸ਼ਟੀ ਅਨੰਦ ਤੋਂ ਹੀ ਉਤਪੰਨ ਹੋਈ ਹੈ ਤੇ ਅਨੰਦ ਵਲ ਹੀ ਜਾ ਰਹੀ ਹੈ ਤੇ ਅਨੰਦ ਹੀ ਇਸ ਦਾ ਮੁਕਾਮ ਹੈ।

ਸੂਫੀ ਇਸੇ ਅਵਸਥਾ ਨੂੰ 'ਫ਼ਨਾ' ਦਾ ਨਾਮ ਦਿੰਦੇ ਹਨ। ਜਿਸ ਦਾ ਭਾਵ ਹੈ, ਜਜ਼ਬ ਹੋ ਜਾਣਾ। ਸੰਸਕ੍ਰਿਤ ਦੇ ਸ਼ਬਦ 'ਲਯ' ਦੇ ਵੀ ਇਹੋ ਹੀ ਅਰਥ ਹਨ।

ਗੁਰਮਤ ਰਹੱਸਵਾਦ ਵੀ 'ਵਿਗਾਸ' ਭਾਵ ਅਨੰਦ ਨੂੰ ਹੀ ਅਸਲੀ ਪ੍ਰਾਪਤੀ ਮੰਨਦਾ ਹੈ:-

੧- ਨਾਨਕ ਭਗਤਾ ਸਦਾ ਵਿਗਾਸੁ।।ਸੁਣਿਐ ਦੂਖ ਪਾਪ ਕਾ ਨਾਸੁ।।[੧]

੨- ਅਨੰਦੁ ਭਇਆ ਮੇਰੀ ਮਾਏ ਸਤਿਗੁਰੂ ਮੈ ਪਾਇਆ।।[੨]

ਪਰ ਸੂਫੀਆਂ ਦੀ 'ਫ਼ਨਾ', 'ਫ਼ੱਲਾ' ਦੀ ਇਸ਼ਕ ਵਾਲੀ ਫਿਲਾਸਫੀ ਅਤੇ ਹਿੰਦੂਆਂ ਦੀ ਆਤਮਾ ਨੂੰ ਪਰਮਾਤਮਾ ਵਿਚ 'ਲਯ' ਕਰਨ ਵਾਲੀ ਫਿਲਾਸਫੀ, ਸਿੱਖੀ ਦੀ ਏਸ ਪ੍ਰੀਤ-ਖੇੜੇ/ਵਾਲੀ ਲਿਵ ਦੀ ਫਿਲਾਸਫੀ ਤੋਂ ਵਖਰੀਆਂ ਰਹਿ ਜਾਂਦੀਆਂ ਹਨ।[੩]

ਗੁਰਮਤ ਦਾ ਅਨੰਦ ਸੂਫੀਆਂ ਦੇ 'ਫ਼ਨਾ' ਤੋਂ ਉਚੇਰਾ ਹੈ ਤੇ ਲਿਵ ਤੋਂ ਵੀ ਅਗੇਰੇ ਹੈ।

ਇਹ ਅਨੰਦ ਦੀ ਪ੍ਰਾਪਤੀ ਆਪਾ ਗੁਆ ਕੇ ਮਿਲਦੀ ਹੈ, ਪਰ ਜਦੋਂ ਅਨੰਦ ਮਿਲ ਜਾਂਦਾ ਹੈ ਤਦ ਪਤਾ ਲਗਦਾ ਹੈ ਕਿ ਆਪਾ ਗੁਆਚਿਆ ਨਹੀਂ, ਸਗੋਂ ਆਪੇ ਵਿਚ ਜਾਨ ਹੀ ਹੁਣ ਪਈ ਹੈ।

ਸੋ ਅਸਲੀ ਰਹੱਸਵਾਦ ਦੀ ਮੰਜ਼ਲ ਅਨੰਦ ਹੈ। ਪਰ ਇਸ ਅਵਸਥਾ ਨੂੰ ਬਿਆਨ ਸਕਣਾ ਜ਼ੁਬਾਨ ਤੇ ਕਲਮ ਦੀ ਸਮਰਥਾ ਤੋਂ ਬਾਹਰ ਹੈ।[੪] ਇਹ ਤਜਰਬਾ ਪੌੜੀ ਪੌੜੀ ਚੜ੍ਹਨ ਦਾ ਤਜਰਬਾ ਨਹੀਂ, ਇਹ ਤਾਂ ਢਾਲਵੇਂ ਪਰਬਤ ਵਾਂਗੂ ਹੈ, ਜਿਥੋਂ ਪੈਰ ਤਿਲਕ ਗਿਆ, ਉਥੋਂ ਫਿਰ ਵਾਪਸ ਧਰਤੀ ਤੇ ਆ ਕੇ ਹੀ ਸਾਹ ਲੈਣਾ ਪੈਂਦਾ ਹੈ। ਵਿਚਕਾਰ ਕਿਤੇ ਪੜਾਅ ਨਹੀਂ ਹੋ ਸਕਦਾ। ਇਸ ਢਾਲਵੇਂ ਪਰਬਤ ਤੇ ਤਿਲਕਣ ਵਾਲੇ ਜ਼ਿਆਦਾ ਹਨ ਤੇ ਤੋੜ ਪਹੁੰਚਣ ਵਾਲਾ ਕੋਈ ਵਿਰਲਾ।

ਹਕੀਕਤ ਇਹ ਹੈ ਕਿ ਜੇ ਜੀਵ ਅਨੰਦ ਚਾਹੁੰਦਾ ਹੈ ਤਾਂ ਉਹ ਖੁਸ਼ੀ ਦੀ ਤਮੰਨਾ ਕਰਕੇ ਖੁਸ਼ ਨਹੀਂ ਹੋ ਸਕਦਾ, ਸਗੋਂ '<u>ਤਿਆਗ</u>' ਕਰਕੇ ਖੁਸ਼ ਹੋਵੇਗਾ। ਜੋ ਸਭ

---

੧- ਜਪੁਜੀ, ਆਦਿ ਗ੍ਰੰਥ, ਪੰਨਾ ੨

੨- ਰਾਮਕਲੀ ਮ:੩ ਅਨੰਦ,ਆਦਿ ਗ੍ਰੰਥ, ਪੰਨਾ ੯੧੭

੩- ਕਲਮ ਦੀ ਕਰਾਮਾਤ,ਡਾ.ਬਲਬੀਰ ਸਿੰਘ,ਪੰਨਾ ੨੯੦-੯੧

੪- ਵਾਰਾਂ ਭਾਈ ਗੁਰਦਾਸ,ਵਾਰ ੧੩,ਪਉੜੀ ੧੩

ਕੁਝ ਪਾਉਣਾ ਚਾਹੁੰਦਾ ਹੈ, ਉਸ ਨੂੰ 'ਕੁਝ ਨਹੀਂ ਚਾਹੀਦਾ' ਦੀ ਪਰਮ ਪਦਵੀ ਹਾਸਲ ਕਰਨੀ ਪੈਂਦੀ ਹੈ। ਜੋ ਹਰ ਚੀਜ਼ ਦਾ ਭੇਦ ਪਾਉਣਾ ਚਾਹੁੰਦਾ ਹੈ ਉਸ ਨੂੰ ਆਪਣੀ ਹੋਂਦ ਗੁਆਉਣੀ ਪਏਗੀ। ਜੋ ਸਭ ਕੁਝ ਜਾਨਣਾ ਚਾਹੁੰਦਾ ਹੈ, ਉਹ 'ਕੁਝ ਨਹੀਂ ਜਾਣਦਾ'ਦਾ ਦਾ ਜੋਰਾ ਕਰਕੇ ਹੀ ਸਰਬ ਗਿਆਤਾ ਬਣ ਸਕਦਾ ਹੈ। ਇਹੋ ਚਾਰ ਅਸੂਲ ਹਨ ਜਿਨ੍ਹਾਂ ਦੁਆਰਾ ਕਿਸੇ ਜੀਵ ਨੂੰ ਪਰਖਿਆ ਜਾ ਸਕਦਾ ਹੈ ਕਿ ਉਹ ਕਿੰਨਾ ਰਹੱਸਵਾਦੀ ਹੈ। ਇਸ ਕਸਵੱਟੀ ਅਨੁਸਾਰ ਹਰ ਉਹ ਇਨਸਾਨ ਰਹੱਸਵਾਦੀ ਹੈ, ਜਿਸ ਨੇ ਆਪਾ ਗੁਆ ਲਿਆ ਹੋਵੇ। ਕਿਉਂਕਿ[1] 'ਰਹੱਸਵਾਦੀ ਤਿਆਗੀ ਵੀ ਹਨ ਤੇ ਭੋਗੀ ਵੀ; ਭੋਗ ਵਿਚ ਤਿਆਗੀ ਵੀ।'

ਆਤਮ ਸਮਰਪਨ ਰਹੱਸਵਾਦ ਦੀ ਚੂਲ ਹੈ। ਰਹੱਸਵਾਦੀ ਜਦੋਂ ਇਕ ਵਾਰੀ ਉਸ ਪਰਮਤੱਤ ਨੂੰ ਪ੍ਰਾਪਤ ਕਰ ਲੈਂਦਾ ਹੈ ਤਾਂ ਉਸ ਤੇ ਕਿੰਤੂ ਨਹੀਂ ਕਰਦਾ। ਸਗੋਂ ਉਸ ਦੇ ਭਾਣੇ ਨੂੰ ਮਿੱਠਾ ਕਰਕੇ ਮੰਨਦਾ[2] ਹੈ ਤੇ ਲੋੜ ਪੈਣ ਤੇ ਸਰਬੰਸ ਵੀ ਦਾਨ[3] ਕਰ ਸਕਦਾ ਹੈ। ਰਾਬੀਆ ਇਕ ਸੂਫ਼ੀ ਰਹੱਸਵਾਦੀ ਹੋਈ ਹੈ ਜਿਸ ਬਾਰੇ ਕਿਹਾ ਜਾਂਦਾ ਹੈ ਕਿ ਉਸ ਦੇ ਸਮਕਾਲੀ ਸੂਫ਼ੀਆਂ ਨੇ ਜਦ ਕਦੇ ਉਸ ਅਗੇ ਵਿਆਹ ਕਰਾਉਣ ਦੀ ਖ਼ਾਹਸ਼ ਪਰਗਟ ਕੀਤੀ ਤਾਂ ਉਸ ਦਾ ਜੁਆਬ ਇਹੋ ਹੁੰਦਾ ਕਿ 'ਵਿਆਹ ਉਹ ਕਰਵਾਵੇ ਜਿਸ ਦੀ ਕੋਈ ਆਪਣੀ ਹੋਂਦ ਹੋਵੇ। ਪਰ ਮੇਰੀ ਕੋਈ ਹੋਂਦ ਨਹੀਂ, ਕਿਉਂਕਿ ਮੈਂ ਹੋਂਦ ਦੀ ਅਵਸਥਾ ਵਿਚੋਂ ਨਿਕਲ ਚੁੱਕੀ ਹਾਂ। ਹੁਣ ਮੇਰੀ ਹੋਂਦ ਰਬ ਵਿਚ ਹੈ ਤੇ ਮੈਂ ਸਗਵੀਂ ਉਸੇ ਦੀ ਹੀ ਹਾਂ। ਸੋ ਵਿਆਹ ਦੀ ਗੱਲ ਵੀ ਰਬ ਨਾਲ ਕਰੋ ਨ ਕਿ ਮੇਰੇ ਨਾਲ।'

ਰਾਬੀਆ (ਸੰਨ ੭੧੭-੮੦੧) ਵੀ ਰਬ ਦੇ ਭਾਣੇ ਨੂੰ ਮਿੱਠਾ ਕਰਕੇ ਮੰਨਦੀ ਹੈ। ਉਹ ਕਹਿੰਦੀ ਹੈ, 'ਜੇ ਮੈਂ ਨਰਕਾਂ ਤੋਂ ਡਰਦੀ ਤੇਰੀ ਭਗਤੀ ਕਰਾਂ ਤਾਂ ਮੈਨੂੰ ਨਰਕਾਂ ਵਿਚ ਸੁੱਟ। ਜੇ ਸੁਰਗ ਦੀ ਇਛਾ ਨਾਲ; ਸੁਰਗਾਂ ਤੋਂ ਮੈਨੂੰ ਵੰਚਿਤ ਰਖ। ਜੇ ਤੇਰੇ ਵਸਲ ਦੀ ਇਛਾ ਨਾਲ ਮੈਂ ਤੇਰੀ ਭਗਤ ਹਾਂ ਤਾਂ ਮੈਨੂੰ ਵਸਲ ਬਖਸ਼।'[4]

ਰਾਬੀਆ ਵਾਂਗ ਹਰ ਰਹੱਸਵਾਦੀ ਉਸ ਪਰਮ ਸੱਚ ਨਾਲ ਅਭੇਦ ਹੋਣਾ ਲੋਚਦਾ ਹੈ, 'ਫ਼ਨਾ ਫ਼ਿੱਲਾ' ਦੀ ਅਵਸਥਾ ਨੂੰ ਪਾਰ ਕਰਕੇ 'ਬੱਕਾ ਬਿੱਲਾ' ਤੱਕ ਪਹੁੰਚਣ ਲਈ ਤੜਪਦਾ ਰਹਿੰਦਾ ਹੈ।

ਰਹੱਸਵਾਦੀ ਦੀ ਅਜਿਹੀ ਮਾਨਸਕ ਅਵਸਥਾ ਦਾ ਵਰਣਨ ਏਕਹਾਰਟ ਨੇ

---

੧- ਅਧਿਐਨ ਤੇ ਅਧਿਆਪਨ, ਡਾ. ਹਰਿਭਜਨ ਸਿੰਘ, ਪੰਨਾ ੫੦
੨- ਗੁਰੂ ਅਰਜਨ ਦੇਵ ਜੀ ਵਲ ਇਸ਼ਾਰਾ ਹੈ।
੩- ਇਹ ਸੰਕੇਤ ਗੁਰੂ ਗੋਬਿੰਦ ਸਿੰਘ ਜੀ ਵਲ ਹੈ।
੪- Mystics of Islam, Nicholoson, p.115.

ਇਉਂ ਕੀਤਾ ਹੈ:-

"ਰੱਬ ਨੇ ਸੱਭੇ ਚੀਜ਼ਾਂ ਮੇਰੇ ਰਾਹੀਂ ਸਾਜੀਆਂ। ਸ੍ਰਿਸ਼ਟੀ ਦੀ ਨੀਂਹ ਰਖੇ ਜਾਣ ਤੋਂ ਵੀ ਪਹਿਲਾਂ ਮੈਂ ਰੱਬ ਵਿਚ ਜੀਅ ਰਿਹਾ ਹਾਂ। ਸਗੋਂ ਸ੍ਰਿਸ਼ਟੀ ਦੀ ਨੀਂਹ ਵੀ ਮੈਂ ਰੱਬ ਦੇ ਨਾਲ ਹੋ ਕੇ ਰਖੀ ਹੈ।

ਸ਼ੰਕਰ ਦਾ "ਅਹਮ ਬ੍ਰਹਮ ਅਸਮੀ" ਤੇ ਮਨਸੂਰ ਹਲਾਜ ਦਾ "ਅਨਹਲਹਕ" ਦਾ ਨਾਅਰਾ ਕੋਈ ਰਹੱਸਵਾਦੀ ਹੀ ਦੇ ਸਕਦਾ ਹੈ, ਕਿਸੇ ਰੱਬ ਪੂਜ ਜਾਂ ਧਰਮੀ ਪੁਰਸ਼ ਨੂੰ ਇਹ ਅਨੁਭਵ ਨਹੀਂ ਹੋ ਸਕਦਾ।"[੧]

ਰਹੱਸਵਾਦੀ ਜ਼ਿਆਦਾ ਕਰਕੇ ਇਕਾਂਤ ਪਸੰਦ ਹੁੰਦੇ ਹਨ ਕਿਉਂਕਿ 'ਰਮਜ਼ਾਂ ਦਾ ਇਜ਼ਹਾਰ' ਹੀ ਚੁਪ ਜ਼ੁਬਾਨ ਨਾਲ ਹੋ ਸਕਦਾ ਹੈ, ਅਨਬੋਲੇ ਸ਼ਬਦਾਂ ਨਾਲ। ਕਲਾਕਾਰ, ਪ੍ਰੇਮੀ, ਤੇ ਕਵੀ ਆਪਣੀ ਆਮਦ ਦੇ ਸਮੇਂ ਵਿਚ ਬਿਲਕੁਲ ਹੀ ਸ਼ਾਂਤ ਵਾਤਾਵਰਣ ਲਭਦੇ ਹਨ। ਇਹੀ ਇਕੱਲਤਾ ਪ੍ਰੇਮੀ ਪ੍ਰੇਮਕਾ ਦੇ ਦਿਲ ਦੀਆਂ ਗਲਾਂ ਦਾ ਸਮਾਂ ਹੁੰਦਾ ਹੈ।[੨] ਫਿਰ ਰੱਬ ਦੇ ਆਸ਼ਕਾਂ ਲਈ ਤਾਂ ਹੋਰ ਵੀ ਅਲੌਕਿਕ ਇਕੱਲਤਾ ਦੀ ਲੋੜ ਹੈ, ਜਿਸ ਵਿਚ ਉਹ ਆਪਣੇ ਮਹਿਬੂਬ ਨਾਲ ਦੋ ਗਲਾਂ ਕਰ ਸਕਣ।

## ਰਹੱਸਵਾਦ ਦਾ ਘੇਰਾ:-

ਰਹੱਸਵਾਦ ਉਤਮ ਭਾਂਤ ਦਾ ਧਾਰਮਕ-ਅਧਿਆਤਮਕ-ਅਨੁਭਵ ਹੈ। ਜੋ ਰੱਬ ਦੀ ਰਬਤਾ ਨੂੰ ਆਪਣੇ ਨੇੜੇ ਤੋਂ ਨੇੜੇ ਸਮਝ ਕੇ ਮਾਣਦਾ ਹੈ। ਕੇਵਲ ਸਮਝਣਾਂ ਤਾਂ ਫਲਸਫੇ ਦਾ ਕੰਮ ਹੈ, ਪਰ ਮਾਨਣਾ ਰਹੱਸਵਾਦ ਦੇ ਘੇਰੇ ਵਿਚ ਆ ਜਾਂਦਾ ਹੈ। ਰੱਬ ਦੀ ਰਬਤਾ ਨੂੰ ਮਾਣਨ ਦੀ ਰੂਪ ਰੇਖਾ ਵੀ ਬੜੀ ਦਿਲਚਸਪ ਹੈ।

ਰਹੱਸਵਾਦੀ ਸਾਹਿੱਤ ਸਪਸ਼ਟ ਤੇ ਮੂੰਹ ਫਟ ਰਿਹਾ ਹੈ, ਇਸ ਨੂੰ ਸਿਵਾਏ ਆਪਣੇ ਇਸ਼ਟ ਦੇ ਕਿਸੇ ਨਾਲ ਲਿਹਾਜ਼ ਜਾਂ ਮੁਹਬਤ ਨਹੀਂ ਹੁੰਦੀ। ਖੁਲ੍ਹੀ ਡੁਲ੍ਹੀ ਤੇ ਅਸ਼ਲੀਲ ਭਾਸ਼ਾ ਵੀ ਰਹੱਸਵਾਦੀਆਂ ਦੇ ਹੱਥ ਵਿਚ ਸਭਿਅ ਤੇ ਲੋਕ ਰੁਚੀ ਲਈ ਪ੍ਰਵਾਨ ਹੋ ਜਾਂਦੀ ਹੈ। ਰਹੱਸਮਈਤਾ ਇਸ ਸਾਹਿੱਤ ਦਾ ਵਿਸ਼ੇਸ਼ ਗੁਣ ਹੈ। ਇਸ਼ਕ ਤੇ ਕਾਮ ਰਹੱਸ-ਵਾਦ ਵਿਚ ਸਮਾਨ ਅਰਥਾਂ ਵਾਲੇ ਨਹੀਂ। ਸਗੋਂ ਕਾਮ ਦੀ ਇਸ ਇਸ਼ਕ ਵਿਚ ਥਾਂ ਹੀ ਨਹੀਂ। ਇਸ ਵਿਚ ਤਰਕ ਦੀ ਨਹੀਂ, ਮਸਤੀ ਦੀ ਵਧੇਰੇ ਪ੍ਰਧਾਨਗੀ ਹੁੰਦੀ ਹੈ। ਭਾਣਾ ਜਾਂ ਰਜ਼ਾ, ਅਭੇਦਤਾ, ਮਸਤੀ, ਬੇਪ੍ਰਵਾਹੀ, ਆਪਮੁਹਾਰਾਪਨ ਇਸ ਵਿਚ ਆਮ ਮਿਲਦਾ ਹੈ। ਜੇ ਇਹ ਕਿਹਾ ਜਾਵੇ ਕਿ ਇਸ ਦੀ ਹੋਂਦ ਨਾਲ ਸਾਹਿੱਤ ਅਮੋਲਕ ਤੇ ਭਾਸ਼ਾ ਬਲਵਾਨ ਬਣਦੀ ਹੈ, ਤਾਂ ਅਤਿਕਥਨੀ ਨਹੀਂ।

---

੧- ਹਵਾਲਾ- ਪੰਜਾਬ ਯੂਨੀ. ਪੰਜਾਬੀ ਸਾਹਿਤ ਦਾ ਇਤਿਹਾਸ, ਡਾ. ਸੁਰਿੰਦਰ ਸਿੰਘ ਕੋਹਲੀ, ਪੰਨਾ ੪

੨- The Mystic Way, E.Underhill,

ਇਨ੍ਹਾਂ ਗੁਣਾਂ ਦੇ ਆਧਾਰ ਤੇ ਵਿਚਾਰਿਆ ਜਾਵੇ ਤਾਂ ਰਹੱਸਵਾਦ ਦਾ ਘੇਰਾ ਬਹੁਤ ਹੀ ਵਿਸ਼ਾਲ ਲਗਦਾ ਹੈ, ਇਸ ਵਿਚ ਸਾਰਾ ਉਹ ਸਾਹਿੱਤ ਆ ਜਾਂਦਾ ਹੈ, ਜਿਸ ਵਿਚ ਸਿੱਧੇ ਜਾਂ ਅਸਿੱਧੇ ਢੰਗ ਨਾਲ ਪਰਮਾਤਮਾ ਦੀ ਭਾਲ ਕੀਤੀ ਗਈ ਹੋਵੇ। ਜਿੰਨਾ ਪਰਮਾਤਮਾ ਦਾ ਸਰੂਪ ਵਿਸ਼ਾਲ ਹੈ, ਉਨਾ ਹੀ ਇਹ ਵਿਸ਼ਾ ਵਿਸ਼ਾਲ ਘੇਰੇ ਵਾਲਾ ਹੈ।

ਫਿਲਾਸਫ਼ੀ ਦੇ ਪੱਖ ਤੋਂ ਰਹੱਸਵਾਦ ਸ਼ਬਦ ਬੜੇ ਵਿਸ਼ਾਲ ਅਰਥਾਂ ਵਾਲਾ ਹੈ। ਇਸ ਨੂੰ ਅਸੀਂ ਕਿਸੇ ਵਿਸ਼ੇਸ਼ ਦਾਰਸ਼ਨਕ ਫਿਰਕੇ ਵਿਚ ਸੀਮਤ ਨਹੀਂ ਕਰ ਸਕਦੇ। ਇਸ ਵਿਚ ਸਾਰੇ ਨਿਰਗੁਣਧਾਰਾ ਦੇ ਸੰਤ, ਮਹਾਂਪੁਰਸ਼, ਉਪਨਿਸ਼ਦਾਂ ਦੇ ਕਰਤਾ, ਰਿਸ਼ੀ ਮੁਨੀ-ਪਲਾਟੀਨਸ, ਸ਼ੰਕਰ, ਏਕਹਾਰਟ ਤੇ ਸਰਗੁਣਧਾਰਾ ਦੇ ਉਪਾਸ਼ਕ-ਹਜ਼ਰਤ ਈਸਾ, ਵੈਸ਼ਨਵ ਮਤ ਦੇ ਅਨੁਆਈ, ਈਸਾਈ ਤੇ ਮੁਸਲਮਾਨ, ਬੋਧੀ ਤੇ ਜੈਨੀ ਸਾਧਕ ਸਾਰੇ ਹੀ ਸ਼ਾਮਲ ਕੀਤੇ ਜਾ ਸਕਦੇ ਹਨ।

ਪਰਮਾਤਮਾ-ਮਨ, ਬਚਨ, ਕਰਮ ਤੇ ਇੰਦਰੀਆਂ ਤੋਂ ਪਰੇ ਹੈ। ਇਸ ਨੂੰ ਕਿਸੇ ਘੇਰੇ ਵਿਚ ਸੀਮਤ ਨਹੀਂ ਕੀਤਾ ਜਾ ਸਕਦਾ। ਇਸੇ ਕਰਕੇ ਪਰਮਾਤਮਾ ਸਬੰਧੀ ਗਿਆਨ ਦਾ ਘੇਰਾ ਵੀ ਅਸੀਮਤ ਹੈ।

'ਤਤਵਮਸਿ' (ਉਹੀ ਤੂੰ ਹੈਂ), 'ਸੋਹੰ', (ਮੈਂ ਉਹੀ ਹਾਂ),'ਅਹੰ-ਬ੍ਰਹਮਾਸਮਿ' (ਮੈਂ ਬ੍ਰਹਮ ਹਾਂ) ਆਦਿ ਸ਼ਬਦ ਜੋ ਉਪਨਿਸ਼ਦਾਂ ਵਿਚ ਆਮ ਆਏ ਹਨ ਅਤੇ ਸੂਫ਼ੀਆਂ ਦਾ ਨਾਅਰਾ 'ਅਨਹਲਹਕ' ਇਸੇ ਸਚਾਈ ਨੂੰ ਜ਼ਾਹਰ ਕਰਦੇ ਹਨ।

ਰਹੱਸਵਾਦ ਸਰਵਵਿਆਪੀ ਤੇ ਸਦੀਵੀ ਵਿਸ਼ਾ ਹੈ। ਇਸ ਦਾ ਘੇਰਾ ਅਸੀਮਤ ਹੈ। ਜੋ ਸੀਮਤ ਸ਼ਬਦਾਂ ਵਿਚ ਬੰਨ੍ਹਿਆਂ ਨਹੀਂ ਜਾ ਸਕਦਾ।

<u>ਰਹੱਸਵਾਦ ਦਾ ਇਤਿਹਾਸ:-</u>

ਜਿੰਨਾ ਇਹ ਸੱਚ ਹੈ ਕਿ ਸੂਰਜ ਪੂਰਬ ਵਲੋਂ ਨਿਕਲਦਾ ਹੈ ਤੇ ਪਛਮ ਵਲ ਡੁਬਦਾ ਹੈ। ਉਨਾ ਹੀ ਇਹ ਸੱਚ ਹੈ ਕਿ ਰਹੱਸਵਾਦ ਦੇ ਗਿਆਨ ਦਾ ਉਦੇ ਵੀ ਪੂਰਬ ਵਲੋਂ ਹੋਇਆ ਤੇ ਪਛਮ ਵਲ ਫੈਲਦਾ ਗਿਆ।

ਇਹ ਅਤਿਕਥਨੀ ਨਹੀਂ ਕਿ ਰਹੱਸਵਾਦ ਦਾ ਇਤਿਹਾਸ ਮਨੁੱਖ ਦੇ ਜਨਮ ਨਾਲ ਹੀ ਸ਼ੁਰੂ ਹੋ ਗਿਆ ਸੀ। ਕਾਰਨ ਸਪਸ਼ਟ ਹੈ ਕਿ ਆਦਿ ਮਨੁੱਖ ਨੂੰ ਭੂਤਾਂ ਪ੍ਰੇਤਾਂ ਤੇ ਜੰਗਲੀ ਜਾਨਵਰਾਂ ਤੋਂ ਬਹੁਤ ਡਰ ਲਗਦਾ ਸੀ। ਉਸ ਡਰ ਨੂੰ ਆਪਣੇ ਵਿਚੋਂ ਕਢਣ ਜਾਂ ਘੱਟ ਕਰਨ ਲਈ ਮਨੁੱਖ ਕੋਈ ਆਸਰਾ ਲਭਦਾ ਸੀ। ਉਹ ਆਸਰਾ ਸੀ-ਦੇਵੀ ਦੇਵਤਿਆਂ ਨੂੰ ਧਿਆ ਕੇ ਜੰਗਲੀ ਬਲਾਵਾਂ ਤੋਂ ਖਹਿੜਾ ਛੁਡਾਉਣਾ ਜਾਂ ਇਨ੍ਹਾਂ ਤੋਂ ਕੁਝ ਚਿਰ ਲਈ ਅੱਖਾਂ ਮੀਟ ਲੈਣੀਆਂ। ਇਹ ਦੇਵੀ ਦੇਵਤੇ ਅਸਲੀ ਨਹੀਂ ਸਨ, ਮਿਥੀ ਹੋਈ ਕੋਈ ਸ਼ਕਤੀ ਹੁੰਦੇ ਸਨ। ਜਿਸ ਨੂੰ ਧਿਆ ਕੇ ਮਨੁੱਖ ਮਨ ਦੀ ਸ਼ਾਂਤੀ ਲੱਭ ਲੈਂਦਾ ਸੀ ਤੇ ਮਨੁੱਖ ਜਾਦੂ

ਦੁਨਿਆਂ ਵਿਚ ਵਿਸ਼ਵਾਸ ਜ਼ਿਆਦਾ ਕਰਦਾ ਸੀ, ਪਰ ਇਨ੍ਹਾਂ ਰਹੱਸਵਾਦੀਆਂ ਵਿਚੋਂ ਅਸੀਂ ਕਿਸੇ ਨਾਮ ਉਪਰ ਉਂਗਲ ਧਰਨ ਤੋਂ ਅਸਮਰਥ ਹਾਂ।

ਸਭ ਤੋਂ ਪੁਰਾਣੀ ਰਹੱਸਮਈ ਰਚਨਾ ਸਾਡੇ ਪਾਸ ਵੇਦ ਤੇ ਉਪਨਿਸ਼ਦ ਹਨ। ਵੇਦ ਕਾਲ ਵਿਚ ਸਪਸ਼ਟ ਰੂਪ ਵਿਚ ਰਹੱਸਵਾਦ ਨੂੰ ਭਾਵੇਂ ਨਹੀਂ ਬਿਆਨਿਆਂ, ਪਰ ਤਪ, ਸਾਧਨਾ, ਇਸਤਰੀ, ਪੁਰਸ਼ ਸਬੰਧੀ ਰਹੱਸਾਤਮਕ ਵਿਚਾਰ ਹਨ।

ਉਪਨਿਸ਼ਦ ਕਾਲ ਵਿਚ ਰਹੱਸਵਾਦ ਭਾਰਤ ਵਿਚ ਖਾਸ ਮਹੱਤਵ ਵਾਲਾ ਸੀ। ਉਪਨਿਸ਼ਦਾਂ ਨੂੰ ਤਾਂ ਰਹੱਸ ਦਾ ਖ਼ਜ਼ਾਨਾ ਕਿਹਾ ਜਾਂਦਾ ਹੈ। ਉਪਨਿਸ਼ਦ ਉਹ ਹਿਮਾਲਾ ਹੈ ਜਿਸ ਵਿਚੋਂ ਵੇਦਾਂਤ ਦੀਆਂ ਭਿੰਨ ਭਿੰਨ ਗੰਗਾ ਦੀਆਂ ਧਾਰਾਵਾਂ ਨਿਕਲ ਕੇ ਵਹਿੰਦੀਆਂ ਹਨ।[1]

ਵੇਦ, ਉਪਨਿਸ਼ਦ, ਗੀਤਾ ਤੇ ਹੋਰ ਅਨੇਕਾਂ ਭਗਤੀ ਤੇ ਦਰਸ਼ਨ ਦੇ ਗ੍ਰੰਥ ਹਨ ਜੋ ਰਹੱਸਾਤਮਕ ਭਾਵਾਂ, ਪ੍ਰਗਟਾਵਿਆਂ ਆਦਿ ਨਾਲ ਭਰੇ ਪਏ ਹਨ।[2] ਪੁਰਾਣ ਸਾਹਿਤ ਵਿਚ ਰਹੱਸਵਾਦ ਦੇ ਤੱਤ ਨਵੇਂ ਸਨ। ਵਿਸ਼ਾ ਤਾਂ ਹੈ ਸੀ, ਪਰ ਇਸ ਦਾ ਨਾਮ ਇਹ ਨਹੀਂ ਸੀ ਰਖਿਆ। ਜਿਸ ਵੇਲੇ ਸਾਹਿੱਤ ਵਿਚ ਵਾਦਾਂ ਦਾ ਹੜ੍ਹ ਆਇਆ ਤਾਂ ਉਸ ਵੇਲੇ ਰਹੱਸਵਾਦ ਦਾ ਜਨਮ ਹੋਇਆ। ਇਸ ਸ਼ਬਦ ਦੀ ਵਰਤੋਂ ਪੁਰਾਣੀ ਨਹੀਂ, ਨਵੀਂ ਹੈ।[3]

ਉਪਨਿਸ਼ਦਾਂ ਵਿਚ ਉਸ ਪਰਮ ਤੱਤ ਨੂੰ ਇਕ ਅਦਵੈਤ, ਸ਼ਾਂਤ ਤੇ ਅਨੰਤ-ਸਤ, ਚਿਤ ਤੇ ਅਨੰਦ- ਲਛਣ ਰਹਿਤ, ਨਿਰਆਕਾਰ, ਸਾਰੇ ਜਗਤ ਦਾ ਰਖਵਾਲਾ ਤੇ ਪਾਲਣ-ਹਾਰਾ ਕਿਹਾ ਹੈ। ਜੀਵ ਦੀ ਆਤਮਾ ਉਸ ਸਤ-ਚਿਤ-ਅਨੰਦ ਪਰਮਾਤਮਾ ਤੋਂ ਅਨਿਖੜ ਹੈ। ਇਸੇ ਲਈ ਰਿਸ਼ੀ ਸ੍ਵੇਤਕੇਤੂ ਕਹਿੰਦਾ ਹੈ-'ਤਤਵਮਸਿ' ਭਾਵ ਉਹੀ ਤੂੰ ਹੈਂ

ਉਪਨਿਸ਼ਦਾਂ ਵਿਚੋਂ ਕੋਈ ਇਕ ਦਾਰਸ਼ਨਿਕ ਧਾਰਾ ਨਹੀਂ, ਸਗੋਂ ਭਿੰਨ ਭਿੰਨ ਵਿਚਾਰ ਮਿਲਦੇ ਹਨ। ਜਿਥੋਂ ਤੱਕ ਸਾਧਨਾ ਦਾ ਸੁਆਲ ਹੈ, ਉਪਨਿਸ਼ਦਾਂ ਵਿਚ ਤਿਆਗ, ਵੈਰਾਗ, ਸ਼ਰਧਾ, ਤਪ, ਪਵਿਤਰ ਜੀਵਨ ਤੇ ਯੋਗ ਅਭਿਆਸ ਆਦਿ ਸਾਧਨਾਂ ਤੇ ਜ਼ੋਰ ਦਿੱਤਾ ਗਿਆ ਹੈ। ਪ੍ਰਮੁੱਖ ਤੌਰ ਤੇ ਉਪਨਿਸ਼ਦਾਂ ਦਾ ਗਿਆਨ ਮਾਰਗ ਨਿਰਗੁਣ ਧਾਰਾ ਵਿਚ ਮੰਨਿਆ ਜਾ ਸਕਦਾ ਹੈ।

ਸਰਗੁਣ ਭਗਤੀ ਧਾਰਾ ਦੇ ਰਹੱਸਵਾਦੀਆਂ ਦੀ ਪਰੰਪਰਾ ਵੀ ਬਹੁਤ ਹੀ

---

੧- ਹਿੰਦੀ ਸਾਹਿੱਤਯ ਕੋਸ਼, ਪੰਨਾ ੬੩੭

੨- ਵੇਖੋ- Mysticism and Philosophy, W.T. Stace, p.118.

੩- ਵੇਖੋ-ਭਕਤੀ ਕਾਵਿ ਮੇਂ ਰਹੱਸਵਾਦ, (ਹਿੰਦੀ), ਡਾ. ਰਾਮ ਨਾਰਾਇਣ ਪਾਂਡੇ, ਪੰਨਾ ੬

ਪ੍ਰਾਚੀਨ ਹੈ। ਭਾਗਵਤ ਗੀਤਾ[1] ਵਿਚ ਸ੍ਰੀ ਕ੍ਰਿਸ਼ਨ ਨੇ ਇਸ ਭਗਤੀ ਤੇ ਜ਼ੋਰ ਦਿੱਤਾ ਹੈ। ਦੱਖਣ ਦੇ ਸੰਤਾਂ ਤੇ ਵੈਸ਼ਨਵ ਭਗਤਾਂ ਨੇ ਸਾਰੇ ਭਾਰਤ ਵਿਚ ਪਰਚਾਰ ਕੀਤਾ।

ਇਸ ਤੋਂ ਬਾਦ ਮਹਾਤਮਾ ਬੁੱਧ ਦਾ ਨਾਂ ਸਾਡੇ ਸਾਹਮਣੇ ਆਉਂਦਾ ਹੈ, ਭਾਵੇਂ ਮਹਾਤਮਾ ਬੁੱਧ ਵਿਚ ਪ੍ਰਤੱਖ ਰੂਪ ਵਿਚ ਅਜਿਹਾ ਪ੍ਰਗਟਾਵਾ ਨਹੀਂ ਮਿਲਦਾ ਕਿ ਉਹ ਰਹੱਸਵਾਦੀ ਹੈ ਕਿਉਂਕਿ ਉਹ ਤਾਂ ਨਾਸਤਕ ਅਤੇ ਸੁੰਨਵਾਦੀ ਸੀ,ਪਰ ਉਸ ਦੀ ਸੁੰਨਤਾਈ ਆਪਣੀ ਹੀ ਕਿਸਮ ਦੀ ਹੈ, ਜਿਵੇਂ ਸਿਫ਼ਰ ਦਾ ਹਿੰਦਸਾ ਕੁਝ ਨ ਹੁੰਦਿਆਂ ਵੀ ਉਹ ਆਪਣੇ ਆਪ ਵਿਚ 'ਬੜਾ ਕੁਝ' ਦੀ ਸਮਰਥਾ ਰਖਦਾ ਹੈ।[2] ਪਰ ਉਸ ਦੀ ਜਿਸਮਾਨੀ ਘਾਲਣਾ,ਵਰਤ ਤੇ ਨੇਮ ਜੋ ਸੱਚ ਦੀ ਭਾਲ ਵਿਚ ਲਗੇ ਹੋਏ ਸਨ; ਉਨ੍ਹਾਂ ਨੇ ਉਸ ਦੇ ਅੰਤਰ ਆਤਮੇ ਵਿਚ ਝਾਤੀ ਪਵਾਈ ਤੇ ਉਸ ਨੂੰ ਚਾਨਣ ਹੋ ਗਿਆ ਕਿ ਗਿਆਨ ਰੁਖਾਂ ਹੇਠ ਨਹੀਂ,ਮਨ ਵਿਚ ਹੈ।

ਬੁੱਧ ਧਰਮ ਭਾਰਤ ਤੋਂ ਬਾਹਰ ਚੀਨ ਤੇ ਜਾਪਾਨ ਵਿਚ ਵੀ ਪੁਜਿਆ। ਇਹ ਫੈਲਾਓ ਇਸ ਵਿਚਲੇ ਬੋਧਕ ਰਹੱਸ ਦਾ ਸਦਕਾ ਹੀ ਸੀ। ਕੁਝ ਦੇਰ ਮਗਰੋਂ ਇਸ ਧਰਮ ਦੇ ਦੋ ਹਿੱਸੇ ਬਣ ਗਏ- ਹੀਨਿਆਨ ਅਤੇ ਮਹਾਯਾਨ। 'ਮਹਾਯਾਨ' ਬੁੱਧ ਧਰਮ ਵਿਚ ਰਹੱਸਵਾਦ ਦੀ ਖਾਸ ਥਾਂ ਸੀ। ਸਗੋਂ ਇਹ ਕਹਿਣਾ ਠੀਕ ਹੈ ਕਿ ਇਹ ਫਿਰਕਾ ਰਹੱਸਵਾਦੀ ਭਾਵਨਾ ਦੇ ਸਿਰ ਤੇ ਹੀ ਪ੍ਰਚਲਤ ਹੋ ਸਕਿਆ ਸੀ।

ਭਾਰਤੀ ਰਹੱਸਵਾਦ ਨਾਲ ਮਿਲਦਾ ਜੁਲਦਾ ਚੀਨ ਦਾ ਲਾਓਤਜ਼ੇ ਦਾ ਸਿਧਾਂਤ ਹੈ। ਚੀਨ ਵਾਲੇ ਪਰਮ ਤੱਤ ਪਰਮਾਤਮਾ ਨੂੰ 'ਤਾਓ' ਆਖਦੇ ਹਨ।[3] ਉਨ੍ਹਾਂ ਦਾ ਵਿਚਾਰ ਹੈ ਕਿ ਤਾਓ ਸਵਰਗ ਤੋਂ ਵੀ ਉਚਾ ਹੈ। ਉਹ ਸਮੇਂ ਦੀ ਬੰਦਸ਼ ਤੋਂ ਪਹਿਲਾਂ ਵੀ ਹੈ ਸੀ ਅਤੇ ਉਸੇ ਨੂੰ ਪ੍ਰਾਪਤ ਕਰਨਾ ਮਨੁੱਖ ਦਾ ਪਰਮ ਧਰਮ ਹੈ। ਲਾਓਤਜ਼ੇ ਨੇ ਇਸੇ 'ਤਾਓ' ਪ੍ਰਤੀ ਆਪਣਾ ਸਾਰਾ ਜੀਵਨ ਲਾਇਆ। ਉਸ ਦਾ ਉਪਦੇਸ਼ ਹੈ ਕਿ ਤਾਓ ਤੇ ਉਸ ਦੀ ਸ਼ਕਤੀ ਦੇ ਸਿਵਾਇ ਹੋਰ ਸਭ ਕੁਝ 'ਕੁਝ ਨਹੀਂ' ਹੈ।[4] ਡਾ.ਬਲਬੀਰ ਸਿੰਘ ਇਸ ਦਾ ਪ੍ਰਮਾਣ

---

੧-ਗੀਤਾ ਹਿੰਦੂਆਂ ਦੀ ਧਰਮ ਪੁਸਤਕ ਹੈ। ਇਸ ਵਿਚ ਕੋਈ ੭੦੦ ਦੇ ਕਰੀਬ ਸਲੋਕ ਹਨ। ਇਸ ਵਿਚ ਤਿੰਨ ਪ੍ਰਕਾਰ ਦੇ ਤਪਾਂ ਤੇ ਜ਼ੋਰ ਦਿੱਤਾ ਗਿਆ ਹੈ:-
ੳ-ਸਰੀਰਕ ਤਪ- ਦੇਵਤਿਆਂ ਦੀ ਪੂਜਾ।
ਅ-ਰਸਨਾ ਤਪ - ਮਿੱਠਾ ਬੋਲਣਾ ਤੇ ਸੱਚ ਬੋਲਣਾ।
ੲ-ਮਾਨਸਕ ਤਪ- ਸੰਤੋਖ,ਮਨ ਦੀ ਸੁੱਧਤਾ ਤੇ ਮਨ ਦੀ ਤਾਰ ਪਰਮਾਤਮਾ ਨਾਲ ਜੁੜਨੀ।
ਵੇਖੋ-Hindu Mysticism, S.N.Das Gupta, p.116-17.

੨-ਵਧੇਰੇ ਵਿਸਥਾਰ ਲਈ ਵੇਖੋ- Mysticism- Christian & Buddhist, D.T.Suzuki, p.28.

੩- ਚੀਨੀ ਜਿਸ ਨੂੰ ਤਾਓ ਆਖਦੇ ਹਨ,ਸੂਫੀ ਉਸ ਨੂੰ ਤਰੀਕਤ ਆਖਦੇ ਹਨ,ਈਸਾਈ ਇਸੇ ਨੂੰ ਵਾਇਆ ਮਿਸਟਿਕਾ (Via Mystica )ਆਖਦੇ ਹਨ ਤੇ ਬੋਧੀ ਧਾਮਾ ਨਾਦਾ(Dhamma Nada )ਕਹਿੰਦੇ ਹਨ, ਹਿੰਦੂ ਆਸਤਕ ਜੋਗ ਆਖ ਲੈਂਦੇ ਹਨ ਤੇ ਗੁਰਮਤ ਰਹੱਸਵਾਦ ਵਿਚ ਇਸ ਨੂੰ ਪੰਥ ਆਖ ਲਿਆ ਜਾਂਦਾ ਹੈ।

੪- ਹਿੰਦੀ ਸਾਹਿੱਤਯ ਕੋਸ਼,ਪੰਨਾ ੬੩੭

ਦਿੰਦੇ ਹਨ:-

"ਅੱਜ ਤੋਂ ਢਾਈ ਹਜ਼ਾਰ ਸਾਲ ਪਹਿਲੇ ਚੀਨ ਦੇ ਇਕ ਮਹਾਂ ਰਿਸ਼ੀ ਨੇ ਆਖਿਆ, ਇਹ 'ਸਭ ਕੁਝ' ਜੋ ਹੈ, ਇਹ 'ਕੁਝ ਨਹੀਂ' ਹੈ। ਜਾਂ ਉਸ ਦੇ ਸ਼ੈਗਿਆਂ ਨੇ ਇਹ ਗਲ ਨਾ ਸਮਝੀ ਤਾਂ ਉਨ੍ਹਾਂ ਦੀ ਸਮਝ ਗੋਚਰਾ ਕਰਨ ਲਈ ਉਸ ਨੇ ਠੁਲ੍ਹਾ ਦ੍ਰਿਸ਼ਟਾਂਤ ਦਿੱਤਾ। ਉਸ ਪੁਛਿਆ ਇਹ ਜੋ ਬਰਤਨ ਹੈ, ਇਹ ਕਿਸ ਚੀਜ਼ ਦਾ ਬਣਿਆ ਹੈ ਤਾਂ ਸ਼ੈਗਿਆਂ ਉਤਰ ਦਿੱਤਾ ਕਿ ਇਹ ਮਿੱਟੀ ਦਾ ਹੈ। ਉਸ ਆਖਿਆ 'ਮਿੱਟੀ ਦੇ ਤਾਂ ਇਸ ਦੇ ਪਾਸੇ ਹਨ, ਏਹਦੇ ਵਿਚ ਕੀ ਹੈ?' ਤਾਂ ਚੇਲਿਆਂ ਹੈਰਾਨ ਹੋ ਉਤਰ ਦਿੱਤਾ ਕਿ ਇਹਦੇ ਵਿਚ 'ਕੁਝ ਨਹੀਂ', ਇਹ ਵਿਚੋਂ ਪੋਲਾ ਹੈ। ਤਾਂ ਉਸ ਆਖਿਆ ਇਹੋ ਜੋ ਇਸ ਦਾ ਪੋਲ ਹੈ, ਇਹੋ ਕੰਮ ਆਉਂਦਾ ਹੈ। ਇਹ ਜੋ ਵਿਚੋਂ ਕੁਝ ਨਹੀਂ[੧], ਏਸੇ ਕਰਕੇ ਬਰਤਨ ਹੈ, ਤੇ ਏਸੇ ਕੁਝ ਨਹੀਂ ਨੂੰ ਅਸੀਂ ਰੋਜ਼ ਕੰਮ ਵਿਚ ਲਿਆਉਂਦੇ ਹਾਂ।"

ਯੂਨਾਨ ਦਾ ਪ੍ਰਸਿੱਧ ਫਿਲਾਸਫਰ ਪਾਈਥਾਗੋਰਸ ਹੋਇਆ ਹੈ। ਭਾਵੇਂ ਯੂਨਾਨੀ ਲੋਕ ਜ਼ਿਆਦਾ ਬੌਧਕ ਤੇ ਵਿਹਾਰਕ ਪ੍ਰਵਿਰਤੀਆਂ ਵਾਲੇ ਸਨ ਪਰ ਫੇਰ ਵੀ ਉਨ੍ਹਾਂ ਦੇ ਕਰਮ ਕਾਂਡ ਅਜਿਹੇ ਸਨ, ਜਿਨ੍ਹਾਂ ਵਿਚ ਉਨ੍ਹਾਂ ਦਾ ਰਹੱਸਵਾਦੀ ਹੋਣਾ ਸਪਸ਼ਟ ਹੋ ਜਾਂਦਾ ਹੈ। ਸੁਕਰਾਤ ਦਾ ਦੇਵੀ ਸ਼ਕਤੀਆਂ ਦਾ ਵਰਣਨ ਅਜਿਹਾ ਹੀ ਰਹੱਸਵਾਦੀ ਵਿਚਾਰ ਹੈ। ਪਲੇਟੋ ਨੇ ਸਿਧੇ ਤੌਰਤੇ ਤਾਂ ਰਹੱਸਵਾਦੀਆਂ ਦਾ ਮਖੌਲ ਉਡਾਇਆ ਹੈ ਤਾਂ ਵੀ ਉਹ ਕਈ ਵਿਚਾਰਾਂ ਨਾਲ ਸਹਿਮਤ ਹੁੰਦਾ ਹੈ। ਸੋ ਪਲੇਟੋ ਨੂੰ ਜੇ ਇਕ ਰਹੱਸਵਾਦੀ ਮੰਨ ਲਿਆ ਜਾਵੇ ਤਾਂ ਗਲਤ ਨਹੀਂ। ਉਸ ਦੀ ਇਕ ਰਚਨਾ 'ਸਿੰਪੋਜ਼ੀਅਮ' ਵਿਚ ਕੁਝ ਅਜਿਹਾ ਹੀ ਜ਼ਿਕਰ ਮਿਲਦਾ ਹੈ ਜਿਸ ਤੋਂ ਉਸ ਦਾ ਰਹੱਸਵਾਦੀ ਹੋਣਾ ਪੱਕਾ ਹੋ ਜਾਂਦਾ ਹੈ।[੨] ਪਲੇਟੋ ਦਾ ਸ਼ਾਗਿਰਦ ਪਲਾਟੀਨਸ ਤਾਂ ਸੰਸਾਰ ਪ੍ਰਸਿੱਧ ਰਹੱਸਵਾਦੀਆਂ ਵਿਚੋਂ ਇਕ ਗਿਣਿਆ ਜਾਂਦਾ ਹੈ। ਉਸ ਦੇ ਫ਼ਲਸਫੇ ਨੇ ਤਾਂ ਸਾਰੇ ਯੂਰਪ ਦੇ ਅਤੇ ਸਾਰੇ ਅਰਬ ਦੇ ਰਹੱਸਵਾਦੀਆਂ ਤੇ ਖਾਸ ਪ੍ਰਭਾਵ ਪਾਇਆ।

ਈਸਾਈ ਮਤ ਦੀ ਮਿਸਾਲ ਲੈਂਦੇ ਹਾਂ। ਹਜ਼ਰਤ ਈਸਾ ਮਸੀਹ, ਈਸਾਈਅਤ ਦਾ ਬਾਨੀ, ਇਕ ਮਹਾਨ ਰਹੱਸਵਾਦੀ ਸੀ। ਉਸ ਦੇ ਵਿਚਾਰਾਂ ਵਿਚੋਂ ਇਹ ਝਲਕਾਂ ਆਮ ਮਿਲਦੀਆਂ ਹਨ। ਈਸਾਈਆਂ ਦਾ ਮਹਾਨ ਗ੍ਰੰਥ 'ਅੰਜੀਲ' ਰਹੱਸਵਾਦ ਦਾ ਮੰਨਿਆ ਹੋਇਆ ਗ੍ਰੰਥ ਹੈ। ਵਿਦਵਾਨ ਸੇਂਟਪਾਲ ਦੀ ਦੇਵੀ ਸ਼ਰਧਾ ਤੇ ਵਿਸ਼ਵਾਸ ਜਗਤ ਵਿਚ ਪ੍ਰਸਿਧ ਹੈ। ਈਸਾਈ ਰਹੱਸਵਾਦੀਆਂ ਉਤੇ ਪਲਾਟੀਨਸ ਤੇ ਪਲੇਟੋਵਾਦ ਦਾ ਬਹੁਤ ਪ੍ਰਭਾਵ ਪਿਆ ਹੈ। ਡਾਇਓਨਾਈਸਨ, ਜਾਨ ਸਕਾਟਸ, ਏਰੀਜੇਨਾ, ਬਰਨਾਰਡ, ਏਕਹਾਰਟ ਹੋਲਰ, ਸਰਿਸੋ, ਸੇਂਟ ਟੇਰੇਸਾ, ਨਿਕੋਲਸ, ਬਰੂਨੋ, ਸਾਈਲੇਸੀਅਸ, ਬੋਇਮ, ਟੋਡੀ, ਡਾਂਟੇ

---

੧- ਕਲਮ ਦੀ ਕਰਾਮਾਤ, ਡਾ. ਬਲਬੀਰ ਸਿੰਘ, ਪੰਨਾ ੭੮

੨- ਹਿੰਦੀ ਸਾਹਿੱਤਯ ਕੋਸ਼, ਪੰਨਾ ੬੩੭

ਬਲੇਕ, ਸੇਂਟ ਜਾਨ, ਮੈਡਮ ਗੁਆ, ਮੋਲੀਨੋਜ਼ ਆਦਿ ਪ੍ਰਸਿਧ ਈਸਾਈ ਰਹੱਸਵਾਦੀ ਹੋਏ ਹਨ।[1]

ਇਸਲਾਮ ਵਿਚ ਰਹੱਸਵਾਦ ਦਾ ਜਨਮ ਹਜ਼ਰਤ ਮੁਹੰਮਦ ਸਾਹਿਬ ਦੇ ਨਾਲ ਹੋਇਆ। ਆਪ ਨੇ ਤਪਸਵੀ ਜੀਵਨ, ਜਗਰਾਤੇ, ਵਰਤ ਤੇ ਪ੍ਰਾਰਥਨਾ ਉਤੇ ਜ਼ੋਰ ਦਿੱਤਾ ਹੈ। ਨਿਰਾ ਜ਼ੋਰ ਹੀ ਨਹੀਂ ਦਿੱਤਾ, ਹਜ਼ਰਤ ਸਾਹਿਬ ਆਪ ਇਹ ਸਾਧਨਾ ਕਰਿਆ ਕਰਦੇ ਸਨ। ਇਸਲਾਮ ਦੀ ਰਹੱਸਵਾਦੀ ਲਹਿਰ ਵਿਚ ਜ਼ੋਰ ਸੂਫੀ ਕਵੀਆਂ ਨੇ ਲਿਆਂਦਾ। ਦੂਸਰੀ ਸਦੀ ਹਿਜਰੀ ਵਿਚ ਬਸਰੇ ਦੀ ਇਕ ਇਸਤਰੀ ਸੰਤ ਰਾਬੀਆ ਰਹੱਸਵਾਦੀ ਸਿਧਾਂਤ ਦੀ ਪ੍ਰਚਾਰਕ ਨਿਕਲੀ। ਉਸ ਦੇ ਬਾਦ ਅੱਲਾ ਲਈ ਭਗਤੀ ਤੇ ਉਸ ਦੇ ਮਿਲਣ ਲਈ ਸੰਸਾਰੀ ਪ੍ਰਮਾਣਾਂ ਦੀ ਸ਼ਬਦਾਵਲੀ ਰਚਨਾ ਵਿਚ ਵਰਤੀ ਜਾਣ ਲਗੀ। ਤੀਸਰੀ ਸਦੀ ਹਿਜਰੀ ਵਿਚ ਇਸ ਲਹਿਰ ਦਾ ਵਿਰੋਧ ਕੀਤਾ ਗਿਆ। ਇਸ ਤੋਂ ਕੁਝ ਦੇਰ ਬਾਦ ਸੀਰੀਆ ਦੇ ਇਕ ਭਗਤ ਸੁਲੇਮਾਨ-ਅਲ-ਦਾਰਾਨੀ ਨੇ ਫਿਰ ਇਸ ਪਾਸੇ ਰੁਖ ਕੀਤਾ ਫਿਰ ੮੭੪ ਈਸਵੀ ਵਿਚ ਈਰਾਨ ਦੇ ਇਕ ਭਗਤ ਯਾਜ਼ੀਦ ਨੇ ਈਸ਼ਵਰਵਾਦ ਦਾ ਨਾਅਰਾ ਬੁਲੰਦ ਕੀਤਾ। ਤੀਸਰੀ ਸਦੀ ਹਿਜਰੀ ਤੱਕ ਸੂਫੀ ਸੰਪਰਦਾਇ ਕਾਇਮ ਹੋ ਚੁੱਕੀ ਸੀ।

ਸੂਫੀ ਭਗਤ ਸਾਧਨਾਂ ਦੀਆਂ ਕਈ ਪੌੜੀਆਂ ਬਿਆਨ ਕਰਦੇ ਹਨ:-ਪ੍ਰਾਸਚਿਤ, ਤਿਆਗ, ਦਲਿਦਰ ਨਾਸ, ਧੀਰਜ, ਈਸ਼ਵਰ ਵਿਚ ਵਿਸ਼ਵਾਸ, ਰੱਬ ਦੇ ਭਾਣੇ ਵਿਚ ਸੰਤੁਸ਼ਟ ਰਹਿਣਾ ਆਦਿ। ਗਜ਼ਾਲੀ, ਜਲਾਲੁਦੀਨ ਰੂਮੀ, ਹਾਫਿਜ਼, ਉਮਰ ਖ਼ਿਆਮ, ਨਿਜ਼ਾਮੀ, ਸ਼ੇਖ ਸਾਅਦੀ ਅਤੇ ਜਾਮੀ ਪ੍ਰਸਿਧ ਈਰਾਨੀ ਸੂਫੀ ਕਵੀ ਹੋਏ ਹਨ। ਸੂਫੀ ਕਵੀਆਂ ਦਾ ਪ੍ਰਭਾਵ ਭਾਰਤ ਤੇ ਵੀ ਕਾਫੀ ਪਿਆ, ਜਿਸ ਦੇ ਫਲ ਸਰੂਪ ਸੂਫੀ ਲਹਿਰ ਭਾਰਤ ਵਿਚ ਵੀ ਜ਼ੋਰ ਪਕੜ ਗਈ। ਜਿਸ ਨਾਲ ਪੰਜਾਬੀ ਵਿਚ ਸੂਫੀ ਸ਼ਾਇਰ ਪੈਦਾ ਹੋਏ- ਬਾਬਾ ਫਰੀਦ, ਸ਼ਾਹ ਹੁਸੈਨ, ਬੁਲ੍ਹੇ ਸ਼ਾਹ, ਵਜ਼ੀਦ, ਸੁਲਤਾਨ ਬਾਹੂ ਆਦਿ ਦੇ ਨਾਂ ਵਰਣਨ ਯੋਗ ਹਨ।

ਅਸਲ ਵਿਚ ਰਹੱਸਵਾਦੀ ਸਾਧਨਾ ਦਾ ਪ੍ਰਮੁਖ ਦੇਸ਼ ਭਾਰਤ ਹੀ ਹੈ।[2] ਪਰ ਭਾਰਤ ਵਿਚ ਬੁੱਧ ਧਰਮ ਦੇ ਅਹਿੰਸਾ ਦੇ ਉਪਦੇਸ਼ ਨੇ ਇਥੇ ਕਮਜ਼ੋਰੀ ਲੇ ਆਂਦੀ ਸੀ। ਜਿਸ ਦਾ ਸਿੱਟਾ ਇਹ ਹੋਇਆ ਕਿ ਬੁੱਧ ਮਤ ਨੂੰ ਆਪਣੀ ਜਨਮ ਭੂਮੀ ਭਾਰਤ ਵਿਚੋਂ ਸਦਾ ਲਈ ਦੇਸ ਨਿਕਾਲਾ ਮਿਲ ਗਿਆ।

ਬੁੱਧ ਮਤ ਨੂੰ ਭਾਰਤ ਵਿਚੋਂ ਕਢਣ ਦਾ ਕੰਮ ਸ੍ਰੀ ਸ਼ੰਕਰਾਚਾਰੀਆ ਨੇ ਕੀਤਾ। ਜਿਸ ਦਾ ਜਨਮ ਸੰਮਤ ੮੪੫ ਵਿਚ ਹੋਇਆ। ਇਸ ਨੇ ਆਪਣੀ ਆਯੂ ਦੇ ਤ੍ਰਵੇਂ ਸਾਲ

---

੧- ਪਛਮੀ ਰਹੱਸਵਾਦ ਦੇ ਇਤਿਹਾਸ ਬਾਰੇ ਵਿਸਥਾਰ ਲਈ ਵੇਖੋ-Mysticism-E.Underhill,p.453 to 72.

੨- ਹਿੰਦੀ ਸਾਹਿੱਤਯ ਕੋਸ਼, ਪੰਨਾ ੬੩੭

ਤੱਕ ਤਪ ਵੀ ਕੀਤਾ ਅਤੇ ਤਪ ਦੇ ਮਗਰੋਂ ਅਦਵੈਤਵਾਦ ਨੂੰ ਵੀ ਪ੍ਰਚਾਰਿਆ। ਭਾਰਤ ਦੇ ਚਹੁੰ ਕੋਨਿਆਂ ਵਿਚ ਇਸ ਨੇ ਚਾਰ ਮਠ ਕਾਇਮ ਕੀਤੇ:-

੧- ਜਗਨ ਨਾਥ
੨- ਅਮਰ ਨਾਥ
੩- ਸ੍ਰਿੰਗੇਰੀ
੪- ਨਾਸਕ

ਸ਼ੰਕਰ ਦੇ ਅਦਵੈਤਵਾਦ ਦਾ ਸਾਰ ਇਹ ਹੈ:-

ੳ- ਸ੍ਰਿਸ਼ਟੀ ਦੇ ਪਦਾਰਥਾਂ ਵਿਚ ਅਨੇਕਤਾ ਨਹੀਂ, ਸਭ ਵਿਚ ਇਕੋ ਸ਼ੁੱਧ ਬ੍ਰਹਮ ਹੈ।

ਅ- ਅਗਿਆਨ ਕਰਕੇ ਜੀਵ ਆਪਣੇ ਆਪ ਨੂੰ ਈਸ਼੍ਵਰ ਤੋਂ ਭਿੰਨ ਸਮਝਦਾ ਹੈ,ਪਰ ਵਾਸਤਵ ਵਿਚ ਇਹ ਪਾਰਬ੍ਰਹਮ ਦਾ ਹੀ ਸਰੂਪ ਹੈ।[੧]

ੲ- ਆਤਮਾ ਪਰਮਾਤਮਾ ਦਾ ਪੂਰਨ ਗਿਆਨ ਹੋਏ ਬਿਨਾਂ ਮੁਕਤੀ ਨਹੀਂ ਮਿਲ ਸਕਦੀ। ਗਿਆਨ ਦੀ ਪ੍ਰਾਪਤੀ ਲਈ ਕਰਮ ਕੀਤੇ ਜਾਂਦੇ ਹਨ। ਗਿਆਨ ਹੋਣ ਨਾਲ ਕਰਮ ਨਾਸ਼ ਹੋ ਜਾਂਦੇ ਹਨ।

ਮਧ ਕਾਲ ਵਿਚ ਰਹੱਸਵਾਦੀ ਲਹਿਰ ਨੇ ਚੰਗਾ ਜੋਸ਼ ਦਾ ਉਬਾਲਾ ਖਾਧਾ ਤੇ ਜਿਨ੍ਹਾਂ ਭਗਤਾਂ ਦੀ ਦੇਣ ਵਰਣਨ ਯੋਗ ਹੈ ਉਹ ਇਹ ਹਨ-ਵੱਲਭਾਚਾਰੀਆ, ਚੇਤੰਨਯ ਮਹਾਂਪ੍ਰਭੂ, ਰਾਮਾਨੰਦ, ਤੁਲਸੀਦਾਸ, ਸੂਰਦਾਸ, ਮੀਰਾਂ ਬਾਈ, ਤੁਕਾਰਾਮ ਆਦਿ। ਮਧ ਕਾਲ ਵਿਚ ਨਿਰਗੁਣ ਭਗਤੀ ਦਾ ਵਿਸ਼ੇਸ਼ ਵਰਣਨ ਕਰਨਾ ਬਣਦਾ ਹੈ,ਕਿਉਂਕਿ ਇਹ ਸਮਾਂ ਨਿਰਗੁਣ ਸ਼ਾਖ ਨੂੰ ਜ਼ਿਆਦਾ ਅਮੀਰ ਕਰਨ ਦਾ ਸਮਾਂ ਹੈ। ਇਸ ਵਿਚ ਪ੍ਰਮੁਖ ਭਗਤ ਕਬੀਰ, ਗੁਰੂ ਨਾਨਕ, ਗੁਰੂ ਅੰਗਦ, ਗੁਰੂ ਅਮਰਦਾਸ, ਗੁਰੂ ਰਾਮਦਾਸ,ਭਗਤ ਰਵੀਦਾਸ, ਧਰਮ ਦਾਸ, ਦਾਦੂ ਦਿਆਲ, ਗੁਰੂ ਅਰਜਨ ਦੇਵ, ਗੁਰੂ ਤੇਗ ਬਹਾਦਰ ਦੇ ਨਾਂ ਲਏ ਜਾ ਸਕਦੇ ਹਨ। ਨਾਥ ਸੰਪਰਦਾਇ ਵਿਚ ਗੋਰਖ ਨਾਥ ਦਾ ਨਾਂ ਇਸੇ ਵਰਗ ਵਿਚ ਆ ਜਾਂਦਾ ਹੈ।

ਭਾਰਤ ਵਿਚ ਰਹੱਸਵਾਦੀ ਲਹਿਰ ਦਾ/ਪ੍ਰਵਾਹ ਆਧੁਨਿਕ ਕਾਲ ਵਿਚ ਵੀ ਚਲਦਾ ਆ ਰਿਹਾ ਹੈ। ਮਹਾਂ ਰਿਸ਼ੀ ਦਵਿੰਦਰ ਨਾਥ, ਰਬਿੰਦਰ ਨਾਥ ਟੈਗੋਰ, ਰਾਮਾ ਕ੍ਰਿਸ਼ਨਾ ਪਰਮਹੰਸ ਤੇ ਇਨ੍ਹਾਂ ਦੇ ਸ਼ਾਗਿਰਦ ਸਵਾਮੀ ਵਿਵੇਕਾ ਨੰਦ ਤੇ ਅਗੋਂ ਇਨ੍ਹਾਂ ਦੇ ਸ਼ਾਗਿਰਦਾਂ ਨੇ ਆਪਣੀ ਸਾਧਨਾ ਨਾਲ ਦੇਸ ਦੇਸ਼ਾਂਤਰਾਂ ਵਿਚ ਫਿਰ ਕੇ ਪ੍ਰਚਾਰ ਕੀਤਾ।

ਹਿੰਦੀ ਸਾਹਿੱਤ ਵਿਚ ਰਹੱਸਵਾਦ ਸ਼ਬਦ ਲਗ ਪਗ ੧੯੨੦ ਦੇ ਨੇੜੇ ਵਰਤਿਆ ਗਿਆ। ਮਰਾਠੀ ਸਾਹਿੱਤ ਵਿਚ ਵੀ ਲਗ ਪਗ ੧੯੨੦ ਦੇ ਨੇੜੇ ਹੀ ਸ੍ਰੀ ਚਾਫੇਕਰ ਨੇ ਰਹੱਸਵਾਦ ਦੇ ਅਰਥ "ਗੂੜ ਗੁੰਜਨ" ਕੀਤੇ। ਇਸੇ ਤਰ੍ਹਾਂ ਬੰਗਾਲੀ ਸਾਹਿੱਤ ਵਿਚ "ਮਿਸਟਿਸਿਜ਼ਮ" ਦਾ ਦੇਸੀ ਰੂਪ "ਮਰਮੀ ਦਾ ਭਾਵ" ਲਿਆ ਗਿਆ। ਬੰਗਾਲੀ ਕਵੀ ਰਬਿੰਦਰ ਨਾਥ ਟੈਗੋਰ ਨੇ ਇਸ ਸ਼ਬਦ ਨੂੰ ਮਰਮ ਜਾਂ ਮਰਮੀਆ ਰੂਪ ਵਿਚ ਵਰਤਿਆ।ਜੋ

---

੧-ਹਵਾਲਾ-ਗੁਰਮਤ ਫਿਲਾਸਫੀ,ਗਿਆਨੀ ਪ੍ਰਤਾਪ ਸਿੰਘ,ਪੰਨਾ ੨੨

ਪਿਛੇਤਰ 'ਵਾਦ' ਵਰਤੀ ਗਈ ਹੈ,ਉਸ ਦਾ ਅਰਥ ਹੈ- ਭਾਵ; ਸੋ ਰਹੱਸਵਾਦ ਦੇ ਅਰਥ ਮਰਮੀ ਭਾਵ ਬਣ ਗਏ।[1]

ਪੰਜਾਬੀ ਸਾਹਿੱਤ ਵਿਚ 'ਰਹੱਸ' ਸ਼ਬਦ ਦੀ ਵਰਤੋਂ ਗੁਰੂ ਨਾਨਕ ਦੇਵ ਜੀ ਨੇ ਇਸ ਦੇ ਆਧੁਨਿਕ ਅਰਥ ਵਿਚ ਹੀ ਕੀਤੀ ਸੀ:-

ਅਨਦਿਨੁ ਰਹਸੁ ਭਇਆ ਆਪੁ ਗਵਾਇਆ।[2]
ਨਾਉ ਸੁਣਿ ਮਨਿ ਰਹਸੀਐ ਤਾ ਪਾਏ ਮੋਖ ਦੁਆਰੁ।[3]

ਭਾਈ ਵੀਰ ਸਿੰਘ, ਪ੍ਰੋ.ਪੂਰਨ ਸਿੰਘ, ਪ੍ਰੀਤਮ ਸਿੰਘ ਸਫ਼ੀਰ ਆਧੁਨਿਕ ਕਾਲ ਦੇ ਪੰਜਾਬੀ ਰਹੱਸਵਾਦੀ ਕਵੀ ਹਨ।

## ਰਹੱਸਵਾਦ ਦਾ ਮਾਨਵਤਾ ਤੇ ਪ੍ਰਭਾਵ:-

ਰਹੱਸਵਾਦ ਨੇ ਸਾਰੀ ਮਾਨਵਤਾ ਤੇ ਪ੍ਰਭਾਵ ਪਾਇਆ ਹੈ। ਇਸ ਨੇ ਕਲਾ ਤੇ ਸਾਹਿੱਤ ਨੂੰ ਵਿਕਸਿਤ ਕਰਨ ਵਿਚ ਤੇ ਆਚਰਨ ਨੂੰ ਉਚਾ ਤੇ ਸੁੱਚਾ ਕਰਨ ਵਿਚ ਖਾਸ ਹਿੱਸਾ ਪਾਇਆ ਹੈ। ਪਲੈਟੋ ਤੇ ਪਲਾਟੀਨਸ ਦੀਆਂ ਕਿਰਤਾਂ, ਡਾਂਟੇ ਦੀ ਡੀਵਾਈਨ ਕਾਮੇਡੀ, ਗੁਰੂ ਨਾਨਕ ਦੀ ਜਪੁਜੀ, ਗੁਰੂ ਅਮਰਦਾਸ ਦੀ ਅਨੰਦ, ਗੁਰੂ ਅਰਜਨ ਦੀ ਸੁਖਮਨੀ, ਸੰਸਾਰ ਪ੍ਰਸਿੱਧ ਰਚਨਾਵਾਂ ਹਨ।

ਪਛਮ ਵਿਚ ਦੂਜੇ ਸੰਸਾਰ ਯੁਧ ਤੋਂ ਮਗਰੋਂ ਸਾਹਿੱਤ ਵਿਚ ਜੋ ਰੁਚੀ ਬਦਲੀ ਹੈ, ਉਸ ਦੇ ਅਸਰ ਹੇਠਾਂ ਜੋ ਰਹੱਸਵਾਦੀ ਸਾਹਿਤਕਾਰ ਸਾਹਮਣੇ ਆਏ ਹਨ, ਉਨ੍ਹਾਂ ਵਿਚੋਂ ਆਲਡਸ ਹਕਸਲੇ ਤੇ ਕ੍ਰਿਸਟੋਫ਼ਰ ਆਇਸ਼ੁਰ ਦੇ ਨਾਂ ਮਾਣ ਨਾਲ ਲਏ ਜਾ ਸਕਦੇ ਹਨ।

ਭਾਰਤ ਵਿਚ ਆਦਿ ਕਾਲ ਵਿਚ ਰਹੱਸਵਾਦ ਦੇ ਪ੍ਰਭਾਵ ਹੇਠ ਰਚੀ ਗਈ ਕਿਰਤ ਖ਼ਾਸ ਮਹਤਵਪੂਰਨ ਹੈ। ਇਹੀ ਸਾਡਾ ਸਾਹਿੱਤਕ ਖ਼ਜ਼ਾਨਾ ਹੈ।ਵੇਦ,ਉਪਨਿਸ਼ਦ, ਬ੍ਰਹਮ ਸੂਤਰ, ਭਾਗਵਤ ਗੀਤਾ ਪ੍ਰਸਿੱਧ ਰਹੱਸਵਾਦੀ ਰਚਨਾਵਾਂ ਹਨ।

ਪੰਜਾਬੀ ਨੂੰ ਤਾਂ ਵਿਰਸੇ ਵਿਚ ਹੀ ਰਹੱਸਵਾਦੀ ਰਚਨਾ ਮਿਲੀ ਜਿਸ ਦੇ ਪ੍ਰਭਾਵ ਹੇਠਾਂ ਪੰਜਾਬੀ ਨੇ ਸਾਰੀ ਮਨੁੱਖਤਾ ਨੂੰ ਅਜਿਹੀ ਅਮਰ ਰਹੱਸਮਈ ਰਚਨਾ ਦਿੱਤੀ ਜੋ ਅੱਜ ਤਕ ਸਾਹਿੱਤਕਾਰਾਂ ਨੂੰ ਅਗਵਾਈ ਦੇ ਰਹੀ ਹੈ। ਗੁਰੂ ਗੋਰਖ ਨਾਥ, ਬਾਬਾ ਫਰੀਦ, ਭਗਤ ਕਬੀਰ, ਨਾਮਦੇਵ, ਗੁਰੂ ਨਾਨਕ, ਗੁਰੂ ਅਮਰਦਾਸ, ਗੁਰੂ ਅਰਜਨ ਤੇ ਗੁਰੂ ਤੇਗ ਬਹਾਦਰ ਦੀ ਰਚਨਾ ਖਾਸ ਵਰਣਨ ਯੋਗ ਹੈ।

---

੧- ਵੇਖੋ-ਰਹੱਸਯਵਾਦ-(ਹਿੰਦੀ) ਰਾਮ ਮੂਰਤੀ ਤ੍ਰਿਪਾਠੀ, ਪੰਨਾ ੯-੧੧
੨- ਤੁਖਾਰੀ ਮਹਲਾ ੧,ਆਦਿ ਗ੍ਰੰਥ, ਪੰਨਾ ੧੧੦੯
੩- ਵਾਰ ਆਸਾ ਮਹਲਾ ੧, ਆਦਿ ਗ੍ਰੰਥ, ਪੰਨਾ ੪੬੮

ਰਹੱਸਵਾਦ ਦੇ ਗਿਆਨ ਨਾਲ ਦੁਨੀਆਂ ਦੇ ਸਾਹਮਣੇ ਉਸ ਹਸਤੀ ਦੇ ਰਾਜ਼ ਦਾ ਜ਼ਿਕਰ ਸ਼ਰੇਆਮ ਹੋ ਗਿਆ ਹੈ, ਜਿਸ ਬਾਰੇ ਕਿਸੇ ਨੂੰ ਵੀ ਗਿਆਨ ਨਹੀਂ ਸੀ। ਜਾਨਣਾ ਭਾਵੇਂ ਸਾਰੇ ਹੀ ਚਾਹੁੰਦੇ ਹੋਣ (ਸਾਇੰਸਦਾਨ ਵੀ ਕੁਦਰਤ ਦੇ ਰਹੱਸ ਲਭਣ ਵਿਚ ਲਗੇ ਹੋਏ ਹਨ) ਕਿ ਰੱਬ ਕੀ ਹੈ? ਉਸ ਤੱਕ ਪਹੁੰਚ ਕਿਵੇਂ ਸੰਭਵ ਹੈ? ਪਰ ਇਸ ਰਮਜ਼ ਨੂੰ ਕੇਵਲ ਰਹੱਸਮਈ ਤਜਰਬਾਕਾਰ ਹੀ ਜਾਣ ਸਕੇ।

ਸਵਰਗ ਦੇ ਭੁਲੇਖੇ ਨਾਲ ਆਮ ਲੋਕਾਈ ਗੁਮਰਾਹ ਹੋਈ ਪਈ ਸੀ, ਪਰ ਇਸ ਗਿਆਨ ਤੇ ਪੜਤਾਲ ਨੇ ਇਨ੍ਹਾਂ ਰਾਹੀਆਂ ਲਈ ਰਸਤਾ ਸਾਫ਼ ਕਰ ਦਿੱਤਾ ਕਿ ਸਵਰਗ ਤੇ ਨਰਕ ਕਿਤੇ ਵੀ ਨਹੀਂ, ਇਹ ਮਨ ਦੀਆਂ ਅਵਸਥਾਵਾਂ ਹਨ ਜੋ ਆਪਣੇ ਆਪਣੇ ਕਰਮਾਂ ਨਾਲ ਪ੍ਰਾਪਤ ਹੁੰਦੀਆਂ ਹਨ।

ਇਸ ਗਿਆਨ ਨਾਲ ਮਨੁੱਖਤਾ ਦਾ ਇਖ਼ਲਾਕ ਉਚਾ ਕਰਨ ਵਿਚ ਕਾਫ਼ੀ ਸਹਾਇਤਾ ਮਿਲੀ। ਇਹ ਤਾਂ ਸੁਭਾਵਕ ਹੈ ਕਿ ਜਿਨਾ ਚਿਰ ਕੋਈ ਜੀਵ ਜੰਗਲਾਂ ਵਿਚ ਭਟਕਦਾ ਰਹੇਗਾ, ਉਸ ਦੇ ਹੱਥ ਸਿਰਫ਼ ਕੰਡੇ ਹੀ ਆਉਣਗੇ, ਪੈਰਾਂ ਵਿਚ ਸੂਲਾਂ ਹੀ ਚੁਭਣਗੀਆਂ ਭਾਵ ਸੰਸਾਰਕ ਤਜਰਬੇ ਹੀ ਵਧਣਗੇ, ਪਰ ਜਦੋਂ ਅੰਦਰ ਝਾਤੀ ਮਾਰਨੀ ਆਰੰਭ ਦਏ ਤਾਂ ਫਿਰ ਅੰਦਰਲਾ 'ਚਾਨਣ ਭਰਪੂਰ' ਹੋ ਜਾਂਦਾ ਹੈ। ਇਹ ਚਾਨਣ ਹੀ ਉਚੇ ਇਖਲਾਕ ਦੀ ਨੀਂਹ ਹੈ।

ਪ੍ਰਭੂ ਦੀ ਤਲਾਸ਼ ਵਿਚ ਪੈਣ ਵਾਲਿਆਂ ਦੀ ਹਉਂ ਮੁਕ ਜਾਂਦੀ ਹੈ। ਜਿਸ ਮਨ ਵਿਚੋਂ ਹਉਂ ਮੁਕ ਗਈ, ਉਹ ਰੱਬ ਦਾ ਸਭ ਤੋਂ ਨਜ਼ਦੀਕੀ ਬਣ ਗਿਆ। ਬ੍ਰਹਮ ਗਿਆਨੀ ਇਸੇ ਦਾ ਹੀ ਦੂਜਾ ਨਾਂ ਹੈ।

ਰਹੱਸਮਈ ਭਾਵਨਾ ਮਨ ਵਿਚ ਵਸਣ ਨਾਲ ਮਨੁੱਖ ਦੁਨਿਆਵੀ ਪਦਾਰਥਾਂ ਦੀ ਕੈਦ ਵਿਚੋਂ ਮੁਕਤ ਹੋ ਜਾਂਦਾ ਹੈ। ਇਹ ਜੀਵ ਲਈ ਸੱਚਾ ਬਣਨ ਦਾ ਸਭ ਤੋਂ ਚੰਗਾ ਪਰ ਔਖਾ ਸਾਧਨ ਹੈ। ਇਸ ਅਸਰ ਦਾ ਸਿੱਟਾ ਹੀ ਅੱਜ ਪੂਰਬ ਤੇ ਪਛਮ ਵਿਚ ਇਹ ਅੰਤਰ ਹੈ ਕਿ ਪੂਰਬ ਅਧਿਆਤਮਵਾਦੀ ਹੈ ਅਤੇ ਪਛਮ ਪਦਾਰਥਵਾਦੀ ਹੈ।[੧]

---

੧- ਜਿਥੇ ਪੂਰਬ ਦਾ ਇਹ ਵਿਸ਼ਵਾਸ ਹੈ ਕਿ ਅਜਿਹੀਆਂ ਵੀ ਅਸਲੀਅਤਾਂ ਹਨ, ਜਿਨ੍ਹਾਂ ਨੂੰ ਸਾਫ਼ ਤੌਰ ਤੇ ਵੇਖਿਆ ਨਹੀਂ ਜਾ ਸਕਦਾ---ਉਥੇ ਪਛਮ ਸਪਸ਼ਟਤਾ ਚਾਹੁੰਦਾ ਹੈ ਤੇ ਰਹੱਸ ਤੋਂ ਸ਼ਰਮਾਉਂਦਾ ਹੈ। ਜੋ ਕੁਝ ਵੀ ਪ੍ਰਗਟ ਕੀਤਾ ਜਾ ਸਕੇ ਤੇ ਸਾਡੀਆਂ ਫੌਰੀ ਲੋੜਾਂ ਪੂਰੀਆਂ ਕਰੇ, ਉਹ ਅਸਲ ਹੈ, ਜਿਹੜਾ ਪ੍ਰਤੱਖ ਨਾ ਕੀਤਾ ਜਾ ਸਕੇ ਤੇ ਲਾਭਵੰਦ ਨਾ ਹੋਵੇ, ਉਹ ਝੂਠ ਹੈ। ਇਹ ਠੀਕ ਹੀ ਕਿਹਾ ਗਿਆ ਹੈ ਕਿ ਯੂਨਾਨੀਆਂ ਵਿਚ ਤੇਜ਼ੀ ਤੇ ਚਤੁਰਾਈ ਹੁੰਦਿਆਂ ਹੋਇਆਂ ਵੀ ਉਨ੍ਹਾਂ ਵਿਚ ਅਸਲੀ ਧਾਰਮਕ ਸਹਿਜ ਬਿਰਤੀ ਘਟ ਸੀ। ਇਸ ਨਜ਼ਰ ਤੋਂ ਉਲਟ ਵਧੇਰੇ ਵਿਹਾਰਕ ਪਛਮ ਤੇ ਇਸ ਦੇ ਮੁਕਾਬਲੇ ਵਿਚ ਵਧੇਰੇ ਰਹੱਸਵਾਦੀ ਪੂਰਬ ਸਦਾ ਇਕ ਦੂਜੇ ਤੋਂ ਵੱਖ ਰਹੇ ਹਨ।

ਹਵਾਲਾ-ਧਰਮ ਇਕ ਤੁਲਨਾਤਮਕ ਅਧਿਅਨ, ਡਾ.ਰਾਧਾ ਕ੍ਰਿਸ਼ਨਨ, ਪੰਨਾ ੫੦

ਰਹੱਸਵਾਦੀ ਰੱਬ ਵਿਚ ਅਟੱਲ ਵਿਸ਼ਵਾਸ ਰਖਦਾ ਹੈ। ਪਰਮਾਤਮਾ ਬਾਰੇ ਖੋਜ ਕਰਨ ਦੀ ਜਗਿਆਸਾ ਜਾਗਦੀ, ਵਧਦੀ[1] ਤੇ ਪ੍ਰਫੁਲਤ ਹੁੰਦੀ ਹੈ, ਕਿਉਂਕਿ ਹਰ ਜੀਵ ਲਈ ਜ਼ਰੂਰੀ ਹੈ ਕਿ ਉਹ ਆਪਣੇ ਅਸਲੇ ਬਾਰੇ ਜਾਣੇ ਤੇ ਇਹ ਜਾਣਕਾਰੀ ਕੇਵਲ ਜਗਿਆਸੂ ਹੀ ਹਾਸਲ ਕਰ ਸਕਦੇ ਹਨ। ਇਉਂ ਧਰਮ ਵਿਚ ਵਿਸ਼ਵਾਸ ਬਝ ਜਾਂਦਾ ਹੈ।

## ਰਹੱਸਵਾਦ ਦੀਆਂ ਕਿਸਮਾਂ:-

ਰਹੱਸਵਾਦ ਇਕ ਅਜਿਹਾ ਵਿਸ਼ਾ ਹੈ, ਜਿਸ ਦੀਆਂ ਕਿਸਮਾਂ ਦਸ ਸਕਣ ਲਈ ਸਾਡੇ ਪਾਸ ਕੋਈ ਮਾਪ ਨਹੀਂ। ਕਿਸੇ ਨੇ ਇਸ ਦੀਆਂ ਦੋ ਕਿਸਮਾਂ ਦਸੀਆਂ ਹਨ, ਕਿਸੇ ਨੇ ਤਿੰਨ ਤੇ ਫੇਰ ਕਿਸੇ ਹੋਰ ਨੇ ਚਾਰ ਤੇ ਇਸ ਤੋਂ ਅਗੇ ਇਹ ਗਿਣਤੀ ਪੰਜ, ਛੇ ਤੱਕ ਵੀ ਵਧ ਗਈ ਹੈ। ਸੋ ਹੁਣ ਅਸੀਂ ਵੱਖ ਵੱਖ ਵਿਦਵਾਨਾਂ ਦੀ (ਕਿਸਮਾਂ ਬਾਰੇ) ਵਿਚਾਰ ਪੜਤਾਲਦੇ ਹਾਂ:-

ਐਫ.ਸੀ.ਹੈਪਲਡ ਅਨੁਸਾਰ ਰਹੱਸਵਾਦ ਦੀਆਂ ਦੋ ਕਿਸਮਾਂ[2] ਹਨ:-

੧- ਪਿਆਰ ਤੇ ਵਸਲ ਦਾ ਰਹੱਸਵਾਦ
੨- ਬੁੱਧੀ ਜਾਂ ਸਮਝ ਦਾ ਰਹੱਸਵਾਦ

ਰਾਧਾ ਕਮਲ ਮੁਕਰਜੀ ਇਸ ਨੂੰ ਤਿੰਨ ਕਿਸਮ[3] ਦਾ ਦਸਦੇ ਹਨ:-

੧- ਭਾਵਨਾਤਮਕ ਰਹੱਸਵਾਦ
੨- ਪ੍ਰਕਿਰਤਕ ਰਹੱਸਵਾਦ
੩- ਸ੍ਰਾਂਤ ਰਹੱਸਵਾਦ

ਸੀ.ਜਿਨਾਰਜਾਦਾਸ ਦੇ ਅਨੁਸਾਰ ਰਹੱਸਵਾਦ ੬ ਕਿਸਮਾਂ[4] ਦਾ ਹੈ:-

੧- ਨਦਰ ਦਾ ਰਹੱਸਵਾਦ
੨- ਪਿਆਰ ਦਾ ਰਹੱਸਵਾਦ
੩- ਸਰਵਈਸ਼ਵਰਵਾਦ ਦਾ ਰਹੱਸਵਾਦ
੪- ਪ੍ਰਕਿਰਤੀ ਦਾ ਰਹੱਸਵਾਦ
੫- ਰੱਬੀ ਰਜ਼ਾ ਦਾ ਰਹੱਸਵਾਦ
੬- ਰੱਬੀ ਗਿਆਨ ਦਾ ਰਹੱਸਵਾਦ

---

੧- ਜਿਵੇਂ ਹਰ ਆਦਮੀ ਆਪਣੇ ਬਾਪ ਦਾ ਨਾਂ ਤੇ ਪਿੰਡ ਦਾ ਨਾਂ ਜਾਣਦਾ ਹੁੰਦਾ ਹੈ, ਉਵੇਂ ਹੀ ਅਸਲੀ ਬਾਪ ਤੇ ਉਸ ਦੇ ਟਿਕਾਣੇ ਬਾਰੇ ਜਾਨਣਾ ਵੀ ਬਹੁਤ ਜ਼ਰੂਰੀ ਹੈ।
੨- ਵਿਸਥਾਰ ਲਈ ਵੇਖੋ- Mysticism, F.C.Happold, p.40.
੩- ਵਿਸਥਾਰ ਲਈ ਵੇਖੋ- Theory and art of Mysticism, Radha Kamal Mukerjee, p.5.
੪- ਵਿਸਥਾਰ ਲਈ ਵੇਖੋ- The Nature of Mysticism, C. Jinarjadasa.

ਡਾ.ਬਲਬੀਰ ਸਿੰਘ ਲਿਖਦੇ ਹਨ ਕਿ "ਰਹੱਸਯ ਦੀਆਂ ਕਈ ਕਿਸਮਾਂ ਹਨ:-[1] ਸ਼ੰਕਰਾਚਾਰੀਆ ਦਾ ਵੇਦਾਂਤ ਰਹੱਸਯ ਠੰਢਾ ਸੀਤਲ ਮੰਨਿਆ ਗਿਆ ਹੈ। ਜਿਸ ਵਿਚ ਭਾਵ ਦੀ ਉਤਪਤੀ ਬਿਲਕੁਲ ਨਹੀਂ, ਕੇਵਲ ਸਾਂਤਿ ਦੀ ਖੇਡ ਹੈ। ਇਸ ਦੇ ਮੁਕਾਬਲੇ ਤੇ ਈਰਾਨ ਦਾ ਸੂਫੀ ਰਹੱਸਯ ਗਰਮ ਕਿਹਾ ਜਾਂਦਾ ਹੈ। ਇਸ ਵਿਚ ਇਸ਼ਕ ਦੀ ਅੱਗ ਬਲ ਰਹੀ ਹੈ। ਮਨਸੂਰ ਦੀ ਕਵਿਤਾ ਤੇ ਜੇਬੁੱਨਿਸਾ ਦੀ ਕਵਿਤਾ ਤਾਂ ਪਾਰਖੂਆਂ ਨੂੰ ਐਉਂ ਭਾਸਦੀ ਹੈ ਜਿਵੇਂ ਕਿ ਉਨ੍ਹਾਂ ਦੇ ਆਪਣੇ ਇਸ਼ਕ ਦੀ ਜਗਵੇਦੀ ਉਪਰ ਇਕ ਵਲਵਲਿਆਂ ਦੀ ਬਿੰਦੀ ਅਹੂਤੀ ਹੈ। ਇਸ ਦੇ ਮੁਕਾਬਲੇ ਤੇ ਹਾਫ਼ਿਜ਼ ਦੀ ਸੁਰ ਕਿਸੇ ਸ਼ੀਤ ਗਰਮ ਮਧਮਤਾ ਵਿਚ ਚਲਦੀ ਹੈ, ਉਹ ਆਪਣੀ ਗਰਮੀ ਨੂੰ ਕਿਸੇ ਨਸ਼ੇ ਦੇ ਸ਼ਰਬਤ ਨਾਲ ਠੰਢਾ ਕਰ ਲੈਂਦਾ ਹੈ। ਭਾਵੇਂ ਵਿਛੋੜੇ ਦੀ ਤਪਸ਼ ਉਸ ਦੇ ਹਿਰਦੇ ਵਿਚ ਉਠਦੀ ਹੈ, ਪਰ ਇਤਨੀ ਤੇਜ਼ ਨਹੀਂ ਭਾਸਦੀ, ਜਿਸ ਤਪਸ਼ ਨਾਲ ਹਿਰਦੇ ਦੀ ਤਰਾਵਤ ਖੁਸ਼ਕ ਹੋ ਜਾਏ ਤੇ ਵਹਿਸ਼ਤ ਛਾ ਜਾਏ। ਮੌਲਾਨਾ ਰੂਮ ਤਾਂ ਬਿਲਕੁਲ ਨਸ਼ਾ ਹੀ ਨਸ਼ਾ ਰਹਿ ਗਿਆ ਦਸੀਦਾ ਹੈ।"

ਰੁਈਸਬਰੁਕ ਆਪਣੀ ਪੁਸਤਕ ਦੀ ਸਪਾਰਕਲਿੰਗ ਸਟੋਨ( The Sparkling Stone ਵਿਚ ਧਾਰਮਕ ਜੀਵਨ ਦੀਆਂ ੪ ਕਿਸਮਾਂ[2] ਦਸਦਾ ਹੈ:-

੧- ਸੁਆਰਥੀ- ਜੋ ਆਪਣੇ ਆਪੇ ਵਿਚ ਹੀ ਰਹਿੰਦੇ ਹਨ।

੨- ਆਗਿਆਕਾਰ ਨੌਕਰ- ਉਹ ਜੀਵ ਹਨ ਜੋ ਪਰਮਾਤਮਾ ਦਾ ਨਾਮ ਜਪਦੇ ਹਨ, ਪਰ ਇਕ ਵਿਖਾਵਾ ਤੇ ਰੋਜ਼ਾਨਾ ਜੀਵਨ ਦੀ ਕਿਰਿਆ ਸਮਝ ਕੇ। ਇਹ ਕਹਿਣਾ ਜ਼ਿਆਦਾ ਠੀਕ ਹੈ ਕਿ ਇਹ ਜੀਵ ਆਤਮਕ ਘਰ ਨਾਲੋਂ ਪਦਾਰਥਕ ਘਰ ਵਿਚ ਵਾਸ ਕਰਦੇ ਹਨ।

੩- ਗੁਝੇ ਮਿੱਤਰ- ਜਿਨ੍ਹਾਂ ਨੇ ਆਪਾ ਜਿਤ ਲਿਆ, ਉਹ ਅੰਤਰ ਮੁਖੀ ਹੋ ਜਾਂਦੇ ਹਨ। ਇਹ ਪੂਰੇ ਅੰਤਰ ਮੁਖੀ ਤਾਂ ਨਹੀਂ ਹੁੰਦੇ, ਸਗੋਂ ਰੁਈਸਬਰੁਕ ਦੇ ਸ਼ਬਦਾਂ ਵਿਚ-ਇਹ ਅੰਤਰ ਮੁਖੀ ਹੋਣਾ-ਆਪਣੀ ਵਿਸ਼ੇਸ਼ਤਾਈ ਸਮਝਦੇ ਹਨ।

੪- ਰੱਬ ਦੇ ਛੁਪੇ ਪੁਤਰ- ਇਹ ਉਹ ਜੀਵ ਹਨ, ਜਿਨ੍ਹਾਂ ਪਰਮਾਤਮਾ ਤੋਂ ਆਪਾ ਵਾਰ ਦਿਤਾ ਹੈ, ਮੈਂ ਦੀ ਹੋਂਦ ਨਹੀਂ ਰਹਿੰਦੀ।

ਰੁਈਸਬਰੁਕ ਕਹਿੰਦਾ ਹੈ ਕਿ ਗੁਝੇ ਦੋਸਤ ਤੇ ਰੱਬ ਦੇ ਛੁਪੇ ਪੁਤਰ ਵਿਚ ਇੰਨਾ ਫਰਕ ਹੈ ਕਿ ਦੋਸਤ ਤਾਂ ਸਿਰਫ ਪਿਆਰ ਕਰਦਾ ਹੈ, ਪਰ ਛੁਪਿਆ ਪੁਤਰ ਤਾਂ ਆਪਾ ਵਾਰਦਾ ਹੈ ਤੇ ਇਹੋ ਹੀ ਸਟੇਜ ਹੈ ਜਿਥੇ ਪੁਜ ਕੇ ਆਪਾ ਮਾਰ ਕੇ ਪ੍ਰਭੂ ਨੂੰ ਮਿਲਿਆ ਜਾ ਸਕਦਾ ਹੈ।

---

੧- ਕਲਮ ਦੀ ਕਰਾਮਾਤ, ਡਾ.ਬਲਬੀਰ ਸਿੰਘ, ਪੰਨਾ ੨੧੨-੧੩

੨- A. Hirelings B. The Faithful Servants
C. The Secret Friends D. The Hidden Sons of God.

ਰਹੱਸਵਾਦ ਦੀਆਂ ਵੱਖ ਵੱਖ ਕਿਸਮਾਂ ਤੇ ਵਿਚਾਰ ਕਰਨ ਤੋਂ ਬਾਦ ਆਸਾਨੀ ਨਾਲ ਇਹ ਫੈਸਲਾ ਕੀਤਾ ਜਾ ਸਕਦਾ ਹੈ ਕਿ ਰਹੱਸਵਾਦ ਦੀਆਂ ਕੇਵਲ ਦੋ ਕਿਸਮਾਂ ਹਨ ਜਿਨ੍ਹਾਂ ਦੇ ਘੇਰੇ ਵਿਚ ਸਾਰਾ ਰਹੱਸਵਾਦ ਵਲਿਆ ਜਾਂਦਾ ਹੈ:-

੧- ਦਾਰਸ਼ਨਕ ਰਹੱਸਵਾਦ

੨- ਅਧਿਆਤਮਕ ਰਹੱਸਵਾਦ

<u>ਦਾਰਸ਼ਨਕ ਰਹੱਸਵਾਦ:-</u>

ਦਲੀਲ ਸਹਿਤ ਪ੍ਰਭੂ ਭਗਤੀ ਦੇ ਰਸਤੇ ਨੂੰ ਦਾਰਸ਼ਨਕ ਰਹੱਸਵਾਦ ਦਾ ਨਾਂ ਦਿੱਤਾ ਜਾ ਸਕਦਾ ਹੈ। ਜੀਵਆਤਮਾ ਪਾਰਬ੍ਰਹਮ ਤੱਕ ਕਿਵੇਂ ਪੁੱਜ ਸਕਦੀ ਹੈ, ਉਸ ਵਿਚ ਕਿਵੇਂ ਅਭੇਦ ਹੋ ਸਕਦੀ ਹੈ, ਅਜਿਹੇ ਪ੍ਰਸ਼ਨਾਂ ਦੇ ਉਤਰ 'ਗਿਆਨ' ਰਾਹੀਂ ਹਾਸਲ ਕਰਨ ਵਾਲੇ ਦਾਰਸ਼ਨਕ ਰਹੱਸਵਾਦੀ ਹੁੰਦੇ ਹਨ।

ਸ਼ੰਕਰਾਚਾਰੀਆ ਤੇ ਰਾਮਾਨੁਜ ਇਸ ਸ਼੍ਰੇਣੀ ਦੇ ਰਹੱਸਵਾਦੀ ਹਨ, ਜਿਨ੍ਹਾਂ ਦਾ ਕਹਿਣਾ ਹੈ ਕਿ ਗਿਆਨ ਦੀ ਪ੍ਰਾਪਤੀ ਮਗਰੋਂ ਹੀ ਕੋਈ ਜੀਵ ਪਾਰਬ੍ਰਹਮ ਤੱਕ ਆਪਣੀ ਪਹੁੰਚ ਕਰ ਸਕਦਾ ਹੈ। ਗਿਆਨ ਨਾਲ ਜੀਵ ਨੂੰ ਬੋਧਕ ਚਾਨਣਾ ਹੋ ਜਾਂਦਾ ਹੈ। ਉਹ ਜਾਨਣ ਲੱਗ ਜਾਂਦਾ ਹੈ ਕਿ ਜੀਵ ਕੀ ਹੈ, ਬ੍ਰਹਮ ਕੀ ਹੈ ਤੇ ਜੀਵ ਕਿਉਂ ਬ੍ਰਹਮ ਤੱਕ ਪੁਜਣਾ ਚਾਹੁੰਦਾ ਹੈ। ਗਿਆਨ ਨਾਲ ਭਗਤੀ ਕਰਨਾ ਭਾਵ ਕਾਰਨ ਲੱਭ ਕੇ ਕਾਰਜ ਵਲ ਜਾਣਾ ਇਸ ਵਰਗ ਦਾ ਮੁਮਖ ਉਦੇਸ਼ ਹੈ। ਪੱਛਮ ਵਿਚ ਪਲੈਟੋ, ਪਲਾਟੀਨਸ, ਏਕਹਾਰਟ ਆਦਿ ਦੇ ਨਾਂ ਇਸੇ ਵਰਗ ਵਿਚ ਆ ਜਾਂਦੇ ਹਨ।

<u>ਅਧਿਆਤਮਕ ਰਹੱਸਵਾਦ:-</u>

ਸ਼ਰਧਾ ਸਹਿਤ ਪ੍ਰਭੂ ਭਗਤੀ ਦੇ ਸਾਧਨ ਨੂੰ ਅਧਿਆਤਮਕ ਰਹੱਸਵਾਦ ਆਖਦੇ ਹਾਂ। ਇਸ ਰਸਤੇ ਪ੍ਰਭੂ ਤੱਕ ਪਹੁੰਚ ਕਰਨ ਵਾਲਾ ਸਾਧਕ ਆਪਣੇ ਗਿਆਨ ਇੰਦਰਿਆਂ ਤੇ ਕਾਬੂ ਕਰਦਾ ਹੈ। ਆਪਣੇ ਸਾਰੇ ਸੁਖ ਤਿਆਗਦਾ ਹੈ, ਇਥੋਂ ਤੱਕ ਕਈ ਵਾਰ ਇਸ ਨੂੰ ਆਪਣੇ ਸਰੀਰ ਨਾਲ ਵੀ ਮੋਹ ਨਹੀਂ ਰਹਿੰਦਾ। ਤਪਸਿਆ ਕਰਨੀ ਇਸ ਦੇ ਜੀਵਨ ਦਾ ਇਕ ਖਾਸ ਅੰਗ ਬਣ ਜਾਂਦੀ ਹੈ। ਜਿੰਨਾ ਚਿਰ ਪਾਰਬ੍ਰਹਮ ਸਬੰਧੀ ਚਾਨਣ ਨਾ ਹੋ ਜਾਵੇ, ਇਹ ਸਾਧਕ ਸਾਧਨਾ ਵਿਚ ਲਗਾ ਹੀ ਰਹਿੰਦਾ ਹੈ। ਇਹੀ ਇਸ ਰਹੱਸਵਾਦ ਦੀ ਸਭ ਤੋਂ ਵੱਡੀ ਵਿਸ਼ੇਸ਼ਤਾਈ ਹੈ।

ਗੋਤਮ ਬੁੱਧ ਦਾ ਮਤ, ਜੈਨ ਮਤ, ਸਿਧ, ਨਾਥ (ਕਨਪਟੇ ਜੋਗੀ), ਸਾਰੇ ਸੂਫ਼ੀ ਕਵੀ, ਤੁਲਸੀ ਦਾਸ, ਸੂਰਦਾਸ, ਮੀਰਾਂ ਬਾਈ ਤੇ ਸਾਰੇ ਵੈਸ਼ਨਵ ਭਗਤ ਇਸ ਸ਼੍ਰੇਣੀ ਦੇ ਰਹੱਸਵਾਦੀ ਹਨ। ਪੱਛਮ ਵਿਚ ਇਸ ਵਰਗ ਦੇ ਪ੍ਰਚਾਰਕ ਰੋਮਨ ਕੈਥੋਲਿਕ ਹਨ। ਸੇਂਟ ਪਾਲ ਸੇਂਟ ਟੇਰੇਸਾ, ਸੇਂਟ ਆਗਸਟਾਈਨ, ਮਾਰਟਨ ਲੂਥਰ ਦੇ ਨਾਂ ਲਏ ਜਾ ਸਕਦੇ ਹਨ।

ਇਥੇ ਇਕ ਦਿਲਚਸਪ ਸੁਆਲ ਆ ਜਾਂਦਾ ਹੈ ਕਿ ਸਿੱਖ ਧਰਮ ਦੀ ਪਵਿਤਰ ਤੇ ਰਹੱਸਵਾਦੀ ਪੁਸਤਕ[੧] ਆਦਿ ਗ੍ਰੰਥ ਦੇ ਕਵੀ ਦੁਹਾਂ ਵਿਚੋਂ ਕਿਸ ਪ੍ਰਕਾਰ ਦੇ ਰਹੱਸਵਾਦੀ ਹਨ। ਧਿਆਨ ਨਾਲ ਵਿਚਾਰਨ ਮਗਰੋਂ ਜੁਆਬ ਸਪਸ਼ਟ ਮਿਲ ਜਾਂਦਾ ਹੈ ਕਿ ਗੁਰੂ ਗ੍ਰੰਥ ਸਾਹਿਬ ਨ ਤਾਂ ਨਿਰੇ ਦਾਰਸ਼ਨਕ ਰਹੱਸਵਾਦ ਦਾ ਗ੍ਰੰਥ ਹੈ ਤੇ ਨ ਕੇਵਲ ਅਧਿਆਤਮਕ ਰਹੱਸਵਾਦ ਦਾ। ਸਗੋਂ ਇਸ ਦਾ ਪੰਥ ਦੁਹਾਂ ਤੋਂ ਹੀ ਨਿਆਰਾ ਹੈ, ਜਿਸ ਵਿਚ ਕਿਸੇ ਕਿਸਮ ਦੇ 'ਅਤਿਵਾਦ' ਦੀ ਕੋਈ ਥਾਂ ਨਹੀਂ।

ਗੁਰੂ ਗ੍ਰੰਥ ਸਾਹਿਬ ਵਿਚ ਆਏ ਭਗਤ ਤੇ ਗੁਰੂ ਕਵੀ ਦਾਰਸ਼ਨਕ ਵੀ ਹਨ ਤੇ ਅਧਿਆਤਮਕ ਵੀ। ਇਹ ਭਗਤ ਤੇ ਗੁਰੂ ਕਵੀ ਜੀਵ ਨੂੰ ਨ ਤਾਂ 'ਕੇਵਲ ਗਿਆਨ ਮਾਰਗ' ਵਲ ਮੋੜਦੇ ਹਨ ਕਿ ਉਧਰ ਜਾਓ, ਮੁਕਤੀ ਗਿਆਨ ਵਿਚ ਹੈ; ਨ ਹੀ 'ਤਪ ਕਰਨ' ਲਈ ਜੰਗਲਾਂ ਵਲ ਤੋਰਦੇ ਹਨ। ਇਨ੍ਹਾਂ ਦਾ ਰਸਤਾ ਵਿਚਕਾਰਲਾ ਜਿਹਾ ਹੈ, ਜਿਸ ਵਿਚ ਦਾਰਸ਼ਨਕਤਾ[੨] ਵੀ ਹੈ ਤੇ ਅਧਿਆਤਮਕਤਾ[੩] ਵੀ; ਗਿਆਨ[੪] ਵੀ ਹੈ ਤੇ ਤਪ ਵੀ[੫]; ਦੁਨੀਆਂਦਾਰੀ[੬] ਵੀ ਹੈ ਤੇ ਤਿਆਗ[੭] ਵੀ; ਹਕੀਕਤ[੮] ਵੀ ਹੈ ਤੇ ਅਨੁਭਵ[੯] ਵੀ; ਰੋਮਾਂਸ[੧੦]

---

੧- ਜੋ ਪਵਿਤਰਤਾ ਤੇ ਰਹੱਸਵਾਦ ਦੇ ਦ੍ਰਿਸ਼ਟੀਕੋਣ ਤੋਂ ਵਿਸ਼ਵ ਦੇ ਧਰਮਾਂ ਵਿਚ ਇਕ ਮਹਾਨ ਸਥਾਨ ਰਖਦੀ ਹੈ(The Gospel of Guru Granth Sahib, Duncan Greenlees, p.X.)

੨- ਕਿਵ ਸਚਿਆਰਾ ਹੋਈਐ ਕਿਵ ਕੂੜੈ ਤੁਟੈ ਪਾਲਿ॥
ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ॥ —ਜਪੁਜੀ, ਆਦਿ ਗ੍ਰੰਥ, ਪੰਨਾ ੧

੩- ਹਰਿ ਹਰਿ ਨਾਮੁ ਭਗਤਿ ਪ੍ਰਿਅ ਪ੍ਰੀਤਮੁ ਸੁਖ ਸਾਗਰੁ ਉਰਧਾਰੇ॥
ਭਗਤਿ ਵਛਲੁ ਜਗਜੀਵਨੁ ਦਾਤਾ ਮਤਿ ਗੁਰਮਤਿ ਹਰਿ ਨਿਸਤਾਰੇ॥
— ਆਸਾ ਮ:੧, ਆਦਿ ਗ੍ਰੰਥ, ਪੰਨਾ ੩੫੩

੪- ਧੌਲੁ ਧਰਮੁ ਦਇਆ ਕਾ ਪੂਤੁ॥ ਸੰਤੋਖੁ ਥਾਪਿ ਰਖਿਆ ਜਿਨਿ ਸੂਤਿ॥
— ਜਪੁਜੀ, ਆਦਿ ਗ੍ਰੰਥ, ਪੰਨਾ ੩

੫- ਸੋ ਭਗਉਤੀ ਜੋ ਭਗਵੰਤੈ ਜਾਣੈ॥ ਗੁਰਪਰਸਾਦੀ ਆਪੁ ਪਛਾਣੈ॥
—ਸਲੋਕ ਮ:੩, ਸਿਰੀ ਰਾਗੁ ਕੀ ਵਾਰ ਮ:੪, ਆਦਿ ਗ੍ਰੰਥ, ਪੰਨਾ ੮੮

੬- ਜਾ ਪਿਰੁ ਜਾਣੈ ਆਪਣਾ ਤਨੁ ਮਨੁ ਅਗੈ ਧਰੇਇ॥
ਸੋਹਾਗਣੀ ਕਰਮ ਕਮਾਵਦੀਆ ਸੇਈ ਕਰਮ ਕਰੇਇ॥
ਸਹਜੇ ਸਾਚਿ ਮਿਲਾਵੜਾ ਸਾਚੁ ਵਡਾਈ ਦੇਇ॥
— ਸਿਰੀ ਰਾਗੁ ਮ:੩, ਆਦਿ ਗ੍ਰੰਥ, ਪੰਨਾ ੩੧

੭- ਭਗਤੀ ਰਤਾ ਸਦਾ ਬੈਰਾਗੀ ਆਪੁ ਮਾਰਿ ਮਿਲਾਵਣਿਆ॥
— ਮਾਝ ਮ:੩, ਆਦਿ ਗ੍ਰੰਥ, ਪੰਨਾ ੧੧੨

੮- ਅੰਧਾ ਚਾਨਣਿ ਰਖੀਐ ਦੀਵੇ ਬਲਹਿ ਪਚਾਸ॥
ਚਉਣੇ ਸੁਇਨਾ ਪਾਈਐ ਚੁਣਿ ਚੁਣਿ ਖਾਵੈ ਘਾਸੁ॥
ਲੋਹਾ ਮਾਰਣਿ ਪਾਈਐ ਢਹੈ ਨ ਹੋਇ ਕਪਾਸ॥
ਨਾਨਕ ਮੂਰਖ ਏਹਿ ਗੁਣ ਬੋਲੇ ਸਦਾ ਵਿਣਾਸੁ॥
—ਮਾਝ ਕੀ ਵਾਰ, ਸ:੧, ਆਦਿ ਗ੍ਰੰਥ, ਪੰਨਾ ੧੪੩

੯- ਸੋਈ ਅਜਾਣੁ ਕਹੈ ਮੈ ਜਾਨਾ ਜਾਨਣਹਾਰੁ ਨ ਛਾਨਾ ਰੇ॥
ਕਹੁ ਨਾਨਕ ਗੁਰਿ ਅਮਿਉ ਪੀਆਇਆ ਰਸਕਿ ਰਸਕਿ ਬਿਗਸਾਨਾ ਰੇ॥
—ਆਸਾ ਮ:੫, ਆਦਿ ਗ੍ਰੰਥ, ਪੰਨਾ ੩੮੨

੧੦- ਅਤਿ ਪ੍ਰੀਤਮ ਮਨਮੋਹਨਾ ਘਟਸੋਹਨਾ ਪ੍ਰਾਨ ਅਧਾਰਾ ਰਾਮ॥
ਨਾਨਕੁ ਪਇਅੰਪੈ ਸੰਤ ਜੰਪੈ ਮੇਲਿ ਕੰਤੁ ਹਮਾਰਾ॥
—ਬਿਹਾਗੜਾ ਮ:੫, ਆਦਿ ਗ੍ਰੰਥ, ਪੰਨਾ ੫੪੨

ਵੀ ਹੈ ਤੇ ਨਿਰਲੇਪਤਾ[1] ਵੀ।

ਇਸ ਸਾਰੇ ਕੁਝ ਦਾ ਮੇਲ ਆਦਿ ਗ੍ਰੰਥ ਵਿਚ ਹੈ ਤੇ ਇਸੇ ਕਰਕੇ ਇਹ ਪਵਿਤਰ ਗ੍ਰੰਥ ਹਰ ਵਰਗ ਦੇ ਤੇ ਹਰ ਕਿਸਮ ਦੇ ਸੁਭਾਵ ਦੇ ਜੀਵ ਨੂੰ ਸੰਤੁਸ਼ਟ ਕਰਨ ਦੀ ਸਮਰਥਾ ਰਖਦਾ ਹੈ।

ਜੀਵ ਬ੍ਰਹਮ ਨੂੰ ਕਿਵੇਂ ਪ੍ਰਾਪਤ ਕਰ ਸਕਦਾ ਹੈ, ਸਾਰਾ ਆਦਿ ਗ੍ਰੰਥ ਹੀ ਇਸ ਦੇ ਸਾਧਨ ਦਸਦਾ ਹੈ। ਇਹ ਸਾਧਨ ਹਨ– ਨਾਮ ਸਿਮਰਨ, ਸਤਿਸੰਗ ਤੇ ਕੀਰਤਨ– ਜਿਨ੍ਹਾਂ ਦੁਆਰਾ ਜੀਵ ਬ੍ਰਹਮ ਗਿਆਨੀ ਬਣ ਸਕਦਾ ਹੈ।

ਪਰ ਇਹ ਸਿਮਰਨ ਜੋਗੀਆਂ ਵਾਂਗ ਕੰਨ ਪੜਵਾ ਕੇ, ਉਚੇ ਪਹਾੜਾਂ ਤੇ ਇਕਾਂਤ ਵਿਚ ਰੁਖਾਂ ਹੇਠ ਬੈਠ ਕੇ ਨਹੀਂ ਕਰਨਾ, ਇਹ ਸਿਮਰਨ ਗ੍ਰਿਹਸਤ ਜੀਵਨ ਗੁਜ਼ਾਰਦਿਆਂ ਹੋਇਆਂ ਨਿਭਾਉਣਾ ਹੈ, ਤਦੇ ਹੀ ਜੀਵਨ ਮੁਕਤ ਦੀ ਪਦਵੀ ਮਿਲ ਸਕਦੀ ਹੈ।

ਸੂਫ਼ੀ ਕਵੀ ਰੱਬ ਨਾਲ ਇਸ਼ਕ ਕਰਦੇ ਹਨ,ਪਰ ਸਾਰੀ ਦੁਨੀਆਂ ਤਿਆਗ ਕੇ, ਜਿਸ ਦੀ ਗੁਰਮਤ ਰਹੱਸਵਾਦ ਵਿਚ ਕੋਈ ਥਾਂ ਨਹੀਂ।

ਗੁਰਮਤ ਰਹੱਸਵਾਦ ਵਿਚ ਕਾਹਲਾਪਨ ਨਹੀਂ,ਕਠੋਰਤਾ ਨਹੀਂ; ਸਹਜ ਹੈ, ਅਨੰਦ ਹੈ, ਜਿਥੇ ਪਹੁੰਚ ਕੇ ਮਨ ਦੀ ਸਾਰੀ ਅਸ਼ਾਂਤੀ ਦੂਰ ਹੋ ਜਾਂਦੀ ਹੈ, ਪਰਮ ਪਦਵੀ ਮਿਲ ਜਾਂਦੀ ਹੈ।

## ਰਹੱਸਵਾਦ ਦੇ ਤੱਤ:-

ਰਹੱਸਵਾਦ ਦੇ ਤਿੰਨ ਜ਼ਰੂਰੀ ਤੱਤ ਹਨ, ਜਿਨ੍ਹਾਂ ਵਿਚੋਂ ਕਿਸੇ ਇਕ ਦੀ ਅਨਹੋਂਦ ਵੀ ਸਹਾਰੀ ਜਾ ਸਕਣ ਵਾਲੀ ਨਹੀਂ-

੧- ਰਹੱਸਵਾਦ ਵਿਚ ਪ੍ਰੇਮ
੨- ਰਹੱਸਵਾਦ ਵਿਚ ਪਤੀਵਾਦ
੩- ਰਹੱਸਵਾਦ ਵਿਚ ਬਿਰਹਾ

### ੧- ਰਹੱਸਵਾਦ ਵਿਚ ਪ੍ਰੇਮ-

ਪ੍ਰੇਮ ਰਹੱਸਵਾਦ ਦਾ ਸਭ ਤੋਂ ਪ੍ਰਮੁਖ ਤੱਤ ਹੈ। ਸੂਫ਼ੀ ਤਾਂ ਇਸ ਨੂੰ ਸਭ ਤੋਂ ਜ਼ਿਆਦਾ ਮਹਤਵ ਪੂਰਨ ਸਮਝਦੇ ਹਨ।[2] ਇਸੇ ਪ੍ਰੇਮ ਦਾ ਜ਼ਿਕਰ ਕਰਦੇ ਹੋਏ ਪ੍ਰਸਿਧ ਸੂਫ਼ੀ ਰੂਮੀ ਕਹਿੰਦੇ ਹਨ:- ਪ੍ਰੇਮ ਦੀ ਅਗਨੀ ਨੇ ਮੈਨੂੰ ਉਜਾਲਾ ਦਿੱਤਾ ਹੈ, ਪ੍ਰੇਮ ਦੀ ਮਦਰਾ ਨੇ

---

੧- ਜਿਸ ਦਾ ਸਭੁ ਕਿਛੁ ਤਿਸ ਕਾ ਹੋਇ।।
ਤਿਸੁ ਜਨ ਲੇਪੁ ਨ ਬਿਆਪੈ ਕੋਇ।।—ਆਸਾ ਮ:੫,ਆਦਿ ਗ੍ਰੰਥ,ਪੰਨਾ ੩੮੮

੨- Mysticism of Islam,Nicholoson, p.110

ਹੀ ਮੈਨੂੰ ਪਾਗਲ ਬਣਾਇਆ ਹੈ। ਤੂੰ ਨਰਕੁਲ ਦਾ ਗਾਣਾ ਸੁਣ ਕੇ ਸਿਖ ਕਿ ਪ੍ਰੇਮੀ ਕਿਵੇਂ ਆਪਣਾ ਖੂਨ ਬਹਾਉਂਦੇ ਹਨ।[1]

ਇਸ ਪ੍ਰੇਮ ਦਾ ਸਬਕ ਲੈਣ ਲਈ ਫੀਸ ਤਾਰਨੀ ਪੈਂਦੀ ਹੈ, ਜੋ ਜਗਿਆਸੂ ਇਹ ਫੀਸ ਨਹੀਂ ਦੇ ਸਕਦਾ ਉਹ ਪ੍ਰੇਮ ਦਾ ਸਬਕ ਸਿਖਣ ਦੇ ਯੋਗ ਨਹੀਂ ਹੁੰਦਾ, ਤੇ ਫੀਸ ਦੇਣੀ ਪੈਂਦੀ ਹੈ ਸੀਸ ਦੀ:-

ਜਉ ਤਉ ਪ੍ਰੇਮ ਖੇਲਣ ਕਾ ਚਾਉ।।
ਸਿਰੁ ਧਰਿ ਤਲੀ ਗਲੀ ਮੇਰੀ ਆਉ।।[2]

ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ।।
ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ।।[3]

੨- <u>ਰਹੱਸਵਾਦ ਵਿਚ ਪਤੀਵਾਦ</u>:-

ਰਹੱਸਵਾਦ ਵਿਚ ਪ੍ਰਤੀਵਾਦ ਦਾ ਤੱਤ ਵੀ ਖਾਸ ਮਹਾਨਤਾ ਰਖਦਾ ਹੈ, ਇਸ ਦੀ ਮਹਾਨਤਾ ਇਸ ਦੇ ਬਿਆਨਣ ਢੰਗ ਕਰਕੇ ਹੈ।

ਸੰਸਾਰ ਵਿਚ ਸਾਰੇ ਰਿਸ਼ਤਿਆਂ ਨਾਲੋਂ ਜ਼ਿਆਦਾ ਨੇੜੇ ਦਾ ਤੇ ਨਿਘਾ ਰਿਸ਼ਤਾ ਪਤੀ-ਪਤਨੀ ਦਾ ਹੁੰਦਾ ਹੈ। ਪਿਤਾ, ਪੁੱਤਰ, ਮਾਂ, ਧੀ, ਭੈਣ, ਭਰਾ, ਸਭ ਰਿਸ਼ਤੇ ਇਸ ਤੋਂ ਉਰੇ ਹੀ ਹੁੰਦੇ ਹਨ। ਇਹੀ ਕਾਰਨ ਹੈ ਕਿ ਰਹੱਸਮਈ ਰਚਨਾ ਵਿਚ ਪਤੀ-ਪਤਨੀ ਦੇ ਪ੍ਰੇਮ ਰਾਹੀਂ ਪਰਮਾਤਮਾ ਤੇ ਜੀਵ ਦਾ ਰਿਸ਼ਤਾ ਬਿਆਨਿਆ ਜਾਂਦਾ ਹੈ। ਇਸ ਵਿਚ ਜੀਵ ਇਸਤਰੀ ਤੇ ਪਰਮਾਤਮਾ ਪਤੀ ਦੇ ਰੂਪ ਵਿਚ ਕਲਪਿਆ ਜਾਂਦਾ ਹੈ।

ਸੁਣਿ ਸਖੀਏ ਮੇਰੀ ਨੀਦ ਭਲੀ ਮੈਂ ਆਪਨੜਾ ਪਿਰੁ ਮਿਲਿਆ।।
--- --- ---
ਵਰੁ ਪਾਇਆ ਪ੍ਰਭੁ ਅੰਤਰਜਾਮੀ ਪਰਗਾਸੁ ਭਇਆ ਕਉਲੁ ਖਿਲਿਆ।[4]

ਇਸ ਪਦ ਵਿਚ 'ਪਿਰ' ਤੇ 'ਵਰ' ਸ਼ਬਦ ਪਰਮਾਤਮਾ ਲਈ ਵਰਤੇ ਗਏ ਹਨ। ਇਹੋ ਹੀ ਪਤੀਵਾਦ ਹੈ। ਪਛਮੀ ਰਹੱਸਵਾਦੀ ਇਸ ਨੂੰ ਬਰਾਈਡ ਮਿਸਟਿਸਿਜ਼ਮ[5] ਕਹਿੰਦੇ ਹਨ।[6]

ਜੀਵ ਪਤਨੀ ਦਾ ਪ੍ਰਭੂ ਪਤੀ ਲਈ ਤੀਖਣ ਪ੍ਰੇਮ ਕੇਵਲ ਗੁਰੂ ਨਾਨਕ ਦੇ ਰਹੱਸ--ਵਾਦ ਦਾ ਮੂਲ ਆਧਾਰ[7] ਹੀ ਨਹੀਂ, ਸਗੋਂ ਗੁਰੂ ਅਰਜਨ ਦੇ ਰਹੱਸ ਸਬੰਧੀ ਵੀ ਅਖਰ

---

੧- ਹਵਾਲਾ:- Rumi- Poet and Mystic, Nicholoson, p.31.

੨- ਸਲੋਕ ਵਾਰਾਂ ਤੇ ਵਧੀਕ ਮ:੧, ਆਦਿ ਗ੍ਰੰਥ, ਪੰਨਾ ੧੪੧੨

੩- ਵਾਰ ਮਾਰੂ ਮ:੫, ਆਦਿ ਗ੍ਰੰਥ, ਪੰਨਾ ੧੧੦੨

੪- ਗਉੜੀ ਮ:੫, ਆਦਿ ਗ੍ਰੰਥ, ਪੰਨਾ ੨੪੯

੫- Bride Mysticism.

੬- ਪੰਜਾਬ ਯੂਨੀ. ਪੰਜਾਬੀ ਸਾਹਿਤ ਦਾ ਇਤਿਹਾਸ (ਸੰਪਾਦਕ) ਡਾ. ਸੁਰਿੰਦਰ ਸਿੰਘ ਕੋਹਲੀ, ਪੰਨਾ ੨੬

੭- Phikosophy of Guru Nanak, Dr. S.S. Kohli, p,78.

ਅਖਰ ਢੁਕਦਾ ਹੈ। ਇਕ ਸੁਹਾਗਣ ਨਾਰ ਨੂੰ ਪਤੀ ਮਿਲਾਪ ਪਿਛੋਂ ਉਸ ਦੀਆਂ ਸਹੇਲੀਆ ਪਤੀ ਮਿਲਣ ਦਾ ਰਸ ਪੁਛਦੀਆਂ ਹਨ, ਪਰ ਨਾਰ ਦਸ ਨਹੀਂ ਸਕਦੀ, ਕਿਉਂਕਿ ਇਹ ਰਸ ਸਿਰਫ਼ ਮਾਣਿਆ ਹੀ ਜਾ ਸਕਦਾ ਹੈ, ਬਿਆਨ ਨਹੀਂ ਕੀਤਾ ਜਾ ਸਕਦਾ।[1] ਉਹ ਸੁਹਾਗਣ ਸਪਸ਼ਟ ਤਾਂ ਕੁਝ ਬੋਲ ਕੇ ਨਹੀਂ ਦਸ ਸਕਦੀ, ਪਰ ਰਹੱਸਮਈ ਢੰਗ ਨਾਲ ਦਸਦੀ ਹੈ ਕਿ ਸਿਰਫ਼ ਪਤੀ ਦੇ ਭਾਣੇ ਨੂੰ ਮਿੱਠਾ ਕਰਕੇ ਮੰਨਣਾ ਹੀ ਉਸ ਦਾ ਉਤਮ ਗੁਣ ਹੈ।[2]

ਇਸ ਤੋਂ ਉਤਮ ਪਤੀਵਾਦ ਦੀ ਉਦਾਹਰਣ ਸ਼ਾਇਦ ਸੰਸਾਰ ਵਿਚ ਹੋਰ ਕੋਈ ਨ ਹੋਵੇ:-

ਵਧੁ ਸੁਖ ਰੈਨੜੀਏ ਪ੍ਰਿਅ ਪ੍ਰੇਮੁ ਲਗਾ।।
ਘਟੁ ਦੁਖ ਨੀਦੜੀਏ ਪਰਸਉ ਸਦਾ ਪਗਾ।।
ਪਗ ਧੂਰਿ ਬਾਂਛਉ ਸਦਾ ਜਾਚਉ ਨਾਮਰਸਿ ਬੈਰਾਗਨੀ।। [3]
ਪ੍ਰਿਅ ਰੰਗਿ ਰਾਤੀ ਸਹਜ ਮਾਤੀ ਮਹਾ ਦੁਰਮਤਿ ਤਿਆਗਨੀ।।

ਜਦੋਂ ਪਤਨੀ ਆਪਣੇ ਰੰਗੀਲੇ ਪਤੀ ਨੂੰ ਪਾ ਲੈਂਦੀ ਹੈ, ਫਿਰ ਉਸ ਨੂੰ ਕੋਈ ਵੀ ਦੁਖ ਨਹੀਂ ਪੋਂਹਦਾ।[4]

੩- ਰਹੱਸਵਾਦ ਵਿਚ ਬਿਰਹਾ:-

ਬਿਰਹਾ ਵੀ ਰਹੱਸਵਾਦ ਦਾ ਉਤਨਾ ਹੀ ਜ਼ਰੂਰੀ ਤੱਤ ਹੈ, ਜਿੰਨਾ ਪ੍ਰੇਮ ਤੇ ਪਤੀਵਾਦ। ਅਸਲ ਵਿਚ ਇਹ ਤਿੰਨੇ ਆਪਸ ਵਿਚ ਇੰਨੇ ਗੂੜੇ ਰਿਸ਼ਤੇਦਾਰ ਹਨ ਕਿ ਅਸੀਂ ਕਿਸੇ ਇਕ ਨੂੰ ਵੀ ਇਨ੍ਹਾਂ ਵਿਚੋਂ ਕੱਢ ਨਹੀਂ ਸਕਦੇ।

ਜੇ ਜ਼ਰਾ ਨਜ਼ਾਕਤ ਨਾਲ ਵਿਚਾਰਿਆ ਜਾਵੇ ਤਾਂ ਬਿਰਹਾ ਰਹੱਸਵਾਦ ਦਾ ਪ੍ਰਧਾਨ ਤੱਤ ਕਿਹਾ ਜਾ ਸਕਦਾ ਹੈ ਕਿਉਂਕਿ ਵਿਛੋੜੇ ਬਿਨ੍ਹਾਂ ਪ੍ਰੇਮ ਸੰਪੂਰਨ ਨਹੀਂ ਤੇ ਨ ਹੀ ਵਿਛੋੜੇ ਬਿਨਾਂ ਪਤੀ ਪਤਨੀ ਦੇ ਰਿਸ਼ਤੇ ਵਿਚ ਹੀ ਚਮਕ ਆ ਸਕਦੀ ਹੈ।

ਮਿਲਨ ਦੀ ਕਦਰ ਉਹੀ ਜਾਣ ਸਕਦੇ ਹਨ, ਜਿਨ੍ਹਾਂ ਨੇ ਵਿਛੋੜੇ ਦੀ ਸੱਟ ਖਾਧੀ

---

੧- ਮਿਲਿ ਸਖੀਆ ਪੁਛਹਿ ਕਹੁ ਕੰਤ ਨੀਸਾਣੀ।।
ਰਸਿ ਪ੍ਰੇਮ ਭਰੀ ਕਛੁ ਬੋਲਿ ਨ ਜਾਣੀ।।—ਆਸਾ ਮ:੫, ਆਦਿ ਗ੍ਰੰਥ, ਪੰਨਾ ੪੫੯

੨- ਧਨੁ ਸੋਹਾਗਨਿ ਜੋ ਪ੍ਰਭੂ ਪਛਾਨੈ।।
ਮਾਨੈ ਹੁਕਮੁ ਤਜੈ ਅਭਿਮਾਨੈ।।
ਪ੍ਰਿਅ ਸਿਉ ਰਾਤੀ ਰਲੀਆ ਮਾਨੈ।।
ਸੁਨਿ ਸਖੀਏ ਪ੍ਰਭ ਮਿਲਣ ਨੀਸਾਨੀ।।
ਮਨੁ ਤਨੁ ਅਰਪਿ ਤਜਿ ਲਾਜ ਲੋਕਾਨੀ।।—ਸੂਹੀ ਮ:੫, ਆਦਿ ਗ੍ਰੰਥ, ਪੰਨਾ ੭੩੭

੩- ਬਿਹਾਗੜਾ ਮ:੫, ਆਦਿ ਗ੍ਰੰਥ, ਪੰਨਾ ੫੪੪

੪- ਜਨ ਨਾਨਕ ਕੰਤੁ ਰੰਗੀਲਾ ਪਾਇਆ ਫਿਰਿ ਦੂਖੁ ਨ ਲਾਗੈ ਆਏ।।
— ਮਲਾਰ ਮ:੫, ਆਦਿ ਗ੍ਰੰਥ, ਪੰਨਾ ੧੨੬੯

ਹੋਵੇ। ਵਿਛੋੜਾ ਆਪਣੇ ਆਪ ਵਿਚ ਭਾਵ ਸ਼ਾਬਦਿਕ ਰੂਪ ਵਿਚ ਬਹੁਤ ਕੌੜਾ ਸ਼ਬਦ ਹੈ, ਪਰ ਅਪ੍ਰਤਖ ਤੌਰ ਤੇ ਇਹ ਮਿਲਨ ਨਾਲੋਂ ਵੀ ਮਿੱਠਾ ਹੈ। ਮਿਲਨ ਭਾਵੇਂ ਮਿੱਠਾ ਹੈ, ਪਰ ਵਿਛੋੜੇ ਦੀ ਪੀੜ ਦੀ ਲਕੀਰ ਮਗਰ ਛਡ ਕੇ ਜਾਂਦਾ ਹੈ ਤੇ ਵਿਛੋੜਾ ਆਪਣੇ ਪਿਛੇ ਪਿਛੇ ਮਿਲਨ ਦੀ ਮਿੱਠੀ ਸੁਆਦਲੀ ਯਾਦ ਲਿਆ ਰਿਹਾ ਹੁੰਦਾ ਹੈ।

ਲੋਕ ਬਿਰਹਾ ਨੂੰ ਨਿੰਦਦੇ ਹਨ, ਕਿਉਂਕਿ ਬਿਰਹਾ ਦਾ ਸਮਾਂ ਲੰਘਾਉਣਾ ਔਖਾ ਹੈ। ਇਹ ਸਚ ਹੈ ਕਿ ਵਿਛੋੜੇ ਦੀਆਂ ਘੜੀਆਂ ਔਖੀਆਂ ਬੀਤਦੀਆਂ ਹਨ,ਪਰ ਇਸ ਔਖ ਮਗਰੋਂ ਮਿਲਨ ਦਾ ਮਾਖਿਓਂ ਰਸ ਵੀ ਪ੍ਰਾਪਤ ਹੁੰਦਾ ਹੈ। ਬਿਰਹਾ ਬਾਦਸ਼ਾਹ ਹੈ। ਜੋ ਜੀਵ ਬਿਰਹਾ ਵਿਚ ਕਦੀ ਤੜਪੇ ਨਹੀਂ,ਉਹ ਜੀਉਣ ਦੇ ਨਹੀਂ, ਸਗੋਂ ਕਬਰਾਂ ਵਿਚ ਜਾਣ ਦੇ ਲਾਇਕ ਹਨ।[੧]

ਬਿਰਹਾ ਪਰਮਾਤਮਾ ਨੂੰ ਮਿਲਾਉਣ ਦਾ ਇਕ ਸਾਧਨ ਮਾਤਰ ਹੀ ਨਹੀਂ, ਸਗੋਂ ਪ੍ਰਮੁਖ ਸਾਧਨ ਹੈ। ਬਿਰਹਾ ਮਨੁੱਖ ਵਿਚ ਵੇਦਨਾ ਉਪਜਾਉਂਦਾ ਹੈ,ਵੇਦਨਾ ਜੀਵ ਨੂੰ ਜਗਾਉਂਦੀ ਹੈ ਤੇ ਜੀਵ ਪਰਮਾਤਮਾ ਨਾਲ ਸਾਖਿਆਤ ਮਿਲ ਪੈਂਦਾ ਹੈ।

<u>ਰਹੱਸਵਾਦ ਦੀਆਂ ਵਿਸ਼ੇਸ਼ਤਾਈਆਂ:-</u>

ਜਿਵੇਂ ਸ਼ਰਾਬੀ ਬਣਨ ਲਈ ਸ਼ਰਾਬ ਪੀਣੀ ਜ਼ਰੂਰੀ ਹੈ; ਪੋਸਤੀ ਬਣਨ ਲਈ ਪੋਸਤ ਘੋਟ ਕੇ ਪੀਣਾ ਜ਼ਰੂਰੀ ਹੈ; ਅਫ਼ੀਮੀ ਬਣਨ ਲਈ ਅਫ਼ੀਮ ਖਾਣੀ ਜ਼ਰੂਰੀ ਹੈ; ਆਸ਼ਕ ਅਖਵਾਉਣ ਲਈ ਇਸ਼ਕ ਕਰਨਾ ਜ਼ਰੂਰੀ ਹੈ; ਆਲਿਮ ਕਹਾਉਣ ਲਈ ਇਲਮ ਪੜ੍ਹਨਾ ਜ਼ਰੂਰੀ ਹੈ; ਚੇਲਾ ਬਣਨ ਲਈ ਗੁਰੂ ਧਾਰਨਾ ਜ਼ਰੂਰੀ ਹੈ; ਤਿਵੇਂ ਰੱਬ ਦਾ ਢੂੰਡਾਊ(ਰਹੱਸਵਾਦੀ) ਬਣਨ ਲਈ ਰੱਬ ਨਾਲ ਇਸ਼ਕ ਕਰਨਾ ਤੇ ਉਸ ਦੀ ਖੋਜ ਕਰਨੀ ਜ਼ਰੂਰੀ ਹੈ।

ਸ਼ਰਾਬੀ ਤੇ ਰਹੱਸਵਾਦੀ ਦੋਵੇਂ ਹੀ ਨਸ਼ਈ ਰਹਿੰਦੇ ਹਨ। ਇਕ ਸ਼ਰਾਬੀ ਸ਼ਰਾਬ ਪੀਂਦਾ ਹੈ, ਰੋਜ਼ ਪੀਂਦਾ ਹੈ, ਪੀ ਕੇ ਨਸ਼ਈ ਹੋ ਜਾਣਾ ਤਾਂ ਕੁਦਰਤੀ ਹੈ, ਜਿਉਂ ਜਿਉਂ ਜ਼ਿਆਦਾ ਪੀਂਦਾ ਹੈ ਨਸ਼ਾ ਵਧਦਾ ਹੀ ਜਾਂਦਾ ਹੈ, ਫਿਰ ਜੇ ਅਜਿਹੇ ਨਸ਼ੇ ਵਿਚ ਉਹ ਕਿਸੇ ਨਾਲੀ ਜਾਂ ਖੱਡ ਵਿਚ ਡਿੱਗ ਪਵੇ ਤਾਂ ਸੱਟ ਕਦੇ ਘਟ ਹੀ ਲਗਦੀ ਹੈ ਜਾਂ ਲੱਗੀ ਤੋਂ ਵੀ ਉਸ ਵੇਲੇ ਮਹਿਸੂਸ ਨਹੀਂ ਹੁੰਦੀ, ਕਿਉਂਕਿ ਉਸ ਦਾ ਮਨ ਤਨ ਸਾਰਾ ਕੁਝ ਹੀ ਨਸ਼ੇ ਅਧੀਨ ਹੁੰਦਾ ਹੈ। ਇਉਂ ਹੀ ਰੱਬ ਦੇ ਨਸ਼ਈਆਂ ਦਾ ਹਾਲ ਹੁੰਦਾ ਹੈ, ਜਿਉਂ ਜਿਉਂ ਉਹ ਪ੍ਰੇਮ ਵਿਚ ਹੋਰ ਰੱਤੇ ਜਾਂਦੇ ਹਨ, ਤਿਉਂ ਤਿਉਂ ਉਹ ਰੰਗ ਹੋਰ ਰਤੜਾ ਕਰਨਾ ਚਾਹੁੰਦੇ ਹਨ ਅਤੇ ਰੱਬ ਦੇ ਧਿਆਨ ਵਿਚ ਮਗਨ ਰਹਿਣ ਲਗ

---

੧- ਬਿਰਹਾ ਬਿਰਹਾ ਆਖੀਐ ਬਿਰਹਾ ਤੂ ਸੁਲਤਾਨੁ।।
ਫਰੀਦਾ ਜਿਤੁ ਤਨਿ ਬਿਰਹੁ ਨ ਊਪਜੈ ਸੋ ਤਨੁ ਜਾਣੁ ਮਸਾਨੁ।।
—ਸਲੋਕ ਫਰੀਦ,ਆਦਿ ਗ੍ਰੰਥ, ਪੰਨਾ ੧੩੭੯

ਜਾਂਦੇ ਹਨ ਤੇ ਫਿਰ ਅਜਿਹੀ ਸਟੇਜ ਵੀ ਆ ਜਾਂਦੀ ਹੈ ਕਿ ਉਨ੍ਹਾਂ ਤੇ ਦੁਨੀਆਂ ਦੇ ਦੁੱਖ ਸੁੱਖ ਕੋਈ ਅਸਰ ਨਹੀਂ ਕਰਦੇ, ਜਿਵੇਂ ਸੂਰਾਬੀ ਉਪਰ ਨਸ਼ੇ ਵਿਚ ਸੱਟ ਦਾ ਅਸਰ ਨਹੀਂ ਹੁੰਦਾ। ਰੱਬ ਦੇ ਆਸ਼ਕਾਂ ਦਾ ਨਸ਼ਾ ਵੀ ਤਗੜਾ ਹੈ, ਸੌਖੀ ਕੀਤੇ ਉਤਰਦਾ ਨਹੀਂ।

ਰਹੱਸਮਈ ਤਜ਼ਰਬੇ ਦੀਆਂ ਆਪਣੀਆਂ ਹੀ ਵਿਸ਼ੇਸ਼ਤਾਈਆਂ ਹੁੰਦੀਆਂ ਹਨ। ਵਿਲੀਅਮ ਜੇਮਜ਼ ਨੇ ਰਹੱਸਮਈ ਅਵਸਥਾ ਦੀਆਂ ਚਾਰ ਵਿਸ਼ੇਸ਼ਤਾਈਆਂ ਦਸੀਆਂ ਹਨ:-

੧- ਗੂੰਗਾਪਨ ਛਾ ਜਾਣਾ
੨- ਨੀਮ ਪਾਗਲਪਨ
੩- ਰਹੱਸਮਈ ਅਵਸਥਾ ਦਾ ਜਲਦੀ ਆ ਕੇ ਗੁਜ਼ਰ ਜਾਣਾ
੪- ਇਕਸਾਰਤਾ ਜਾਂ ਤਹੱਮਲ

ਸਾਰੇ ਪੱਖਾਂ ਤੋਂ ਵਿਚਾਰਿਆਂ ਰਹੱਸਵਾਦੀਆਂ ਵਿਚ ਹੇਠ ਲਿਖੀਆਂ ਵਿਸ਼ੇਸ਼ਤਾਈਆਂ ਅਕਸਰ ਮਿਲਦੀਆਂ ਹਨ:-

ੳ- ਪਹਿਲੀ ਖ਼ੂਬੀ ਇਹ ਹੈ ਕਿ ਰਹੱਸਮਈ ਦਸ਼ਾ ਅਜਿਹੀ ਦਸ਼ਾ ਹੈ, ਜੋ ਸੂਰਾਬੀ ਦੇ ਨਸ਼ੇ ਵਾਂਗ ਪਹਿਲੇ ਹੀ ਦੌਰ ਵਿਚ ਸਾਧਕ ਨੂੰ ਨਸ਼ਈ ਕਰ ਦਿੰਦੀ ਹੈ, ਭਾਵ ਸਾਧਕ ਦੀ ਪਰਮਾਤਮਾ ਨਾਲ ਸਿਧੀ ਪਹੁੰਚ ਹੋ ਜਾਂਦੀ ਹੈ। ਕਿਸੇ ਹਿਸਾਬੀ ਫਾਰਮੂਲੇ ਵਾਂਗ ਘੋਟਾ ਲਾ ਕੇ ਪਰਮਾਤਮਾ ਤੱਕ ਪਹੁੰਚ ਨਹੀਂ ਕਰਨੀ ਪੈਂਦੀ।

ਅ- ਰਹੱਸਮਈ ਹਾਲਤ ਵਿਚ ਜ਼ਿਆਦਾ ਛਾਣਬੀਨ ਦੀ ਗੁੰਜਾਇਸ਼ ਨਹੀਂ ਰਹਿੰਦੀ, ਇਥੇ ਡੂੰਘੇ ਵਿਚਾਰ ਵੀ ਥੋੜੇ ਸ਼ਬਦਾਂ ਵਿਚ ਦਰਸਾਏ ਜਾ ਸਕਦੇ ਹਨ।

ੲ- ਸਾਧਕ ਲਈ ਰਹੱਸਮਈ ਘੜੀ ਉਹ ਸਮਾਂ ਹੈ ਜਿਸ ਵਿਚ ਉਸ ਦੀ ਉਸ ਲਾਸਾਨੀ ਪਰਮ ਸੱਤਾ ਨਾਲ ਨੇੜਤਾ ਬਣਦੀ ਹੈ। ਸਾਧਕ ਦੁਨੀਆਂ ਨੂੰ ਤਿਆਗ ਨਹੀਂ ਦੇਂਦਾ ਤੇ ਨ ਹੀ ਉਹ ਵਿਚਾਰਾਂ ਦੇ ਧੁੰਧਲਕੇ ਵਿਚ ਫਿਰਦਾ ਹੈ, ਸਗੋਂ ਉਸ ਨੂੰ ਪਰਮਾਤਮਾ ਬਾਰੇ ਪੂਰਨ ਗਿਆਨ ਹੋ ਜਾਂਦਾ ਹੈ।[3]

ਸ- ਇਹ ਪੂਰਨ ਗਿਆਨ ਵਾਲੀ ਦਸ਼ਾ ਕਿਸੇ ਪਾਸ ਬਿਆਨ ਨਹੀਂ ਕੀਤੀ ਜਾ ਸਕਦੀ, ਭਾਵ ਗੂੰਗੇ ਦੇ ਗੁੜ ਖਾਣ ਵਾਂਗ ਰਹੱਸਵਾਦੀ ਇਸ ਦਸ਼ਾ ਨੂੰ ਜ਼ੁਬਾਨ ਨਾਲ ਦਸਣ ਤੋਂ ਅਸਮਰਥ ਹੁੰਦਾ ਹੈ। ਜੇ ਕਿਤੇ ਕੁਝ ਦਸਣਾ ਵੀ ਪੈ ਜਾਵੇ ਤਾਂ ਉਹ ਰਮਜ਼ਾਂ ਨਾਲ ਦਸਦਾ ਹੈ, ਸਿਧੀ ਗੱਲ ਨਹੀਂ ਕਰ ਸਕਦਾ। ਇਹ ਇਸ ਅਨੁਭਵ ਦੀ ਖਾਸ ਮਜਬੂਰੀ ਭਰੀ ਵਿਸ਼ੇਸ਼ਤਾਈ ਹੈ।

---

੧- Varieties of Religious Experience, William James, p.380.

੨- The Reconstruction of Religious thought in Islam, Dr. Mohammad Iqbal, p.18.

੩- As above, p.19.

ਹ- ਸੱਚੇ ਰਹੱਸਵਾਦੀ ਦੀ ਸਭ ਤੋਂ ਪ੍ਰਮੁਖ ਵਿਸ਼ੇਸ਼ਤਾ ਉਸ ਦੀ ਆਸਤਕਤਾ ਹੈ। ਉਸ ਦਾ ਆਪਣੇ ਪਰਮਾਤਮਾ ਵਿਚ ਦ੍ਰਿੜ ਨਿਸਚਾ ਹੋਣਾ ਚਾਹੀਦਾ ਹੈ।[1] ਨਾਸਤਕ ਜੀਵ ਕਦੀ ਰਹੱਸਵਾਦੀ ਹੋ ਹੀ ਨਹੀਂ ਸਕਦਾ। ਇਸੇ ਕਰਕੇ ਕਿਹਾ ਜਾਂਦਾ ਹੈ ਕਿ ਆਸਤਕਤਾ ਰਹੱਸਵਾਦ ਦਾ ਆਧਾਰ ਹੈ।[2]

## ਰਹੱਸਵਾਦ ਦੀਆਂ ਮੰਜ਼ਲਾਂ:-

ਰੱਬ ਨੂੰ ਪ੍ਰਾਪਤ ਕਰਨ ਲਈ ਸਭ ਤੋਂ ਚੰਗਾ ਤਰੀਕਾ ਇਸ਼ਕ ਮੁਹਬਤ ਦਾ ਹੈ। ਸੂਫ਼ੀਆਂ ਅਨੁਸਾਰ ਇਸ ਮੰਜ਼ਲ ਨੂੰ ਪਾਉਣ ਲਈ ਜਗਿਆਸੂ ਨੂੰ ੮ ਪੜਾਵਾਂ[3] ਵਿਚੋਂ ਲੰਘਣਾ ਪੈਂਦਾ ਹੈ:-

੧- ਅਬੂਦੀਅਤ— ਆਪਣੇ ਆਪ ਨੂੰ ਰੱਬ ਦਾ ਸੇਵਕ ਸਮਝਣਾ
੨- ਇਸ਼ਕ — ਰੱਬ ਨਾਲ ਇਸ਼ਕ, ਪ੍ਰੇਮੀ ਪ੍ਰੇਮਕਾ ਵਾਲਾ
੩- ਜ਼ੁਹਦ — ਤਪ
੪- ਮਾਰਫ਼ਤ — ਗਿਆਨ ਹਾਸਲ ਕਰਨਾ
੫- ਵਜਦ — ਮਸਤੀ ਵਿਚ ਆਉਣਾ
੬- ਹਕੀਕਤ — ਸਚਾਈ ਦੇ ਦਰਸ਼ਨ ਕਰਨੇ
੭- ਵਸਲ — ਰੱਬ ਨਾਲ ਮਿਲਾਪ
੮- ਫ਼ਨਾ — ਰੱਬ ਵਿਚ ਅਭੇਦਤਾ

ਪਰ ਇਹ ਸਾਰਾ ਕੁਛ ਤਦੇ ਹੀ ਹੋ ਸਕਦਾ ਹੈ ਜੇ ਰਬ ਦੀ ਮਿਹਰ ਹੋਵੇ, ਕਿਉਂਕਿ ਇਹ ਦਾਤ ਚੰਗੇ ਭਾਗਾਂ ਤੇ ਰੱਬੀ ਬਖਸ਼ਸ਼ ਤੋਂ ਬਿਨਾਂ ਨਹੀਂ ਪਾਈ ਜਾ ਸਕਦੀ, ਪਰ ਇਸ ਵਿਚ ਜਗਿਆਸੂ ਦੇ ਆਪਣੇ ਜਤਨ ਵੀ ਸ਼ਾਮਲ ਹਨ:-

ਤੋਬਾ, ਸਬਰ, ਸ਼ੁਕਰ, ਰਿਜ਼ਾ (ਆਸ), ਖੌਫ਼, ਫ਼ਕਰ (ਤਿਆਗ), ਜ਼ੁਹਦ (ਤਪ), ਤੌਹੀਦ (ਮਨ ਮਾਰ ਕੇ ਰੱਬ ਦੀ ਰਜ਼ਾ ਮੰਨਣਾ), ਤਵੱਕੁਲ (ਰੱਬ ਤੇ ਭਰੋਸਾ) ਤੇ ਮੁਹਬਤ।

ਇਸ ਨੂੰ ੭ ਮੁੱਖ[4] ਭਾਗਾਂ ਵਿਚ ਵੰਡ ਸਕਦੇ ਹਾਂ:-

੧- ਪਛਤਾਵਾ— ਪਾਪਾਂ ਤੋਂ ਤੇ ਰੱਬ ਨਾਲ ਕੀਤੀ ਦੂਰੀ ਤੋਂ ਪਛਤਾਵਾ

---

੧- ਕਬੀਰ ਔਰ ਜਾਇਸੀ (ਹਿੰਦੀ), ਡਾ. ਗੋਬਿੰਦ ਤ੍ਰਿਗੁਣਾਇਤ, ਪੰਨਾ ੭੩
੨- Mysticism in East and West, Rudolf Otto.
੩- ਡਾ. ਮੋਹਨ ਸਿੰਘ ਦੀਵਾਨਾ, ਸੂਫ਼ੀ ਸਾਹਿਤ ਅੰਕ, (ਪੰਜਾਬੀ ਦੁਨੀਆਂ), ਨਵੰਬਰ, ਦਸੰਬਰ, ੧੯੬੪, ਪੰਨਾ ੨-੩
੪- ੳ- Introduction to comparative Mysticism, J.D. Marquette, p. 177-78.
ਅ- ਹਵਾਲਾ:- Mysticism, F.C. Happold, p.57.
ੲ- ਸ੍ਰੀ ਵਿਸੰਭਰ ਮਾਨਵ ਨੇ ਵੀ ੭ ਅਵਸਥਾਵਾਂ ਦਸੀਆਂ ਹਨ। ਵਿਸਥਾਰ ਲਈ ਵੇਖੋ- ਮਹਾਂਦੇਵੀ ਕੀ ਰਹੱਸਯ ਸਾਧਨਾ (ਹਿੰਦੀ), ਵਿਸੰਭਰ ਮਾਨਵ, ਪੰਨਾ ੪੭-੫੨

੨- ਸਬਰ ਜਾਂ ਵੈਰਾਗ
੩- ਸ਼ੁਕਰ
੪- ਤਿਆਗ
੫- ਗਰੀਬੀ ਜਾਂ ਨਿਮ੍ਰਤਾ
੬- ਰੱਬ ਤੇ ਭਰੋਸਾ
੭- ਤਸੱਲੀ ਜਾਂ ਬਕ੍ਰਾ

ਵਿਸ਼ਨੂੰ ਪੁਰਾਣ ਤੇ ਸ੍ਰੀ ਮਦ ਭਗਵਤ ਗੀਤਾ ਅਨੁਸਾਰ ਭਗਤੀ ਰਹੱਸ ਦੇ ਨੌਂ ਪੜਾਅ ਆਉਂਦੇ ਹਨ:-

ਸ੍ਰਵਨ ਕਰਨਾ, ਕੀਰਤਨ, ਸਿਮਰਨ, ਚਰਨ ਸੇਵਾ, ਅਰਚਾ, ਬੰਦਨਾ, ਦਾਸ ਭਾਵ, ਸਖਾ ਭਾਵ, ਆਤਮ ਸਮਰਪਨ।

ਇਸ ਨੂੰ ਨਵਧਾ ਭਗਤੀ ਜਾਂ ਨੌਂ ਪ੍ਰਕਾਰ ਦੀ ਉਪਾਸਨਾ ਵੀ ਆਖਦੇ ਹਨ।[1] ਇਨ੍ਹਾਂ ਨੌਂ ਪੌੜੀਆਂ ਨੂੰ ਚਾਰ ਦਰਜਿਆਂ ਵਿਚ ਵੰਡਿਆ ਜਾ ਸਕਦਾ ਹੈ:-

੧- ਪਹਿਲੇ ਦਰਜੇ ਵਿਚ ਸਿਮਰਨ ਹੈ- ਸੁਣਨ ਤੇ ਕੀਰਤਨ ਰਾਹੀਂ।
੨- ਦੂਜੇ ਦਰਜੇ ਵਿਚ ਬੰਦਗੀ ਹੈ, ਸੇਵਾ ਭਾਵਨਾ ਹੈ।
੩- ਤੀਜੇ ਦਰਜੇ ਵਿਚ ਨਿਰੋਲ ਦਾਸਤਾ ਹੈ, ਏਥੇ ਨਫ਼ਸ ਮਰ ਜਾਂਦਾ ਹੈ, ਖ਼ੁਦੀ ਬੇਖ਼ੁਦੀ ਹੋ ਜਾਂਦੀ ਹੈ। ਇਸ ਨੂੰ ਫ਼ਨਾ ਦੀ ਮੰਜ਼ਲ ਵੀ ਆਖਦੇ ਹਨ।
੪- ਚੌਥੇ ਦਰਜੇ ਵਿਚ ਮਿਹਰ ਆ ਜਾਂਦੀ ਹੈ,ਜਗਿਆਸੂ ਦਾਸ ਤੋਂ ਸਖ਼ਾ ਬਣ ਜਾਂਦਾ ਹੈ।

ਸੂਫੀਆਂ ਅਨੁਸਾਰ, ਮਾਰਫ਼ਤ ਤੱਕ ਪਹੁੰਚਣ ਲਈ ਦੋ ਹੀ ਪੌੜ ਹਨ- ਪਹਿਲੇ ਦਾਸ ਭਾਵ ਦੀ 'ਫ਼ਨਾ' ਤੇ ਫੇਰ ਸਖਾ ਭਾਵ ਦੀ 'ਬਕ੍ਰਾ'। ਸਿਖੀ ਆਸ਼ੇ ਅਨੁਸਾਰ ਪਹਿਲੇ ਘਾਲ ਹੈ, ਫਿਰ ਮਿਹਰ ਹੈ, ਪਹਿਲੇ ਟਹਿਲ ਹੈ, ਫਿਰ ਮਹਿਲ ਹੈ।[2]

ਰੋਮਨ ਕੈਥੋਲਿਕ[3] ਰਹੱਸਮਈ ਤਜਰਬੇ ਦੇ ਤਿੰਨ ਹੀ ਪੜਾਅ ਦਸਦੇ ਹਨ:-

੧- ਮਨ ਦੀ ਸੁਧੀ
੨- ਚਾਨਣ ਹੋ ਜਾਣਾ
੩- ਇਕਮਿਕਤਾ ਯਾ ਅਭੇਦਤਾ

ਰੂਏਸਬਰੁਕ ਤੇ ਡਾ.ਰਾਧਾ ਕ੍ਰਿਸ਼ਨਨ[4] ਨੇ ਵੀ ਤਿੰਨ ਹੀ ਪੜਾਅ ਦਸੇ ਹਨ, ਪਰ ਦਸਣ ਢੰਗ ਵਿਚ ਫਰਕ ਹੈ:-

੧- ਪਹਿਲੇ ਪੜਾਅ ਨੂੰ ਰੂਏਸਬਰੁਕ ਨੇ ਹਿੰਮਤ ਜਾਂ ਸਾਧਨਾ ਦਾ ਪੜਾਅ ਦਸਿਆ ਹੈ, ਜਿਸ ਵਿਚ ਚਾਨਣ ਵੀ ਹੋ ਜਾਂਦਾ ਹੈ।ਪਰ ਡਾ.ਰਾਧਾ ਕ੍ਰਿਸ਼ਨਨ ਨੇ ਇਸ ਨੂੰ ਮਨ ਦੀ ਸੁੱਧੀ ਦਾ ਹੀ ਨਾਂ ਦਿੱਤਾ ਹੈ।

---

੧- ਮਹਾਨ ਕੋਸ਼, ਪੰਨਾ ੫੧੪
੨- ਕਲਮ ਦੀ ਕਰਾਮਾਤ,ਡਾ.ਬਲਬੀਰ ਸਿੰਘ,ਪੰਨਾ ੧੩੪-੩੫
੩-੪- ਹਵਾਲਾ:-Mysticism, F.C. Happold, p.57.

੨- ਦੂਜੇ ਪੜਾਅ ਨੂੰ ਰੂਈਸਬਰੁਕ ਦੇ ਸ਼ਬਦਾਂ ਵਿਚ 'ਅੰਦਰਲੇ ਵਲ ਝਾਤੀ' ਆਖਿਆ ਗਿਆ ਹੈ, ਡਾ.ਰਾਧਾ ਕ੍ਰਿਸ਼ਨਨ ਨੇ ਵੀ ਕੁਝ ਇਵੇਂ ਹੀ ਲਿਖਿਆ ਹੈ ਕਿ ਇਹ ਪੜਾਅ ਮਨ ਦੇ ਟਿਕਾਓ ਦਾ ਪੜਾਅ ਹੈ।

੩- ਇਹ ਤੀਜਾ ਪੜਾਅ ਦੂਹਾਂ ਦੇ ਵਿਚਾਰ ਅਨੁਸਾਰ ਰੱਬ ਨਾਲ ਅਭੇਦਤਾ ਦਾ ਪੜਾਅ ਹੈ।

ਰਾਧਾ ਕਮਲ ਮੁਕਰਜੀ ਨੇ ਵੀ ਤਿੰਨ ਹੀ ਪੜਾਵਾਂ ਦਾ ਜ਼ਿਕਰ ਕੀਤਾ ਹੈ।[1] ਜੈਨ ਮਤ ਅਨੁਸਾਰ ਮੋਖ਼ਸ਼ ਦੀ ਪਦਵੀ ਤੱਕ ਪੁਜਣ ਲਈ ਪੰਜ ਪੜਾਅ ਲੰਘਣੇ ਪੈਂਦੇ ਹਨ- ਆਸ੍ਰਵ, ਬੰਧ, ਸਮਰ, ਨਿਰਜਰ, ਮੋਖ਼ਸ਼।[2] ਵੇਦਾਂਤ ਅਨੁਸਾਰ- ਚਾਰ ਅਵਸਥਾਵਾਂ ਵਿਚੋਂ ਲੰਘਣਾ ਪੈਂਦਾ ਹੈ- ਜਾਗ੍ਰਤ, ਸੁਪਨ, ਸਖੋਪਤ ਤੇ ਤੁਰੀਆ ਅਵਸਥਾ।

ਬੋਧੀ ਰਹੱਸਵਾਦ ਵਿਚ ਚਾਰ ਪੜਾਵਾਂ[3] ਦਾ ਜ਼ਿਕਰ ਆਉਂਦਾ ਹੈ:-

੧- ਪਹਿਲੇ ਪੜਾਓ ਵਿਚ ਭੋਗ ਇਛਾਵਾਂ ਦਾ ਨਿਰਾਕਰਨ ਹੁੰਦਾ ਹੈ।
੨- ਦੂਜੇ ਪੜਾਓ ਵਿਚ ਬੌਧਿਕਤਾ ਦਾ ।
੩- ਤੀਜੇ ਪੜਾਓ ਵਿਚ ਸੰਤੋਖ ਦਾ ਤੇ
੪- ਚੌਥੇ ਪੜਾਅ ਵਿਚ ਉਦਾਸੀਨਤਾ, ਸਿਮਰਤੀ ਤੇ ਆਤਮ ਚੇਤਨਾ ਨੂੰ ਸਾਧਿਆ ਜਾਂਦਾ ਹੈ। ਇਸ ਦੇ ਬਾਦ ਸੁਨਯ ਤੋਂ ਸਿਵਾ ਕੁਛ ਵੀ ਨਹੀਂ ਹੁੰਦਾ। ਇਥੇ ਸੁਖ ਤੇ ਦੁਖ ਦੋਵੇਂ ਰੱਦ ਕੀਤੇ ਜਾਂਦੇ ਹਨ।

ਮਿਸ ਅੰਡਰਹਿਲ ਨੇ ਰਹੱਸਵਾਦ ਦੀਆਂ (੫) ਮੰਜ਼ਲਾਂ ਦਸੀਆਂ ਹਨ:-[4]

੧- ਅੰਤਰ ਆਤਮੇ[5] ਦੀ ਜਾਗ੍ਰਿਤੀ
੨- ਮਨ ਦੀ ਸੁੱਧੀ[6]
੩- ਬ੍ਰਹਮ ਗਿਆਨ
੪- ਆਤਮਾ ਦੀ ਅੰਧਿਆਰੀ ਰਾਤ[7]
੫- ਇਕਮਿਕਤਾ ਅਥਵਾ ਅਭੇਦਤਾ[8]

੧- <u>ਅੰਤਰ ਆਤਮੇ ਦੀ ਜਾਗ੍ਰਿਤੀ</u>:-

ਗੁਰੂ ਜਦੋਂ ਸਾਧਕ ਨੂੰ ਪ੍ਰੇਮ ਦਾ ਗੁਰਮੰਤਰ ਪੜ੍ਹ ਕੇ ਪਰਮਾਤਮਾ ਵਲ ਪ੍ਰੇਰਤ ਕਰਦਾ ਹੈ ਤਾਂ ਸਾਧਕ ਦੀਆਂ ਸਾਰੀਆਂ ਪ੍ਰਵਿਰਤੀਆਂ ਜਾਗ ਉਠਦੀਆਂ ਹਨ। ਉਸ ਦੀ ਬਾਹਰਮੁਖੀ ਚੇਤੰਨਤਾ ਅੰਤਰਮੁਖੀ ਹੋਣੀ ਸ਼ੁਰੂ ਹੋ ਜਾਂਦੀ ਹੈ ਤੇ ਉਹ ਸੰਸਾਰ ਤੋਂ ਵਿਰਕਤ

---

੧- Theory and art of Mysticism, Radha Kamal Mukerjee, p.232.
੨- ਡਾ.ਮੋਹਨ ਸਿੰਘ ਦੀਵਾਨਾ, ਸੂਫੀ ਸਾਹਿੱਤ ਅੰਕ, ਪੰਜਾਬੀ ਦੁਨੀਆਂ, ਨਵੰਬਰ, ਦਸੰਬਰ, ੧੯੬੪, ਪੰਨਾ ੨-੩
੩- ਅਧਿਆਨ ਤੇ ਅਧਿਆਪਨ, ਡਾ.ਹਰਿਭਜਨ ਸਿੰਘ, ਪੰਨਾ ੪੯
੪- Mysticism, E. Underhill, p.176.
੫- As above p.198.
੬- As above p.232.
੭- As above p.380.
੮- As above p.413.

ਹੋ ਜਾਂਦਾ ਹੈ। ਫਿਰ ਆਤਮਾ ਆਪਣੇ ਪਰਮਾਤਮਾ ਦੀ ਭਾਲ ਵਿਚ ਰਹਿੰਦੀ ਹੈ। ਇਸ ਭਾਲ ਵਿਚ ਆਤਮਾ ਆਪਣਾ ਆਪਾ ਗੁਆ ਲੈਂਦੀ ਹੈ।

੨- ਮਨ ਦੀ ਸੁੱਧੀ:-

ਜੀਵ ਪਰਮਾਤਮਾ ਦੀ ਪ੍ਰਾਪਤੀ ਲਈ ਤੜਪਦਾ ਰਹਿੰਦਾ ਹੈ। ਪਰ ਸਿਰਫ਼ ਤੜਪਨ ਨਾਲ ਮੇਲ ਅਸੰਭਵ ਹੈ। ਇਸ ਕਰਕੇ ਕੋਈ ਜਤਨ ਕਰਨੇ ਜ਼ਰੂਰੀ ਬਣਦੇ ਹਨ। ਜਿਸ ਕਰਕੇ ਸਾਧਕ ਸਾਧਨਾ ਵਿਚ ਜੁੜਦਾ ਹੈ। ਹਠਯੋਗ ਤੇ ਹੋਰ ਪ੍ਰਾਣਾਯਾਮ ਆਦਿ ਰਾਹੀਂ ਮਨ ਦੀ ਸੁੱਧੀ ਤੇ ਜ਼ੋਰ ਦਿਤਾ ਜਾਂਦਾ ਹੈ।

੩- ਬ੍ਰਹਮ ਗਿਆਨ:-

ਸਾਧਨਾ ਕਰਦੇ ਕਰਦੇ ਜੀਵ ਨੂੰ ਹੁਣ ਕੁਝ ਗਿਆਨ ਹੋਣਾ ਆਰੰਭ ਹੋ ਜਾਂਦਾ ਹੈ। ਨਾਮ ਜਪਦਿਆਂ, ਸਿਮਰਨ ਕਰਦਿਆਂ, ਸਾਧਨਾ ਸਾਧਕ ਨੂੰ ਪਰਮਾਤਮਾ ਦੇ ਨਜ਼ਦੀਕ ਵਲ ਲਿਜਾ ਰਹੀ ਹੁੰਦੀ ਹੈ ਤੇ ਅਜਿਹੀ ਦਸ਼ਾ ਵਿਚ 'ਤੇਰਾ ਮੇਰਾ' ਦਾ ਭੇਦ ਮਿਟ ਕੇ ਸਿਰਫ਼ 'ਤੂੰਹੀਂ ਤੇਰਾ' ਹੀ ਰਹਿ ਜਾਂਦਾ ਹੈ।

੪- ਆਤਮਾ ਦੀ ਅੰਧਿਆਰੀ ਰਾਤ:-

ਫਿਰ ਜਿਉਂ ਜਿਉਂ ਗਿਆਨ ਆਉਂਦਾ ਹੈ, ਮਨ ਵਿਚ ਚਾਨਣ ਹੁੰਦਾ ਹੈ; ਤਿਉਂ ਤਿਉਂ ਮਨ ਦੀਆਂ ਸ਼ੈਤਾਨ ਇੰਦਰੀਆਂ ਆਪਣਾ ਕੰਮ ਸ਼ੁਰੂ ਕਰਦੀਆਂ ਹਨ। ਇਹ ਵਾਸ਼ਨਾਵਾਂ ਸਾਧਕ ਦੇ ਕੰਮ ਵਿਚ ਵਿਘਨ ਪਾਉਣ ਦੀ ਕੋਸ਼ਿਸ਼ ਵਿਚ ਰਹਿੰਦੀਆਂ ਹਨ। ਇਹ ਵਾਸ਼ਨਾਵਾਂ ਮਾਇਆ ਤੋਂ ਉਪਜਦੀਆਂ ਹਨ ਜਿਸ ਦੇ ਪੰਜ ਲੜਕੇ ਹਨ:- ਕਾਮ, ਕ੍ਰੋਧ, ਲੋਭ, ਮੋਹ ਤੇ ਹੰਕਾਰ। ਦਿਨ ਰਾਤ ਇਹ ਜੀਵ ਨੂੰ ਡਸਦੇ ਰਹਿੰਦੇ ਹਨ।

ਅਸਲੀ ਅਤੇ ਸੱਚੀ ਪ੍ਰੀਖਿਆ ਦਾ ਸਮਾਂ ਅਸਲ ਵਿਚ ਹੁਣ ਆਉਂਦਾ ਹੈ, ਜਦੋਂ ਸਾਧਕ ਨੇ ਇਸ ਔਖੀ ਘਾਟੀ ਨੂੰ ਪਾਰ ਕਰਨਾ ਹੁੰਦਾ ਹੈ। ਇਹ ਔਖੀ ਘਾਟੀ ਹੀ ਆਤਮਾ ਦੀ ਅੰਧਿਆਰੀ ਰਾਤ ਹੈ।

੫- ਇਕਮਿਕਤਾ:-

ਇਸ ਪੜਾਅ ਤੇ ਪੁਜਣ ਤੋਂ ਪਹਿਲਾਂ ਜੀਵ ਕਾਮ ਵਾਸ਼ਨਾਵਾਂ ਤੇ ਮਾਇਆ ਜਾਲ ਨੂੰ ਕਟਣ ਵਿਚ ਸਫਲ ਹੋ ਜਾਂਦਾ ਹੈ। ਇਹ ਅਵਸਥਾ ਸਭ ਤੋਂ ਜ਼ਿਆਦਾ ਮਹੱਤਵ ਪੂਰਨ ਹੈ, ਜਿਸ ਵਿਚ ਪ੍ਰੀਤਮਾ ਆਪਣੇ ਪ੍ਰੀਤਮ ਨਾਲ ਅਭੇਦ ਹੋ ਉਠਦੀ ਹੈ।

ਸਾਰਾ ਰਹੱਸ ਹੀ ਇਸ ਮਿਲਨ ਵਿਚ ਹੈ, ਜਿਸ ਦਾ ਬਿਆਨ ਸ਼ਬਦਾਂ ਰਾਹੀਂ ਨਹੀਂ ਕੀਤਾ ਜਾ ਸਕਦਾ। ਇਹ ਤਾਂ ਸੁਪਨੇ ਦੇ ਸੁਆਦ ਦੀ ਨਿਆਈ ਹੈ ਜੋ ਮਾਣਿਆ ਜਾ ਸਕਦਾ ਹੈ, ਪਰ ਦਸਣ ਨਾਲ ਮਾਨਣ ਵਰਗਾ ਰਸ ਨਹੀਂ ਬਣਦਾ।

ਇਸ ਮਿਲਨ ਅਵਸਥਾ ਨੂੰ ਗੁਰਬਾਣੀ ਵਿਚ ਦੰਪਤੀ ਪਿਆਰ ਰਾਹੀਂ

ਸਮਝਾਇਆ ਗਿਆ ਹੈ। ਜੋ ਪ੍ਰੇਮ ਪਹਿਲੀਆਂ ਚਾਰ ਅਵਸਥਾਵਾਂ ਵਿਚ ਪ੍ਰੇਮੀ-ਪ੍ਰੇਮਿਕਾ ਦਾ ਸੀ ਹੁਣ ਪਤੀ-ਪਤਨੀ ਦੇ ਪਿਆਰ ਵਿਚ ਵੱਟ ਗਿਆ ਹੈ। ਜਿਵੇਂ ਪ੍ਰੇਮੀ ਪ੍ਰੀਤਮਾ ਜਾਂ ਆਸ਼ਕ ਮਾਸ਼ੂਕ ਸ਼ਾਦੀ ਤੋਂ ਪਹਿਲਾਂ ਉਹ ਖੁਲ੍ਹਾਂ ਨਹੀਂ ਲੈ ਸਕਦੇ, ਜੋ ਪਤੀ ਪਤਨੀ ਨੂੰ ਮਿਲਦੀਆਂ ਹਨ, ਤਿਵੇਂ ਹੀ ਜੀਵ ਪਰਮਾਤਮਾ ਨਾਲ ਇਸ ਮਿਲਨ ਅਵਸਥਾ ਵਿਚ ਪਹਿਲੀਆਂ ਸਭ ਬੰਦਸ਼ਾਂ ਤੋਂ ਆਜ਼ਾਦ ਹੋ ਜਾਂਦਾ ਹੈ। ਹੁਣ ਉਹ ਸਿਰਫ਼ ਪਰਮਾਤਮਾ ਦਾ ਰੂਪ ਹੈ, ਉਸ ਦਾ ਆਪਣਾ-ਪਨ ਹੈ ਨਹੀਂ। ਜਿਵੇਂ ਇਕ ਨਾਰ ਵਿਆਹੀ ਜਾ ਕੇ ਅਤਿ ਸੁੰਦਰ ਹੋ ਜਾਂਦੀ ਹੈ ਤੇ ਅਤਿਅੰਤ ਖੁਸ਼ੀ ਮਹਿਸੂਸ ਕਰਦੀ ਹੈ, ਤਿਵੇਂ ਜੀਵ ਹੁਣ ਪਰਮਾਤਮਾ ਸਰੂਪ ਹੋ ਕੇ ਅਤਿਅੰਤ ਖੁਸ਼ੀ ਵਿਚ ਆ ਕੇ ਮੰਗਲ ਗਾਉਂਦੇ ਹਨ।

ਮਿਲਨ ਦੇ ਸਮੇਂ ਜੀਵ ਮੁਟਿਆਰ ਨੇ ਆਪਣੇ ਪਤੀ-ਪਰਮਾਤਮਾ ਨੂੰ ਆਪਾ ਕਿਵੇਂ ਭੇਟ ਕਰਨਾ ਹੈ- ਜੀਵ ਮੁਟਿਆਰ ਪਰਮਾਤਮਾ ਦੇ ਚਰਨਾਂ ਵਿਚ ਆਤਮ ਸਮਰਪਨ ਕਰਦੀ ਹੈ। ਪਤੀ-ਪਰਮਾਤਮਾ ਇਸ ਨਿਮਰਤਾ ਤੋਂ ਪ੍ਰਭਾਵਤ ਹੋ ਕੇ ਦੋ ਕਦਮ ਅਗੇ ਹੋ ਕੇ ਜੀਵ ਇਸਤਰੀ ਦਾ ਸਿਰ ਆਪਣੇ ਕਦਮਾਂ ਤੋਂ ਚੁੱਕ ਕੇ ਗਲੇ ਲਗਾਂਦਾ ਹੈ। ਹੁਣ ਜੀਵ ਮੁਟਿਆਰ ਤੇ ਪਰਮਾਤਮਾ ਪਤੀ ਇਕ ਸਰੂਪ ਹੋ ਜਾਂਦੇ ਹਨ।

ਗੁਰੂ ਨਾਨਕ ਦੇਵ ਜੀ ਨੇ ਇਨ੍ਹਾਂ ਮੰਜ਼ਲਾਂ ਦੀ ਇਸ ਪ੍ਰਕਾਰ ਵੰਡ ਕੀਤੀ ਹੈ:-

੧- ਧਰਮ ਖੰਡ – ਫਰਜ ਪਛਾਨਣਾ
੨- ਗਿਆਨ ਖੰਡ– ਰਚਨਾ ਦੀ ਬੇਅੰਤਤਾ ਦਾ ਗਿਆਨ ਹੋਣਾ
੩- ਸਰਮ ਖੰਡ – ਸਾਧਨਾ
੪- ਕਰਮ ਖੰਡ – ਪ੍ਰਭੂ ਦੀ ਕ੍ਰਿਪਾ ਦ੍ਰਿਸ਼ਟੀ
੫- ਸਚ ਖੰਡ – ਜੋਤ ਨਾਲ ਜੋਤ ਮਿਲ ਪੂਰਨ ਪੁਰਖ ਬਣ ਜਾਣਾ

੧- ਧਰਮ ਖੰਡ:-

ਹਰ ਇਕ ਜੀਵ ਇਸ ਸੰਸਾਰ ਤੇ ਕੋਈ ਕਰਮ ਕਰਨ ਆਉਂਦਾ ਹੈ; ਕਿਸੇ ਖਾਸ ਫਰਜ਼ ਦੀ ਖਾਤਰ ਪਰਮਾਤਮਾ ਵਲੋਂ ਭੇਜਿਆ ਜਾਂਦਾ ਹੈ; ਜਿੰਨੇ ਜੀਵ ਇਥੇ ਆਉਂਦੇ ਹਨ, ਸਾਰਿਆਂ ਦਾ ਨਬੇੜਾ ਉਨ੍ਹਾਂ ਦੇ ਕਰਮਾਂ ਅਨੁਸਾਰ ਹੀ ਹੁੰਦਾ ਹੈ। ਜਿਹੜੇ ਮਨੁੱਖ ਆਪਣੇ ਜੀਵਨ ਫਰਜ਼ ਪੂਰੇ ਕਰਦੇ ਹਨ, ਉਨ੍ਹਾਂ ਦੀ ਮਿਹਨਤ ਸਮਝੋ ਪ੍ਰਭੂ ਦਰ ਤੇ ਪ੍ਰਵਾਨ ਹੁੰਦੀ ਹੈ। ਇਹ ਉਹ ਜੀਵ ਹੁੰਦੇ ਹਨ, ਜਿਨ੍ਹਾਂ ਤੇ ਪਰਮਾਤਮਾ ਮਿਹਰ ਕਰਦਾ ਹੈ ਤੇ ਉਹ ਆਪਣੇ ਫਰਜ਼ ਦੇ ਰਾਹ ਤੇ ਤੁਰੇ ਰਹਿੰਦੇ ਹਨ। ਇਹ ਫਰਜ਼ ਪਛਾਨਣ ਦੀ ਸਟੇਜ ਹੀ ਆਤਮਕ ਮੰਡਲ ਵਿਚ ਪਹਿਲੀ ਪੌੜੀ ਹੈ ਜਿਸ ਨੂੰ ਗੁਰੂ ਜੀ ਨੇ ਧਰਮ ਖੰਡ ਆਖਿਆ ਹੈ।[੧]

੨- ਗਿਆਨ ਖੰਡ:-

ਸਚਾਈ ਦੇ ਰਸਤੇ ਚਲਨ ਵਾਲੇ ਜੀਵ ਉਪਰ ਪਰਮਾਤਮਾ ਦੀ ਬਖਸ਼ਸ਼ ਹੋ

---

੧- ਪਉੜੀ ੩੫ਜਪੁਜੀ, ਆਦਿ ਗ੍ਰੰਥ, ਪੰਨਾ ੭

ਜਾਵੇ ਤਾਂ ਉਹ ਸਾਧਾਰਨ ਮਨੁੱਖ ਨਾਲੋਂ ਚੰਗਾ ਬਣਨ ਦੀ ਕੋਸ਼ਿਸ਼ ਆਰੰਭਦਾ ਹੈ। ਜਿਉਂ ਜਿਉਂ ਫਰਜ਼ਾਂ ਦਾ ਗਿਆਨ ਹੁੰਦਾ ਹੈ, ਤਿਉਂ ਤਿਉਂ ਇਸ ਗਿਆਨ ਦੀ ਹਨੇਰੀ ਨਾਲ ਸਭ ਵਹਿਮ ਭਰਮ ਨਸਣੇ ਸ਼ੁਰੂ ਹੋ ਜਾਂਦੇ ਹਨ ਤੇ ਜੀਵ ਇਹ ਸਮਝਣ ਲਗ ਜਾਂਦਾ ਹੈ ਕਿ ਉਹ ਜਾਂ ਉਸ ਦਾ ਪਰਵਾਰ ਹੀ ਸਾਰੀ ਦੁਨੀਆਂ ਨਹੀਂ; ਸਗੋਂ ਸੰਸਾਰ ਤਾਂ ਕਈ ਦੇਵੀ ਦੇਵਤਿਆਂ ਤੇ ਬੇਅੰਤ ਧਰਤੀਆਂ ਨਾਲ ਭਰਿਆ ਪਿਆ ਹੈ ਤੇ ਉਹ ਕੇਵਲ ਇਕ ਕਿਣਕਾ ਮਾਤਰ ਹੀ ਹੈ। ਮਨ ਨੂੰ ਬਸ ਇੰਨਾ ਗਿਆਨ ਹੋਣ ਦੀ ਲੋੜ ਹੈ ਕਿ ਉਸ ਨੂੰ ਇਕ ਖ਼ਾਸ ਕਿਸਮ ਦਾ ਆਨੰਦ ਆਉਣਾ ਆਰੰਭ ਹੋ ਜਾਂਦਾ ਹੈ ਜੋ ਮਾਇਆ ਕਾਰਨ ਜੀਵ ਕੋਲੋਂ ਦੂਰ ਰਹਿੰਦਾ ਸੀ। ਇਸ ਅਵਸਥਾ ਦਾ ਨਾਂ ਗੁਰੂ ਜੀ ਨੇ ਗਿਆਨ ਖੰਡ ਰਖਿਆ ਹੈ।[1]

੩- <u>ਸਰਮ ਖੰਡ</u>:-

ਨਿਰਾ ਗਿਆਨ ਦੇ ਰਾਹ ਪੈ ਜਾਣਾ ਹੀ ਕਾਫ਼ੀ ਨਹੀਂ; ਨਿਰਾ ਅਕਲ ਨਾਲ ਰਾਹ ਸਮਝ ਲੈਣਾ ਹੀ ਕਾਫ਼ੀ ਨਹੀਂ; ਨ ਹੀ ਮਨ ਦੀਆਂ ਮੰਦ ਬਿਰਤੀਆਂ ਕੇਵਲ ਗਿਆਨ ਉਪਦੇਸ਼ ਨਾਲ ਹੀ ਕੁਰਾਹੇ ਹਟਕ ਸਕਦੀਆਂ ਹਨ, ਸਗੋਂ ਗਿਆਨ ਦੇ ਨਾਲ ਨਾਲ ਜੀਵ ਨੂੰ ਸਾਧਨਾ ਕਰਨੀ ਪੈਂਦੀ ਹੈ- ਅੰਮ੍ਰਿਤ ਵੇਲੇ ਉਠਣਾ, ਸੱਚੇ ਪ੍ਰਭੂ ਦਾ ਨਾਮ ਧਿਆਉਣਾ ਅਤੇ ਆਪਣੀਆਂ ਬਿਰਤੀਆਂ ਨੂੰ ਵਾਸਨਾਵਾਂ ਵਲੋਂ ਦੂਰ ਰਖਣਾ। ਜਿਉਂ ਜਿਉਂ ਜੀਵ ਇਹ ਸਾਧਨਾ ਕਰਦਾ ਜਾਂਦਾ ਹੈ, ਤਿਉਂ ਤਿਉਂ ਦੇਹੀ ਕੰਚਨ ਵਰਗੀ ਹੋਣ ਲਗ ਜਾਂਦੀ ਹੈ। ਜੀਵ ਮਨੁੱਖ ਤੋਂ ਦੇਵਤਾ ਬਣਨ ਲਗ ਪੈਂਦਾ ਹੈ। ਇਸ ਅਵਸਥਾ ਦੇ ਰਹੱਸ ਨੂੰ ਸ਼ਬਦਾਂ ਰਾਹੀਂ ਬਿਆਨ ਨਹੀਂ ਕੀਤਾ ਜਾ ਸਕਦਾ। ਜੇ ਕੋਈ ਬਿਆਨ ਕਰਨ ਦੀ ਕੋਸ਼ਿਸ਼ ਕਰਦਾ ਹੈ ਤਾਂ ਉਹ ਮਗਰੋਂ ਪਛਤਾਉਂਦਾ ਹੈ ਕਿਉਂਕਿ ਇਕ ਨਿਮਾਣਾ ਜੀਵ ਉਸ ਬੇਅੰਤ ਦੇ ਰਹੱਸ ਨੂੰ ਬਿਆਨ ਕਰਨ ਤੋਂ ਅਸਮਰਥ ਰਹਿ ਜਾਂਦਾ ਹੈ।[2]

੪- <u>ਕਰਮ ਖੰਡ</u>:-

ਅਜਿਹੀ ਸਾਧਨਾ ਕਰਨ ਵਾਲੇ ਜੀਵ ਤੇ ਪਰਮਾਤਮਾ ਦੀ ਮਿਹਰ ਹੁੰਦੀ ਹੈ ਅਤੇ ਆਤਮਾ ਨੂੰ ਬਲ ਮਿਲਦਾ ਹੈ। ਫਿਰ ਆਤਮਾ ਕਿਸੇ ਵੀ ਹਾਲ ਵਿਚ ਡੋਲਦੀ ਨਹੀਂ, ਸਗੋਂ ਚਿਤ ਸਦਾ ਪ੍ਰਭੂ ਚਰਨਾ ਵਿਚ ਜੁੜਿਆ ਰਹਿੰਦਾ ਹੈ। ਆਵਾਗਵਣ ਦਾ ਭੈ ਮਨ ਵਿਚੋਂ ਨਿਕਲ ਜਾਂਦਾ ਹੈ ਅਤੇ ਭੈ ਦੀ ਥਾਂ ਖੇੜਾ ਸਥਾਨ ਬਣਾਉਂਦਾ ਹੈ। ਮਨ ਨੀਵਾਂ ਅਤੇ ਮਤ ਉਚੀ ਹੋਣ ਲਗ ਜਾਂਦੀ ਹੈ। ਜੀਵ ਦਾ ਮਨ ਪੂਰਨ ਤੌਰ ਤੇ ਅਕਾਲ ਪੁਰਖ ਦੀ ਵਡਿਆਈ ਵਿਚ ਪਰਚ ਜਾਂਦਾ ਹੈ। ਇਸ ਅਵਸਥਾ ਤੇ ਮਾਇਆ ਤਾਂ ਅਸਰ ਕਰ

---

੧- ਪਉੜੀ ੩੫, ਜਪੁਜੀ, ਆਦਿ ਗ੍ਰੰਥ, ਪੰਨਾ ੭

੨- ਪਉੜੀ ੩੬, ਜਪੁਜੀ, ਆਦਿ ਗ੍ਰੰਥ, ਪੰਨਾ ੭

ਹੀ ਨਹੀਂ ਸਕਦੀ, ਸਗੋਂ ਮੌਤ ਦਾ ਭੈ ਵੀ ਨਹੀਂ ਰਹਿੰਦਾ, ਇਸ ਅਵਸਥਾ ਨੂੰ ਗੁਰੂ ਜੀ ਕਰਮ ਖੰਡ ਆਖਦੇ ਹਨ।[1]

੫- ਸਚ ਖੰਡ:-

ਜਿਨ੍ਹਾਂ ਤੇ ਪ੍ਰਭੂ ਦੀ ਕ੍ਰਿਪਾ ਹੋ ਜਾਂਦੀ ਹੈ ਉਨ੍ਹਾਂ ਨੂੰ ਪੰਜਵੇਂ ਖੰਡ ਵਿਚ ਭਾਵ ਸਚ ਖੰਡ ਵਿਚ ਨਿਵਾਸ ਮਿਲਦਾ ਹੈ। ਅਜਿਹੇ ਜੀਵਾਂ ਦੀ ਆਤਮਾ ਅਕਾਲਪੁਰਖ ਨਾਲ ਇਕਮਿਕ ਹੋ ਜਾਂਦੀ ਹੈ। ਇਸ ਅਵਸਥਾ ਤੇ ਪਹੁੰਚ ਕੇ ਜੀਵ ਨੂੰ ਬੇਅੰਤ ਖੰਡ ਮੰਡਲ, ਬ੍ਰਹਿਮੰਡ ਆਦਿ ਅਨੁਭਵ ਹੁੰਦੇ ਹਨ, ਜਿਨ੍ਹਾਂ ਦਾ ਜ਼ੁਬਾਨ ਨਾਲ ਕਥਨ ਨਹੀਂ ਹੋ ਸਕਦਾ। ਇਸ ਸਟੇਜ ਤੇ ਜੀਵ ਨੂੰ ਪੂਰਨ ਸੋਝੀ ਹੋ ਜਾਂਦੀ ਹੈ ਕਿ ਸਾਰੀ ਲੋਕਾਈ ਦੀ ਸੰਭਾਲ ਪਰਮਾਤਮਾ ਆਪ ਕਰ ਰਿਹਾ ਹੈ। ਆਪ ਹੀ ਇਸ ਨੂੰ ਆਪਣੀ ਰਜ਼ਾ ਵਿਚ ਤੋਰ ਰਿਹਾ ਹੈ ਤੇ ਸਭ ਨੂੰ ਆਪਣੀ ਮਿਹਰ ਦਾ ਪ੍ਰਸ਼ਾਦ ਵਰਤਾਈ ਜਾ ਰਿਹਾ ਹੈ। ਇਹੀ ਸਚ ਖੰਡ ਹੈ।[2] ਇਥੇ ਪਹੁੰਚ ਕੇ ਕੋਈ ਹੋਰ ਲਾਲਸਾ ਪੈਦਾ ਨਹੀਂ ਹੁੰਦੀ।[3] ਇਸ ਅਵਸਥਾ ਦਾ ਬਿਆਨ ਜ਼ੁਬਾਨ ਦੀ ਸਮਰਥਾ ਤੋਂ ਬਹੁਤ ਬਾਹਰ ਹੈ।

ਗਲ ਕੀ ਦੁਨੀਆਂ ਦਾ ਕੋਈ ਵਿਦਵਾਨ ਵੀ ਇਸ ਅਵਸਥਾ ਨੂੰ ਬਿਆਨ ਨਹੀਂ ਕਰ ਸਕਿਆ। ਇਉਂ ਲਗਦਾ ਹੈ ਕਿ ਇਹ ਸਾਰਾ ਰਹੱਸ ਹੀ ਇਕ ਅਜਿਹਾ ਵਿਸ਼ਾ ਹੈ ਜਿਸ ਬਾਰੇ ਸਭ ਕੁਝ ਜਾਣ ਕੇ ਵੀ ਕੁਝ ਨਹੀਂ ਜਾਣਿਆ ਜਾ ਸਕਦਾ। ਇਕ ਮੁਸਲਮਾਨ ਰਹੱਸਵਾਦੀ ਅਬੂ ਯਾਜ਼ੀਦ ਲਿਖਦਾ ਹੈ ਕਿ ਮੈਂ ਰੱਬ ਨੂੰ ਕਈ ਸਾਲ ਲਭਦਾ ਰਿਹਾ। ਮੈਂ ਸੋਚਦਾ ਹੁੰਦਾ ਸਾਂ ਕਿ ਰੱਬ ਦੀ ਮੈਨੂੰ ਖਾਹਸ਼ ਹੈ (ਤਾਂ ਮੈਂ ਭਾਲਦਾ ਹਾਂ) ਪਰ ਇਉਂ ਨਹੀਂ ਸਗੋਂ ਰੱਬ ਨੂੰ ਮੇਰੀ ਖਾਹਸ਼ ਸੀ।[4]

ਅੱਜ ਤੱਕ ਕੋਈ ਵਿਦਵਾਨ ਇਹ ਦਾਅਵਾ ਨਹੀਂ ਕਰ ਸਕਿਆ ਕਿ ਮੈਂ ਇਸ ਵਿਸ਼ੇ ਤੇ ਭਰਪੂਰ ਗਿਆਨ ਦੇ ਸਕਦਾ ਹਾਂ।

ਪੱਛਮ ਵਾਲਿਆਂ ਇਸ ਵਿਸ਼ੇ ਤੇ ਜਿੰਨੇ ਗ੍ਰੰਥ ਲਿਖੇ ਹਨ ਸਾਰੇ ਹੀ ਪੂਰਬ ਦੇ ਵਿਰਸੇ ਦੇ ਆਧਾਰ ਤੇ ਲਿਖੇ ਹਨ ਤੇ ਪੂਰਬ ਵਾਲੇ ਆਪ ਜਾਣਦੇ ਹੋਏ ਵੀ ਇਸ ਵਿਸ਼ੇ ਨੂੰ ਸਮਝਾਉਣ ਤੋਂ ਅਸਮਰਥ ਹਨ।

---

੧- ਪਉੜੀ ੩੭, ਜਪੁਜੀ, ਆਦਿ ਗ੍ਰੰਥ, ਪੰਨਾ ੮

੨- ਉਹੀ।

੩- ਜਿਸ ਅਵਸਥਾ ਨੂੰ ਗੁਰੂ ਨਾਨਕ ਦੇਵ ਜੀ ਨੇ ਸਚ ਖੰਡ ਦਾ ਨਾਂ ਦਿਤਾ ਹੈ, ਉਸ ਨੂੰ ਸੂਫੀ ਆਲਿਮ-ਇ-ਹਾਹੂਤ ਕਹਿੰਦੇ ਹਨ, ਬੋਧੀ ਸੁੰਨਿਆਤ ਕਹਿੰਦੇ ਹਨ; ਏਕਹਾਰਟ ਇਸ ਮੰਜ਼ਲ ਨੂੰ ਇਲਹਾਮ ( Intuition ) ਆਖਦਾ ਹੈ ਅਤੇ ਪਲਾਟੀਨਸ ਇਸ ਨੂੰ Yonder ਆਖਦਾ ਹੈ।

ਤੁਰੀਆ ਅਵਸਥਾ, ਨਿਰਵਾਣ ਪਦ, ਸਹਜ ਅਵਸਥਾ, ਅਗੰਮਪੁਰਾ, ਬੇਗ਼ਮਪੁਰਾ ਵੀ ਇਸ ਅਵਸਥਾ ਦੇ ਕੁਝ ਹੋਰ ਨਾਂ ਹਨ।

੪- Mysticism, F.C.Happold, p.41.

ਨਿਕਲਸਨ ਅਨੁਸਾਰ ਸੂਫ਼ੀਵਾਦ ਤੇ ਤਸੱਵੁਫ਼ ਦੇ ਗਿਆਨ ਦਾ ਬਿਆਨ ਤੋਂ ਬਾਹਰਾ ਹੋਣਾ ਇਹ ਦਸਦਾ ਹੈ ਕਿ ਰਹੱਸਵਾਦ ਨੂੰ ਨ ਤਾਂ ਸਮਝਾਇਆ ਹੀ ਜਾ ਸਕਦਾ ਹੈ ਤੇ ਨ ਕਥਿਆ ਜਾ ਸਕਦਾ ਹੈ।[੧]

ਪਲੈਟੋ ਇਸ ਬਾਰੇ ਆਪਣੀ ਅਨਜਾਣਤਾ ਪ੍ਰਗਟ ਕਰਦਾ ਹੈ- ਮੈਂ ਇਸ ਵਿਸ਼ੇ ਬਾਰੇ ਕੁਝ ਨਹੀਂ ਲਿਖਿਆ ਤੇ ਨਾ ਹੀ ਇਸ ਬਾਰੇ ਕਦੀ ਲਿਖ ਸਕਾਂਗਾ ਕਿਉਂਕਿ ਇਸ ਵਿਸ਼ੇ ਨੂੰ ਬਾਕੀ ਵਿਸ਼ਿਆਂ ਵਾਂਗ ਬਿਆਨ ਨਹੀਂ ਕੀਤਾ ਜਾ ਸਕਦਾ।----ਪਰ ਜੇ ਕਿਤੇ (ਸੁਭਾਗਵਸ) ਮੈਂ ਇਸ ਬਾਰੇ ਕੁਝ ਲਿਖ ਸਕਾਂ ਤਾਂ ਮੈਂ ਸਮਝਾਂਗਾ ਕਿ ਮੈਂ ਆਪਣੇ ਸਾਰੇ ਜੀਵਨ ਵਿਚ ਮਨੁੱਖਤਾ ਲਈ ਕੋਈ ਕੰਮ ਸੰਵਾਰਿਆ ਹੈ।[੨]

ਇਕ ਈਸਾਈ ਰਹੱਸਵਾਦੀ ਇਸ ਬਾਰੇ ਆਪਣੀ ਅਸਮਰਥਾ ਇਉਂ ਜ਼ਾਹਰ ਕਰਦੀ ਹੈ- ਕੋਈ ਵੀ ਭਾਸ਼ਾ ਆਤਮਾ ਤੇ ਪਰਮਾਤਮਾ ਦੇ ਮੇਲ ਦੀ ਰਮਜ਼ ਨੂੰ ਬਿਆਨਣ ਦੇ ਸਮਰਥ ਨਹੀਂ।[੩]

ਇਸੇ ਤਜਰਬੇ ਵਿਚ ਅਸਫਲਤਾ ਦੀ ਕਹਾਣੀ ਇਕ ਹੋਰ ਵਿਦਵਾਨ ਨੇ ਦਸੀ ਹੈ- ਜੇ ਕਿਸੇ ਨੇ ਰੱਬ ਦੇਖਿਆ ਹੈ ਤੇ ਉਹ ਸਮਝ-ਸਮਝਾ ਵੀ ਸਕਦਾ ਹੈ, ਤਦ ਉਸ ਨੇ ਰੱਬ ਨੂੰ ਨਹੀਂ ਤੱਕਿਆ; ਰੱਬ ਨਾਲ ਸਬੰਧਤ ਸ਼ੈ ਨੂੰ ਭਾਵੇਂ ਤੱਕਿਆ ਹੋਵੇ।[੪]

*****
***
*

---

੧- Mystics of Islam, Nicholoson, p.9.

੨-ਹਵਾਲਾ:- Mysticism in the Upanishads, Bankey Behari, p.53-54.

੩-ਹਵਾਲਾ:- As above, p.54.

੪- ਹਵਾਲਾ:- As above, p.54.

## ਕਾਂਡ ੨

## ਗੁਰੂ ਅਰਜਨ ਦੇਵ ਜੀ ਤੋਂ ਪਹਿਲਾਂ ਦੇ ਭਾਰਤੀ ਤੇ ਪੰਜਾਬੀ ਸਾਹਿੱਤ ਵਿਚ ਰਹੱਸਵਾਦ ਦਾ ਸਰੂਪ

ਭਾਰਤ ਵਿਚ ਰਹੱਸਵਾਦ ਦਾ ਆਰੰਭ ਤਾਂ ਪੁਰਾਤਨਤਾ ਦੀ ਧੁੰਦ ਵਿਚ ਗੁਆਚ ਜਾਂਦਾ ਹੈ।[1] ਪਰ ਇਸ ਦਾ ਜੋ ਸਰੂਪ ੧੫ਵੀਂ,੧੬ਵੀਂ ਸਦੀ ਵਿਚ ਸਿਖਰਾਂ ਤੇ ਸੀ, ਉਸ ਦਾ ਆਰੰਭ ਵੇਦਾਂ ਤੋਂ ਹੀ ਹੋ ਚੁਕਾ ਸੀ। ਬੇਸ਼ਕ ਵੇਦਾਂ ਵਿਚ ਇਕ-ਈਸ਼ੁਰਵਾਦ ਦੀ ਥਾਂ ਅਨੇਕ-ਈਸ਼ੁਰਵਾਦ ਚਲ ਰਿਹਾ ਸੀ, ਪਰ ਫੇਰ ਵੀ ਚਾਰੇ ਹੀ ਵੇਦ ਕਿਸੇ ਇਕ ਰਹੱਸਮਈ ਸ਼ਕਤੀ ਬਾਰੇ ਸਰਬਸੰਮਤੀ ਜ਼ਰੂਰ ਰਖਦੇ ਸਨ।

### ਵੈਦਿਕ ਰਹੱਸਵਾਦ:-

ਰਹੱਸਵਾਦ ਦਾ ਜੋ ਵਿਕਸਿਆ ਹੋਇਆ ਰੂਪ ਮੱਧ ਕਾਲ ਵਿਚ ਦੇਖਦੇ ਹਾਂ, ਉਸ ਦਾ ਸੰਪੂਰਨ ਸਰੂਪ ਵੇਦਾਂ ਦੇ ਜ਼ਮਾਨੇ ਵਿਚੋਂ ਲਭਣਾ ਜਾਇਜ਼ ਨਹੀਂ, ਪਰ ਫੇਰ ਵੀ ਇਹ ਤਾਂ ਦਾਅਵੇ ਨਾਲ ਕਿਹਾ ਜਾ ਸਕਦਾ ਹੈ ਕਿ ਰਹੱਸਵਾਦ ਨੇ ਜਿਹੋ ਜਿਹਾ ਰੂਪ ਧਾਰਿਆ, ਇਸ ਦੀਆਂ ਨੀਂਹਾਂ ਵੇਦਾਂ ਵਿਚ ਰਖੀਆਂ ਜਾ ਚੁੱਕੀਆਂ ਸਨ। ਖ਼ਾਸ ਕਰਕੇ ਰਿਗ ਵੇਦ ਇਸ ਗਲ ਦੀ ਗਵਾਹੀ ਭਰਦਾ ਹੈ। ਰਿਗ ਵੇਦ ਵਿਚ ਉਸ ਪਰਮਾਤਮਾ ਸਬੰਧੀ ਜਿਸ ਦਾ ਭੇਤ ਨਹੀਂ ਪਾਇਆ ਜਾ ਸਕਦਾ, ਬੜੇ ਰਹੱਸਮਈ ਸ਼ਬਦਾਂ ਵਿਚ ਜ਼ਿਕਰ ਹੈ-'ਉਸ ਦੇ ਹਜ਼ਾਰਾਂ ਹੀ ਨਾਮ ਹਨ, ਉਸ ਦੀਆਂ ਹਜ਼ਾਰਾਂ ਹੀ ਅੱਖਾਂ ਹਨ, ਹਜ਼ਾਰਾਂ ਹੀ ਪਾਣੀ ਹਨ, ਜਿਨ੍ਹਾਂ ਨਾਲ ਉਸ ਨੇ ਧਰਤੀ ਨੂੰ ਚਾਰ ਚੁਫੇਰਿਓਂ ਘੇਰ ਰਖਿਆ ਹੈ----।'[2]

ਵਾਸਤਵਿਕਤਾ ਤਾਂ ਇਹ ਹੈ ਕਿ ਵੇਦਾਂ ਵਿਚ ਸਾਨੂੰ ਭਗਤੀ ਦੇ ਅਨੇਕਾਂ ਅੰਗਾਂ- ਉਪ ਅੰਗਾਂ ਦੇ ਸੁੰਦਰ ਉਦਾਹਰਣ ਮਿਲਦੇ ਹਨ, ਜਿਵੇਂ ਆਤਮ ਨਿਵੇਦਨ ਜਾਂ ਸ਼ਰਣਗਤੀ ਅਤੇ ਇਸ ਦੇ ਅੰਗ ਅਰਥਾਤ ਅਨੁਕੂਲ ਦਾ ਸੰਕਲਪ, ਪ੍ਰਤੀਕੂਲ ਦਾ ਤਿਆਗ, ਗੋਪ੍ਰਤਵਵਰਣ, ਰਖਿਆ ਦਾ ਵਿਸ਼ਵਾਸ, ਆਤਮ ਸਮਰਪਣ, ਕਾਰਪਣਯ,ਮਾਨਮਰਸ਼ਣ, ਭੇਦਰਸ਼ਨ, ਭਰਤਸਨਾ, ਵਿਚਾਰਣਾ ਆਦਿ। ਨਾਰਦ ਵਰਣਿਤ ਭਗਤੀ ਦੀਆਂ ਗਿਆਰਾਂ ਸ਼ਕਤੀਆਂ- ਅਰਥਾਤ ਗੁਣਮਹਾਤਮ, ਰੂਪਾ, ਪੂਜਾ, ਸਿਮਰਣ, ਦਾਸ, ਸਖਾ, ਕਾਂਤਾ, ਵਾਤਸਲ, ਆਤਮ ਨਿਵੇਦਨ, ਤਨਮਈਅਤਾ ਤੇ ਪਰਮ-ਵਿਰਹਾ ਸ਼ਕਤੀ ਆਦਿ। ਇਸ ਤੋਂ ਛੁੱਟ ਭਗਤੀ ਦੇ ਸਾਧਨਾਂ- ਸਤਿਸੰਗ, ਸ਼ਰਧਾ, ਨਾਮ , ਜਪ ਤੇ ਕੀਰਤਨ, ਉਸਤਤ

---

੧- Mysticism in the Upanishads, Bankey Behari, p.5.

੨- ਰਿਗਵੇਦ, ੧੦-੯੦

ਤੇ ਪ੍ਰਾਰਥਨਾ ਅਤੇ ਪਰਾ ਭਗਤੀ ਦੇ ਭਾਵਾਂ ਤੱਕ ਦਾ ਪ੍ਰਗਟਾਵਾ ਸਾਨੂੰ ਵੇਦਾਂ ਵਿਚੋਂ ਦ੍ਰਿਸ਼ਟੀਗਤ ਹੁੰਦਾ ਹੈ।[1]

ਵੈਦਿਕ ਰਹੱਸਵਾਦ ਵਿਚ ਇਕ ਹੀ ਪੱਖ ਤੇ ਜ਼ਿਆਦਾ ਜ਼ੋਰ ਦਿੱਤਾ ਗਿਆ ਕਿ ਆਤਮਾ ਬ੍ਰਹਮ ਨਾਲ ਕਿਵੇਂ ਸੰਜੋਗ ਕਰ ਸਕਦੀ ਹੈ। ਇਸ ਸੰਜੋਗ ਲਈ ਸਾਧਨ ਵਰਤੇ ਗਏ- ਹਵਨ, ਯਗ ਤੇ ਕੁਰਬਾਨੀਆਂ। ਇਨ੍ਹਾਂ ਸਾਧਨਾਂ ਦੁਆਰਾ ਜੀਵ ਨੂੰ ਸ਼ਾਂਤੀ ਅਤੇ ਸਭ ਪ੍ਰਕਾਰ ਦੇ ਸੁਖ ਮਿਲ ਸਕਦੇ ਸਨ। ਵੇਦ ਗਿਣਤੀ ਵਿਚ ਚਾਰ ਹਨ— ਰਿਗ ਵੇਦ, ਯਜੁਰ ਵੇਦ, ਸ਼ਾਮ ਵੇਦ ਤੇ ਅਥਰਵ ਵੇਦ। ਸਾਰੇ ਵੇਦਾਂ ਦੇ ਚਾਰ ਭਾਗ ਹਨ— ਮੰਤ੍ਰ, ਬ੍ਰਾਹਮਣ, ਅਰਣਯਕ ਤੇ ਉਪਨਿਸ਼ਦ।

੧- ਮੰਤ੍ਰ ਤੇ ) ਕਰਮ ਕਾਂਡ
੨- ਬ੍ਰਾਹਮਣ ਭਾਗ)
੩- ਅਰਣਯਕ-ਉਪਾਸਨਾ ਕਾਂਡ
੪- ਉਪਨਿਸ਼ਦ-ਗਿਆਨ ਕਾਂਡ

ਯੋਗ ਸਾਧਨਾ ਭਾਰਤ ਦੀ ਅਤਿ ਪ੍ਰਾਚੀਨ ਸਾਧਨਾ ਹੈ। ਜਿਸ ਦੇ ਬੀਜ ਰਿਗ ਵੇਦ ਵਿਚ ਮਿਲਦੇ ਹਨ। ਰਿਗ ਵੇਦ ਦੇ ਮੰਡਲ ੬, ਸੂਕਤ ੧੮, ਮੰਤਰ ੭ ਵਿਚ ਯੋਗ ਦਾ ਸਪਸ਼ਟ ਵਰਣਨ ਮਿਲਦਾ ਹੈ।[2]

ਯੋਗ ਇਕ ਅੰਤਰਮੁਖੀ ਤੇ ਵਿਅਕਤੀਗਤ ਕਿਰਿਆ ਹੈ ਜਿਸ ਕਰਕੇ ਇਸ ਵਿਚ ਜਟਲਤਾ ਆਉਂਦੀ ਗਈ। ਭਾਵੇਂ ਅਜਿਹੀ ਗੁੰਝਲਦਾਰ ਸਾਧਨਾ ਨੂੰ ਸਾਹਿੱਤ ਵਿਚ ਨਹੀਂ ਆਉਣਾ ਚਾਹੀਦਾ ਸੀ ਤਾਂ ਵੀ ਕੁਝ ਕੁ ਭਾਵਕ ਸਾਧਕਾਂ ਨੇ ਇਸ ਨੂੰ ਸਾਹਿਤ ਵਿਚ ਘਸੀਟ ਹੀ ਲਿਆਂਦਾ। ਭਾਰਤ ਵਿਚ ਇਹ ਅੰਤਰਮੁਖੀ ਰਹੱਸਵਾਦ ਕਈ ਧਾਰਾਵਾਂ ਵਿਚ ਪਰਗਟ ਹੋਇਆ, ਜਿਨ੍ਹਾਂ ਵਿਚੋਂ ਇਹ ਦੋ ਵਰਣਨ ਯੋਗ ਹਨ:-

੧- ਤਾਂਤ੍ਰਿਕ ਧਾਰਾ
੨- ਨਾਥ ਪੰਥ

੧- <u>ਤਾਂਤ੍ਰਿਕ ਧਾਰਾ</u>

ਤਾਂਤ੍ਰਿਕ ਰਹੱਸਵਾਦ ਉਸ ਨੂੰ ਕਹਿੰਦੇ ਹਨ ਜਿਸ ਦਾ ਸਬੰਧ ਦੂਨਿਆਂ ਨਾਲ ਹੋਵੇ। ਇਸ ਵਿਚ ਸ਼ਕਤੀ ਦੀ ਉਪਾਸ਼ਨਾ ਪ੍ਰਧਾਨ ਹੈ। ਇਹ ਵਿਦਿਆ ਸ਼ਿਵ ਦੀ ਰਚਨਾ ਦਸੀ ਜਾਂਦੀ ਹੈ।[3]

ਇਸ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਇਸ ਦਾ ਕਿਰਿਆਵਾਦੀ ਹੋਣਾ ਹੈ-

---

੧- ਗੁਰੂ ਨਾਨਕ ਤੇ ਭਗਤੀ ਅੰਦੋਲਨ, ਡਾ. ਮਨਮੋਹਨ ਸਹਿਗਲ, ਪੰਨਾ ੧੪-੧੫
੨- ਕਬੀਰ ਔਰ ਜਾਇਸੀ( ਹਿੰਦੀ), ਡਾ. ਗੋਬਿੰਦ ਤ੍ਰਿਗੁਣਾਇਤ, ਪੰਨਾ ੩੫
੩- ਮਹਾਨ ਕੋਸ਼, ਪੰਨਾ ੪੫੩

ਭਾਰਤ ਵਿਚ ਸੁਕਿਰਿਆ ਰਹੱਸਵਾਦ ਦਾ ਵਿਕਾਸ ਵੈਸ਼ਨਵਵਾਦ ਅਤੇ ਤੰਤਰਵਾਦ ਦੇ ਸਮੇਂ ਹੋਇਆ। ਦੋਹਾਂ ਵਿਚ ਦਾਰਸ਼ਨਕ ਢੰਗ ਨਾਲ ਪਰਮ ਸੱਤਾ ਤੱਕ ਪਹੁੰਚਣ ਦੀ ਚੇਸ਼ਟਾ ਹੈ। ਭਾਵੇਂ ਇਨ੍ਹਾਂ ਦੋਹਾਂ ਦੇ ਦਾਰਸ਼ਨਕ ਵਿਚਾਰ ਵੱਖ ਵੱਖ ਹਨ, ਫਿਰ ਵੀ ਇਹ ਦੋਵੇਂ ਹੀ ਪਿੰਡ ਤੇ ਬ੍ਰਹਿਮੰਡ ਦੀ ਸੁਕਿਰਿਆ ਸਾਧਨਾ ਵਿਚ ਵਿਸ਼ਵਾਸ ਰਖਦੇ ਹਨ।[1]

ਰਹੱਸਵਾਦੀ ਆਪਣੀ ਉਚਤਮ ਅਵਸਥਾ ਵਿਚ ਵਿਸਤ੍ਰਿਤ ਰੂਪ ਧਾਰਨ ਕਰਦਾ ਹੈ ਅਤੇ ਉਸ ਦੇ ਲਈ ਸੰਜਮ ਦੀ ਜ਼ਰੂਰਤ ਪੈਂਦੀ ਹੈ। ਸਭ ਤੋਂ ਪਹਿਲਾਂ ਵੈਰਾਗ ਦੀ ਲੋੜ ਪਈ। ਬਿਨ੍ਹਾਂ ਵੈਰਾਗ ਧਾਰਨ ਕੀਤਿਆਂ ਰਹੱਸਲੋਕ ਵਿਚ ਦਾਖਲ ਹੋ ਸਕਣਾ ਉਵੇਂ ਹੀ ਅਸੰਭਵ ਹੈ, ਜਿਵੇਂ ਸਰੀਰਕ ਕਸਰਤ ਕੀਤੇ ਬਿਨ੍ਹਾਂ ਕਿਸੇ ਦਾ ਖਿਲਾੜੀ ਅਖਵਾ ਲੈਣਾ।[2]

ਇਹ ਸਰੀਰਕ ਕਸਰਤ ਯੋਗ ਹੀ ਤਾਂ ਹੈ। ਜਿਸ ਵਿਚ ਪਹਿਲਾਂ ਸੰਜਮ, ਨਿਯਮ ਪੂਰਵਕ ਜੀਵਨ ਤੇ ਫਿਰ ਵੈਰਾਗ ਦੀ ਸਖ਼ਤ ਲੋੜ ਪੈਂਦੀ ਹੈ। ਸੰਜਮ ਦੇ ਨਿਯਮਾਂ ਦੇ ਜ਼ੋਰ ਦੇਣ ਦੇ ਨਾਲ ਹੀ ਜੀਵ ਦੇ ਪੰਜ ਵੈਰੀਆਂ- ਮਦ, ਮਾਸ, ਮਛੀ, ਮੈਥੁਨ(ਨਾਰ-ਪੁਰਸ਼ ਸੰਜੋਗ), ਮੁਦਰਾ- ਦੀ ਨਿਖੇਧੀ ਕੀਤੀ ਹੈ। ਜੋ ਅਸਭਿਅ ਪੁਰਸ਼ ਮਦਰਾ ਪੀਣੀ ਚਾਹੁੰਦਾ ਹੈ, ਜੋ ਬੁਰੇ ਕੰਮਾਂ ਵਿਚ ਰੁਚੀ ਰਖਦਾ ਹੈ ਤੇ ਆਪਣੇ ਸੁਆਦ ਲਈ ਪਸ਼ੂ ਪੁਣੇ ਦੀ ਹੱਦ ਤੱਕ ਹਿੰਸਾ ਕਰਦਾ ਹੈ, ਉਹ ਨਰਕ ਦਾ ਭਾਗੀ ਬਣਦਾ ਹੈ।[3]

ਤੰਤਰਾਂ ਅਨੁਸਾਰ ਜੀਵ ਪਸ਼ੂ ਹੈ ਤੇ ਸੰਸਾਰ ਦੇ ਫੰਦੇ ਵਿਚ ਫਸਿਆ ਹੋਇਆ ਹੈ। ਉਸ ਨੇ ਸ਼ਿਵ ਬਣਨਾ ਹੈ, ਸ਼ਿਵ ਬਣਨ ਲਈ ਉਸ ਨੇ ਪ੍ਰਵਿਰਤੀ ਮਾਰਗ ਅਪਨਾਉਣਾ ਹੈ। ਇਹ ਤਦੇ ਹੀ ਹੋ ਸਕਦਾ ਹੈ ਜਦ ਬਾਹਰੀ ਵਾਸ਼ਨਾਵਾਂ ਉਦੱਾਤੀ ਕਰਨ ਹੋ ਕੇ ਅੰਤਰਮੁਖੀ ਹੋ ਜਾਣ। ਫੇਰ ਜੀਵ ਲਈ 'ਬ੍ਰਹਮ ਏਕ ਹੈ' ਦਾ ਰਸਤਾ ਖੁਲ੍ਹ ਜਾਂਦਾ ਹੈ।

੨- <u>ਨਾਥ ਪੰਥ</u>

ਕਈ ਲੋਕ ਨਾਥ ਪਰੰਪਰਾ ਨੂੰ ਵੀ ਤਾਂਤ੍ਰਿਕ ਧਾਰਾ ਵਿਚ ਗਿਣ ਲੈਂਦੇ ਹਨ। ਪਰ ਅਸਲ ਵਿਚ ਇਹ ਸ਼ਿਵ ਤੇ ਤੰਤਰਾਂ ਦੀ ਸਾਧਨਾ ਦੇ ਸੁਮਿਸ਼ਰਣ ਤੋਂ ਤਿਆਰ ਹੋਇਆ ਨਵਾਂ ਸਾਧਨਾ ਪਰਧਾਨ ਪੰਥ ਹੈ।[4]

ਨਾਥ ਪੰਥ ਨੂੰ ਹਠ ਯੋਗ ਦਾ ਨਾਮ ਵੀ ਦਿੱਤਾ ਗਿਆ ਹੈ। ਹਠ ਯੋਗ ਦੇ ਸ਼ਬਦੀ ਅਰਥ ਇਉਂ ਹਨ- 'ਹ' ਦਾ ਭਾਵ ਹੈ-ਸੂਰਜ ਤੇ 'ਠ' ਦਾ ਭਾਵ ਹੈ-ਚੰਦਰਮਾਂ। ਇਵੇਂ ਸੂਰਜ ਤੇ ਚੰਨ ਦੇ ਯੋਗ ਲਈ ਜੋ ਸਾਧਨਾ ਕੀਤੀ ਜਾਂਦੀ ਹੈ, ਉਸੇ ਨੂੰ ਹੀ ਹਠ ਯੋਗ ਕਿਹਾ ਜਾਂਦਾ ਹੈ। ਹਠ ਯੋਗੀਆਂ ਦੇ ਸਿਖ਼ਰ ਦਾ ਸਮਾਂ ਲਗ ਪਗ ੭੬੦ ਤੋਂ ਲੈ ਕੇ

---

੧- ਹਵਾਲਾ:-Tantras,Their Philosophy and Accult Secrets, D.N.Bose, p.105

੨- ਹਵਾਲਾ:-As above, p.109.

੩- Principles of Tantras, Woodroffe, p.428.

੪- ਕਬੀਰ ਔਰ ਜਾਇਸੀ(ਹਿੰਦੀ),ਡਾ.ਗੋਬਿੰਦ ਤ੍ਰਿਗੁਣਾਇਤ,ਪੰਨਾ ੪੮

੧੦੦੦ ਈਸਵੀ ਤੱਕ ਦਾ ਹੈ।[1]

ਸਾਧਕ ਦੀ ਜਿਸ ਅਵਰਣਨ ਯੋਗ ਅਨੰਦ ਵਿਚ ਮੁਕਤੀ ਹੁੰਦੀ ਹੈ, ਉਸ ਨੂੰ ਸਰਹਪਾ, 'ਮਹਾਸੁਖ' ਅਤੇ 'ਸਹਿਜ ਅੰਮ੍ਰਿਤ' ਕਹਿੰਦਾ ਹੈ। ਸਿਧ ਰਹੱਸਵਾਦੀ ਜ਼ਿਆਦਾ ਗੂੜ੍ਹ ਗਿਆਨ ਵਿਚ ਨਹੀਂ ਉਲਝਦੇ, ਇਨ੍ਹਾਂ ਦਾ ਪ੍ਰਮੁਖ ਆਸ਼ਾ ਅਸਲੇ ਨੂੰ ਪਾਣਾ ਹੈ, ਜੇ ਉਹ ਪਤਾ ਲਗ ਜਾਵੇ ਤਾਂ ਹੋਰ ਕੋਈ ਤ੍ਰਿਸ਼ਨਾ ਨਹੀਂ ਰਹਿੰਦੀ। ਭਾਵੇਂ ਸਿਧ ਅਸਲੀਅਤ ਨੂੰ ਸਰੀਰਕ ਸਾਧਨਾਂ ਰਾਹੀਂ ਹੀ ਪਾਉਂਦੇ ਹਨ, ਪਰ ਸਤਿਗੁਰੂ ਦੀ ਜ਼ਰੂਰਤ ਫੇਰ ਵੀ ਦਿਸਦੀ ਹੈ-

ਲੇ ਚਲ ਡੋਂਬੀ ਲੇ ਚਲ ਡੋਂਬੀ ਬਾਟ ਔਝਾਰਾ।
ਸਦਗੁਰੂ ਪਾਦ ਪ੍ਰਸਾਦੇ ਜਾਏਬ ਪੁਨ ਜਿਨ ਪੁਰਾ।— ਡੋਂਬੀਪਾ

ਭਾਵ ਵਾਟ ਬੇਸ਼ੁਕ ਔਖੀ ਹੈ, ਮਨ ਨੂੰ ਸਾਰੇ ਪਾਸੇ ਤੋਂ ਹਟਕਾਂ ਵੀ ਪੈਂਦੀਆਂ ਹਨ, ਪੰਜੇ ਵਿਕਾਰ ਵੀ ਆਪਣੀ ਵਾਹ ਲਾ ਰਹੇ ਹਨ, ਪਰ ਮਨਾਂ ਤੂੰ ਤੁਰਿਆ ਚਲ, ਸਤਿਗੁਰੂ ਦੀ ਮਿਹਰ ਨਾਲ ਪਾਰ ਜਾ ਲਗੇਂਗਾ।

ਸਹਜ ਮਾਰਗ ਦੇ ਸਬੰਧ ਵਿਚ ਕਣਹਪਾ ਇਉਂ ਦਸਦੇ ਹਨ:-

ਸਹਜੇ ਨਿਸਚਲ ਜੇਹਿੰ ਕਿਏ ਸਮ ਰਸ ਨਿਜ ਮਨ ਰਾਗ।
ਸਿਧਾ ਸੋ ਪੁਨਿ ਤਤਖਣਿ ਨ ਜਰਾ ਮਰਣਹ ਭਾਗ।

ਭਾਵ ਜਿਸ ਨੇ ਆਪਣਾ ਮਨ ਸਹਜ ਵਿਚ ਸਮਾ ਦਿੱਤਾ ਹੈ, ਉਹ ਸਿਧ ਹੈ, ਉਸ ਨੂੰ ਜਨਮ ਮਰਨ ਦੀ ਕੋਈ ਚਿੰਤਾ ਨਹੀਂ ਸਤਾ ਸਕਦੀ।

ਸਿਧ ਰਹੱਸਵਾਦੀ ਧਾਰਾ ੧੦੦੦ ਈ. ਤੱਕ ਬੜੇ ਜੋਸ਼ ਨਾਲ ਚਲਦੀ ਰਹੀ। ਤਿਲੋਪਾ ਆਦਿ ਦੀਆਂ ਰਚਨਾਵਾਂ ਇਸ ਕਥਨ ਦੀ ਪੁਸ਼ਟੀ ਕਰਦੀਆਂ ਹਨ। ੧੧ਵੀਂ ਸਦੀ ਵਿਚ ਇਹੋ ਹੀ ਸਿਧਾਂ ਦਾ ਪੰਥ ਨਾਥ ਪੰਥ ਦੇ ਨਾਂ ਵਿਚ ਬਦਲ ਗਿਆ। ਨਿਯਮ ਤੇ ਕਿਰਿਆਵਾਂ ਵਿਚ ਕੋਈ ਤਬਦੀਲੀ ਨਹੀਂ ਆਈ। ਇਨ੍ਹਾਂ ਸਾਰੇ ਸਾਧਕਾਂ ਦੇ ਨਾਵਾਂ ਨਾਲ ਨਾਥ ਸ਼ਬਦ ਦੀ ਵਰਤੋਂ ਹੁੰਦੀ ਸੀ, ਇਸ ਕਰਕੇ ਇਸ ਪੰਥ ਦਾ ਨਾਂ ਹੀ ਨਾਥ ਪੰਥ[2] ਪ੍ਰਸਿਧ ਹੋ ਗਿਆ। ਗੋਰਖ ਨਾਥ ਇਸ ਕਾਲ ਦਾ ਪ੍ਰਤੀਨਿਧ ਕਵੀ ਹੈ। ਇਸ ਪੰਥ ਵਿਚ ਜਾਤ ਪਾਤ ਦਾ ਕੋਈ ਭੇਦ ਭਾਵ ਨਹੀਂ ਸੀ। ਇਸ ਕਰਕੇ ਹਿੰਦੂ ਮੁਸਲਮਾਨਾਂ ਦੁਹਾਂ ਲਈ ਅਪਨਾਉਣਾ ਸੌਖਾ ਸੀ। ਨਾਥ ਪੰਥੀਏ ਨਿਰਗੁਣ ਬ੍ਰਹਮ ਦੇ ਗੁਣ ਗਾਉਂਦੇ ਹਨ।

---

੧- ਪ੍ਰਸਿਧ ਸਿਧਾਂ ਦੇ ਨਾਂ ਇਹ ਹਨ-ਸਰਹਪਾ-੭੬੦ਈ., ਸ਼ਬਰਪਾ-੭੮੦ਈ., ਮੁਸ਼ਕਪਾ-੮੦੦ਈ., ਲੂਈਪਾ-੮੩੦ਈ., ਵਿਰੂਪਾ, ਡੋਂਬੀਪਾ, ਮੀਡਰੀਪਾ, ਕਕਰੀਪਾ, ਮਮਰਿਪਾ ਤੇ ਕਣਹਪਾ-੮੪੦ਈ., ਟੈਂਟਨਪਾ-੮੫੦ਈ., ਮਹੀਪਾ, ਮਾਦੇਪਾ ਤੇ ਧਾਮਪਾ-੮੭੦ਈ., ਤਿਲੋਪਾ-੯੫੦ਈ., ਸ਼ਾਤੀਪਾ-੧੦੦੦ਈ. ਆਦਿ।

੨- ਇਕ ਤਰ੍ਹਾਂ ਦੇ ਜੋਗੀ, ਜਿਨ੍ਹਾਂ ਦੇ ਕੰਨਾਂ ਵਿਚ ਮੁੰਦਰਾਂ ਹੁੰਦੀਆਂ ਹਨ। ਇਹ ਗੋਰਖ ਨਾਥ ਨੂੰ ਮੰਨਦੇ ਹਨ। ਨਾਥ ਦਾ ਸ਼ਬਦੀ ਅਰਥ ਹੈ-ਸੁਆਮੀ ਜਾਂ ਮਾਲਕ।

ਉਪਨਿਸ਼ਦਾਂ ਵਿਚ ਰਹੱਸਵਾਦ:-

ਜੋ ਰਹੱਸਵਾਦ ਵੈਦਿਕ ਕਾਲ ਵਿਚ ਨਿਮਿਆ, ਉਹ ਉਪਨਿਸ਼ਦਕ ਕਾਲ ਵਿਚ ਉਗਣ ਦੀਆਂ ਤਿਆਰੀਆਂ ਕਰ ਰਿਹਾ ਸੀ। ਉਪਨਿਸ਼ਦਾਂ ਦਾ ਸਮਾਂ ੧੦੦੦ਈ. ਪੂਰਬ ਤੋਂ ੬੦੦ ਈ.ਪੂਰਬ ਦਸਿਆ ਜਾਂਦਾ ਹੈ।

ਉਪਨਿਸ਼ਦਾਂ ਭਾਰਤ ਦੀਆਂ ਪ੍ਰਸਿਧ ਰਚਨਾਵਾਂ ਹਨ। ਇਹ ਗਿਣਤੀ ਵਿਚ ਕਿੰਨੀਆਂ ਹਨ, ਇਸ ਬਾਰੇ ਵਿਦਵਾਨਾਂ ਦੇ ਭਿੰਨ ਭਿੰਨ ਵਿਚਾਰ ਹਨ। ਕੋਈ ਵਿਦ- -ਵਾਨ ਇਨ੍ਹਾਂ ਦੀ ਗਿਣਤੀ ੧੭੦ ਤੱਕ ਦਸ ਦੇਂਦਾ ਹੈ ਤੇ ਕੋਈ ਕੇਵਲ ੧੦ ਹੀ।[੧] ੧੦ ਮੁਖ ਉਪਨਿਸ਼ਦਾਂ ਦੇ ਨਾਂ ਇਹ ਹਨ— ਈਸ਼, ਕੇਨ, ਕਠ, ਪ੍ਰਸ਼ਨ, ਮੁੰਡਕ,ਮਾਂਡੂਕਯ, ਤੈਤਿਰੀਯ, ਐਤਰੇਯ, ਛਾਂਦੋਗਯ ਤੇ ਬ੍ਰਿਹਦਾਰਣਯਕ।

ਵਿਸ਼ਾ ਉਪਨਿਸ਼ਦਾਂ ਵਿਚ ਵੀ ਵੇਦਾਂ ਵਾਲਾ ਹੀ ਸਾਹਮਣੇ ਆਇਆ ਕਿ ਆਤਮਾ ਪਰਮਾਤਮਾ ਨਾਲ ਕਿਵੇਂ ਮਿਲ ਸਕੇ। ਪਰ ਉਪਨਿਸ਼ਦਾਂ ਵਿਚ ਸਾਧਨ- ਯਗ ਹਵਨ ਦੀ ਥਾਂ- ਗਿਆਨ ਨੂੰ ਵਰਤਿਆ ਗਿਆ। ਹੁਣ ਆਤਮਾ ਕੀ ਹੈ, ਪਰਮਾਤਮਾ ਕੀ ਹੈ, ਇਸ ਬਾਰੇ ਪੂਰਾ ਗਿਆਨ ਹਾਸਲ ਕਰਕੇ ਇਨ੍ਹਾਂ ਦੇ ਮਿਲਨ ਬਾਰੇ ਸੋਚਿਆ ਜਾਣ ਲਗਾ।

ਗਿਆਨ ਅਥਵਾ ਵਿਦਿਆ ਦੋ ਪ੍ਰਕਾਰ ਦੀ ਹੈ- ਅਪਰਾ ਤੇ ਪਰਾ। ਚਾਰੇ ਵੇਦ ਤੇ ਛੇ ਸ਼ਾਸਤਰ ਅਪਰਾ ਵਿਦਿਆ ਵਿਚ ਸ਼ਾਮਲ ਹਨ ਤੇ ਸਾਰੀ ਬ੍ਰਹਮ ਵਿਦਿਆ ਨੂੰ ਪਰਾ ਵਿਦਿਆ ਵਿਚ ਗਿਣਿਆ ਜਾਂਦਾ ਹੈ।[੨]

ਬ੍ਰਹਮ ਵਿਦਿਆ ਦਾ ਗਿਆਨ ਗੁਰੂ ਦੁਆਰਾ ਹੀ ਹੋ ਸਕਦਾ ਹੈ। ਸ਼ਰੁਤੀਆਂ ਵਿਚ ਵੀ ਗੁਰੂ ਦੇ ਜ਼ਰੂਰੀ ਗੁਣਾਂ ਵਲ ਸੰਕੇਤ ਕੀਤਾ ਹੋਇਆ ਮਿਲਦਾ ਹੈ। ਲਿਖਿਆ ਹੈ ਕਿ ਪਵਿਤਰਤਾ ਧਾਰਨ ਕਰਨੀ ਸਾਧਕ ਦਾ ਪਹਿਲਾ ਫਰਜ਼ ਹੈ। ਇਹ ਰਹੱਸ ਵਿਦਿਆ ਸਭ ਲੋਕ ਹਾਸਲ ਨਹੀਂ ਕਰ ਸਕਦੇ। ਬ੍ਰਹਮ ਵਿਦਿਆ ਕੇਵਲ ਉਹੀ ਵਿਅਕਤੀ ਅਥਵਾ ਸ਼ਿਸ਼ ਹਾਸਲ ਕਰ ਸਕਦਾ ਹੈ, ਜੋ ਪਾਪਾਂ ਤੋਂ ਮੁਕਤੀ ਪ੍ਰਾਪਤ ਕਰ ਚੁੱਕਾ ਹੋਵੇ ਤੇ ਜਿਸ ਦਾ ਮਨ ਸ਼ਾਂਤ ਹੋਵੇ।[੩] ਪਰਮਾਤਮਾ ਦਾ ਗਿਆਨ, ਵੇਦ ਅਧਿਅਨ, ਬੁੱਧੀ ਜਾਂ ਗੰਭੀਰ ਸਿਖਿਆ ਨਾਲ ਪ੍ਰਾਪਤ ਨਹੀਂ ਹੋ ਸਕਦਾ, ਕੇਵਲ ਉਨ੍ਹਾਂ ਸੋਭਾਗੇ ਜੀਵਾਂ,ਜਿਨ੍ਹਾਂ ਤੇ ਉਸ ਦੀ ਨਦਰ ਹੁੰਦੀ ਹੈ, ਨੂੰ ਪਰਮਾਤਮਾ ਦੀ ਪਹਿਚਾਨ ਹੋ ਸਕਦੀ ਹੈ; ਹੋਰ ਕਿਸੇ ਨੂੰ ਨਹੀਂ।[੪] ਜੋ ਉਸ ਪਰਮਸੱਤਾ ਪਰਮਾਤਮਾ ਨੂੰ ਪਹਿਚਾਣਦਾ ਹੈ, ਉਹ ਬ੍ਰਹਮ ਸਰੂਪ ਹੋ

---

੧- ਹਵਾਲਾ-ਮਹਾਨ ਕੋਸ਼, ਪੰਨਾ ੧੦
੨- ਕਬੀਰ ਔਰ ਜਾਇਸੀ( ਹਿੰਦੀ)ਡਾ.ਗੋਬਿੰਦ ਤ੍ਰਿਗੁਣਾਇਤ,ਪੰਨਾ ੧੯
੩- ਮੁੰਡਕ ਉਪਨਿਸ਼ਦ, ੩-੧,੫
੪- ਮੁੰਡਕ ਉਪਨਿਸ਼ਦ, ੩-੨,੩

ਜਾਂਦਾ ਹੈ, ਉਹ ਸਰਵ ਪਰੀਵਾਰ ਬ੍ਰਹਮ ਸਰੂਪ ਹੋ ਜਾਂਦਾ ਹੈ, ਉਹ ਹਰਖ ਸੋਗ ਤੋਂ ਨਿਆਰਾ ਹੋ ਜਾਂਦਾ ਹੈ। ਉਹ ਵਾਸ਼ਨਾਵਾਂ ਤੇ ਪੂਰਾ ਕਾਬੂ ਕਰ ਸਕਦਾ ਹੈ ਤੇ ਫਿਰ ਅਮਰ ਪਦ ਪ੍ਰਾਪਤ ਕਰਦਾ ਹੈ।[1] ਬ੍ਰਹਮ ਆਤਮਾ ਹੈ ਤੇ ਆਤਮਾ ਬ੍ਰਹਮ ਹੈ, ਇਸ ਕਥਨ ਦੀ ਪਕੀ ਗਵਾਹੀ ਸਾਨੂੰ ਉਪਨਿਸ਼ਦਾਂ ਵਿਚੋਂ ਮਿਲ ਜਾਂਦੀ ਹੈ।[2]

ਤੈਤਿਰੀਯ ਤੇ ਬ੍ਰਿਹਦਾਰਣਯਕ ਉਪਨਿਸ਼ਦਾਂ ਵਿਚ ਬ੍ਰਹਮ ਨੂੰ ਪਰਮ ਅਨੰਦ ਦਾ ਆਧਾਰ ਮੰਨਿਆ ਹੈ। ਸ੍ਰੀ ਮਹਿੰਦਰ ਨਾਥ ਸਰਕਾਰ ਉਪਨਿਸ਼ਦਾਂ ਨੂੰ ਅਜਿਹੇ ਵਿਕਸਿਤ ਢੰਗ ਨਾਲ ਪ੍ਰਵਾਨ ਕਰਦੇ ਹਨ, ਜੋ ਆਪਣੇ ਤੱਕ ਹੀ ਸੀਮਤ ਹੋਵੇ।[3]

ਰਹੱਸਮਈ ਪਦਵੀ ਤੱਕ ਪਹੁੰਚਣ ਲਈ ਕਈ ਮਾਰਗ ਹਨ, ਜਿਨ੍ਹਾਂ ਵਿਚੋਂ ਤਿੰਨ ਮਾਰਗ ਉਪਨਿਸ਼ਦਾਂ ਵਿਚ ਦਸੇ ਗਏ ਹਨ- ਯਗ, ਦਾਨ ਤੇ ਅਧਿਅਨ। ਭਗਤੀ ਤੇ ਤਪਸਿਆ ਨੂੰ ਅਸੀਂ ਯਗ ਕਹਿ ਸਕਦੇ ਹਾਂ, ਦਾਨ ਨੂੰ ਕਰਮ ਜਾਂ ਜੋਗ ਦਾ ਪ੍ਰਤੀਕ ਸਮਝਿਆ ਜਾ ਸਕਦਾ ਹੈ। ਅਧਿਅਨ ਤੋਂ ਭਾਵ ਹੈ ਗਿਆਨ।[4]

ਬੇਸ਼ਕ ਰਹੱਸਵਾਦੀ ਵਿਚਾਰ ਵੇਦਾਂ ਤੇ ਉਪਨਿਸ਼ਦਾਂ ਦੁਹਾਂ ਵਿਚ ਹੀ ਮਿਲਦੇ ਹਨ, ਪਰ ਫੇਰ ਵੀ ਇਨ੍ਹਾਂ ਵਿਚ ਫਰਕ ਹੈ। ਵੇਦਾਂ ਦਾ ਦ੍ਰਿਸ਼ਟੀਕੋਣ ਅੰਤਰਮੁਖੀ ਹੈ ਤੇ ਉਪਨਿਸ਼ਦਾਂ ਦਾ ਬਾਹਰਮੁਖੀ। ਪਹਿਲਾ ਆਤਮਾ ਦੀਆਂ ਗਹਿਰਾਈਆਂ ਵਿਚ ਬੈਠ ਕੇ ਤਸੱਲੀ ਕਰਦਾ ਹੈ ਤੇ ਦੂਸਰਾ ਪ੍ਰਕਿਰਤੀ ਦੇ ਵਿਅਕਤ ਰੂਪਾਂ ਦੇ ਸਹਾਰੇ। ਵੈਦਿਕ ਤੇ ਉਪਨਿਸ਼ਦਕ ਰਹੱਸਵਾਦ ਦਾ ਕੁਝ ਪ੍ਰਭਾਵ ਪੰਜਾਬੀ ਸਾਹਿੱਤ ਨੇ ਕਬੂਲਿਆ।

## ਬੁੱਧ ਦਾ ਰਹੱਸਵਾਦ:-

ਉਪਨਿਸ਼ਦਾਂ ਤੋਂ ਬਾਦ ਬੁੱਧ ਰਹੱਸਵਾਦ ਦਾ ਨਾਂ ਆਉਂਦਾ ਹੈ। ਮਹਾਤਮਾ ਬੁੱਧ ਨੇ ਸੰਸਾਰ ਨੂੰ ਦੁਖਾਂ ਦਾ ਘਰ ਦਸਿਆ। ਇਸ ਤੋਂ ਛੁਟਕਾਰਾ ਪਾਉਣ ਲਈ ਮੁਕਤੀ ਦੀ ਸਖ਼ਤ ਲੋੜ ਜ਼ਾਹਰ ਕੀਤੀ ਤੇ ਮੁਕਤੀ ਹਾਸਲ ਕਰਨ ਲਈ ਇਕ ਮਧ-ਮਾਰਗ ਦਸਿਆ ਜਿਸ ਦਾ ਨਾਂ ਅਸ਼ਟ-ਮਾਰਗ ਰਖਿਆ। ਇਹ ਮਾਰਗ ਮੁਕਤੀ ਦੇਣ ਦੇ ਨਾਲ ਨਾਲ ਆਚਰਨ ਨੂੰ ਵੀ ਸ਼ੁੱਧ ਕਰਦਾ ਸੀ। ਅਸ਼ਟ-ਮਾਰਗ ਦੇ ਅੱਠ ਅਸੂਲ ਇਹ ਹਨ:-

| | | |
|---|---|---|
| ੧- ਸ਼ੁੱਧ ਵਿਚਾਰ | ੨- ਸ਼ੁੱਧ ਬੋਲ | ੩- ਸ਼ੁੱਧ ਕਰਮ |
| ੪- ਸ਼ੁਧ ਜੀਵਨ | ੫- ਸ਼ੁੱਧ ਯਤਨ | ੬- ਸ਼ੁੱਧ ਗਿਆਨ |
| ੭- ਸ਼ੁੱਧ ਧਿਆਨ | ੮- ਸ਼ੁੱਧ ਵਿਸ਼ਵਾਸ | |

---

੧- ਮੁੰਡਕ ਉਪਨਿਸ਼ਦ, ੩-੨,੯

੨- Indian Philosophy, Dr. S. Radha Krishanan, Vol.I, p.146.

੩- ਵੇਖੋ- Mysticism in Bhagwad Gita, Mahinder Nath Sircar, p.27.

੪-ਕਬੀਰ ਔਰ ਜਾਇਸੀ(ਹਿੰਦੀ), ਡਾ.ਗੋਬਿੰਦ ਤ੍ਰਿਗੁਣਾਇਤ, ਪੰਨਾ ੨੧

ਮਹਾਤਮਾ ਬੁੱਧ ਨੇ ਮਰਨ ਵੇਲੇ ਆਪਣੇ ਸ਼ਿਸ਼ਾਂ ਨੂੰ ਚਾਰ ਉਪਦੇਸ਼ ਦਿੱਤੇ:-

੧- ਇੰਦ੍ਰੀਆਂ ਨੂੰ ਕਾਬੂ ਰਖਣਾ
੨- ਆਪਣੇ ਆਪ ਨੂੰ ਜਗਾਉਣਾ ਅਤੇ ਆਪਣੇ ਆਪ ਦੀ ਪ੍ਰੀਖਿਆ ਕਰਨੀ
੩- ਜਿਵੇਂ ਜਲ ਤੋਂ ਪੈਦਾ ਹੋਇਆ ਚਿੱਕੜ ਜਲ ਨਾਲ ਹੀ ਧੋਤਾ ਜਾਂਦਾ ਹੈ, ਤਿਵੇਂ ਮਨ ਦੇ ਵਿਕਾਰ ਮਨ ਕਰਕੇ ਹੀ ਦੂਰ ਹੁੰਦੇ ਹਨ।
੪- ਜਿਨ੍ਹਾਂ ਦੇ ਵਿਚਾਰ, ਬੋਲ ਤੇ ਕਿਰਿਆ ਪਵਿਤਰ ਹਨ, ਉਨ੍ਹਾਂ ਨਾਲ ਸ਼ਾਂਤੀ ਤੇ ਸੁਖ ਇਉਂ ਰਹਿੰਦੇ ਹਨ, ਜਿਵੇਂ ਸਰੀਰ ਨਾਲ ਪਰਛਾਵਾਂ।

ਅਸ਼ਟ-ਮਾਰਗ ਅਤੇ ਇਹ ਚਾਰ ਉਪਦੇਸ਼ ਬੁੱਧ ਰਹੱਸਵਾਦ ਦੀ ਨੀਂਹ ਮੰਨੇ ਜਾਂਦੇ ਹਨ।

## ਪੁਰਾਣਾਂ ਵਿਚ ਰਹੱਸਵਾਦ:-

ਜਗਤ ਦੀ ਉਤਪੱਤੀ, ਪ੍ਰਲੈ, ਦੇਵਤਾ ਅਤੇ ਪਿੱਤਰਾਂ ਦੀ ਬੰਸਾਵਲੀ, ਮਨੂ ਦੇ ਰਾਜ ਦਾ ਸਮਾਂ ਤੇ ਉਸ ਦਾ ਹਾਲ, ਸੂਰਜ ਤੇ ਚੰਦਰਵੰਸ਼ ਦੀ ਕਥਾ, ਜਿਸ ਵਿਚ ਇਹ ਪੰਜ ਪ੍ਰਸੰਗ ਹੋਣ ਉਹ ਪੁਰਾਣ ਹੈ। ਇਨ੍ਹਾਂ ਦੀ ਗਿਣਤੀ ੧੮ ਹੈ:-

ਵਿਸ਼ਨੂ, ਪਦਮ, ਬ੍ਰਹਮ, ਸ਼ਿਵ, ਭਾਗਵਤ, ਨਾਰਦ, ਮਾਰਕੰਡੇਯ, ਅਗਨਿ, ਬ੍ਰਹਮ ਵੈਵਰਤ, ਲਿੰਗ, ਵਰਾਹ, ਸਕੰਦ, ਵਾਮਨ, ਕੂਰਮ, ਮਤਸਯ, ਗਰੁੜ, ਬ੍ਰਹਮਾਂਡ ਅਤੇ ਭਵਿਸ਼੍ਯ ਪੁਰਾਣ। ਇਨ੍ਹਾਂ ਸਾਰੇ ਪੁਰਾਣਾਂ ਵਿਚ ਕੁਲ ਸਲੋਕਾਂ ਦੀ ਗਿਣਤੀ ਲਗ ਪਗ ਚਾਰ ਲਖ ਦੱਸੀ ਜਾਂਦੀ ਹੈ।[੧]

ਪੁਰਾਣਾਂ ਦੇ ਸਮੇਂ ਵਿਚ ਵੀ ਬ੍ਰਹਮ ਦੀ ਪ੍ਰਾਪਤੀ ਲਈ ਯਤਨ ਕੀਤੇ ਜਾਂਦੇ ਸਨ। ਪਰ ਵੇਦਾਂ ਤੇ ਉਪਨਿਸ਼ਦਾਂ ਨਾਲੋਂ ਵਖਰੇ ਰੂਪ ਵਿਚ। ਹੁਣ ਜੀਵ ਸਰਗੁਣ ਬ੍ਰਹਮ ਦੀ ਭਾਲ ਕਰਦਾ ਸੀ। ਸਾਧਨ ਸਨ-ਦੇਵੀ ਦੇਵਤੇ ਖ਼ਾਸ ਕਰਕੇ-ਸ਼ਿਵ ਜੀ, ਵਿਸ਼ਨੂ ਤੇ ਦੇਵੀ। ਜੀਵ ਸਾਕਾਰ ਤੌਰ ਤੇ ਇਨ੍ਹਾਂ ਦੀ ਮਦਦ ਚਾਹੁੰਦਾ ਸੀ ਤਾਂਕਿ ਭੀੜ ਪੈਣ ਤੇ ਇਨ੍ਹਾਂ ਦੇਵਤਿਆਂ ਨੂੰ ਸਹਾਇਤਾ ਲਈ ਵੰਗਾਰਿਆ ਜਾ ਸਕੇ। ਅਸਲ ਵਿਚ ਜੀਵ ਇੰਨਾ ਕੁ ਦਲੀਲ-ਮਈ ਹੋ ਗਿਆ ਸੀ ਕਿ ਉਹ ਚਾਹੁੰਦਾ ਸੀ ਕਿ ਮੈਂ ਆਪਣੇ ਇਸ਼ਟ ਨੂੰ ਅਖੀਂ ਵੇਖ ਸਕਾਂ, ਸੋ ਉਸ ਨੇ ਦੇਵੀ ਦੇਵਤਿਆਂ ਦਾ ਆਸਰਾ ਲਿਆ।

ਸਿਮਰਨ, ਚਰਨ ਸੇਵਾ ਤੇ ਬੰਦਨਾਂ ਤੋਂ ਇਲਾਵਾ ਦਾਸ ਭਾਵਨਾ ਤੇ ਸਖਾ ਭਾਵਨਾ ਇਸ ਰਹੱਸਵਾਦ ਦੇ ਖ਼ਾਸ ਅੰਗ ਸਨ। ਇਹ ਕਿਹਾ ਜਾ ਸਕਦਾ ਹੈ ਕਿ ਪੁਰਾਣਾਂ ਦੇ ਸਮੇਂ ਵਿਚ ਗਿਆਨ ਯੋਗ ਦੇ ਨਾਲ ਨਾਲ ਕਰਮਯੋਗ ਤੇ ਵੀ ਜ਼ੋਰ ਦਿੱਤਾ ਜਾ ਰਿਹਾ ਸੀ।

---

੧- ਮਹਾਨ ਕੋਸ਼, ਪੰਨਾ ੫੮੩

ਭਗਵਤ ਗੀਤਾ ਵਿਚ ਰਹੱਸਵਾਦ:-

ਗੀਤਾ ਮਹਾਂਭਾਰਤ ਦੇ ਇਕ ਪਰਵ ਦਾ ਪਾਠ ਹੈ, ਜਿਸ ਦੇ ੧੮ਅਧਿਆਇ ਹਨ, ਜਿਨ੍ਹਾਂ ਦੀ ਸਲੋਕ ਸੰਖਿਆ ੭੦੦ ਹੈ। ਭਗਵਾਨ ਕ੍ਰਿਸ਼ਨ ਨੇ ਕੁਰਛੇਤਰ ਦੇ ਮੈਦਾਨ ਵਿਚ ਅਰਜੁਨ ਨੂੰ ਉਪ੍ਰਾਮ ਹੁੰਦਾ ਵੇਖ ਕੇ ਗੀਤਾ ਦਾ ਉਪਦੇਸ਼ ਕੀਤਾ ਹੈ।[੧]

ਭਗਵਤ ਗੀਤਾ ਦੇ ਰਚੇ ਜਾਣ ਸਮੇਂ ਵੀ ਪੁਰਾਣਕ ਰਹੱਸਵਾਦ ਵਾਲਾ ਦ੍ਰਿਸ਼ਟੀਕੋਣ ਹੀ ਪ੍ਰਧਾਨ ਸੀ- ਇਕ ਗਿਆਨ ਯੋਗ ਤੇ ਦੂਸਰਾ ਕਰਮ ਯੋਗ ਦਾ। ਪਹਿਲੇ ਵਿਚ ਆਤਮ-ਉਪਾਸ਼ਨਾ ਤੇ ਜ਼ੋਰ ਦਿੱਤਾ ਜਾਂਦਾ ਸੀ ਤੇ ਦੂਸਰੇ ਵਿਚ ਕਰਮ-ਉਪਾਸਨਾ ਤੇ, ਭਾਵ ਹਰ ਜੀਵ ਅਜਿਹੇ ਕਰਮ ਕਰੇ, ਜਿਨ੍ਹਾਂ ਦੁਆਰਾ ਅੰਤਰਮੁਖੀ ਸੁਖ ਪ੍ਰਾਪਤ ਕਰ ਸਕੇ। ਗੀਤਾ ਵਿਚ ਸ੍ਰੀ ਕ੍ਰਿਸ਼ਨ ਜੀ ਨੇ ਜਨ ਸਾਧਾਰਨ ਨੂੰ ਈਸ਼ਵਰਵਾਦ ਦੇ ਪਰਦੇ ਵਿਚ ਵਿਅਕਤੀਗਤ ਪਰਮਾਤਮਾ ਨੂੰ ਜਾਣਨ ਲਈ ਪ੍ਰੇਰਿਆ:-

'ਏ ਮਾਨਵ, ਤੂੰ ਆਪਣੇ ਮਨ ਨੂੰ ਮੇਰੇ ਵਿਚ ਰਮਾ, ਮੇਰੇ ਵਿਚ ਹੀ ਆਪਣੀ ਬੁੱਧੀ ਕੇਂਦਰਤ ਕਰ, ਫਿਰ ਤੂੰ ਨਿਰਸੰਦੇਹ ਮੇਰੇ ਵਿਚ ਹੀ ਸਮਾ ਜਾਏਂਗਾ।[੨]

ਗੀਤਾ ਨੇ ਪਰਮਾਤਮਾ ਦੀ ਉਪਾਸਨਾ ਦਾ ਇਹ ਵਿਚਾਰ ਉਪਨਿਸ਼ਦਾਂ ਤੋਂ ਲਿਆ।[੩] ਗੀਤਾ ਵਿਚ ਰਹੱਸਮਈਤਾ ਦਾ ਸਿਖਰ ਹੈ, ਪਰ ਇਹ ਰਹੱਸਵਾਦ ਵੇਦਾਂਤ ਤੇ ਜੋਗ ਤੋਂ ਭਿੰਨ ਹੈ।[੪] ਕਿਉਂਕਿ ਇਸ ਵਿਚ ਗਿਆਨ ਦੀ ਥਾਂ ਪ੍ਰੇਮ ਦੀ ਬਹੁਲਤਾ ਹੈ। ਇਸ ਫਰਕ ਨੂੰ ਇਉਂ ਵੀ ਦਸਿਆ ਜਾ ਸਕਦਾ ਹੈ ਕਿ ਉਪਨਿਸ਼ਦਾਂ ਦਾ ਗਿਆਨ ਲਿਖਤੀ ਕਹਾਣੀਆਂ ਹਨ, ਪਰ ਗੀਤਾ ਦੇ ਗਿਆਨ ਨੂੰ ਜੀਵਨ ਤੇ ਲਾਗੂ ਕੀਤਾ ਗਿਆ ਹੈ।

ਗੀਤਾ ਅਨੁਸਾਰ ਸੰਸਾਰ ਦਾ ਕਰਤਾ ਇਕ ਹੀ ਹੈ, ਜੋ ਸਰਵਵਿਆਪਕ ਹੈ।

ਸ਼ੰਕਰਾਚਾਰੀਆ ਦਾ ਰਹੱਸਵਾਦ:-

ਸ਼ੰਕਰਾਚਾਰੀਆ ੮੪੫ ਤੋਂ ੮੭੭ ਸੰਮਤ ਦੇ ਵਿਚ ਹੋਇਆ ਹੈ।[੫] ਸ਼ੰਕਰ ਨੇ

---

੧- ਮਹਾਨ ਕੋਸ਼,ਪੰਨਾ੩[illegible]੭
੨- ਗੀਤਾ,ਅਧਿਆਇ ੧੨,ਸਲੋਕ ੮
੩- Indian Philosophy,Dr.S.Radha Krishanan,Vol.I,p.525.
੪- Mysticism in Bhagwat Gita, Mahinder Nath Sircar,p.27.
੫- ੳ-ਸੰਤ ਕਾਵਿ ਕਾ ਦਾਰਸ਼ਨਕ ਵਿਸ਼ਲੇਸ਼ਨ(ਹਿੰਦੀ)ਡਾ.ਮਨਮੋਹਨ ਸਹਿਗਲ,ਪੰਨਾ ੧੫
ਅ-ਐਸ.ਵੀ.ਵੈਨਕਟੇਸ਼ਵਰ ਦੇ ਅਨੁਸਾਰ ਜਨਮ ੮੦੫ਈ.ਤੇ ਦੇਹਾਂਤ ੮੯੭ ਈ. ਵਿਚ ਹੋਇਆ।
ੲ-ਜਨਮ ਸੰ: ੮੪੫ (ਸੰਨ ੭੮੮) ਕੋਚੀਨ ਦੇ ਇਲਾਕੇ ਕਾਲਪੀ ਵਿਚ ਹੋਇਆ ਤੇ ਮੌਤ ੮੨੦ ਸੰਨ ਵਿਚ।
— ਮਹਾਨ ਕੋਸ਼, ਪੰਨਾ ੧੭੭

ਪਰਮਾਤਮਾ ਨੂੰ ਨਿਰਗੁਣ ਸਰੂਪ ਵਿਚ ਵੇਖਿਆ। ਪਰ ਜੇ ਬ੍ਰਹਮ ਆਪਣੀ ਮਾਇਆ ਅਥਵਾ ਰਚਨਾ ਰਾਹੀਂ ਪ੍ਰਗਟ ਹੋਵੇ ਤਾਂ ਉਸ ਦਾ ਸਰਗੁਣ ਸਰੂਪ ਵੀ ਸ਼ੰਕਰ ਨੇ ਮੰਨਿਆ ਹੈ। ਸ਼ੰਕਰ ਮਾਇਆ ਨੂੰ ਭੁਲੇਖਾ ਨਹੀਂ ਆਖਦਾ ਕਿਉਂਕਿ ਉਸ ਨੂੰ ਮਾਇਆ ਤੇ ਬ੍ਰਹਮ ਦੇ ਸਰੂਪ ਵਿਚ ਕੋਈ ਅੰਤਰ ਨਹੀਂ ਭਾਸਦਾ।

ਸ਼ੰਕਰ ਦਾ ਖ਼ਿਆਲ ਹੈ ਕਿ ਜਿੰਨਾ ਚਿਰ ਜੀਵ ਅਗਿਆਨਤਾ ਵਸ ਪਿਆ ਰਹਿੰਦਾ ਹੈ, ਉਹ ਮਾਇਆ ਨੂੰ ਅਸਲੀ ਸੰਸਾਰ ਸਮਝਦਾ ਹੈ। ਜਦੋਂ ਮਾਇਆ ਦੀ ਪੱਟੀ ਅੱਖਾਂ ਅਗੋਂ ਲਹਿ ਜਾਂਦੀ ਹੈ ਤਾਂ ਜੀਵ ਨੂੰ ਪ੍ਰਭੂ ਮਿਲਨ ਦਾ ਮਾਰਗ ਲਭ ਪੈਂਦਾ ਹੈ। ਜਿਵੇਂ ਸਮੁੰਦਰ ਲਹਿਰ ਦਾ ਨਹੀਂ ਹੁੰਦਾ ਸਗੋਂ ਲਹਿਰ ਸਮੁੰਦਰ ਦੀ ਹੁੰਦੀ ਹੈ, ਤਿਵੇਂ ਪ੍ਰਭੂ ਜੀਵ ਦਾ ਨਹੀਂ, ਜੀਵ ਪ੍ਰਭੂ ਦਾ ਹੁੰਦਾ ਹੈ। ਈਸ਼ਵਰ ਨੂੰ ਸਤਿ ਸਰੂਪ ਮੰਨਣਾ; ਜੋ ਮਿਲੇ, ਸੰਤੋਖ ਨਾਲ ਉਸੇ ਵਿਚ ਗੁਜ਼ਾਰਾ ਕਰਨਾ, ਮੋਹ ਮਾਇਆ ਦੇ ਜਾਲ ਤੋਂ ਉਪਰ ਰਹਿਣਾ, ਸਭ ਜੀਵਾਂ ਨਾਲ ਦਇਆ ਭਾਵਨਾ, ਮਿਠਾ ਬੋਲਣਾ, ਦੁਖ ਸੁਖ ਨੂੰ ਸਮਾਨ ਸਮਝਣਾ, ਪ੍ਰਭੂ ਦਾ ਸਿਮਰਨ ਕਰਨਾ-ਸ਼ੰਕਰ ਦੇ ਰਹੱਸਵਾਦ ਦੇ ਕੁਝ ਜ਼ਰੂਰੀ ਤੱਤ ਹਨ।

<u>ਰਾਮਾਨੁਜ ਦਾ ਰਹੱਸਵਾਦ:-</u>

ਸ਼ੰਕਰ ਦਾ ਬ੍ਰਹਮ ਸਬੰਧੀ ਗਿਆਨ ਸਿਰਫ਼ ਵਿਦਵਾਨਾਂ ਦੀ ਸਮਝ ਗੋਚਰਾ ਸੀ। ਉਹ ਜਨ ਸਾਧਾਰਨ ਲਈ ਇਕ ਕਿਸਮ ਦੀ ਅਪਹੁੰਚ ਸ਼ੈ ਸੀ, ਸੋ ਰਾਮਾਨੁਜ[੧] ਨੇ ਲਗ ਪਗ ਉਸੇ ਹੀ ਵਿਚਾਰਧਾਰਾ ਨੂੰ ਸਮੇਂ ਅਨੁਸਾਰ ਨਵਾਂ ਰੰਗ ਚਾੜ੍ਹ ਕੇ ਪੇਸ਼ ਕੀਤਾ। ਰਾਮਾਨੁਜ ਨੇ ਪਰਮਾਤਮਾ ਸਬੰਧੀ ਜੋ ਵਿਆਖਿਆ ਦਸੀ, ਉਸ ਵਿਚੋਂ ਤਿੰਨ ਇਸ਼ਾਰੇ ਮਿਲਦੇ ਹਨ:-

੧- ਈਸ਼ਵਰ ਪਰਮਸੱਤ ਹੈ।
੨- ਉਹ ਬ੍ਰਹਮ ਹੈ, ਜਿਸ ਵਿਚ ਸੰਪੂਰਨਤਾ ਹੈ।
੩- ਈਸ਼ਵਰ ਸਾਰੀ ਸ੍ਰਿਸ਼ਟੀ ਦਾ ਕਰਤਾ ਹੈ, ਬਾਕੀ ਸਾਰੇ ਪਦਾਰਥ, ਸਮੇਤ ਮਾਇਆ ਦੇ, ਉਸੇ ਦੇ ਹੀ ਵਸ ਵਿਚ ਹਨ।

ਰਾਮਾਨੁਜ ਨੇ ਕਰਮਾਂ ਦੇ ਫਲ ਤੇ ਜ਼ਿਆਦਾ ਜ਼ੋਰ ਦਿਤਾ ਕਿ ਜੀਵ ਆਪਣੇ ਚੰਗੇ ਮੰਦੇ ਕਰਮਾਂ ਨਾਲ ਜਨਮ ਮਰਨ ਦੇ ਗੇੜ ਵਿਚ ਰਹਿੰਦਾ ਹੈ, ਮੁਕਤੀ ਹੀ ਇਸ ਤੋਂ ਛੁਟਣ ਦਾ ਰਾਹ ਹੈ। ਇਹ ਮੁਕਤੀ ਤਦੇ ਹੀ ਪ੍ਰਾਪਤ ਹੋ ਸਕਦੀ ਹੈ, ਜੇ ਈਸ਼ਵਰ ਨਾਲ

---

੧- ਰਾਮਾਨੁਜ ਦਾ ਜਨਮ ਮਦਰਾਸ ਦੇ ਇਲਾਕੇ ਕਾਂਚੀਪੁਰ ਦੇ ਪਾਸ ਭੂਤਨਗਰੀ ਵਿਚ ਸੰਮਤ ੧੦੭੩ (ਸੰ:੧੦੧੬) ਵਿਚ ਹੋਇਆ ਤੇ ਦੇਹਾਂਤ ਸੰਮਤ ੧੧੯੪(ਸੰ:੧੧੩੭) ਵਿਚ ਸ੍ਰੀ ਰੰਗ ਜ਼ਿਲ੍ਹਾ ਤ੍ਰਿਚਨਾਪਲੀ ਵਿਚ ਹੋਇਆ।

ਇਕ ਮਿਕ ਹੋਇਆ ਜਾਵੇ।

ਰਾਮਾਨੁਜ ਦੇ ਸ਼ਾਗਿਰਦ ਆਪਣੇ ਸਰੀਰ ਤੇ ਸੰਖ, ਚੱਕਰ, ਗਦਾ, ਪਦਮ, ਵਿਸ਼ਨੂੰ ਦੇ ਚਿੰਨ੍ਹ ਧਾਰਨ ਕਰਦੇ ਹਨ। ਮਸਤਕ ਤੇ '''ਐਸਾ ਤਿਲਕ ਲਗਾਉਂਦੇ ਹਨ। ਇਸ ਦੇ ਵਿਚਕਾਰਲੀ ਰੇਖਾ ਲਾਲ ਤੇ ਪਾਸੇ ਦੀਆਂ ਸਫੇਦ ਹੁੰਦੀਆਂ ਹਨ।

## ਰਾਮਾਨੰਦ ਦਾ ਰਹੱਸਵਾਦ:-

ਇਹ ਰਾਮਾਨੁਜ ਸੰਪਰਦਾਇ ਦਾ (ਪਵੀਂ ਪੀੜ੍ਹੀਓਂ) ਸ਼ਾਗਿਰਦ ਹੈ। ਇਸ ਦਾ ਜਨਮ ਸੰਮਤ ੧੪੨੩ ਵਿਚ ਪ੍ਰਯਾਗ ਵਿਚ ਹੋਇਆ। ਇਸ ਨੂੰ ਵੈਰਾਗੀਆਂ ਦਾ ਆਚਾਰੀਆ ਵੀ ਆਖਿਆ ਜਾਂਦਾ ਹੈ।[੧] ਇਸੇ ਤੋਂ ਹੀ ਵੈਰਾਗੀ ਸਾਧੂਆਂ ਦਾ ਫ਼ਿਰਕਾ "ਰਾਮਾਵਤ" ਚਲਿਆ ਹੈ ਜੋ ਰਾਮਾਨੁਜ ਦੀ ਲਛਮੀ ਨਾਰਾਇਣ ਦੀ ਉਪਾਸਨਾ ਦੀ ਥਾਂ ਸੀਤਾ ਰਾਮ ਦੀ ਉਪਾਸਨਾ ਕਰਦਾ ਹੈ। ਭਾਵੇਂ ਇਹ ਵੈਸ਼ਨਵ ਸੀ, ਪਰ ਇਸ ਨੇ ਵੈਸ਼ਨਵ ਮਤ ਵਾਲੀ ਖਾਣ ਪੀਣ ਦੀ ਪਾਬੰਦੀ ਨਹੀਂ ਰਖੀ। ਇਹ ਪਹਿਲਾਂ ਮੂਰਤੀ ਪੂਜਕ ਸੀ, ਫਿਰ ਸਾਰੇ ਭਰਮ ਤਿਆਗ ਕੇ ਪੂਰਨ ਗਿਆਨੀ ਹੋ ਗਿਆ। ਰਾਮਾਨੰਦ ਦਾ ਦੇਹਾਂਤ ਸੰਮਤ ੧੫੨੪ ਕਾਂਸ਼ੀ ਵਿਚ ਹੋਇਆ। ਇਸ ਦੇ ਪ੍ਰਮੁੱਖ ਬਾਰਾਂ ਚੇਲਿਆਂ ਵਿਚੋਂ, ਭਗਤ ਪੀਪਾ ਜੀ, ਕਬੀਰ ਜੀ ਤੇ ਸੈਣ ਆਦਿ ਹੋਏ ਹਨ।

## ਕਬੀਰ ਦਾ ਰਹੱਸਵਾਦ:-

ਭਗਤ ਕਬੀਰ ਦਾ ਕਾਲ ੧੩੯੮-੧੫੧੮ ਹੈ। ਆਪ ਸ਼ੇਖ ਤਕੀ ਦੇ ਚੇਲੇ ਵੀ ਰਹਿ ਚੁਕੇ ਸਨ, ਰਾਮਾਨੰਦ ਤਾਂ ਆਪ ਦਾ ਪੱਕਾ ਗੁਰੂ ਸੀ। ਇਉਂ ਭਗਤ ਕਬੀਰ ਨੂੰ ਕਈ ਪ੍ਰਕਾਰ ਦੀਆਂ ਭਾਵਨਾਵਾਂ ਦਾ ਤਜਰਬਾ ਮਿਲ ਗਿਆ। ਜਿਸ ਨਾਲ ਆਪ ਮਤਾਂ ਮਤਾਂਤਰਾਂ ਦੇ ਖੰਡਨ ਮੰਡਨ ਕਰਨ ਵਿਚ ਵੱਡੇ ਨਿਪੁੰਨ ਹੋ ਗਏ। ਆਪ ਦੀ ਰਚਨਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵੀ ਹੈ।

ਆਪ ਦੀ ਰਚਨਾ ਉਪਰ ਜਿਥੇ ਉਪਨਿਸ਼ਦਕ ਅਸਰ ਹੈ, ਉਥੇ ਜੋਗ ਦਾ ਵੀ ਕਾਫੀ ਪ੍ਰਭਾਵ ਪਿਆ ਹੈ। ਆਪ ਦੀ ਰਹੱਸਮਈਤਾ ਦੀ ਸਿਫ਼ਤ ਕਰਕੇ ਹੀ ਮਿਸ ਅੰਡਰਹਿਲ ਆਪ ਨੂੰ ਭਾਰਤੀ ਰਹੱਸਵਾਦ ਦੀ ਸਭ ਤੋਂ ਦਿਲਚਸਪ ਹਸਤੀ ਮੰਨਦੀ ਹੈ।

## ਵਲਭਾਚਾਰੀਆ ਦਾ ਰਹੱਸਵਾਦ:-

ਇਹ ਵੈਸ਼ਨਵ[੨] ਮਤ ਦਾ ਇਕ ਹੋਰ ਆਚਾਰੀਆ ਹੈ। ਜਿਸ ਦਾ ਜੀਵਨ

---

੧- ਮਹਾਨ ਕੋਸ਼, ਪੰਨਾ ੭੭੬

੨- ਵੈਸ਼ਨਵਾਂ ਦੇ ਪ ਭੇਦ ਹਨ—੧-ਨਿੰਬਾਰਕ ਦਾ ਚਲਾਇਆ ਮਤ, ੨-ਮਾਧਵਾਚਾਰੀਆ ਦਾ ਮਤ, ੩-ਸ੍ਰੀ ਵੈਸ਼ਨਵ ਰਾਮਾਨੁਜ, ੪-ਰਾਮਾਨੰਦ (ਰਾਮਾਵਤ), ੫-ਲਕਮਣ ਭੱਟ-ਵਲਭਾਚਾਰੀਆ ਇਸੇ ਦਾ ਚੇਲਾ ਹੋਇਆ ਹੈ।—ਮਹਾਨ ਕੋਸ਼, ਪੰਨਾ ੬੬੬

ਕਾਲ ਸੰਨ ੧੪੭੯-੧੫੩੧ ਹੈ। ਇਹ ਵਿਸੁਧ ਅਦਵੈਤ ਦਾ ਪ੍ਰਚਾਰਕ ਸੀ। ਪ੍ਰਸਿਧ ਭਗਤ ਸੂਰਦਾਸ ਇਸੇ ਦਾ ਚੇਲਾ ਸੀ।

ਵਲਭ ਦੇ ਅਨੁਸਾਰ ਮੁਕਤੀ ਪਾਉਣਲਈ ਜੀਵ ਦੁਖ ਸੁਖ ਸਹਿੰਦਾ ਹੈ। ਪਰਮਾਤਮਾ ਦੀ ਕਿਰਪਾ ਨਾਲ ਚਾਨਣ ਹੋ ਜਾਵੇ ਤਾਂ ਜੀਵ ਸੰਸਾਰ ਤੋਂ ਅਤੀਤ ਹੋ ਜਾਂਦਾ ਹੈ ਤੇ ਫਿਰ ਬ੍ਰਹਮ ਸਰੂਪ ਹੋ ਜਾਂਦਾ ਹੈ। ਇਹੋ ਹੀ ਮੁਕਤੀ ਹੈ। ਵਲਭ ਦੇ ਅਨੁਸਾਰ ਸ੍ਰਿਸ਼ਟੀ ਰਚਨਾ ਦਾ ਕਾਰਨ ਇਹ ਹੈ ਕਿ ਪਰਮਾਤਮਾ ਇਕਲਾ ਰਹਿ ਕੇ ਥਕ ਗਿਆ ਸੀ, ਇਸ ਕਰਕੇ ਉਸ ਨੇ ਸ੍ਰਿਸ਼ਟੀ ਦੀ ਸਾਜਨਾ ਕਰ ਲਈ।

## ਪੰਜਾਬੀ ਸਾਹਿੱਤ ਵਿਚ ਰਹੱਸਵਾਦ ਦਾ ਸਰੂਪ:-

ਗੁਰੂ ਅਰਜਨ ਦੇਵ ਜੀ ਤੋਂ ਪਹਿਲਾਂ ਪੰਜਾਬੀ ਸਾਹਿੱਤ ਵਿਚ ਰਹੱਸਵਾਦ ਦਾ ਸਰੂਪ ਬਾਬਾ ਫ਼ਰੀਦ ਨਾਲ ਸ਼ੁਰੂ ਹੁੰਦਾ ਹੈ। ਸ਼ੇਖ ਫ਼ਰੀਦ ਦੀ ਜੋ ਰਚਨਾ ਆਦਿ ਗ੍ਰੰਥ ਵਿਚ ਸੁਰਖਿਅਤ ਹੈ, ਉਸ ਦੇ ਆਧਾਰ ਤੇ ਅਸੀਂ ਬਾਬਾ ਫ਼ਰੀਦ ਨੂੰ ਨਿਰਾ ਪੰਜਾਬੀ ਕਵਿਤਾ ਦਾ ਹੀ ਨਹੀਂ, ਸਗੋਂ ਪੰਜਾਬੀ ਰਹੱਸਵਾਦੀ ਕਵਿਤਾ ਦਾ ਵੀ ਮੋਢੀ ਕਵੀ ਮੰਨਦੇ ਹਾਂ।

ਬਾਬਾ ਫਰੀਦ ਪੱਕੇ ਮੁਸਲਮਾਨ ਸਨ, ਜਿਸ ਕਰਕੇ ਆਪ ਰੋਜ਼ੇ-ਨਮਾਜ਼ਾਂ ਦਾ ਪਾਬੰਦ ਜੀਵਨ ਖ਼ੁਦ ਗੁਜ਼ਾਰਦੇ ਸਨ ਤੇ ਹੋਰਨਾਂ ਨੂੰ ਇਹੀ ਸਿਖਿਆ ਦੇਂਦੇ ਸਨ।

ਬਾਬਾ ਫ਼ਰੀਦ ਦੇ ਰਹੱਸਵਾਦ ਦੇ ਅੰਗ ਇਹ ਹਨ- ਜੀਵ ਮਿਥਿਆ ਹੋਇਆ ਸਮਾਂ ਲੈ ਕੇ ਸੰਸਾਰ ਵਿਚ ਆਉਂਦਾ ਹੈ, ਪਰ ਮੋਹ ਮਾਇਆ ਤੇ ਪਦਾਰਥਕ ਲਾਲਚ ਇਸ ਨੂੰ ਕੁਰਾਹੇ ਪਾ ਦੇਂਦੇ ਹਨ, ਜਿਨ੍ਹਾਂ ਤੋਂ ਛੁਟਕਾਰਾ ਤਾਂ ਹੀ ਮਿਲ ਸਕਦਾ ਹੈ ਜੇ ਜੀਵ ਵਿਚ ਅੰਮ੍ਰਿਤ ਵੇਲੇ ਉਠਣਾ, ਪਰਮਾਤਮਾ ਦਾ ਨਾਮ ਯਾਦ ਕਰਨਾ, ਇਕੋ ਪ੍ਰਭੂ ਤੇ ਓਟ ਰਖਣੀ, ਸਹਿਨਸ਼ੀਲਤਾ, ਨਿਮਰਤਾ ਤੇ ਕਿਸੇ ਦਾ ਦਿਲ ਨ ਦੁਖਾਉਣ ਵਾਲੇ ਗੁਣ ਹੋਣ ਤਾਂ ਉਹ ਇਸ ਸੰਸਾਰ ਸਾਗਰ ਤੋਂ ਤਰ ਜਾਂਦਾ ਹੈ। ਅਜਿਹਾ ਜੀਵ ਆਪਣੇ ਜੀਵਨ ਦੇ ਥੋੜ੍ਹੇ ਕਾਲ ਵਿਚ ਵੀ ਆਪਣਾ ਸਾਰਾ ਅੱਗਾ ਸਵਾਰ ਜਾਂਦਾ ਹੈ। ਇਹੀ ਜੀਵ ਦਾ ਅਸਲੀ ਮਨੋਰਥ ਹੈ।

ਆਪ ਨੇ ਜੀਵ ਆਤਮਾ ਤੇ ਪਰਮਾਤਮਾ ਲਈ ਸੰਕੇਤਕ ਸ਼ਬਦਾਵਲੀ ਵਰਤੀ ਹੈ, ਆਤਮਾ ਪਤਨੀ ਤੇ ਪਰਮਾਤਮਾ ਪਤੀ। ਸੰਸਾਰ ਵਿਚ ਦੰਪਤੀ ਪਿਆਰ ਨਾਲੋਂ ਨੇੜੇ ਦਾ ਪਿਆਰ ਕਿਸੇ ਹੋਰ ਰਿਸ਼ਤੇ ਵਿਚ ਨਹੀਂ ਹੋ ਸਕਦਾ, ਨ ਹੀ ਕਿਸੇ ਹੋਰ ਰਿਸ਼ਤੇ ਨੂੰ ਦੇਰ ਤਾਈਂ ਨਿਭਾਹਿਆ ਜਾ ਸਕਦਾ ਹੈ। ਆਪ ਇਹ ਮਹਿਸੂਸ ਕਰਦੇ ਸਨ ਕਿ ਲੋਕਾਂ ਨੂੰ ਸਮਝਾਉਣ ਲਈ ਇਸ ਤੋਂ ਚੰਗਾ ਤੇ ਸੌਖਾ ਸੰਕੇਤ ਲੱਭਣਾ ਅਸੰਭਵ ਹੈ।

ਆਮ ਲੋਕਾਂ ਨੂੰ ਸਮੇਂ ਦੀ ਠੇਠ ਭਾਸ਼ਾ ਵਿਚ ਤੇ ਘਰੋਗੀ ਚਿਨ੍ਹਾਂ ਰਾਹੀਂ ਆਪਣੇ ਵਿਚਾਰ ਦਸਣੇ ਵੇਲੇ ਦੀ ਮੰਗ ਸੀ।

ਉਂਜ ਤਾਂ ਬਾਬਾ ਫਰੀਦ ਦੀ ਸਾਰੀ ਰਚਨਾ ਹੀ ਰਹੱਸਮਈ ਹੈ, ਪਰ ਆਪ ਦਾ ਇਹ ਸਲੋਕ ਰਹੱਸਵਾਦ ਦੀ ਅਤਿ ਸੁੰਦਰ ਮਿਸਾਲ ਹੈ:-

ਅਜੁ ਨ ਸੁਤੀ ਕੰਤ ਸਿਉ ਅੰਗੁ ਮੁੜੇ ਮੁੜਿ ਜਾਇ।।
ਜਾਇ ਪੁਛਹੁ ਡੋਹਾਗਣੀ ਤੁਮ ਕਿਉ ਰੈਣਿ ਵਿਹਾਇ।।[1]

ਬਾਬਾ ਫ਼ਰੀਦ ਤੋਂ ਬਾਦ ਪੰਜਾਬੀ ਰਹੱਸਵਾਦ ਦੇ ਸੰਸਾਰ ਵਿਚ ਭਗਤ ਕਬੀਰ ਜੀ, ਜੋ ਗੁਰੂ ਨਾਨਕ ਦੇਵ ਜੀ ਦੇ ਸਮਕਾਲੀ ਹੀ ਕਹੇ ਜਾ ਸਕਦੇ ਹਨ, ਦਾ ਨਾਂ ਆਉਂਦਾ ਹੈ। ਕਬੀਰ ਜੀ ਦੀ ਰਚਨਾ ਭਾਵੇਂ ਸੁਧ ਪੰਜਾਬੀ ਨਹੀਂ, ਪਰ ਆਦਿ ਗ੍ਰੰਥ ਵਿਚ ਇਸ ਨੂੰ ਉਨੱਾ ਹੀ ਸਤਿਕਾਰ ਪ੍ਰਾਪਤ ਹੈ, ਜਿੰਨਾ ਬਾਬਾ ਫ਼ਰੀਦ ਦੀ ਰਚਨਾ ਨੂੰ।

ਭਗਤ ਕਬੀਰ ਦੀ ਰਚਨਾ ਤੋਂ ਇਹ ਸਮਝ ਆਉਂਦੀ ਹੈ ਕਿ ਉਹ ਜ਼ਿਆਦਾ ਵੈਦਿਕ ਰਹੱਸਵਾਦ ਤੋਂ ਪ੍ਰਭਾਵਤ ਹੋਏ ਹਨ। ਭਗਤ ਕਬੀਰ ਜ਼ਿਆਦਾ ਗਿਆਨਸ਼ੀਲ ਦਿਖਾਈ ਦੇਂਦੇ ਹਨ। ਪਰ ਨਾਲ ਹੀ ਭਾਵੁਕਤਾ ਦਾ ਪੱਲਾ ਕਿਤੇ ਵੀ ਨਹੀਂ ਛਡਦੇ। ਕਬੀਰ ਜੀ ਆਪਣੇ ਪ੍ਰਭੂ ਪ੍ਰਤੀ ਇਨੇ ਅਦਵੈਤਵਾਦੀ ਹੋ ਗਏ ਹਨ ਕਿ ਉਹ ਆਪਣੇ ਰਾਮ ਨੂੰ ਕੁਝ ਕਹਿ ਨਹੀਂ ਸਕਦੇ।

ਉਪਨਿਸ਼ਦਾਂ ਵਿਚ ਜ਼ਿਕਰ ਆਉਂਦਾ ਹੈ ਕਿ ਇਕ ਪਤੀ ਜਦੋਂ ਆਪਣੀ ਪਤਨੀ ਨੂੰ ਆਲਿੰਗਨ ਵਿਚ ਲੈ ਕੇ ਬੈਠਾ ਹੋਵੇ ਤਾਂ- ਪਤਨੀ ਲਈ ਤੇ ਪਤੀ ਲਈ ਵੀ-ਬਾਹਰ ਕੀ ਹੋ ਰਿਹਾ ਹੈ, ਇਸ ਦੀ ਕੋਈ ਸਾਰ ਨਹੀਂ ਰਹਿੰਦੀ। ਨ ਮਾਤਾ, ਨ ਪਿਤਾ, ਨ ਭੈਣ ਭਾਈ ਤੇ ਹੋਰ ਸਾਕ ਸਬੰਧ ਕੋਈ ਵੀ ਚਿਤ ਵਿਚ ਨਹੀਂ ਆਉਂਦਾ, ਉਸ ਸਮੇਂ ਉਹ ਪਤੀ ਪਤਨੀਇਕ ਸਰੂਪ ਹੋਏ ਇਕ ਦੂਜੇ ਦੇ ਧਿਆਨ ਮਗਨ ਹੋਏ ਹੁੰਦੇ ਹਨ। ਅਜਿਹੀ ਹੀ ਹਾਲਤ ਜੀਵ ਦੀ ਪਰਮਾਤਮਾ ਨਾਲ ਵਸਲ ਸਮੇਂ ਹੁੰਦੀ ਹੈ ਤੇ ਉਹ ਪੁਕਾਰ ਉਠਦਾ ਹੈ, ਹੋਰਕੋਈ ਨਹੀਂ, ਸਿਰਫ ਤੂੰ ਹੀ ਤੂੰ ਹੈਂ, ਫੇਰ ਸਾਧਕ ਬੇਹੱਦ ਦੇ ਦੇਸ਼ ਵਿਚ ਪੁਜ ਜਾਂਦਾ ਹੈ।

ਇਹ ਮਿਲਨ ਦਾ ਸੁਖ ਤੇ ਅਵਸਥਾ ਕਥੇ ਨਹੀਂ ਜਾ ਸਕਦੇ, ਇਹ ਨ ਵਰਣਨ ਕੀਤੇ ਜਾ ਸਕਣ ਵਾਲਾ ਅਨੰਦ ਤੇ ਅਨੰਦ ਦੀ ਅਵਸਥਾ ਹੀ ਕਬੀਰ ਦਾ ਰਹੱਸਵਾਦ ਹੈ।

ਕਬੀਰ ਜੀ ਦੀ ਰਚਨਾ ਤੇ ਉਪਨਿਸ਼ਦਕ ਰਹੱਸਵਾਦ ਦੇ ਨਾਲ ਨਾਲ ਯੋਗ ਦਾ ਵੀ ਕਾਫੀ ਪ੍ਰਭਾਵ ਹੈ। ਇਹ ਦੂਜੀ ਸ਼੍ਰੇਣੀ ਦਾ ਰਹੱਸਵਾਦ ਆਪ ਦਾ ਨਿਜੀ ਤਜਰਬਾ

---

੧- ਸਲੋਕ ਫ਼ਰੀਦ, ਆਦਿ ਗ੍ਰੰਥ, ਪੰਨਾ ੧੩੭੯

ਹੈ। ਅਕਲ ਨੂੰ ਹੈਰਾਨੀ ਹੁੰਦੀ ਹੈ ਕਿ ਇਕ ਹੀ ਵਿਅਕਤੀ ਦੋ ਰਹੱਸਮਈ ਧਾਰਾਵਾਂ ਦੇ ਅਸਰ ਹੇਠ ਲਿਖ ਰਿਹਾ ਹੋਵੇ। ਪਰ ਇਹੋ ਬ੍ਰਹਮ ਗਿਆਨੀ ਦੀ ਸਿਫ਼ਤ ਹੈ। ਕਬੀਰ ਜੀ ਪੰਜਾਬੀ ਸਾਹਿੱਤ ਦੇ ਘੱਟ ਤੇ ਹਿੰਦੀ ਸਾਹਿੱਤ ਦੇ ਵਧੇਰੇ ਮਕਬੂਲ ਰਹੱਸਵਾਦੀ ਕਵੀ ਹਨ।

ਗੁਰੂ ਨਾਨਕ ਦੇਵ ਜੀ, ਸਿੱਖ ਕੌਮ ਦੇ ਪ੍ਰਥਮ ਗੁਰੂ, ਸੰਸਾਰ ਪ੍ਰਸਿਧ ਰਹੱਸਵਾਦੀ ਹੋਏ ਹਨ।[੧]

ਗੁਰੂ ਨਾਨਕ ਦੇਵ ਜੀ ਦੀ ਭਗਤੀ ਭਾਵਨਾ ਨ ਤਾਂ ਰਾਮਾਨੁਜ ਦੀ 'ਲਛਮੀ ਨਾਰਾਇਣ' ਦੀ ਭਗਤੀ ਹੈ ਤੇ ਨ ਹੀ ਰਾਮਾਨੰਦ ਦੀ 'ਸੀਤਾ-ਰਾਮ' ਦੀ ਭਗਤੀ। ਇਹ ਭਗਤ ਵਲਭਾਚਾਰੀਆ ਦੀ 'ਬਾਲ-ਗੋਪਾਲ' ਦੀ ਭਗਤੀ ਵੀ ਨਹੀਂ, ਨ ਹੀ ਚੈਤੰਨਯ ਮਹਾਂ-ਪ੍ਰਭੂ ਦੀ ਰਾਧਾ ਕ੍ਰਿਸ਼ਨ ਵਾਲੀ ਭਗਤੀ ਹੈ। ਇਹ ਭਗਤੀ ਪ੍ਰਮੁਖ ਰੂਪ ਵਿਚ ਨਿਰਗੁਣ ਨਿਰਾਕਾਰ ਬ੍ਰਹਮ ਦੀ ਭਗਤੀ ਹੈ। ਇਸੇ ਲਈ ਇਹ ਪਾਦਸੇਵਨ, ਅਰਚਨ ਅਤੇ ਵੰਦਨ ਆਦਿ ਕਿਸੇ ਸਥੂਲ ਮੂਰਤੀ ਦੇ ਪ੍ਰਥਾਇ ਨ ਹੋ ਕੇ ਨਿਰਗੁਣ ਨਿਰਾਕਾਰ ਬ੍ਰਹਮ ਦੇ ਪ੍ਰਥਾਇ ਹੈ।-------ਪਰ ਇਸ ਦਾ ਅਰਥ ਇਹ ਨਹੀਂ ਕਿ ਗੁਰੂ ਸਾਹਿਬ ਨੇ ਬ੍ਰਹਮ ਦੀ ਸਰਗੁਣਤਾ ਨੂੰ ਅਸਵੀਕਾਰ ਕੀਤਾ ਹੈ, ਸਗੋਂ ਉਨ੍ਹਾਂ ਨੇ ਬ੍ਰਹਮ ਨੂੰ ਨਿਰਗੁਣ ਤੇ ਸਰਗੁਣ ਦੋਵੇਂ ਹੀ ਮੰਨਿਆ ਹੈ।[੨]

ਗੁਰੂ ਨਾਨਕ ਦੇਵ ਜੀ ਆਪਣੇ ਸਾਹਿੱਤਕ ਵਿਰਸੇ-ਵੇਦਾਂ, ਉਪਨਿਸ਼ਦਾਂ, ਬੁੱਧ ਤੇ ਜੈਨ ਮੱਤ ਦੇ ਪੂਰੇ ਪੂਰੇ ਗਿਆਤਾ ਸਨ। ਆਪ ਦੀ ਰਚਨਾ ਵਿਚੋਂ ਥਾਂ ਪਰ ਥਾਂ ਇਸ ਦੀਆਂ ਉਦਾਹਰਣਾਂ ਮਿਲਦੀਆਂ ਹਨ। ਜਿਥੋਂ ਤੱਕ ਪ੍ਰਭਾਵਤ ਹੋਣ ਦਾ ਵਿਚਾਰ ਹੈ, ਆਪ ਸਿਧੇ ਤੌਰ ਤੇ ਕੋਈ ਇਕ ਰਚਨਾ ਪੜ੍ਹ ਕੇ ਉਸ ਤੋਂ ਪੂਰੇ ਪ੍ਰਭਾਵਤ ਨਹੀਂ ਹੋਏ, ਸਗੋਂ ਆਪ ਜੀ ਅਜਿਹੇ ਠੋਸ ਵਿਚਾਰ ਨੂੰ ਅਪਨਾਉਣ ਵਿਚ ਨਹੀਂ ਝਕੇ, ਜਿਸ ਨੂੰ ਸਾਬਤ ਕੀਤਾ ਜਾ ਸਕਦਾ ਹੈ। ਪਰ ਜਿਸ ਵਿਚਾਰ ਵਿਚ ਜਾਨ ਨਹੀਂ ਦਿਸਦੀ ਸੀ ਉਸ ਦਾ ਖੰਡਨ ਵੀ ਬੜੀ ਦਲੇਰੀ ਨਾਲ ਕੀਤਾ ਹੈ।

ਵੇਦਾਂ ਵਿਚ ਜ਼ਿਕਰ ਆਉਂਦਾ ਹੈ ਕਿ ਪਰਮਾਤਮਾ ਦੇ ਹਜ਼ਾਰਾਂ ਹੀ ਨਾਮ ਹਨ, ਉਸ ਦੀਆਂ ਹਜ਼ਾਰਾਂ ਹੀ ਅੱਖਾਂ ਹਨ; ਹਜ਼ਾਰਾਂ ਹੀ ਪਾਣੀ ਹਨ, ਜਿਨ੍ਹਾਂ ਨਾਲ ਉਸ ਨੇ ਧਰਤੀ ਨੂੰ ਚਾਰ ਚੁਫੇਰਿਓਂ ਘੇਰ ਰਖਿਆ ਹੈ।[੩]

ਗੁਰੂ ਨਾਨਕ ਦੇਵ ਜੀ ਇਸ ਵਿਚਾਰ ਨਾਲ ਸਹਿਮਤ ਹਨ, ਕਿ ਪਰਮਾਤਮਾ ਦੇਖੀ ਜਾਣ ਵਾਲੀ ਸ਼ੈ ਨਹੀਂ ਤੇ ਨ ਹੀ ਅਦਿੱਖ ਹੈ। ਉਹ ਹਰ ਹਸਤੀ ਵਿਚ ਹੈ ਤੇ ਕਿਸੇ

---

੧- ਜ਼ਿਆਦਾ ਵਿਸਥਾਰ ਲਈ ਵੇਖੋ-Mysticism of Guru Nanak, Dr. Dewan Singh, (Thesis)

੨- ਗੁਰੂ ਨਾਨਕ ਤੇ ਭਗਤੀ ਅੰਦੋਲਨ, ਡਾ. ਮਨਮੋਹਨ ਸਿੰਘ, ਭੂਮਿਕਾ, ਪੰਨਾ ੧੭

੩- ਵੇਖੋ ਇਸੇ ਥੀਸਸ ਦਾ ਹਵਾਲਾ ਨੰ.੨, ਪੰਨਾ ੯੩

ਇਕ ਹਸਤੀ ਉਤੇ ਉਂਗਲ ਰਖ ਕੇ ਵੀ ਨਹੀਂ ਦਸਿਆ ਜਾ ਸਕਦਾ। ਇਸ ਸ਼ਬਦ ਰਾਹੀਂ ਪਰਮਾਤਮਾ ਦਾ ਸਰੂਪ ਸਪਸ਼ਟ ਦਿਸ ਆਉਂਦਾ ਹੈ:-

ਸਹਸ ਤਵ ਨੈਨ ਨਨ ਨੈਨ ਹੈ ਤੋਹਿ ਕਉ ਸਹਸ ਮੂਰਤਿ ਨਨਾ ਏਕ ਤੋਹੀ।।<br>
ਸਹਸ ਪਦ ਬਿਮਲ ਨਨ ਏਕ ਪਦ ਗੰਧ[1] ਬਿਨੁ<br>
ਸਹਸ ਤਵ ਗੰਧ ਇਵ ਚਲਤ ਮੋਹੀ।।

ਪਰਮਾਤਮਾ ਦੇ ਨਾਂ ਵੀ ਅਨੇਕ ਹਨ।[2] ਸ੍ਰਿਸ਼ਟੀ ਸਿਰਜਣ ਦੇ ਰਹੱਸ ਸਬੰਧੀ ਰਿਗ ਵੇਦ ਵਿਚ ਜ਼ਿਕਰ ਹੈ ਕਿ- ਸ੍ਰਿਸ਼ਟੀ ਰਚੀ ਜਾਣ ਤੋਂ ਪਹਿਲਾਂ ਇਥੇ ਕੁਝ ਵੀ ਨਹੀਂ ਸੀ- ਨ ਆਕਾਸ਼ ਸੀ, ਨ ਹੀ ਸਵਰਗ ਸੀ ਤੇ ਨ ਹੀ ਕੁਝ ਹੋਰ----।[3]

ਗੁਰੂ ਨਾਨਕ ਦੇਵ ਜੀ ਦਾ ਇਸ ਰਹੱਸ ਸਬੰਧੀ ਵਿਚਾਰ ਵੀ ਕੁਝ ਇਸੇ ਤਰ੍ਹਾਂ ਦਾ ਹੈ:-

ਅਰਬਦ ਨਰਬਦ ਧੁੰਧੂਕਾਰਾ।। ਧਰਣਿ ਨ ਗਗਨਾ ਹੁਕਮੁ ਅਪਾਰਾ।।<br>
ਨ ਦਿਨੁ ਰੈਨਿ ਨ ਚੰਦੁ ਨ ਸੂਰਜੁ ਸੁੰਨ ਸਮਾਧਿ ਲਗਾਇਦਾ।।

ਕਿਨੀਆਂ ਧਰਤੀਆਂ ਤੇ ਕਿਤਨੇ ਆਕਾਸ਼ ਹਨ, ਇਸ ਸਬੰਧੀ ਮੁਸਲਮਾਨਾਂ ਦਾ ਕਹਿਣਾ ਹੈ ਕਿ ੧੮ ਹਜ਼ਾਰ ਆਲਮ[5] ਹਨ। ਪਰ ਗੱਲ ਵੇਦਾਂ ਵਾਲੀ ਠੀਕ ਹੈ ਕਿ ਉਹ ਲਭ ਲਭ ਕੇ ਥਕ ਗਏ ਹਨ ਪਰ ਇਹ ਰਹੱਸ ਨਹੀਂ ਮਿਲਿਆ।[6]

ਗੱਲ ਕੀ ਉਹ ਪਰਮਾਤਮਾ ਆਪ ਹੀ ਇਸ ਸ੍ਰਿਸ਼ਟੀ ਨੂੰ ਸਾਜਦਾ ਹੈ ਤੇ ਫਿਰ ਆਪ ਹੀ ਉਸ ਨੂੰ ਵੇਖਦਾ ਹੈ।[7] ਉਸ ਅਲਖ, ਅਪਾਰ, ਅਗੰਮ ਤੇ ਅਗੋਚਰ ਨੂੰ ਕਾਲ ਨਹੀਂ ਪੋਹ ਸਕਦਾ।[8]

ਗੁਰੂ ਨਾਨਕ ਦੇਵ ਜੀ ਦੇ ਰਹੱਸਵਾਦ ਬਾਰੇ ਅਤਿ ਸੰਖੇਪ ਸ਼ਬਦਾਂ ਵਿਚ ਜੇ ਕੁਝ ਕਹਿਣਾ ਹੋਵੇ ਤਾਂ 'ਜਪੁਜੀ ਤੇ ਬਾਰਾਂ ਮਾਂਹ(ਰਾਗ ਤੁਖਾਰੀ)' ਦੀ ਰਚਨਾ ਦਾ ਨਾਂ ਲੈ ਸਕਦੇ ਹਾਂ।

ਬਾਰਾਂ ਮਾਂਹ ਤੁਖਾਰੀ ਵਿਚੋਂ ਰਹੱਸਮਈ ਨਜ਼ਾਰੇ ਮਾਨਣ ਦਾ ਵੀ ਆਪਣੀ

---

੧- ਧਨਾਸਰੀ ਮ:੧, ਆਦਿ ਗ੍ਰੰਥ, ਪੰਨਾ ੬੬੩<br>
੨- ਜਪੁਜੀ, ਆਦਿ ਗ੍ਰੰਥ, ਪੰਨਾ ੪<br>
੩- ਰਿਗ ਵੇਦ, ੧੦-੧੨੯<br>
੪- ਮਾਰੂ ਮ:੧, ਆਦਿ ਗ੍ਰੰਥ, ਪੰਨਾ ੧੦੩੫<br>
੫- ਸਹਸ ਅਠਾਰਹ ਕਹਨਿ ਕਤੇਬਾ---।।ਜਪੁਜੀ, ਆਦਿ ਗ੍ਰੰਥ, ਪੰਨਾ ੫<br>
੬- ਓੜਕ ਓੜਕ ਭਾਲਿ ਥਕੇ ਵੇਦ ਕਹਨਿ ਇਕ ਵਾਤ।।—ਜਪੁਜੀ, ਆਦਿ ਗ੍ਰੰਥ, ਪੰਨਾ ੫<br>
੭- ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ।।<br>
—ਆਸਾ ਦੀ ਵਾਰ, ਮ:੧, ਆਦਿ ਗ੍ਰੰਥ, ਪੰਨਾ ੪੬੩<br>
੮- ਅਲਖ ਅਪਾਰ ਅਗੰਮ ਅਗੋਚਰਿ ਨਾ ਤਿਸੁ ਕਾਲੁ ਨ ਕਰਮਾ।।<br>
—ਸੋਰਠਿ ਮ:੧, ਆਦਿ ਗ੍ਰੰਥ, ਪੰਨਾ ੫੯੭

ਹੀ ਕਿਸਮ ਦਾ ਅਨੰਦ ਹੈ ਕਿਉਂਕਿ ਇਹ ਰਚਨਾ ਵਿਛੋੜੇ ਤੇ ਮਿਲਾਪ ਲਈ ਤੜਪ ਦੀ ਅਤਿ ਸੁੰਦਰ ਉਦਾਹਰਣ ਹੈ। ਜੀਵ ਆਤਮਾ ਪ੍ਰਭੂ ਤੋਂ ਵਿਛੜੀ ਹੋਈ ਮਿਲਨ ਲਈ ਵਿਰਲਾਪ ਕਰ ਰਹੀ ਹੈ:-

ਅਸੁਨਿ ਆਉ ਪਿਰਾ ਸਾਧਨ ਝੂਰਿ ਮੁਈ॥[1]

ਇਉਂ ਲਗਦਾ ਹੈ ਕਿ ਜੀਵ ਇਸਤਰੀ ਨੇ ਸਾਖਿਆਤ ਗਲਵਕੜੀ ਪਾਉਣ ਲਈ ਬਾਹਵਾਂ ਅੱਡੀਆਂ ਹੋਈਆਂ ਹਨ ਤੇ ਤੀਬਰ ਇਛਾ ਹੈ ਕਿ ਹੁਣੇ ਪਤੀ-ਪਰਮਾਤਮਾ ਦਰਵਾਜ਼ੇ ਵਿਚ ਆ ਖੜਾ ਹੋਵੇ ਕਿਉਂਕਿ ਵਿਛੋੜਾ ਸਹਾਰਿਆ ਨਹੀਂ ਜਾ ਰਿਹਾ:-

ਪਿਰੁ ਘਰਿ ਨਹੀ ਆਵੈ ਮਰੀਐ ਹਾਵੈ ਦਾਮਨਿ ਚਮਕਿ ਡਰਾਏ॥[2]

ਜਦੋਂ ਵਸਲ ਦੀ ਅਵਸਥਾ ਆ ਪੁਜਦੀ ਹੈ ਤਾਂ ਆਤਮਾ ਨਿਹਾਲ ਹੋ ਉਠਦੀ ਹੈ, ਸਾਰੀਆਂ ਭੁਖਾਂ (ਸਰੀਰਕ ਤੇ ਆਤਮਕ ਦੋਵੇਂ ਪ੍ਰਕਾਰ ਦੀਆਂ) ਮਿਟ ਜਾਂਦੀਆਂ ਹਨ। ਮਨ ਕਮਲ ਵਾਂਗ ਖੇੜੇ ਵਿਚ ਆ ਜਾਂਦਾ ਹੈ:-

ਜਬ ਲਗੁ ਦਰਸੁ ਨ ਪਰਸੈ ਪ੍ਰੀਤਮ ਤਬ ਲਗੁ ਭੂਖ ਪਿਆਸੀ॥
ਦਰਸਨੁ ਦੇਖਤ ਹੀ ਮਨੁ ਮਾਨਿਆ ਜਲ ਰਸਿ ਕਮਲ ਬਿਗਾਸੀ॥[3]

ਗੁਰੂ ਅੰਗਦ ਦੇਵ ਜੀ ਨੇ ਲਗ ਪਗ ੧੩ ਸਾਲ (੧੫੩੯-੧੫੫੨) ਗੁਰਿਆਈ ਸੰਭਾਲੀ। ਪਰ ਆਪ ਨੇ ਜ਼ਿਆਦਾ ਰਚਨਾ ਨਹੀਂ ਕੀਤੀ। ਆਪ ਸਿੱਖੀ ਦਾ ਪ੍ਰਚਾਰ ਕਰਦੇ ਸਨ। ਸ਼ਬਦ ਕੀਰਤਨ ਕਰਦੇ ਸਨ। ਲੰਗਰ ਚਾਲੂ ਕਰਨਾ ਆਪ ਦਾ ਯਾਦਗਾਰੀ ਕਾਰਜ ਹੈ। ਆਪ ਦੇ ਕੁਲ ੬੨ ਸਲੋਕ ਹਨ, ਪਰ ਇਨ੍ਹਾਂ ਸਲੋਕਾਂ ਵਿਚ ਵਿਚਾਰ ਉਨੇ ਹੀ ਮਹਾਨ ਤੇ ਰਹੱਸਮਈ ਹਨ, ਜਿੰਨੇ ਗੁਰੂ ਨਾਨਕ ਦੇਵ ਜੀ ਦੇ।

ਗਿਆਨ ਇੰਦਰਿਆਂ (ਅਖਾਂ, ਕੰਨ, ਨੱਕ, ਹੱਥ, ਪੈਰ, ਜੀਭ ਆਦਿ) ਰਾਹੀਂ ਜੀਵ ਦਾ ਮਨ ਵਿਕਾਰਾਂ ਵਲ ਦੌੜਦਾ ਹੈ। ਅਸਲ ਵਿਚ ਇਨ੍ਹਾਂ ਸਾਰਿਆਂ ਤੇ ਕਾਬੂ ਪਾ ਕੇ ਹੀ ਜੀਵਨ ਮੁਕਤ ਦੀ ਪਦਵੀ ਮਿਲ ਸਕਦੀ ਹੈ। ਉਹ ਵਾਹਿਗੁਰੂ ਦਿਸਦਾ ਹੈ, ਸੁਣਿਆ ਜਾਂਦਾ ਹੈ, ਜਾਣਿਆ ਜਾਂਦਾ ਹੈ, ਪਰ ਇਸ ਜੀਵ ਨੂੰ ਸੁਆਦ ਨਹੀਂ ਆਉਂਦਾ ਕਿਉਂਕਿ ਇਹ ਜੀਵ ਤਾਂ ਪੈਰਾਂ ਤੋਂ ਲੂਲ੍ਹਾ, ਹੱਥਾਂ ਤੋਂ ਟੁੰਡਾ ਤੇ ਅਖੋਂ ਅੰਨ੍ਹਾਂ ਹੈ, ਫਿਰ ਵਾਹਿਗੁਰੂ ਦੇ ਗਲੇ ਕਿਵੇਂ ਲਗ ਸਕੇ। ਹਾਂ, ਗਲੇ ਲਗ ਸਕਦਾ ਹੈ, ਜੇ ਉਹ ਡਰ ਦੇ ਪੈਰ, ਪਿਆਰ ਦੇ ਹੱਥ ਤੇ ਸੁਰਤ ਦੀਆਂ ਅੱਖਾਂ ਬਣਾ ਲਵੇ ਤਾਂ ਗੁਰੂ ਅੰਗਦ

---

੧- ਬਾਰਾਂ ਮਾਂਹ ਤੁਖਾਰੀ ਮ:੧, ਆਦਿ ਗ੍ਰੰਥ, ਪੰਨਾ ੧੧੦੮
੨- ਉਹੀ।
੩- ਸਾਰੰਗ ਮ:੧, ਆਦਿ ਗ੍ਰੰਥ, ਪੰਨਾ ੧੧੯੭

ਫੁਰਮਾਉਂਦੇ ਹਨ ਕਿ ਜੀਵ ਆਪਣੇ ਮਾਲਕ ਪਤੀ ਨੂੰ ਮਿਲ ਸਕਦਾ ਹੈ।[੧]

ਗੁਰੂ ਅਮਰ ਦਾਸ ਜੀ ਨੂੰ ਆਪਣੀ ਆਯੂ ਦੇ ੭੩ਵੇਂ ਸਾਲ ਵਿਚ ਗੁਰਿਆਈ ਮਿਲੀ ਸੀ। ਇਸ ਪੱਕੀ ਹੋਈ ਉਮਰ ਵਿਚ ਗੁਰਿਆਈ ਵਰਗਾ ਪਦ ਮਿਲਣਾ ਇਕ ਅਚੰਭਾ ਹੀ ਲਗਦਾ ਹੈ। ਪਰ ਜਿਥੇ ਇਹ ਉਮਰ ਪੱਕੀ ਹੋਈ ਸੀ, ਉਥੇ ਰਸੀ ਭੀ ਹੋਈ ਸੀ, ਜਿਸ ਵਿਚੋਂ ਗਿਆਨਮਈ ਅਧਿਆਤਮਕ ਰਸ ਡੁਲ੍ਹ ਡੁਲ੍ਹ ਪੈ ਰਿਹਾ ਸੀ। ਗੁਰਿਆਈ ਦੇ ਇਸ ੨੨ ਸਾਲਾਂ ਦੇ ਦੌਰਾਨ ਹੀ ਆਪ ਜੀ ਨੇ ਅਜਿਹੀ ਦੇਣ ਸਿੱਖ ਕੌਮ ਨੂੰ ਦਿਤੀ, ਜਿਸ ਨਾਲ ਗੁਰੂ ਅਮਰਦਾਸ ਜੀ 'ਅਮਰ' ਹੋ ਗਏ।

'ਅਨੰਦ' ਆਪ ਜੀ ਦੀ ਸ਼ਾਹਕਾਰ ਰਚਨਾ ਹੈ। ਜਿਸ ਨੂੰ ਸਿੱਖ ਹਰ ਰਸਮ-ਰੀਤ ਵਿਚ ਪੜ੍ਹਨਾ ਜ਼ਰੂਰੀ ਸਮਝਦੇ ਹਨ।

ਗੁਰੂ ਅਮਰਦਾਸ ਜੀ ਮਾਇਆ ਸਬੰਧੀ ਆਪਣੇ ਸਵਾਲ ਦਾ ਆਪ ਹੀ ਜੁਆਬ ਦੇਂਦੇ ਹਨ:-

(ਪ੍ਰਸ਼ਨ) ਮਾਇਆ ਕਿਸ ਨੋ ਆਖੀਐ, ਕਿਆ ਮਾਇਆ ਕਰਮ[੨] ਕਮਾਇ।।
(ਉਤਰ) ਦੁਖਿ ਸੁਖਿ ਏਹੁ ਜੀਉ ਬਧੁ ਹੈ ਹਉਮੈ ਕਰਮ ਕਮਾਇ।।

ਨਾਮ ਦੇ ਖਜ਼ਾਨੇ ਨੂੰ ਗੁਰੂ ਜੀ ਸਥਿਰ ਦਸਦੇ ਹਨ। ਇਸ ਧਨ ਨੂੰ ਨ ਤਾਂ ਕੋਈ ਚੋਰ ਹੀ ਤਾੜ ਸਕਦਾ ਹੈ ਤੇ ਨ ਹੀ ਡਾਕੂ[੩] ਚੁੱਕ ਕੇ ਲਿਜਾ ਸਕਦਾ ਹੈ। ਇਹ ਅਮੋਲਕ ਖਜ਼ਾਨਾ ਜੀਵ ਦੇ ਨਾਲ ਹੀ ਨਿਭਦਾ ਹੈ।

ਗੁਰੂ ਰਾਮਦਾਸ ਜੀ ਦੀ ਰਚਨਾ ਵਿਚ ਰਹੱਸਵਾਦ ਦੇ ਅੰਸ਼ ਵੀ ਖ਼ਾਸ ਵਰਣਨ ਯੋਗ ਹਨ। ਆਪ ਪਹਿਲੇ ਭਾਰਤੀ ਕਵੀ ਹਨ, ਜਿਨ੍ਹਾਂ ਨੇ ੩੦ ਰਾਗਾਂ ਵਿਚ ਰਚਨਾ ਕੀਤੀ। ਆਪ ਤੋਂ ਬਾਦ ਗੁਰੂ ਅਰਜਨ ਦੇਵ ਜੀ ਨੇ ਵੀ ਇਨ੍ਹਾਂ ਹੀ ੩੦ ਰਾਗਾਂ ਵਿਚ ਬਾਣੀ ਰਚੀ।

ਸਾਰੇ ਹੀ ਗੁਰੂ ਸਾਹਿਬਾਨ ਦਾ ਰਹੱਸਵਾਦ ਯਥਾਰਥਕ ਹੈ, ਜਿਸ ਵਿਚ ਕਿਤੇ ਵੀ ਇਤਰਾਜ਼ ਦੀ ਉਂਗਲੀ ਨਹੀਂ ਰਖੀ ਜਾ ਸਕਦੀ, ਪਰ ਗੁਰੂ ਰਾਮਦਾਸ ਦਾ ਰਹੱਸਵਾਦ ਤਾਂ ਖਾਸ ਹੀ ਹਕੀਕਤ ਵਾਲਾ ਹੈ। ਬ੍ਰਹਮ ਬਾਰੇ ਆਪ ਫੁਰਮਾਉਂਦੇ ਹਨ:-

---

੧- ਅਖੀ ਬਾਝਹੁ ਵੇਖਣਾ ਵਿਣੁ ਕੰਨਾ ਸੁਨਣਾ।।
ਨਾਨਕ ਕਹੈ ਸਿਆਣੀਏ ਇਵ ਕੰਤ ਮਿਲਾਵਾ ਹੋਇ।।
—ਸਲੋਕ ਮ: ੨, ਆਦਿ ਗ੍ਰੰਥ, ਪੰਨਾ ੧੩੯

੨- ਸਿਰੀ ਰਾਗੁ ਮ:੩, ਆਦਿ ਗ੍ਰੰਥ, ਪੰਨਾ ੬੭

੩- ਏਕੋ ਨਿਹਚਲ ਨਾਮ ਧਨੁ ਹੋਰੁ ਧਨੁ ਆਵੈ ਜਾਇ।।
ਇਹੁ ਹਰਿਧਨੁ ਜੀਐ ਸੇਤੀ ਰਵਿ ਰਹਿਆ ਜੀਐ ਨਾਲੇ ਜਾਇ।।
—ਗੂਜਰੀ ਕੀ ਵਾਰ ਮ:੩, ਆਦਿ ਗ੍ਰੰਥ, ਪੰਨਾ ੫੧੧

ਜਿਉ ਪਸਰੀ ਸੂਰਜ ਕਿਰਣਿ ਜੋਤਿ॥
ਤਿਉ ਘਟਿ ਘਟਿ ਰਮਈਆ ਓਤਿ ਪੋਤਿ॥[1]

ਤੇ-

ਹਰਿ ਅੰਤਰਿ ਬਾਹਰਿ ਆਪਿ ਹੈ ਮੇਰੇ ਗੋਵਿੰਦਾ
ਹਰਿ ਆਪਿ ਰਹਿਆ ਭਰਪੂਰੀ ਜੀਉ॥
ਹਰਿ ਆਤਮਰਾਮੁ ਪਸਾਰਿਆ ਮੇਰੇ[2] ਗੋਵਿੰਦਾ
ਹਰਿ ਵੇਖੈ ਆਪਿ ਹਦੂਰੀ ਜੀਉ॥

ਜੀਵ ਦੇ ਸੰਸਾਰ ਵਿਚ ਆਉਣ ਦੇ ਸਾਰੇ ਸਮੇਂ ਨੂੰ ਗੁਰੂ ਜੀ ਰਾਤ ਦੇ ਚਾਰ ਪਹਿਰਾਂ ਦੇ ਸਮਾਨ ਤੁਲਨਾ ਕੇ ਸਮਝਾਉਂਦੇ ਹਨ ਕਿ ਜੋ ਚੌਥੇ ਪਹਿਰ ਵਿਚ ਆ ਕੇ ਪ੍ਰਭੂ ਚਰਨਾਂ ਨਾਲ ਚਿਤ ਜੋੜ ਲੈਂਦੇ ਹਨ, ਮੋਹ ਮਾਇਆ ਦੇ ਜਾਲ ਵਿਚ ਫਸਦੇ ਨਹੀਂ, ਉਨ੍ਹਾਂ ਭਗਤਾਂ ਦੀ ਇਹ ਰੈਣ ਗੁਜ਼ਾਰੀ ਸਫ਼ਲੀ ਰਹਿੰਦੀ ਹੈ।[3]

ਮਾਇਆ ਸਬੰਧੀ ਗੁਰੂ ਜੀ ਦੇ ਵਿਚਾਰ ਕਿੰਨੇ ਰਹੱਸਮਈ ਹਨ ਕਿ ਦਿਨ ਚੜ੍ਹਦਾ ਹੈ, ਢਲਦਾ ਹੈ, ਫਿਰ ਸਾਰੀ ਰਾਤ ਲੰਘ ਜਾਂਦੀ ਹੈ। ਇਉਂ ਉਮਰ ਘਟਦੀ ਰਹਿੰਦੀ ਹੈ, ਪਰ ਜੀਵ ਸਮਝਦਾ ਨਹੀਂ ਕਿ ਕਾਲ ਰੂਪੀ ਚੂਹਾ ਉਮਰ ਰੂਪੀ ਰੱਸੀ ਨੂੰ ਟੁੱਕ ਰਿਹਾ ਹੈ।[4] ਇਥੇ ਇਕ ਕਹਾਣੀ ਵਲ ਇਸ਼ਾਰਾ ਹੈ, ਜਿਸ ਵਿਚ ਮਨੁੱਖਾ ਜੀਵਨ ਨੂੰ ਇਉਂ ਨਿਰੂਪਣ ਕੀਤਾ ਹੈ ਕਿ ਇਕ ਮਨੁੱਖ ਭੱਜਾ ਭੱਜਾ ਇਕ ਖੂਹ ਵਿਚ ਰਸੀ ਨਾਲ ਲਟਕ ਗਿਆ। ਉਤੋਂ ਇਕ ਚੂਹਾ ਉਸ ਲੱਜ ਨੂੰ ਟੁੱਕ ਰਿਹਾ ਸੀ, ਪਰ ਜਿਸ ਦਰਖ਼ਤ ਨਾਲ ਉਹ ਲੱਜ ਬਧੀ ਸੀ, ਉਸ ਵਿਚ ਇਕ ਮਾਖਿਓਂ ਦਾ ਛੱਤਾ ਸੀ, ਜਿਸ ਵਿਚੋਂ ਮਾਖਿਓਂ ਟਪਕ ਟਪਕ ਕੇ ਉਸ ਦੇ ਮੂੰਹ ਵਿਚ ਪੈ ਰਿਹਾ ਸੀ, ਜਿਸ ਦੇ ਸੁਆਦ ਵਿਚ ਮਗਨ ਹੋ ਕੇ ਉਹ ਜੀਵ ਭੁਲ ਗਿਆ ਸੀ ਕਿ ਲੱਜ ਨੂੰ ਚੂਹਾ ਕਟ ਰਿਹਾ ਹੈ।[5] ਇਥੇ ਲੱਜ ਉਮਰ ਹੈ, ਚੂਹਾ ਕਾਲ ਹੈ, ਮਾਖਿਓਂ ਰਸ ਮਾਇਆ ਹੈ।

ਸਤਿਸੰਗਤ ਦੀ ਸ਼ਕਤੀ ਇੰਨੀ ਹੈ ਕਿ ਇਹ ਬੇਮੁਖ ਹੋ ਚੁੱਕੇ ਨਿੰਦਕਾਂ ਨੂੰ ਵੀ ਪਾਰ ਲੰਘਾ ਸਕਦੀ ਹੈ, ਜੇ ਉਹ ਸ਼ਰਣ ਆ ਜਾਣ:-

---

੧- ਬਸੰਤ ਮ:੪,ਆਦਿ ਗ੍ਰੰਥ, ਪੰਨਾ ੧੧੭੭
੨- ਗਉੜੀ ਮਾਝ ਮ:੪,ਆਦਿ ਗ੍ਰੰਥ, ਪੰਨਾ ੧੭੪
੩- ਸਿਰੀ ਰਾਗੁ ਮ:੪,'ਪਹਰੇ',ਆਦਿ ਗ੍ਰੰਥ, ਪੰਨਾ ੭੬-੭੭
੪- ਦਿਨਸੁ ਚੜੈ ਫਿਰਿ ਆਥਵੈ ਰੈਣਿ ਸਬਾਈ ਜਾਇ॥
ਆਵ ਘਟੈ ਨਰੁ ਨਾ ਬੁਝੈ ਨਿਤਿ ਮੂਸਾ ਲਾਜੁ ਟੁਕਾਇ॥
—ਸਿਰੀ ਰਾਗੁ ਮ:੪,ਆਦਿ ਗ੍ਰੰਥ, ਪੰਨਾ ੪੧
੫- ਸ਼ਬਦਾਰਥ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ ੪੧ (ਪੋਥੀ ਪਹਿਲੀ)

ਕੋਈ ਨਿੰਦਕੁ ਹੋਵੈ ਸਤਿਗੁਰੂ ਕਾ ਫਿਰਿ ਸਰਣਿ ਗੁਰ ਆਵੈ।।
ਪਿਛਲੇ ਗੁਨਹ ਸਤਿਗੁਰੁ ਬਖਸਿ ਲਏ ਸਤਿ ਸੰਗਤਿ ਨਾਲਿ ਰਲਾਵੈ।।[1]

ਪ੍ਰਭੂ ਦਾ ਗੁਣ ਗਾਉਣ ਵਾਲੇ ਤੇ ਕੀਰਤਨ ਸੁਣਨ ਵਾਲੇ ਸੁਭਾਗੇ ਜੀਵਾਂ ਦੀ ਗੁਰੂ ਜੀ ਕਿੰਨੇ ਰਸੀਲੇ ਸ਼ਬਦਾਂ ਵਿਚ ਸ਼ਲਾਘਾ ਕਰਦੇ ਹਨ:-

ਸਾ ਰਸਨਾ ਧਨੁ ਧੰਨੁ ਹੈ ਮੇਰੀ ਜਿੰਦੁੜੀਏ ਗੁਣ ਗਾਵੈ ਹਰਿ ਪ੍ਰਭ ਕੇਰੇ ਰਾਮ।।
ਤੇ ਸ੍ਰਵਨ ਭਲੇ ਸੋਭਨੀਕ ਹਹਿ ਮੇਰੀ ਜਿੰਦੁੜੀਏ ਹਰਿ ਕੀਰਤਨੁ ਸੁਣਹਿ ਹਰਿ ਤੇਰੇ ਰਾਮ।[2]

ਛਕੇ ਛੰਤ ਆਪ ਜੀ ਦੀ ਖਾਸ ਰਚਨਾ ਹੈ, ਜਿਸ ਵਿਚ ਗੁਰਸਿਖ ਦੀ ਪ੍ਰੀਤ ਦਾ ਬਿਆਨ ਅਜਿਹੇ ਸੁੰਦਰ ਢੰਗ ਨਾਲ ਕੀਤਾ ਗਿਆ ਹੈ ਕਿ ਇਹ ਰਚਨਾ ਹਰ ਗੁਰਸਿਖ ਦੇ ਨਿਤਨੇਮ ਵਿਚ (ਆਸਾ ਦੀ ਵਾਰ ਵਿਚ) ਸ਼ਾਮਲ ਹੋ ਗਈ ਹੈ। ਇਨ੍ਹਾਂ ਛੰਤਾਂ ਵਿਚ ਪ੍ਰੇਮ ਦੀਆਂ ਜੋ ਵੰਨਗੀਆਂ ਮਿਲਦੀਆਂ ਹਨ, ਉਹ ਆਪਣੀ ਮਿਸਾਲ ਆਪ ਹਨ:-

ੳ- ਹਰਿ ਅੰਮ੍ਰਿਤ ਭਿੰਨੇ ਲੋਇਣਾ ਮਨੁ ਪ੍ਰੇਮਿ ਰਤੰਨਾ ਰਾਮ ਰਾਜੇ।।[3]
ਅ- ਹਰਿ ਪ੍ਰੇਮਿ ਬਾਣੀ ਮਨੁ ਮਾਰਿਆ ਅਣੀਆਲੇ ਅਣੀਆ ਰਾਮ ਰਾਜੇ।।[4]
ੲ- ਗੁਰਮੁਖਿ ਢੂਢਿ ਢੂਢੇਦਿਆਂ ਹਰਿ ਸਜਣੁ ਲਧਾ ਰਾਮ ਰਾਜੇ।।[5]
ਸ- ਪੰਥੁ ਦਿਸਾਵਾ ਨਿਤ ਖੜੀ ਮੁੰਧ ਜੋਬਨਿ ਬਾਲੀ ਰਾਮ ਰਾਜੇ।।[6]
ਹ- ਮੇਰੇ ਮਨ ਪਰਦੇਸੀ ਵੇ ਪਿਆਰੇ ਆਉ ਘਰੇ।।
--- --- ---
ਮੈ ਪ੍ਰੇਮੁ ਨ ਚਾਖਿਆ ਮੇਰੇ ਪਿਆਰੇ ਭਾਉ ਕਰੇ।।[7]

ਗੁਰੂ ਸਾਹਿਬਾਨ ਤੋਂ ਇਲਾਵਾ ਇਸੇ ਕਾਲ ਵਿਚ ਕੁਝ ਸੂਫ਼ੀ ਰਹੱਸਵਾਦੀ ਪੰਜਾਬੀ ਕਵੀ ਹੋਏ - ਭਗਤ ਕਾਹਨਾ, ਪੀਲੂ, ਛੱਜੂ, ਵਜੀਦ ਤੇ ਸ਼ਾਹ ਹੁਸੈਨ। ਇਨ੍ਹਾਂ ਵਿਚੋਂ ਸ਼ਾਹ ਹੁਸੈਨ ਦਾ ਨਾਂ ਜ਼ਿਆਦਾ ਉੱਘਾ ਹੈ।

ਭਗਤ ਕਾਹਨਾ ਅਕਬਰ ਦੇ ਰਾਜ ਵਿਚ ਚੰਗੇ ਰਸੂਖ ਵਾਲਾ ਕਰਮਚਾਰੀ ਸੀ। ਇਸ ਦੀ ਰਚਨਾ ਵਿਚ ਰਹੱਸਵਾਦੀ ਅੰਸ਼ ਤਾਂ ਹੈ,ਪਰ ਇਹ ਹਉਮੈ ਦੀ ਬੋ ਮਾਰਦਾ ਹੈ:-

ਮੈਂ ਉਹੀ ਰੇ ਮੈਂ ਉਹੀ ਸਹੀ-----।

---

੧- ਬਿਲਾਵਲ ਮ:੪,ਆਦਿ ਗ੍ਰੰਥ,ਪੰਨਾ ੮੫੪
੨- ਬਿਹਾਗੜਾ ਮ:੪,ਆਦਿ ਗ੍ਰੰਥ, ਪੰਨਾ ੫੪੦
੩- ਆਸਾ ਮ:੪,ਛੰਤ, ਆਦਿ ਗ੍ਰੰਥ, ਪੰਨਾ ੪੪੮
੪- ਆਸਾ ਮ:੪,ਛੰਤ, ਆਦਿ ਗ੍ਰੰਥ, ਪੰਨਾ ੪੪੯
੫- ਆਸਾ ਮ:੪,ਛੰਤ, ਆਦਿ ਗ੍ਰੰਥ, ਪੰਨਾ ੪੪੯
੬- ਉਹੀ।
੭- ਉਹੀ, ਪੰਨਾ ੪੫੧

ਪੀਲੂ ਦੇ ਰਹੱਸਵਾਦ ਵਿਚ ਨਿਰਾਸ਼ਾਵਾਦ ਦੀ ਝਲਕ ਸਾਫ਼ ਦਿਖਾਈ ਦਿੰਦੀ ਹੈ:-

ਅਸਾਂ ਨਾਲੋਂ ਸੇ ਭਲੇ, ਜਨਮਤ ਹੀ ਮਰ ਜਾਤ।
ਬਿਖੈ ਕੀਚ ਆਲੂਦ ਨਹਿ, ਭਈ ਨ ਜਗ ਕੀ ਤਾਤ।

ਭਗਤ ਛੱਜੂ ਵਿਚ ਇਸਤਰੀ ਜਾਤੀ ਦੀ ਨਿੰਦਾ ਸੀ:-

ਕਾਗਦ ਕੀ ਜੇ ਹੋਵੇ ਨਾਰੀ, ਵਿਸ ਗੈਦਲ ਕੀ ਜਾਨ ਕਟਾਰੀ।

ਬਾਬਾ ਵਜੀਦ (੧੫੬੨-੧੬੦੯) ਦੀ ਰਚਨਾ ਵਿਚ ਵੀ ਨਿਰਾਸ਼ਾਵਾਦ ਹੈ ਪਰ ਰੱਬ ਦੀ ਰਜ਼ਾ ਵਿਚ ਰਹਿਣ ਵਾਲਾ ਹੈ। ਇਸ ਦੀ ਰਚਨਾ ਦੇ ਹਰ ਬੰਦ ਦੇ ਅਖੀਰ ਤੇ 'ਵਜੀਦਾ' ਕੌਣ ਸਾਹਿਬ ਨੂੰ ਆਖੇ ਐਉਂ ਨਹੀਂ ਐਂਜ ਕਰ' ਤੁਕ ਆਉਂਦੀ ਹੈ।

ਇਨ੍ਹਾਂ ਭਗਤਾਂ ਦੀ ਰਚਨਾ ਵਿਚ ਸਮਕਾਲੀ ਹੁੰਦਿਆਂ ਹੋਇਆਂ ਵੀ ਗੁਰਮਤ ਰਹੱਸਵਾਦ ਦੀ ਝਲਕ ਮਾਤਰ ਵੀ ਦਿਖਾਈ ਨਹੀਂ ਦਿੰਦੀ। ਸ਼ਾਹ ਹੁਸੈਨ (੧੫੩੮-੧੫੯੯) ਗੁਰੂ ਅਰਜਨ ਦੇਵ ਜੀ ਦਾ ਸਮਕਾਲੀ ਸੂਫ਼ੀ ਕਵੀ ਸੀ। ਇਸ ਨੇ ਗੁਰਬਾਣੀ ਦਾ ਕਾਫ਼ੀ ਅਸਰ ਕਬੂਲਿਆ, ਪਰ ਫਿਰ ਵੀ ਇਸ ਵਿਚ ਗੁਰਬਾਣੀ ਵਾਲੀ ਉੱਤਮਤਾਈ ਨਹੀਂ ਆ ਸਕੀ। ਨਿਰਾਸ਼ਾ- ਜਿਸ ਦੀ ਗੁਰਮਤ ਵਿਚ ਕੋਈ ਥਾਂ ਨਹੀਂ- ਦੀ ਗੰਧ ਸ਼ਾਹ ਹੁਸੈਨ ਦੀ ਰਚਨਾ ਵਿਚੋਂ ਆਮ ਆਉਂਦੀ ਹੈ:-

ਚੁਪ ਵੇ ਅੜਿਆ ਚੁਪ ਵੇ ਅੜਿਆ
ਬੋਲਣ ਦੀ ਜਾਇ ਨਾਹੀ
ਸੱਜਣਾ ਬੋਲਣ ਦੀ ਜਾਇ ਨਾਹੀ।[੧]

*****
***
*

---

੧- ਹੁਸੈਨ ਰਚਨਾਵਲੀ, ਪਿਆਰਾ ਸਿੰਘ ਪਦਮ, ਪੰਨਾ ੪੮

## ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ ਰਹੱਸਵਾਦ

'ਗੁਰੂ ਅਰਜਨ ਦੇਵ ਜੀ' ਤੇ 'ਰਹੱਸਵਾਦ' ਨੂੰ ਵਖਰਾ ਵਖਰਾ ਵਿਚਾਰਨ ਤੋਂ ਬਾਦ ਅਸੀਂ ਆਪਣੇ ਅਸਲੀ ਵਿਸ਼ੇ ਤੱਕ ਪੁਜ ਗਏ ਹਾਂ- ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ ਰਹੱਸਵਾਦ।

ਗੁਰੂ ਅਰਜਨ ਦੇਵ ਜੀ ਜਮਾਂਦਰੂ ਕਵੀ ਸਨ। ਆਪ ਦੀ ਰਚਨਾ ਅਨੁਭਵ ਦੀ ਕਵਿਤਾ ਹੈ, ਰਹੱਸਵਾਦ ਇਸ ਦਾ ਪ੍ਰਧਾਨ ਅੰਗ ਹੈ।[੧] ਆਪ ਨੇ 'ਰਹਸੁ' ਸ਼ਬਦ ਦੇ ਅਰਥ 'ਖੇੜਾ' ਅਥਵਾ 'ਅਨੰਦ' ਕੀਤੇ ਹਨ।[੨] ਗੁਰੂ ਜੀ ਨੇ ਰਹੱਸਵਾਦ ਨੂੰ ਜੋ ਸਰੂਪ ਦਿੱਤਾ ਹੈ, ਉਸ ਨੂੰ ਗੁਰਮਤ ਰਹੱਸਵਾਦ ਦਾ ਨਾਂ ਦਿੱਤਾ ਜਾ ਸਕਦਾ ਹੈ। ਇਹ ਰਹੱਸਵਾਦ ਵੇਦਾਂ,ਉਪਨਿਸ਼ਦਾਂ, ਸ਼ਾਸਤਰਾਂ ਆਦਿ ਸਭ ਦੇ ਖੋਖਲੇ ਬੰਧਨਾਂ ਤੋਂ ਆਜ਼ਾਦ ਤੇ ਵਖਰਾ ਹੈ; ਇਸ ਵਿਚ ਅਖਾਉਤੀ ਇਸਲਾਮੀ ਬੰਦਸ਼ਾਂ ਵੀ ਨਹੀਂ। ਮੋਟੇ ਤੌਰ ਤੇ ਇਸ ਰਹੱਸਵਾਦ ਦੀਆਂ ਵਿਸ਼ੇਸ਼ਤਾਈਆਂ ਇਹ ਹਨ:-

੧- ਗੁਰਮਤ ਰਹੱਸਵਾਦੀ ਜੀਵਨ ਨੂੰ ਘਾਲ ਮੰਨਦੇ ਹਨ ਤੇ ਇਸ ਨੂੰ ਸਾਧਣ ਲਈ ਨਾਮ ਸਿਮਰਨ ਨੂੰ ਆਧਾਰ ਬਨਾਉਂਦੇ ਹਨ।

੨- ਗੁਰਮਤ ਰਹੱਸਵਾਦੀ ਆਸ਼ਾਵਾਦੀ ਹਨ।

੩- ਵੇਦਾਂਤ ਜਗਤ ਨੂੰ 'ਮਿਥਿਆ' ਦਸਦਾ ਹੈ, ਪਰ ਗੁਰਮਤ ਰਹੱਸਵਾਦ ਵਿਚ ਇਹ 'ਸੱਚ' ਹੈ।

੪- ਗੁਰਮਤ ਰਹੱਸਵਾਦੀ ਗ੍ਰਿਹਸਤੀ ਹਨ ਤੇ ਗ੍ਰਿਹਸਤ ਵਿਚ ਰਹਿਣ ਦੀ ਸਿਖਿਆ ਦਿੰਦੇ ਹਨ। ਸੰਨਿਆਸ ਦੀ ਇਸ ਰਹੱਸਵਾਦ ਵਿਚ ਕੋਈ ਥਾਂ ਨਹੀਂ।

੫- ਗੁਰਮਤ ਰਹੱਸਵਾਦ ਅਨੁਸਾਰ 'ਮਾਇਆ' ਕੇਵਲ ਨਾਂ ਨੂੰ ਹੈ, ਇਸ ਦੀ ਆਪਣੀ ਕੋਈ ਠੋਸ ਹੋਂਦ ਨਹੀਂ।

੬- ਗੁਰਮਤ ਰਹੱਸਵਾਦੀ ਆਪਣੇ ਪ੍ਰਭੂ ਪਤੀ ਨਾਲ ਸੰਜੋਗ ਲਈ ਅਰਜ਼ਾਂ ਕਰਦੇ ਹਨ,ਤਰਲੇ ਕਰਦੇ ਹਨ,ਨਹੋਰੇ ਨਹੀਂ ਮਾਰਦੇ ਤੇ ਨਾ ਮਿਹਣੇ ਦਿੰਦੇ ਹਨ।

---

੧- ਗੁਰੂ ਨਾਨਕ ਦੀ ਪ੍ਰਤਿਭਾ ਤੇ ਹੋਰ ਲੇਖ, ਪ੍ਰੋ.ਦੀਵਾਨ ਸਿੰਘ, ਪੰਨਾ ੧੯

੨-ੳ-ਮਹਾਂ ਮੰਗਲੁ ਰਹਸੁ ਥੀਆ ਪਿਰੁ ਦਇਆਲੁ ਸਦ ਨਵਰੰਗੀਆ।।
— ਜੈਤਸਰੀ ਮ:੫,ਆਦਿ ਗ੍ਰੰਥ, ਪੰਨਾ ੭੦੪

ਅ-ਸ਼ਾਂਤਿ ਸਹਜੁ ਰਹਸੁ ਮਨਿ ਉਪਜਿਓ ਸਗਲੇ ਦੂਖ ਪਲਾਇਣ।।
— ਟੋਡੀ ਮ:੫,ਆਦਿ ਗ੍ਰੰਥ, ਪੰਨਾ ੭੧੪

ੲ-ਜਿਨ ਡਿਠਿਆ ਮਨੁ ਰਹਸੀਐ ਕਿਉ ਪਾਈਐ ਤਿਨ੍ ਸੰਗੁ ਜੀਉ।।
— ਸੂਹੀ ਮ:੫,ਆਦਿ ਗ੍ਰੰਥ, ਪੰਨਾ ੭੬੦

ਸ-ਗੁਣ ਗਾਇ ਹਰਿ ਹਰਿ ਦੂਖ ਨਾਸੇ ਰਹਸੁ ਉਪਜੈ ਮਨਿ ਘਣਾ।।
— ਸੂਹੀ ਛੰਤ ਮ:੫,ਆਦਿ ਗ੍ਰੰਥ, ਪੰਨਾ ੭੭੮

ਹ- ਦੇਖਿ ਦਮੋਦਰ ਰਹਸੁ ਮਨਿ ਉਪਜਿਓ ਨਾਨਕ ਪ੍ਰਿਅ ਅੰਮ੍ਰਿਤ ਬਾਨੀ।।
—ਕੇਦਾਰਾ ਮ:੫,ਆਦਿ ਗ੍ਰੰਥ,ਪੰਨਾ ੧੧੧੯

ਇਹ ਠੰਢਾ ਸੀਤਲ ਸੁਭਾਅ ਕੇਵਲ ਗੁਰਮਤ ਰਹੱਸਵਾਦ ਦੇ ਹਿੱਸੇ ਹੀ ਆਇਆ ਹੈ।

ਗੁਰੂ ਅਰਜਨ ਦੇਵ ਜੀ ਨੇ ਸਿੱਧੇ ਤੌਰ ਤੇ ਕੇਵਲ ਆਪਣੇ ਬਜ਼ੁਰਗ ਗੁਰੂਆਂ ਦਾ ਹੀ ਪ੍ਰਭਾਵ ਕਬੂਲਿਆ ਹੈ ਪਰ ਇਸ ਵਿਚ ਸ਼ੱਕ ਨਹੀਂ ਕਿ ਆਪ ਨੇ ਭਾਰਤੀ ਮਿਥਿਹਾਸਕ ਅਤੇ ਧਾਰਮਕ ਰਚਨਾਵਾਂ ਵੀ ਪੜ੍ਹੀਆਂ ਹੋਈਆਂ ਸਨ।

ਸ਼ਾਸਤਰਾਂ ਤੇ ਸਿਮ੍ਰਤੀਆਂ ਨੂੰ ਵੀ ਪੜਤਾਲ ਕੇ ਵੇਖ ਲਿਆ ਹੈ ਪਰ ਉਹ ਵਾਹਿਗੁਰੂ ਦੇ ਨਾਮ ਦੀ ਬਰਾਬਰੀ ਨਹੀਂ ਕਰ ਸਕਦੇ।[1]

ਜੀਵ ਨੇ ਸ਼ਾਸਤਰ ਤੇ ਸਿਮ੍ਰਤੀਆਂ ਤੋਂ ਇਲਾਵਾ ਜੋਗ ਅਭਿਆਸ ਵੀ ਕਰ ਕੇ ਵੇਖ ਲਏ, ਜੰਗਲਾਂ ਵਿਚ ਜਾ ਕੇ ਵੀ ਵੇਖ ਲਿਆ, ਹੋਰ ਵੀ ਕਈ ਪ੍ਰਕਾਰ ਦੇ ਯਤਨ ਭਾਵ ਪੁੰਨ, ਦਾਨ, ਹਵਨ ਆਦਿ ਕੀਤੇ, ਪਰ ਇਹ ਸਾਰੇ ਸਾਧਨ ਰਾਮ ਨਾਮ ਦੀ ਬਰਾਬਰੀ ਨਹੀਂ ਕਰ ਸਕਦੇ। ਗੁਰੂ ਦਾ ਨਾਮ ਇਕ ਵਾਰ ਜਪ ਲੈਣਾ, ਇਨ੍ਹਾਂ ਸਾਰੇ ਸਾਧਨਾਂ ਤੋਂ ਵਧੇਰੇ ਗੁਣਕਾਰੀ ਹੈ। ਜੀਵ ਸਾਰੀ ਧਰਤੀ ਫਿਰ ਕੇ ਵੇਖ ਲਵੇ( ਜਿਵੇਂ ਆਮ ਸਾਧੂਆਂ ਦਾ ਕੰਮ ਹੈ); ਉਦਾਸੀ ਕਰਕੇ ਜੀਵ ਮਹਾਂ ਤਪੀ ਵੀ ਹੋ ਜਾਵੇ; ਸੋਨਾ, ਘੋੜੇ, ਹੋਰ ਕਈ ਪ੍ਰਕਾਰ ਦੇ ਸੁਖ ਉਸ ਪਾਸ ਹੋਣ; ਜੋਗੀਆਂ ਵਾਲੇ ਨਿਵਲੀ ਆਸਨ ਵੀ ਉਹ ਕਰੇ; ਜੈਨ ਮਤ ਦੇ ਇੰਦਰਿਆਂ ਨੂੰ ਰੋਕਣ ਦੇ ਤਰੀਕੇ ਤੇ ਹੋਰ ਕਈ ਪ੍ਰਕਾਰ ਦੇ ਕਰੜੇ ਸਾਧਨ ਵੀ ਕਰੇ; ਗੱਲ ਕੀ ਤਪ ਕਰਦਿਆਂ ਸਰੀਰ ਨੂੰ ਰੱਤੀ ਰੱਤੀ ਵੀ ਕਟਵਾ ਲਵੇ ਤਾਂ ਵੀ ਜੀਵ ਦੀ ਹਉਂ ਦੀ ਮੈਲ ਨਹੀਂ ਜਾ ਸਕਦੀ। ਇਹ ਮੈਲ ਨਾਮ ਨਾਲ ਹੀ ਧੋਤੀ ਜਾ ਸਕਦੀ ਹੈ।[2]

ਕੁਰਾਨ ਦਾ ਕਹਿਣਾ ਹੈ ਕਿ ਜਿਧਰ ਵੇਖੋ ਅੱਲਾ ਹੀ ਅੱਲਾ ਨਜ਼ਰ ਆਉਂਦਾ ਹੈ। ਗੁਰੂ ਅਰਜਨ ਦੇਵ ਜੀ ਨੂੰ ਵੀ ਅੱਲਾ ਭਾਵ ਬ੍ਰਹਮ ਸਭ ਪਾਸੇ ਨਜ਼ਰ ਆਉਂਦਾ ਹੈ।-

ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ।।
ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ।।[3]

ਪਰ ਜਿਥੇ ਕਿਤੇ ਮਿਥਿਹਾਸ ਦਾ ਕੋਈ ਪਰੰਪਰਾਵਾਦੀ ਵਿਚਾਰ ਆਪ ਨੂੰ ਚੰਗਾ ਨਹੀਂ ਲੱਗਾ, ਆਪ ਨੇ ਉਸ ਨੂੰ ਖੁਲ੍ਹੇ ਤੌਰ ਤੇ ਤ੍ਰਿਸਕਾਰ ਕੇ ਦਸ ਦਿੱਤਾ ਹੈ। ਜਿਵੇਂ:-

---

੧- ਬਹੁ ਸਾਸਤ੍ਰ ਬਹੁ ਸਿਮ੍ਰਿਤੀ ਪੇਖੇ ਸਰਬ ਢਢੋਲਿ।।
ਪੂਜਸਿ ਨਾਹੀ ਹਰਿ ਹਰੇ ਨਾਨਕ ਨਾਮ ਅਮੋਲ।।—ਸੁਖਮਨੀ, ਆਦਿ ਗ੍ਰੰਥ, ਪੰਨਾ ੨੬੫

੨- ਵੇਖੋ- ਸੁਖਮਨੀ, ਅਸਟਪਦੀ੩, ਪਉੜੀ ੧, ੨

੩- ਬਿਲਾਵਲ ਮ:੫, ਆਦਿ ਗ੍ਰੰਥ, ਪੰਨਾ ੮੪੬

ਮਹਿਮਾ ਨ ਜਾਨਹਿ ਬੇਦ।। ਬ੍ਰਹਮੇ ਨਹੀ ਜਾਨਹਿ ਭੇਦ।।[1]
ਅਵਤਾਰ ਨ ਜਾਨਹਿ ਅੰਤੁ।। ਪਰਮੇਸਰੁ ਪਾਰਬ੍ਰਹਮ ਬੇਅੰਤੁ।।

ਗੁਰੂ ਅਰਜਨ ਦੇਵ ਜੀ ਨੇ ਪਰਮਾਤਮਾ ਨੂੰ ਨਿਰਗੁਣ ਤੇ ਸਰਗੁਣ ਦੋਹਾਂ ਹੀ ਰੂਪਾਂ ਵਿਚ ਤਕਿਆ ਹੈ।[2] ਜੋ ਇਸ ਪਾਰਬ੍ਰਹਮ ਨੂੰ ਵੇਖ ਜਾਂ ਪਛਾਣ ਲੈਂਦਾ ਹੈ ਉਹ ਵਰਣਨ ਨਹੀਂ ਕਰ ਸਕਦਾ। ਇਉਂ ਬ੍ਰਹਮ ਮਿਲਣ ਦਾ ਸਵਾਦ ਕੇਵਲ ਮਾਨਣ ਵਾਲਾ ਹੀ ਜਾਣ ਸਕਦਾ ਹੈ। ਜੀਵ ਇਸ ਵਿਸਮਾਦਤ ਅਵਸਥਾ ਨੂੰ ਬਿਆਨ ਨਹੀਂ ਕਰ ਸਕਦਾ। ਸਿਰਫ਼ ਇਹੀ ਕਹਿ ਸਕਦਾ ਹੈ ਕਿ ਪਰਮਾਤਮਾ ਬੇਅੰਤ ਹੈ।[3] ਜੀਵ ਤਾਂ ਸਿਰਫ਼ ਦੋਵੇਂ ਹੱਥ ਜੋੜ ਕੇ ਅਰਦਾਸ ਹੀ ਕਰ ਸਕਦਾ ਹੈ[4] ਕਿਉਂਕਿ ਜਿਥੇ ਜੀਵ ਬੋਲ ਨਾ ਸਕਦਾ ਹੋਵੇ, ਉਥੇ ਚੁੱਪ ਸਾਧ ਕੇ, ਸਿਰ ਨਿਵਾ ਕੇ ਹੀ ਗੁਜ਼ਾਰਾ ਕਰਨਾ ਪੈਂਦਾ ਹੈ।

ਪਾਰਬ੍ਰਹਮ ਨੂੰ ਗੁਰੂ ਜੀ ਨੇ ਮਾਤਾ, ਪਿਤਾ, ਭਰਾ, ਸਬੰਧੀ,[5] ਰਾਖਾ ਆਦਿ ਦੇ ਰੂਪ ਵਿਚ ਚਿਤਰਿਆ ਹੈ। ਆਪ ਜੀਵਨ ਨੂੰ ਅਖਾੜਾ ਆਖਦੇ ਹਨ ਤੇ ਜੀਵ ਨੂੰ ਗੁਸਾਈਂ ਦਾ ਪਹਿਲਵਾਨੜਾ; ਜਿਸ ਦੇ ਹਰ ਘੋਲ ਵਿਚ ਖੇੜੇ ਤੇ ਸਹਜ ਨੂੰ ਕਾਇਮ ਰਖਦਿਆਂ ਹੋਇਆਂ ਜਿੱਤ ਪ੍ਰਾਪਤ ਕਰਨ ਦਾ ਦ੍ਰਿੜ ਵਿਸ਼ਵਾਸ ਹੁੰਦਾ ਹੈ।

ਹਰ ਪ੍ਰਕਾਰ ਦੀਆਂ ਦਾਤਾਂ ਪਾਰਬ੍ਰਹਮ ਦੇ ਸਕਦਾ ਹੈ। ਜੀਵ ਨੂੰ ਬ੍ਰਹਮ ਯਾਦ ਰਹੇ, ਇਹ ਮੱਤ ਵੀ ਪ੍ਰਭੂ ਹੀ ਦੇਂਦਾ ਹੈ।[6]

ਗੁਰੂ ਜੀ ਬ੍ਰਹਮ ਨੂੰ ਕੇਵਲ ਬੁੱਧੀ ਦਾ ਵਿਸ਼ਾ ਹੀ ਨਹੀਂ ਮੰਨਦੇ। ਜਿਸ ਰਸਲੀਨ ਅਵਸਥਾ ਵਿਚ ਉਨ੍ਹਾਂ ਦੀ ਬਿਰਤੀ ਟਿਕਦੀ ਹੈ, ਉਸ ਹਾਲਤ ਵਿਚ ਉਨ੍ਹਾਂ ਦੇ ਅਧਮੀਟੇ ਨੈਣਾਂ ਵਿਚ ਬ੍ਰਹਮ ਸਮਾ ਜਾਂਦਾ ਹੈ, ਏਸੇ ਕਰਕੇ ਆਪ ਰੱਬ ਨੂੰ ਨੈਣ ਅਲੋਇਆ

---

੧- ਰਾਮਕਲੀ ਮ:੫, ਆਦਿ ਗ੍ਰੰਥ, ਪੰਨਾ ੮੯੪
੨- ਨਿਰੰਕਾਰ ਆਕਾਰ ਆਪਿ ਨਿਰਗੁਨ ਸਰਗੁਨ ਏਕ।।
ਏਕਹਿ ਏਕ ਬਖਾਨਨੋ ਨਾਨਕ ਏਕ ਅਨੇਕ।।
— ਗਉੜੀ ਬਾਵਨ ਅਖਰੀ ਮ:੫, ਆਦਿ ਗ੍ਰੰਥ, ਪੰਨਾ ੨੫੦
੩- ਮਿਲਬੇ ਕੀ ਮਹਿਮਾ ਬਰਨਿ ਨ ਸਾਕਉ ਨਾਨਕ ਪਰੈ ਪਰੀਲਾ।।
— ਗੂਜਰੀ ਮ:੫, ਆਦਿ ਗ੍ਰੰਥ, ਪੰਨਾ ੪੯੮
੪- ਦੁਇ ਕਰ ਜੋੜਿ ਕਰਉ ਅਰਦਾਸਿ।। ਤੁਧੁ ਭਾਵੈ ਤਾ ਆਣਹਿ ਰਾਸਿ।।
— ਸੂਹੀ ਮ:੫, ਆਦਿ ਗ੍ਰੰਥ, ਪੰਨਾ ੭੩੬-੩੭
੫- ਤੂੰ ਮੇਰਾ ਪਿਤਾ ਤੂੰ ਹੈਂ ਮੇਰਾ ਮਾਤਾ।। ਤੂੰ ਮੇਰਾ ਬੰਧਪੁ ਤੂੰ ਮੇਰਾ ਭ੍ਰਾਤਾ।।
ਤੂੰ ਮੇਰਾ ਰਾਖਾ ਸਭਨੀ ਥਾਈ, ਤਾ ਭਉ ਕੇਹਾ ਕਾੜਾ ਜੀਉ।।
ਤੁਮਰੀ ਕ੍ਰਿਪਾ ਤੇ ਤੁਧੁ ਪਛਾਣਾ।। ਤੂੰ ਮੇਰੀ ਓਟ ਤੂੰ ਹੈ ਮੇਰਾ ਮਾਣਾ।।
ਤੁਝ ਬਿਨੁ ਦੂਜਾ ਅਵਰੁ ਨ ਕੋਈ ਸਭੁ ਤੇਰਾ ਖੇਲੁ ਅਖਾੜਾ ਜੀਉ।।
— ਮਾਝ ਮ:੫, ਆਦਿ ਗ੍ਰੰਥ, ਪੰਨਾ ੧੦੩
੬- ਸਾ ਬੁਧਿ ਦੀਜੈ ਜਿਤੁ ਵਿਸਰਹਿ ਨਾਹੀ।। ਸਾ ਮਤਿ ਦੀਜੈ ਜਿਤੁ ਤੁਧੁ ਧਿਆਈ।।
— ਮਾਝ ਮ:੫, ਆਦਿ ਗ੍ਰੰਥ, ਪੰਨਾ ੧੦੦

ਆਖਦੇ ਹਨ।[1]

ਉਹ ਪਰਮਾਤਮਾ ਕੇਵਲ ਇਕ ਹੈ।[2] ਜਿਸ ਦੇ ਬਰਾਬਰ ਦਾ ਹੋਰ ਕੋਈ ਨਹੀਂ। ਉਹ ਆਦਿ ਤੋਂ ਵੀ ਹੈ, ਅੰਤ ਤਕ ਵੀ ਰਹੇਗਾ ਤੇ ਹੁਣ ਵੀ ਹੈ।[3] ਪਰਮਾਤਮਾ ਸਭਨੀਂ ਥਾਈਂ ਹੈ।[4]

ਪਾਰਬ੍ਰਹਮ ਰਾਜਿਆਂ ਵਿਚੋਂ ਵੱਡਾ ਰਾਜਾ ਹੈ ਤੇ ਜ਼ਮੀਨਾਂ ਵਾਲਿਆਂ ਤੇ ਜਾਗੀਰਦਾਰਾਂ ਵਿਚੋਂ ਵੀ ਵੱਡਾ ਸਰਦਾਰ ਹੈ। ਇਹ ਵੱਡਾ ਸਰਦਾਰ ਸਭ ਕੌਮਾਂ ਵਿਚੋਂ ਉੱਚੀ ਕੌਮ ਦਾ ਹੈ।---- ਜੋਧਿਆਂ ਵਿਚੋਂ ਵੱਡਾ ਜੋਧਾ ਹੈ ਤੇ ਸੰਸਾਰੀਆਂ ਵਿਚੋਂ ਪ੍ਰਮੁਖ ਸੰਸਾਰੀ ਹੈ। ਗ੍ਰਿਹਸਤੀ ਵੀ ਸਭ ਤੋਂ ਵੱਡਾ ਹੈ ਤੇ ਤਿਆਗੀ ਵੀ। ਸਿਰਜਨਹਾਰ ਵੀ ਇਹ ਸਭ ਤੋਂ ਵੱਡਾ ਹੈ ਅਤੇ ਉੱਚਾ ਆਚਾਰਵਾਨ ਵੀ ਹੈ। ਸ਼ਾਹੂਕਾਰਾਂ ਵਿਚੋਂ ਵੱਡਾ ਸ਼ਾਹ ਹੈ ਤੇ ਵਪਾਰੀਆਂ ਵਿਚੋਂ ਵੱਡਾ ਵਣਜ ਕਰਨ ਵਾਲਾ।[5] ਗੱਲ ਕੀ ਪਰਮਾਤਮਾ ਲਾਸਾਨੀ ਹੈ।

ਗੁਰੂ ਜੀ ਪਰਮਾਤਮਾ ਨੂੰ ਬਹੁਤ ਨਾਵਾਂ ਨਾਲ ਯਾਦ ਕਰਦੇ ਹਨ। ਮਾਰੂ ਰਾਗ ਦੇ ਇਕ ਸੋਲਹੇ[6] ਵਿਚ ਆਪ ਜੀ ਨੇ ਪਰਮਾਤਮਾ ਦੇ ਲਗ ਪਗ ੬੫ ਨਾਮ ਗਿਣੇ ਹਨ, ਫਿਰ ਵੀ ਲਾਚਾਰੀ ਦਸੀ ਹੈ ਕਿ ਇਕ ਜ਼ੁਬਾਨ ਵਿਚਾਰੀ ਪਰਮਾਤਮਾ ਦੇ ਕਿੰਨੇ ਕੁ ਗੁਣ ਗਾ ਸਕਦੀ ਹੈ। ਜ਼ੁਬਾਨ ਨੇ ਤਾਂ ਪ੍ਰਭੂ ਦੇ ਉਹੀ ਗੁਣ ਗਿਣੇ ਹਨ ਜੋ ਉਸ ਦੇ ਕੰਮਾਂ ਕਾਰਨ ਜ਼ਾਹਰ ਹੋਏ ਹਨ। ਪਰ ਪ੍ਰਭੂ ਦਾ ਪੁਰਬਲਾ ਨਾਮ 'ਸਤਿ' ਹੈ। ਜੋ ਸਦਾ ਉਸ ਦੇ ਨਾਲ ਰਹਿੰਦਾ ਹੈ।

*****

ਜੀਵ ਆਤਮਾ ਪ੍ਰਾਣੀਆਂ ਵਿਚ ਉਹ ਤੱਤ ਹੈ ਜੋ ਅਨੇਕਾਂ ਚੇਸ਼ਟਾਵਾਂ ਦਾ ਕਾਰਨ ਹੈ। ਮਨੁੱਖਾਂ ਵਿਚ ਇਹ ਉਹ ਹਸਤੀ ਹੈ, ਜਿਸ ਤੋਂ 'ਮੈਂ', 'ਮੇਰੀ' ਦਾ ਬੋਧ ਹੁੰਦਾ ਹੈ। ਕਿਸੇ ਨੇ ਇਸ ਦਾ ਨਿਵਾਸ ਹਿਰਦੇ ਵਿਚ, ਕਿਸੇ ਨੇ ਦਿਮਾਗ਼ ਵਿਚ ਤੇ ਕਿਸੇ ਨੇ ਸਰਵਾਂਗ ਪੂਰਨ ਮੰਨਿਆ ਹੈ। ਨਯਾਯ ਮੱਤ ਨੇ ਆਤਮਾ ਦਾ ਲਛਣ ਇਹ ਕੀਤਾ

---

੧- ਜਤ ਕਤ ਪੇਖਉ ਏਕੋ ਓਹੀ।।ਘਟ ਘਟ ਅੰਤਰਿ ਆਪੇ ਸੋਈ।।
ਕਹੁ ਨਾਨਕ ਗੁਰਿ ਭ੍ਰਮੁ ਭਉ ਖੋਇਆ।।ਅਨਦ ਰੂਪੁ ਸਭੁ ਨੈਨ ਅਲੋਇਆ।।
ਆਸਾ ਮ:੫,ਆਦਿ ਗ੍ਰੰਥ,ਪੰਨਾ ੩੮੭

੨- ਨਾਨਕ ਏਕੋ ਰਵਿ ਰਹਿਆ ਦੂਸਰ ਹੋਆ ਨ ਹੋਗੁ।।
—ਗਉੜੀ ਬਾਵਨ ਅਖਰੀ ਮ:੫,ਆਦਿ ਗ੍ਰੰਥ, ਪੰਨਾ ੨੫੦

੩- ਤਿਸੁ ਬਿਨੁ ਦੂਜਾ ਅਵਰ ਨ ਕੋਊ।।ਆਦਿ ਮਧਿ ਅੰਤਿ ਹੈ ਸੋਊ।।
— ਮਾਰੂ ਮ:੫,ਆਦਿ ਗ੍ਰੰਥ, ਪੰਨਾ ੧੦੦੧

੪- ਬੇਦ ਕਤੇਬ ਸੰਸਾਰ ਹਭਾਹੂੰ ਬਾਹਰਾ।।ਨਾਨਕ ਕਾ ਪਾਤਿਸਾਹੁ ਦਿਸੈ ਜ਼ਾਹਰਾ।।
— ਆਸਾ ਮ:੫,ਆਦਿ ਗ੍ਰੰਥ, ਪੰਨਾ ੩੮੭

੫- ਰਾਜਨ ਮਹਿ ਤੂੰ ਰਾਜਾ ਕਹੀਅਹਿ ਭੂਮਨ ਮਹਿ ਭੂਮਾ।।
—ਗੂਜਰੀ ਮ:੫,ਆਦਿ ਗ੍ਰੰਥ,ਪੰਨਾ ੫੦੭

੬- ਮਾਰੂ ਸੋਲਹੇ ਮ:੫,(ਸੋਲਹਾ-੧੧)ਆਦਿ ਗ੍ਰੰਥ,ਪੰਨਾ ੧੦੮੨-੮੩

ਹੈ ਕਿ ਇੱਛਾ, ਦੁੱਖ ਸੁੱਖ, ਗਿਆਨ ਆਦਿ ਧਾਰਨ ਵਾਲਾ ਆਤਮਾ ਹੈ, ਅਰਥਾਤ ਜਿਥੇ ਦੁੱਖ ਸੁਖ, ਗਿਆਨ ਤੇ ਇੱਛਾਵਾਂ ਹੋਣ, ਉਥੇ ਸਮਝੋ ਕਿ ਆਤਮਾ ਹੈ।

ਗੁਰੂ ਅਰਜਨ ਦੇਵ ਜੀ ਨੇ ਜੀਵ ਆਤਮਾ ਦਾ ਜੋ ਰਹੱਸਾਤਮਕ ਨਿਰੂਪਨ ਕੀਤਾ ਹੈ, ਉਸ ਅਨੁਸਾਰ ਇਸ ਦੇ ਲਛਣ ਇਉਂ ਜ਼ਾਹਰ ਹੁੰਦੇ ਹਨ:-

੧- ਆਤਮਾ ਇਕ ਹੈ:-

ਗੁਰੂ ਅਰਜਨ ਦੇਵ ਜੀ ਅਨੁਸਾਰ ਬ੍ਰਹਮ ਤੇ ਜਨ ਇਕੋ ਹਨ। ਬ੍ਰਹਮ ਵਿਚ ਆਤਮਾ ਹੈ ਤੇ ਆਤਮਾ ਵਿਚ ਬ੍ਰਹਮ ਹੈ ਤੇ ਇਸ ਵਿਚ ਸ਼ਕ ਦੀ ਕੋਈ ਗੁੰਜਾਇਸ਼ ਨਹੀਂ ਕਿ ਆਤਮਾ ਬ੍ਰਹਮ ਆਪ ਹੀ ਹੈ।[1]

੨- ਜੀਵ ਆਤਮਾ ਤੇ ਪਰਮਾਤਮਾ ਦੀ ਅਭੇਦਤਾ:-

ਇਹ ਵੀ ਅਸਚਰਜ ਕਹਾਣੀ ਹੈ ਕਿ ਜੀਵ ਆਤਮਾ ਪਾਰਬ੍ਰਹਮ ਦਾ ਹੀ ਰੂਪ ਹੈ।[2] ਇਸ ਅਭੇਦਤਾ ਦਾ ਸਰੂਪ ਕਿਹਾ ਸੋਹਣਾ ਚਿਤਰਿਆ ਹੈ ਕਿ ਦਰਿਆ ਵਿਚੋਂ ਘੜਾ ਭਰ ਕੇ ਬਾਹਰ ਕਢੋ ਤਾਂ ਘੜਾ ਦਰਿਆ ਤੋਂ ਅਲੱਗ ਦਿਸਦਾ ਹੈ, ਪਰ ਜੇ ਉਸ ਨੂੰ ਮੁੜ ਕੇ ਦਰਿਆ ਵਿਚ ਪਾ ਦਿਓ ਤਾਂ ਪਾਣੀ ਪਾਣੀ ਵਿਚ ਰਲ ਜਾਂਦਾ ਹੈ ਤੇ ਘੜਾ ਵੱਖਰਾ ਨਹੀਂ ਦਿਸਦਾ।[3]

੩- ਜੀਵ ਆਤਮਾ ਅਮਰ ਹੈ:-

ਗੁਰੂ ਅਰਜਨ ਦੇਵ ਜੀ ਦਾ ਅਮਰ ਵਾਕ ਹੈ ਕਿ ਜੀਵ ਆਤਮਾ ਅਮਰ ਹੈ, ਇਸ ਨੂੰ ਮਾਰਿਆ ਨਹੀਂ ਜਾ ਸਕਦਾ ਕਿਉਂਕਿ ਇਹ ਮਰਨ-ਸ਼ੀਲ ਹੀ ਨਹੀਂ।[4]

ਆਤਮਾ ਨਿਰਲੇਪ ਹੈ, ਸਮਭਾਵੀ ਹੈ, ਸਰਬ ਵਿਆਪੀ ਹੈ ਤੇ ਸਮਰਥ ਹੈ। ਆਤਮਾ ਦੁਨਿਆਵੀ ਦੁੱਖਾਂ ਸੁੱਖਾਂ, ਪਾਪਾਂ ਪੁੰਨਾਂ ਤੇ ਮਾਨ ਅਪਮਾਨ ਆਦਿ ਤੋਂ ਮੁਕਤ ਹੈ।[5]

---

੧- ਬ੍ਰਹਮ ਮਹਿ ਜਨੁ ਜਨ ਮਹਿ ਪਾਰਬ੍ਰਹਮੁ॥ ਏਕਹਿ ਆਪਿ ਨਹੀ ਕਛੁ ਭਰਮੁ॥
— ਸੁਖਮਨੀ, ਆਦਿ ਗ੍ਰੰਥ, ਪੰਨਾ ੨੮੭

੨- ਅਚਰਜੁ ਕਥਾ ਮਹਾ ਅਨੂਪ॥ ਪ੍ਰਾਤਮਾ ਪਾਰਬ੍ਰਹਮ ਕਾ ਰੂਪੁ॥
— ਗੋਂਡ ਮ:੫, ਆਦਿ ਗ੍ਰੰਥ, ਪੰਨਾ ੮੬੮

੩- ਜੈਸੇ ਕੁੰਭ ਉਦਕ ਪੂਰਿ ਆਨਿਓ ਤਬ ਉਹੁ ਭਿੰਨ ਦ੍ਰਿਸਟੈ॥
ਕਹੁ ਨਾਨਕ ਕੁੰਭੁ ਜਲੈ ਮਹਿ ਡਾਰਿਓ ਅੰਭੈ ਅੰਭ ਮਿਲੈ॥
— ਸਾਰੰਗ ਮ:੫, ਆਦਿ ਗ੍ਰੰਥ, ਪੰਨਾ ੧੨੦੩

੪- ਮਰਣਹਾਰੁ ਇਹੁ ਜੀਅਰਾ ਨਾਹੀ॥ — ਗਉੜੀ ਮ:੫, ਆਦਿ ਗ੍ਰੰਥ, ਪੰਨਾ ੧੮੮

੫- ਨਾ ਇਸੁ ਉਸਨੁ ਨਹੀ ਇਸੁ ਸੀਤੁ॥ ਨਾ ਇਸ ਦੁਸਮਨ ਨਾ ਇਸੁ ਮੀਤੁ॥
ਨਾ ਇਸੁ ਹਰਖੁ ਨਹੀ ਇਸੁ ਸੋਗੁ॥ ਸਭੁ ਕਿਛੁ ਇਸੁ ਕਾ ਇਹੁ ਕਰਨੈ ਜੋਗੁ॥
--- --- ---
ਪਾਪ ਪੁੰਨ ਕਾ ਇਸੁ ਲੇਪੁ ਨ ਲਾਗੈ॥ ਘਟ ਘਟ ਅੰਤਰਿ ਸਦ ਹੀ ਜਾਗੈ॥
— ਗੋਂਡ ਮ:੫, ਆਦਿ ਗ੍ਰੰਥ, ਪੰਨਾ ੮੬੮

ਅਸਲ ਵਿਚ ਜਿੰਨੀ ਪੂਰਨਤਾ ਨੂੰ ਜੀਵ ਮਨੁੱਖਾ ਦੇਹੀ ਵਿਚ ਪੁਜਦਾ ਹੈ, ਉਨੀ ਕਿਸੇ ਹੋਰ ਜੂਨ ਵਿਚ ਸੰਭਵ ਹੀ ਨਹੀਂ।[1]

ਇਹ ਜੀਵ ਸਾਰੀ ਸ੍ਰਿਸ਼ਟੀ ਦਾ ਕੇਂਦਰੀ ਬਿੰਦੂ ਹੈ, ਜਿਸ ਦੇ ਦੁਆਲੇ ਸਾਰਾ ਸੰਸਾਰ ਘੁੰਮਦਾ ਹੈ। ਜੇ ਜੀਵ ਦੀ ਹੋਂਦ ਸੰਸਾਰ ਵਿਚੋਂ ਕੱਢ ਦੇਈਏ ਤਾਂ ਸੰਸਾਰ ਵਿਚ ਕੁਝ ਵੀ ਨ ਰਹਿ ਜਾਏ। ਕਈ ਜੂਨਾਂ ਵਿਚੋਂ ਲੰਘ ਕੇ ਇਹ ਉਤਮ ਮਨੁੱਖਾ ਦੇਹੀ ਮਿਲਦੀ ਹੈ, ਇਸੇ ਕਰਕੇ ਇਸ ਨੂੰ ੮੪ ਲਖ ਜੂਨਾਂ ਵਿਚੋਂ ਸਭ ਤੋਂ ਸ੍ਰੇਸ਼ਟ ਮੰਨਿਆ ਗਿਆ ਹੈ।[2]

ਇਹ ਸ੍ਰੇਸ਼ਟ ਜਨਮ ਪਰਮਾਤਮਾ ਦੇ ਹੁਕਮ ਨਾਲ ਮਿਲਦਾ ਹੈ,ਜੇ ਉਹ ਚਾਹੇ ਤਾਂ ਵਾਪਸ ਲੈ ਲਏ। ਚੰਗੇ ਭਾਗਾਂ ਨਾਲ ਮਿਲੀ ਇਸ ਮਨੁੱਖਾ ਦੇਹੀ ਨੂੰ ਜੀਵ ਹੋਰ ਵੀ ਚੰਗੇਰੀ ਬਣਾ ਲਵੇ ਤਾਂ ਉਹ ਆਤਮਕ ਉਡਾਰੀਆਂ ਮਾਰ ਕੇ ਸੱਚ ਖੰਡ ਵਿਚ ਪੁੱਜ ਸਕਦਾ ਹੈ। ਜੇ ਕੁਕਰਮਾਂ ਵਿਚ ਫਸ ਜਾਵੇ ਤਾਂ ਫਿਰ ਆਵਾਗਵਣ ਦੇ ਚਕਰਾਂ ਵਿਚ ਪਿਆ ਰਹਿੰਦਾ ਹੈ।

ਗੁਰੂ ਜੀ ਨੇ ਜੀਵ ਸ਼ਬਦ ਇਸਤਰੀ ਪੁਰਸ਼ ਦੋਹਾਂ ਲਈ ਵਰਤਿਆ ਹੈ। ਹਿੰਦੂ ਧਰਮ ਵਿਚ ਇਹ ਵਿਚਾਰ ਪ੍ਰਚਲਤ ਹੈ ਕਿ ਤੀਵੀਂ ਨੂੰ ਸੱਚ ਖੰਡ ਵਿਚ ਪੁਜਣ ਲਈ ਪਹਿਲਾਂ ਚੰਗੇ ਕਰਮ ਕਰਕੇ ਪੁਰਖ ਦੀ ਜੂਨ ਲੈਣੀ ਪੈਂਦੀ ਹੈ, ਪਰ ਗੁਰੂ ਸਾਹਿਬ ਲਿੰਗ ਫ਼ਰਕ ਵਿਚ ਵਿਸ਼ਵਾਸ਼ ਨਹੀਂ ਰਖਦੇ।

*****

ਜਗਤ ਰਚਨਾ ਇਕ ਅਜਿਹਾ ਵਿਸ਼ਾ ਹੈ ਜਿਸ ਤੇ ਬੜਾ ਕੁਝ ਲਿਖਿਆ ਗਿਆ ਹੈ, ਵਿਚਾਰਿਆ ਗਿਆ ਹੈ, ਪਰ ਇਹ ਰਹੱਸ ਅਜੇ ਖੁਲ੍ਹਿਆ ਨਹੀਂ ਕਿ ਸ੍ਰਿਸ਼ਟੀ ਕਦੋਂ ਤੇ ਕਿਵੇਂ ਹੋਂਦ ਵਿਚ ਆਈ।

ਗੁਰੂ ਅਰਜਨ ਦੇਵ ਜੀ ਸ੍ਰਿਸ਼ਟੀ ਰਚਨਾ ਦਾ ਕਾਰਨ ਦਸਦੇ ਹਨ ਕਿ ਪਰਮਾਤਮਾ ਦੀ ਇੱਛਾ ਹੋਈ ਤੇ ਉਸ ਨੇ ਜਗਤ ਰਚਨਾ ਕਰ ਲਈ।[3]

ਸ੍ਰਿਸ਼ਟੀ ਰਚਨਾ ਤੋਂ ਪਹਿਲਾਂ ਇਥੇ ਕੀ ਸੀ, ਇਸ ਸਬੰਧੀ ਗੁਰੂ ਜੀ ਦਾ ਖਿਆਲ ਬੜਾ ਹੀ ਠੋਸ ਹੈ ਕਿ ਸ੍ਰਿਸ਼ਟੀ ਰਚਨ ਤੋਂ ਪਹਿਲਾਂ ਵਾਹਿਗੁਰੂ ਕਈ ਜੁਗ ਅਫੁਰ

---

੧- ਅਵਰ ਜੋਨਿ ਤੇਰੀ ਪਨਿਹਾਰੀ।।ਇਸੁ ਧਰਤੀ ਮਹਿ ਤੇਰੀ ਸਿਕਦਾਰੀ।।
— ਆਸਾ ਮ:੫,ਆਦਿ ਗ੍ਰੰਥ,ਪੰਨਾ ੩੭੪

੨- ਕਈ ਜਨਮ ਭਏ ਕੀਟ ਪਤੰਗਾ।।ਕਈ ਜਨਮ ਗਜ ਮੀਨ ਕੁਰੰਗਾ।।
ਕਈ ਜਨਮ ਪੰਖੀ ਸਰਪ ਹੋਇਓ।।ਕਈ ਜਨਮ ਹੈਵਰ ਬ੍ਰਿਖ ਜੋਇਓ।।
ਮਿਲੁ ਜਗਦੀਸ ਮਿਲਨ ਕੀ ਬਰੀਆ।।ਚਿਰੰਕਾਲ ਇਹ ਦੇਹ ਸੰਜਰੀਆ।।
— ਗਉੜੀ ਗੁਆਰੇਰੀ ਮ:੫,ਆਦਿ ਗ੍ਰੰਥ,ਪੰਨਾ ੧੭੬

੩- ਖੰਡ ਦੀਪ ਸਭਿ ਲੋਆ।।ਏਕ ਕਵਾਵੈ ਤੇ ਸਭਿ ਹੋਆ।।
— ਮਾਰੂ ਮ:੫,ਆਦਿ ਗ੍ਰੰਥ, ਪੰਨਾ ੧੦੦੩

ਸਮਾਧੀ ਲਾਈ ਬੈਠਾ ਰਿਹਾ। ਫਿਰ ਆਪ ਹੀ ਉਸ ਦੇ ਮਨ ਵਿਚ ਸਾਜਨਾ ਦਾ ਵਿਚਾਰ ਆਇਆ, ਉਸ ਨੇ ਰਚਨਾ ਕਰ ਲਈ ਤੇ ਉਹ ਆਪ ਆਪਣੀ ਰਚਨਾ ਦੇ ਰਾਹੀਂ ਆਪਣਾ ਜਾਪ ਕਰਦਾ ਰਿਹਾ।[੧]

ਇਹ ਸਾਰੀ ਰਚਨਾ ਪਰਮਾਤਮਾ ਦੀ ਲੀਲ੍ਹਾ ਹੈ। ਜਦੋਂ ਅਜੇ ਸੰਸਾਰ ਨਹੀਂ ਸੀ ਰਚਿਆ ਗਿਆ, ਸਾਰੇ ਪਾਸੇ ਅੰਧੇਰਾ ਸੀ, ਭਾਵ ਪਰਮਾਤਮਾ ਅਜੇ ਸੁੰਨ ਸਮਾਧੀ ਵਿਚ ਸੀ ਤਾਂ ਸਗਲ ਸਮਗਰੀ ਉਸ ਦੇ ਅੰਦਰ ਹੀ ਸੀ।[੨] ਪਰ ਜਦੋਂ ਰਚਨਾ ਰਚਣ ਦਾ ਵਿਚਾਰ ਆਇਆ ਤਾਂ ਪਰਮਾਤਮਾ ਨੇ ਆਪਣੇ ਅੰਦਰਲੀ ਸਮਗਰੀ ਬਾਹਰ ਲਿਆ ਧਰੀ। ਪਰਮਾਤਮਾ ਇਕ ਤੋਂ ਅਨੇਕ ਹੋ ਗਿਆ ਤੇ ਫੇਰ ਇਕ ਤੋਂ ਅਨੇਕ ਹੋਏ ਜੀਵ ਉਸੇ ਇਕ ਵਿਚ ਹੀ ਸਮਾ ਜਾਂਦੇ ਹਨ।[੩] ਇਹ ਸਾਰਾ ਕੁਝ ਉਸ ਦੀ ਆਪਣੀ ਮਰਜ਼ੀ ਅਨੁਸਾਰ ਹੁੰਦਾ ਹੈ।[੪]

ਗੁਰੂ ਜੀ ਵਿਦਵਾਨ ਕਵੀ ਸਨ। ਆਪ ਨੇ ਵੇਦਾਂਤ ਵਾਂਗ ਇਸ ਸੰਸਾਰ ਨੂੰ ਧੋਖਾ ਨਹੀਂ ਕਿਹਾ, ਸਗੋਂ ਉਹ ਇਕੋ ਪਰਮਾਤਮਾ ਨੂੰ ਸਾਰੀ ਸ਼ਕਤੀ ਦਾ, ਸਾਰੇ ਸੰਸਾਰ ਦਾ ਮਾਲਕ ਕਹਿੰਦੇ ਹਨ।[੫]

ਸ੍ਰਿਸ਼ਟੀ ਦੀ ਰਚਨਾ ਕਦੋਂ ਹੋਈ, ਇਸ ਬਾਰੇ ਗੁਰੂ ਜੀ ਕਿਸੇ ਭੁਲੇਖੇ ਵਿਚ ਨਹੀਂ ਪਾਉਂਦੇ। ਬੜਾ ਸਾਫ਼ ਦਸਦੇ ਹਨ ਕਿ ਉਹ ਕਰਤਾਰ ਹੀ ਜਾਣਦਾ ਹੈ ਕਿ ਉਸ ਨੇ ਕਦੋਂ ਰਚਨਾ ਕੀਤੀ।[੬]

*****

ਬ੍ਰਹਮ ਤੇ ਜੀਵ ਤਾਂ ਇਕੋ ਸਰੂਪ ਹਨ ਪਰ ਜੇ ਕਦੀ ਸੰਸਾਰ ਵਿਚ ਮਾਇਆ ਨ ਹੋਵੇ ਤਾਂ ਕਈ ਸਮੱਸਿਆਵਾਂ ਬਾਰੇ ਸੋਚਣ ਦੀ ਲੋੜ ਹੀ ਨਾ ਰਹੇ। ਮਾਇਆ ਇਕ ਅਜਿਹੀ ਸ਼ਕਤੀ ਹੈ ਜੋ ਪਰਮਾਤਮਾ ਨੇ ਆਪ ਪੈਦਾ ਕੀਤੀ ਹੈ ਤੇ ਉਸ ਦੀ ਕਿਰਪਾ ਤੋਂ ਬਿਨ੍ਹਾਂ ਇਸ ਦਾ ਗਿਆਨ ਨਹੀਂ ਹੋ ਸਕਦਾ ਤੇ ਨ ਹੀ ਇਸ ਤੋਂ ਮੁਕਤੀ ਮਿਲ ਸਕਦੀ ਹੈ। ਮੁਕਤੀ ਦਾ ਰਸਤਾ ਕੇਵਲ ਮਾਇਆ ਦੀਆਂ ਚਾਲਾਂ ਤੋਂ ਮੁਕਤ ਹੋਣਾ ਹੈ।

---

੧- ਸਰਗੁਨ ਨਿਰਗੁਨ ਨਿਰੰਕਾਰ ਸੁੰਨ ਸਮਾਧੀ ਆਪਿ॥
ਆਪਨ ਕੀਆ ਨਾਨਕਾ ਆਪੇ ਹੀ ਫਿਰਿ ਜਾਪਿ॥—ਸੁਖਮਨੀ, ਆਦਿ ਗ੍ਰੰਥ, ਪੰ. ੨੯੦
੨- ਸਗਲ ਸਮਿਗ੍ਰੀ ਏਕਸੁ ਘਟ ਮਾਹਿ॥—ਸੁਖਮਨੀ, ਆਦਿ ਗ੍ਰੰਥ, ਪੰਨਾ ੨੯੩
੩- ਇਕਸੁ ਤੇ ਹੋਇਓ ਅਨੰਤਾ ਨਾਨਕ ਏਕਸੁ ਮਾਹਿ ਸਮਾਏ ਜੀਉ॥
—ਮਾਝ ਮ:੫, ਅਸਟਪਦੀਆਂ, ਆਦਿ ਗ੍ਰੰਥ, ਪੰਨਾ ੧੩੧
੪- ਤਿਸੁ ਭਾਵੈ ਤਾ ਕਰੇ ਬਿਸਥਾਰੁ॥ ਤਿਸ ਭਾਵੈ ਤਾ ਏਕੰਕਾਰੁ॥
— ਸੁਖਮਨੀ, ਆਦਿ ਗ੍ਰੰਥ, ਪੰਨਾ ੨੯੪
੫- ਕਰਣਕਾਰਣ ਪ੍ਰਭੁ ਏਕੁ ਹੈ, ਦੂਸਰ ਨਾਹੀ ਕੋਇ॥
ਨਾਨਕ ਤਿਸੁ ਬਲਿਹਾਰਣੈ ਜਲਿ ਥਲਿ ਮਹੀਅਲਿ ਸੋਇ॥
—ਸੁਖਮਨੀ, ਆਦਿ ਗ੍ਰੰਥ, ਪੰਨਾ ੨੭੬
੬- ਨਾਨਕ ਕਰਤੇ ਕੀ ਜਾਨੈ ਕਰਤਾ ਰਚਨਾ॥—ਸੁਖਮਨੀ, ਆਦਿ ਗ੍ਰੰਥ, ਪੰਨਾ ੨੭੫

ਇਸ ਮਾਇਆ ਦਾ ਰਚਣਹਾਰ ਵੀ ਉਹ ਆਪ ਪਰਮਾਤਮਾ ਹੀ ਹੈ। ਪਰਮਾਤਮਾ ਪਤੀ ਦੀ ਕਿਰਪਾ ਦੁਆਰਾ ਹੀ ਇਹ ਮਾਇਆ ਸੌਂਕਣ ਘਰ ਵਿਚੋਂ ਨਿਕਲ ਸਕਦੀ ਹੈ। 'ਮੈਂ ਪਰਮਾਤਮਾ ਪਤੀ ਦਾ ਹੁਕਮ ਮਿਠਾ ਕਰਕੇ ਮੰਨਦੀ ਰਹੀ। ਪਤੀ ਪਰਮਾਤਮਾ ਮੇਰੇ ਤੇ ਖੁਸ਼ ਹੋ ਗਏ ਤੇ ਮੇਰੀ ਸੌਂਕਣ ਨੂੰ ਘਰੋਂ ਕੱਢ ਦਿੱਤਾ, ਮੈਂ ਫਿਰ ਘਰ ਦੀ ਮਾਲਕ ਬਣ ਗਈ। ਮੇਰਾ ਪਤੀ ਮੈਨੂੰ ਸੁਹਾਗਣ ਕਰਕੇ ਸ਼ਿੰਗਾਰਦਾ ਪਿਆਰਦਾ ਹੈ। ਪਤੀ ਦੇ ਇਸ ਪਿਆਰ ਕਰਕੇ ਮੇਰੇ ਮਨ ਦੀ ਤਪਸ਼ ਦੂਰ ਹੋ ਗਈ। ਪ੍ਰੀਤਮ ਨੇ ਮੈਨੂੰ ਪ੍ਰਵਾਨ ਕਰਕੇ 'ਪਤੀ ਮਿਲਾਪ' ਦਾ ਸੁਖ ਦਿੱਤਾ। ਮੈਂ ਉਸ ਅਗੰਮ, ਅਵਿਨਾਸ਼ੀ ਦੀ ਸੇਵਾਦਾਰ ਹਾਂ। ਉਸ ਦੇ ਚਰਨਾਂ ਵਿਚ ਬੈਠ ਕੇ ਪੱਖਾ ਝਲਦੀ ਹਾਂ। ਮੇਰੇ ਚੰਗੇ ਭਾਗਾਂ ਨਾਲ ਮੇਰੇ ਪੰਜੇ ਵੈਰੀ- ਕਾਮ, ਕ੍ਰੋਧ, ਲੋਭ, ਮੋਹ, ਹੰਕਾਰ- ਨਸ ਗਏ ਹਨ। ਮੇਰੇ ਵਿਚ ਕੋਈ ਗੁਣ ਨਹੀਂ, ਮੈਂ ਅਨਾਥ ਹਾਂ, ਗ਼ਰੀਬ ਤੇ ਨਿਮਾਣੀ ਹਾਂ, ਜਿਸ ਨੂੰ ਮੇਰੇ ਪਤੀ ਪਰਮਾਤਮਾ ਨੇ ਰਾਣੀ ਬਣਾ ਦਿੱਤਾ ਹੈ।ਜਦੋਂ ਦੀ ਮੈਂ ਪ੍ਰੀਤਮ ਦੇ ਦੁਆਰੇ ਪ੍ਰਵਾਨੀਗਈ ਮੈਨੂੰ ਸੁਹਾਗ ਦਾ ਸੁਖ ਮਿਲ ਗਿਆ ਹੈ। ਮੇਰੀਆਂ ਸਭੇ ਆਸਾਂ ਪੂਰਨ ਹੋਈਆਂ ਹਨ ਕਿਉਂਕਿ ਮੇਰਾ ਗੁਣਾਂ ਦੇ ਭੰਡਾਰੇ ਪ੍ਰਭੂ ਨਾਲ ਮਿਲਾਪ ਹੋਇਆ ਹੈ।ਮੇਰੀ ਸੌਂਕਣ ਮਾਇਆ ਦਾ ਸਰੂਪ ਇਸ ਪ੍ਰਕਾਰ ਹੈ:-

ਇਸ ਦੇ ਮਥੇ ਤੇ ਤਿਉੜੀ ਅਤੇ ਨਜ਼ਰ ਵਿਚ ਤਿਖਾਪਨ ਹੈ। ਜ਼ੁਬਾਨ ਦੀ ਕੌੜੀ ਤੇ ਬੇਢੱਬੀ ਹੈ। ਇਸ ਦੀ ਭੁਖ ਕਦੀ ਤ੍ਰਿਪਤ ਨਹੀਂ ਹੋਈ, ਸਾਰਾ ਦਿਨ ਕੁਝ ਨ ਕੁਝ ਖਾਂਦੀ ਹੀ ਰਹਿੰਦੀ ਹੈ, ਜੋ ਪਤੀ ਨੂੰ ਚੰਗਾ ਨਹੀਂ ਲਗਦਾ। ਇਹ ਅਜਿਹੀ ਭੁਖੀ ਨਾਰ ਹੈ, ਜਿਸ ਨੇ ਸਾਰਾ ਜਗਤ ਖਾ ਲਿਆ ਹੈ। ਕੇਵਲ ਅਸੀਂ ਹੀ ਪਰਮਾਤਮਾ ਦੀ ਕਿਰਪਾ ਦੁਆਰਾ ਬਚੇ ਹਾਂ। ਇਹ ਇਕ ਅਜਿਹੀ ਠਗਣੀ ਹੈ ਜੋ ਆਪਣੇ ਨਸ਼ੇ ਨਾਲ ਸਾਰੇ ਸੰਸਾਰ ਨੂੰ ਬੇਹੋਸ਼ ਕਰੀ ਰਖਦੀ ਹੈ। ਬ੍ਰਹਮਾ, ਵਿਸ਼ਨੂੰ, ਮਹਾਂਦੇਵ ਕੋਈ ਵੀ ਇਸ ਦੇ ਨਸ਼ੇ ਤੋਂ ਬਚ ਨਹੀਂ ਸਕਿਆ। ਕੇਵਲ ਗੁਰਮੁਖ ਹੀ ਇਸ ਤੋਂ ਬਚ ਸਕੇ ਹਨ। ਵਰਤ ਨੇਮ, ਹਵਨ, ਯੱਗ ਕਰੀ ਜਾਓ; ਦਰਿਆਵਾਂ ਕੰਢੇ, ਤੀਰਥ ਅਸਥਾਨਾਂ ਤੇ ਹੋਰ ਸਾਰੀ ਧਰਤੀ ਤੇ ਘੁੰਮੀ ਜਾਓ, ਪਰ ਮਾਇਆ ਤੋਂ ਨਿਸਤਾਰਾ ਕੇਵਲ ਸਤਿਗੁਰ ਦੀ ਸ਼ਰਣ ਆਇਆਂ ਹੀ ਹੋ ਸਕੇਗਾ। ਇਸ ਮਾਇਆ ਜਾਲ ਵਿਚ ਸਾਰਾ ਸੰਸਾਰ ਹੀ ਫਸਿਆ ਪਿਆ ਹੈ। ਜੋ ਮਨਮੁਖ ਹਨ ਉਹ ਹੰਕਾਰ ਵਿਚ ਖੁਆਰ ਹੁੰਦੇ ਰਹਿੰਦੇ ਹਨ। ਮੈਨੂੰ ਤਾਂ ਸੱਚੇ ਸਤਿਗੁਰੂ ਨੇ ਬਾਂਹ ਪਕੜ ਕੇ ਬਚਾ ਲਿਆ ਹੈ।'[੧]

---

੧- ਮੀਠੀ ਆਗਿਆ ਪਿਰ ਕੀ ਲਾਗੀ।।
ਗੁਰੂ ਨਾਨਕ ਬਾਹ ਪਕਰਿ ਹਮ ਰਾਖਾ।।
— ਆਸਾ ਮ:੫, ਆਦਿ ਗ੍ਰੰਥ, ਪੰਨਾ ੩੮੪

ਮਾਇਆ ਬੜੀ ਚਾਲਬਾਜ਼ ਹੈ, ਜੋ ਮਨ ਨੂੰ ਕਿਸੇ ਨਾ ਕਿਸੇ ਤਰ੍ਹਾਂ ਘੇਰ ਕੇ ਵਲਣ ਦੀ ਕੋਸ਼ਿਸ਼ ਕਰਦੀ ਹੈ; ਪਰ ਗੁਰੂ ਜੀ ਤਾਂ ਇਸ ਦੀਆਂ ਚਾਲਾਂ ਸਮਝਦੇ ਹਨ।[1]

ਜੋ ਜੀਵ ਇਹ ਜਾਣਦੇ ਹਨ ਕਿ ਸਾਡੇ ਆਤਮਕ ਬਲ ਅਗੇ ਮਾਇਆ ਨਹੀਂ ਠਹਿਰ ਸਕਦੀ, ਉਹ ਮਾਇਆ ਜਾਲ ਤੋਂ ਮੁਕਤ ਹੋ ਜਾਂਦੇ ਹਨ।[2] ਇਹ ਮਾਇਆ ਤਾਂ ਛਲਨ ਹਾਰੀ ਹੈ, ਕੱਖਾਂ ਦੀ ਅੱਗ ਵਾਂਗ, ਬੱਦਲਾਂ ਦੀ ਛਾਂ ਵਾਂਗ, ਜੋ ਹੁਣ ਹੈ, ਪਲ ਨੂੰ ਨਹੀਂ।[3]

ਪਰ ਸੁਆਲ ਤਾਂ ਇਹ ਹੈ ਕਿ ਇਸ ਮਾਇਆ ਤੋਂ ਛੁਟਕਾਰਾ ਕਿਵੇਂ ਪਾਇਆ ਜਾਵੇ। ਮਾਇਆ ਦਾ ਪਿੱਛਾ ਕਰੋ ਤਾਂ ਅੱਗੇ ਅੱਗੇ ਨਸਦੀ ਹੈ ਕਈ ਭੇਸ ਬਦਲ ਕੇ ਮਨ ਨੂੰ ਮੋਂਹਦੀ ਹੈ, ਪਰ ਜੇ ਇਸ ਦਾ ਪਿੱਛਾ ਛੱਡ ਦਿਓ ਤਾਂ ਇਹ ਵੀ ਖਹਿੜਾ ਛੱਡ ਜਾਂਦੀ ਹੈ। ਸੋ ਸਤਿਸੰਗ ਕਰੋ, ਇਸ ਤੋਂ ਦੂਰ ਰਹੋ ਕਿਉਂਕਿ ਤਿਆਗਿਆਂ ਤਾਂ ਇਹ ਦਾਸੀ ਬਣ ਕੇ ਸੇਵਾ ਕਰਦੀ ਹੈ, ਪਰ ਪਕੜਿਆਂ ਹਾਕਮ ਬਣ ਕੇ ਬਹਿੰਦੀ ਹੈ।[4]

ਮਾਇਆ ਦੇ ਸਾਰੇ ਰੂਪ ਛਲਣ ਵਾਲੇ ਹਨ। ਇਨ੍ਹਾਂ ਵਿਚ ਸੁਖ ਨਹੀਂ ਮਿਲਦਾ। ਸੁਖ ਤਾਂ ਗੁਰੂ ਦੀ ਸ਼ਰਨ ਪਿਆਂ ਮਿਲਦਾ ਹੈ।[5] ਇਉਂ ਸੰਤਾਂ ਦੀ ਸੰਗਤ ਦੁਆਰਾ ਇਸ ਤੋਂ ਛੁਟਕਾਰਾ ਮਿਲ ਸਕਦਾ ਹੈ।[6]

*****

ਮਾਇਆ ਵਰਗਾ ਇਕ ਹੋਰ ਰੋਗ 'ਹਉਮੈ' ਜੀਵ ਨੂੰ ਲਗਾ ਹੋਇਆ ਹੈ, ਜਿਸ ਨਾਲ ਜੀਵ ਆਪਣਾ ਕੀਮਤੀ ਮਨੁੱਖਾ ਜਨਮ ਪਸ਼ੂ ਸਮਾਨ ਕਰ ਲੈਂਦਾ ਹੈ। ਜੀਵ ਤੇ ਪਰਮਾਤਮਾ ਤਾਂ ਇਕ ਹੀ ਹਨ,ਜੀਵ ਪਰਮਾਤਮਾ ਤੋਂ ਦੂਰ ਉਦੋਂ ਹੀ ਹੁੰਦਾ ਹੈ, ਜਦੋਂ ਹਉਮੈ ਦੀ ਦੀਵਾਰ ਸਾਹਮਣੇ ਆ ਜਾਂਦੀ ਹੈ। ਜਦੋਂ ਇਹ ਦੀਵਾਰ ਹੱਟ ਜਾਂਦੀ ਹੈ ਉਦੋਂ ਪ੍ਰਭੂ ਜੀਵ ਨੂੰ ਫਿਰ ਮਿਲ ਪੈਂਦਾ ਹੈ।

ਹੰਕਾਰ ਅਜਿਹਾ ਰੋਗ ਹੈ, ਜਦੋਂ ਜੀਵ ਵਿਚ ਆ ਜਾਂਦਾ ਹੈ ਤਾਂ ਜੀਵ ਦੇ

---

੧- ਮੋਹਨੀ ਮੋਹਿ ਲੀਏ ਤ੍ਰੈ ਗੁਨੀਆ।।ਲੋਭਿ ਵਿਆਪੀ ਝੂਠੀ ਦੁਨੀਆ।।
ਮੇਰੀ ਮੇਰੀ ਕਰਿ ਕੈ ਸੰਚੀ ਅੰਤ ਕੀ ਬਾਰ ਸਗਲ ਲੇ ਛਲੀਆ।।
—ਮਾਰੂ ਮ:੫,ਆਦਿ ਗ੍ਰੰਥ, ਪੰਨਾ ੧੦੦੪

੨- ਮਾਰੂ ਮ:੫,ਆਦਿ ਗ੍ਰੰਥ, ਪੰਨਾ ੧੦੦੪

੩- ਮਾਈ ਮਾਇਆ ਛਲੁ।।
ਤ੍ਰਿਣ ਕੀ ਅਗਨਿ ਮੇਘ ਕੀ ਛਾਇਆ ਗੋਬਿਦ ਭਜਨ ਬਿਨੁ ਹੜ ਕਾ ਜਲੁ।।
— ਟੋਡੀ ਮ:੫,ਆਦਿ ਗ੍ਰੰਥ,ਪੰਨਾ ੭੧੭

੪- ਗਹੁ ਕਰਿ ਪਕਰੀ ਨ ਆਈ ਹਾਥਿ।।
--- --- ---
—ਰਾਮਕਲੀ ਮ:੫,ਆਦਿ ਗ੍ਰੰਥ,ਪੰਨਾ ੮੯੧

੫- ਰੂਪ ਰੰਗ ਸੁਗੰਧ ਭੋਗ ਤਿਆਗਿ ਚਲੇ ਮਾਇਆ ਛਲੇ ਕਨਿਕ ਕਾਮਿਨੀ।।
—ਰਾਮਕਲੀ ਮ:੫,ਆਦਿ ਗ੍ਰੰਥ,ਪੰਨਾ ੯੦੧

੬- ਕਹੁ ਨਾਨਕ ਜਿਨਿ ਧੁਰਿ ਸੰਤ ਪਾਈ।।ਤਾ ਕੈ ਨਿਕਟਿ ਨ ਆਵੈ ਮਾਈ।।
— ਗਉੜੀ ਗੁਆਰੇਰੀ ਮ:੫,ਆਦਿ ਗ੍ਰੰਥ,ਪੰਨਾ ੧੮੨

ਸਾਰੇ ਸੁਖ ਖ਼ਤਮ ਹੋ ਜਾਂਦੇ ਹਨ ਅਤੇ ਇਹ ਗਰਭ ਜੂਨ ਵਿਚ ਪਿਆ ਰਹਿੰਦਾ ਹੈ।[੧]

ਜਿਹੜੇ ਜੀਵਾਂ ਨੇ ਨਾਮ ਦਾ ਆਸਰਾ ਲੈ ਲਿਆ ਹੈ, ਸਮਝੋ ਉਹ ਹਉਮੈ ਦੇ ਤਪਦੇ ਕੜਾਹੇ ਵਿਚ ਸੜਨੋਂ ਬਚ ਗਏ। ਉਨ੍ਹਾਂ ਦਾ ਆਵਾਗਵਣ ਕਟਿਆ ਗਿਆ।[੨] ਕਿਉਂਕਿ ਹਉਮੈਂ ਦੀ ਪੂਰਤੀ ਲਈ ਜੋ ਵੀ ਕਰਮ ਜੀਵ ਕਰਦਾ ਹੈ, ਉਹ ਕਿਸੇ ਕੰਮ ਨਹੀਂ ਆਉਂਦੇ।[੩]

ਹਉਮੈ ਅਸਲ ਵਿਚ ਅਗਿਆਨਤਾ ਦਾ ਹੀ ਦੂਜਾ ਨਾਂ ਹੈ, ਜਦੋਂ ਇਹ ਅਗਿਆਨਤਾ ਦੂਰ ਹੋ ਜਾਏ ਤਾਂ ਖ਼ੁਦੀ ਮਿਟ ਜਾਂਦੀ ਹੈ। 'ਮੇਰੀ' 'ਤੇਰੀ' ਦਾ ਬੰਧਨ ਨਹੀਂ ਰਹਿੰਦਾ।[੪]

ਜਦ ਹੰਕਾਰ ਨਿਕਲ ਗਿਆ 'ਮੈਂ', 'ਮੇਰੀ' ਨਿਕਲ ਗਈ ਤਾਂ ਫਿਰ ਕਬੀਰ ਦੇ ਕਥਨ ਅਨੁਸਾਰ ਸੰਸਾਰੀ ਜੀਵ ਮਰ ਗਏ। ਅਸਲ ਵਿਚ ਸੰਸਾਰੀ ਜੀਵ ਨਹੀਂ ਮਰਦਾ, ਜੀਵ ਦੀ ਹੰਗਤਾ ਮਰ ਜਾਂਦੀ ਹੈ ਤੇ ਜੀਵਾਲਣਹਾਰਾ ਪਰਮਾਤਮਾ ਮਿਲ ਜਾਂਦਾ ਹੈ।[੫] ਫਿਰ ਸਭ ਪਾਸੇ ਇਕੋ ਬ੍ਰਹਮ ਹੀ ਦਿਖਾਈ ਦੇਂਦਾ ਹੈ।[੬]

*****

ਜੋ ਕਰਮ ਜੀਵ ਪਿਛਲੇ ਜਨਮ ਵਿਚ ਕਰਦਾ ਹੈ, ਉਨ੍ਹਾਂ ਦੇ ਫਲ ਸਰੂਪ ਹੀ ਉਸ ਦੇ ਹੁਣ ਦੇ ਕਰਮ ਬਣਦੇ ਹਨ। ਜੋ ਕੋਈ ਬੀਜਦਾ ਹੈ ਸੋਈ ਉਸ ਨੇ ਫਲ ਖਾਣਾ ਹੈ। ਕਰਮਾਂ ਦੀ ਖੱਟੀ ਵਿਚ ਕਿਸੇ ਦਾ ਕੋਈ ਦੋਸ਼ ਨਹੀਂ ਹੁੰਦਾ, ਆਪਣੇ ਹੀ ਕਰਮਾਂ ਦਾ ਭੋਗ ਭੋਗਣਾ ਹੈ।[੭] ਨੇਕ ਕਰਮ ਕਰਨ ਵਾਲਿਆਂ ਦੀ ਜਗ ਵਿਚ ਉਸਤਤੀ ਹੁੰਦੀ ਹੈ।[੮] ਮੰਦੇ ਕਰਮ

---

੧- ਜਬ ਲਗੁ ਜਾਨੈ ਮੁਝ ਤੇ ਕਛੁ ਹੋਇ।।ਤਬ ਇਸ ਕਉ ਸੁਖੁ ਨਾਹੀ ਕੋਇ।।
—ਸੁਖਮਨੀ, ਆਦਿ ਗ੍ਰੰਥ, ਪੰਨਾ ੨੭੮

੨- ਆਵਣ ਜਾਣ ਰਹਿਓ।।
ਤਪਤ ਕੜਾਹਾ ਬੁਝਿ ਗਇਆ ਗੁਰਿ ਸੀਤਲ ਨਾਮੁ ਦੀਓ।।
— ਮਾਰੂ ਮ:੫, ਆਦਿ ਗ੍ਰੰਥ, ਪੰਨਾ ੧੦੦੨

੩- ਵਿਤ ਨਵਿਤ ਭ੍ਰਮਿਓ ਬਹੁ ਭਾਤੀ ਅਨਿਕ ਜਤਨ ਕਰਿ ਧਾਏ।।
ਜੋ ਜੋ ਕਰਮ ਕੀਏ ਹਉ ਹਉਮੈ ਤੇ ਤੇ ਭਏ ਅਜਾਏ।।
— ਮਾਰੂ ਮ:੫, ਆਦਿ ਗ੍ਰੰਥ, ਪੰਨਾ ੯੯੯

੪- ਮੇਰਾ ਤੇਰਾ ਜਾਨਤਾ ਤਬ ਹੀ ਤੇ ਬੰਧਾ।।
ਗੁਰਿ ਕਾਟੀ ਅਗਿਆਨਤਾ ਤਬ ਛੁਟਕੇ ਫੰਧਾ।। —ਆਸਾ ਮ:੫, ਆਦਿ ਗ੍ਰੰਥ, ਪੰਨਾ ੪੦੦

੫- ਮੈ ਨ ਮਰਉ ਮਰਿਬੋ ਸੰਸਾਰਾ।।ਅਬ ਮੋਹਿ ਮਿਲਿਓ ਹੈ ਜੀਆਵਨਹਾਰਾ।।
—ਗਉੜੀ ਕਬੀਰ, ਆਦਿ ਗ੍ਰੰਥ, ਪੰਨਾ ੩੨੫

੬- (ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ----)—ਬਿਲਾਵਲ ਮ:੫, ਆਦਿ ਗ੍ਰੰਥ, ਪੰਨਾ ੮੪੬

੭- ਦੋਸੁ ਨ ਦੀਜੈ ਕਾਹੂ ਲੋਗ।।ਜੋ ਕਮਾਵਨੁ ਸੋਈ ਭੋਗ।।
—ਰਾਮਕਲੀ ਮ:੫, ਆਦਿ ਗ੍ਰੰਥ, ਪੰਨਾ ੮੮੮

੮- ਸਚੈ ਮਾਰਗਿ ਚਲਦਿਆ ਉਸਤਤਿ ਕਰੇ ਜਹਾਨੁ।।
—ਬਾਰਹ ਮਾਹ ਮਾਝ ਮ:੫, ਆਦਿ ਗ੍ਰੰਥ, ਪੰਨਾ ੧੩੬

ਕਰਨ ਵਾਲੇ ਦਰਗਾਹ ਵਿਚ ਚੋਰ ਸਾਬਤ ਹੁੰਦੇ ਹਨ।[1]

ਜੀਵ ਇਸ ਸੰਸਾਰ ਵਿਚ ਆ ਕੇ ਕਬਜ਼ੇ ਦੀ ਭਾਵਨਾ ਉਪਜਾਉਂਦਾ ਹੈ, ਫਿਰ ਸੁਤੰਤਰ ਜੀਵਨ ਜੀਉਣ ਦੀ ਥਾਂ ਇਸ ਸੰਸਾਰ ਦੇ ਮਾਇਆ ਜਾਲ ਵਿਚ ਫਸ ਜਾਂਦਾ ਹੈ ਤੇ ਦੁਖੀ ਹੁੰਦਾ ਹੈ। ਇਹ ਦੁੱਖ ਉਹਦੇ ਆਪਣੇ ਹੀ ਕੀਤੇ ਕਰਮਾਂ ਕਰਕੇ ਮਿਲਦਾ ਹੈ, ਪਰ ਜੀਵ ਸਮਝਦਾ ਹੈ ਕਿ ਮੈਨੂੰ ਦੁਖ ਹੋਰਨਾਂ ਕਾਰਨਾਂ ਕਰਕੇ ਮਿਲ ਰਹੇ ਹਨ।

*****

ਭਾਣਾ ਮੰਨਣਾ ਗੁਰੂ ਅਰਜਨ ਦੇਵ ਜੀ ਦੇ ਰਹੱਸਵਾਦ ਦਾ ਜ਼ਰੂਰੀ ਹਿੱਸਾ ਹੈ। ਸੱਚ ਤਾਂ ਇਹ ਹੈ ਕਿ ਭਾਣਾ ਮੰਨਣ ਅਥਵਾ ਹੁਕਮ ਮੰਨਣ ਦੀ ਭਾਵਨਾ ਨੇ ਹੀ ਗੁਰੂ ਅਰਜਨ ਦੇਵ ਜੀ ਨੂੰ ਇੰਨਾ ਮਹਾਨ ਬਣਾਇਆ। ਆਪ ਦਾ ਇਹ ਵਿਚਾਰ ਸਿਰਫ਼ ਆਪ ਦੀ ਰਚਨਾ ਦਾ ਹੀ ਭਾਗ ਨਹੀਂ ਸਗੋਂ ਜੀਵਨ ਦਾ ਵੀ ਅਨਿੱਖੜ ਅੰਗ ਰਿਹਾ ਹੈ।

ਜੋ ਕੁਝ ਵੀ ਸੰਸਾਰ ਵਿਚ ਵਰਤ ਰਿਹਾ ਹੈ, ਸਭ ਪਰਮਾਤਮਾ ਦੇ ਹੁਕਮ ਵਿਚ ਹੈ, ਜਿਵੇਂ ਜਿਵੇਂ ਪਰਮਾਤਮਾ ਦੀ ਮਰਜ਼ੀ ਹੈ, ਤਿਵੇਂ ਤਿਵੇਂ ਹੀ ਜੀਵ ਕੰਮ ਕਰ ਰਿਹਾ ਹੈ।[2]

ਭਾਣਾ ਮੰਨਣ ਵਾਲਿਆਂ ਲਈ ਪਰਮਾਤਮਾ ਦਾ ਹੁਕਮ 'ਸਤਿ ਬਚਨ' ਹੁੰਦਾ ਹੈ। ਉਸ ਦੇ ਅਗੇ ਸਿਰ ਨਿਵਾਉਣਾ ਉਨ੍ਹਾਂ ਦਾ ਪਰਮ ਧਰਮ ਹੁੰਦਾ ਹੈ। ਉਨ੍ਹਾਂ ਨੂੰ ਭਾਣੇ ਅਨੁਸਾਰ ਦੁੱਖ ਮਿਲੇ ਜਾਂ ਸੁੱਖ, ਕੋਈ ਫਰਕ ਨਹੀਂ ਪੈਂਦਾ, ਉਹ ਹਮੇਸ਼ਾ ਉਸ ਨੂੰ ਚੰਗਾ ਕਰਕੇ ਹੀ ਮੰਨਦੇ ਹਨ।[3]

ਸਭ ਕੁਝ ਪਰਮਾਤਮਾ ਦੇ ਹੁਕਮ ਵਿਚ ਚਲ ਰਿਹਾ ਹੈ ਪਰ ਇਹ ਹੁਕਮ ਦੀ ਕਲਮ ਜੀਵ ਦੇ ਕਰਮਾਂ ਅਨੁਸਾਰ ਚਲਦੀ ਹੈ। ਇਸ ਹੁਕਮ ਕਰਨ ਵਿਚ ਪਰਮਾਤਮਾ ਕਿਸੇ ਦੀ ਸਲਾਹ ਨਹੀਂ ਲੈਂਦਾ, ਨ ਹੀ ਉਹ ਰਾਜੇ ਤੇ ਫ਼ਕੀਰ ਵਿਚ ਕੋਈ ਭੇਦ ਸਮਝਦਾ ਹੈ, ਉਹਦੇ ਲਈ ਕੀੜੀ, ਹਾਥੀ, ਇਕ ਬਰਾਬਰ ਹਨ, ਕਿਸੇ ਦਾ ਲਿਹਾਜ਼ ਮੁਲਾਹਜ਼ਾ ਨਹੀਂ।[4]

ਅਸਲ ਵਿਚ ਜੋ ਜੀਵ ਪਰਮਾਤਮਾ ਦੇ ਹੁਕਮ ਦਾ ਰਾਜ਼ ਸਮਝਦੇ ਹਨ, ਕੇਵਲ ਉਹੀ ਪਰਮਾਤਮਾ ਦੇ ਰਹੱਸ ਬਾਰੇ ਜਾਣ ਸਕਦੇ ਹਨ।

---

੧- ਕਰੈ ਦੁਹਕਰਮ ਦਿਖਾਵੈ ਹੋਰੁ।। ਰਾਮ ਕੀ ਦਰਗਹ ਬਾਧਾ ਚੋਰੁ।।
 —ਗਉੜੀ ਮ:੫, ਆਦਿ ਗ੍ਰੰਥ, ਪੰਨਾ ੧੯੪

੨- ਜਿਉ ਜਿਉ ਤੇਰਾ ਹੁਕਮੁ ਤਿਵੈ ਤਿਉ ਹੋਵਣਾ।।
 ਜਹ ਜਹ ਰਖਹਿ ਆਪਿ ਤਹ ਜਾਇ ਖੜੋਵਣਾ।।
 — ਗੂਜਰੀ ਵਾਰ ਮ:੫, ਆਦਿ ਗ੍ਰੰਥ, ਪੰਨਾ ੫੨੩

੩- ਤੈਸਾ ਹਰਖੁ ਤੈਸਾ ਉਸੁ ਸੋਗੁ।। ਸਦਾ ਅਨੰਦੁ ਤਹ ਨਹੀ ਬਿਓਗੁ।।
 — ਸੁਖਮਨੀ, ਆਦਿ ਗ੍ਰੰਥ, ਪੰਨਾ ੨੭੫

੪- ਰੰਕੁ ਰਾਉ ਜਾ ਕੈ ਏਕ ਸਮਾਨਿ।। ਕੀਟ ਹਸਤਿ ਸਗਲ ਪੂਰਾਨ।।
 ਬੀਓ ਪੂਛਿ ਨ ਮਸਲਤਿ ਧਰੈ।। ਜੋ ਕਿਛੁ ਕਰੈ ਸੁ ਆਪਹਿ ਕਰੈ।।
 —ਗੋਂਡ ਮ:੫, ਆਦਿ ਗ੍ਰੰਥ, ਪੰਨਾ ੮੬੩

ਜੇ ਮਨਮਤ ਤਿਆਗ ਕੇ ਜੀਵ ਪ੍ਰਭੂ ਦੇ ਹੁਕਮ ਵਿਚ ਚਲੇ ਤਾਂ ਉਹ ਸੁਖ ਪਾਉਂਦਾ ਹੈ। ਪ੍ਰਭੂ ਦੀ ਕਰਨੀ ਨੂੰ ਮਿੱਠਾ ਕਰਕੇ ਮੰਨਣ ਵਾਲੇ, ਦੁੱਖ ਸੁੱਖ ਸਮ ਕਰ ਜਾਨਣ ਵਾਲੇ ਉਸ ਦੀ ਨਿਗਾਹ ਵਿਚ ਪ੍ਰਵਾਨੇ ਜਾਂਦੇ ਹਨ।[੧] ਨਰਕ, ਸੁਰਗ, ਦੁਖ, ਸੁਖ, ਸਭ ਕੁਝ ਉਸ ਦੇ ਹੁਕਮ ਨਾਲ ਹੀ ਮਿਲਦਾ ਹੈ। ਉਸ ਪ੍ਰਭੂ ਦੇ ਹੁਕਮ ਨਾਲ ਹੀ ਕਿਸੇ ਜੀਵ ਦੇ ਪੱਲੇ ਹੋਛਾ ਪਨ ਤੇ ਕਿਸੇ ਦੇ ਹਿੱਸੇ ਦਾਨਾਈ ਆਉਂਦੀ ਹੈ। ਪ੍ਰਭੂ ਤੋਂ ਬਿਨ੍ਹਾਂ ਕਿਸੇ ਹੋਰ ਦਾ ਹੁਕਮ ਨਹੀਂ ਚਲ ਸਕਦਾ।[੨] ਹੁਕਮ ਮੰਨ ਕੇ ਜੀਵ ਨੂੰ ਅਸਲੀ ਸੁਖ ਪ੍ਰਾਪਤ ਹੋ ਜਾਂਦਾ ਹੈ। ਜਿਨਾਂ ਚਿਰ ਜੀਵ ਹੁਕਮ ਦੀ ਸੂਝ ਤੋਂ ਦੂਰ ਰਹਿੰਦਾ ਹੈ, ਉਹ ਦੁੱਖਾਂ ਵਿਚ ਰਹਿੰਦਾ ਹੈ ਪਰ ਜਦੋਂ ਉਸ ਨੇ ਪਰਮਾਤਮਾ ਦੀ ਰਜ਼ਾ ਮੰਨਣ ਦੀ ਪਦਵੀ ਪਾ ਲਈ, ਸਮਝੋ ਉਸ ਲਈ ਮਿਤਰ ਤੇ ਦੁਸ਼ਮਣ ਦਾ ਭੇਦ ਮਿਟ ਗਿਆ।[੩]

*****

ਇਹ ਹੁਕਮ ਮੰਨਣ ਦੀ ਸ਼ਕਤੀ ਉਹੀ ਜੀਵ ਪ੍ਰਾਪਤ ਕਰ ਸਕਦੇ ਹਨ, ਜਿਨ੍ਹਾਂ ਤੇ ਪਰਮਾਤਮਾ ਦੀ ਨਦਰ ਹੁੰਦੀ ਹੈ। ਜੇ ਉਸ ਪਰਮਾਤਮਾ ਦੀ ਨਜ਼ਰ ਸਵੱਲੀ ਹੋਵੇ ਤਾਂ ਵਿਗੜੇ ਕੰਮ ਰਾਸ ਹੋ ਸਕਦੇ ਹਨ। ਪਰ ਪਰਮਾਤਮਾ ਦੀ ਨਜ਼ਰ ਤੋਂ ਵਾਂਜੇ ਗਏ ਜੀਵ ਦਾ ਮਨ ਕਿਤੇ ਵੀ ਤਸੱਲੀ ਨਹੀਂ ਪਾ ਸਕਦਾ। ਇਹ ਅਤਿਕਥਨੀ ਨਹੀਂ ਕਿ ਜੇ ਪਰਮਾਤਮਾ ਦੀ ਨਦਰ ਪੁਠੀ ਹੋ ਜਾਵੇ ਤਾਂ ਉਹ ਬਾਦਸ਼ਾਹ ਪਾਸੋਂ ਘਸਿਆਰੇ ਦਾ ਕੰਮ ਕਰਾ ਸਕਦਾ ਹੈ ਤੇ ਇਥੇ ਹੀ ਬਸ ਨਹੀਂ ਹੋ ਜਾਂਦੀ ਸਗੋਂ ਜੇ ਉਹ ਚਾਹੇ ਤਾਂ ਜੀਵ ਨੂੰ ਦਰ ਦਰ ਮੰਗਣ ਲਈ ਅਜਿਹਾ ਮੰਗਤਾ ਬਣਾ ਸਕਦਾ ਹੈ, ਜਿਸ ਨੂੰ ਮੰਗਿਆਂ ਭਿੱਖ ਵੀ ਨਾ ਮਿਲੇ।

ਜੀਵ ਨਿਮਾਣਾ ਹੁੰਦਾ ਹੈ ਤੇ ਲਾਚਾਰੀ ਵਸ ਹੋ ਕੇ ਉਹ ਪਰਮਾਤਮਾ ਅੱਗੇ ਅਰਜ਼ੋਈਆਂ ਕਰਦਾ ਹੈ। ਇਨ੍ਹਾਂ ਬੇਨਤੀਆਂ ਅਰਜ਼ੋਈਆਂ ਨਾਲ ਉਸ ਦੀ ਅੰਦਰਲੀ ਹਉਂ ਮੁਕ ਜਾਂਦੀ ਹੈ, ਜਦੋਂ ਇਹ ਹਉਂ ਮੁਕ ਜਾਵੇ ਤਾਂ ਜੀਵ ਉਪਰ ਪਰਮਾਤਮਾ ਦੀ ਨਦਰ ਹੋਣੀ ਸ਼ੁਰੂ ਹੋ ਜਾਂਦੀ ਹੈ। ਪ੍ਰਭੂ ਦੀ ਕਿਰਪਾ ਭਾਵ ਨਦਰ ਦੀ ਇੰਨੀ ਤਾਕਤ ਹੈ ਕਿ

---

੧- ਮਨ ਕੀ ਮਤਿ ਤਿਆਗਹੁ ਹਰਿਜਨ ਹੁਕਮੁ ਬੂਝਿ ਸੁਖੁ ਪਾਈਐ ਰੇ।।
ਜੋ ਪ੍ਰਭੁ ਕਰੈ ਸੋਈ ਭਲ ਮਾਨਹੁ ਸੁਖਿ ਦੁਖਿ ਓਹੀ ਧਿਆਈਐ ਰੇ।।
— ਗਉੜੀ ਮ:੫, ਆਦਿ ਗ੍ਰੰਥ, ਪੰਨਾ ੨੦੯

੨- ਹੁਕਮੇ ਮੁਕਤੀ ਹੁਕਮੇ ਨਰਕਾ।। ਹੁਕਮਿ ਸੰਸਾਰੀ ਹੁਕਮੇ ਭਗਤਾ।।
ਹੁਕਮੇ ਹੋਛਾ ਹੁਕਮੇ ਦਾਨਾ ਦੂਜਾ ਨਾਹੀ ਅਵਰੁ ਧੜਾ।।
—ਮਾਰੂ ਸੋਲਹੇ ਮ:੫, ਆਦਿ ਗ੍ਰੰਥ, ਪੰਨਾ ੧੦੮੧

੩- ਜਬ ਲਗੁ ਹੁਕਮੁ ਨ ਬੂਝਤਾ ਤਬ ਹੀ ਲਉ ਦੁਖੀਆ।।
ਗੁਰ ਮਿਲਿ ਹੁਕਮੁ ਪਛਾਣਿਆ ਤਬ ਹੀ ਤੇ ਸੁਖੀਆ।।
--- --- ---
— ਆਸਾ ਮ:੫, ਆਦਿ ਗ੍ਰੰਥ, ਪੰਨਾ ੪੦੦

ਉਹ ਭਲੇ ਪੁਰਸ਼ਾਂ ਦੀ ਸੰਗਤ ਦੁਆਰਾ ਮਾਇਆ ਦੇ ਜਾਲ ਤੋਂ ਬਚ ਸਕਦੀ ਹੈ।[1]

*****

ਕਿਸੇ ਸੁੰਦਰ ਮੁਟਿਆਰ ਨੂੰ ਵੇਖ ਕੇ ਜੇ ਮਨ ਵਿਚ ਕਾਮ ਭੜਕ ਉਠੇ ਜਾਂ ਆਪਣੀ ਨਮੋਸ਼ੀ ਸਹਾਰੀ ਨਾ ਜਾਏ ਜਾਂ ਆਪਣੀ ਜਿੱਤ ਦੀ ਖੁਸ਼ੀ ਸੰਭਾਲੀ ਨ ਜਾਵੇ ਤਾਂ ਅਜਿਹੇ ਵੇਲੇ ਕੋਈ ਧਰਮ ਗ੍ਰੰਥ ਨਹੀਂ ਫੋਲੇ ਜਾਂਦੇ। ਉਸ ਸਮੇਂ ਜੀਵ ਨੇ ਝਟ ਪਟ ਇਹ ਫੈਸਲਾ ਆਪ ਹੀ ਕਰਨਾ ਹੁੰਦਾ ਹੈ ਕਿ ਹੁਣ 'ਕੀ ਕਰਨਾ' ਹੈ। ਐਸੇ ਸਮੇਂ ਉਸਾਰੂ ਪੱਖ ਵਲ ਸੋਚਣ ਵਾਲੇ ਉਚੇ ਆਚਰਨ ਵਾਲੇ ਹੋ ਨਿਤਰਦੇ ਹਨ ਤੇ ਢਾਹੂ ਪੱਖ ਸੋਚਣ ਵਾਲੇ ਲੋਕਾਂ ਦੀਆਂ ਨਜ਼ਰਾਂ ਵਿਚ ਡਿੱਗ ਜਾਂਦੇ ਹਨ।

ਗੁਰੂ ਅਰਜਨ ਦੇਵ ਜੀ ਸੁੱਚੇ ਆਚਰਨ ਦੀਆਂ ਸਿਫਤਾਂ ਵੀ ਦਸਦੇ ਹਨ ਤੇ ਨਾਲ ਹੀ ਸੁੱਚਮ ਵਲ ਜਾਣ ਦਾ ਰਾਹ ਵੀ ਦਸਦੇ ਹਨ। ਗੁਰੂ ਜੀ ਅਨੁਸਾਰ ਸੁੱਚੇ ਆਚਾਰ ਦੀਆਂ ਸਿਫ਼ਤਾਂ ਇਹ ਹਨ:-

ਉਦਮ ਕਰਨਾ, ਉਚੇ ਆਚਰਨ ਦੀ ਪਹਿਲੀ ਸਿਫ਼ਤ ਹੈ।[2] ਉਚੇ ਆਚਰਨ ਵਾਲ ਜੀਵ 'ਅਗੇ ਵਧੋ' ਦਾ ਆਦਰਸ਼ ਅਪਨਾਉਂਦਾ ਹੈ,[3] ਭਾਵ ਸਦਾ ਚੜ੍ਹਦੀਆਂ ਕਲਾਂ ਵਿਚ ਰਹਿੰਦਾ ਹੈ। ਸੱਚ ਹਮੇਸ਼ਾ ਸਭ ਨੂੰ ਚੰਗਾ ਲਗਦਾ ਹੈ ਤੇ ਝੂਠ ਦੀ ਬੋ ਮੰਦੀ ਹੁੰਦੀ ਹੈ ਜੋ ਕਿਸੇ ਨੂੰ ਨਹੀਂ ਭਾਉਂਦੀ। ਝੂਠੇ ਦੀ ਸੋਆ ਝੂਠੀ ਹੀ ਹੁੰਦੀ ਹੈ। ਸੱਚੇ ਤੇ ਸੁੱਚੇ ਆਚਰਨ ਵਾਲੇ ਸੰਸਾਰ ਵਿਚ ਵਿਰਲੇ ਹੁੰਦੇ ਹਨ।[4]

ਗੁਰੂ ਜੀ ਸੁੱਚੇ[5] ਆਚਰਨ ਵਾਲਾ ਕੰਤ ਉਸੇ ਨੂੰ ਹੀ ਸਮਝਦੇ ਹਨ ਜੋ ਪਰਾਈ ਨਾਰ ਵਲ ਕਦੀ ਨ ਤਕੇ। ਉਚੇ ਆਚਰਨ ਵਾਲਾ ਸਵੇਰੇ ਅੰਮ੍ਰਿਤ ਵੇਲੇ ਉਠ ਕੇ ਇਸ਼ਨਾਨ ਕਰਕੇ ਪ੍ਰਭੂ ਦਾ ਨਾਮ ਅਰਾਧਦਾ ਹੈ ਤੇ ਸੌਣ ਲਗਾ ਵੀ ਹਰੀ ਨੂੰ ਯਾਦ ਕਰਦਾ ਹੈ।[6] ਕੇਵਲ ਪੁਰਸ਼ ਲਈ ਹੀ ਸਦਾਚਾਰ ਦੇ ਨਿਯਮ ਨਹੀਂ ਦਸੇ, ਸਗੋਂ ਨਾਰ ਲਈ ਵੀ ਕਿਹਾ ਹੈ ਕਿ ਸੁੱਚੇ ਆਚਰਨ ਵਾਲੀ ਨਾਰ ਉਹ ਹੈ ਜੋ ਦੁਨਿਆਵੀ ਸ਼ਿੰਗਾਰ ਦੀ ਥਾਂ ਆਚਰਨਕ

---

੧- ਕਰਿ ਕਿਰਪਾ ਸਤਸੰਗਿ ਮਿਲਾਏ।।
ਨਾਨਕ ਤਾ ਕੈ ਨਿਕਟਿ ਨ ਮਾਏ।।
— ਗਉੜੀ ਬਾਵਨਅਖਰੀ ਮ:੫, ਆਦਿ ਗ੍ਰੰਥ, ਪੰਨਾ ੨੫੧

੨- ਉਦਮੁ ਕਰੇਦਿਆ ਜੀਉ ਤੂੰ ਕਮਾਵਦਿਆ ਸੁਖ ਭੁੰਚੁ।।
—ਵਾਰ ਗੂਜਰੀ ਮ:੫, ਆਦਿ ਗ੍ਰੰਥ, ਪੰਨਾ ੫੨੨

੩- ਅਗਾਹਾ ਕੂ ਤ੍ਰਾਘਿ ਪਿਛਾ ਫੇਰਿ ਨ ਮੁਹਡੜਾ।।
— ਵਾਰ ਮਾਰੂ ਮ:੫, ਆਦਿ ਗ੍ਰੰਥ, ਪੰਨਾ ੧੦੯੬

੪- ਸਚੁ ਸੁਹਾਵਾ ਕਾਢੀਐ ਕੂੜੈ ਕੂੜੀ ਸੋਇ।।
ਨਾਨਕ ਵਿਰਲੇ ਜਾਣੀਅਹਿ ਜਿਨ ਸਚੁ ਪਲੈ ਹੋਇ।।
—ਵਾਰ ਮਾਰੂ ਮ:੫, ਆਦਿ ਗ੍ਰੰਥ, ਪੰਨਾ ੧੧੦੦

੫- ਕਿਆ ਗਾਲਾਇਓ ਭੂਛ ਪਰ ਵੇਲਿ ਨ ਜੋਹੇ ਕੰਤ ਤੂ।।
— ਵਾਰ ਮਾਰੂ ਮ:੫, ਆਦਿ ਗ੍ਰੰਥ, ਪੰਨਾ ੧੦੯੫

੬- ਉਠਿ ਇਸਨਾਨੁ ਕਰਹੁ ਪਰਭਾਤੇ ਸੋਏ ਹਰਿ ਆਰਾਧੇ।।
— ਬਸੰਤ ਮ:੫, ਆਦਿ ਗ੍ਰੰਥ, ਪੰਨਾ ੧੧੮੫

ਸ਼ਿੰਗਾਰ ਦੇ ਗਹਿਣੇ ਪਹਿਨ ਕੇ ਆਪਾ ਸਜਾਉਂਦੀ ਹੈ।[1] ਜੋ ਜੀਵ ਇਸਤਰੀ ਆਪਣੇ ਅੰਦਰੋਂ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਮਿਟਾ ਕੇ ਪਤੀ ਦੀ ਨਿਮਾਣੀ ਸੇਵਕਾ ਬਣ ਕੇ ਸੇਵਾ ਕਰਦੀ ਹੈ, ਉਹੀ ਪਤੀ ਨੂੰ ਪਿਆਰੀ ਲਗਦੀ ਹੈ;[2] ਕਿਉਂਕਿ ਮਾਣ ਹੁੰਦੇ ਨਿਮਾਣਾ ਹੋਣਾ, ਉਚੇ ਆਚਰਨ ਦੀ ਨਿਸ਼ਾਨੀ ਹੈ।

ਆਚਰਨ ਸੁੱਚਾ ਕਿਵੇਂ ਬਣ ਸਕਦਾ ਹੈ- ਇਸ ਵਾਸਤੇ ਬੜੀ ਕਰੜੀ ਘਾਲਣਾ ਦੀ ਲੋੜ ਹੈ, ਇਕ ਆਪਣੀ ਹੀ ਕਿਸਮ ਦੀ ਤਪੱਸਿਆ ਦੀ ਜ਼ਰੂਰਤ ਹੈ, ਜਿਸ ਵਿਚ ਸੰਸਾਰ ਨੂੰ ਨਹੀਂ ਤਿਆਗਣਾ, ਨ ਹੀ ਘਰ ਬਾਹਰ ਤਿਆਗਣਾ ਹੈ, ਜੇ ਤਿਆਗ ਦੀ ਲੋੜ ਹੈ ਤਾਂ ਪਰਾਈ ਨਿੰਦਾ, ਲੋਭ, ਮੋਹ, ਆਦਿ ਮੰਦ ਵਾਸ਼ਨਾਵਾਂ ਨੂੰ ਤਿਆਗੋ। ਜਿਹੜਾ ਅਜਿਹਾ ਤਿਆਗ ਕਰਦਾ ਹੈ ਉਹ ਹਰ ਸਮੇਂ ਪਰਮਾਤਮਾ ਨੂੰ ਹਾਜ਼ਰ ਨਾਜ਼ਰ ਸਮਝਣ ਵਾਲਾ ਵੈਸ਼ਨਵ ਭਗਤ ਬਣ ਜਾਂਦਾ ਹੈ। ਅਜਿਹਾ ਤਿਆਗੀ ਕੋਈ ਵਿਰਲਾ ਹੀ ਹੋ ਸਕਦਾ ਹੈ,ਕੋਈ ਉੱਚਾ ਸਦਾਚਾਰੀ ਪੁਰਸ਼।[3]

ਮਦਰਾ ਆਦਿ ਮੰਦ ਵਿਸ਼ਿਆਂ ਦੇ ਭੋਗੀ ਨੂੰ ਅਸੀਂ ਅਮਲੀ ਆਖਦੇ ਹਾਂ। ਅਜਿਹੇ ਅਮਲੀ ਜੀਵ ਦੀ ਸਮਾਜ ਵਿਚ ਬੇਕਦਰੀ ਹੁੰਦੀ ਹੈ। ਇਹ ਸ਼ਬਦ ਉਨ੍ਹਾਂ ਲਈ ਨਫ਼ਰਤ ਯੋਗ ਹੋਣ ਕਰਕੇ ਵਰਤਿਆ ਜਾਂਦਾ ਹੈ, ਅਜਿਹੇ ਨਫ਼ਰਤ ਯੋਗ ਜੀਵ ਲਈ ਗੁਰੂ ਜੀ 'ਬਿਖਲੀਂ ਪਤਿ' ਸ਼ਬਦ ਵਰਤਦੇ ਹਨ, ਪਰ ਗੁਰੂ ਜੀ ਅਮਲੀ ਸ਼ਬਦ ਦਾ ਪਰਯੋਗ ਸਦਾਚਾਰੀ ਪੁਰਸ਼ ਲਈ ਕਰਦੇ ਹਨ, ਜੋ ਰਾਮ ਨਾਮ ਦੇ ਨਸ਼ੇ ਵਿਚ ਰਤਿਆ ਹੋਇਆ ਹੁੰਦਾ ਹੈ।

ਭਲੇ ਪੁਰਸ਼ਾਂ ਦੀ ਸਿਫ਼ਤ ਹੈ ਕਿ ਉਹ ਕੰਨਾਂ ਨਾਲ ਕੀਰਤਨ ਸੁਣਦੇ ਹਨ, ਮੁਖੋਂ ਤੇ ਹਿਰਦੇ ਨਾਲ ਸਿਮਰਨ ਕਰਦੇ ਹਨ, ਉਨ੍ਹਾਂ ਦਾ ਮਨ ਹਰ ਸਮੇਂ ਪ੍ਰਭੂ ਦੇ ਚਰਨ ਕੰਮਲਾਂ ਨਾਲ ਜੁੜਿਆ ਰਹਿੰਦਾ ਹੈ ਤੇ ਰਾਮ ਨਾਮ ਦੀ ਪੂਜਾ ਉਨ੍ਹਾਂ ਦਾ ਜੀਵਨ ਅਧਾਰ ਹੁੰਦੀ ਹੈ।[4]

*****

ਆਚਰਨ ਨੂੰ ਸੁੱਚਾ ਕਰਨ ਲਈ ਸਭ ਤੋਂ ਜ਼ਰੂਰੀ ਘਾਲਣਾ ਹੈ ਰਾਮ ਨਾਮ

---

੧- ਸਤੁ ਸੰਤੋਖੁ ਦਇਆ ਧਰਮੁ ਸੀਗਾਰੁ ਬਨਾਵਉ।।
ਸਫਲ ਸੁਹਾਗਣਿ ਨਾਨਕਾ ਅਪਨੇ ਪ੍ਰਭ ਭਾਵਉ।।
— ਬਿਲਾਵਲ ਮ:੫,ਆਦਿ ਗ੍ਰੰਥ, ਪੰਨਾ ੮੧੨

੨- ਕਾਮੁ ਕ੍ਰੋਧੁ ਲੋਭੁ ਮੋਹੁ ਮਿਟਾਵੈ ਛੁਟਕੈ ਦੁਰਮਤਿ ਅਪੁਨੀ ਧਾਰੀ।।
ਹੋਇ ਨਿਮਾਣੀ ਸੇਵ ਕਮਾਵਹਿ ਤਾ ਪ੍ਰੀਤਮ ਹੋਵਹਿ ਮਨਿ ਪਿਆਰੀ।।
—ਆਸਾ ਮ:੫,ਆਦਿ ਗ੍ਰੰਥ,ਪੰਨਾ ੩੭੭

੩- ਪ੍ਰਥਮੇ ਛੋਡੀ ਪਰਾਈ ਨਿੰਦਾ।।ਉਤਰਿ ਗਈ ਸਭ ਮਨ ਕੀ ਚਿੰਦਾ।।
ਲੋਭੁ ਮੋਹੁ ਸਭੁ ਕੀਨੋ ਦੂਰਿ।।ਪਰਮ ਬੈਸਨੋ ਪ੍ਰਭ ਪੇਖਿ ਹਜੂਰਿ।।
ਐਸੋ ਤਿਆਗੀ ਵਿਰਲਾ ਕੋਇ।।ਹਰਿ ਹਰਿ ਨਾਮੁ ਜਪੈ ਜਨੁ ਸੋਇ।।
—ਭੈਰਉ ਮ:੫,ਆਦਿ ਗ੍ਰੰਥ, ਪੰਨਾ ੧੧੪੭

੪- ਸ੍ਰਵਣੀ ਕੀਰਤਨੁ ਸਿਮਰਨੁ ਸੁਆਮੀ ਇਹੁ ਸਾਧ ਕੋ ਆਚਾਰੁ।।
ਚਰਨ ਕਮਲ ਅਸਥਿਤਿ ਰਿਦ ਅੰਤਰਿ ਪੂਜਾ ਪ੍ਰਾਨ ਕੋ ਆਧਾਰੁ।।
— ਸਾਰੰਗ ਮ:੫,ਆਦਿ ਗ੍ਰੰਥ,ਪੰਨਾ ੧੨੨੨

ਦੀ ਆਰਾਧਨਾ। ਗੁਰਮਤ ਰਹੱਸਵਾਦ ਵਿਚ ਨਾਮ ਸ਼ਬਦ ਦੀ ਵਰਤੋਂ ਸਿਰਜਣਹਾਰ, ਪਾਲਣਹਾਰ, ਬਖਸ਼ਣਹਾਰ ਤੇ ਸਰਬ ਸਮਰਥ ਪਰਮਾਤਮਾ ਦੇ ਨਾਮ ਲਈ ਕੀਤੀ ਗਈ ਹੈ।

ਗੁਰੂ ਜੀ ਨਾਮ ਦੇ ਰਹੱਸ ਦੀ ਵਿਆਖਿਆ ਇਉਂ ਕਰਦੇ ਹਨ ਕਿ ਨਾਮ ਨੇ ਹੀ ਸਾਰੇ ਜੀਵ ਜੰਤ ਬਣਾਏ ਹਨ। ਖੰਡ ਬ੍ਰਹਿਮੰਡ ਵੀ ਉਸੇ ਨੇ ਹੀ ਬਣਾਏ ਹਨ। ਆਕਾਸ਼ ਪਾਤਾਲ ਵੀ ਉਸੇ ਨੇ ਹੀ ਬਣਾਏ ਹਨ। ਨਾਮ ਨੇ ਹੀ ਸਾਰਾ ਦ੍ਰਿਸ਼ਟਮਾਨ ਜਗਤ ਬਣਾਇਆ ਹੈ। ਨਾਮ ਨੇ ਹੀ ਸਾਰੀਆਂ ਪੁਰੀਆਂ ਤੇ ਭਵਨ ਬਣਾਏ ਹਨ। ਨਾਮ ਦੇ ਸੁਣਨ ਨਾਲ ਹੀ ਜੀਵ ਦੇ ਕੰਨ ਸਫ਼ਲੇ ਹੋ ਜਾਂਦੇ ਹਨ।[੧]

ਪਰਮਾਤਮਾ ਦਾ ਨਾਮ ਬਹੁਤ ਸੋਹਣਾ ਹੀ ਨਹੀਂ; ਅਤਿ ਦਾ ਸੋਹਣਾ ਹੈ। ਗੁਰੂ ਜੀ ਨੇ ਨਾਮ ਦੀ ਮਹਿਮਾ ਲਈ 'ਖੂਬ' ਸ਼ਬਦ ਦੀ ਪੰਜ ਵਾਰ ਵਰਤੋਂ ਕੀਤੀ ਹੈ। ਨਾਮ ਦੇ ਮੁਕਾਬਲੇ ਤੇ ਦੁਨਿਆਵੀ ਰਿਸ਼ਤੇ ਝੂਠੇ ਹਨ। ਜੀਵ ਦਾ ਅਸਲੀ ਸਬੰਧੀ ਨਾਮ ਹੀ ਹੈ, ਜੋ ਜੀਵ ਨੂੰ ਸੁੱਚਾ ਬਣਾਉਂਦਾ ਹੈ, ਗੁਰੂ ਜੀ ਪਰਮਾਤਮਾ ਨੂੰ ਵੀ ਖੂਬਸੂਰਤ ਆਖਦੇ ਹਨ ਤੇ ਪਰਮਾਤਮਾ ਦੀ ਸਿਰਜੀ ਹੋਈ ਕਾਇਨਾਤ ਨੂੰ[੨] ਵੀ। ਨਾਮ ਬਿਨਾਂ ਸਾਰੀ ਦੁਨੀਆਂ ਸੁਆਹ ਦੀ ਨਿਆਈਂ ਹੈ, ਭਾਵ ਕੁਝ ਨਹੀਂ।

ਨਾਮ ਵਿਚ ਇੰਨੀ ਸ਼ਕਤੀ ਹੈ ਕਿ ਇਕ ਅਤਿ ਨੀਚ ਚੰਡਾਲਣ ਉੱਤਮ ਜ਼ਾਤ ਵਾਲੀ ਬ੍ਰਾਹਮਣੀ ਬਣ ਗਈ ਤੇ ਸ਼ੂਦਰਨੀ ਤੋਂ ਸ੍ਰੇਸ਼ਟ ਕੁਲ ਵਾਲੀ ਹੋ ਗਈ। ਉਹ ਅਗਨੀ ਜੋ ਧਰਤ ਆਕਾਸ਼ ਦੀਆਂ ਵਸਤਾਂ ਖਾ ਕੇ ਵੀ ਤ੍ਰਿਪਤ ਨਹੀਂ ਹੁੰਦੀ, ਨਾਮ ਜਪਣ ਨਾਲ ਖਤਮ ਹੋ ਗਈ। ਮਨ ਦੀਆਂ ਵਾਸ਼ਨਾਵੀ ਬਿਰਤੀਆਂ ਭੁੱਖੀ ਬਿੱਲੀ ਵਾਂਗ ਹੁਣ (ਪਦਾਰਥਕ) ਚੂਹੇ ਖਾਣ ਦੀ ਥਾਂ ਇਨ੍ਹਾਂ ਤੋਂ ਡਰਨ ਲਗ ਪਈਆਂ। ਗੁਰੂ ਜੀ ਨੇ ਸ਼ੇਰ(ਹੰਕਾਰ) ਨੂੰ ਬੱਕਰੀ (ਚੰਗੇ ਵਿਚਾਰਾਂ) ਦੇ ਵਸ ਕਰ ਦਿੱਤਾ ਹੈ ਤੇ ਕੂਕਰ ਘਾਹ ਖਾਣ ਤੇ ਲਾ ਦਿੱਤਾ ਹੈ ਭਾਵ ਤਮੋਗੁਣ ਵਾਲੇ ਇੰਦ੍ਰਿਆਂ ਨੂੰ ਸਤੋਗੁਣ ਵਾਲਾ ਬਣਾ ਦਿੱਤਾ ਹੈ।[੩]

---

੧- ਨਾਮ ਕੇ ਧਾਰੇ ਸਗਲੇ ਜੰਤ॥ ਨਾਮ ਕੇ ਧਾਰੇ ਖੰਡ ਬ੍ਰਹਿਮੰਡ॥
ਨਾਮ ਕੇ ਧਾਰੇ ਸਿਮ੍ਰਿਤਿ ਬੇਦ ਪੁਰਾਨ॥ ਨਾਮ ਕੇ ਧਾਰੇ ਸੁਨਨ ਗਿਆਨ ਧਿਆਨ॥
ਨਾਮ ਕੇ ਧਾਰੇ ਆਗਾਸ ਪਾਤਾਲ॥ ਨਾਮ ਕੇ ਧਾਰੇ ਸਗਲ ਆਕਾਰ॥
ਨਾਮ ਕੇ ਧਾਰੇ ਪੁਰੀਆ ਸਭ ਭਵਨ॥ ਨਾਮ ਕੈ ਸੰਗਿ ਉਧਰੇ ਸੁਨਿ ਸ੍ਰਵਨ॥
—(ਧਾਰੇ ਤੋਂ ਭਾਵ ਹੈ ਬਨਾਉਣਾ) ਸੁਖਮਨੀ, ਆਦਿ ਗ੍ਰੰਥ, ਪੰਨਾ ੨੮੪

੨- ਖੂਬੁ ਖੂਬੁ ਖੂਬੁ ਖੂਬੁ ਖੂਬੁ ਤੇਰੋ ਨਾਮੁ॥ ਝੂਠੁ ਝੂਠੁ ਝੂਠੁ ਝੂਠੁ ਦੁਨੀ ਗੁਮਾਨੁ॥
—ਭੈਰਉ ਮ:੫, ਆਦਿ ਗ੍ਰੰਥ, ਪੰਨਾ ੧੧੩੮

੩- ਅਧਮ ਚੰਡਾਲੀ ਭਈ ਬ੍ਰਹਮਣੀ ਸੂਦੀ ਤੇ ਸ੍ਰੇਸਟਾਈ ਰੇ॥
ਪਾਤਾਲੀ ਆਕਾਸੀ ਸਖਨੀ ਲਹਬਰ ਬੂਝੀ ਖਾਈ ਰੇ॥
ਘਰ ਕੀ ਬਿਲਾਈ ਅਵਰ ਸਿਖਾਈ ਮੂਸਾ ਦੇਖਿ ਡਰਾਈ ਰੇ॥
ਅਜ ਕੈ ਵਸਿ ਗੁਰਿ ਕੀਨੋ ਕੇਹਰਿ ਕੂਕਰ ਤਿਨਹਿ ਲਗਾਈ ਰੇ॥
— ਆਸਾ ਮ:੫, ਆਦਿ ਗ੍ਰੰਥ, ਪੰਨਾ ੩੮੧

ਜੋ ਨਾਮ ਰਸ ਪੀਂਦੇ ਹਨ, ਉਹ ਉਸ ਦੇ ਸੁਆਦ ਵਿਚ ਅਤਿਅੰਤ ਅਨੰਦ ਵਿਚ ਰਹਿੰਦੇ ਹਨ।[੧]

ਪ੍ਰਭੂ ਨਾਮ ਦਾ ਸਿਮਰਨ ਜੀਵ ਲਈ ਜ਼ਰੂਰੀ ਹੈ ਕਿਉਂਕਿ ਨਾਮ ਸਿਮਰਨ ਨਾਲ ਜੀਵ ਦੇ ਸਾਰੇ ਦੁੱਖ ਕਲੇਸ਼ ਕੱਟੇ ਜਾਂਦੇ ਹਨ। ਸਾਰੀਆਂ ਤ੍ਰਿਸ਼ਨਾਵਾਂ ਮੁੱਕ ਜਾਂਦੀਆਂ ਹਨ।[੨] ਨਾਮ ਦਾ ਰਸ ਬੇਕੀਮਤ ਹੈ ਤੇ ਇਸ ਦੇ ਮਿਲਣ ਦਾ ਟਿਕਾਣਾ ਸਾਧ ਸੰਗਤ ਹੈ।[੩] ਇਸ ਰਸ ਦਾ ਸੁਆਦ ਉਹੀ ਜਾਣ ਸਕਦਾ ਹੈ, ਜਿਸ ਨੂੰ ਇਹ ਰਸ ਮਿਲਦਾ ਹੈ।[੪] ਨ ਦਸਿਆ ਜਾ ਸਕਣ ਵਾਲਾ ਸੁਆਦ ਹੀ ਅਸਲੀ ਸੁਆਦ ਹੈ। ਇਹ ਸੁਆਦ ਗੂੰਗੇ ਦੇ ਮਿਠਾਈ ਖਾਣ ਵਰਗਾ ਹੈ, ਜੋ ਦਸ ਨਹੀਂ ਸਕਦਾ।[੫] ਇਸ ਨਾਮ ਰਸ ਨਾਲ ਸਾਧਕ ਚੁਪ ਸਾਧ ਲੈਂਦਾ ਹੈ।

ਜਦੋਂ ਨਾਮ ਸਾਧਕ ਦੇ ਅੰਦਰ ਵਸ ਜਾਂਦਾ ਹੈ ਤਾਂ ਉਸ ਦੇ ਪੰਜੇ ਦੁਸ਼ਮਣ—ਕਾਮ, ਕ੍ਰੋਧ, ਲੋਭ, ਮੋਹ ਤੇ ਹੰਕਾਰ— ਨੱਸ ਜਾਂਦੇ ਹਨ। ਨਾਮ ਦਸਾਂ ਹੀ ਇੰਦ੍ਰਿਆਂ ਵਿਚ ਵਸ ਜਾਂਦਾ ਹੈ, ਫਿਰ ਕੋਈ ਇੰਦਰਾ ਕਿਸੇ ਗਲਤ ਪਾਸੇ ਜਾਣ ਦੀ ਨਹੀਂ ਸੋਚ ਸਕਦਾ।[੬]

ਜੀਵ ਨੂੰ ਕਿਸੇ ਕਿਸਮ ਦੀ ਮੁਸ਼ਕਲ ਆ ਬਣੇ, ਕੋਈ ਆਸਰਾ ਦੇਣ ਨੂੰ ਤਿਆਰ ਨਾ ਹੋਵੇ, ਭੈਣ, ਭਾਈ, ਮਾਕ, ਸਬੰਧ, ਸਭ ਸਾਥ ਛਡ ਜਾਣ, ਜੇ ਕੋਈ ਮਾੜਾ ਹੋਵੇ, ਗਰੀਬ ਹੋਵੇ, ਪੱਲੇ ਪੈਸੇ ਨਾ ਹੋਣ, ਕੋਈ ਧੀਰਜ ਦੇਣ ਵਾਲਾ ਵੀ ਨ ਹੋਵੇ, ਕੋਈ ਵੀ ਉਸ ਦੇ ਕੰਮ ਸੁਆਰਨ ਵਿਚ ਸਹਾਈ ਨ ਹੋ ਸਕਦਾ ਹੋਵੇ, ਚਿੰਤਾ ਜੀਵ ਨੂੰ ਖਾਂਦੀ ਹੋਵੇ, ਦੇਹੀ ਰੋਗਾਂ ਨਾਲ ਗ੍ਰਸੀ ਹੋਵੇ, ਸਾਰੇ ਪਰਵਾਰ ਵਿਚ ਦੁੱਖ ਸੁੱਖ ਦਾ ਗੇੜ ਚਲਦਾ ਹੀ ਰਹੇ; ਚਾਰੇ ਕੂੰਡਾਂ ਭਾਲ ਕੇ ਵੀ ਸੁਖ ਨ ਲੱਭੇ; ਜੀਵ ਕਾਮ, ਕ੍ਰੋਧ, ਲੋਭ ਆਦਿ ਤੇ ਚਾਰੇ ਪਾਪਾਂ- ਮਦ ਸੇਵਨ, ਚੋਰੀ, ਪਰਨਾਰੀ ਦਾ ਭੋਗ, ਗਊ ਬ੍ਰਾਹਮਣ ਦਾ ਘਾਤ- ਵਿਚ ਫਸਿਆ ਹੋਵੇ, ਕਦੀ ਉਸ ਨੇ ਕੋਈ ਧਰਮ ਗ੍ਰੰਥ ਨ ਸੁਣਿਆ ਹੋਵੇ ਤਾਂ

---

੧- ਕਹੁ ਨਾਨਕ ਗੁਰਿ ਅਮਿਉ ਪੀਆਇਆ ਰਸਕਿ ਰਸਕਿ ਬਿਗਸਾਨਾ ਰੇ।।
— ਆਸਾ ਮ:੫, ਆਦਿ ਗ੍ਰੰਥ, ਪੰਨਾ ੩੮੨

੨- ਹਰਿ ਰਸੁ ਜਿਨਿ ਜਨਿ ਚਾਖਿਆ।। ਤਾਕੀ ਤ੍ਰਿਸਨਾ ਲਾਥੀਆ।।
—ਗਉੜੀ ਚੇਤੀ ਮ:੫, ਆਦਿ ਗ੍ਰੰਥ, ਪੰਨਾ ੨੧੧

੩- ਹਰਿ ਰਸ ਕੀ ਕੀਮਤਿ ਕਹੀ ਨ ਜਾਇ।। ਹਰਿ ਰਸੁ ਸਾਧੂ ਹਾਟਿ ਸਮਾਇ।।
— ਆਸਾ ਮ:੫, ਆਦਿ ਗ੍ਰੰਥ, ਪੰਨਾ ੩੭੭

੪- ਜਿਸੁ ਰਸੁ ਆਇਆ ਸੋਈ ਜਾਨੈ। ਪੇਖਿ ਪੇਖਿ ਮਨ ਮਹਿ ਹੈਰਾਨੈ।।
— ਪ੍ਰਭਾਤੀ ਮ:੫, ਆਦਿ ਗ੍ਰੰਥ, ਪੰਨਾ ੧੩੩੮

੫- ਜਿਨਿ ਚਾਖਿਆ ਤਿਸੁ ਆਇਆ ਸਾਦੁ।। ਜਿਉ ਗੂੰਗਾ ਮਨ ਮਹਿ ਬਿਸਮਾਦੁ।।
—ਬਿਲਾਵਲ ਮ:੫, ਆਦਿ ਗ੍ਰੰਥ, ਪੰਨਾ ੮੦੧

੬- ਗੁਰ ਕਾ ਸਬਦੁ ਰਿਦ ਅੰਤਰਿ ਧਾਰੈ।। ਪੰਚ ਜਨਾ ਸਿਉ ਸੰਗੁ ਨਿਵਾਰੈ।।
ਦਸ ਇੰਦ੍ਰੀ ਕਰਿ ਰਾਖੈ ਵਾਸਿ।। ਤਾਕੈ ਆਤਮੈ ਹੋਇ ਪਰਗਾਸੁ।।
—ਗਉੜੀ ਮ:੫, ਆਦਿ ਗ੍ਰੰਥ, ਪੰਨਾ ੨੩੬

ਅਜਿਹੇ ਜੀਵ ਵੀ ਜੇ ਕਦੇ ਪਰਮਾਤਮਾ ਦਾ ਨਾਮ ਦੋ ਪਲ ਲੈ ਲੈਣ ਤਾਂ ਪ੍ਰਭੂ ਚਰਨਾਂ ਵਿਚ ਨਿਵਾਸ ਪਾ ਸਕਦੇ ਹਨ। ਜੇ ਜੀਵ ਨੂੰ ਸ਼ਾਸਤਰ, ਸਿਮ੍ਰਤੀਆਂ ਵੇਦ ਆਦਿ ਜ਼ੁਬਾਨੀ ਯਾਦ ਹੋਣ, ਤਪ ਕਰਕੇ ਜੇ ਸਰੀਰ ਨੂੰ ਕਸ਼ਟ ਦਈ ਜਾਵੇ, ਤੀਰਥੀਂ ਘੁੰਮਦਾ ਰਹੇ; ਬਾਰਾਂ ਕਰਮ-ਪੜ੍ਹਨਾ, ਪੜ੍ਹਾਉਣਾ, ਯਗ ਕਰਨਾ, ਕਰਾਉਣਾ, ਦਾਨ ਦੇਣਾ, ਲੈਣਾ, ਅਤੇ ਇਸ਼ਨਾਨ, ਜਪ, ਹਵਨ, ਦੇਵ ਪੂਜਾ, ਤੀਰਥ ਯਾਤਰਾ ਅਤੇ ਤਪ ਵੀ ਪਿਆ ਕਰੇ ਪਰ ਜੇ ਉਹ ਪਰਮਾਤਮਾ ਦਾ ਨਾਮ ਚੇਤੇ ਵਿਚ ਨਹੀਂ ਰਖਦਾ ਤਾਂ ਫਿਰ ਸਿੱਧਾ ਨਰਕਾਂ ਨੂੰ ਜਾਂਦਾ ਹੈ।[1]

ਜਦੋਂ ਨਾਮ ਮਿਲ ਗਿਆ, ਨਾਮੀ ਵਿਚ ਚਿਤ ਅਭੇਦ ਹੋ ਗਿਆ ਤਾਂ ਸਮਝੋ ਪਰਮ ਸੁਖ ਦੀ ਪ੍ਰਾਪਤੀ ਹੋ ਗਈ:-

ਮਿਤ ਕਾ ਚਿਤੁ ਅਨੂਪੁ ਮਰੰਮੁ ਨ ਜਾਨੀਐ।।
ਗਾਹਕ ਗੁਨੀ ਅਪਾਰ ਸੁ ਤਤੁ ਪਛਾਨੀਐ।।
ਚਿਤਹਿ ਚਿਤੁ ਸਮਾਇ ਤ ਹੋਵੈ ਰੰਗੁ ਘਨਾ।।
ਹਰਿਹਾਂ ਚੰਚਲ ਚੋਰਹਿ ਮਾਰਿ ਤ ਪਾਵਹਿ ਸਚੁ ਧਨਾ।।[2]

*****

ਨਾਮ ਦੀ ਦਾਤ ਮਿਲਦੀ ਹੈ ਸਤਿਗੁਰੂ ਰਾਹੀਂ। ਗੁਰੂ ਜੀ ਸਤਿਗੁਰੂ ਦਾ ਦਰਜਾ ਬਹੁਤ ਹੀ ਉੱਚਾ ਦਸਦੇ ਹਨ। ਆਪ ਦਾ ਗੁਰੂ ਸਮਰਥ ਹੈ, ਨਿਰਆਕਾਰ ਹੈ, ਅਪਾਰ ਹੈ, ਗੱਲ ਕੀ ਉਸ ਦੀ ਮਹਿਮਾ ਕਥੀ ਹੀ ਨਹੀਂ ਜਾ ਸਕਦੀ।[3] ਸਤਿਗੁਰੂ ਸਭ ਵਿਚ ਸਮਾਇਆ ਹੋਇਆ ਹੈ, ਉਹ ਆਪ ਪਰਮੇਸਰ ਹੈ, ਪਾਰਬ੍ਰਹਮ ਹੈ, ਸੰਸਾਰ ਸਾਗਰ ਵਿਚ ਡੁਬਦਿਆਂ ਨੂੰ ਬਚਾ ਲੈਂਦਾ ਹੈ। ਉਸ ਦੇ ਬਰਾਬਰ ਦੀ ਹੋਰ ਕੋਈ ਹਸਤੀ ਨਹੀਂ, ਸਾਰਾ ਸੰਸਾਰ ਮੈਂ ਭਾਲ ਡਿੱਠਾ ਹੈ।[4]

*****

ਸਿੱਖ ਧਰਮ ਵਿਚ ਜੀਵ ਨੂੰ ਏਕਾਂਤ ਵਿਚ ਬਹਿ ਕੇ ਪੂਜਾ ਕਰਨ ਦੀ ਸਿਖਿਆ ਨਹੀਂ, ਸਿੱਖ ਦਾ ਸਤਿਗੁਰੂ ਜੀਵ ਨੂੰ ਸਤਿਸੰਗ ਵਿਚ ਜਾਣ ਦਾ ਰਾਹ

---

੧- ਜਾ ਕਉ ਮੁਸਕਲੁ ਅਤਿ ਬਣੈ ਢੋਈ ਕੋਇ ਨ ਦੇਇ।।
--- --- ---
— ਸਿਰੀ ਰਾਗੁ ਮ:੫,ਆਦਿ ਗ੍ਰੰਥ, ਪੰਨਾ ੭੦

੨- ਫੁਨਹੇ ਮ:੫,ਆਦਿ ਗ੍ਰੰਥ, ਪੰਨਾ ੧੩੬੨

੩- ਗੁਰੁ ਸਮਰਥੁ ਗੁਰੁ ਨਿਰੰਕਾਰੁ ਗੁਰੁ ਊਚਾ ਅਗਮ ਅਪਾਰੁ।।
ਗੁਰ ਕੀ ਮਹਿਮਾ ਅਗਮ ਹੈ ਕਿਆ ਕਥੇ ਕਥਨਹਾਰੁ।।
— ਸਿਰੀ ਰਾਗੁ ਮ:੫,ਆਦਿ ਗ੍ਰੰਥ, ਪੰਨਾ ੫੨

੪- ਗੁਰੁ ਦਾਤਾ ਸਮਰਥੁ ਗੁਰੁ ਗੁਰੁ ਸਭ ਮਹਿ ਰਹਿਆ ਸਮਾਇ।।
ਗੁਰੁ ਪਰਮੇਸਰੁ ਪਾਰਬ੍ਰਹਮੁ ਗੁਰੁ ਡੁਬਦਾ ਲਏ ਤਰਾਇ।।
— ਸਿਰੀ ਰਾਗੁ ਮ:੫,ਆਦਿ ਗ੍ਰੰਥ, ਪੰਨਾ ੪੯

ਦਸਦਾ ਹੈ, ਸਤਿਸੰਗ ਤੋਂ ਮਿਲਦੇ ਲਾਭ ਦਸਦਾ ਹੈ। ਜੋ ਜੀਵ ਸਤਿਸੰਗ ਵਿਚ ਆ ਜਾਂਦੇ ਹਨ, ਉਹ ਭਾਵੇਂ ਲੱਖ ਅਪਵਿਤ੍ਰ ਹੋਣ, ਤਰ ਜਾਂਦੇ ਹਨ।

ਗੁਰੂ ਜੀ ਸਤਿਸੰਗ ਬਾਰੇ ਲਿਖਦੇ ਹਨ ਕਿ ਸਾਧ ਦੀ ਸੰਗਤ ਮਹਾਂ ਪਵਿਤਰ ਹੁੰਦੀ ਹੈ, ਸਾਧੂਆਂ ਦੇ ਸੰਗ ਕਰਨ ਦੀ ਭੀ ਮਹਿਮਾ ਵੀ ਅਕੱਥ ਹੈ।[1]

ਸਾਧ ਸੰਗਤ ਦੀ ਸ਼ਕਤੀ ਭੀ ਕਥੀ ਥੀ ਨਹੀਂ ਜਾ ਸਕਦੀ। ਤਦੇ ਹੀ ਸਿੱਖ ਹਰ ਰੋਜ਼ ਦੋਵੇਂ ਵੇਲੇ ਅਰਦਾਸ ਕਰਦਾ ਹੈ:-

'-----ਸਾਧ ਦਾ ਸੰਗ, ਗੁਰਮੁਖ ਦਾ ਮੇਲ, ਸੇਈ ਪਿਆਰੇ ਮੇਲ, ਜਿਨ੍ਹਾਂ ਮਿਲਿਆਂ ਤੇਰਾ ਨਾਮ ਸੁਆਸ ਸੁਆਸ ਚਿਤ ਆਵੇ-----।'

ਗੁਰੂ ਵੀ ਸੰਗਤ ਵਿਚ ਵਸਦਾ ਹੈ। ਗੁਰੂ ਵੀਹ ਵਿਸਵੇ ਤੇ ਸੰਗਤ ਇਕੀ ਵਿਸਵੇ ਹੈ।

*****

ਨਾਮ ਜਪਣਾ, ਬਾਣੀ ਪੜ੍ਹਨੀ, ਕੀਰਤਨ ਕਰਨਾ ਆਦਿ ਸੰਗਤ ਵਿਚ ਵਿਚਰਦੇ ਗੁਰਮੁਖਾਂ ਦੇ ਕਰਤਵ ਹਨ। ਕੀਰਤਨ ਕਰਨਾ ਤਾਂ ਵਿਸ਼ੇਸ਼ ਕਰਤਵ ਹੈ; ਜਿਸ ਰਾਹੀਂ ਸਾਰੀ ਸਾਧ ਸੰਗਤ ਆਪਣੀ ਰਸਨਾ ਤੇ ਕੰਨ ਪਵਿਤਰ ਕਰਦੀ ਹੈ।

ਕੀਰਤਨ ਕਰਨਾ ਤੇ ਉਹ ਵੀ ਸਾਧ ਸੰਗਤ ਵਿਚ ਆ ਕੇ, ਸਭ ਤੋਂ ਅਮੋਲਕ ਕਾਰਜ ਹੈ, ਅਜਿਹਾ ਸ਼ੁਭ ਕੰਮ ਉਹੀ ਕਰ ਸਕਦਾ ਹੈ, ਜਿਸ ਦੇ ਪੂਰਬਲੇ ਕਰਮ ਚੰਗੇ ਹੋਣ।[2] ਕੀਰਤਨ ਸੁਣਨ ਦੀ ਖਾਤਰ ਜਾਗਣਾ ਭਲਾ ਕੰਮ ਹੈ,[3] ਤੇ ਕੀਰਤਨ ਸੁਣਨ ਵਾਲਾ, ਉੱਚੇ ਆਚਾਰ ਵਾਲਾ, ਚੰਗੀ ਕਰਨੀ ਵਾਲਾ ਸਮਝਿਆ ਜਾਂਦਾ ਹੈ। ਇਸੇ ਕਰਕੇ ਗੁਰੂ ਸਾਹਿਬ ਨੇ ਕੀਰਤਨ ਤੇ ਜ਼ੋਰ ਦਿੱਤਾ ਹੈ। ਗੁਰਬਾਣੀ ਸਾਡੇ ਪਾਸ ਰਤਨਾਂ ਦਾ ਖਜ਼ਾਨਾ ਹੈ, ਜੋ ਇਸ ਨੂੰ ਗਾਉਂਦੇ ਹਨ, ਸੁਣਦੇ ਹਨ, ਉਹ ਨਿਹਾਲ ਹੋ ਹੋ ਜਾਂਦੇ ਹਨ।[4] ਸਚਮੁਚ ਜਿਥੇ ਕੀਰਤਨ ਹੋਵੇ ਉਥੇ ਹੀ ਸਵਰਗ ਹੁੰਦਾ ਹੈ।[5]

ਸਤਿਸੰਗ ਵਿਚ ਕੀਰਤਨ ਕਰਨ ਨਾਲ, ਸੁਣਨ ਨਾਲ, ਮੰਨਣ ਨਾਲ, ਜੀਵ

---

੧- ਮਹਿਮਾ ਸਾਧੂ ਸੰਗ ਕੀ ਸੁਨਹੁ ਮੇਰੇ ਮੀਤਾ।।
ਮੈਲੁ ਖੋਈ ਕੋਟਿ ਅਘ ਹਰੇ ਨਿਰਮਲ ਭਏ ਚੀਤਾ।।
— ਬਿਲਾਵਲ ਮ:੫, ਆਦਿ ਗ੍ਰੰਥ, ਪੰਨਾ ੮੦੯

੨- ਹਰਿ ਕੀਰਤ ਸਾਧਸੰਗਤਿ ਹੈ, ਸਿਰਿ ਕਰਮਨ ਕੈ ਕਰਮਾ।।
ਕਹੁ ਨਾਨਕ ਤਿਸੁ ਭਇਓ ਪਰਾਪਤਿ ਜਿਸੁ ਪੁਰਬ ਲਿਖੇ ਕਾ ਲਹਨਾ।।
—ਸੋਰਠਿ ਮ:੫, ਆਦਿ ਗ੍ਰੰਥ, ਪੰਨਾ ੬੪੨

੩- ਜਾਗਨਾ ਜਾਗਨੁ ਨੀਕਾ ਹਰਿ ਕੀਰਤਨ ਮਹਿ ਜਾਗਨਾ।।
—ਮਾਰੂ ਮ:੫, ਆਦਿ ਗ੍ਰੰਥ, ਪੰਨਾ ੧੦੧੮

੪- ਭਗਤਿ ਭੰਡਾਰ ਗੁਰਬਾਣੀ ਲਾਲ।।ਗਾਵਤ ਸੁਨਤ ਕਮਾਵਤ ਨਿਹਾਲ।।
—ਆਸਾ ਮ:੫, ਆਦਿ ਗ੍ਰੰਥ, ਪੰਨਾ ੩੭੬

੫- ਤਹਾਂ ਬੈਕੁੰਠ ਜਹ ਕੀਰਤਨੁ ਤੇਰਾ ਤੂੰ ਆਪੇ ਸਰਧਾ ਲਾਇਹਿ।।
— ਸੂਹੀ ਮ:੫, ਆਦਿ ਗ੍ਰੰਥ, ਪੰਨਾ ੭੪੯

ਆਪਣਾ ਆਚਰਨ ਉੱਚਾ ਬਣਾਉਂਦਾ ਹੈ। ਇਹ ਨਾਮ ਦਾ ਰਸੀਆ ਜੀਵ ਇੰਨਾ ਸੁੱਚਾ ਕੁੰਦਨ ਬਣ ਜਾਂਦਾ ਹੈ ਕਿ ਇਹ ਬ੍ਰਹਮ ਗਿਆਨੀ ਦੀ ਪਦਵੀ ਪਾ ਲੈਂਦਾ ਹੈ, ਜਿਸ ਨੂੰ ਗੁਰੂ ਸਾਹਿਬ-ਗੁਰਮੁਖ[੧], ਸੰਤ[੨], ਸਾਧ[੩], ਜੀਵਨ ਮੁਕਤ[੪] - ਆਦਿ ਆਖਦੇ ਹਨ। ਜੀਉਂਦੇ ਜੀਅ ਇਹ ਪਦਵੀ ਸੰਸਾਰ ਦੀ ਸਭ ਤੋਂ ਉੱਤਮ ਪਦਵੀ ਹੈ, ਜੋ ਜੀਵ ਇਸ ਤੱਕ ਪੁਜ ਗਿਆ ਉਸ ਦਾ ਆਵਾਗਵਣ[੫] ਕਟਿਆ ਜਾਂਦਾ ਹੈ।

*****

ਇਸ ਵਿਚਾਰ ਦੇ ਆਧਾਰ ਤੇ ਅਸੀਂ ਬੜੀ ਆਸਾਨੀ ਨਾਲ ਇਸ ਫੈਸਲੇ ਤੇ ਪੁਜੇ ਹਾਂ ਕਿ ਜਿਨ੍ਹਾਂ ਰਹੱਸਮਈ ਵਿਸ਼ਿਆਂ ਤੇ ਗੁਰੂ ਅਰਜਨ ਦੇਵ ਜੀ ਨੇ ਕਲਮ ਚੁਕੀ ਹੈ, ਉਨ੍ਹਾਂ ਵਿਚੋਂ ਪ੍ਰਮੁਖ ਇਹ ਹਨ:-

ਬ੍ਰਹਮ ਕੀ ਹੈ, ਜੀਵ ਦਾ ਇਸ ਜਗਤ ਵਿਚ ਆਉਣ ਦਾ ਕੀ ਮਨੋਰਥ ਹੈ, ਮਾਇਆ ਨਾਲ ਭਟਕੇ ਜੀਵ ਨੇ ਨਾਮ ਸਿਮਰਨ, ਸਤਿਸੰਗ ਤੇ ਕੀਰਤਨ ਰਾਹੀਂ, ਪ੍ਰਭੂ ਦੀ ਨਦਰ ਦੁਆਰਾ ਬ੍ਰਹਮ ਗਿਆਨੀ ਬਣਨਾ ਹੈ। ਪ੍ਰਭੂ ਦਾ ਹੁਕਮ ਖਿੜੇ ਮਥੇ ਮੰਨਣਾ, ਕਰਮਾਂ ਦੀ ਗਤੀ ਭੋਗਣੀ ਤੇ ਇਉਂ ਆਚਰਨ ਨੂੰ ਸੁੱਚਾ ਬਣਾਉਂਦਿਆਂ ਹੋਇਆਂ ਜੀਵਨ ਮੁਕਤ ਦੀ ਪਦਵੀ ਪਾ ਲੈਣੀ।

ਇਨ੍ਹਾਂ ਸਾਰੇ ਅੰਗਾਂ ਨੂੰ ਅਸੀਂ ਦੋ ਭਾਗਾਂ ਵਿਚ ਵੰਡ ਸਕਦੇ ਹਾਂ:-

੧- ਦਾਰਸ਼ਨਕ ਤੱਤ:-

ਬ੍ਰਹਮ, ਜੀਵ, ਜਗਤ, ਮਾਇਆ, ਕਰਮ, ਹੁਕਮ ਤੇ ਨਦਰ-ਗੁਰੂ ਸਾਹਿਬ ਦੇ ਰਹੱਸਵਾਦ ਦੇ ਦਾਰਸ਼ਨਕ ਤੱਤ ਹਨ।

੨- ਧਾਰਮਕ ਅੰਗ:-

ਆਚਾਰ ਨੀਤੀ, ਨਾਮ ਤੇ ਸਤਿਗੁਰੂ, ਸਤਿਸੰਗ ਤੇ ਕੀਰਤਨ, ਬ੍ਰਹਮ ਗਿਆਨੀ ਜੀਵਨ ਮੁਕਤ, ਸਾਧ, ਸੰਤ, ਗੁਰਮੁਖ ਦਾ ਸੰਕਲਪ, ਪ੍ਰਭੂ ਪ੍ਰਾਪਤੀ-ਜੋਗ, ਸਹਜ ਤੇ ਅਨਹਦ ਅਵਸਥਾ ਰਾਹੀਂ-ਆਪ ਦੇ ਰਹੱਸਵਾਦ ਦੇ ਧਾਰਮਕ ਅੰਗ ਹਨ।

ਇਨ੍ਹਾਂ ਸਾਰੇ ਸਿਰਲੇਖਾਂ ਤੇ ਵਖਰੇ ਰੂਪ ਵਿਚ ਅਗਲੇ ਪੰਨਿਆਂ ਵਿਚ ਵਿਚਾਰ ਕੀਤੀ ਜਾਵੇਗੀ।

***
*

---

੧- ਗੁਰਮੁਖਿ ਦੀਸੈ ਬ੍ਰਹਮ ਪਸਾਰੁ।। ਗੁਰਮੁਖਿ ਤ੍ਰੈ ਗੁਣੀਆਂ ਬਿਸਥਾਰੁ।।
—ਮਲਾਰ ਮ:੫, ਆਦਿ ਗ੍ਰੰਥ, ਪੰਨਾ ੧੨੭੦

੨- ਸੰਤਨ ਕੀ ਮਹਿਮਾ ਕਵਨ ਵਖਾਨਉ।। ਅਗਾਧਿ ਬੋਧਿ ਕਿਛੁ ਮਿਤਿ ਨਹੀ ਜਾਨਉ।।
—ਗਉੜੀ ਗੁਆਰੇਰੀ ਮ:੫, ਆਦਿ ਗ੍ਰੰਥ, ਪੰਨਾ ੧੮੧

੩- ਸਾਧ ਕੀ ਸੋਭਾ ਸਾਧ ਬਨਿ ਆਈ।। ਨਾਨਕ ਸਾਧ ਪ੍ਰਭ ਭੇਦੁ ਨ ਭਾਈ।।
— ਸੁਖਮਨੀ, ਆਦਿ ਗ੍ਰੰਥ, ਪੰਨਾ ੨੭੨

੪- ਜੀਵਤੋ ਮਰੈ ਬੁਝੈ ਪ੍ਰਭੁ ਸੋਇ।। ਤਿਸੁ ਜਨ ਕਰਮਿ ਪਰਾਪਤਿ ਹੋਇ।।
—ਸੂਹੀ ਮ:੫, ਆਦਿ ਗ੍ਰੰਥ, ਪੰਨਾ ੭੪੧

੫- ਆਵਾਗਵਨ ਮਿਟੈ ਪ੍ਰਭ ਸੇਵ।। ਆਪੁ ਤਿਆਗਿ ਸਰਨਿ ਗੁਰਦੇਵ।।
—ਸੁਖਮਨੀ, ਆਦਿ ਗ੍ਰੰਥ, ਪੰਨਾ ੨੯੯

## ਭਾਗ ਦੂਜਾ

*******

## ਗੁਰੂ ਅਰਜਨ ਦੇਵ ਜੀ ਦੇ ਰਹੱਸਵਾਦ ਦੇ ਦਾਰਸ਼ਨਕ ਤੱਤ:-

੧- ਬ੍ਰਹਮ

੨- ਜੀਵ

੩- ਜਗਤ-ਰਚਨਾ

੪- ਮਾਇਆ, ਹਉਮੈ

੫- ਕਰਮ, ਹੁਕਮ ਤੇ ਨਦਰ ਦੇ ਸਿਧਾਂਤ

## ਕਾਂਡ-੧

## - ਬ੍ਰਹਮ -

ਬ੍ਰਹਮ ਬੜਾ ਪ੍ਰਾਚੀਨ ਸ਼ਬਦ ਹੈ। ਰਿਗਵੇਦ ਵਿਚ ਇਸ ਸ਼ਬਦ ਦੀ ਵਰਤੋਂ ਕੀਤੀ ਹੋਈ ਮਿਲਦੀ ਹੈ। ਸ਼ੁਰੂ ਸ਼ੁਰੂ ਵਿਚ ਇਸ ਦੀ ਵਰਤੋਂ ਦਾ ਭਾਵ ਧਨ ਜਾਂ ਪ੍ਰਾਰਥਨਾ ਹੁੰਦਾ ਸੀ। ਪਰ ਫਿਰ ਇਸ ਦੀ ਵਿਚਾਰ ਕਰਨ ਪਿਛੋਂ ਇਹ ਅਰਥ ਬਦਲਦੇ ਗਏ।[1]

ਬ੍ਰਹਮ ਸ਼ਬਦ 'ਬ੍ਰਿਹ' ਧਾਤੂ ਤੋਂ ਬਣਿਆ ਹੈ, ਜਿਸ ਦਾ ਭਾਵ ਹੈ ਵਧਿਆ ਹੋਇਆ।[2] ਡਾ.ਰਾਧਾ ਕ੍ਰਿਸ਼ਨਨ ਨੇ ਵੀ ਇਸ ਸ਼ਬਦ ਦਾ ਨਿਕਾਸ 'ਬ੍ਰਿਹ' ਤੋਂ ਹੀ ਦਸਿਆ ਹੈ। ਜਿਸ ਦਾ ਭਾਵ ਹੈ-ਅਰੁਕ ਵਾਧਾ।[3]

ਜੇ ਕੋਈ ਸਭ ਤੋਂ ਪੁਰਾਣਾ ਵਿਸ਼ਾ ਜੋ ਹਰ ਸਮੇਂ ਧਿਆਨ ਗੋਚਰਾ ਰਿਹਾ ਹੈ ਤਾਂ ਉਹ ਹੈ- ਪਰਮਾਤਮਾ ਸਬੰਧੀ ਜਾਨਣ ਦੀ ਕੋਸ਼ਿਸ਼ ਕਰਨੀ। ਜਿਸ ਨੂੰ ਕੋਈ ਬ੍ਰਹਮ ਕਹਿ ਲੈਂਦਾ ਹੈ, ਕੋਈ ਖ਼ੁਦਾ, ਕੋਈ ਗਾਡ, ਕੋਈ ਰਾਮ, ਕ੍ਰਿਸ਼ਨ, ਵਿਸ਼ਨੂੰ ਤੇ ਕੋਈ ਸ਼ਿਵ ਆਦਿ। ਇਸ ਇਕੋ ਨੂੰ ਜਾਣ ਲੈਣ ਤੋਂ ਬਾਦ ਫਿਰ ਹੋਰ ਕਿਸੇ ਨੂੰ ਜਾਨਣ ਦੀ ਗੁੰਜਾਇਸ਼ ਨਹੀਂ ਰਹਿੰਦੀ। ਉਪਨਿਸ਼ਦਾਂ ਵਿਚ ਲਿਖਿਆ ਹੈ, 'ਹੇ ਰਿਸ਼ੀ ਜੀ! ਕਿਸ ਨੂੰ ਜਾਨਣ ਤੋਂ ਉਪ੍ਰੰਤ ਸਭ ਕੁਝ ਜਾਣਿਆ ਜਾਂਦਾ ਹੈ।[4]

ਪਾਰਬ੍ਰਹਮ- ਜੋ ਅਥਾਹ ਹੈ, ਅਸੀਮ ਹੈ, ਸਵੈ ਇਛਕ ਹੈ, ਜੋ ਸਭ ਨੂੰ ਦੇਖਦਾ ਹੈ, ਪਰ ਜਿਸ ਨੂੰ ਕੋਈ ਨਹੀਂ ਦੇਖ ਸਕਦਾ, ਜੋ ਲਾ-ਧਿਆਨ ਹੈ, ਜੋ ਮਨੁੱਖੀ ਪਹੁੰਚ ਤੋਂ ਉਪਰ ਹੈ, ਜਿਸ ਤੋਂ ਸਾਰੀ ਕਾਇਨਾਤ ਬਣਦੀ ਹੈ ਤੇ ਜੋ ਸਾਰੀ ਕਾਇਨਾਤ ਵਿਚ ਸਮਾਇਆ ਹੋਇਆ ਹੈ; ਜੋ ਜਗਤ ਲਈ ਚਾਨਣ ਹੈ ਤੇ ਜਿਸ ਦਾ ਨਾਂ ਏਨਾ ਪਾਕ ਹੈ ਕਿ ਜ਼ੁਬਾਨ ਕਹਿ ਹੀ ਨਹੀਂ ਸਕਦੀ। ਜੋ ਏਨਾ ਸ਼ਕਤੀਵਾਨ ਹੈ ਜਿਨੀ ਕਲਪਨਾ ਵੀ ਨਹੀਂ ਕੀਤੀ ਜਾ ਸਕਦੀ- ਬ੍ਰਹਮ ਹੈ। ਜੋ ਅਨਾਮ ਹੈ, ਸੱਚਾ ਹੈ, ਕਰਤਾ ਹੈ, ਪਾਲਕ ਹੈ ਤੇ ਸੰਭੈ ਹੈ।[5]

ਬ੍ਰਹਮ ਇਕ ਅਜਿਹਾ ਰਹੱਸ ਹੈ, ਜਿਸ ਦਾ ਭੇਦ ਬ੍ਰਹਮਾ, ਵਿਸ਼ਨੂੰ, ਸ਼ਿਵ ਜੀ ਵੀ ਨਹੀਂ ਪਾ ਸਕਦੇ।

---

੧- ਹਿੰਦੀ ਸਾਹਿਤਯ ਕੋਸ਼, ਪੰਨਾ ੫੨੦

੨- ਮਹਾਨ ਕੋਸ਼, ਪੰਨਾ ੬੭੧

੩- The Principle Upanishad,Dr.S.Radha Krishanan,p.52.

੪- ਮੁੰਡਕ ਉਪਨਿਸ਼ਦ-੧,੧,੩

੫- The Mythology of the Hindus,Charles Coleman, p.1.

ਜੇ ਕਿਸੇ ਖੋਜੀ ਨੂੰ ਬ੍ਰਹਮ[੧] ਬਾਰੇ ਕੁਝ ਅਨੁਭਵ ਹੋ ਵੀ ਜਾਂਦਾ ਹੈ ਤਾਂ ਉਹ ਉਸ ਬਾਰੇ ਕੁਝ ਕਹਿ ਹੀ ਨਹੀਂ ਸਕਦਾ।

ਜੇ ਉਸ ਬਾਰੇ ਕੋਈ ਦਾਅਵਾ ਕਰੇ ਕਿ ਪਰਮਾਤਮਾ ਨੂੰ ਜਾਣਦਾ ਹਾਂ ਤਾਂ ਇਹ ਉਸ ਖੋਜੀ ਦਾ ਭੁਲੇਖਾ ਹੀ ਹੋਵੇਗਾ। ਜਿਸ ਨੂੰ ਅਸਲੀ ਅਨੁਭਵ ਹੋ ਜਾਂਦਾ ਹੈ ਉਹ ਤਾਂ ਦਸ ਹੀ ਨਹੀਂ ਸਕਦਾ, ਕਿਉਂਕਿ 'ਉਹ ਸਭ ਨੂੰ ਦੇਖ ਰਿਹਾ ਹੈ, ਪਰ ਕੋਈ ਵੀ ਅਜਿਹਾ ਨਹੀਂ ਜੋ ਉਸ ਨੂੰ ਜਾਣ ਸਕੇ।'[੨]

ਗੀਤਾ ਵਿਚ ਵੀ ਇਉਂ ਹੀ ਦਸਿਆ ਹੈ ਕਿ 'ਹੇ ਅਰਜਨ! ਬੀਤ ਚੁੱਕੇ ਤੇ ਵਰਤਮਾਨ ਵਿਚ ਅਰਥਾਤ ਇਸ ਵੇਲੇ ਅਤੇ ਅਗੋਂ ਹੋਣ ਵਾਲੇ ਸਭ ਪ੍ਰਾਣੀਆਂ ਨੂੰ ਮੈਂ ਜਾਣਦਾ ਹਾਂ, ਪਰ ਮੈਨੂੰ ਕੋਈ ਨਹੀਂ ਜਾਣਦਾ।'[੩]

ਉਪਨਿਸ਼ਦਾਂ ਵਿਚ ਇਉਂ ਵੀ ਲਿਖਿਆ ਹੈ ਕਿ ਦੇਵਤਿਆਂ ਨੇ ਸ਼ਿਵ ਨੂੰ ਇਸ ਦੇ ਸਰੂਪ ਬਾਰੇ ਪੁਛਿਆ ਤਾਂ ਇਸ ਨੇ ਕਿਹਾ-"ਇਸ ਸੰਸਾਰ ਦੀ ਉਤਪਤੀ ਤੋਂ ਪਹਿਲਾਂ ਮੈਂ ਹੀ ਇਸ ਸੰਸਾਰ ਵਿਚ ਸਾਂ, ਮੈਂ ਹੀ ਹਮੇਸ਼ਾਂ ਵਰਤਮਾਨ ਰਹਿੰਦਾ ਹਾਂ ਤੇ ਵਰਤਮਾਨ ਰਹਾਂਗਾ, ਮੇਰੇ ਤੋਂ ਪਰੇ ਕੋਈ ਵਸਤੂ ਇਸ ਸੰਸਾਰ ਵਿਚ ਨਹੀਂ। ਮੈਂ ਨਿੱਤ ਹਾਂ, ਅਨਿੱਤ ਵੀ ਹਾਂ, ਮੈਂ ਪ੍ਰਤੱਖ ਤੇ ਅਪ੍ਰਤੱਖ ਵੀ ਹਾਂ, ਮੈਂ ਹੀ ਬ੍ਰਹਮ ਹਾਂ ਤੇ ਬ੍ਰਹਮ ਨਹੀਂ ਹਾਂ।" ਫਿਰ ਅਗੇ ਲਿਖਿਆ ਹੈ, "ਇਹ ਹੀ ਸਿਰਫ ਰੁਦ੍ਰ ਹੈ, ਇਹ ਨਿਸ਼ਾਨ ਹੈ, ਇਹ ਈਸ਼ਵਰ ਹੈ, ਇਹ ਹੀ ਮਹੇਸ਼ਰ ਹੈ ਅਤੇ ਇਹ ਹੀ ਮਹਾਂਦੇਵ ਹੈ।"[੪]

ਡਾ. ਰਾਧਾ ਕ੍ਰਿਸ਼ਨਨ ਲਿਖਦੇ ਹਨ ਕਿ ਉਹ ਹਰ ਸ਼ੈ ਵਿਚ ਵਸਦਾ ਹੈ ਪਰ ਸਭਨਾਂ ਤੋਂ ਉਪਰ ਹੈ। ਉਹ ਸੂਰਜ ਵਾਂਗ ਹੈ, ਜੋ ਸਭ ਦੀਆਂ ਅੱਖਾਂ ਦੀ ਜੋਤ ਤਾਂ ਬਣਦਾ ਹੈ ਪਰ ਕਿਸੇ ਦੀ ਅੱਖ ਉਸ ਵਲ ਤੱਕ ਕੇ ਉਸ ਦੇ ਨੁਕਸ ਨਹੀਂ ਕੱਢ ਸਕਦੀ। ਉਹ ਸੰਸਾਰ ਦੀ ਰਚਨਾ ਕਰਦਾ ਹੈ ਫਿਰ ਵੀ ਇਸ ਰਚਨਾ ਦੀਆਂ ਹੱਦਾਂ ਤੋਂ ਨਿਆਰਾ ਹੈ।[੫]

ਇਸ ਉੱਤਮ ਹਸਤੀ ਨੂੰ ਕਈ ਵੱਖ ਵੱਖ ਨਾਵਾਂ ਨਾਲ ਪੁਕਾਰਿਆ ਜਾਂਦਾ ਹੈ, ਜਿਵੇਂ- ਬ੍ਰਹਮ, ਪਾਰਬ੍ਰਹਮ, ਪਰਮਾਤਮਾ, ਰਾਮ ਤੇ ਭਗਵਤ ਆਦਿ। ਇਸ ਦਾ ਕੋਈ ਆਦਿ ਨਹੀਂ, ਅੰਤ ਨਹੀਂ, ਇਸ ਦਾ ਬਾਹਰੀ ਸਰੂਪ ਕੋਈ ਨਹੀਂ; ਇਸ ਦੀ ਗਿਣਤੀ ਨਹੀਂ ਹੋ ਸਕਦੀ, ਇਹ ਅਪ੍ਰੰਪਾਰ ਹੈ। ਜਿਸ ਨੂੰ ਵੰਡਿਆ ਨਹੀਂ ਜਾ ਸਕਦਾ,

---

੧- ਜੇ ਹਉ ਜਾਣਾ ਆਖਾ ਨਾਹੀ ਕਹਣਾ ਕਥਨੁ ਨ ਜਾਈ।। —ਜਪੁਜੀ/ਆਦਿ ਗ੍ਰੰਥ ਪੰਨਾ ੨

੨- ਸਵੇਤ ਉਪਨਿਸ਼ਦ-੩:੧੯

੩- ਗੀਤਾ-੭:੨੬

੪- ਹਿੰਦੂ ਮਿਥਿਹਾਸ ਕੋਸ਼, ਜਾਨ ਡਾਸਨ, ਭਾਸ਼ਾ ਵਿਭਾਗ, ਪਟਿਆਲਾ, ਪੰਨਾ ੧੨੨

੫- The Principle Upanishad, Dr.S.Radha Krishanan, p.71.

ਜੋ ਪਦਾਰਥਾਂ ਤੋਂ ਉਪਰ ਹੈ, ਭਾਵ ਅਮੂਰਤ ਹੈ, ਅਦਿਸ ਹੈ। ਉਹ ਸਰਵ ਵਿਆਪਕ ਹੈ, ਸਰਵ ਸ਼ਕਤੀਮਾਨ ਹੈ, ਸਰਵ ਗਿਆਤਾ ਹੈ, ਇਹ ਸਾਰਾ ਕੁਝ ਹੁੰਦਿਆਂ ਵੀ ਉਹ ਲਾ-ਬਿਆਨ ਹੈ, ਉਸ ਦੇ ਗੁਣ ਕਥੇ ਨਹੀਂ ਜਾ ਸਕਦੇ।[੧]

ਬ੍ਰਹਮ ਦਾ ਅਰਥ ਹੈ, ਸਾਜਣ ਵਾਲਾ। ਬ੍ਰਹਮ ਨੂੰ ਸੁਨਹਿਰੀ ਰੰਗ ਦਾ ਸਮਝਿਆ ਜਾਂਦਾ ਹੈ, ਜਿਸ ਦੇ ਚਾਰ ਸਿਰ ਹਨ ਤੇ ਚਾਰ ਹੀ ਬਾਹਵਾਂ ਹਨ। ਹਿੰਦੂ ਲਿਖਾਰੀਆਂ ਨੇ ਬ੍ਰਹਮ ਦੇ ਆਦਿ ਬਾਰੇ ਵੱਖ ਵੱਖ ਵਿਚਾਰ ਦਿੱਤੇ ਹਨ। ਕੁਝ ਲੋਕਾਂ ਦਾ ਵਿਚਾਰ ਹੈ ਕਿ ਬ੍ਰਹਮ ਨੀਂਦ ਤੋਂ ਜਾਗਿਆ ਤਾਂ ਉਸ ਨੇ ਬ੍ਰਹਮਾ ਤੇ ਦੋ ਹੋਰ ਜੀਵ ਬਣਾਏ। ਕੁਝ ਹੋਰ ਲੋਕਾਂ ਦਾ ਵਿਚਾਰ ਹੈ ਕਿ ਇਸ ਦੀ ਸਾਜਣਾ ਇਕ ਬੀਜ ਤੋਂ ਹੋਈ ਜੋ ਪਾਣੀ ਵਿਚ ਰਖਿਆ ਗਿਆ, ਉਥੇ ਉਹ ਆਂਡਾ ਬਣਿਆ ਤੇ ਆਂਡੇ ਵਿਚੋਂ ਬ੍ਰਹਮਾ ਬਣਿਆ।[੨]

ਦਾਸ ਗੁਪਤਾ ਬ੍ਰਹਮ ਨੂੰ ਅਕਥ ਸੱਚਾਈ ਆਖਦੇ ਹਨ। ਅਜਿਹੀ ਸਚਾਈ ਜੋ ਸਾਰੀ ਕਾਇਨਾਤ ਦੀ ਇਕੋ ਹਸਤੀ ਹੈ।[੩]

ਮੁੰਡਕ ਉਪਨਿਸ਼ਦ ਵਿਚ ਲਿਖਿਆ ਹੈ ਕਿ ਬ੍ਰਹਮ ਸਾਡੇ ਅੱਗੇ ਹੈ, ਸਾਡੇ ਪਿਛੇ ਹੈ ਤੇ ਸਾਡੇ ਸੱਜੇ ਤੇ ਖੱਬੇ ਹੈ।

ਕਠੋਪਨਿਸ਼ਦ ਵਿਚ ਲਿਖਿਆ ਹੈ ਕਿ ਜਿਹੜਾ ਜੀਵ ਬ੍ਰਹਮ ਤੇ ਜਗਤ ਵਿਚ ਭੇਦ ਸਮਝਦਾ ਹੈ, ਉਹ ਆਵਾਗਵਣ ਦੇ ਚੱਕਰ ਵਿਚੋਂ ਨਹੀਂ ਨਿਕਲ ਸਕਦਾ। ਬ੍ਰਹਮ ਸਾਰੀ ਕਾਇਨਾਤ ਤੇ ਕੰਟਰੋਲ ਕਰਨ ਵਾਲਾ ਹੈ ਤੇ ਸਾਰੇ ਜੀਵਾਂ ਵਿਚ ਵਸਿਆ ਹੋਇਆ ਹੈ। ਉਹ ਇਕ ਤੋਂ ਅਨੇਕ ਕਰਦਾ ਹੈ ਪਰ ਆਪ ਇਕ ਹੀ ਰਹਿੰਦਾ ਹੈ ਤੇ ਸਾਰੇ ਜੀਵਾਂ ਦੀਆਂ ਖਾਹਸ਼ਾਂ ਦੀ ਪੂਰਤੀ ਕਰਦਾ ਹੈ।[੪] ਜਦੋਂ ਇਹ ਪਤਾ ਲਗ ਜਾਂਦਾ ਹੈ ਕਿ ਉਹ ਇਕੋ ਹਸਤੀ ਹੈ, ਜੋ ਸਾਰੇ ਸੰਸਾਰ ਨੂੰ ਰੂਹਾਨੀ ਚਾਨਣ ਬਖਸ਼ਦੀ ਹੈ ਤਾਂ ਦਿਲ ਦੀਆਂ ਭੁਲੇਖੇ ਵਾਲੀਆਂ ਸਾਰੀਆਂ ਗੰਢਾਂ ਖੁਲ੍ਹ ਜਾਂਦੀਆਂ ਹਨ, ਸਾਰੇ ਸ਼ੱਕ ਜਾਦੂ ਦੇ ਅਸਰ ਵਾਂਗ ਨੱਸ ਜਾਂਦੇ ਹਨ।[੫]

ਇਹ ਬ੍ਰਹਮ ਹੀ ਹੈ, ਜੋ ਲਾਸਾਨੀ ਹੈ ਭਾਵ ਜਿਸ ਦੇ ਨਾਲ ਦਾ ਸਾਰੇ ਸੰਸਾਰ ਵਿਚ ਹੋਰ ਕੋਈ ਨਹੀਂ।[੬] ਏਕਹਾਰਟ ਦਾ ਕਹਿਣਾ ਹੈ ਕਿ ਪਰਮਾਤਮਾ ਅਡੋਲ

---

੧- The Faith of the World, Rev. James Gardener, Vol.I, p.374.

੨- As above, p.375.

੩- ਹਵਾਲਾ- Hindu Mysticism, S.N.Das Gupta, p.41.

੪- As above, p.52

੫- As above, p.57.

੬- Mysticism and Philosophy, W.T.Stace, p.67.

ਸੁੱਤ ਅਵਸਥਾ ਵਿਚ ਸ੍ਵੈ ਪ੍ਰਕਾਸ਼ਤ ਹੈ।[੧]

ਗੁਰੂ ਅਰਜਨ ਦੇਵ ਜੀ ਅਨੁਸਾਰ ਬ੍ਰਹਮ ਉਹ ਹਸਤੀ ਹੈ, ਜਿਸ ਦੀ ਥਾਹ ਨਹੀਂ ਪਾਈ ਜਾ ਸਕਦੀ, ਉਹ ਤੋਲਿਆ ਮਿਣਿਆ ਨਹੀਂ ਜਾ ਸਕਦਾ। ਉਹ ਜੋ ਕੁਝ ਵੀ ਹੈ, ਉਸ ਦਾ ਵਰਣਨ ਨਹੀਂ ਕੀਤਾ ਜਾ ਸਕਦਾ।[੨] ਇਸੇ ਨੂੰ ਪਾਉਣ ਦੇ ਮਨੋਰਥ ਨਾਲ ਜੀਵ ਇਸ ਸੰਸਾਰ ਵਿਚ ਆਉਂਦਾ ਹੈ।

## ਬ੍ਰਹਮ ਦਾ ਸਰੂਪ

ਕੁਰਾਨ ਦੇ ਅਨੁਸਾਰ ਪਰਮਾਤਮਾ ਇਕ ਹੈ, ਉਸ ਦੇ ਇਲਾਵਾ ਕੋਈ ਹੋਰ ਪਰਮਾਤਮਾ ਨਹੀਂ। ਉਹ ਸਰਵ ਸ਼ਕਤੀਮਾਨ ਹੈ।[੩] ਉਹ ਸ੍ਰਿਸ਼ਟੀ ਦਾ ਕਰਤਾ ਹੈ।[੪] ਅੰਤ ਵਿਚ ਸਾਰੇ ਪਦਾਰਥ ਉਸੇ ਵਿਚ ਹੀ ਸਮਾ ਜਾਣਗੇ।[੫] ਉਹ ਆਪ ਹੀ ਆਪ ਹੈ, ਉਸ ਦਾ ਕੋਈ ਪੁਤਰ ਨਹੀਂ; ਨ ਹੀ ਉਹ ਕਿਸੇ ਦੀ ਸੰਤਾਨ ਹੈ।[੬]

ਉਸ ਦਾ ਸਰੂਪ ਅੱਖਾਂ ਰਾਹੀਂ ਵੇਖ ਕੇ ਦਸਿਆ ਨਹੀਂ ਜਾ ਸਕਦਾ। ਉਸ ਨੂੰ ਤਾਂ ਸਿਰਫ ਅਨੁਭਵ ਹੀ ਕੀਤਾ ਜਾ ਸਕਦਾ ਹੈ, ਜੋ ਅਨੁਭਵ ਕਰਕੇ ਉਸ ਨੂੰ ਮਨ ਵਿਚ ਵਸਾ ਲੈਂਦੇ ਹਨ, ਉਹ ਅਮਰ ਹੋ ਜਾਂਦੇ ਹਨ।[੭]

ਉਪਨਿਸ਼ਦਾਂ ਵਿਚ ਬ੍ਰਹਮ ਦਾ ਉਹੀ ਸਰੂਪ ਹੈ, ਜੋ ਲਖਿਆ ਨਹੀਂ ਜਾ ਸਕਦਾ। ਉਪਨਿਸ਼ਦ ਪਰਮਾਤਮਾ ਬਾਰੇ ਇਹ ਨਹੀਂ ਦਸ ਸਕਦੇ ਕਿ ਉਹ ਕਿਹੋ ਜਿਹਾ ਹੈ, ਉਹ ਤਾਂ 'ਨੇਤਿ ਨੇਤਿ' ਕਹਿੰਦੇ ਹਨ- ਭਾਵ ਇਹ ਵੀ ਨਹੀਂ, ਇਹ ਵੀ ਨਹੀਂ।[੮]

ਜਗਤ ਕਰਤਾ, ਜਗਤ ਪਾਲਕ, ਜਗਤ ਸੰਘਾਰਕ ਉਹੀ ਹੈ। ਭਾਵੇਂ ਉਸ ਦੇ ਸਰੂਪ ਨੂੰ ਕਿਸੇ ਨੇ ਅੱਜੇ ਤੱਕ ਵੇਖਿਆ ਨਹੀਂ, ਤਾਂ ਵੀ ਉਸ ਦੀ ਹੋਂਦ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ। ਕਬੀਰ ਜੀ ਵੀ ਬ੍ਰਹਮ ਦੀ ਕਥਾ ਅਕਥ ਕਹਿੰਦੇ ਹਨ।[੯]

---

੧- ਹਵਾਲਾ-Mysticism- Christian and Buddhist, D.T.Suzuki,p.37.

੨- ਬਰਨਿ ਨ ਸਾਕਉ ਜੈਸਾ ਤੂ ਹੈ ਸਾਚੇ ਅਲਖ ਅਪਾਰਾ ।।
ਅਤੁਲ ਅਥਾਹ ਅਡੋਲ ਸੁਆਮੀ ਨਾਨਕ ਖਸਮੁ ਹਮਾਰਾ।।
—ਰਾਮਕਲੀ ਮ:੫, ਆਦਿ ਗ੍ਰੰਥ, ਪੰਨਾ ੮੮੪

੩- The Glorious Koran, 3/2.

੪- As above, 13/16.

੫- As above, 3/109

੬- As above, 112/3

੭- Kathopanishad, Swami Sarvananda,p.109

੮- Brihadarnayak, 4,4,22.

੯- ਕਹੁ ਕਬੀਰ ਗੂੰਗੇ ਗੁੜੁ ਖਾਇਆ ਪੂਛੇ ਤੇ ਕਿਆ ਕਹੀਐ।।
— ਗਉੜੀ ਕਬੀਰ, ਆਦਿ ਗ੍ਰੰਥ, ਪੰਨਾ ੩੩੪

ਡਾ. ਪਾਂਡੇ ਅਨੁਸਾਰ ਬ੍ਰਹਮ ਦੇ ਸਰੂਪ ਦੀ ਵਿਆਖਿਆ ਹੋਰ ਵੀ ਪਰੇ ਦੀ ਵਸਤੂ ਹੈ।[1]

ਬ੍ਰਹਮ ਦਾ ਅਸਲੀ ਸਰੂਪ ਕੀ ਹੈ, ਇਸ ਰਹੱਸ ਦੀ ਗੰਢ ਹਾਲੇ ਤੱਕ ਖੁਲ੍ਹੀ ਨਹੀਂ। ਸੰਕਰਾਚਾਰੀਆ ਕਹਿੰਦੇ ਹਨ ਕਿ ਅਭੇਦਤਾ ਦਾ ਗਿਆਨ ਹੋ ਜਾਣ ਤੇ ਵੀ ਇਹੋ ਲਗਦਾ ਹੈ ਕਿ ਮੈਂ ਉਸ ਸਾਗਰ ਦੀ ਇਕ ਨਿਮਾਣੀ ਜਹੀ ਲਹਿਰ ਹਾਂ।

ਗੁਰੂ ਨਾਨਕ ਅਨੁਸਾਰ ਬ੍ਰਹਮ ਸੱਚ ਦਾ ਸਰੂਪ ਹੈ। ਏਕੰਕਾਰ ਹੈ, ਮੂਰਤੀ-ਮਾਨ ਹੈ, ਇਸ ਤੋਂ ਹੀ ਸਾਰੀ ਸ੍ਰਿਸ਼ਟੀ ਪੈਦਾ ਹੋਈ ਹੈ।[2]

ਕੁਰਾਨ ਵਿਚ ਵੀ ਜ਼ਿਕਰ ਆਉਂਦਾ ਹੈ, 'ਜਿਧਰ ਵੀ ਤਕੋ ਉਧਰ ਹੀ ਰੱਬ ਦਾ ਮੁਖੜਾ ਨਜ਼ਰ ਆਉਂਦਾ ਹੈ।'[3]

ਬ੍ਰਹਮ ਦੇ ਦੋ ਸਰੂਪ ਪ੍ਰਚਲਤ ਹਨ:-

੧- ਨਿਰਗੁਣ ਤੇ

੨- ਸਰਗੁਣ

੧- <u>ਨਿਰਗੁਣ ਸਰੂਪ:-</u>

ਨਿਰਗੁਣ ਬ੍ਰਹਮ ਦਾ ਵਰਣਨ ਤਾਂ ਅਸੰਭਵ ਹੈ ਕਿਉਂਕਿ ਉਥੋਂ ਤੱਕ ਨ ਤਾਂ ਮਨ ਹੀ ਪਹੁੰਚ ਸਕਦਾ ਹੈ, ਨ ਹੀ ਸ਼ਬਦ, ਨ ਇੰਦਰੀਆਂ, ਉਸ ਨੂੰ ਤਾਂ ਕੇਵਲ ਸੰਕੇਤ ਦੁਆਰਾ ਹੀ ਦਸਿਆ ਜਾ ਸਕਦਾ ਹੈ।[4]

ਪਰ ਇਥੇ ਸੁਆਲ ਪੈਦਾ ਹੋ ਜਾਂਦਾ ਹੈ ਕਿ ਪਰਮਾਤਮਾ ਦੇ ਇਸ ਸਰੂਪ ਦਾ ਬਿਆਨ ਕਿਵੇਂ ਕੀਤਾ ਜਾ ਸਕਦਾ ਹੈ, ਕਿਉਂਕਿ ਇਹ ਸ਼ਬਦਾਂ ਦੀ ਦੁਨੀਆਂ ਤੋਂ ਬਾਹਰ ਦਾ ਤਜਰਬਾ ਹੈ। ਕਿਸੇ ਵੀ ਵਿਚਾਰ ਨੂੰ ਦੂਸਰੇ ਅਗੇ ਦਸਣ ਲਈ ਅਸੀਂ ਭਾਸ਼ਾ ਦਾ ਆਸਰਾ ਲੈਂਦੇ ਹਾਂ। ਕਬੀਰ ਜੀ ਭੀ ਕਹਿੰਦੇ ਹਨ ਕਿ ਭਾਸ਼ਾ ਦੇ ਮਾਧਿਅਮ ਰਾਹੀਂ ਬ੍ਰਹਮ ਦਾ ਕਥਨ ਨਹੀਂ ਹੋ ਸਕਦਾ। ਭਾਸ਼ਾ ਵਿਚ ਅਖਰਾਂ ਦੀ ਕੈਦ ਹੈ, ਤੇ

---

੧- ਯਦਪਿ ਰਹੱਸਵਾਦ ਕੀ ਪ੍ਰਤਯਕਸ਼ ਅਨੁਭੂਤੀ ਕਾ ਵਰਣਨ ਹਮਾਰੇ ਸਨਮੁਖ ਵੈਦਿਕ ਕਾਲ ਕੇ ਅਨੇਕ ਵਿਦਵਾਨੋ ਦੁਆਰਾ ਪ੍ਰਸਤੁਤ ਹੂਆ ਹੈ, ਪ੍ਰੰਤੂ ਵਾਸਤਵ ਮੇਂ ਯਹ ਪ੍ਰਤਯਕਸ਼ ਸਾਨੁਭੂਤਿ ਬਾਣੀ ਸੇ ਪਰੇ ਕੀ ਵਸਤੂ ਹੈ।— ਭਕਤਿ ਕਾਵਿ ਮੇਂ ਰਹੱਸਵਾਦ, ਡਾ. ਰਾਮ ਨਾਰਾਇਣ ਪਾਂਡੇ।

੨- ਓਅੰਕਾਰਿ ਬ੍ਰਹਮਾ ਉਤਪਤਿ।। ਓਅੰਕਾਰੁ ਕੀਆ ਜਿਨਿ ਚਿਤਿ।।
ਓਅੰਕਾਰਿ ਸੈਲ ਜੁਗ ਭਏ।। ਓਅੰਕਾਰਿ ਬੇਦ ਨਿਰਮਏ।।
ਓਅੰਕਾਰਿ ਸਬਦਿ ਉਧਰੇ।। ਓਅੰਕਾਰਿ ਗੁਰਮੁਖਿ ਤਰੇ।।
ਓਨਮ ਅਖਰ ਸੁਣਹੁ ਬੀਚਾਰੁ।। ਓਨਮ ਅਖਰੁ ਤ੍ਰਿਭਵਣ ਸਾਰੁ।।
— ਰਾਮਕਲੀ ਦਖਣੀ ਮ:੧, ਆਦਿ ਗ੍ਰੰਥ, ਪੰਨਾ ੯੨੯-੩੦

੩- The Glorious Koran, 2/109.

੪- ਸ੍ਰੀ ਗੁਰੂ ਗ੍ਰੰਥ ਦਰਸ਼ਨ (ਹਿੰਦੀ), ਡਾ. ਜਯ ਰਾਮ ਮਿਸ਼ਰ, ਪੰਨਾ ੭੫-੭੬

ਬ੍ਰਹਮ ਦੇ ਇਸ ਸਰੂਪ ਨੂੰ ਕਿਸੇ ਕੈਦ ਵਿਚ ਬੰਨ੍ਹਿਆ ਨਹੀਂ ਜਾ ਸਕਦਾ। ਚੁਪ ਰਹਿ ਕੇ ਉਸ ਦਾ ਸਰੂਪ ਅਨੁਭਵ ਹੁੰਦਾ ਹੈ, ਪਰ ਚੁਪ ਰਹਿਣ ਨਾਲ ਮਨ ਨੂੰ ਚੈਨ ਨਹੀਂ ਆਉਂਦਾ। ਸੋ ਬੋਲਣ ਤੇ ਚੁਪ ਰਹਿਣ ਦੇ ਦਰਮਿਆਨ ਦੀ ਕਿਸੇ ਅਵਸਥਾ ਵਿਚ ਉਸ ਦਾ ਰੂਪ ਵਸਦਾ ਹੈ ਜੋ ਪ੍ਰਗਟ ਕਰਨਾ ਮੁਸ਼ਕਲ ਹੈ।[1] ਉਸ ਤੋਂ ਸਿਰਫ ਸਦਕੇ ਹੀ ਜਾਇਆ ਜਾ ਸਕਦਾ ਹੈ।[2]

੨- <u>ਸਰਗੁਣ ਸਰੂਪ</u>:-

ਅਕਸਰ ਅਸੀਂ ਕਹਿੰਦੇ ਹਾਂ ਕਿ ਬ੍ਰਹਮ (ਪਰਮਾਤਮਾ) ਦਾ ਕੋਈ ਰੂਪ ਨਹੀਂ, ਕੋਈ ਸ਼ਕਲ ਨਹੀਂ। ਪਰ ਸੰਸਾਰ ਵਿਚ ਕੋਈ ਵੀ ਸ਼ੈ ਅਰੂਪ ਨਹੀਂ। ਸਗੋਂ ਹਰ ਚੀਜ਼ ਹੀ ਕਿਸੇ ਨ ਕਿਸੇ ਰੂਪ ਵਿਚ ਹੈ। ਚਾਹੇ ਉਹ ਸਾਨੂੰ ਦਿਸਦਾ ਹੈ, ਚਾਹੇ ਨਹੀਂ ਦਿਸਦਾ। -----ਪਰਮਾਤਮਾ ਦਾ ਸਰੂਪ ਵੀ ਅਜਿਹਾ ਲਾਸਾਨੀ ਹੈ, ਜਿਸ ਦੀ ਉਦਾਹਰਣ ਸਾਡੇ ਪਾਸ ਕੋਈ ਨਹੀਂ।[3]

ਰਾਮਾਨੁਜ ਤੇ ਰਾਮਾਨੰਦ ਸਰਗੁਣ ਬ੍ਰਹਮ ਦੇ ਮੰਨਣ ਵਾਲੇ ਹਨ। ਰਾਮਾਨੁਜ ਅਨੁਸਾਰ ਬ੍ਰਹਮ ਦੇ ਪੰਜ ਰੂਪ ਹਨ।[4]

੧- ਪਾਰਬ੍ਰਹਮ- ਜਿਸ ਦਾ ਨਿਵਾਸ ਬੈਕੁੰਠ ਹੈ। ਇਸ ਨੂੰ ਨਾਰਾਇਣ ਜਾਂ ਵਾਸੁਦੇਵ ਵੀ ਆਖਦੇ ਹਨ।

੨- ਦੂਜਾ ਰੂਪ ਵਯੂਹ ਹੈ। ਇਸ ਦਾ ਭਾਵ ਹੈ ਕਿ ਬ੍ਰਹਮ ਨੇ ਚਾਰ ਰੂਪ ਧਾਰਨ ਕੀਤੇ ਹੋਏ ਹਨ- ਵਾਸੁਦੇਵ, ਸੰਕਰਸ਼ਣ, ਪ੍ਰਦੁਮਨ ਤੇ ਅਨਿਰੁੱਧ। ਇਹ ਰੂਪ ਬ੍ਰਹਮ ਨੇ ਪੂਜਾ ਤੇ ਜਗਤ ਦੀ ਉਤਪਤੀ ਦੀ ਖਾਤਰ ਧਾਰਨ ਕੀਤੇ ਹਨ।

੩- ਤੀਜਾ ਸਰੂਪ ਉਹ ਹੈ ਜਿਸ ਰਾਹੀਂ ਉਹ ਅਨੇਕਾਂ ਰੂਪਾਂ ਵਿਚ ਅਵਤਾਰ ਧਾਰਦਾ ਹੈ। ਇਸ ਨੂੰ ਵਿਭਵ ਆਖਦੇ ਹਨ। ਬ੍ਰਹਮ ਦੇ ਇਸ ਅਵਤਾਰ ਰੂਪ ਦੇ ਦੋ ਭੇਦ ਮੰਨੇ ਗਏ ਹਨ-ਮੁਖ ਅਵਤਾਰ ਤੇ ਗੌਣ ਅਵਤਾਰ।

੪- ਬ੍ਰਹਮ ਦਾ ਚੌਥਾ ਸਰੂਪ ਅੰਤਰਯਾਮੀ ਦਾ ਹੈ, ਜਿਸ ਅਨੁਸਾਰ ਉਹ ਮਨੁੱਖਾਂ ਦੇ ਹਿਰਦਿਆਂ ਵਿਚ ਵਿਦਮਾਨ, ਯੋਗੀਆਂ ਨੂੰ ਦਰਸ਼ਨ ਦਿੰਦਾ ਤੇ ਆਤਮਾਵਾਂ ਦਾ ਸਾਖੀ ਬਣਦਾ ਹੈ।

---

੧- ਜਹਾ ਬੋਲ ਤਹ ਅਛਰ ਆਵਾ।।ਜਹ ਅਬੋਲ ਤਹ ਮਨੁ ਨ ਰਹਾਵਾ।।
ਬੋਲ ਅਬੋਲ ਮਧਿ ਹੈ ਸੋਈ।।ਜਸ ਓਹੁ ਤਸ ਲਖੈ ਨ ਕੋਈ।।
— ਗਉੜੀ ਬਾਵਨ ਅਖਰੀ,ਕਬੀਰ,ਆਦਿ ਗ੍ਰੰਥ, ਪੰਨਾ ੩੪੦

੨- ਕਥਨੁ ਨ ਜਾਇ ਅਕਥੁ ਸੁਆਮੀ ਸਦਕੈ ਜਾਇ ਨਾਨਕੁ ਵਾਰਿਆ।।
—ਸਿਰੀ ਰਾਗੁ ਦੇ ਛੰਤ,ਮ:੫,ਆਦਿ ਗ੍ਰੰਥ, ਪੰਨਾ ੮੧

੩-History & Philosophy of the Sikh Religion,Khazan Singh,Vol.II, p.396.

੪-ਹਵਾਲਾ-ਗੁਰੂ ਨਾਨਕ ਤੇ ਭਗਤੀ ਅੰਦੋਲਨ,ਡਾ.ਮਨਮੋਹਨ ਸਿੰਘ,ਪੰਨਾ ੨੪-੨੫

੫- ਪੰਜਵਾਂ ਰੂਪ ਅਰਚਾ ਦਾ ਹੈ। ਇਸ ਸਰੂਪ ਵਿਚ ਉਪਾਸ਼ਕਾਂ ਨੇ ਉਸ ਦੀਆਂ ਅਨੇਕਾਂ ਮੂਰਤੀਆਂ ਦੀ ਕਲਪਨਾ ਕੀਤੀ ਹੈ। ਮੰਦਰਾਂ ਤੇ ਘਰਾਂ ਵਿਚ ਵੀ ਇਨ੍ਹਾਂ ਮੂਰਤੀਆਂ ਦੀ ਸਥਾਪਨਾ ਕੀਤੀ ਜਾਂਦੀ ਹੈ।

ਪਰ ਸਿੱਖ ਫਲਸਫ਼ਾ ਇਸ ਪੂਜਾ ਦੇ ਵਿਰੁੱਧ ਹੈ। ਗੁਰਮਤ ਅਨੁਸਾਰ ਅਸਲ ਨੂੰ ਛੱਡ ਕੇ ਨਕਲ ਦੇ ਪਿਛੇ ਦੌੜਨਾ ਆਪਣਾ ਜਨਮ ਵਿਅਰਥ ਗੁਆਉਣ ਦੇ ਤੁਲ ਹੈ।[੧]

ਗੁਰੂ ਅਰਜਨ ਦੇਵ ਜੀ ਦੇ ਬ੍ਰਹਮ ਵਿਚ ਨਿਰਗੁਣ ਵੀ ਤੇ ਸਰਗੁਣ ਵੀ ਦੋਵੇਂ ਹੀ ਸਰੂਪ ਮਿਲਦੇ ਹਨ।[੨]

ਪਰਮਾਤਮਾ ਦਾ ਨਿਰਗੁਣ ਸਰੂਪ ਸ੍ਰਿਸ਼ਟੀ ਰਚਨਾ ਤੋਂ ਪਹਿਲਾਂ ਸੀ, ਜਦੋਂ ਉਸ ਦੇ ਕਿਸੇ ਗੁਣ ਔਗੁਣ ਦਾ ਪਤਾ ਨਹੀਂ ਸੀ। ਜਦੋਂ ਉਸ ਨੇ ਸ੍ਰਿਸ਼ਟੀ ਦੀ ਰਚਨਾ ਕਰ ਲਈ, ਉਹ ਆਪਣੀ ਰਚਨਾ ਦੇ ਰੂਪ ਵਿਚ ਜ਼ਾਹਰ ਹੋ ਗਿਆ ਤਾਂ ਉਸ ਦਾ ਸਰਗੁਣ ਸਰੂਪ ਸਾਹਮਣੇ ਆ ਗਿਆ।[੩] ਪਾਰਬ੍ਰਹਮ, ਪਰਮਾਤਮਾ ਇਕ ਹੀ ਹੈ, ਉਹੀ ਸਾਰੀ ਰਚਨਾ ਨੂੰ ਚਲਾਵਣਹਾਰਾ ਹੈ। ਇਕ ਪਾਸੇ ਉਸ ਦਾ ਨਿਰਗੁਣ ਸਰੂਪ ਹੈ, ਦੂਜੇ ਪਾਸੇ ਉਸ ਦਾ ਸਰਗੁਣ ਸਰੂਪ ਹੈ। ਅਸਲ ਵਿਚ ਪਰਮਾਤਮਾ ਆਪ ਇਨ੍ਹਾਂ ਦੁਹਾਂ ਸਰੂਪਾਂ ਵਿਚ ਸਾਰੀ ਰਚਨਾ ਦਾ ਕੰਮ ਚਲਾ ਰਿਹਾ ਹੈ।[੪]

ਬ੍ਰਹਮ ਇਕ ਹੈ। ਇਸ ਕਰਕੇ ਗੁਰੂ ਸਾਹਿਬ ਨੇ ਨ ਤਾਂ ਕਿਸੇ ਅਦਿਸ ਦੀ ਅੰਨ੍ਹੀ ਭਗਤੀ ਕਰਨ ਲਈ ਜੀਵ ਨੂੰ ਪ੍ਰੇਰਿਆ ਹੈ ਤੇ ਨ ਹੀ ਕਿਸੇ ਬੁਤ ਸਾਹਵੇਂ ਬੈਠ ਕੇ ਪੂਜਾ ਕਰਨ ਦਾ ਆਦੇਸ਼ ਦਿੱਤਾ ਹੈ। ਗੁਰੂ ਜੀ ਇਕੋ ਈਸ਼ਵਰ ਤੇ ਜ਼ੋਰ ਦਿੰਦੇ ਹਨ। ਜੋ ਸਾਡਾ ਭਾਈ, ਮਿਤਰ, ਪਿਤਾ, ਮਾਤਾ ਸਭ ਕੁਝ ਹੈ, ਜਿਸ ਨੇ ਸਾਨੂੰ ਇਹ ਸਰੀਰ ਦਿੱਤਾ ਹੈ।[੫]

---

੧- ਜੋ ਪਾਥਰ ਕਉ ਕਹਤੇ ਦੇਵ॥ ਤਾ ਕੀ ਬਿਰਥਾ ਹੋਵੈ ਸੇਵ॥
ਜੋ ਪਾਥਰ ਕੀ ਪਾਂਈ ਪਾਇ॥ ਤਿਸ ਕੀ ਘਾਲ ਅਜਾਂਈ ਜਾਇ॥
—ਭੈਰਉ ਕਬੀਰ, ਸਲੋਕ ਮ:੫, ਆਦਿ ਗ੍ਰੰਥ, ਪੰਨਾ ੧੧੬੦

੨-ੳ-ਨਿਰਗੁਣੁ ਸਰਗੁਣੁ ਹਰਿ ਹਰਿ ਮੇਰਾ ਕੋਈ ਹੈ ਜੀਉ ਆਣਿ ਮਿਲਾਵੈ ਜੀਉ॥
— ਮਾਝ ਮ:੫, ਆਦਿ ਗ੍ਰੰਥ, ਪੰਨਾ ੯੮
ਅ- ਨਿਰਗੁਨ ਹਰੀਆ ਸਰਗੁਨ ਧਰੀਆ ਅਨਿਕ ਕੋਠਰੀਆ
ਭਿੰਨ ਭਿੰਨ ਭਿੰਨ ਭਿਨ ਕਰੀਆ॥ ਵਿਚਿ ਮਨ ਕੋਟਵਰੀਆ॥
— ਸੂਹੀ ਮ:੫, ਪੜਤਾਲ, ਆਦਿ ਗ੍ਰੰਥ, ਪੰਨਾ ੭੪੬

੩-ੳ-ਰਾਜ ਜੋਬਨ ਪ੍ਰਭ ਤੂੰ ਧਨੀ॥ ਤੂੰ ਨਿਰਗੁਨ ਤੂੰ ਸਰਗੁਨੀ॥
—ਗਉੜੀ ਮ:੫, ਆਦਿ ਗ੍ਰੰਥ, ਪੰਨਾ ੨੧੧
ਅ-ਤੂੰ ਨਿਰਗੁਣੁ ਸਰਗੁਣੁ ਸੁਖਦਾਤਾ॥ ਤੂੰ ਨਿਰਬਾਣੁ ਰਸੀਆ ਰੰਗਿ ਰਾਤਾ॥
—ਮਾਝ ਮ:੫, ਆਦਿ ਗ੍ਰੰਥ, ਪੰਨਾ ੧੦੨

੪- ਈਘੈ ਨਿਰਗੁਨ ਊਘੈ ਸਰਗੁਨ ਕੇਲ ਕਰਤ ਬਿਚਿ ਸੁਆਮੀ ਮੇਰਾ॥
—ਬਿਲਾਵਲੁ ਮ: ੫, ਆਦਿ ਗ੍ਰੰਥ, ਪੰਨਾ ੮੨੭

੫- ਇਕੋ ਭਾਈ ਮਿਤੁ ਇਕੁ ਇਕੋ ਮਾਤ ਪਿਤਾ॥
ਇਕਸ ਕੀ ਮਨਿ ਟੇਕ ਹੈ ਜਿਨਿ ਜੀਉ ਪਿੰਡੁ ਦਿਤਾ॥
—ਸਿਰੀ ਰਾਗੁ ਮ:੫, ਆਦਿ ਗ੍ਰੰਥ, ਪੰਨਾ ੪੫

ਜੋ ਜੀਵ ਇਸ ਇਕ ਨੂੰ ਛਡ ਕੇ ਕਈ ਦੇਵੀ ਦੇਵਤਿਆਂ ਤੇ ਬੁਤਾਂ ਦੀ ਪੂਜਾ ਵਿਚ ਵਿਸ਼ਵਾਸ਼ ਕਰਦੇ ਹਨ, ਉਨ੍ਹਾਂ ਲਈ ਗੁਰੂ ਸਾਹਿਬ ਨੇ ਬੜਾ ਸਪਸ਼ਟ ਕਿਹਾ ਹੈ ਕਿ ਪਰਮਾਤਮਾ ਨੂੰ ਵੱਖ ਵੱਖ ਰੂਪਾਂ ਵਿਚ ਬੰਨ੍ਹਿਆ ਨਹੀਂ ਜਾ ਸਕਦਾ। ਉਹ ਤਾਂ ਇਕ ਹੈ, ਜੋ ਆਪ ਸਾਰੀ ਕਾਇਨਾਤ ਦਾ ਮਾਲਕ ਹੈ। ਜੋ ਲੋਕ ਪਰਮਾਤਮਾ ਨੂੰ ਛਡ ਕੇ ਬੁਤ ਪੂਜਾ ਦੇ ਮਗਰ ਦੌੜਦੇ ਹਨ, ਉਨ੍ਹਾਂ ਦਾ ਹਾਲ ਉਹੋ ਜਿਹਾ[੧] ਹੀ ਹੈ, ਜਿਹੋ ਜਿਹਾ ਕਿਸੇ ਮਾਲਕ ਨੂੰ ਛਡ ਕੇ ਉਸ ਦੇ ਨੌਕਰਾਂ ਨੂੰ ਸਲਾਮ ਕਰਨਾ।

ਜਿਹੜੇ ਜੀਵ ਉਸ ਇਕ ਨੂੰ ਧਿਆਉਂਦੇ ਹਨ, ਉਹ ਪ੍ਰਭੂ ਦੀ ਮਿਹਰ ਦੇ ਪਾਤਰ ਬਣਦੇ ਹਨ। ਜੋ ਪਰੇ ਪਰੇ ਰਹਿੰਦੇ ਹਨ, ਉਹ ਭਟਕਦੇ ਹਨ, ਦੁਖੀ ਹੋ ਕੇ ਮਰਦੇ ਹਨ।[੨] ਸੋ ਦੇਵੀ ਦੇਵਤਿਆਂ ਦਾ ਆਸਰਾ ਛਡ ਕੇ ਇਕੋ ਪਰਮਾਤਮਾ ਦੀ ਸ਼ਰਨ ਲੈਣੀ ਚਾਹੀਦੀ ਹੈ। ਉਸੇ ਨੇ ਹੀ ਸਾਰੇ ਕਾਰਜ ਸਵਾਰਨੇ ਹਨ। ਉਸ ਨੂੰ ਵਿਸਾਰਨਾ ਆਤਮ-ਘਾਤ ਦੇ ਬਰਾਬਰ ਹੈ,ਅਜਿਹੇ ਜੀਵ ਸਦਾ ਆਵਾਗਵਣ ਦੇ ਚਕਰਾਂ ਵਿਚ ਹੀ ਪਏ ਰਹਿੰਦੇ ਹਨ।[੩] ਇਕ ਪਾਰਬ੍ਰਹਮ ਦਾ ਧਿਆਨ ਰਖਣ ਵਾਲੇ ਜੀਵ ਉਸ ਇਕ ਤੋਂ ਬਿਨ੍ਹਾਂ ਕਿਸੇ ਦੂਜੇ ਬਾਰੇ ਜਾਣਦੇ ਹੀ ਨਹੀਂ।[੪]

ਗੁਰੂ ਸਾਹਿਬ ਨੇ ਕਿਸੇ ਪੈਗੰਬਰ ਦੀ ਹੋਂਦ ਨੂੰ ਸਵੀਕਾਰ ਨਹੀਂ ਕੀਤਾ ਤੇ ਨ ਹੀ ਗੁਰੂ ਜੀ ਇਨ੍ਹਾਂ ਅਵਤਾਰਾਂ ਨੂੰ ਰੱਬ ਦੇ ਭੇਜੇ ਹੋਏ ਮੰਨਦੇ ਹਨ। ਇਸ ਵਿਚਾਰ ਦੀ ਪ੍ਰੋੜਤਾ ਡਾ.ਕੋਹਲੀ ਦੇ ਇਸ ਵਿਚਾਰ ਨਾਲ ਕੀਤੀ ਜਾ ਸਕਦੀ ਹੈ ਕਿ 'ਸੰਤਾਂ ਨੇ (ਗੁਰੂਆਂ ਨੇ) ਰੱਬ ਦੇ ਪੈਗੰਬਰਾਂ ਨੂੰ ਅਪ੍ਰਵਾਨ ਕੀਤਾ ਹੈ।[4]

'ਇਕ-ਰੱਬੀ' ਨਿਸਚਾ ਵਿਸ਼ੇਸ਼ ਕਰਕੇ ਪਛਮੀ ਦੇਸ਼ਾਂ ਵਿਚੋਂ ਹੀ ਆਇਆ ਜਾਪਦਾ ਹੈ। ਸਭ ਤੋਂ ਪਹਿਲਾਂ ਮਿਸਰ ਦੇ ਸ਼ਹਿਰ ਤਲਾਅ-ਮਰਨਾ ਦੇ ਵਸਨੀਕਾਂ ਨੇ ਕੇਵਲ ਸੂਰਜ ਨੂੰ ਸਭ ਤੋਂ ਵਡਾ ਜਾਣ ਕੇ ਇਕ ਰੱਬ ਦੇ ਰੂਪ ਵਿਚ ਪੂਜਣਾ ਸ਼ੁਰੂ ਕੀਤਾ। ਏਸ ਤੋਂ ਵੀ ਉਘਾ ਇਕ-ਰੱਬ-ਖਿਆਲ ਈਰਾਨ ਦੇ ਮਹਾਂ ਪੁਰਖ ਜ਼ਰਦੁਸ਼ਤ ਨੇ ਸਭ ਤੋਂ

---

੧- ਪ੍ਰਭੁ ਤਿਆਗਿ ਲਾਗਤ ਅਨ ਲੋਭਾ।। ਦਾਸਿ ਸਲਾਮੁ ਕਰਤ ਕਤ ਸੋਭਾ।।
—ਗਉੜੀ ਮ:੫,ਆਦਿ ਗ੍ਰੰਥ,ਪੰਨਾ ੧੮੫

੨- ਸੇਵਕ ਸਚੇ ਸਾਹ ਕੇ ਸੇਈ ਪਰਵਾਣੁ।।
ਦੂਜਾ ਸੇਵਨਿ ਨਾਨਕਾ ਸੇ ਪਚਿ ਪਚਿ ਮੁਏ ਅਜਾਣ।।
—ਗਉੜੀ ਦੀ ਵਾਰ ਮ:੪,ਸਲੋਕ ਮ:੫,ਆਦਿ ਗ੍ਰੰਥ, ਪੰਨਾ ੩੧੫

੩- ਕ੍ਰਿਪਾ ਨਿਧਿ ਛੋਡਿ ਆਨ ਕਉ ਪੂਜਹਿ ਆਤਮ ਘਾਤੀ ਹਰਤੇ।।
ਹਰਿ ਬਿਸਰਤ ਤੇ ਦੁਖਿ ਦੁਖਿ ਮਰਤੇ।।
ਅਨਿਕ ਬਾਰ ਭ੍ਰਮਹਿ ਬਹੁ ਜੋਨੀ ਟੇਕ ਨ ਕਾਹੂ ਧਰਤੇ।।
— ਮਲਾਰ ਮ:੫,ਆਦਿ ਗ੍ਰੰਥ,ਪੰਨਾ ੧੨੬੭

੪- ਹਉ ਗੁਰ ਮਿਲਿ ਇਕੁ ਪਛਾਣਦਾ।। ਦੁਯਾ ਕਾਗਲੁ ਚਿਤਿ ਨ ਜਾਣਦਾ।।
—ਸਿਰੀ ਰਾਗੁ ਮ:੫,ਆਦਿ ਗ੍ਰੰਥ, ਪੰਨਾ ੭੩

4- A Critical Study of Adi Granth,Dr.S.S.Kohli,p.336.

ਪਹਿਲਾਂ ਦੁਨੀਆਂ ਨੂੰ ਦਿੱਤਾ। ਚੀਨੀਆਂ ਦਾ ਇਕ-ਅਸਮਾਨੀ ਰੱਬ ਵੀ ਪੁਰਾਣਾ ਇਕ-ਰੱਬੀ ਖਿਆਲ ਹੈ। ਪਰ ਏਸ ਨਾਲੋਂ ਬਹੁਤ ਢੰਗ ਤੇ ਨਿਖਰਵਾਂ ਇਕ-ਰੱਬੀ ਖਿਆਲ ਯਹੂਦੀ ਮਤਿ ਨੇ ਜਾਹਵੇ ਦੇ ਨਾਉਂ ਹੇਠ ਪ੍ਰਚਾਰਿਆ, ਏਸੇ ਖ਼ਿਆਲ ਨੂੰ ਹਜ਼ਰਤ ਈਸਾ ਤੇ ਹਜ਼ਰਤ ਮੁਹੰਮਦ ਸਾਹਿਬ ਨੇ ਅਪਨਾਇਆ। ਪਰਿੰਗਲ ਪੈਟੀਸਨ ਦੇ ਕਥਨ ਅਨੁਸਾਰ ਏਹ ਯਹੂਦੀ ਇਕ ਰੱਬੀ ਖ਼ਿਆਲ ਬਹੁਤ ਸੁਥਰੀ ਤੇ ਉਚੀ ਅਵਸਥਾ ਵਿਚ ਹਿੰਦੁਸਤਾਨ ਵਿਚ ਸਿਖ ਧਰਮ ਵਿਚ ਜਾ ਪ੍ਰਗਟ ਹੋਇਆ।[1]

## ਬ੍ਰਹਮ ਦੀਆਂ ਵਿਸ਼ੇਸ਼ਤਾਈਆਂ:-

ਪਰਮਾਤਮਾ ਜਿਸ ਨੂੰ ਅਸੀਂ ਹੱਥ ਲਾ ਕੇ, ਛੁਹ ਕੇ ਵੇਖ ਨਹੀਂ ਸਕਦੇ ਉਸ ਦੀਆਂ ਵਿਸ਼ੇਸ਼ਤਾਈਆਂ ਦੱਸ ਸਕਣਾ ਜੀਵ ਦੀ ਸਮਰਥਾ ਤੋਂ ਬਾਹਰ ਦੀ ਗੱਲ ਹੈ। ਪਰ ਸਮੇਂ ਸਮੇਂ ਵਿਦਵਾਨਾਂ ਨੇ ਇਸ ਵਿਸ਼ੇ ਨੂੰ ਪਕੜ ਕੇ ਨਿਭਾਉਣ ਦੀ ਕੋਸ਼ਿਸ਼ ਜ਼ਰੂਰ ਕੀਤੀ ਹੈ। ਇਕ ਪਛਮੀ ਵਿਦਵਾਨ ਅਨੁਸਾਰ ਪਰਮਾਤਮਾ ਵਿਚ ਇਹ ਪੰਜ ਵਿਸ਼ੇਸ਼ਤਾਈਆਂ[2] ਹੋਣੀਆਂ ਚਾਹੀਦੀਆਂ ਹਨ:-

੧- ਪਰਮਾਤਮਾ ਨੂੰ ਸਜਿੰਦ ਹੋਣਾ ਚਾਹੀਦਾ ਹੈ, ਲਕੜੀ ਦੇ ਟੁਕੜੇ ਵਾਂਗ ਨਹੀਂ ਜੋ ਕਿਸੇ ਦੇ ਹਿਲਾਇਆਂ ਹੀ ਹਿਲ ਸਕਦਾ ਹੈ। ਪਰ ਇਹ ਜ਼ਰੂਰੀ ਨਹੀਂ ਉਹ ਇਕ ਪੁਰਖ ਦੀ ਤਰ੍ਹਾਂ ਸਾਹਮਣੇ ਦਿਖਾਈ ਦੇਵੇ।

੨- ਪਰਮਾਤਮਾ ਵਿਚ ਸਾਡੀਆਂ ਆਤਮਕ ਤ੍ਰਿਪਤੀਆਂ ਕਰਨ ਦੀ ਸਮਰਥਾ ਹੋਣੀ ਜ਼ਰੂਰੀ ਹੈ ਜਿਸ ਤੋਂ ਅਸੀਂ ਮਨ ਦੀ ਅੰਤ੍ਰੀਵ ਖੁਸ਼ੀ ਤੇ ਮੁਕਤੀ ਪ੍ਰਾਪਤ ਕਰ ਸਕੀਏ।

੩- ਪਰਮਾਤਮਾ ਵਿਚ ਅਜਿਹੀ ਸਿਫ਼ਤ ਹੋਣੀ ਜ਼ਰੂਰੀ ਹੈ ਕਿ ਉਹ ਜੀਵ ਦੇ ਮਨ ਵਿੱਚ ਧਰਮ ਸਬੰਧੀ ਜਗਿਆਸਾ ਪੈਦਾ ਕਰ ਸਕਦਾ ਹੋਵੇ। ਰਹੱਸਵਾਦੀ ਜ਼ਿਆਦਾ ਕਰਕੇ ਇਸ ਵਿਸ਼ੇਸ਼ਤਾਈ ਦੇ ਮਗਰ ਦੌੜਦੇ ਹਨ।

੪- ਪਰਮਾਤਮਾ ਸਰਬ ਕਲਾ ਸਮਰਥ ਹੋਵੇ ਤਾਂ ਕਿ ਉਸ ਤੋਂ ਅੱਗੇ ਕਿਸੇ ਹੋਰ ਪਾਸ ਫ਼ਰਿਆਦ ਕਰਨ ਦੀ ਗੁੰਜਾਇਸ਼ ਨ ਰਹੇ।

੫- ਸਭ ਦਾ ਦਾਤਾ ਉਹੀ ਇਕ ਪਰਮਾਤਮਾ ਹੋਵੇ, ਇਹ ਉਸ ਦੀ ਖ਼ਾਸ ਸਿਫ਼ਤ ਹੋਣੀ ਜ਼ਰੂਰੀ ਹੈ। ਕਰਤਾ ਹੋਣ ਦੇ ਨਾਤੇ ਇਹ ਉਸ ਦਾ ਜ਼ਰੂਰੀ ਫ਼ਰਜ਼ ਵੀ ਹੈ।

ਗੁਰੂ ਅਰਜਨ ਦੇਵ ਜੀ ਨੇ ਰਹੱਸਮਈ ਢੰਗ ਨਾਲ ਬ੍ਰਹਮ ਦੀਆਂ ਵਿਸ਼ੇਸ਼ਤਾਈਆ ਇਹ ਦਸੀਆਂ ਹਨ:-

੧- ਪਰਮਾਤਮਾ ਇਕ ਹੈ, ਭਾਵ ੧ੴ ਹੈ-

ਸ਼ਬਦ ੴ ਉਪਨਿਸ਼ਦਾਂ ਜਿੰਨਾ ਪੁਰਾਣਾ ਹੈ। ਮੁੰਡਕ ਉਪਨਿਸ਼ਦ ਦਾ ਪਹਿਲਾ

---

੧-ਗੁਰਮਤਿ ਦਰਸ਼ਨ, ਡਾ. ਸ਼ੇਰ ਸਿੰਘ, ਪੰਨਾ ੧੬੭-੬੮

੨-Mysticism and Philosophy, W.T. Stace, p.179-80.

ਸਲੋਕ ਹੈ- "ਭੂਤਮ ਭਵਦ ਭਵਿਸ਼ਯਦ ਇਤੀ ਸਰਵਮਓਂਕਾਰ ਇਵਾ"। ਭਾਵ ਭੂਤ, ਵਰਤਮਾਨ ਤੇ ਭਵਿਸ਼ ਜੋ ਵੀ ਹੈ, ਸਭ ਓਮ ਹੀ ਹੈ।[1] ਮੈਤਰੀ ਉਪਨਿਸ਼ਦ ਵਿਚ ਲਿਖਿਆ ਹੈ- 'ਓਮ ਦੇ ਅਰਥ ਹਨ,'ਸ਼ਬਦ' ਤੇ ਇਸ ਦੀਆਂ ਵਿਸ਼ੇਸ਼ਤਾਈਆ ਹਨ-ਚੁਪ, ਬੇਸੁਆਦ, ਨਿਰਭੈ, ਨਿਰਦੋਖ, ਸੰਤੁਸ਼ਟ, ਦ੍ਰਿੜ, ਅਮਰ, ਅਹਿਲ,ਜਿਸ ਨੂੰ ਕਈ ਬ੍ਰਹਮ ਤੇ ਕਈ ਵਿਸ਼ਨੂੰ ਵੀ ਕਹਿ ਲੈਂਦੇ ਹਨ।[2]

ਓਂਕਾਰ ਦਾ ਭਾਵ ਹੈ- ਸਰਗੁਣ ਸਰੂਪ ਵਾਹਿਗੁਰੂ। ਓਮ ਤੇ ਓਂਕਾਰ ਦੇ ਭਾਵ ਇਕੋ ਹਨ, ਵਿਸ਼ੇਸ਼ਤਾਈਆਂ ਇਕੋ ਹਨ। ਇਸ ਦੀ ਅਗੇਤਰ ੧ ਦਾ ਭਾਵ ਕੇਵਲ ਇਕ ਹੈ। ਸੋ ਬ੍ਰਹਮ ਇਕ ਹੈ ਜੋ ਕਈ ਰੂਪਾਂ ਵਿਚ ਸਾਰੀ ਰਚਨਾ ਵਿਚ ਸਮਾਇਆ ਹੋਇਆ ਹੈ। ਇਹ ਸਾਰਾ ਪਸਾਰਾ ਉਸ ਇਕ ਦਾ ਹੀ ਹੈ। ਜੋ ਅਪਰ ਅਪਾਰ ਹੈ, ਜਿਸ ਦੀ ਰਚਨਾ ਦੀ ਥਾਹ ਪਾ ਸਕਣੀ ਜੀਵ ਦੀ ਸਮਰਥਾ ਤੋਂ ਬਾਹਰ ਹੈ, ਰਚਨਹਾਰ ਦੇ ਬਾਰੇ ਕੁਝ ਜਾਣ ਸਕਣਾ ਤਾਂ ਹੋਰ ਵੀ ਔਖੀ ਘਾਟੀ ਹੈ। ਪਰ ਫਿਰ ਵੀ ਉਹ ਘਟਿ ਘਟਿ ਵਿਚ ਸਮਾਇਆ ਹੋਇਆ ਹੈ। ਜਲ ਵਿਚ, ਥਲ ਵਿਚ, ਸਭ ਪਾਸੇ ਸਾਰੀ ਕਿਰਤ ਉਸੇ ਸਿਰਜਨਹਾਰ ਦੀ ਹੈ, ਜੋ ਕਿਤੇ ਪਸ਼ੂਆਂ, ਕਿਤੇ ਪੰਛੀਆਂ, ਕਿਤੇ ਕੀੜਿਆਂ ਮਕੌੜਿਆਂ ਤੇ ਕਿਤੇ ਮਨੁੱਖਾਂ ਦੇ ਰੂਪ ਵਿਚ ਵਿਚਰ ਰਿਹਾ ਹੈ।[3]

੨- ਉਹ ਸਤਿਨਾਮ ਹੈ-

ਭਾਵ ਉਸ ਦਾ ਨਾਮ 'ਸੱਚ' ਹੈ, ਜੋ ਆਦਿ ਜੁਗਾਦਿ ਵਿਚ ਸੱਚ ਸੀ, ਹੁਣ ਵੀ ਸੱਚ ਹੈ ਤੇ ਅਗੇਂ ਵੀ ਸੱਚ ਹੀ ਰਹੇਗਾ।[4] ਵਾਹਿਗੁਰੂ ਦਾ ਇਹ ਰੂਪ ਸਭ ਤੋਂ ਔਖਾ ਸਮਝ ਆਉਣ ਵਾਲਾ(ਰੂਪ) ਹੈ। ਪਰ ਜਿਸ ਜੀਵ ਦੀ ਇਸ ਹਸਤੀ ਨਾਲ ਲਿਵ ਲਗ ਜਾਂਦੀ ਹੈ, ਉਹ ਆਪਣੇ ਆਵਾਗਵਣ ਦੇ ਚਕਰੋ ਵਿਚੋਂ ਨਿਕਲ ਜਾਂਦਾ ਹੈ, ਅਮਰ ਹੋ ਜਾਂਦਾ ਹੈ।[5] ਉਹ ਆਪ ਤਾਂ ਸਦਾ ਸੱਚ ਹੈ ਹੀ,ਉਸ ਦੀ ਸਾਰੀ

---

੧-ਹਵਾਲਾ-Outlines of Sikh Thought ,Dr.S.S.Kohli,p.19.

੨- ਹਵਾਲਾ-Mysticism in the Upanishads,Bankey Behari,p.88-89.

੩- ਜਲਿ ਥਲਿ ਮਹੀਅਲਿ ਪੂਰਿਆ ਸੁਆਮੀ ਸਿਰਜਨਹਾਰੁ।।
ਅਨਿਕ ਭਾਂਤਿ ਹੋਇ ਪਸਰਿਆ ਨਾਨਕ ਏਕੰਕਾਰੁ।।
—ਗਉੜੀ ਥਿਤੀ ਮ:੫,ਆਦਿ ਗ੍ਰੰਥ, ਪੰਨਾ ੨੯੬

੪- ਆਦਿ ਸਚੁ ਜੁਗਾਦਿ ਸਚੁ।। ਹੈ ਭਿ ਸਚੁ ਨਾਨਕ ਹੋਸੀ ਭਿ ਸਚੁ।।
—ਸੁਖਮਨੀ,ਆਦਿ ਗ੍ਰੰਥ, ਪੰਨਾ ੨੮੫

੫- ਪ੍ਰੀਤਿ ਲਗੀ ਤਿਸੁ ਸਚ ਸਿਉ ਮਰੈ ਨ ਆਵੈ ਜਾਇ।।
ਨਾ ਵੇਛੋੜਿਆ ਵਿਛੁੜੈ ਸਭ ਮਹਿ ਰਹਿਆ ਸਮਾਇ।।
— ਸਿਰੀਰਾਗੁ ਮ:੫,ਆਦਿ ਗ੍ਰੰਥ, ਪੰਨਾ ੪੯

ਰਚਨਾ ਵੀ ਸੱਚ ਹੈ (ਮਿਥਿਆ ਨਹੀਂ)।[1]

ਬ੍ਰਹਮ ਦੇ ਸੱਚ[2] ਹੋਣ ਤੇ ਉਸ ਦੀ ਰਚਨਾ ਦੇ ਸੱਚ[3] ਲਈ ਗੁਰੂ ਜੀ ਨੇ ਇਕ ਹੀ ਸਤਰ ਵਿਚ ਤਿੰਨ ਤਿੰਨ ਵਾਰ 'ਸਤਿ' ਤੇ 'ਸਚੁ' ਸ਼ਬਦ ਵਰਤੇ ਹਨ। ਸੱਚੇ ਪਾਰਬ੍ਰਹਮ[4] ਦੀ ਪੈਦਾ ਕੀਤੀ ਹੋਈ ਰਚਨਾ ਅੰਤ ਉਸ ਸੱਚ ਵਿਚ ਹੀ ਸਮਾ ਜਾਂਦੀ ਹੈ। ਉਸ ਨੂੰ ਸਤਿਨਾਮ ਇਸ ਲਈ ਆਖਿਆ ਹੈ ਕਿ ਉਹ ਆਪ ਵੀ ਸੱਚ ਹੈ ਉਸ ਦੇ ਧਿਆਉਣ ਵਾਲੇ, ਉਸ ਦੇ ਗੁਣ ਗਾਉਣ ਵਾਲੇ, ਉਸ ਨੂੰ ਜਾਨਣ ਵਾਲੇ ਸਭ ਸੱਚੇ ਹਨ।[5]

੩- ਉਹ ਕਰਤਾ ਹੈ-

ਉਹ ਜਗਤ ਦੀ ਰਚਨਾ ਕਰਦਾ ਹੈ, ਇਸ ਲਈ ਕਰਤਾ ਹੈ। ਨਿਰਾ ਕਰਤਾ ਹੀ ਨਹੀਂ, ਸਭਨੀਂ ਪਾਸੀਂ ਸਮਰਥ ਭੀ ਹੈ।[6] ਮੁੰਡਕ ਉਪਨਿਸ਼ਦ ਵਿਚ ਵੀ ਬ੍ਰਹਮ ਨੂੰ ਕਰਤਾ ਦਸਿਆ ਗਿਆ ਹੈ।[7] ਸਾਰੀ ਸ੍ਰਿਸ਼ਟੀ ਉਸੇ ਇਕੋ ਹੀ ਕਰਤਾ ਦੁਆਰਾ ਰਚੀ ਹੋਈ ਹੈ। ਉਸ ਨੇ ਆਪਣੇ ਨਾਲ ਕੋਈ ਸਲਾਹਕਾਰ ਨਹੀਂ ਰਖਿਆ ਹੋਇਆ।ਜੋ ਕਰਦਾ ਹੈ, ਉਹ ਆਪ ਆਪਣੀ ਮਰਜ਼ੀ ਨਾਲ ਕਰਦਾ ਹੈ।[8] ਕਰਤਾ ਵੀ ਆਪ ਹੈ, ਸਮੇਟਦਾ ਵੀ ਆਪ ਹੈ, ਆਪਣੀ ਰਚਨਾ ਰਾਹੀਂ ਉਹ ਕਈ ਰੂਪ ਧਾਰਦਾ ਰਹਿੰਦਾ ਹੈ।[9]

੪- ਉਹ ਪੁਰਖ ਹੈ-

ਕਰਤਾ ਦੇ ਨਾਲ ਨਾਲ ਪਾਰਬ੍ਰਹਮ ਦਾ ਪੁਰਖ ਰੂਪ ਧਾਰ ਲੈਣਾ ਇਹ ਬੌਧਿਕ ਕਲਪਨਾ ਦਾ ਸਿੱਟਾ ਹੈ। 'ਪੁਰਖ' ਦੇ ਸਰੂਪ ਦੀ ਕਲਪਨਾ ਨਾਲ ਬ੍ਰਹਮ ਦੀ ਵਿਰਾਟਤਾ ਪ੍ਰਗਟ ਹੁੰਦੀ ਹੈ।

ਰਿਗਵੇਦ ਵਿਚ ਵੀ ਬ੍ਰਹਮ ਨੂੰ ਪੁਰਖ ਦੇ ਰੂਪ ਵਿਚ ਚਿਤ੍ਰਿਆ ਹੈ, ਪਰ ਉਹ

---

੧- ਆਪਿ ਸਤਿ ਕੀਆ ਸਭੁ ਸਤਿ।।—ਸੁਖਮਨੀ,ਆਦਿ ਗ੍ਰੰਥ, ਪੰਨਾ ੨੯੪
੨- ਸਸਾ ਸਤਿ ਸਤਿ ਸਤਿ ਸੋਊ।।ਸਤਿਪੁਰਖ ਤੇ ਭਿੰਨ ਨ ਕੋਊ।।
—ਗਉੜੀ ਬਾਵਨ ਅਖਰੀ ਮ:੫,ਆਦਿ ਗ੍ਰੰਥ, ਪੰਨਾ ੨੫੦
੩- ਸਚੁ ਸਚੁ ਸਚੁ ਸਭੁ ਕੀਨਾ।।—ਸੁਖਮਨੀ,ਆਦਿ ਗ੍ਰੰਥ, ਪੰਨਾ ੨੭੯
੪- ਸਤਿ ਮਾਹਿ ਲੇ ਸਤਿ ਸਮਾਇਆ।।—ਰਾਮਕਲੀ ਮ:੫,ਆਦਿ ਗ੍ਰੰਥ,ਪੰਨਾ ੮੯੦
੫- ਸੁਖਮਨੀ, ਅਸਟਪਦੀ ੧੭,ਪਉੜੀ ੧,ਆਦਿ ਗ੍ਰੰਥ,ਪੰਨਾ ੨੮੫
੬- ਸਭ ਗੁਣ ਤਿਸ ਹੀ ਨਾਹਿ,ਹਰਿ ਪੂਰ ਭੰਡਾਰੀਆ।।
—ਗਉੜੀ ਮਾਝ ਮ:੫,ਅਸਟਪਦੀ,ਆਦਿ ਗ੍ਰੰਥ,ਪੰਨਾ ੨੪੧
੭- ਮੁੰਡਕ ਉਪਨਿਸ਼ਦ-੩,੧,੩
੮- ਬੀਓ ਪੂਛਿ ਨ ਮਸਲਤਿ ਧਰੈ।।ਜੋ ਕਿਛੁ ਕਰੈ ਸੁ ਆਪਹਿ ਕਰੈ।।
—ਗੋਂਡ ਮ:੫,ਆਦਿ ਗ੍ਰੰਥ, ਪੰਨਾ ੮੬੩
੯- ਆਪਿ ਉਪਾਵਣਹਾਰੁ ਆਪੇ ਹੀ ਮਾਰਦਾ।।
—ਵਾਰ ਗੂਜਰੀ,ਮ:੫,ਆਦਿ ਗ੍ਰੰਥ,ਪੰਨਾ ੫੧੮

ਪੁਰਖ (ਪੁਰਸ਼) ਸਰਵਾਤਮਵਾਦੀ ਦ੍ਰਿਸ਼ਟੀ ਵਾਲਾ ਹੈ, ਜਿਸ ਦੇ ਹਜ਼ਾਰਾਂ ਹੀ ਨੇਤਰ ਤੇ ਪੈਰ ਚਿਤ੍ਰਤ ਕੀਤੇ ਗਏ ਹਨ। ਇਹ ਵੈਦਿਕ ਰਹੱਸਵਾਦ ਹੈ। ਸਾਂਖ ਸ਼ਾਸਤਰ ਵਿਚ ਪ੍ਰਕ੍ਰਿਤੀ ਤੇ ਪੁਰਸ਼ ਦੋ ਮੂਲ ਤੱਤ ਸਵੀਕਾਰ ਕੀਤੇ ਗਏ ਹਨ।

ਗੀਤਾ ਅਨੁਸਾਰ ਇਹ ਇਸ ਦੇਹੀ ਵਿਚ ਵਸਦਾ ਹੋਇਆ ਵੀ ਤ੍ਰੈਗੁਣੀ ਮਾਇਆ ਤੋਂ ਅਤੀਤ ਹੈ, ਸਾਖੀ ਹੈ, ਪਥਪ੍ਰਦਰਸ਼ਕ ਹੈ, ਧਾਰਨ ਕਰਨ ਵਾਲਾ, ਭੋਗਣ ਵਾਲਾ ਮਹਾਨ ਈਸ਼੍ਵਰ ਤੇ ਆਤਮਾ ਹੈ।[1] ਇਉਂ ਗੀਤਾ ਦੇ ਪੁਰਖ ਵਿਚ ਸਰਬ ਸਮਰਥ ਤੇ ਸਰਬ ਅਤੀਤ ਹੋਣ ਦੀਆਂ ਵਿਸ਼ੇਸ਼ਤਾਈਆਂ ਹਨ।

ਗੁਰੂ ਅਰਜਨ ਦੇਵ ਜੀ ਬ੍ਰਹਮ ਨੂੰ ਪੁਰਖ ਆਖਦੇ ਹੋਏ ਵੀ ਰੂਪ ਹੀਨ ਦਸਦੇ ਹਨ।[2] ਜੋ ਵਰਨਾਂ ਚਿਹਨਾਂ ਤੋਂ ਬਾਹਰ ਹੈ। ਪਰਮਾਤਮਾ ਅਜਿਹਾ ਪੁਰਖ ਹੈ ਜੋ ਜਨਮ ਮਰਨ ਰਹਿਤ ਹੈ, ਉਸ ਪਾਸ ਸੰਖ ਗਦਾ ਆਦਿ ਭੀ ਨਹੀਂ।[3] ਬ੍ਰਹਮ ਇਕ ਅਜਿਹਾ ਪੁਰਖ ਹੈ, ਜਿਸ ਦੇ ਮੇਚ ਦਾ ਸੰਸਾਰ ਵਿਚ ਹੋਰ ਕੋਈ ਪੁਰਖ ਨਹੀਂ। ਇਸ ਪੁਰਖ ਦੇ ਡਾ. ਕੋਹਲੀ ਨੇ ਪੰਜ ਵਿਸ਼ੇਸ਼ ਗੁਣ ਦਸੇ ਹਨ:-[4]

ੳ- ਆਦਿ ਪੁਰਖ-ਜੋ ਆਦਿ ਤੋਂ ਹੀ ਕਾਇਮ ਹੈ।
  ਆਦਿ ਪੁਰਖ ਕਰਤਾਰ ਕਰਨ ਕਾਰਣ ਸਭ ਆਪੇ।।
  (ਸਵਯੇ ਸ੍ਰੀ ਮੁਖ ਬਾਕ ਮ:੫, ਆਦਿ ਗ੍ਰੰਥ, ਪੰਨਾ ੧੩੮੫)

ਅ- ਸਤਿ ਪੁਰਖ- ਜੋ ਸਦਾ ਕਾਇਮ ਰਹਿਣ ਵਾਲਾ ਹੈ।
  ਸਤਿ ਪੁਰਖੁ ਜਿਨਿ ਜਾਨਿਆ ਸਤਿਗੁਰੁ ਤਿਸ ਕਾ ਨਾਉ।।
  (ਸੁਖਮਨੀ, ਆਦਿ ਗ੍ਰੰਥ, ਪੰਨਾ ੨੮੬)

ੲ- ਕਰਤਾ ਪੁਰਖ- ਜੋ ਸਾਜਨਹਾਰ ਹੈ।

ਸ- ਅਕਾਲ ਪੁਰਖ- ਜਿਸ ਤੇ ਸਮੇਂ (ਕਾਲ) ਦਾ ਕੋਈ ਅਸਰ ਨਹੀਂ ਹੁੰਦਾ।
  ਅਕਾਲ ਪੁਰਖ ਅਗਾਧਿ ਬੋਧ।।
  (ਗਉੜੀ ਮ:੫, ਆਦਿ ਗ੍ਰੰਥ, ਪੰਨਾ ੨੧੨)

ਹ- ਨਿਰੰਜਨ ਪੁਰਖ- ਜਿਸ ਤੇ ਮਾਇਆ ਦਾ ਕੋਈ ਅਸਰ ਨਹੀਂ ਹੁੰਦਾ।

---

੧- ਗੀਤਾ- ਅਧਿਆਇ ੧੩, ਸਲੋਕ ੨੨

੨- ਰੂਪੁ ਨ ਰੇਖ ਨ ਰੰਗੁ ਕਿਛੁ ਤ੍ਰਿਹੁ ਗੁਣ ਤੇ ਪ੍ਰਭ ਭਿੰਨ।। -ਸੁਖਮਨੀ, ਆਦਿ ਗ੍ਰੰਥ, ਪੰਨਾ ੨੮੩

੩- ਨ ਸੰਖੰ ਨ ਚਕ੍ਰੰ ਨ ਗਦਾ ਨ ਸਿਆਮੰ।। ਅਸ੍ਚਰਜ ਰੂਪੰ ਰਹੰਤ ਜਨਮੰ।।
—ਸਲੋਕ ਸਹਸਕ੍ਰਿਤੀ ਮ:੫, ਆਦਿ ਗ੍ਰੰਥ, ਪੰਨਾ ੧੩੫੯

੪- ਵੇਖੋ- A Critical Study of Adi Granth, Dr. S. S. Kohli, p. 339.
& Outlines of Sikh Thought, Dr. S. S. Kohli, p. 12.

੫- ਉਹ ਨਿਰਭਉ ਹੈ-

ਨਿਰਭੈ ਉਹੀ ਹੁੰਦਾ ਹੈ, ਜੋ ਸਰਵ ਸ਼ਕਤੀਮਾਨ ਹੋਵੇ। ਜਿਸ ਪਾਸ ਕਿਸੇ ਗੁਣ ਦੀ ਘਾਟ ਹੋਵੇ ਉਹ ਨਿਰਭੈ ਨਹੀਂ ਹੋ ਸਕਦਾ। ਰਿਗਵੇਦ ਵਿਚ ਵੀ ਪਰਮਾਤਮਾ ਨੂੰ ਅਭੈ ਆਖਿਆ ਹੈ।[1] ਪਰਮਾਤਮਾ ਆਪ ਤਾਂ ਨਿਰਭਉ ਹੈ, ਪਰ ਉਸ ਦੀ ਸਾਰੀ ਸਾਜਨਾ ਉਸ ਪਾਸੋਂ ਡਰਦੀ ਹੈ। ਧਰਤੀ, ਆਕਾਸ਼, [illegible] ਸਾਰੇ ਹੀ ਉਸ ਦੇ ਭੈ ਵਿਚ ਹਨ, ਤੇ ਉਹ ਸਭਨਾਂ ਦੇ ਸਿਰ ਉਪਰ 'ਨਿਰਭੈ' ਰਾਖੀ ਕਰ ਰਿਹਾ ਹੈ। ਹਵਾ, ਪਾਣੀ, ਅਗ ਸਭੇ ਹੀ ਉਸ ਦੇ ਭੈ ਵਿਚ ਹਨ। ਚੌਰਾਸੀ ਲਖ ਜੀਵ ਚਾਹੇ ਉਹ ਦੇਹਧਾਰੀ ਹਨ ਜਾਂ ਦੇਵਤੇ, ਸਾਰੇ ਹੀ ਉਸ ਦੇ ਭੈ ਵਿਚ ਹਨ। ਰਜੋ ਤਮੋ ਸਤੋ ਗੁਣਾਂ ਵਾਲੇ ਸਭੇ ਜੀਵ ਉਸ ਦੇ ਭੈ ਵਿਚ ਹਨ। ਮਾਇਆ ਵੀ ਉਸ ਤੋਂ ਡਰਦੀ ਹੈ, ਸਗੋਂ ਸਾਰੀ ਸ੍ਰਿਸ਼ਟੀ ਹੀ ਉਸ ਦੇ ਡਰ ਵਿਚ ਹੈ। ਨਿਰਭੈ ਕੇਵਲ ਉਹ ਆਪ ਹੈ।[2]

ਉਸ ਨਿਰਭਉ ਦੇ ਨਾਮ ਜਪਣ ਨਾਲ ਜੀਵ ਦੇ ਸਾਰੇ ਭੈ ਮਿਟ ਜਾਂਦੇ ਹਨ।[3] ਪਰ ਜੀਵ ਆਪ ਨਿਰਭੈ ਨਹੀਂ ਹੋ ਸਕਦਾ ਤੇ ਇਸ ਨੂੰ ਪਰਮਾਤਮਾ ਦੇ ਤੁਲ ਸਮਝਣਾ ਵੀ ਭੁਲ ਹੈ।

੬- ਨਿਰਵੈਰ ਹੈ-

ਜੋ ਪਰਮਾਤਮਾ ਨਿਰਭੈ ਹੈ, ਉਸ ਦਾ ਕਿਸੇ ਨਾਲ ਵੈਰ ਕਿਵੇਂ ਹੋ ਸਕਦਾ ਹੈ। ਗੁਰੂ ਜੀ ਨੇ ਪਾਰਬ੍ਰਹਮ ਨੂੰ ਨਿਰਵੈਰ ਆਖਿਆ ਹੈ।[4] ਸੋ ਪਰਮਾਤਮਾ ਨਿਰਭੈ ਹੈ, ਉਹ ਨਿਰਵੈਰ ਹੈ, ਅਥਾਹ ਹੈ, ਅਤੁਲ ਹੈ, ਭਾਵ ਜਿਸ ਦੀ ਤੁਲਨਾ ਨਹੀਂ ਕੀਤੀ ਜਾ ਸਕਦੀ।[5]

੭- ਅਕਾਲ ਮੂਰਤ ਹੈ-

ਪਰਮਾਤਮਾ ਕਾਲ ਦੀਆਂ ਹੱਦਾਂ ਤੋਂ ਪਾਰ ਹੈ। ਇਹ ਅਜਿਹੀ ਮੂਰਤ ਹੈ, ਜਿਸ ਨੂੰ ਸਮਾਂ ਕੋਈ ਨੁਕਸਾਨ ਨਹੀਂ ਪਹੁੰਚਾ ਸਕਦਾ।[6] ਉਸ ਅਕਾਲ ਮੂਰਤ ਵਲ

---

੧- "ਅਭਯਮ ਜਯੋਤਿ", ਰਿਗਵੇਦ ੨/੨੭/੧੧

੨- ਡਰਪੈ ਧਰਤਿ ਅਕਾਸੁ ਨਖੵਤ੍ਰਾ ਸਿਰ ਊਪਰਿ ਅਮਰੁ ਕਰਾਰਾ।।
--- --- ---
ਸਗਲ ਸਮਿਗ੍ਰੀ ਡਰਹਿ ਬਿਆਪੀ ਬਿਨੁ ਡਰ ਕਰਣੈਹਾਰਾ।।
— ਮਾਰੂ ਮ:੫, ਆਦਿ ਗ੍ਰੰਥ, ਪੰਨਾ ੯੯੮-੯੯

੩- ਨਿਰਭਉ ਜਪੈ ਸਗਲ ਭਉ ਮਿਟੈ।।—ਸੁਖਮਨੀ, ਆਦਿ ਗ੍ਰੰਥ, ਪੰਨਾ ੨੯੩

੪- ਨਿਰਹਾਰੀ ਕੇਸਵ ਨਿਰਵੈਰਾ।।—ਮਾਝ ਮ:੫, ਆਦਿ ਗ੍ਰੰਥ, ਪੰਨਾ ੯੮

੫- ਨਿਰਭਉ ਨਿਰਵੈਰ ਅਥਾਹ ਅਤੋਲੈ।।—ਮਾਝ ਮ:੫, ਆਦਿ ਗ੍ਰੰਥ, ਪੰਨਾ ੯੯

੬- ਅਕਾਲ ਮੂਰਤ ਜਿਸੁ ਕਦੇ ਨਾਹੀ ਖਉ।।
— ਮਾਰੂ ਸੋਲਹੇ ਮ:੫, ਆਦਿ ਗ੍ਰੰਥ, ਪੰਨਾ ੧੦੮੨

ਧਿਆਨ ਜਮਾਉਣ ਲਈ ਸਾਧ ਸੰਗਤ ਚੰਗੀ ਥਾਂ ਹੈ।[1]

੮- ਅਜੂਨੀ ਹੈ-

ਪਰਮਾਤਮਾ ਜੂਨਾਂ ਵਿਚ ਨਹੀਂ ਪੈਂਦਾ। ਪਰਮਾਤਮਾ ਪਾਰਬ੍ਰਹਮ ਹੈ, ਪਰਮੇਸਰ ਹੈ ਜੋ ਕਦੀ ਕਿਸੇ ਜੂਨ ਵਿਚ ਨਹੀਂ ਆਉਂਦਾ।[2] ਸਗੋਂ ਸਰਬ ਸਮਰਥ ਪਰਮਾਤਮਾ ਨੂੰ ਜੂਨਾਂ ਵਿਚ ਪੈਣ ਵਾਲਾ ਕਹਿਣ ਵਾਲੇ ਦਾ ਮੂੰਹ ਸੜ ਜਾਣਾ ਭਲਾ ਹੈ।[3] ਉਹ ਪਰਮਾਤਮਾ ਤਾਂ ਨ ਜੰਮਦਾ ਹੈ ਨ ਮਰਦਾ ਹੈ, ਨ ਹੀ ਆਵਾਗਵਣ ਦੇ ਗੇੜ ਵਿਚ ਹੀ ਪੈਂਦਾ ਹੈ, ਉਹ ਤਾਂ ਅਜੂਨੀ ਹੈ।

੯- ਸੈਭੰ ਹੈ-

ਭਾਵ ਉਹ ਆਪ ਹੀ ਆਪਣਾ ਕਰਤਾ ਹੈ।[4] ਉਸ ਦਾ ਹੋਰ ਕੋਈ ਕਰਤਾ ਨਹੀਂ। ਜੋ ਅਕਾਲ ਮੂਰਤ ਹੈ, ਅਜੂਨੀ ਹੈ, ਆਪਣਾ ਆਪ ਹੀ ਕਰਤਾ ਹੈ, ਉਸ ਦਾ ਨਾਮ ਸਿਮਰ ਕੇ ਮਨ ਨੂੰ ਸ਼ਾਂਤੀ ਮਿਲਦੀ ਹੈ।[5] ਉਸ ਦਾ ਦਰਸ਼ਨ ਸਫ਼ਲ ਹੈ।[6] ਉਸ ਪਰਮਾਤਮਾ ਦਾ ਕਰਤਾ ਕੋਈ ਨਹੀਂ, ਉਹ ਆਪ ਹੀ ਸਭ ਕੁਝ ਹੈ, ਇਸ ਕਰਕੇ ਕੋਈ ਵੇਦ ਸ਼ਾਸਤਰ ਉਸ ਦੇ ਮੂਲ ਬਾਰੇ ਕੁਝ ਨਹੀਂ ਦਸ ਸਕਦਾ।

੧੦- ਗੁਰਪ੍ਰਸਾਦਿ ਹੈ-

ਗੁਰੂ ਮਿਲਾਉਣਾ ਤੇ ਕਿਰਪਾ ਕਰਕੇ ਆਪਣੇ ਦਰਸ਼ਨ ਕਰਾਉਣੇ ਵੀ ਉਸੇ ਦਾ ਹੀ ਗੁਣ ਹੈ। ਉਸੇ ਦੀ ਹੀ ਸਮਰਥਾ ਹੈ ਕਿ ਉਹ ਜੀਵ ਦੇ ਸਾਰੇ ਗੁਨਾਹ ਬਖਸ਼ ਕੇ ਆਪਣੀ ਮਿਹਰ ਦੁਆਰਾ ਅਗੋਂ ਉਸ ਨੂੰ ਸਿੱਧੇ ਰਾਹੇ ਪਾ ਦੇਵੇ।[7] ਇਹ ਗੁਰੂ ਦੀ ਕ੍ਰਿਪਾ ਦਾ ਸਦਕਾ ਹੀ ਹੈ ਕਿ ਜੀਵ ਗ੍ਰਿਹਸਤ ਵਿਚ ਰਹਿੰਦਾ ਹੋਇਆ ਵੀ ਨਿਰਲੇਪ ਰਹਿ ਸਕਦਾ ਹੈ।[8] ਗੁਰੂ ਦੀ ਕ੍ਰਿਪਾ ਦੁਆਰਾ ਹੀ ਹਰ ਪ੍ਰਕਾਰ ਦੇ ਸੁਖ ਪ੍ਰਾਪਤ ਹੋ ਸਕਦੇ ਹਨ।[9] ਭਰਮਾਂ ਦੇ ਨਾਸ ਹੋ ਸਕਦੇ ਹਨ।[10]

---

੧- ਅਕਾਲ ਮੂਰਤਿ ਹੈ ਸਾਧ ਸੰਤਨ ਕੀ ਠਾਹਰ ਨੀਕੀ ਧਿਆਨ ਕਉ॥
—ਸਾਰੰਗ ਮ:੫, ਆਦਿ ਗ੍ਰੰਥ, ਪੰਨਾ ੧੨੦੮

੨- ਤੂ ਪਾਰਬ੍ਰਹਮੁ ਪਰਮੇਸਰੁ ਜੋਨਿ ਨ ਆਵਹੀ॥
—ਵਾਰ ਮਾਰੂ, ਮ:੫, ਆਦਿ ਗ੍ਰੰਥ, ਪੰਨਾ ੧੦੯੫

੩- ਸੋ ਮੁਖੁ ਜਲਉ ਜਿਤੁ ਕਹਹਿ ਠਾਕੁਰੁ ਜੋਨੀ॥
—ਭੈਰਉ ਮ:੫, ਆਦਿ ਗ੍ਰੰਥ, ਪੰਨਾ ੧੧੩੬

੪- ਆਪਨ ਆਪੁ ਆਪਹਿ ਉਪਾਇਓ॥ ਆਪਹਿ ਬਾਪ ਆਪ ਹੀ ਮਾਇਓ॥
—ਗਉੜੀ ਬਾਵਨ ਅਖਰੀ ਮ:੫, ਆਦਿ ਗ੍ਰੰਥ, ਪੰਨਾ ੨੫੦

੫- ਅਕਾਲ ਮੂਰਤਿ ਅਜੂਨੀ ਸੰਭੌ ਮਨ ਸਿਮਰਤ ਠੰਢਾ ਥੀਵਾਂ ਜੀਉ॥
—ਮਾਝ ਮ:੫, ਆਦਿ ਗ੍ਰੰਥ, ਪੰਨਾ ੯੯

੬- ਅਮੋਘ ਦਰਸਨ ਆਜੂਨੀ ਸੰਭਉ॥ —ਮਾਰੂ ਸੋਲਹੇ ਮ:੫, ਆਦਿ ਗ੍ਰੰਥ, ਪੰਨਾ ੧੦੮੨

੭- ਪਿਛਲੇ ਅਉਗਣ ਬਖਸਿ ਲਏ ਪ੍ਰਭੁ ਆਗੈ ਮਾਰਗਿ ਪਾਵੈ॥
— ਸੋਰਠਿ ਮ:੫, ਆਦਿ ਗ੍ਰੰਥ, ਪੰਨਾ ੬੨੪-੨੫

੮- ਤੂੰ ਗੁਰ ਪ੍ਰਸਾਦਿ ਕਰਿ ਰਾਜ ਜੋਗੁ॥ —ਗਉੜੀ ਮ:੫, ਆਦਿ ਗ੍ਰੰਥ, ਪੰਨਾ ੨੧੧

੯- ਗੁਰਪ੍ਰਸਾਦਿ ਨਾਨਕ ਸੁਖੁ ਪਾਉ॥ —ਸੁਖਮਨੀ, ਆਦਿ ਗ੍ਰੰਥ, ਪੰਨਾ ੨੯੪

੧੦- ਗੁਰਪ੍ਰਸਾਦਿ ਭਰਮ ਕਾ ਨਾਸੁ॥ —ਸੁਖਮਨੀ, ਆਦਿ ਗ੍ਰੰਥ, ਪੰਨਾ ੨੯੪

੧੧- ਅੰਤਰਜਾਮੀ ਹੈ-

'----- ਉਹ ਸਭ ਦੇ ਅੰਦਰ ਬਾਹਰ ਹੋ ਕੇ, ਸਥਿਤ ਹੋ ਕੇ, ਬਿਨਾਂ ਕੁਝ ਸੁਣੇ ਸਾਰੇ ਰਹੱਸਾਂ ਨੂੰ ਜਾਣਦਾ ਹੈ।[੧] ਪਰਮਾਤਮਾ ਕਿਸੇ ਸਤਵੇਂ ਆਕਾਸ਼ ਵਿਚ ਟਿਕਿਆ ਹੋਇਆ ਨਹੀਂ, ਜਿਸ ਤੋਂ ਕੁਝ ਲੁਕਾਇਆ ਜਾ ਸਕੇ। ਨ ਹੀ ਉਹ ਖੀਰ ਸਮੁੰਦਰ ਵਿਚ ਸੁੱਤਾ ਜਾਂ ਜੰਗਲਾਂ ਪਾਤਾਲਾਂ ਦਾ ਵਾਸੀ ਹੈ। ਉਹ ਤਾਂ ਹਰ ਥਾਂ ਤੇ ਹਾਜ਼ਰ ਨਾਜ਼ਰ ਹੈ।[੨] ਰੱਬ ਦੀ ਅੰਤਰਯਾਮਤਾ ਸਬੰਧੀ ਬਾਈਬਲ ਤੇ ਕੁਰਾਨ ਵਿਚ ਵੀ ਜ਼ਿਕਰ ਆਉਂਦਾ ਹੈ। ਕੁਰਾਨ ਦੀ ਇਕ ਤੁਕ ਹੈ ਕਿ 'ਕੋਈ ਕਿਧਰੇ ਇਕ ਪੱਤਾ ਵੀ ਨਹੀਂ ਹਿਲ ਸਕਦਾ, ਜਿਸ ਦਾ ਇਲਮ ਖ਼ੁਦਾ ਨੂੰ ਨਹੀਂ ਹੈ।' ਪਰਮਾਤਮਾ ਸਰਬ ਨਿਵਾਸੀ ਹੈ, ਘਟਿ ਘਟਿ ਵਿਚ ਵਸਦਾ ਹੈ।[੩] ਸਭਨਾਂ ਜੀਆਂ ਦੇ ਅੰਦਰ ਬਾਹਰ, ਉਹੀ ਦੁਖ ਸੁਖ ਤੋਂ ਨਿਆਰਾ ਅੰਤਰਯਾਮੀ ਵਸਦਾ ਹੈ।[੪] ਉਹੀ ਅੰਤਰਯਾਮੀ ਸਾਡਾ ਸਭ ਦਾ ਰਖਵਾਲਾ ਹੈ।[੫] ਸੋ ਉਸ ਤੋਂ ਕਿਸੇ ਨੇ ਚੋਰੀ ਕੀ ਕਰਨੀ ਹੈ।[੬] ਜਿਥੇ ਕਿਸੇ ਜੀਵ ਦੀ ਪਹੁੰਚ ਨਹੀਂ, ਕੋਈ ਪਸ਼ੂ ਪੰਛੀ ਨਹੀਂ ਜਾ ਸਕਦਾ, ਜਿਥੇ ਹਵਾ ਤੱਕ ਵੀ ਨ ਜਾ ਸਕਦੀ ਹੋਵੇ, ਉਥੋਂ ਦਾ ਹਾਲ ਵੀ ਪਰਮਾਤਮਾ ਜਾਣਦਾ ਹੈ।[੭] ਉਹ ਸਭ ਕੁਝ ਵੇਖਦਾ ਹੈ, ਸਮਝਦਾ ਹੈ, ਜਾਣਦਾ ਹੈ, ਜੀਵ ਉਸ ਪਾਸੋਂ ਆਪਣਾ ਕੁਝ ਵੀ ਛੁਪਾ ਨਹੀਂ ਸਕਦਾ।[੮]

੧੨- ਉਹ ਦਾਤਾ ਹੈ-

ਪਰਮਾਤਮਾ ਸਭ ਦਾ ਦਾਤਾਰ ਹੈ। ਉਸ ਦੇ ਖ਼ਜ਼ਾਨੇ ਸਦਾ ਭਰੇ ਰਹਿੰਦੇ ਹਨ। ਅਜਿਹੇ ਖ਼ਜ਼ਾਨੇ, ਜਿਨ੍ਹਾਂ ਨੂੰ ਕਦੇ ਘਾਟ ਨਹੀਂ ਆਈ। ਦੇਣ ਵਾਲਾ ਦਈ ਜਾਂਦਾ ਹੈ, ਪਰ ਲੈਣ ਵਾਲੇ ਲੈ ਲੈ ਕੇ ਥਕ ਜਾਂਦੇ ਹਨ, ਆਪਣੀ ਉਮਰਾ ਹੰਢਾ ਕੇ ਇਥੋਂ ਚਲਦੇ ਬਣਦੇ ਹਨ, ਪਰ ਉਸ ਦੇ ਅਣਗਿਣਤ ਭੰਡਾਰੇ ਭਰੇ ਰਹਿੰਦੇ ਹਨ।[੯] ਸਭਨਾ ਜੀਆਂ

---

੧- ਸ੍ਰੀ ਗੁਰੂ ਗ੍ਰੰਥ ਦਰਸ਼ਨ (ਹਿੰਦੀ), ਡਾ. ਜਯ ਰਾਮ ਮਿਸ਼ਰ, ਪੰਨਾ ੮੫
੨- ਗੁਰਮਤ ਜੀਵਨ, ਭਾਈ ਵੀਰ ਸਿੰਘ ਮਜੀਠਾ, ਪੰਨਾ ੭੩
੩- ਸਰਬ ਨਿਵਾਸੀ ਘਟਿ ਘਟਿ ਵਾਸੀ ਲੇਪੁ ਨਹੀ ਅਲਪਹੀਅਉ।।
—ਜੈਤਸਰੀ ਮ:੪, ਆਦਿ ਗ੍ਰੰਥ, ਪੰਨਾ ੭੦੦
੪- ਸਭ ਕੈ ਮਧਿ ਸਭ ਹੂ ਤੇ ਬਾਹਰਿ ਰਾਗ ਦੋਖ ਤੇ ਨਿਆਰੋ।।
— ਸੂਹੀ ਛੰਤ ਮ:੫, ਆਦਿ ਗ੍ਰੰਥ, ਪੰਨਾ ੭੮੪-੮੫
੫- ਰਾਖਾ ਏਕੁ ਹਮਾਰਾ ਸੁਆਮੀ।। ਸਗਲ ਘਟਾ ਕਾ ਅੰਤਰਜਾਮੀ।।
—ਭੈਰਉ ਮ:੫, ਆਦਿ ਗ੍ਰੰਥ, ਪੰਨਾ ੧੧੩੬
੬- ਲੁਕਿ ਕਮਾਵੈ ਕਿਸ ਤੇ ਜਾ ਵੇਖੈ ਸਦਾ ਹਦੂਰਿ।।
— ਸਿਰੀ ਰਾਗ ਮ:੫, ਆਦਿ ਗ੍ਰੰਥ, ਪੰਨਾ ੪੮
੭-ੳ-ਪ੍ਰਭੁ ਮੇਰਾ ਅੰਤਰਜਾਮੀ ਜਾਣੁ।।—ਕਲਿਆਣ ਮ:੪, ਆਦਿ ਗ੍ਰੰਥ, ਪੰਨਾ ੧੩੨੩
ਅ-ਹਰਿ ਜੀਉ ਅੰਤਰਜਾਮੀ ਜਾਨ।।—ਸਾਰੰਗ ਮ:੪, ਆਦਿ ਗ੍ਰੰਥ, ਪੰਨਾ ੧੨੦੨
੮- The Sikh Religion, M.A.Macauliffe, Vol.III,p.104.
੯- ਦਦਾ ਦਾਤਾ ਏਕੁ ਹੈ ਸਭ ਕਉ ਦੇਵਨਹਾਰ।।
ਦੇਂਦੇ ਤੋਟਿ ਨ ਆਵਈ ਅਗਨਤ ਭਰੇ ਭੰਡਾਰ।।
—ਗਉੜੀ ਬਾਵਨ ਅਖਰੀ, ਮ:੫, ਆਦਿ ਗ੍ਰੰਥ, ਪੰਨਾ ੨੫੭

ਦਾ ਦਾਤਾ ਇਕੋ ਹੈ।[1] ਉਸ ਪਰਮਾਤਮਾ ਬਿਨਾਂ ਹੋਰ ਕੋਈ ਦਾਤਾ ਹੋਣ ਦਾ ਦਾਅਵਾ ਨਹੀਂ ਕਰ ਸਕਦਾ।

੧੩- ਸਰਵਵਿਆਪਕ ਹੈ-

ਪਰਮਾਤਮਾ ਹਰ ਥਾਂ ਹਰ ਸ਼ੈ ਵਿਚ ਹੈ। ਸਭ ਕੁਝ ਉਹ ਆਪ ਹੀ ਹੈ, ਕਿਉਂਕਿ ਉਹ ਸਭ ਵਿਚ ਸਮਾਇਆ ਹੋਇਆ ਹੈ। ਭੋਗਣਵਾਲਾ ਵੀ ਉਹ, ਸੁਣਨ ਵਾਲਾ ਤੇ ਵੇਖਣ ਵਾਲਾ ਵੀ ਉਹ ਹੈ। ਜੋ ਰਚਨਾ ਨਜ਼ਰ ਨਹੀਂ ਆਉਂਦੀ ਤੇ ਜੋ ਨਜ਼ਰ ਆਉਂਦੀ ਹੈ, ਸਭ ਉਸੇ ਦਾ ਹੀ ਖਿਲਾਰ ਹੈ। ਪੈਦਾ ਕਰਨ ਵਾਲਾ ਵੀ ਉਹ ਤੇ ਨਾਸ ਕਰਨ ਵਾਲਾ ਵੀ ਉਹੀ ਹੈ। ਸਭ ਵਿਚ ਵਿਆਪਕ ਵੀ ਉਹੀ ਤੇ ਅਲੋਪ ਵੀ[2] ਉਹੀ ਹੈ। ਉਹ ਆਪ ਹੀ ਸਭ ਕੁਝ ਹੈ ਤੇ ਸਭ ਵਿਚ ਰਮਿਆ ਹੋਇਆ ਹੈ।

੧੪- ਉਹ ਅਨਾਦਿ ਹੈ-

ਪਰਮਾਤਮਾ ਦੇ ਆਦਿ ਬਾਰੇ ਕੋਈ ਵੀ ਦਸ ਨਹੀਂ ਸਕਦਾ, ਇਸ ਕਰਕੇ ਉਹ ਅਨਾਦਿ ਹੈ, ਸਦਾ ਤੋਂ ਹੈ।[3]

੧੫- ਉਹ ਨਿਆਂਕਾਰ ਹੈ-

ਪਰਮਾਤਮਾ ਨਿਆਂ ਵੀ ਕਰਦਾ ਹੈ ਤੇ ਮੁਆਫ਼ ਵੀ ਕਰਦਾ ਹੈ। ਹਿੰਦੂ ਧਰਮ ਅਨੁਸਾਰ ਕਿਸੇ ਵੀ ਦੋਸ਼ੀ ਨੂੰ ਭਾਵੇਂ ਉਹ ਕਿੰਨਾ ਹੀ ਆਪਣੇ ਕੀਤੇ ਤੇ ਪਸਚਾਤਾਪ ਕਰੇ ਪਰਮਾਤਮਾ ਮੁਆਫ਼[4] ਨਹੀਂ ਕਰਦਾ। ਮੁਸਲਮਾਨ ਮਜ਼ਹਬ ਵਿਚ ਬਿਲਕੁਲ ਇਸ ਤੋਂ ਉਲਟ ਹੈ। ਜੋ ਜੀਵ ਕੁਕਰਮ ਕਰਕੇ ਪਛਤਾਵੇ ਵੀ ਨ ਤਾਂ ਵੀ ਉਹ ਮੁਆਫ਼ ਹੋ ਸਕਦਾ ਹੈ। ਗੁਰੂ ਜੀ ਨੇ ਪਰਮਾਤਮਾ ਦੀ ਅਜਿਹੀ ਕੋਈ ਸਿਫ਼ਤ ਨਹੀਂ ਦਿੱਤੀ ਜਿਸ ਨਾਲ ਕਿਤੇ ਤਾਂ ਪਾਪ ਕਰਨ ਵਾਲੇ ਸੁਖੀ ਵਸਣ ਤੇ ਕਿਤੇ ਮੁਆਫ਼ੀ ਮੰਗਣ ਵਾਲੇ ਰੁਲਣ, ਸਗੋਂ ਆਪ ਪਰਮਾਤਮਾ ਨੂੰ ਨਿਆਂਕਾਰ ਦੇ ਤੌਰ ਤੇ ਦਸਦੇ ਹਨ। ਜੇ ਜੀਵ ਸਚੇ ਦਿਲੋਂ ਪਛਤਾਵਾ ਕਰ ਲਵੇ ਤਾਂ ਉਸ ਦਾ ਕਾਇਆ[5] ਕਲਪ ਹੋ ਜਾਂਦਾ ਹੈ। ਪਰਮਾਤਮਾ ਬਖਸ਼ਿੰਦ ਹੈ, ਖਜ਼ਲ ਖੁਆਰ ਨਹੀਂ ਕਰਦਾ। ਪਰਮਾਤਮਾ ਵਿਚ ਵਿਸ਼ਵਾਸ਼ ਕਰਨਾ ਬੜਾ ਔਖਾ ਕੰਮ ਹੈ। ਇਹ ਕੋਈ ਬਹਾਦਰ ਆਦਮੀ ਹੀ ਕਰ

---

੧- ਜੀਅਨ ਕਾ ਦਾਤਾ ਏਕੁ ਹੈ, ਬੀਆ ਨਹੀ ਹੋਰੁ।।
— ਬਿਲਾਵਲ ਮ:੫, ਆਦਿ ਗ੍ਰੰਥ, ਪੰਨਾ ੮੧੮

੨- ਸਭੁ ਕਰਤਾ ਸਭੁ ਭੁਗਤਾ।।
— ਗੋਂਡ ਮ:੫, ਆਦਿ ਗ੍ਰੰਥ, ਪੰਨਾ ੮੬੨

੩- ਉਸਤਤਿ ਕਹਨੁ ਨ ਜਾਇ ਤੁਮਾਰੀ ਕਉਣੁ ਕਹੈ ਤੂ ਕਦ ਕਾ।।
— ਤੁਖਾਰੀ ਛੰਤ ਮ:੫, ਆਦਿ ਗ੍ਰੰਥ, ਪੰਨਾ ੧੧੧੭

੪- Ency. of Religion and Ethics, Hastings.

੫- ਪਤਿਤ ਉਧਾਰਣੁ ਸਤਿਗੁਰੁ ਮੇਰਾ ਮੋਹਿ ਤਿਸ ਕਾ ਭਰਵਾਸਾ।।
ਬਖਸਿ ਲਏ ਸਭਿ ਸਚੈ ਸਾਹਿਬਿ ਸੁਣਿ ਨਾਨਕ ਕੀ ਅਰਦਾਸਾ।।
— ਸੋਰਠਿ ਮ:੫, ਆਦਿ ਗ੍ਰੰਥ, ਪੰਨਾ ੬੨੦

ਸਕਦਾ ਹੈ।[1] ਉਂਜ ਤਾਂ ਜੀਵ ਦਾ ਇਸ ਸੰਸਾਰ ਤੇ ਆਉਣ ਦਾ ਮਨੋਰਥ ਹੀ ਇਹ ਹੈ ਕਿ ਉਹ ਪਰਮਾਤਮਾ ਦੇ ਆਪਣੇ ਨਾਲ ਸਬੰਧ ਬਾਰੇ ਜਾਣੇ।[2]

ਪਰ ਜਦੋਂ ਜੀਵ ਪਰਮਾਤਮਾ ਵਿਚ ਵਿਸ਼ਵਾਸ ਕਰਨ ਲਗ ਜਾਵੇ ਅਤੇ ਸੰਸਾਰ ਵਿਚ ਆਪਣੇ ਆਉਣ ਦੇ ਮਨੋਰਥ ਨੂੰ ਵੀ ਸਮਝ ਜਾਵੇ ਤਾਂ ਇਕ ਸੋਚ ਸਾਹਮਣੇ ਆ ਜਾਂਦੀ ਹੈ ਕਿ ਉਸ ਅਥਾਹ ਅਗੰਮ ਪਰਮਾਤਮਾ ਨੂੰ ਪੁਕਾਰਿਆ ਕਿਹੜੇ ਨਾਮ ਨਾਲ ਜਾਵੇ। ਪਰਮਾਤਮਾ ਦੇ ਕਿਸੇ ਨਾਮ ਬਾਰੇ ਮਿਥ ਕੇ ਨਹੀਂ ਕਿਹਾ ਜਾ ਸਕਦਾ ਕਿ ਕੇਵਲ ਇਸੇ ਨਾਮ ਨਾਲ ਹੀ ਉਸ ਨੂੰ ਯਾਦ ਕੀਤਾ ਜਾ ਸਕਦਾ ਹੈ। ਸਗੋਂ ਪਰਮਾਤਮਾ ਦੇ ਅਨੇਕਾਂ ਨਾਮ ਹਨ, ਜੋ ਹਰ ਇਲਾਕੇ ਵਿਚ, ਹਰ ਬੋਲੀ ਵਿਚ ਆਪੋ ਆਪਣੇ ਢੰਗ ਨਾਲ ਲਏ ਜਾਂਦੇ ਹਨ। ਕਿਤੇ ਕਿਤੇ ਅਜਿਹਾ ਵੀ ਹੋ ਜਾਂਦਾ ਹੈ ਕਿ ਕਿਸੇ ਇਕ ਦਾ ਪਰਮਾਤਮਾ ਲਈ ਰਖਿਆ ਖ਼ਾਸ ਨਾਮ ਕਿਸੇ ਹੋਰ ਭਾਸ਼ਾ ਜਾਂ ਕੌਮ ਲਈ ਕੋਈ ਹੋਰ ਅਰਥ ਰਖਦਾ ਹੈ, ਜਿਵੇਂ:-

ੳ- ਅੰਤਰਰਾਸ਼ਟਰੀ ਭਾਸ਼ਾ ਅੰਗ੍ਰੇਜ਼ੀ ਵਿਚ ਪਰਮਾਤਮਾ ਨੂੰ ਗਾਡ ਕਿਹਾ ਜਾਂਦਾ ਹੈ,ਪਰ ਕਸ਼ਮੀਰੀ ਵਿਚ ਗਾਡ ਨੂੰ ਮਛੀ ਆਖਦੇ ਹਨ।

ਅ- ਅਰਬੀ ਵਿਚ ਮੌਲਾ ਦਾ ਅਰਥ ਹੈ- ਸਹਾਇਕ ਤੇ ਆਜ਼ਾਦ ਕਰਨ ਵਾਲਾ ਭਾਵ ਪਰਮਾਤਮਾ, ਪਰ ਪੰਜਾਬੀ ਵਿਚ ਮਉਲਾ ਅਥਵਾ ਮਉਲਿਆ ਦਾ ਭਾਵ ਹੈ-ਪ੍ਰਫੁਲਤ ਹੋਇਆ।

ੲ- ਮਨੂ ਨੇ ਨਾਰਾਇਣ ਦੇ ਅਰਥ ਦਸੇ ਹਨ, ਜੋ ਕੇਵਲ ਨਾਰਾ (ਜਲਾਂ) ਵਿਚ ਵਾਸ ਕਰਦਾ ਹੋਵੇ, ਉਹ ਨਾਰਾਇਣ ਹੈ, ਪਰ ਗੁਰੂ ਅਰਜਨ ਦੇਵ ਜੀ ਆਖਦੇ ਹਨ 'ਨਾਰਾਇਣ ਸਭ ਮਾਹਿ ਨਿਵਾਸ।।ਨਾਰਾਇਣ ਘਟਿ ਘਟਿ ਪਰਗਾਸ।।'[3]

ਸੋ ਕਿਸੇ ਇਕ ਖ਼ਾਸ ਨਾਮ ਨਾਲ ਪਰਮਾਤਮਾ ਨੂੰ ਪੁਕਾਰਨਾ ਅਸੀਂ ਕਦੀ ਵੀ ਨਹੀਂ ਚਿਤਵ ਸਕਦੇ, ਸਗੋਂ ਇਸ ਦੇ ਅਨੇਕਾਂ ਨਾਂ ਹਨ, ਜਿਨ੍ਹਾਂ ਦਾ ਹਿਸਾਬ ਹੀ ਲਾ-ਹਿਸਾਬ ਹੈ। ਇਸ੍ਹਾਰੇ ਮਾਤਰ ਕੁਝ ਨਾਂ ਗੁਰੂ ਅਰਜਨ ਦੇਵ ਜੀ ਦੀ ਰਚਨਾ ਦੇ ਆਧਾਰ ਤੇ ਵੇਖਦੇ ਹਾਂ। ਇਨ੍ਹਾਂ ਨਾਵਾਂ ਨੂੰ ਅਸੀਂ ਤਿੰਨ ਭਾਗਾਂ ਵਿਚ ਵੰਡ ਸਕਦੇ ਹਾਂ:-

੧- ਹਿੰਦੂ ਨਾਮ- ਪਰਮਾਤਮਾ ਦੇ ਉਹ ਨਾਮ ਜੋ ਹਿੰਦੂ ਲੋਕ ਵਰਤਦੇ ਹਨ ਈਸਰ,ਸੁਆਮੀ, ਸਾਵਲ, ਸਿਆਮ, ਸਾਰੰਗਧਾਰ, ਕੇਸ਼ਵ, ਕ੍ਰਿਸ਼ਨ, ਕਾਹਨ, ਗਿਰਧਾਰੀ, ਗੋਬਿੰਦ, ਗੋਪਾਲ, ਗੋਪੀਨਾਥ, ਗੋਵਰਧਨਧਾਰੀ, ਗੋਸਾਈਂ, ਚਕਰ ਧਾਰ, ਚਤੁਰਭੁਜ, ਚਕਰ ਪਾਨ, ਜਗਦੀਸਰ, ਦਮੋਦਰ, ਨਰ ਸਿੰਘ, ਨਾਰਾਇਣ, ਪਾਰਬ੍ਰਹਮ, ਪਰਮੇਸੁਰ,

---

੧- ਧਰਮ-ਇਕ ਤੁਲਨਾਤਮਕ ਅਧਿਅਨ,ਡਾ.ਰਾਧਾ ਕ੍ਰਿਸ਼ਨਨ,ਪੰਨਾ ੬੫

੨- Outlines of Sikh Thought, Dr.S.S.Kohli,p.18.

੩- ਗੋਂਡ ਮ:੫, ਆਦਿ ਗ੍ਰੰਥ, ਪੰਨਾ ੮੬੮

ਪਿਤੰਬਰ, ਪ੍ਰਭੂ, ਬਿਸ੍ਨ, ਬਿਸੰਭਰ, ਬ੍ਰਹਮ, ਭਗਵੰਤ, ਭਗਵਾਨ, ਮਾਧੋ, ਮਧਸੂਦਨ, ਮੁਰਾਰੀ, ਰਘੁਰਾਇ, ਰਾਮ, ਵਾਸਦੇਵ, ਵਿਸ੍ਨੁ, ਆਦਿ।[1]

੨- ਮੁਸਲਮਾਨ ਨਾਮ- ਪਰਮਾਤਮਾ ਦੇ ਮੁਸਲਮਾਨਾਂ ਦੁਆਰਾ ਵਰਤੇ ਗਏ ਨਾਮ-ਅਕਬਰ, ਅੱਲਾ, ਸਾਹਿਬ, ਹਕ, ਕਬੀਰ, ਕਰੀਮ, ਖੁਦਾ, ਖਾਲਿਕ, ਨਿਰਸ਼ਰੀਕ, ਪਾਕ, ਮਾਲਿਕ, ਰਹੀਮ, ਰਹਿਮਾਨਉਲ ਰਹੀਮ, ਰਾਜ਼ਿਕ, ਰੱਬ ਆਦਿ।

੩- ਨਵੇਂ ਨਾਮ- ਜੋ ਗੁਰੂ ਸਾਹਿਬ ਨੇ ਪਰਮਾਤਮਾ ਲਈ ਵਰਤੇ- ਪਰਮਾਤਮਾ ਲਈ ਪਿਤਾ ਸ਼ਬਦ ਦੀ ਵਰਤੋਂ ਆਮ ਹੁੰਦੀ ਸੀ, ਪਰ ਗੁਰੂ ਸਾਹਿਬ ਨੇ ਪਰਮਾਤਮਾ ਦੇ ਮਾਤਾ, ਮਿਤਰ, ਮੀਤ, ਪ੍ਰੀਤਮ, ਪਿਆਰਾ, ਸੱਜਣ ਤੇ ਯਾਰ ਆਦਿ ਨਵੇਂ ਨਾਮ ਰਖ ਕੇ ਸਾਡੇ ਲਈ ਨਵੇਂ ਪੂਰਨੇ ਪਾਏ ਹਨ। ਆਪ ਨੇ ਇਸ ਨੂੰ ਨਵਤਨ[2] ਵੀ ਆਖਿਆ ਹੈ। ਪਰਮਾਤਮਾ ਨੂੰ ਗੁਰੂ ਸਾਹਿਬ ਕਰਤਾਰ, ਸਿਰੰਦਾ, ਉਸਾਰਨਵਾਲਾ, ਭਰਨਹਾਰ ਕਹਿ ਕੇ ਵੀ ਪੁਕਾਰਦੇ ਹਨ। ਉਸ ਨੂੰ ਕਰਨਕਾਰਨ ਵੀ ਕਹਿੰਦੇ ਹਨ।[3]

ਗੁਰੂ ਸਾਹਿਬ ਪਰਮਾਤਮਾ ਨੂੰ ਬਾਜੀਗਰ ਵੀ ਆਖਦੇ ਹਨ। ਬਾਜੀਗਰ ਤੋਂ ਭਾਵ ਹੈ- ਖਿਲਾੜੀ। ਜੋ ਆਪ ਖੇਡੇ ਤੇ ਖਿਡਾਵੇ, ਉਸ ਵਿਚ ਚੰਗੇ ਖਿਲਾੜੀ ਵਾਲੇ ਸਾਰੇ ਗੁਣ ਹੁੰਦੇ ਹਨ। ਜਦੋਂ ਜੀਵ ਕੁਰਾਹੇ ਪੈ ਜਾਵੇ ਤਾਂ ਪਰਮਾਤਮਾ ਉਸ ਦਾ ਪਥ ਪ੍ਰਦਰਸ਼ਕ ਬਣਦਾ ਹੈ। ਉਹ ਉਚੇ ਉਚਾ ਵੀ ਹੈ,[4] ਜਿਵੇਂ ਚੀਨੀ ਲੋਕ ਉਸ ਨੂੰ ਸਵਰਗ ਵਿਚ ਰਹਿੰਦਾ ਸਮਝਦੇ ਹਨ ਤੇ ਯਹੂਦੀ ਵਿਚਾਰ ਅਨੁਸਾਰ ਉਸ ਦਾ ਨਾਮ 'ਸ੍ਰਾਂਗਤੀ' ਹੈ।

ਇਹ ਤੇ ਹੋਰ ਅਨੇਕਾਂ ਨਵੇਂ ਨਾਮ ਰਖ ਕੇ ਵੀ ਗੁਰੂ ਜੀ ਨੇ ਆਪਣੀ ਅਸਮਰਥਾ ਜ਼ਾਹਰ ਕੀਤੀ ਹੈ ਕਿ ਇਹ ਨਿਮਾਣੀ ਜਹੀ ਜੀਭ ਤੇ ਕਲਮ ਉਸ ਦੇ ਕਿਹੜੇ ਕਿਹੜੇ ਨਾਮ ਦਸੇ। ਉਸ ਦੇ ਨਾਮ ਤਾਂ ਅਨੇਕਾਂ ਹਨ। ਸੋ ਉਸ ਦੇ ਸਦੀਵ ਕਾਲ ਦੇ ਨਾਮ 'ਸਤਿ' ਨੂੰ ਹੀ ਪ੍ਰਵਾਨ ਕਰਦੇ ਹਨ।[5]

ਉਸ ਦੇ ਨਾਮ ਤੇ ਖੂਬੀਆਂ ਅਨੇਕਾਂ ਹਨ। ਜਿਨ੍ਹਾਂ ਬਾਰੇ ਜਾਣਦਾ ਜਾਣਦਾ ਜੀਵ

---

੧- ਵਿਸਥਾਰ ਲਈ ਵੇਖੋ-ਮਾਰੂ ਸੋਲਹੇ ਮ:੫,ਆਦਿ ਗ੍ਰੰਥ, ਪੰਨਾ ੧੦੮੨-੮੩

੨- ਗੁਣਨਿਧਾਨ,ਨਵਤਨੁ ਸਦਾ ਪੂਰਨ ਜਾ ਕੀ ਦਾਤਿ।।
— ਸਿਰੀ ਰਾਗੁ ਮ:੫,ਆਦਿ ਗ੍ਰੰਥ, ਪੰਨਾ ੪੭

੩- Philosophy of Sikhism,Dr. Sher Singh,p.136

੪- ਸਭ ਤੇ ਊਚ ਜਾ ਕਾ ਦਰਬਾਰੁ।।ਸਦਾ ਸਦਾ ਤਾਕਉ ਜੋਹਾਰੁ।।
ਊਚੇ ਤੇ ਊਚਾ ਜਾਕਾ ਥਾਨ।।ਕੋਟਿ ਅਘਾ ਮਿਟਹਿ ਹਰਿਨਾਮ।।
— ਭੈਰਉ ਮ:੫,ਆਦਿ ਗ੍ਰੰਥ,ਪੰਨਾ ੧੧੪੪

੫- ਕਿਰਤਮ ਨਾਮ ਕਥੇ ਤੇਰੇ ਜਿਹਬਾ।।ਸਤਿਨਾਮੁ ਤੇਰਾ ਪਰਾ ਪੂਰਬਲਾ।।
—ਮਾਰੂ ਸੋਲਹੇ ਮ:੫,ਆਦਿ ਗ੍ਰੰਥ, ਪੰਨਾ ੧੦੮੩

ਹੈਰਾਨ ਹੋ ਜਾਂਦਾ ਹੈ।[੧]

ਬ੍ਰਹਮ ਬਾਰੇ ਜਿਨ੍ਹਾਂ ਵੀ ਜਾਨਣ ਦੀ ਕੋਸ਼ਿਸ਼ ਕਰੋ, ਅੱਗੇ ਤੋਂ ਅੱਗੇ ਪ੍ਰਸ਼ਨਾਂ ਦੀਆਂ ਲੜੀਆਂ ਬਣਦੀਆਂ ਜਾਂਦੀਆਂ ਹਨ। ਨਾਸਤਕ ਲੋਕ ਪਰਮਾਤਮਾ ਦੀ ਹੋਂਦ ਨਹੀਂ ਮੰਨਦੇ, ਉਨ੍ਹਾਂ ਦਾ ਕਹਿਣਾ ਹੈ ਕਿ ਜੋ ਕੁਛ ਅਸੀਂ ਵੇਖ ਜਾਂ ਛੂਹ ਨਹੀਂ ਸਕਦੇ, ਉਸ ਨੂੰ ਮੰਨ ਕਿਵੇਂ ਲਈਏ। ਉਨ੍ਹਾਂ ਦੇ ਸਪਸ਼ਟੀਕਰਨ ਲਈ ਹੇਠ ਲਿਖੇ ਵਿਚਾਰ ਕਾਫੀ ਹਨ:-

੧- ਕਿਸੇ ਇਨਸਾਨ ਨੂੰ ਜਦ ਉਸ ਦੇ ਬਾਪ ਦਾ ਨਾਮ ਪੁਛੀਏ, ਝਟ ਦਸ ਦਿੰਦਾ ਹੈ, ਪਰ ਪੁਛਣਵਾਲਾ ਕਦੇ ਸਬੂਤ ਨਹੀਂ ਮੰਗਦਾ ਕਿ ਇਸ ਨਾਮ ਵਾਲਾ ਪੁਰਸ਼ ਤੇਰਾ ਬਾਪ ਕਿਵੇਂ ਹੋਇਆ?

੨- ਰੋਜ਼ ਰੇਡੀਓ ਤੋਂ ਸੁਣਦੇ ਹਾਂ ਕਿ ਹੁਣ ਤੁਸੀਂ ਆਲ ਇੰਡੀਆ ਤੋਂ ਖਬਰਾਂ ਸੁਣੋ ਜਾਂ "ਇਹ ਆਕਾਸ਼ਵਾਣੀ ਦਿੱਲੀ ਏ"। ਸਾਨੂੰ ਵਿਸ਼ਵਾਸ ਆ ਜਾਂਦਾ ਹੈ ਕਿ ਇਹ ਖਬਰਾਂ ਦਿੱਲੀ ਤੋਂ ਆ ਰਹੀਆਂ ਹਨ। ਜਦੋਂ ਪ੍ਰਾਦੇਸ਼ਕ ਸਮਾਚਾਰ ਦੀ ਸੂਚਨਾ ਮਿਲਦੀ ਹੈ ਤਾਂ ਵਿਸ਼ਵਾਸ ਕਰ ਲੈਂਦੇ ਹਾਂ ਕਿ ਇਹ ਜਲੰਧਰ ਤੋਂ ਹਨ। ਕੋਈ ਹੋਰ ਸਬੂਤ ਅਸਾਂ ਕਦੇ ਨਹੀਂ ਮੰਗਿਆ। 'ਵਿਸ਼ਵਾਸ' ਨਾਲੋਂ ਵੱਡਾ ਸਬੂਤ ਸੰਸਾਰ ਵਿਚ ਹੈ ਹੀ ਕੋਈ ਨਹੀਂ।

੩- ਇੰਗਲੈਂਡ ਦੀ ਮਲਕਾ ਅਲਿਜ਼ਬੈਥ ਹੈ, ਸਾਡੀ ਪ੍ਰਧਾਨ ਮੰਤਰੀ ਸ੍ਰੀ ਮਤੀ ਇੰਦਰਾ ਗਾਂਧੀ ਹੈ। ਕੋਈ ਇਹ ਕਹੇ ਕਿ ਮੈਂ ਜਾ ਕੇ ਹੀ ਵੇਖਾਂ ਤਾਂ ਯਕੀਨ ਆਏ ਕਿ ਇਹ ਮਲਕਾ ਜਾਂ ਪ੍ਰਧਾਨ ਮੰਤਰੀ ਹਨ। ਭਲਾ ਜੇ ਅਜਿਹੇ ਸਨਕੀ ਪੁਰਸ਼ ਨੂੰ ਲੰਡਨ ਜਾਂ ਦਿੱਲੀ ਪੁਜ ਕੇ ਉਕਤ ਹਸਤੀ ਨੂੰ ਮਿਲਨ ਦਾ ਸੁਭਾਗ ਨਾ ਮਿਲ ਸਕੇ ਤਾਂ (ਕੇਵਲ ਇਸੇ ਕਾਰਨ ਹੀ) ਇਨ੍ਹਾਂ ਦੀ ਹੋਂਦ ਤੋਂ ਤਾਂ ਇਨਕਾਰ ਨਹੀਂ ਕੀਤਾ ਜਾ ਸਕਦਾ।

੪- ਪਰਮਾਤਮਾ ਦੀ ਹੋਂਦ ਦਾ ਸਭ ਤੋਂ ਠੋਸ ਸਬੂਤ ਹੈ-ਬੱਚਾ ਜਨਮਦਾ ਹੈ, ਜਿਨਾ ਚਿਰ ਬੱਚੇ ਦੇ ਦੰਦ ਨਹੀਂ ਨਿਕਲਦੇ, ਕੁਦਰਤ ਉਸ ਦੀ ਮਾਤਾ ਨੂੰ ਦੁੱਧ ਦਾ ਭੰਡਾਰ ਬਖ਼ਸ਼ਦੀ ਹੈ, ਇਧਰ ਦੁੱਧ ਸੁਕਣ ਲਗਦਾ ਹੈ, ਓਧਰ ਦੰਦ ਨਿਕਲਣ ਲਗਦੇ ਹਨ। ਇਹ ਨਿਰੀ ਮਨੁੱਖ ਦੇ ਬੱਚੇ ਦੀ ਗੱਲ ਨਹੀਂ, ਜੀਵ ਜੰਤੂਆਂ ਤੇ ਵੀ ਠੀਕ ਉਤਰਦੀ ਹੈ।

---

੧-ਸੁੰਦਰੁ ਸੁਘੜੁ ਚਤੁਰੁ ਸਭ ਬੇਤਾ ਰਿਦ ਦਾਸ ਨਿਵਾਸ ਭਗਤ ਗੁਨ ਗਾਵਨ।।
ਨਿਰਮਲ ਰੂਪ ਅਨੂਪ ਸੁਆਮੀ ਕਰਮ ਭੂਮਿ ਬੀਜਨ ਸੋ ਖਾਵਨ।।
ਬਿਸਮਨ ਬਿਸਮ ਭਏ ਬਿਸਮਾਦਾ ਆਨ ਨ ਬੀਓ ਦੂਸਰ ਲਾਵਨ।।
ਰਸਨਾ ਸਿਮਰਿ ਸਿਮਰਿ ਜਸੁ ਜੀਵਾ ਨਾਨਕ ਦਾਸ ਸਦਾ ਬਲਿ ਜਾਵਨ।।
—ਟੋਡੀ ਮ:੫,ਆਦਿ ਗ੍ਰੰਥ, ਪੰਨਾ ੭੧੨

ਇਸ ਤੋਂ ਵਧੀਆ ਉਦਾਹਰਣ ਹੋਰ ਕਿਹੜੀ ਹੋ ਸਕਦੀ ਹੈ ਕਿ ਕੋਈ ਪਥਰਾਂ ਪਹਾੜਾਂ ਵਿਚ ਵੀ ਆਹਾਰ ਪੁਚਾਉਂਦਾ ਹੈ।[1] ਇਹ ਆਹਾਰ ਪੁਚਾਉਣ ਵਾਲਾ 'ਉਹੀ' ਹੈ। ਜਿਸ ਨੇ ਉਨ੍ਹਾਂ ਨੂੰ ਪੈਦਾ ਕੀਤਾ ਹੈ-ਪਰਮਾਤਮਾ।

ਸੋ ਜ਼ਰੂਰੀ ਨਹੀਂ ਕਿ ਅਜਿਹੇ ਨਾਸਤਕ ਲੋਕਾਂ ਨੂੰ ਪਰਮਾਤਮਾ ਦਾ ਕੋਈ ਰੂਪ ਦਿਖਾਇਆ ਜਾਵੇ, ਇਹ ਤਾਂ ਮਹਿਸੂਸ ਕਰਨ ਦੀ ਕਹਾਣੀ ਹੈ। ਜਿਵੇਂ-ਫੁੱਲ ਵਿਚ ਸੁਗੰਧੀ ਹੁੰਦੀ ਹੈ, ਦਿਸਦੀ ਨਹੀਂ, ਮਹਿਸੂਸ ਹੁੰਦੀ ਹੈ। ਦੁੱਧ ਵਿਚ ਘਿਉ ਹੁੰਦਾ ਹੈ, ਦਿਸਦਾ ਨਹੀਂ, ਪਰ ਜਦੋਂ ਜਾਗ ਲਗਾ ਕੇ, ਦਹੀਂ ਨੂੰ ਰਿੜਕਿਆਂ ਲੱਸੀ ਉਪਰ ਤਰਦਾ ਮੱਖਣ ਦਿਸਦਾ ਹੈ ਤਾਂ ਯਕੀਨ ਆ ਜਾਂਦਾ ਹੈ। ਇਉਂ ਹੀ ਪਰਮਾਤਮਾ ਇਨ੍ਹਾਂ ਅੱਖਾਂ ਨੂੰ ਨਹੀਂ ਦਿਸ ਸਕਦਾ, ਉਸ ਨੂੰ ਦੇਖਣ ਲਈ ਮਨ ਦੀ ਲਗਨ ਦੀ ਜਾਗ ਲਾਣੀ ਪੈਂਦੀ ਹੈ, ਭਗਤੀ ਦੁਆਰਾ ਰਿੜਕਣਾ ਪੈਂਦਾ ਹੈ, ਫਿਰ ਕਿਤੇ ਜਾ ਕੇ ਸਾਧਕ ਨੂੰ ਪਰਮਾਤਮਾ ਰੂਪੀ ਮੱਖਣ ਦਾ ਪਤਾ ਲਗਦਾ ਹੈ। ਇਹ ਸਿਰਫ ਸਾਧਕ ਦੀਆਂ ਅੰਦਰਲੀਆਂ ਅੱਖਾਂ ਹੀ ਦੇਖ ਸਕਦੀਆਂ ਹਨ,[2] ਬਾਹਰਲੀਆਂ ਅੱਖਾਂ ਨਹੀਂ। ਜਦੋਂ ਬ੍ਰਹਮ ਦੀ ਹੋਂਦ ਬਾਰੇ ਸ਼ੱਕ ਨ ਰਹੇ, ਫਿਰ ਆਪਣੇ ਆਪ ਉਸ ਦੀ ਮਹਾਨਤਾ ਅੱਗੇ ਸਿਰ ਝੁਕਦਾ ਹੈ।

ਭਾਰਤੀ ਅਧਿਆਤਮਕ ਪਰੰਪਰਾ ਵਿਚ ਤਾਂ ਬ੍ਰਹਮ ਦੀ ਖਾਸ ਥਾਂ ਹੈ ਹੀ, ਇਸਲਾਮ ਵਿਚ ਵੀ ਬ੍ਰਹਮ ਦੀ ਖਾਸ ਥਾਂ ਹੈ। ਅਸੀਂ 'ਬ੍ਰਹਮ' ਆਖਦੇ ਹਾਂ, ਇਸਲਾਮ ਵਾਲੇ 'ਅੱਲਾ' ਆਖਦੇ ਹਨ, ਹਸਤੀ ਇਕੋ ਹੈ। 'ਉਹ ਅੱਲਾ ਇਕ ਹੈ, ਲਾ ਸ਼ਰੀਕ ਹੈ, ਸਰਬ-ਸ਼ਕਤੀਮਾਨ ਹੈ, ਜੋਤਸਰੂਪ ਹੈ, ਸਰਬ ਵਿਆਪਕ ਹੈ, ਸਰਬ ਗਿਆਤਾ ਹੈ, ਸਭ ਦੀ ਉਤਪਤੀ ਕਰਨ ਵਾਲਾ ਹੈ, ਜੀਵਨ ਮੌਤ ਉਸ ਦੇ ਹੱਥ ਵਿਚ ਹਨ, ਸਭ ਜੀਵ ਅਜੀਵ ਉਸ ਦੀ ਆਗਿਆ ਵਿਚ ਹਨ, ਉਹ ਸਭ ਦਾ ਰਖਿਅਕ, ਪਾਲਕ ਤੇ ਬਖਸ਼ਣਹਾਰ ਹੈ।'[3]

ਡਾ. ਬੜਥਵਾਲ ਨੇ ਇਸਲਾਮ ਕੋਸ਼ ਦੇ ਆਧਾਰ ਤੇ ਲਿਖਿਆ ਹੈ ਕਿ ਇਸਲਾ ਦਾ ਪ੍ਰੇਰਕ ਭਾਵ 'ਪਰਮਾਤਮਾ ਦਾ ਪ੍ਰੇਮ' ਨਹੀਂ! 'ਅੱਲਾ ਦਾ ਭੈ' ਹੈ। ਪ੍ਰੇਮ ਤੋਂ ਪ੍ਰਭਾਵਤ ਹੋਣਾ ਇਸਲਾਮੀ ਸੁਭਾ ਨਹੀਂ। ਉਨ੍ਹਾਂ ਉਪਰ ਸਿਰਫ ਭੈ ਦਾ ਅਸਰ ਪੈ ਸਕਦਾ ਹੈ[4]

---

੧- ਸੈਲ ਪਥਰ ਮਹਿ ਜੰਤ ਉਪਾਏ ਤਾਕਾ ਰਿਜਕੁ ਆਗੈ ਕਰਿ ਧਰਿਆ।।
—ਗੂਜਰੀ ਮ:੫, ਆਦਿ ਗ੍ਰੰਥ, ਪੰਨਾ ੧੦ ਤੇ ੪੯੫

੨- ਨਾਨਕ ਸੇ ਅਖੜੀਆਂ ਬਿਅੰਨਿ ਜਿਨੀ ਡਿਸੰਦੋ ਮਾ ਪਿਰੀ।।
—ਸਲੋਕ ਮ:੫, ਆਦਿ ਗ੍ਰੰਥ, ਪੰਨਾ ੫੭੭ ਤੇ ੧੧੦੦

੩- The Gospel of Islam, Duncan Greenlees, p.XXXIII

੪- ਹਿੰਦੀ ਕਾਵਿ ਮੇ ਨਿਰਗੁਣ ਸੰਪਰਦਾਇ (ਹਿੰਦੀ), ਡਾ. ਪੀਤਾਂਬਰ ਦੱਤ, ਬੜਥਵਾਲ, ਪੰਨਾ ੧੪੪

ਸ਼ੰਕਰਾਚਾਰੀਆ ਉਪਨਿਸ਼ਦਾਂ ਵਿਚੋਂ ਇਕ ਕਹਾਣੀ ਵਲ ਇਸ਼ਾਰਾ ਕਰਦੇ ਹਨ ਕਿ ਇਕ ਬਾਹਵਾ ਨਾਮ ਦਾ ਸੰਤ ਸੀ, ਉਸ ਪਾਸੋਂ ਕਿਸੇ ਨੇ ਬ੍ਰਹਮ ਬਾਰੇ ਪੁਛਿਆ। ਬਾਹਵਾ ਨੇ ਕੋਈ ਉਤਰ ਨਾ ਦਿੱਤਾ। ਦੂਜੀ ਵਾਰ ਫਿਰ ਪੁਛਿਆ ਕਿ ਬ੍ਰਹਮ ਕੀ ਹੈ ਤਾਂ ਵੀ ਸੰਤ ਨਹੀਂ ਬੋਲਿਆ। ਤੀਸਰੀ ਵਾਰ ਫਿਰ ਪੁਛਣ ਤੇ ਵੀ ਸੰਤ ਚੁਪ ਹੀ ਰਿਹਾ ਤਾਂ ਪੁਛਣ ਵਾਲਾ ਖਿਝ ਗਿਆ। ਫਿਰ ਸੰਤ ਬਾਹਵਾ ਨੇ ਬੜੇ ਧੀਰਜ ਨਾਲ ਦਸਿਆ ਕਿ ਮੈਂ ਤਾਂ ਆਪ ਦੇ ਪਹਿਲੀ ਵਾਰ ਪੁਛਣ ਤੇ ਹੀ ਜੁਆਬ ਦੇਣਾ ਸ਼ੁਰੂ ਕਰ ਦਿੱਤਾ ਸੀ। ਬ੍ਰਹਮ ਉਹ ਸ਼ੈ ਹੈ, ਜਿਸ ਬਾਰੇ ਜ਼ੁਬਾਨ ਨਾਲ ਕੁਝ ਨਹੀਂ ਦਸਿਆ ਜਾ ਸਕਦਾ।[੧]

ਸਵਾਮੀ ਵਿਵੇਕਾ ਨੰਦ ਨੇ ਲਿਖਿਆ ਹੈ ਕਿ ਉਹ ਅੰਦਰ ਹੈ, ਉਸ ਨੂੰ ਵੇਖਣ ਲਈ ਤੁਹਾਨੂੰ ਅੱਖਾਂ ਬੰਦ ਕਰਨੀਆਂ ਚਾਹੀਦੀਆਂ ਹਨ, ਸੁਣਨ ਲਈ ਕੰਨ ਬੰਦ ਕਰਨੇ ਚਾਹੀਦੇ ਹਨ ਤੇ ਉਸ ਤੱਕ ਜਾਣ ਲਈ ਬਾਹਰ ਦੀਆਂ ਹਰਕਤਾਂ ਵੀ।[੨]

ਬ੍ਰਹਮ ਦੀ ਮਹਾਨਤਾ ਆਪਾ ਗੁਆ ਕੇ ਹੀ ਪਛਾਣੀ ਜਾ ਸਕਦੀ ਹੈ, ਜਿਥੇ ਪੁੱਜ ਕੇ ਜੀਵ ਦਾ ਆਪਣਾ ਆਪ ਰਹਿ ਹੀ ਨਹੀਂ ਜਾਂਦਾ, ਸਭ ਕੁਝ ਉਹਦੇ ਵਿਚ ਹੀ ਸਮਾ ਜਾਂਦਾ ਹੈ। ਇਹੀ ਜੀਵ ਤੇ ਬ੍ਰਹਮ ਦੇ ਮਿਲਨ ਦਾ ਮੁਕਾਮ ਹੈ।[੩]

ਛੰਦੋਗਯ ਉਪਨਿਸ਼ਦ ਵਿਚ ਪਰਮਾਤਮਾ ਨੂੰ ਅਸੀਮਤ ਲਿਖਿਆ ਹੈ।[੪] ਬ੍ਰਿਹਦ--ਅਰਣਯਕ ਵਿਚ ਉਸ ਨੂੰ ਗਿਆਨ ਦਾ ਸਭ ਤੋਂ ਵੱਡਾ ਸੋਮਾ ਦਸਿਆ ਹੈ।[੫] ਏਕਹਾਰਟ ਬ੍ਰਹਮ ਦੀ ਮਹਤਤਾ ਦਸਦਾ ਹੈ ਕਿ ਬ੍ਰਹਮ ਤਿੰਨ ਹਿੱਸੇ ਆਪਣੀ ਸਿਰਜਨਾ-ਜੀਵ- ਵਿਚ ਰਹਿੰਦਾ ਹੈ ਤੇ ਇਕ ਹਿੱਸਾ ਆਪਣੀ ਬਨਸਪਤੀ ਵਿਚ। ਬ੍ਰਹਮ ਹਰ ਥਾਂ ਵਸਦਾ ਹੈ ਜਾਂ ਇਹ ਕਹਿ ਲਵੋ ਕਿ ਸਭ ਜਗ੍ਹਾ ਬ੍ਰਹਮ ਦੀਆਂ ਹਨ।-----ਬ੍ਰਹਮ ਅਜਿਹਾ ਵਿਸ਼ਾ ਨਹੀਂ, ਜਿਸ ਨੂੰ ਕਲਮ ਬਿਆਨ ਕਰ ਸਕੇ।[੬]

ਧਰਤੀ ਕਾਗਜ਼ ਹੋਵੇ, ਸਾਰੀ ਬਨਸਪਤੀ ਦੀਆਂ ਕਲਮਾਂ ਬਣਾਈਆਂ ਜਾਣ ਅਤੇ ਲਿਖਣ ਲਈ ਹਵਾ ਜਿੰਨੀ ਤੇਜ਼ੀ ਹੋਵੇ, ਫਿਰ ਵੀ ਉਸ ਬੇਅੰਤ ਦਾ ਅੰਤ ਨਹੀਂ

---

੧- ਹਵਾਲਾ- Hindu Mysticism ,S.N.Das Gupta,p.27.

੨- The Path of Perfection,Swami Vivekananda,p.20.

੩- Mysticism and Philosophy,W.T.Stace,p.112.

੪- Chhandogya Upanishad-(Trans.by)Hindu Scriptures,p.183.

੫- Brihardarnayaka-5,14,18.

੬- ਹਵਾਲਾ- Mysticism F.C.Happold,p.244.

ਪਾਇਆ ਜਾ ਸਕਦਾ; ਉਸ ਦੇ ਤਾਂ ਚਰਨਾਂ ਦਾ ਆਸਰਾ ਹੀ ਪਕੜਦੇ ਹਾਂ।[1]

ਉਹ ਅਕਾਲ ਪੁਰਖ ਜਿਸ ਦੀ ਮਹਾਨਤਾ ਸ਼ਬਦਾਂ ਵਿਚ ਵਲੀ ਨਹੀਂ ਜਾ ਸਕਦੀ, ਆਪਣੀ ਰਚਨਾ ਵਿਚ ਸਮਾਇਆ ਹੋਇਆ ਹੈ, ਇਸ ਨੂੰ ਚਲਾਉਂਦਾ ਹੈ, ਇਸ ਵਿਚ ਵਿਗਸਦਾ ਹੈ ਤੇ ਇਸ ਵਿਚ ਵਿਆਪਕ ਹੈ। ਆਪ ਸੱਚੇ ਤਖਤ ਤੇ ਬੈਠਾ ਸੱਚਾ ਨਿਆਂ ਕਰ ਰਿਹਾ ਹੈ:-

ਆਪੇ ਰਾਜਨੁ ਆਪੇ ਲੋਗਾ।। ਆਪਿ ਨਿਰਬਾਣੀ ਆਪੇ ਭੋਗਾ।।
ਆਪੇ ਤਖਤਿ ਬਹੈ ਸਚੁ ਨਿਆਈ ਸਭ ਚੂਕੀ ਕੂਕ ਪੁਕਾਰਿਆ ਜੀਉ।।
ਜੇਹਾ ਡਿਠਾ ਮੈ ਤੇਹੋ ਕਹਿਆ।। ਤਿਸੁ ਰਸੁ ਆਇਆ ਜਿਨਿ ਭੇਦੁ ਲਹਿਆ।।
ਜੋਤੀ ਜੋਤਿ ਮਿਲੀ ਸੁਖੁ ਪਾਇਆ ਜਨ ਨਾਨਕ ਇਕੁ ਪਸਾਰਿਆ ਜੀਉ।।[2]

*****
***
*

---

੧- ਬਸੁਧ ਕਾਗਦ ਬਨਰਾਜ ਕਲਮਾ ਲਿਖਣ ਕਉ ਜੇ ਹੋਇ ਪਵਨ।।
ਬੇਅੰਤ ਅੰਤੁ ਨ ਜਾਇ ਪਾਇਆ ਗਹੀ ਨਾਨਕ ਚਰਣ ਸਰਨ।।
— ਆਸਾ ਮ:੫, ਆਦਿ ਗ੍ਰੰਥ, ਪੰਨਾ ੪੫੮

੨- ਮਾਝ ਮ:੫, ਆਦਿ ਗ੍ਰੰਥ, ਪੰਨਾ ੯੭

## ਕਾਂਡ-੨

### - ਜੀਵ -

ਪੰਜਾਬੀ ਕਵਿਤਾ ਵਿਚ ਬ੍ਰਹਮ ਤੋਂ ਬਾਦ ਜੀਵਾਤਮਾ ਹੀ ਇਕ ਅਜਿਹਾ ਅਧਿਆਤਮਕ ਤੱਤ ਹੈ, ਜਿਸ ਦਾ ਰੱਜ ਕੇ ਰਹੱਸਵਾਦੀ ਨਿਰੂਪਨ ਹੋਇਆ ਮਿਲਦਾ ਹੈ। ਅਸਲ ਵਿਚ ਬ੍ਰਹਮ ਦਾ ਨਿਰੂਪਨ ਕਰਦਿਆਂ ਆਤਮਾ ਦਾ ਜ਼ਿਕਰ ਆ ਜਾਣਾ ਕੁਦਰਤੀ ਹੈ ਕਿਉਂਕਿ ਪਰਮਾਤਮਾ ਆਤਮਾ ਦੀ ਹੀ ਤਾਂ ਪਰਮ ਸੁਚੀ ਸਟੇਜ ਹੈ। ਆਤਮਾ ਨੂੰ ਆਤਮਾ ਇਸ ਲਈ ਕਿਹਾ ਜਾਂਦਾ ਹੈ ਕਿ ਇਹ ਸਦਾ ਚਲਦੀ ਰਹਿੰਦੀ ਹੈ, ਜਾਂ ਸਦਾ ਸਾਰੀਆਂ ਵਸਤੂਆਂ ਵਿਚ ਵਿਆਪਕ ਰਹਿੰਦੀ ਹੈ, ਰਮੀ ਰਹਿੰਦੀ ਹੈ।[੧]

ਨਾਸਤਕ ਲੋਕ ਆਤਮਾ ਦਾ ਅਭਾਵ ਮੰਨਦੇ ਹਨ। ਉਹ ਆਤਮਾ ਨੂੰ 'ਨਹੀਂ ਹੈ' ਆਖਦੇ ਹਨ। ਜਦੋਂ ਕੋਈ ਆਤਮਾ ਦੀ ਹੋਂਦ ਤੇ ਸ਼ੱਕ ਕਰਦਾ ਹੈ, ਕਿ ਉਹ 'ਹੈ' ਜਾਂ 'ਨਹੀਂ ਹੈ', ਤਾਂ ਘਟੋ ਘੱਟ ਉਹ ਆਤਮਾ ਬਾਰੇ ਸ਼ੱਕ ਤਾਂ ਕਰਦਾ ਹੈ (ਯਕੀਨ ਨ ਹੀ ਸਹੀ)। ਸ਼ੱਕ ਕਰਨਾ ਗਿਆਨ-ਫ਼ਲਸਫ਼ੇ ਦਾ ਵਿਸ਼ਾ ਬਣ ਗਿਆ। ਕੁਝ ਸੋਚਣ ਦੀ ਲੋੜ ਪਈ। ਇਹ ਸ਼ੱਕ ਕਰਨਾ ਵੀ ਸਿਧ ਕਰਦਾ ਹੈ ਕਿ ਆਤਮਾ ਹੈ, ਜਦ ਕਿ ਆਸਤਕ ਲੋਕ ਤਾਂ ਆਤਮਾ ਨੂੰ ਮੰਨਦੇ ਹੀ ਹਨ। ਆਪਣੀ ਆਤਮਾ ਦੀ ਪ੍ਰਤੀਤੀ ਤਾਂ ਸਭ ਨੂੰ ਹੁੰਦੀ ਹੈ। ਹਰ ਵਿਅਕਤੀ ਜਾਣਦਾ ਹੈ, ਕਹਿੰਦਾ ਹੈ ਤੇ ਅਨੁਭਵ ਕਰਦਾ ਹੈ ਕਿ 'ਮੈਂ ਹਾਂ'। ਕੋਈ ਜੀਵ ਇਹ ਨਹੀਂ, ਕਹਿੰਦਾ ਕਿ 'ਮੈਂ ਨਹੀਂ ਹਾਂ'। ਇਹ 'ਮੈਂ ਹਾਂ' ਦਾ ਅਨੁਭਵ ਹੀ ਤਾਂ ਆਤਮਾ ਹੈ। ਸਪਸ਼ਟ ਹੋ ਗਿਆ ਕਿ ਆਤਮਾ ਹੈ।[੨]

ਆਤਮਾ ਸੰਸਕ੍ਰਿਤ ਦੇ ਸ਼ਬਦ 'ਆਤਮਨ' ਤੋਂ ਬਣਿਆ ਹੈ, ਜਿਸ ਦੇ ਕਈ ਅਰਥ ਹਨ:- ਆਤਮਾ, ਜੀਵ, ਪਰਮਾਤਮਾ, ਮਨ, ਬੁੱਧੀ, ਸਰੀਰ ਆਦਿ।[੩]

ਭਗਵਾਨ ਕ੍ਰਿਸ਼ਨ ਨੇ ਆਤਮਾ ਨੂੰ 'ਸੁਧ ਬੁਧ ਤੇ ਮੁਕਤ' ਆਖਿਆ ਹੈ। ਆਤਮਾ ਸਦੀਵੀ ਹੈ। ਉਸ ਨੂੰ ਸ਼ਸਤਰ ਕੱਟ ਨਹੀਂ ਸਕਦੇ, ਅੱਗ ਸਾੜ ਨਹੀਂ ਸਕਦੀ, ਪਾਣੀ ਗਿੱਲਾ ਨਹੀਂ ਕਰ ਸਕਦਾ ਤੇ ਹਵਾ ਸੁਕਾ ਨਹੀਂ ਸਕਦੀ।[੪] ਆਤਮਾ ਨ ਜੰਮਦੀ ਹੈ ਨ ਮਰਦੀ ਹੈ, ਨ ਇਹ ਹੋਈ ਹੈ, ਨ ਹੈ, ਨ ਹੋਏਗੀ, ਅਰਥਾਤ ਤ੍ਰੈਕਾਲ ਅਤੀਤ ਹੈ।[੫]

ਆਤਮਾ ਦੇ ਵਿਅਕਤੀ ਰੂਪ ਨੂੰ ਜੀਵ ਕਿਹਾ ਜਾਂਦਾ ਹੈ।

---

੧- ਹਿੰਦੀ ਸਾਹਿੱਤਯ ਕੋਸ਼, ਪੰਨਾ ੯੧

੨- ਉਹੀ, ਪੰਨਾ ੯੨

੩- ਸੰਸਕ੍ਰਿਤ ਸ਼ਬਦਾਰਥ ਕੌਸ਼ਤੁਭ, ਪੰਨਾ ੧੯੦

੪- ਗੀਤਾ-੨/੨੩

੫- ਗੀਤਾ-੨/੨੦

ਸ਼ੰਕਰ ਦਾ ਮੂਲ ਮੰਤਰ ਹੈ:- "ਬ੍ਰਹਮ ਸਤਯਮ ਜਗਤ ਮਿਥਿਆ ਜੀਵੋ ਬ੍ਰਹਮੈਵ ਨ ਪਰਾਹ", ਜਿਸ ਦੇ ਅਰਥ ਹਨ, ਬ੍ਰਹਮ ਸੱਤ ਹੈ, ਜਗਤ ਮਿਥਿਆ ਹੈ, ਜੀਵ ਬ੍ਰਹਮ ਹੀ ਹੈ, ਜੀਵ ਬ੍ਰਹਮ ਤੋਂ ਕਿਸੇ ਤਰ੍ਹਾਂ ਵੀ ਭਿੰਨ ਨਹੀਂ ਹੈ।[੧] ਇਹ ਜੀਵ(ਜੀਵਾਤਮਾ) ਈਥਰ ਵਾਂਗ ਹੈ। ਜਿਵੇਂ ਜਿਸ ਬਰਤਨ ਵਿਚ ਈਥਰ ਰਖਿਆ ਹੋਵੇ ਜੇ ਉਹ ਟੁੱਟ ਜਾਵੇ ਤਾਂ ਈਥਰ ਹਵਾ ਵਿਚ ਹਵਾ ਹੋ ਜਾਂਦਾ ਹੈ (ਉਸ ਦੀ ਹੋਂਦ ਨਹੀਂ ਰਹਿੰਦੀ)। ਇਵੇਂ ਜਦੋਂ ਸਰੀਰ ਨਾਸ ਹੋ ਜਾਵੇ[੨] ਤਾਂ ਆਤਮਾ- ਜੋਤ ਨਾਲ ਜੋਤ ਰਲੀ ਅਨੁਸਾਰ-ਪਰਮਾਤਮਾ ਵਿਚ ਅਭੇਦ ਹੋ ਜਾਂਦੀ ਹੈ।

ਸ਼ੰਕਰ ਭਾਸ਼ਯ ਵਿਚ ਇਕ ਥਾਂ ਲਿਖਿਆ ਹੈ ਕਿ ਸਰੀਰ ਤੇ ਇੰਦਰੀਆਂ[੩] ਦੇ ਸੁਆਮੀ ਤੇ ਕਰਮਾਂ ਦੇ ਫਲ ਦੇ ਭੋਗਣਹਾਰ ਆਤਮਾ ਨੂੰ 'ਜੀਵ' ਕਿਹਾ ਜਾਂਦਾ ਹੈ।ਭਾਵ ਇਹ ਹੈ ਕਿ ਜੀਵ ਪ੍ਰਭੂ ਦਾ ਅੰਸ਼ ਹੈ ਪ੍ਰੰਤੂ ਅਵਿਦਿਆ ਦੇ ਅਨ੍ਹੇਰੇ ਵਿਚ ਆਪਣੀ ਜੋਤਿ ਨੂੰ ਗਵਾ ਕੇ ਮਣੀ ਹੀਣ ਸੱਪ ਵਾਂਗ ਭਟਕ ਰਿਹਾ ਹੈ।[੪] ਕਠੋਪਨਿਸ਼ਦ ਵਿਚ ਜੀਵ ਨੂੰ ਰੱਥ ਤੇ ਆਤਮਾ ਨੂੰ ਮਾਲਕ ਆਖਿਆ ਹੈ।

ਜੀਵ ਦੇ ਦੋ ਹਿੱਸੇ ਹਨ-ਇਕ ਜਿਸਮ ਤੇ ਦੂਜਾ ਆਤਮਾ। ਇਨ੍ਹਾਂ ਨੂੰ ਇਕੱਠਾ ਕਰਕੇ ਜੀਵਾਤਮਾ ਵੀ ਕਹਿ ਸਕਦੇ ਹਾਂ। ਇਸ ਨੂੰ ਅੰਨ ਪਾਣੀ ਦੀ ਖੁਰਾਕ ਰਾਹੀਂ ਜੀਵਤ ਰਖਿਆ ਜਾਂਦਾ ਹੈ।

ਜਿਸਮ ਰਕਤ ਤੇ ਬੂੰਦ ਮਿਲ ਕੇ ਬਣਦਾ ਹੈ। ਰਕਤ ਨਾਰ ਤੋਂ ਮਿਲਦਾ ਹੈ ਤੇ ਬੂੰਦ ਪੁਰਸ਼ ਤੋਂ। ਦੋਵੇਂ ਮਿਲ ਕੇ ਜਿਸਮ ਤਿਆਰ ਕਰਦੇ ਹਨ। ਚਮੜੀ, ਮਾਸ ਤੇ ਵਾਲ ਆਦਿ ਰਕਤ ਤੋਂ ਤਿਆਰ ਹੁੰਦੇ ਹਨ ਤੇ ਪੱਠੇ, ਹਡੀਆਂ ਤੇ ਨਾੜੀਆਂ ਬੂੰਦ ਤੋਂ ਬਣਦੀਆਂ ਹਨ। ਇਹ ਜੋ ਢਾਂਚਾ ਤਿਆਰ ਹੁੰਦਾ ਹੈ, ਇਸ ਵਿਚ ਸਾਹ ਪਾ ਕੇ ਇਸ ਨੂੰ ਮੁਕੰਮਲ ਜੀਵ ਬਣਾਇਆ ਜਾਂਦਾ ਹੈ। ਸਾਹ ਆਉਣ ਨਾਲ ਜੀਵ ਸੋਝੀਵਾਨ ਸਜੀਵ ਹੋ ਜਾਂਦਾ ਹੈ। ਇਹ ਸੋਝੀ ਲਿਆਉਣ ਵਾਲਾ ਕਾਰਖ਼ਾਨਾ ਮਨ ਹੈ। ਜਿਥੇ ਆਤਮਾ ਕੰਮ ਕਰਦੀ ਹੈ। ਆਤਮਾ ਤੇ ਜਿਸਮ ਦਾ ਸਬੰਧ ਉਨਾ ਚਿਰ ਹੀ ਰਹਿੰਦਾ ਹੈ, ਜਿਨਾ ਚਿਰ ਜੀਵ ਦੀ ਉਮਰ ਲਿਖੀ ਹੋਈ ਹੋਵੇ। ਜਿਸਮ ਸਾਰਾ ਹੀ ਨਾਸ਼ਵਾਨ ਹੈ। ਇਸ ਦਾ ਕੋਈ ਵੀ ਭਾਗ ਸਦੀਵ ਨਹੀਂ ਰਹਿ ਸਕਦਾ, ਪਰ ਆਤਮਾ ਅਮਰ ਹੋ ਸਕਦੀ ਹੈ। ਜੋ ਜੀਵ ਸੰਸਾਰ ਤੇ

---

੧- ਹਵਾਲਾ-ਗੁਰੂ ਨਾਨਕ ਤੇ ਭਗਤੀ ਅੰਦੋਲਨ, ਡਾ. ਮਨਮੋਹਨ ਸਿੰਘ, ਪੰਨਾ ੪੯

੨- ਹਵਾਲਾ- Theory and Art of Mysticism ,Radha Kamal Mukerjee,p.307

੩- ਹਵਾਲਾ-ਗੁਰੂ ਨਾਨਕ----ਅਲੋਚਨਾਤਮਕ ਅਧਿਅਨ, ਪ੍ਰੇਮ ਪ੍ਰਕਾਸ਼ ਸਿੰਘ, ਪੰਨਾ ੧੦੦ (ਥੀਸਸ)

੪- ਸੰਤ ਕਾਵਿ ਕਾ ਦਾਰਸ਼ਨਕ ਵਿਸ਼ਲੇਸ਼ਣ( ਹਿੰਦੀ)ਡਾ. ਮਨਮੋਹਨ ਸਹਿਗਲ, ਪੰਨਾ ੧੩੮

5- Kathopanishad,Swami Servananda, p.65.

ਆ ਕੇ ਨੇਕ ਕਰਮ ਕਰਦੇ ਹਨ, ਬੁਰਾਈਆਂ ਦੂਰ ਕਰਦੇ ਹਨ, ਸੱਚ ਦੇ ਚੰਦਰਮਾਂ ਚਾੜ੍ਹਦੇ ਹਨ, ਝੂਠ ਦੀ ਧੁੰਦ ਦੂਰ ਕਰਦੇ ਹਨ, ਜੋ ਗਰਮ ਰੇਤੇ ਸਰੀਰ ਤੇ ਪੁਆਉਂਦੇ ਹਨ, ਭਰੇ ਚੌਂਕ ਵਿਚ ਸੀਸ ਉਤਰਾਉਂਦੇ ਹਨ, ਸਵਾ ਲਖ ਨਾਲ ਇਕਲੇ ਲੜਨ ਦੀ ਹਿੰਮਤ ਵਾਲੇ ਹੁੰਦੇ ਹਨ, ਉਹਨਾਂ ਦੀ ਆਤਮਾ ਅਮਰ ਹੁੰਦੀ ਹੈ। ਉਹ ਜੀਵ ਸਦੀਆਂ ਪਿਛੋਂ ਵੀ ਜੀਉਂਦੇ ਰਹਿੰਦੇ ਹਨ।

ਜੀਵ ਨੂੰ ਪੰਚ ਤੱਤ ਦਾ ਪੁਤਲਾ ਕਿਹਾ ਜਾਂਦਾ ਹੈ। ਇਹ ਤੱਤ ਹਨ- ਹਵਾ, ਪਾਣੀ, ਆਕਾਸ਼, ਧਰਤੀ ਤੇ ਅੱਗ। ਜਿਸਮ ਦੇ ਨੌ ਦੁਆਰ ਹਨ- ਨੱਕ-੨, ਕੰਨ-੨, ਅੱਖਾਂ-੨, ਗਦਾ-੨, ਮੂੰਹ-੧, ਤੇ ਦਸਵਾਂ ਦੁਆਰ ਗੁਪਤ ਹੈ, ਇਹ ਦੁਆਰ ਉਨ੍ਹਾਂ ਜੀਵਾਂ ਦਾ ਖੁਲ੍ਹਦਾ ਹੈ, ਜਿਨ੍ਹਾਂ ਨੂੰ ਚਾਨਣ ਹੋ ਜਾਂਦਾ ਹੈ। ਜੀਵ ਵਿਚ ਆਤਮਾ ਦਾ ਤੱਤ ਬਹੁਤ ਜ਼ਰੂਰੀ ਹੈ। ਸਗੋਂ ਜੀਵ ਨੂੰ ਜੀਉਣ ਲਈ ਆਤਮਾ ਦੇ ਸਹਾਰੇ ਦੀ ਲੋੜ ਹੁੰਦੀ ਹੈ, ਮਨ ਕੋਠਾ ਹੈ, ਜਿਸ ਦੀ ਰਖਿਆ ਲਈ ਸਰੀਰ ਦੀ ਵਾੜ ਰਚੀ ਗਈ ਹੈ।[1]

ਆਤਮਾ ਤੇ ਪਰਮਾਤਮਾ

ਜੀਵ ਦਾ ਜਿਸਮ ਪਵਿਤਰ ਥਾਂ ਹੈ ਜਿਥੇ ਆਤਮਾ ਵਾਸ ਕਰਦੀ ਹੈ, ਜਿਥੇ ਆਤਮਾ ਹੈ, ਉਥੇ ਪਰਮਾਤਮਾ ਹੈ। ਸੋ ਜੀਵ ਨੂੰ ਦੁਖ ਦੇਣਾ ਪਰਮਾਤਮਾ ਨੂੰ ਨਾਰਾਜ਼ ਕਰਨ ਤੁਲ ਹੈ। ਅਜਿਹਾ ਜੀਵ ਜੋ ਦੇਹੀ ਨੂੰ ਦੁਖ ਦੇ ਕੇ ਸੋਚੇ ਕਿ ਪਰਮਾਤਮਾ ਨੂੰ ਵੀ ਪਾ ਲਵਾਂਗਾ, ਮੂਰਖ ਅਖਵਾਉਂਦਾ ਹੈ। ਜੀਵ ਦਾ ਕੰਮ ਸੰਸਾਰ ਤੇ ਆ ਕੇ ਸੰਸਾਰਕ ਸੁਖ ਭੋਗਣਾ ਨਹੀਂ, ਸਗੋਂ ਸੁਖ ਭੋਗਦੇ ਹੋਏ ਆਤਮਾ ਨੂੰ ਪਵਿਤਰ ਕਰਨਾ ਹੈ। ਸੰਸਾਰਕ ਪਦਾਰਥਾਂ ਵਿਚ ਫਸ ਜਾਣ ਵਾਲੇ ਜੀਵ ਪਸ਼ੂ ਸਮਾਨ ਹੁੰਦੇ ਹਨ।[2] ਉਨ੍ਹਾਂ ਨੂੰ ਆਪੇ ਦੀ ਸੋਝੀ ਨਹੀਂ ਰਹਿੰਦੀ। ਇਹ ਸੰਸਾਰਕ ਭੋਗ ਤਾਂ ਜੀਵ ਦੇ ਨੌਕਰ ਹੁੰਦੇ ਹਨ, ਜਿਵੇਂ ਚਾਹੇ ਇਨ੍ਹਾਂ ਤੋਂ ਕੰਮ ਲਵੇ। ਪਰ ਜੇ ਕੋਈ ਨੌਕਰਾਂ ਦੀ ਖੁਸ਼ਾਮਦ ਵਿਚ ਫਸ ਜਾਵੇ ਤਾਂ ਉਸ ਵਰਗਾ ਮੂਰਖ ਮਾਲਕ ਹੋਰ ਕਿਹੜਾ ਹੋ ਸਕਦਾ ਹੈ।

ਜੀਵ ਨੇ ਆਪਣੇ ਜਿਸਮ ਨੂੰ ਕਾਇਮ ਰਖਣ ਲਈ ਤੇ ਆਤਮਾ ਨੂੰ ਅਮਰ ਕਰਨ ਲਈ ਨੇਕ ਕਰਮ ਕਰਨੇ ਹਨ। ਇਸ ਦੇਹ ਦੀ ਸੰਭਾਲ ਵੀ ਕਰਨੀ ਹੈ। ਇਸ ਨੂੰ ਰੋਜ਼ ਅਨਾਜ ਵੀ ਦੇਣਾ ਹੈ, ਤਾਂ ਕਿ ਖੁਰਾਕ ਦੁਆਰਾ ਇਸ ਦੀ ਤਾਕਤ ਕਾਇਮ ਰਹੇ। ਇਹ ਦੇਹੀ ਦੁਰਲੱਭ ਹੈ, ਇਸ ਲਈ ਇਸ ਨੂੰ ਭੋਗ ਦੇ ਭਾੜੇ ਰੋੜ੍ਹ ਦੇਣਾ ਜੀਵ ਦੀ ਸਿਆਣਪ ਨਹੀਂ। ਇਹ ਤਾਂ ਵੱਡਿਆਂ ਭਾਗਾਂ ਨਾਲ ਪ੍ਰਾਪਤ ਹੁੰਦੀ ਹੈ।[3]

---

੧- ਮਨੁ ਮੰਦਰੁ ਤਨੁ ਸਾਜੀ ਬਾਰਿ।।ਇਸ ਹੀ ਮਧੇ ਬਸਤੁ ਅਪਾਰ।।
—ਗਉੜੀ ਗੁਆਰੇਰੀ ਮ:੫,ਆਦਿ ਗ੍ਰੰਥ,ਪੰਨਾ ੧੮੦-੮੧

੨- ਕਰਤੂਤਿ ਪਸੂ ਕੀ ਮਾਨਸ ਜਾਤਿ।।—ਸੁਖਮਨੀ,ਆਦਿ ਗ੍ਰੰਥ,ਪੰਨਾ ੨੬੭

੩- ਦੁਲਭ ਦੇਹ ਪਾਈ ਵਡਭਾਗੀ।।—ਗਉੜੀ ਮ:੫,ਆਦਿ ਗ੍ਰੰਥ, ਪੰਨਾ ੧੮੮

ਜੀਵ ਤੇ ਪਦਾਰਥ ਦਾ ਪਰਮ ਸੱਤਾ ਨਾਲ ਅਜਿਹਾ ਸਬੰਧ ਹੈ, ਜਿਸ ਤਰ੍ਹਾਂ ਦਾ ਧਰਮ ਦਾ ਪਦਾਰਥ ਨਾਲ, ਜਿਵੇਂ ਅੰਸ਼ ਦਾ ਸੰਪੂਰਨ ਨਾਲ, ਜਿਵੇਂ ਸਰੀਰ ਦਾ ਆਤਮਾ ਦੇ ਨਾਲ, ਜੋ ਸਰੀਰ ਵਿਚ ਸੁਆਸ ਭਰਦੀ ਹੈ।[1] ਜੀਵ ਪ੍ਰਕਾਰ ਹੈ ਤਾਂ ਈਸ਼ਵਰ ਪ੍ਰਕਾਰੀ।----ਉਹ ਸ਼ੇਸ਼ ਹੈ ਤੇ ਈਸ਼ਵਰ ਸ਼ੇਸ਼ੀ। ਜੀਵ ਹੈ ਤਾਂ ਸਥਾਈ ਪਰ ਇਸ ਦਾ ਵਿਕਾਸ ਤੇ ਤਬਦੀਲੀ ਉਸ ਪਰਮ ਤੱਤ- ਬ੍ਰਹਮ- ਦੇ ਅਧੀਨ ਹੈ।[2]

ਜੀਵ ਵੀ ਬ੍ਰਹਮ ਹੈ, ਪਰ ਉਸ ਵਿਚ ਅਨੰਦ ਦਾ ਗੁਣ ਨਹੀਂ ਹੁੰਦਾ। ਇਸੇ ਲਈ ਇਹ ਅਵਿਦਿਆ ਵਿਚ ਫਸਿਆ ਹੋਇਆ ਸੰਸਾਰ ਵਿਚ ਦੁਖ ਸੁਖ ਸਹਾਰਦਾ ਹੈ। ਜੇ ਉਸ ਨੂੰ ਪਰਮਾਤਮਾ ਦੀ ਕ੍ਰਿਪਾ ਨਾਲ ਅਨੰਦ ਮਿਲ ਜਾਵੇ ਤਾਂ ਉਹ ਜਗਤ ਤੋਂ ਅਤੀਤ ਹੋ ਕੇ ਬ੍ਰਹਮ ਦੇ ਗੁਣ ਗਾਉਂਦਾ ਗਾਉਂਦਾ ਬ੍ਰਹਮ ਰੂਪ ਹੀ ਹੋ ਜਾਂਦਾ ਹੈ। ਇਹੋ ਹੀ ਮੁਕਤੀ ਹੈ।[3]

ਜਿਵੇਂ ਸਾਗਰ ਦੀ ਇਕ ਬੂੰਦ ਵਿਚ ਸਾਗਰ ਦੇ ਸਾਰੇ ਗੁਣ ਵਿਦਮਾਨ ਰਹਿੰਦੇ ਹਨ, ਉਸੇ ਤਰ੍ਹਾਂ ਹੀ ਜੀਵਾਤਮਾ ਵਿਚ ਵੀ ਪਰਮਾਤਮਾ ਦੇ ਸਾਰੇ ਗੁਣ ਮਿਲਦੇ ਹਨ, ਪਰ ਕੁਝ ਘੱਟ ਮਾਤਰਾ ਵਿਚ ਹੁੰਦੇ ਹਨ।[4]

ਜੀਵਾਤਮਾ ਸੀਮਤ ਹੈ, ਪ੍ਰੰਤੂ ਬ੍ਰਹਮ ਅਸੀਮ ਹੈ। ਪ੍ਰਕ੍ਰਿਤੀ ਦੇ ਪਿਛੋਕੜ ਵਿਚ ਦੋਵੇਂ ਪੁਰਸ਼ ਅਖਵਾਉਂਦੇ ਹਨ। ਪ੍ਰੰਤੂ ਜਿਥੇ ਪਾਰਬ੍ਰਹਮ ਪ੍ਰਕ੍ਰਿਤੀ ਦਾ ਸਿਰਜਨਹਾਰ ਹੈ ਤੇ ਇਸ ਲਈ ਪ੍ਰਕ੍ਰਿਤੀ ਦੇ ਪ੍ਰਭਾਵ ਤੋਂ ਮੁਕਤ ਹੈ, ਉਥੇ ਜੀਵਾਤਮਾ ਪ੍ਰਕ੍ਰਿਤੀ ਵਿਚ ਲਿਪਤ ਰਹਿੰਦਾ ਹੈ, ਇਸ ਲਈ ਜਨਮ ਮਰਨ ਦੇ ਗੇੜ ਵਿਚ ਭੌਂਦਾ ਰਹਿੰਦਾ ਹੈ। ਮੁੰਡਕ ਉਪਨਿਸ਼ਦ ਅਨੁਸਾਰ- ਬ੍ਰਹਮ ਤੇ ਜੀਵ ਇਕ ਹੀ ਦਰਖਤ ਤੇ ਬੈਠੇ ਹੋਏ ਦੋ ਪੰਛੀ ਹਨ। ਇਹ ਆਪਸ ਵਿਚ ਗੂੜ੍ਹੇ ਮਿਤਰ ਹਨ। ਇਨ੍ਹਾਂ ਵਿਚੋਂ ਇਕ ਤਾਂ ਮਿੱਠੇ ਫਲ ਖਾਂਦਾ ਹੈ, ਪਰ ਦੂਸਰਾ ਵਿਚਾਰਾ ਫਲ ਖਾ ਨਹੀਂ ਸਕਦਾ, ਸਿਰਫ਼ ਵੇਖਦਾ ਹੀ ਰਹਿੰਦਾ ਹੈ।[5] ਪਰਮਾਤਮਾ ਤੇ ਜੀਵਾਤਮਾ ਦਾ ਅਸਲਾ ਇਕੋ ਹੈ।[6]

ਆਤਮਾ ਤੇ ਪਰਮਾਤਮਾ ਦੇ ਰਿਸ਼ਤੇ ਨੂੰ ਹੋਰ ਆਸਾਨ ਢੰਗ ਨਾਲ ਵੀ ਦਰਸਾਇਆ ਜਾ ਸਕਦਾ ਹੈ। ਜਿਵੇਂ ਜੇ ਪਰਮਾਤਮਾ ਅੱਗ ਹੈ ਤਾਂ ਆਤਮਾ ਇਕ ਚੰਗਿਆੜਾ; ਪਰਮਾਤਮਾ ਰੇਤ ਦਾ ਮਾਰੂਥਲ ਹੈ ਤਾਂ ਆਤਮਾ ਰੇਤ ਦਾ ਇਕ ਕਿਣਕਾ; ਪਰਮਾਤਮਾ ਸਮੁੰਦਰ ਹੈ ਤਾਂ ਆਤਮਾ ਕੇਵਲ ਇਕ ਬੂੰਦ। ਜਿਵੇਂ ਅੱਗ ਵਿਚੋਂ ਚੰਗਿਆੜੇ

---

੧- Indian Philosophy,Dr.S.Radha Krishanan,Vol.II,p.684.

੨- As above,p.685.

੩- ਸੰਤ ਕਾਵਿ ਕਾ ਦਾਰਸ਼ਨਕ ਵਿਸ਼ਲੇਸ਼ਨ(ਹਿੰਦੀ),ਡਾ.ਮਨਮੋਹਨ ਸਹਿਗਲ,ਪੰਨਾ ੧੮

੪- ਹਿੰਦੀ ਕਾਵਿ ਮੇਂ ਨਿਰਗੁਣ ਸੰਪਰਦਾਇ(ਹਿੰਦੀ),ਡਾ.ਪੀਤਾਂਬਰ ਦੱਤ ਬੜਥਵਾਲ।

੫- Outlines of Sikh Thought,Dr.S.S.Kholi,p.27.

੬- ਗੁਰਮਤਿ ਦਰਸ਼ਨ,ਡਾ.ਸ਼ੇਰ ਸਿੰਘ, ਪੰਨਾ ੨੫੨

ਅਨੇਕਾਂ ਨਿਕਲਦੇ ਹਨ, ਪਰ ਅੱਗ ਤੋਂ ਭਿੰਨ ਨਹੀਂ ਹੁੰਦੇ; ਰੇਤ ਦੇ ਮਾਰੂਥਲ ਵਿਚ ਰੇਤ ਦੇ ਕਿਣਕੇ ਅਣਗਿਣਤ ਹੁੰਦੇ ਹਨ, ਪਰ ਮਾਰੂਥਲ ਦਾ ਹੀ ਹਿੱਸਾ ਹੁੰਦੇ ਹਨ। ਸਮੁੰਦਰ ਵਿਚ ਬੂੰਦਾਂ ਅਥਾਹ ਹੁੰਦੀਆਂ ਹਨ ਪਰ ਹਰ ਬੂੰਦ ਸਮੁੰਦਰ ਦਾ ਹਿੱਸਾ ਹੁੰਦੀ ਹੈ; ਨਦੀ ਵਿਚੋਂ ਅਨੇਕਾਂ ਲਹਿਰਾਂ ਉਠਦੀਆਂ ਹਨ, ਪਰ ਨਦੀ ਦਾ ਹੀ ਹਿੱਸਾ ਹੁੰਦੀਆਂ ਹਨ; ਸੂਰਜ ਵਿਚੋਂ ਅਨੇਕਾਂ ਕਿਰਨਾਂ ਨਿਕਲਦੀਆਂ ਹਨ ਪਰ ਉਹ ਸਾਰੀਆਂ ਕਿਰਨਾਂ ਸੂਰਜ ਦਾ ਹੀ ਅੰਗ ਹੁੰਦੀਆਂ ਹਨ। ਇਹੋ ਹੀ ਰਿਸ਼ਤਾ ਪਰਮਾਤਮਾ ਤੇ ਜੀਵਾਤਮਾ ਦਾ ਹੈ।

ਆਤਮਾ ਪਰਮਾਤਮਾ ਵਿਚ ਕੋਈ ਅੰਤਰ ਨਹੀਂ, ਪਰਮਾਤਮਾ ਆਤਮਾ ਵਿਚ ਵਸਦਾਹੈ ਤੇ ਆਤਮਾ ਪਰਮਾਤਮਾ ਵਿਚ ਲੀਨ ਹੁੰਦੀ ਹੈ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਆਤਮਾ ਤੇ ਪਰਮਾਤਮਾ ਦਾ ਸਬੰਧ ਇੰਨਾ ਗੂੜ੍ਹਾ ਹੈ, ਪਰ ਫਿਰ ਵੀ ਇਸ ਵਿਚ ਅੰਤਰ ਹੈ ਤੇ ਇਹ ਅੰਤਰ ਵੀ ਮਹਤਵਪੂਰਨ ਹੈ। ਮਿਸਾਲ ਦੇ ਤੌਰ ਤੇ ਲਹਿਰ ਸਮੁੰਦਰ ਦਾ ਹੀ ਹਿੱਸਾ ਹੁੰਦੀ ਹੈ, ਫਿਰ ਵੀ ਉਸ ਵਿਚ ਤੇ ਸਮੁੰਦਰ ਵਿਚ ਢੇਰ ਫ਼ਰਕ ਹੈ। ਲਹਿਰ ਕਹਿੰਦੀ ਹੈ, ਕਿ ਮੈਂ ਤੇਰੇ (ਸਮੁੰਦਰ) ਵਿਚੋਂ ਪੈਦਾ ਹੋਈ ਇਕ ਲਹਿਰ ਹਾਂ। ਤੂੰ ਅਥਾਹ ਸਮੁੰਦਰ ਹੈਂ ਤੇ ਮੈਂ ਇਕ ਨਿਮਾਣੀ ਜਹੀ ਲਹਿਰ। ਤੇਰੀ ਮੇਰੀ ਦੂਰੀ ਇੰਨੀ ਹੈ, ਜਿੰਨੀ ਸਵਰਗ ਦੀ ਧਰਤੀ ਤੋਂ ਹੈ।

ਗੁਰੂ ਅਰਜਨਦੇਵ ਜੀ ਨੇ ਆਤਮਾ ਦਾ ਵਰਣਨ ਬੜੇ ਅਲੌਕਿਕ ਢੰਗ ਨਾਲ ਕੀਤਾ ਹੈ। ਆਪ ਲਿਖਦੇ ਹਨ ਕਿ 'ਆਤਮਾ (ਜੀਵਾਤਮਾ) ਪਾਰਬ੍ਰਹਮ ਦਾ ਹੀ ਰੂਪ ਹੈ। ਇਹ ਆਤਮਾ ਨਾ ਬੁੱਢਾ ਹੈ ਨ ਬਾਲਕ ਹੈ। ਇਸ ਨੂੰ ਕਿਸੇ ਤਰ੍ਹਾਂ ਦਾ ਦੁਖ ਜੰਜਾਲ ਨਹੀਂ ਪੁਹੰਦਾ। ਇਹ ਨ ਬਿਨਸਨਹਾਰ ਹੈ, ਨ ਚਲਣਹਾਰ ਹੈ। ਆਤਮਾ ਹਰ ਸਮੇਂ ਤੇ ਹਰ ਜੁਗ ਵਿਚ ਵਰਤਮਾਨ ਰਹਿੰਦੀ ਹੈ। ਨ ਇਸ ਨੂੰ ਗਰਮੀ ਲਗਦੀ ਹੈ ਤੇ ਨ ਪਾਲਾ। ਨ ਇਸ ਦਾ ਕੋਈ ਦੁਸ਼ਮਨ ਹੈ ਤੇ ਨ ਹੀ ਕੋਈ ਮਿਤਰ। ਨ ਇਸ ਨੂੰ ਕੋਈ ਖੁਸ਼ੀ ਹੈ ਤੇ ਨ ਹੀ ਗ਼ਮੀ। ਇਹ ਸਰਬਕਲਾ ਸਮਰਥ ਹੈ। ਇਸ ਦਾ ਨ ਕੋਈ ਬਾਪ ਹੈ ਤੇ ਨ ਹੀ ਮਾਤਾ। ਇਹ ਹਮੇਸ਼ਾਂ ਸਰੀਰਕ ਹੱਦਾਂ ਤੋਂ ਪਰੇ ਦਾ ਤੱਤ ਹੈ। ਇਹ ਨਿਰਲੇਪ ਹੈ ਤੇ ਪਾਪ ਪੁੰਨ ਇਸ ਨੂੰ ਨਹੀਂ ਲਗਦਾ। ਇਹ ਹਰ ਸਰੀਰ ਵਿਚ ਚੇਤੰਨ ਰਹਿੰਦੀ ਹੈ। ਤਿੰਨਾਂ ਗੁਣਾਂ ਵਾਲੀ (ਰਜੋ, ਸਤੋ, ਤਮੋ) ਮਾਇਆ ਨੂੰ ਇਸੇ ਨੇ ਅਵਿਦਿਆ ਕਾਰਨ ਪੈਦਾ ਕੀਤਾ ਹੈ। ਅਗਿਆਨ ਦੇ ਕਾਰਨ ਮਹਾ ਮਾਇਆ ਇਸ ਦਾ ਪ੍ਰਤੀਬਿੰਬ ਹੈ। ਅਛਲ, ਅਛੇਦ, ਅਭੇਦ ਤੇ ਦਇਆਲੂ ਪ੍ਰਭੂ ਦੀ ਕਿਰਪਾ ਨਾਲ ਇਸ ਮਾਇਆ ਤੋਂ ਛੁਟਕਾਰਾ ਮਿਲਣਾ ਹੈ। ਇਸ ਦੀ ਅਵਸਥਾ ਦਾ ਭੇਦ ਪਾਇਆ ਨਹੀਂ ਜਾ ਸਕਦਾ, ਇਸ ਲਈ ਇਸ ਤੋਂ ਬਲਿਹਾਰੇ ਹੀ ਜਾਂਦੇ ਹਾਂ।[੧]

---

੧- ਅਚਰਜ ਕਥਾ ਮਹਾ ਅਨੂਪ।।
ਨਾਨਕ ਤਾਕੈ ਬਲਿ ਬਲਿ ਜਾਇ।। —ਗੋਂਡ ਮ:੫, ਆਦਿ ਗ੍ਰੰਥ, ਪੰਨਾ੮੬੮-੬੯

ਇਸ ਸ਼ਬਦ ਵਿਚ ਆਪ ਜੀ ਨੇ ਆਤਮਾ ਦੀ ਅਦਵੈਤ ਅਵਸਥਾ, ਨਿਰ-
-ਵਿਕਾਰਤਾ, ਅਵਿਨਾਸ਼ਤਾ, ਸਦੀਵਤਾ, ਨਿਰਵੈਰਤਾ, ਨਿਰਲੇਪਤਾ, ਸਰਬ ਵਿਆਪਕਤਾ ਤੇ ਅਪੂਰਤਾ ਦਾ ਰਹੱਸਮਈ ਸ਼ੈਲੀ ਵਿਚ ਬਿਆਨ ਕੀਤਾ ਹੈ।

ਵੇਦਾਂਤ ਦਾ ਫਿਲਾਸਫਰ ਗੌੜਪਾਦ ਆਪਣੇ ਸਿਧਾਂਤ 'ਅਜਾਤਿਵਾਦ' ਵਿਚ ਦਸਦਾ ਹੈ ਕਿ 'ਆਤਮਾ ਦੀ ਜਾਤੀ-ਅਰਥਾਤ ਉਤਪਤੀ ਨਹੀਂ ਹੁੰਦੀ।'[1] ਇਸ ਲਈ ਆਤਮਾ ਜਨਮ ਮਰਨ ਦੇ ਚਕਰ ਤੋਂ ਬਾਹਰ ਹੈ।

ਜੀਵ ਇਹ ਸਮਝਦਾ ਹੈ ਕਿ ਇਸ ਸੰਸਾਰ ਤੇ ਸਭ ਤੋਂ ਉਤਮ ਜੂਨ 'ਮੈਂ' ਹੀ ਹਾਂ। ਇਹ 'ਮੈਂ' ਜਾਂ 'ਹਉਮੈ' ਵਾਲੀ ਸੋਚ ਜਰਮਨੀ ਦੇ ਪ੍ਰਸਿੱਧ ਰਹੱਸਵਾਦੀ ਏਕਹਾਰਟ ਨੇ ਵੀ ਦਸੀ ਹੈ। ਉਸ ਦਾ ਕਹਿਣਾ ਹੈ ਕਿ 'ਸੰਸਾਰ ਤੇ ਜੀਵ ਜਾਂ ਬ੍ਰਹਮੰਡ ਤੇ ਪਿੰਡ, ਇਹ ਵਿਸ਼ਾ ਏਨਾ ਵਿਸ਼ਾਲ ਹੈ ਕਿ ਦੁਨੀਆਂ ਦੇ ਕਿਸੇ ਕੋਨੇ ਵਿਚ ਹੋਏ ਫਲਸਫੇ ਵਿਚ ਇਹ ਜ਼ਰੂਰ ਸ਼ਾਮਲ ਹੁੰਦੇ ਹਨ। ਵਿਚਾਰਾਂ ਦੀ ਭਿੰਨਤਾ ਕਿਤੇ ਮਿਲ ਜਾਵੇ ਤਾਂ ਵਖਰੀ ਗੱਲ ਹੈ, ਪਰ ਬੁਨਿਆਦੀ ਗੱਲਾਂ ਸਭ ਵਿਚ ਇਕੋ ਮਿਲਦੀਆਂ ਹਨ।'

ਭਾਵੇਂ ਜੀਵ ਵਿਚ 'ਮੈਂ' ਦਾ ਕੇਂਦਰ ਹੈ, ਤਦ ਵੀ ਦੇਹੀ ਤਾਂ ਬਿਨਸਨਹਾਰ ਹੈ। ਆਤਮਾ ਅਮਰ ਹੈ, ਆਤਮਾ ਰੱਬੀ ਹੁਕਮ ਵਿਚ ਬੱਧੀ ਆਪਣਾ ਕੰਮ ਕਰਦੀ ਰਹਿੰਦੀ ਹੈ। ਜੀਵ-ਆਤਮਾ ਬਿਨਾਂ ਦੇਹੀ ਮਿਰਤਕ ਹੈ। ਜੀਵ ਦੀ ਕਦਰ ਹੀ ਆਤਮਾ ਨਾਲ ਹੈ। ਇਸ ਸਾਰੇ ਰਹੱਸ ਨੂੰ ਵੀ ਪਰਮਾਤਮਾ ਆਪ ਹੀ ਜਾਣਦਾ ਹੈ, ਜੀਵ ਦੀ ਸਮਝ ਤੋਂ ਉਪਰ ਦੀ ਗੱਲ ਹੈ।[2]

ਗੁਰੂ ਜੀ ਨੇ ਆਤਮਾ ਤੇ ਦੇਹ ਦੇ ਮੇਲ ਨੂੰ ਬੜੇ ਸਾਦਾ ਪਰ ਨਾਟਕੀ ਢੰਗ ਨਾਲ ਦਰਸਾਇਆ ਹੈ। ਜੀਵਾਤਮਾ ਪਤੀ ਹੈ, ਦੇਹੀ ਪਤਨੀ ਹੈ। ਪਤੀ ਪਤਨੀ ਦੀਆਂ ਲੋੜਾਂ ਪੂਰੀਆਂ ਕਰਦਾ ਹੈ, ਪਤਨੀ ਚਾਹੁੰਦੀ ਹੈ ਕਿ ਪਤੀ ਸਦਾ ਉਸ ਦੇ ਨਾਲ ਰਹੇ, ਪਰ ਇਹ ਹੋ ਨਹੀਂ ਸਕਦਾ ਕਿਉਂਕਿ ਪਤੀ ਆਪਣੇ ਮਾਲਕ ਪ੍ਰਭੂ ਦਾ ਬੱਧਾ ਹੋਇਆ ਹੈ, ਤੇ ਉਸ ਦੇ ਸੱਦੇ ਉਤੇ ਪਤਨੀ ਨੂੰ ਵੀ ਛੱਡ ਜਾਂਦਾ ਹੈ। ਪਤੀ ਪਤਨੀ ਦੀ ਵਾਰਤਾਲਾਪ

---

੧- ਭਾਰਤੀਯ ਦਰਸ਼ਨ (ਹਿੰਦੀ), ਬਲਦੇਵ ਉਪਾਧਿਆਏ, ਪੰਨਾ ੪੨੧

੨- ਉਨ ਕੈ ਸੰਗਿ ਤੇਰੀ ਸਭ ਬਿਧਿ ਬਾਟੀ।।

--- --- ---

ਆਪਨੀ ਕੁਦਰਤਿ ਜਾਣੈ ਆਪਿ।।

— ਆਸਾ ਮ:੫, ਆਦਿ ਗ੍ਰੰਥ, ਪੰਨਾ ੩੯੦

ਬੜੀ ਰੋਚਕ ਹੈ।[1] ਇਉਂ ਜੀਵ ਪਰਮਾਤਮਾ ਦੇ ਹੁਕਮ ਵਿਚ ਆਪਣੀ ਸਲਾਹ ਨਹੀਂ ਦੇ ਸਕਦਾ ਤੇ ਨ ਹੀ ਜੁਆਬ ਦੇ ਸਕਦਾ ਹੈ, ਉਸ ਨੇ ਸਿਰਫ ਮੰਨਣਾ ਹੀ ਹੈ ਕਿਉਂਕਿ ਜੀਵ ਕਿਸੇ ਸ਼ਕਤੀ (ਪਰਮਾਤਮਾ) ਦੇ ਹੁਕਮ ਵਿਚ ਪੈਦਾ ਹੁੰਦਾ ਹੈ, ਇਸ ਕਰਕੇ ਇਸ ਦੀ ਸ਼ਕਤੀ ਵੀ ਸੀਮਤ ਹੈ। ਕਿਉਂਕਿ ਜੀਵਾਤਮਾ ਸੀਮਤ ਹੱਦਾਂ ਵਿਚ ਵਿਚਰਦਾ ਹੈ,ਇਸ ਕਾਰਨ ਉਹ ਬ੍ਰਹਮ ਦਾ ਪੂਰਾ ਗਿਆਨ ਪ੍ਰਾਪਤ ਨਹੀਂ ਕਰ ਸਕਦਾ।[2] ਇਸੇ ਕਰਕੇ ਜੀਵ ਪਰਮਾਤਮਾ ਦਾ ਅੰਸ਼ ਹੁੰਦਾ ਹੋਇਆ ਵੀ ਪਰਮਾਤਮਾ ਤੋਂ ਭਿੰਨ ਹੈ, ਕਿਉਂਕਿ ਉਸ ਦੀਆਂ ਸ਼ਕਤੀਆਂ ਸੀਮਤ ਹਨ। ------ਭੌਤਕ ਸਰੀਰ ਵਿਚ ਦਾਖ਼ਲ ਹੋ ਕੇ ਉਸ ਦੀ ਪ੍ਰਵਿਰਤੀ ਪਦਾਰਥਕ ਕ੍ਰਿਆਵਾਂ ਵਲ ਹੁੰਦੀ ਹੈ।[3]

ਸ਼ਾਹਜ਼ਾਦਾ ਦਾਰਾ ਸ਼ਿਕੋਹ ਦੇ ਜੀਵ ਤੇ ਪਰਮਾਤਮਾ ਸਬੰਧੀ ਕੀਤੇ ਗਏ ਸੁਆਲਾਂ ਦੇ ਬਾਬਾ ਲਾਲ ਨੇ ਜੋ ਜੁਆਬ ਦਿੱਤੇ ਹਨ, ਉਹ ਵੀ ਗੁਰਮਤ ਤੋਂ ਭਿੰਨ ਨਹੀਂ ਜਾਪਦੇ। ਦਾਰਾ ਸ਼ਿਕੋਹ ਨੇ ਪੁਛਿਆ- 'ਕੀ ਜੀਵ, ਆਤਮਾ, ਪ੍ਰਾਨ ਤੇ ਦੇਹ ਇਹ ਸਭ ਛਾਇਆ ਹੈ?' ਤਾਂ ਬਾਬਾ ਲਾਲ ਨੇ ਜੁਆਬ ਦਿੱਤਾ- 'ਜੀਵਾਤਮਾ' ਤੇ ਪਰਮਾਤਮਾ ਮੂਲ ਰੂਪ ਵਿਚ ਇਕ ਹੀ ਹਨ, ਜੀਵਾਤਮਾ ਪਰਮਾਤਮਾ ਦਾ ਇਕ ਅੰਗ ਹੈ। ਇਨ੍ਹਾਂ ਦਾ ਆਪਸ ਵਿਚ ਉਹੋ ਹੀ ਰਿਸ਼ਤਾ ਹੈ ਜੋ ਬੂੰਦ ਤੇ ਸਾਗਰ ਦਾ। ਜਦੋਂ ਬੂੰਦ ਸਾਗਰ ਵਿਚ ਮਿਲ ਜਾਂਦੀ ਹੈ ਤਾਂ ਉਹ ਵੀ ਸਾਗਰ ਹੀ ਹੋ ਜਾਂਦੀ ਹੈ।' ਦਾਰਾ ਸ਼ਿਕੋਹ ਦੀ ਇਸ ਜੁਆਬ ਨਾਲ ਤਸੱਲੀ ਨ ਹੋਈ, ਤੇ ਉਸ ਨੇ ਪੁਛਿਆ- 'ਤੇ ਫਿਰ ਜੀਵਾਤਮਾ ਤੇ ਪਰਮਾਤਮਾ ਵਿਚ ਫਰਕ ਕੀ ਹੋਇਆ?' ਬਾਬਾ ਲਾਲ ਨੇ ਜੁਆਬ ਦਿੱਤਾ-'ਇਨ੍ਹਾਂ ਵਿਚ ਕੋਈ ਫ਼ਰਕ ਨਹੀਂ। ਜੀਵਾਤਮਾ ਨੂੰ ਦੁਖ ਸੁਖ ਇਸ ਕਰਕੇ ਮਹਿਸੂਸ ਹੁੰਦੇ ਹਨ, ਕਿਉਂਕਿ ਇਹ ਪੰਜ ਤੱਤ ਦੇ ਸਰੀਰ-ਪਿੰਜਰੇ ਵਿਚ ਜਕੜੀ ਹੋਈ ਹੈ। ਗੰਗਾ ਜਲ ਤਾਂ ਗੰਗਾ ਜਲ ਹੀ ਰਹੇਗਾ, ਭਾਵੇਂ ਨਦੀ ਵਿਚ ਵਹਿੰਦਾ ਹੋਵੇ ਤੇ ਭਾਵੇਂ ਘੜੇ ਵਿਚ ਪਿਆ ਹੋਇਆ ਹੋਵੇ।[4]'

---

੧- ਧਨ ਕਰੇ ਬਿਨਉ ਦੋਊ ਕਰ ਜੋਰੈ।। ਪ੍ਰਿਅ ਪਰਦੇਸਿ ਨ ਜਾਹੁ ਵਸਹੁ ਘਰਿ ਮੋਰੈ।।
--- --- --- ---
ਪਿਰ ਕਹਿਆ ਹਉ ਹੁਕਮੀ ਬੰਦਾ।।
--- --- ---
ਆਈ ਆਗਿਆ ਪਿਰਹੁ ਬੁਲਾਇਆ।।ਨਾ ਧਨ ਪੁਛੀ ਨ ਮਤਾ ਪਕਾਇਆ।।
ਉਠਿ ਸਿਧਾਇਓ ਛੂਟਰਿ ਮਾਟੀ ਦੇਖੁ ਨਾਨਕ ਮਿਥਨ ਮੋਹਾਸਾ ਹੇ।।
--- --- ---
—ਮਾਰੂ ਸੋਲਹੇ ਮ:੫,ਆਦਿ ਗ੍ਰੰਥ, ਪੰਨਾ ੧੦੭੨-੭੩

੨- Philosophy of Guru Nanak, Dr.S.S.Kohli.

੩- ਸੰਤ ਕਾਵਿ ਕਾ ਦਾਰਸ਼ਨਕ ਵਿਸ਼ਲੇਸ਼ਣ( ਹਿੰਦੀ),ਡਾ.ਮਨਮੋਹਨ ਸਹਿਗਲ,ਪੰਨਾ ੧੪੦

੪- Hindu Religious Sects, Wilson, p.350.
ਹਵਾਲਾ-ਹਿੰਦੀ ਕਾਵਿ ਮੇਂ ਨਿਰਗੁਣ ਸੰਪਰਦਾਇ( ਹਿੰਦੀ),ਡਾ.ਪੀਤਾਂਬਰ ਦੱਤ ਬੜਥਵਾਲ, ਪੰਨਾ ੧੨੧

<u>ਜੀਵ ਦੀਆਂ ਕਿਸਮਾਂ</u>

ਅਮਲਾਂ ਦੇ ਅਧਾਰ ਤੇ ਜੀਵ ਦੀਆਂ ਦੋ ਕਿਸਮਾਂ ਹਨ- ਗੁਰਮੁਖ ਤੇ ਮਨਮੁਖ। ਇਨ੍ਹਾਂ ਨੂੰ ਭਗਤ ਤੇ ਸੰਸਾਰੀ ਵੀ ਆਖ ਲੈਂਦੇ ਹਾਂ ਅਤੇ ਸੋਹਾਗਣ ਤੇ ਦੋਹਾਗਣ ਵੀ। ਜੋ ਜੀਵ ਪ੍ਰਭੂ ਚਰਨਾਂ ਵਿਚ ਚਿਤ ਲਾਈ ਰਖਦੇ ਹਨ, ਨੇਕ ਕਰਮ ਕਰਦੇ ਹਨ, ਉਹ ਗੁਰਮੁਖ, ਭਗਤ ਤੇ ਸੋਹਾਗਣਾਂ ਵਤ ਹਨ, ਜੋ ਮਨਮਤ ਦੇ ਮਗਰ ਲਗਦੇ ਹਨ, ਪ੍ਰਭੂ ਦਾ ਨਾਮ ਚੇਤੇ ਨਹੀਂ ਰਖਦੇ, ਉਹ ਮਨਮੁਖ, ਸੰਸਾਰੀ ਤੇ ਦੋਹਾਗਣਾਂ ਤੁਲ ਹਨ। ਰਾਮਾਨੰਦ ਅਨੁਸਾਰ[1] ਜੀਵ ਅਨੰਤ ਹਨ, ਪਰ ਇਨ੍ਹਾਂ ਦੇ ਮੁਖ ਤਿੰਨ ਭੇਦ ਹਨ:-

੧- ਨਿਰਜੀਵ- ਇਹ ਜੀਵ ਕਰਮ ਤੇ ਪ੍ਰਕ੍ਰਿਤੀ ਤੋਂ ਮੁਕਤ ਹੋ ਕੇ ਅਨੰਦ ਭੋਗਦੇ ਬੈਕੁੰਠ ਵਿਚ ਨਿਵਾਸ ਕਰਦੇ ਹਨ।

੨- ਮੁਕਤ ਜੀਵ- ਆਪਣੀ ਬੁਧੀ ਤੇ ਭਗਤੀ ਦੇ ਬਲ ਦੇ ਅਧਾਰ ਤੇ ਮੁਕਤੀ ਪ੍ਰਾਪਤ ਕਰਦੇ ਹਨ।

੩- ਬਧ ਜੀਵ- ਆਪਣੇ ਅਗਿਆਨ ਤੇ ਸਵਾਰਥ ਦੇ ਵਸ ਸੰਸਾਰ ਵਿਚ ਹੀ ਵਿਚਰਦੇ ਰਹਿੰਦੇ ਹਨ।

ਜੀਵ ਦੀਆਂ ਅਵਸਥਾਵਾਂ- ਜੀਵ ੫ ਕਿਸਮ ਦੀਆਂ ਅਵਸਥਾਵਾਂ[2] ਵਿਚੋਂ ਲੰਘਦਾ ਹੈ- ਅਗਿਆਨੀ, ਜਗਿਆਸੂ, ਸਾਧਕ, ਜੀਵਨ ਮੁਕਤ ਤੇ ਮੁਕਤ ਜੀਵ।

ਸੂਫ਼ੀ ਮਤ ਵਿਚ ਵੀ ਇਉਂ ਹੀ ਪੰਜ ਅਵਸਥਾਵਾਂ ਆਉਂਦੀਆਂ ਹਨ-

੧- ਮੋਮਿਨ- ਈਮਾਨ ਵਾਲਾ

੨- ਸਾਲਿਕ- ਸਾਧਕ ਯਾਤਰੀ

੩- ਆਬਿਦ- ਇਬਾਦਤ ਕਰਨ ਵਾਲਾ

੪- ਜ਼ਾਹਿਦ- ਤਪਸਿਆ ਕਰਨ ਵਾਲਾ

੫- ਆਰਿਫ਼- ਬ੍ਰਹਮ ਗਿਆਨੀ

ਗੁਰਮਤ ਵਿਚ ਸਪਸ਼ਟ ਤੌਰ ਤੇ ਅਜਿਹੀਆਂ ਅਵਸਥਾਵਾਂ ਦਾ ਕੋਈ ਜ਼ਿਕਰ ਨਹੀਂ ਏਥੇ ਕੇਵਲ ਅਮਲਾਂ ਦੇ ਅਧਾਰ ਤੇ ਹੀ ਜੀਵ ਨੂੰ ਉਸ ਦੇ ਗੁਣਾਂ ਦਾ ਨਾਮ ਦਿੱਤਾ ਗਿਆ ਹੈ। ਇਨ੍ਹਾਂ ਵਿਚੋਂ ਗੁਰਮੁਖ, ਭਗਤ, ਸਾਧੂ, ਦਾਸ, ਸੰਤ, ਸਾਧ, ਬ੍ਰਹਮ ਗਿਆਨੀ, ਜੀਵਨਮੁਕਤ ਨਾਂ ਜ਼ਿਆਦਾ ਪ੍ਰਚਲਤ ਹਨ। ਇਹ ਨਾਂ ਕਿਸੇ ਵਿਸ਼ੇਸ਼ ਸਿਧਾਂਤ ਦੇ ਅਧਾਰ ਤੇ ਨਹੀਂ ਘੜੇ ਗਏ।

ਗੁਰੂ ਜੀ ਨੇ ਜੀਵ ਦੇ ਜੀਵਨ ਕਾਲ ਨੂੰ ਰਾਤ ਦੇ ਪਹਿਰਾਂ ਨਾਲ ਤੁਲਨਾਇਆ ਹੈ। ਰਾਤ ਦੇ ਪਹਿਲੇ ਪਹਿਰ ਵਿਚ- ਜੀਵ ਅਜੇ ਮਾਤਾ ਦੇ ਉਦਰ ਵਿਚ ਦਾਖ਼ਲ ਹੁੰਦਾ ਹੈ,

---

੧- ਗੁਰੂ ਨਾਨਕ ਤੇ ਭਗਤੀ ਅੰਦੋਲਨ, ਡਾ. ਮਨਮੋਹਨ ਸਿੰਘ, ਪੰਨਾ ੨੫

੨- ਕਬੀਰ ਦਰਸ਼ਨ (ਹਿੰਦੀ), ਡਾ. ਰਾਮ ਜੀ ਲਾਲ ਸਹਾਇ, ਪੰਨਾ ੧੮੨

ਉਹ ਜਨਮਦਾ ਹੈ, ਜਿੰਨੀ ਉਮਰ ਉਸ ਨੇ ਭੋਗਣੀ ਹੈ, ਉਸ ਦੀ ਲਿਖੀ ਗਈ ਹੈ। ਮਾਤਾ ਪਿਤਾ, ਭੈਣ ਭਾਈਆਂ, ਇਸਤਰੀ ਦੇ ਪਿਆਰ ਵਿਚ ਜੀਵ ਜੁੜ ਜਾਂਦਾ ਹੈ। ਰਾਤ ਦੇ ਦੂਜੇ ਪਹਿਰ ਵਿਚ- ਜੀਵ ਤੇ ਜੁਆਨੀ ਆ ਗਈ ਹੈ। ਜੀਵ ਜੁਆਨੀ ਦੇ ਜੋਸ਼ ਵਿਚ ਮਨਮਤ ਦੇ ਮਗਰ ਲਗ ਜਾਂਦਾ ਹੈ। ਆਪਣੇ ਬੁਰੇ ਭਲੇ ਦੀ ਉਸ ਨੂੰ ਸਾਰ ਨਹੀਂ, ਪਰ ਅਗਲਾ ਪੈਂਧ ਔਖਾ ਹੈ। ਪ੍ਰਭੂ ਦਾ ਨਾਮ ਧਿਆਉਂਦਾ ਨਹੀਂ ਤੇ ਸਿਰ ਤੇ ਜਮ ਖੜੇ ਹਨ। ਇਸ ਝੱਲੇ ਨੂੰ ਜਦੋਂ ਧਰਮਰਾਜ ਪਾਸ ਜਾ ਕੇ ਹਿਸਾਬ ਦੇਣਾ ਪਿਆ ਤਾਂ ਕੀ ਜੁਆਬ ਦਏਗਾ।

ਰਾਤ ਦੇ ਤੀਜੇ ਪਹਿਰ ਵਿਚ ਜੀਵ ਮੋਹ ਮਾਇਆ ਵਿਚ ਅੰਨ੍ਹਾ ਹੋਇਆ ਜ਼ਹਿਰ ਦਾ ਵਪਾਰੀ ਬਣਿਆ ਰਹਿੰਦਾ ਹੈ। ਧੀਆਂ ਪੁਤਰਾਂ ਦੇ ਲੋਭ ਮੋਹ ਵਿਚ ਫਸਿਆ ਰਹਿੰਦਾ ਹੈ। ਸਾਧ ਸੰਗਤ ਵਲ ਧਿਆਨ ਨਹੀਂ ਦੇਂਦਾ, ਫਿਰ ਜਨਮ ਮਰਨ ਦੇ ਗੇੜ ਵਿਚ ਪੈ ਜਾਂਦਾ ਹੈ। ਸਿਰਜਨਹਾਰ ਨੂੰ ਯਾਦ ਨਹੀਂ ਕਰਦਾ।

ਰਾਤ ਦਾ ਚੌਥਾ ਪਹਿਰ ਆ ਗਿਆ ਹੈ। ਦਿਨ ਚੜ੍ਹਨ ਦੇ ਨੇੜੇ ਆ ਗਿਆ ਹੈ। ਹੇ ਜੀਵ! ਤੂੰ ਹੁਣ ਹੀ ਪ੍ਰਭੂ ਦਾ ਨਾਮ ਸਿਮਰ, ਤਾਂ ਕਿ ਦਰਗਾਹ ਵਿਚ ਉਹ ਤੇਰਾ ਸਹਾਈ ਹੋ ਸਕੇ। ਇਹ ਸੰਸਾਰਕ ਪਦਾਰਥ ਤੇ ਮੋਹ ਮਾਇਆ ਨੇ ਸਾਥ ਨਹੀਂ ਦੇਣਾ। ਸਾਰੀ ਰਾਤ (ਉਮਰ) ਤਾਂ ਅੰਨ੍ਹੇਰੇ ਵਿਚ ਹੀ ਗੁਜ਼ਾਰ ਦਿੱਤੀ ਹੈ, ਹੁਣ ਹੀ ਸਤਿਗੁਰੂ ਦੀ ਸ਼ਰਨ ਪੈ ਜਾ।

ਉਮਰ ਰੂਪੀ ਰਾਤ ਬੀਤ ਗਈ ਹੈ। ਜੀਵ ਨੇ ਇਸ ਉਮਰ ਵਿਚ ਜੋ ਕਰਮ ਕਮਾਏ ਹਨ, ਉਹ ਉਸ ਦੇ ਨਾਲ ਹਨ। ਜਮ ਆ ਕੇ ਆਪਣੇ ਪੀਡੇ ਹਥਾਂ ਨਾਲ ਫੜ੍ਹ ਕੇ ਲੈ ਗਏ ਹਨ। ਹੁਣ ਆਪਣੇ ਕਰਮਾਂ ਕਰਕੇ ਜੀਵ ਔਖਾ ਹੁੰਦਾ ਹੈ। ~~ਪਰ~~ ਜੋ ਜੀਵ ਇਸ ਉਮਰ ਰੂਪੀ ਰਾਤ ਵਿਚ ਸਤਿਗੁਰੂ ਦੇ ਚਰਨਾਂ ਵਿਚ ਚਿਤ ਜੋੜੀ ਰਖਣ, ਉਨ੍ਹਾਂ ਨੂੰ ਦਰਗਾਹ ਵਿਚ ਸੁਖ ਮਿਲੇਗਾ। ਜੀਵ ਨੇ ਲੈਣਾ ਤਾਂ ਉਹੀ ਹੈ, ਜੋ ਉਸ ਨੇ ਬੀਜਿਆ ਹੈ। ਇਉਂ ਭਗਤ ਤਾਂ ਪ੍ਰਭੂ ਦਰ ਤੇ[੧] ਸ਼ੋਭਾ ਪਾਉਂਦੇ ਹਨ ਤੇ ਮਨਮੁਖ ਫਿਰ ਜਨਮ ਮਰਨ ਦੇ ਗੇੜ ਵਿਚ ਭਵਾਂਏ ਜਾਂਦੇ ਹਨ।

ਜੀਵ ਦੇ ਇਸ ਜੀਵਨ ਕਾਲ ਨੂੰ ਮੁਟਿਆਰ ਲਈ ਪੇਕਾ ਘਰ ਤੇ ਮੌਤ ਨੂੰ ਮੁਟਿਆਰ ਦੇ ਸਹੁਰੇ ਜਾਣ ਨਾਲ ਵੀ ਤੁਲਨਾਇਆ ਗਿਆ ਹੈ।

<u>ਜੀਵ ਦਾ ਮਨੋਰਥ</u>

'ਜੋ ਘੜਿਆ ਸੋ ਭਜਸੀ' ਅਨੁਸਾਰ ਜੀਵ ਦੀ ਦੇਹੀ ਸਮਾਂ ਪੁਗਣ ਤੇ ਬਿਨਸ

---

੧-ਪਹਿਲੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਧਰਿ ਪਾਇਤਾ ਉਦਰੈ ਮਾਹਿ।।

--- --- --- ---

— ਸਿਰੀ ਰਾਗੁ ਪਹਰੇ ਮ:੫, ਆਦਿ ਗ੍ਰੰਥ, ਪੰਨਾ ੭੭-੭੮

ਜਾਂਦੀ ਹੈ। ਜੀਵ ਵਿਚ ਜੋ ਆਤਮਾ ਹੈ, ਇਸ ਵਿਚ ਪ੍ਰਭੂ ਦੀ ਜੋਤ ਜਗ ਰਹੀ ਹੈ।[੧] ਜੋ ਜੀਵ ਪਦਾਰਥਾਂ ਵਿਚ ਲਿਪਟੇ ਰਹਿੰਦੇ ਹਨ, ਉਨ੍ਹਾਂ ਦੀ ਆਤਮਾ ਫਿਰ ਜਨਮ ਮਰਨ ਦੇ ਗੇੜ ਵਿਚ ਪਾ ਦਿੱਤੀ ਜਾਂਦੀ ਹੈ। ਜਿਨ੍ਹਾਂ ਜੀਵਾਂ ਨੇ ਨਾਮ ਦਾ ਆਸਰਾ ਲਿਆ, ਗੁਰੂ ਦਾ ਉਪਦੇਸ਼ ਲਿਆ, ਉਨ੍ਹਾਂ ਤੇ ਪ੍ਰਭੂ ਦੀ ਨਦਰ ਹੁੰਦੀ ਹੈ, ਉਹਨਾਂ ਦੀ ਚੁਰਾਸੀ ਕਟੀ ਜਾਂਦੀ[੨] ਹੈ। ਅਜਿਹੇ ਗੁਰਮੁਖਾਂ ਲਈ ਗੁਰੂ ਜੀ ਅੰਤਮ ਨਿਸ਼ਾਨਾ ਹਰੀ ਨਿਵਾਸ ਦਸਦੇ ਹਨ। ਜੀਵ 'ਭੇਦੁ ਨ ਜਾਣਹੁ ਮੂਲਿ ਸਾਈ ਜੇਹਿਆ'[੩] ਹੀ ਹੋ ਜਾਂਦਾ ਹੈ।

ਜੀਵ ਨੂੰ ਪ੍ਰਭੂ ਮਿਲਨ ਦੇ ਰਾਹ ਵਿਚੋਂ ਤਿੰਨ ਰੋੜੇ ਕਢਣੇ ਪੈਂਦੇ ਹਨ। ਉਹ ਹਨ- ਸਮਾ, ਪਦਾਰਥਕ ਲਾਲਚ ਤੇ ਹੋਰ ਹੋਰ ਦੀ ਲਾਲਸਾ। ਜਿੰਨਾਂ ਚਿਰ ਇਹ ਰੋੜੇ ਰੜਕਦੇ ਹਨ, ਉਨਾ ਚਿਰ ਜੀਵ ਦੇ ਅੰਦਰ ਪ੍ਰਭੂ ਵਾਸ ਨਹੀਂ ਕਰ ਸਕਦਾ।[੪] ਉਂਜ ਪ੍ਰਭੂ ਦੀ ਹੋਂਦ ਵੀ ਜੀਵ ਕਰਕੇ ਹੀ ਹੈ। ਸੋਨਾ ਖ਼ਾਕ ਵਿਚ ਰੁਲਦਾ ਰਹੇ, ਜੇ ਇਸ ਨੂੰ ਪਛਾਨਣ ਵਾਲੇ ਜੌਹਰੀ ਨ ਹੋਣ। ਇਹ ਜੀਵ ਹੀ ਹੈ, ਜਿਸ ਕਰਕੇ ਪਰਮਾਤਮਾ 'ਪਰਮਾਤਮਾ' ਹੈ।[੫]

ਭਾਵੇਂ ਜੀਵ ਪਰਮਾਤਮਾ ਨਹੀਂ, ਪਰ ਜੀਵ[੬] ਪਰਮਾਤਮਾ ਦਾ ਇਕ ਅਨਿਖੜ ਅੰਗ ਹੈ, ਇਕ ਕਿਸਮ ਦਾ ਇਹ ਬ੍ਰਹਮ ਰੂਪ ਹੀ ਹੈ, ਜਿਸ ਨੂੰ ਭਰਮ ਦੇ ਆਂਡੇ ਨੇ ਅਲੱਗ ਕੀਤਾ ਹੋਇਆ ਹੈ, ਜਦੋਂ ਭਰਮ ਦਾ ਆਂਡਾ ਫੁੱਟ ਜਾਂਦਾ ਹੈ, ਜੀਵ ਫਿਰ ਬ੍ਰਹਮ ਰੂਪ ਹੋ ਜਾਂਦਾ ਹੈ:-

ਬ੍ਰਹਮੈ ਬ੍ਰਹਮੁ ਮਿਲਿਆ ਕੋਇ ਨ ਸਾਕੈ ਭਿੰਨ ਕਰਿ ਬਲਿਰਾਮ ਜੀਉ।[੭]

*******
*****
***
*

---

੧- ਸੁਪਨੈ ਸੇਤੀ ਚਿਤੁ ਮੂਰਖਿ ਲਾਇਆ॥ ਬਿਸਰੇ ਰਾਜ ਰਸ ਭੋਗ ਜਾਗਤ ਭਖਲਾਇਆ॥
ਆਰਜਾ ਗਈ ਵਿਹਾਇ ਧੰਧੈ ਧਾਇਆ॥ ਪੂਰਨ ਭਏ ਨ ਕਾਮ ਮੋਹਿਆ ਮਾਇਆ॥
— ਜੈਤਸਰੀ ਦੀ ਵਾਰ ਮ:੫, ਆਦਿ ਗ੍ਰੰਥ, ਪੰਨਾ ੭੦੭

੨- ਹਮ ਕਿਛੁ ਨਾਹੀ ਏਕੈ ਓਹੀ॥ ਆਗੈ ਪਾਛੈ ਏਕੋ ਸੋਈ॥
ਨਾਨਕ ਗੁਰਿ ਖੋਏ ਭ੍ਰਮ ਭੰਗਾ॥ ਹਮ ਓਇ ਮਿਲਿ ਹੋਇ ਇਕ ਰੰਗਾ॥
— ਆਸਾ ਮ:੫, ਆਦਿ ਗ੍ਰੰਥ, ਪੰਨਾ ੩੯੧

੩- ਆਸਾ ਮ:੫, ਆਦਿ ਗ੍ਰੰਥ, ਪੰਨਾ ੩੯੭

੪- Says Eckhart in Serman XC From-Mysticism, F.C.Happold, p.247.

੫- As above Serman XIX " As above. p.241.

੬- ਜੀਵ ਤੇ ਪਰਮਾਤਮਾ ਦੇ ਸਬੰਧ ਲਈ ਹੋਰ ਵਿਸਥਾਰ ਨਾਲ ਵੇਖੋ- ਬਿਲਾਵਲ ਮ:੫, ਅਸਟਪਦੀ, ਆਦਿ ਗ੍ਰੰਥ, ਪੰਨਾ ੮੩੮ (ਪ੍ਰਭ ਤੁਝ ਬਿਨਾ ਨਹੀ ਹੋਰ----)

੭- ਸੂਹੀ ਛੰਤ ਮ:੫, ਆਦਿ ਗ੍ਰੰਥ, ਪੰਨਾ ੭੭੮

## ਕਾਂਡ-੩

## - ਜਗਤ-ਰਚਨਾ -

ਜਗਤ ਰਚਨਾ ਇਕ ਅਜਿਹਾ ਰਹੱਸ ਹੈ, ਜਿਸ ਨੂੰ ਅਜੇ ਤੱਕ ਕੋਈ ਨਹੀਂ ਜਾਣ ਸਕਿਆ ਕਿ ਇਸ ਰਚਨਾ ਤੋਂ ਪਹਿਲਾਂ ਕੀ ਸੀ, ਰਚਨਾ ਕਿਉਂ ਹੋਈ, ਕਿਵੇਂ ਹੋਈ, ਇਸ ਦੀ ਸਾਰੀ ਸਾਮਿਗਰੀ ਕਿਥੋਂ, ਕਿਵੇਂ ਤੇ ਕਦੋਂ ਆਈ? ਇਹ ਸਾਰੇ ਪ੍ਰਸ਼ਨ ਸਾਡੇ ਸਾਹਮਣੇ ਹਨ। ਸਮੇਂ ਸਮੇਂ ਤੇ ਵਿਦਵਾਨ ਤੇ ਵਿਚਾਰਵਾਨ ਇਸ ਦੇ ਉਤਰ ਲਭਦੇ ਰਹੇ, ਪਰ ਸਭ ਕਿਆਸ ਦੇ ਰੂਪ ਵਿਚ ਹੀ। ਮੁਰਗੀ ਪਹਿਲਾਂ ਕਿ ਆਂਡਾ- ਇਸ ਭੇਦ ਨੂੰ ਅਜੇ ਤੱਕ ਕੋਈ ਨਹੀਂ ਜਾਣ ਸਕਿਆ।

ਰਿਗ ਵੇਦ ਅਨੁਸਾਰ, 'ਪਹਿਲੇ ਨ ਹਸਤ ਸੀ ਤੇ ਨ ਨੇਸਤ। ਨ ਹੀ ਕੋਈ ਵਾਯੂ ਮੰਡਲ ਤੇ ਨ ਹੀ ਉਸ ਦੇ ਪਿਛੇ ਕੋਈ ਅਸਮਾਨ।---- ਉਸ ਵੇਲੇ ਮੌਤ ਵੀ ਨਹੀਂ ਸੀ ਤੇ ਨ ਹੀ ਕੋਈ ਅਮਰ ਸੀ। ਰਾਤ ਦਿਨ ਦੇ ਭੇਦ ਜਾਨ ਨੂੰ ਵੀ ਕੋਈ ਚਿੰਨ੍ਹ[1] ਨਹੀਂ ਸੀ। ਉਹ ਇਕ ਚੀਜ਼ ਇਕਾਈ ਸੀ, ਤੇ ਉਸ ਦੇ ਸਿਵਾ ਹੋਰ ਕੁਝ ਨਹੀਂ ਸੀ। ਯਜੁਰ ਵੇਦ ਵਿਚ ਜਗਤ ਦੇ ਪੈਦਾ ਹੋਣ ਦਾ ਹਾਲ ਇਉਂ ਲਿਖਿਆ ਹੈ-'----ਪਹਿਲੇ ਪਾਣੀ ਹੀ ਪਾਣੀ ਸੀ। ----ਇਸ ਵਿਚ ਪਰਜਾਪਤੀ ਹਵਾ ਬਣ ਕੇ ਹਿਲਦਾ ਸੀ। ਪਰਜਾਪਤੀ ਨੇ 'ਭੂ' ਆਖ ਕੇ ਜ਼ਮੀਨ ਉਤਪਤ ਕੀਤੀ, 'ਭਵਾ' ਆਖ ਕੇ ਹਵਾ ਤੇ 'ਸਵਾਹ' ਆਖ ਕੇ ਅਸਮਾਨ ਪੈਦਾ ਕੀਤਾ।[2] ਤੈਤਰੀਆ ਬ੍ਰਾਹਮਣ ਵਿਚ ਲਿਖਿਆ ਹੈ ਕਿ ਇਹ ਸਾਰਾ ਬ੍ਰਹਿਮੰਡ ਬ੍ਰਹਮਾ ਤੋਂ ਉਤਪਤ ਹੋਇਆ ਹੈ। ਲੋਕ ਆਖਦੇ ਹਨ ਕਿ ਵੈਸ਼ਾਂ ਦੀ ਜ਼ਾਤ ਰਿਗ ਦੀਆਂ ਸ਼ਰੁਤੀਆਂ ਤੋਂ ਪੈਦਾ ਹੋਈ। ਖਤਰੀ ਯਜੁਰ ਵੇਦ ਦੇ ਪੇਟ ਵਿਚੋਂ ਪੈਦਾ ਹੋਏ ਤੇ ਬ੍ਰਾਹਮਣ ਸਾਮ ਵੇਦ ਵਿਚੋਂ।

ਸ੍ਰਿਸ਼ਟੀ ਰਚਨਾ ਤੋਂ ਪਹਿਲੀ ਹਾਲਤ ਸਬੰਧੀ ਹੋਰਨਾਂ ਮਤਾਂ ਵਿਚ ਵੀ ਅਜਿ ਹੀ ਖ਼ਿਆਲ ਆਏ ਹਨ। ਬਾਈਬਲ ਵਿਚ ਲਿਖਿਆ ਹੈ ਕਿ 'ਤਦੋਂ ਸ੍ਰਿਸ਼ਟੀ ਦੀ ਕੋਈ ਹੋਂਦ ਨਹੀਂ ਸੀ ਤੇ ਸੁੰਨ ਤੇ ਹਨੇਰ ਘੁੱਪ ਪ੍ਰਧਾਨ ਸੀ।' ਦਾਊਦ ਨੇ ਰੱਬ ਨੂੰ ਪੁਛਿਆ, 'ਸ੍ਰਿਸ਼ਟੀ ਰਚਨਾ ਤੋਂ ਪਹਿਲਾਂ ਰਚਨਹਾਰ ਤੂੰ ਕਿਥੇ ਸੈਂ?' ਰੱਬ ਨੇ ਉਤਰ ਦਿੱਤਾ, 'ਮੈਂ ਤਦੋਂ ਗੁਪਤ ਸਾਂ, ਮੈਂ ਜਾਣਿਆ ਜਾਣ ਦੀ ਇਛਾ ਕੀਤੀ ਤੇ ਇਹ ਸ੍ਰਿਸ਼ਟੀ ਰਚ ਦਿੱਤੀ।' ਇਸੇ ਤਰ੍ਹਾਂ ਕੁਰਾਨ ਸ਼ਰੀਫ਼ ਵਿਚ ਲਿਖਿਆ ਹੈ ਕਿਸੇ ਨੇ ਪੈਗੰਬਰ ਨੂੰ ਪੁਛਿਆ, 'ਸ੍ਰਿਸ਼ਟੀ ਰਚਨਾ ਤੋਂ ਪਹਿਲਾਂ ਰੱਬ ਕਿਥੇ ਸੀ?' ਉਤਰ ਮਿਲਿਆ ਕਿ 'ਉਹ ਇਕ

---

੧-ੳ-ਹਵਾਲਾ Hindu Mysticism, S.N.Gupta, p.23
ਅ-ਹਵਾਲਾ-ਵੈਦਕ ਰਿਸ਼ੀਆਂ ਦੇ ਇਲਮ, ਗਿਆਨੀ ਦਿੱਤ ਸਿੰਘ, ਪੰਨਾ ੫੫
੨- ਉਹੀ, ਪੰਨਾ ੫੮

ਧੁੰਦ (ਬੱਦਲ) ਵਿਚ ਸੀ, ਜਿਸ ਦੇ ਨ ਹੇਠਾਂ ਕੋਈ ਹਵਾ ਸੀ ਨ ਉਪਰ।' ਕੁਝ ਅਜਿਹੇ ਹੀ ਖਿਆਲ ਚੀਨੀ ਮਤਾਂ ਤੇ ਹੋਰ ਮਤਾਂ ਵਾਲਿਆਂ ਦਰਸਾਏ ਹਨ।[1] ਅੰਜੀਲ ਵਿਚ ਲਿਖਿਆ ਹੈ ਕਿ ਆਰੰਭ ਵਿਚ ਈਸ਼ਵਰ ਦਾ ਆਤਮਾ ਜਲ ਉਪਰ ਡੋਲਦਾ ਸੀ, ਉਸ ਨੇ ਆਖਿਆ ਕਿ 'ਚਾਨਣ ਹੋਵੇ',[2] ਤਦ ਪ੍ਰਕਾਸ਼ ਹੋ ਗਿਆ। ਫੇਰ ਈਸ਼ਵਰ ਨੇ ਪਹਿਲੇ ਦਿਨ ਚਾਨਣ ਨੂੰ ਹਨੇਰੇ ਤੋਂ ਵਖ ਕਰਕੇ ਦਿਨ ਰਾਤ ਦੀ ਸੰਗਿਆ ਥਾਪੀ। ਦੂਜੇ ਦਿਨ ਆਕਾਸ਼ ਰਚਿਆ, ਤੀਜੇ ਦਿਨ ਘਾਹ ਬੂਟੀ ਦੀ ਰਚਨਾ ਕੀਤੀ, ਚੌਥੇ ਦਿਨ ਚੰਦਰਮਾ, ਸੂਰਜ ਤੇ ਤਾਰੇ ਰਚੇ, ਪੰਜਵੇਂ ਦਿਨ ਜਲ ਜੰਤ ਤੇ ਪੰਛੀ ਬਣਾਏ, ਛੇਵੇਂ ਦਿਨ ਪਸ਼ੂ,ਕੀੜੇ ਮਕੌੜੇ ਤੇ ਨਰ ਨਾਰੀ ਸਿਰਜੀ, ਸਤਵੇਂ ਦਿਨ ਸਾਰਾ ਕੰਮ ਕਰਕੇ ਖ਼ੁਦਾ ਨੇ ਆਰਾਮ ਕੀਤਾ।(ਵੇਖੋ- Genesis ਕਾਂਡ-੧ ਅਤੇ ੨) ਕੁਰਾਨ ਵੀ ਇਸੇ ਦੀ ਤਾਈਦ ਕਰਦਾ ਹੈ- 'ਅਸੀਂ ਆਕਾਸ਼ ਤੇ ਪ੍ਰਿਥਵੀ ਨੂੰ ਸਭ ਵਸਤਾਂ ਸਹਿਤ ਛੀ ਦਿਨ ਵਿਚ ਬਣਾ ਦਿੱਤਾ ਤੇ ਥਕੇਵਾਂ ਸਾਡੇ ਨੇੜੇ ਨਹੀਂ ਆਇਆ।' (ਸੂਰਤ ਕਾਫ਼,ਆਯਤ ੩੮)[3]

ਸ਼ਤਪਥ ਬ੍ਰਾਹਮਣ ਵਿਚ ਲਿਖਿਆ ਹੈ ਕਿ ਪੁਰਸ਼ (ਪਰਮਾਤਮਾ) ਇਕੱਲਾ ਹੀ ਸੀ ਇਸ ਕਾਰਨ ਉਹ ਖ਼ੁਸ਼ ਨਹੀਂ ਸੀ, ਤਾਂ ਉਸ ਨੇ ਦੂਸਰੇ ਦੀ ਇਛਾ ਕੀਤੀ ਤਾਂ ਆਪਣੇ ਆਪ ਦੇ ਹੀ ਦੋ ਭਾਗ ਕਰ ਲਏ, ਜਿਨ੍ਹਾਂ ਵਿਚੋਂ ਇਕ ਮਰਦ ਤੇ ਦੂਜਾ ਇਸਤਰੀ ਬਣ ਗਿਆ। ਪਤਨੀ ਨੇ ਸੋਚਿਆ ਕਿ ਇਹ ਕਿਸ ਤਰ੍ਹਾਂ ਮੈਨੂੰ ਆਪਣੇ ਵਿਚੋਂ ਹੀ ਪੈਦਾ ਕਰਕੇ ਮੇਰੇ ਨਾਲ ਭੋਗ ਕਰਦਾ ਹੈ, ਮੈਂ ਲੋਪ ਹੋ ਜਾਂਦੀ ਹਾਂ। ਇਹ ਲੋਪ ਹੋ ਕੇ ਗਊ ਹੋ ਗਈ ਤੇ ਪਤੀ ਸਾਨ੍ਹ ਬਣ ਗਿਆ। ਇਉਂ ਗਊਆਂ ਉਤਪੰਨ ਹੋ ਗਈਆਂ। ਇਸੇ ਤਰ੍ਹਾਂ ਇਹ ਘੋੜੀ ਹੋ ਗਈ ਤੇ ਉਹ ਘੋੜਾ। ਇਹ ਖੋਤੀ ਹੋ ਗਈ ਤੇ ਉਹ ਖੋਤਾ;ਇਹ ਬਕਰੀ ਤੇ ਉਹ ਬਕਰਾ, ਇਹ ਹਿਰਨ ਤੇ ਉਹ ਹਿਰਨੀ। ਇਸੇ ਤਰ੍ਹਾਂ ਕੀੜੀ ਮਾਤਰ ਤਕ ਸਭ ਜੀਵ ਆਦਿ ਉਤਪੰਨ ਹੋ ਗਏ। ਅਗੇ ਚਲ ਕੇ ਲਿਖਿਆ ਹੈ ਪਰਜਾਪਤੀ ਨੇ ਆਪਣੇ ਆਪ ਨੂੰ ਪ੍ਰਗਟ ਕਰਨ ਦੀ ਇਛਾ ਲਈ ਤਪ ਕੀਤਾ ਤਾਂ ਉਸ ਦੇ ਸੁਆਸ ਵਿਚ ਸ਼ਕਤੀ ਆ ਗਈ। ਉਸ ਨੇ ਆਪਣੇ 'ਅਸੁ' ਨਾਲ ਅਸੁਰ (ਦੈਂਤ) ਪੈਦਾ ਕੀਤੇ, ਫੇਰ ਪਿਤਰ ਰਚੇ। ਪਿਤਰਾਂ ਨੂੰ ਉਤਪੰਨ ਕਰਕੇ ਉਸ ਨੇ ਜ਼ਰਾ ਕੁ ਸੋਚਿਆ ਤਾਂ ਆਦਮੀ ਪੈਦਾ ਹੋਏ। ਜਦ ਇਹ ਆਦਮੀ ਉਤਪੰਨ ਕਰ ਰਿਹਾ ਸੀ ਤਾਂ ਦਿਨ ਚੜ੍ਹ ਗਿਆ ਤਦ ਇਸ ਨੇ ਦੇਵਤੇ ਉਤਪੰਨ ਕੀਤੇ।

ਮਨੂ ਨੇ ਲਿਖਿਆ ਹੈ ਕਿ ਪਰਜਾਪਤੀ ਨੇ ਆਪਣੇ ਹੀ ਸਰੀਰ ਵਿਚੋਂ ਜੀਵ

---

੧- ੳ-ਗੁਰਮਤਿ ਦਰਸ਼ਨ, ਡਾ. ਸ਼ੇਰ ਸਿੰਘ, ਪੰਨਾ ੨੩੧-੩੨

ਅ-Islamic Sufism, Iqbal Ali Shah, p.129.

੨- ਹਵਾਲਾ-ਗੁਰੂ ਅਰਜਨ ਤੇ ਸੰਤ ਦਾਦੂ ਦਿਆਲ, ਡਾ. ਕਰਤਾਰ ਸਿੰਘ ਸੂਰੀ, ਪੰਨਾ ੧੯੨

੩- ਮਹਾਨ ਕੋਸ਼, ਪੰਨਾ ੧੮੭

ਉਤਪੰਨ ਕਰਨ ਦੀ ਇਛਾ ਕਰਕੇ ਪਹਿਲੇ ਜਲ ਉਤਪੰਨ ਕੀਤਾ ਤੇ ਉਸ ਵਿਚ ਇਕ ਬੀਜ ਸੁਟ ਦਿੱਤਾ। ਇਹ ਬੀਜ ਇਕ ਸੂਰਜ ਵਾਂਗ ਚਮਕਣ ਵਾਲਾ ਸਵਰਨ ਆਂਡਾ ਬਣ ਗਿਆ। ਇਸ ਵਿਚੋਂ ਉਹ ਆਪ ਹੀ ਸਾਰੀ ਸ੍ਰਿਸ਼ਟੀ ਦਾ ਪਿਤਾ ਬ੍ਰਹਮਾ ਉਤਪੰਨ ਹੋਇਆ। ਬ੍ਰਹਮਾ ਇਕ ਵਰ੍ਹਾ ਆਂਡੇ ਵਿਚ ਰਹਿ ਕੇ ਆਪਣੇ ਆਪ ਹੀ ਦੋ ਭਾਗਾਂ ਵਿਚ ਹੋ ਗਿਆ- ਭੂਗੋਲ ਤੇ ਖ਼ੁਗੋਲ। ਉਸ ਦਾ ਆਪਣਾ ਸਰੀਰ ਅੱਧਾ ਮਰਦ ਤੇ ਅੱਧਾ ਇਸਤਰੀ ਹੋ ਗਿਆ ਜਿਸ ਤੋਂ ਸਾਰੇ ਸੰਸਾਰ ਦੀ ਰਚਨਾ ਹੋਈ।[੧]

ਗੀਤਾ ਅਨੁਸਾਰ- ਸ੍ਰਿਸ਼ਟੀ ਰਚਨਾ ਤੋਂ ਪਹਿਲਾਂ ਇਥੇ ਅੰਧਕਾਰ ਸੀ, ਕੁਝ ਵੀ ਹੋਂਦ ਵਿਚ ਨਹੀਂ ਸੀ ਆਇਆ, ਸਭ ਪਾਸੇ ਅਗੰਮਤਾ ਹੀ ਫੈਲੀ ਹੋਈ ਸੀ। ਫਿਰ ਇਸ ਵਿਚ ਅਵਿਅਕਤ ਪਰਮਾਤਮਾ ਨੇ ਪ੍ਰਵੇਸ਼ ਕਰਕੇ ਪਹਿਲਾਂ ਪਾਣੀ ਉਤਪੰਨ ਕੀਤਾ।[੨] ਮਨੂ-ਸਿਮ੍ਰਤੀ ਵਿਚ ਵੀ ਪਹਿਲਾਂ ਪਾਣੀ ਦੀ ਰਚਨਾ ਹੀ ਦੱਸੀ ਗਈ ਹੈ।[੩] ਡਾ.ਰਾਧਾ ਕ੍ਰਿਸ਼ਨਨ ਨੇ ਮਾਨਚੈਸਟਰ ਕਾਲਜ ਆਕਸਫੋਰਡ ਵਿਚ ਨਵੰਬਰ ੧੯੩੮ ਵਿਚ ਆਪਣੇ ਇਕ ਵਿਖਿਆਨ ਵਿਚ ਕਿਹਾ ਸੀ ਕਿ 'ਪ੍ਰਿਥਵੀ ਰੂਪ ਰਹਿਤ ਤੇ ਸੁੰਨ ਸੀ, ਅਤੇ ਸਮੁੰਦਰ ਦੇ ਮੂੰਹ ਉਤੇ ਹਨੇਰਾ ਛਾਇਆ ਹੋਇਆ ਸੀ ਤੇ ਈਸ਼੍ਵਰ ਦੀ ਆਤਮਾ ਜਲ ਉਪਰ ਲਹਿਰਾਂ ਲੈ ਰਹੀ ਸੀ।[੪] ਕੁਰਾਨ ਨੇ ਲਿਖਿਆ ਹੈ ਕਿ ਖ਼ੁਦਾ ਨੇ ਕਿਹਾ 'ਕੁਨ' ਤੇ ਦੁਨੀਆਂ ਬਣ ਗਈ। ਸਾਂਖ ਦਾ ਵਿਚਾਰ ਹੈ ਕਿ ਸਾਰੀ ਰਚਨਾ ਸ਼ਿਵ ਤੇ ਸ਼ਕਤੀ ਦੇ ਮੇਲ ਨਾਲ ਹੀ ਹੋਈ ਹੈ। ਸ਼ਿਵ ਤੇ ਸ਼ਕਤੀ ਪੁਰਸ਼ ਤੇ ਪ੍ਰਕ੍ਰਿਤੀ ਹਨ। ਪਰ ਇਹ ਮਤ ਗੁਰਮਤ ਨੂੰ ਪ੍ਰਵਾਨ ਨਹੀਂ।[4]

ਭਾਈ ਜੋਧ ਸਿੰਘ ਅਨੁਸਾਰ ਗੁਰੂ ਸਾਹਿਬ ਰਚਨਾ ਸਿਧਾਂਤਾਂ ਨੂੰ ਬਿਆਨ ਕਰਨ ਦੇ ਵਿਸਥਾਰ ਵਿਚ ਨਹੀਂ ਪਏ।[੬] ਗੁਰਮਤ ਅਨੁਸਾਰ 'ਸ੍ਰਿਸ਼ਟੀ ਰਚਨਾ ਤੋਂ ਪਹਿਲਾਂ ਇਥੇ ਹਨੇਰਾ ਹੀ ਹਨੇਰਾ ਸੀ, ਇਥੇ ਕੁਝ ਵੀ ਨਹੀਂ ਸੀ, ਕਈ ਅਰਬਾਂ ਤੋਂ ਵੀ ਜ਼ਿਆਦਾ ਸਾਲ ਭਾਵ ਬੇਅੰਤ ਸਮਾਂ ਇਥੇ ਹਨੇਰਾ ਹੀ ਰਿਹਾ। ਉਦੋਂ ਨ ਧਰਤੀ ਸੀ ਨ ਆਕਾਸ਼ ਸੀ, ਕੇਵਲ ਉਸ ਅਪਾਰ ਦਾ ਹੁਕਮ ਹੀ ਵਰਤ ਰਿਹਾ ਸੀ। ਦਿਨ ਰਾਤ, ਚੰਨ ਸੂਰਜ, ਕੁਝ ਨਹੀਂ ਸੀ। ਕੇਵਲ ਪਰਮਾਤਮਾ ਅਫੁਰ ਸਮਾਧੀ ਵਿਚ ਲੀਨ ਸੀ। ਨ ਉਦੋਂ ਜੀਵਾਂ

---

੧- ਹਵਾਲਾ- A History of the Welfare of Science with Theology in Christendam,A.D.White,VI-I,p.9.

੨- ਗੀਤਾ ਰਹੱਸਯ(ਹਿੰਦੀ),ਬਾਲ ਗੰਗਾ ਧਰ ਤਿਲਕ,ਪੰਨਾ ੨੪੧-੪੨

੩- ਹਵਾਲਾ-ਗੁਰੂ ਨਾਨਕ ਤੇ ਭਗਤੀ ਅੰਦੋਲਨ, ਡਾ.ਮਨਮੋਹਨ ਸਿੰਘ,ਫੁਟ ਨੋਟ,ਪੰਨਾ ੫੫

੪- ਹਵਾਲਾ-ਧਰਮ-ਇਕ ਤੁਲਨਾਤਮਕ ਅਧਿਅਨ,ਡਾ.ਰਾਧਾ ਕ੍ਰਿਸ਼ਨਨ,ਪੰਨਾ ੮੧

੫- Outlines of Sikh Thought,Dr.S.S.Kohli,p.39.

੬- Some Studies in Sikhism,Bhai Jodh Singh,p.12.

ਦੀ ਕੋਈ ਖਾਣੀ ਸੀ ਨ ਕੋਈ ਬੋਲੀ ਸੀ, ਹਵਾ ਪਾਣੀ ਆਦਿ ਵੀ ਨਹੀਂ ਸੀ। ਜੀਵਨ ਮੌਤ ਵੀ ਨਹੀਂ ਸੀ। ਨ ਖੰਡ ਸਨ ਨ ਸੱਤ ਪਾਤਾਲ ਤੇ ਨ ਹੀ ਸਾਗਰ ਤੇ ਨਦੀ ਦਾ ਪਾਣੀ ਸੀ। ਨ ਕੋਈ ਮਾਤ ਲੋਕ ਸੀ ਨ ਪਾਤਾਲ ਸੀ, ਨਰਕ ਸਵਰਗ ਵੀ ਨਹੀਂ ਸੀ। ਬ੍ਰਹਮਾ ਵਿਸ਼ਨੂੰ ਸ਼ਿਵ ਜੀ ਆਦਿ ਕੋਈ ਨਹੀਂ ਸਨ। ਇਕ ਪਰਮਾਤਮਾ ਤੋਂ ਸਿਵਾ ਇਥੇ ਕੋਈ ਨਾਰ ਪੁਰਖ ਨਹੀਂ ਸੀ। ਨ ਕੋਈ ਤਪ ਕਰਨ ਵਾਲੇ ਸਾਧੂ ਸਨ ਤੇ ਨ ਹੀ ਸੁਖ ਰਹਿਣੇ ਭੋਗੀ ਸਨ। ਜੋਗੀਆਂ ਦੇ ਗੁਰੂ, ਜਾਂ ਸ਼ੈਵ ਮੱਤ ਵਰਗੇ ਫਿਰਕੇ, ਇਥੇ ਨਹੀਂ ਸਨ; ਨ ਹੀ ਕੋਈ ਗਊਆਂ ਵਾਲਾ ਕਾਨ੍ਹ ਹੀ ਸੀ ਨ ਹੀ ਤੁਲਸੀ ਨੂੰ ਸਤਿਕਾਰਨ ਵਾਲੇ ਵੈਸ਼ਨੋ ਹੀ ਸਨ। ਕੋਈ ਪਾਖੰਡ ਜਾਂ ਕਰਮ ਕਾਂਡ ਨਹੀਂ ਸੀ। ਕੋਈ ਮਾਇਆ ਵਰਗਾ ਲਾਲਚ ਅਖੀਂ ਨਹੀਂ ਦਿਸਦਾ ਸੀ ਨ ਹੀ ਕਿਤੇ ਮਮਤਾ ਜਾਲ ਸੀ। ਕਿਸੇ ਦੀ ਨਿੰਦਾ ਚੁਗਲੀ ਨਹੀਂ ਸੀ। ਗੋਰਖ ਤੇ ਮਛੰਦਰ ਜੋਗੀ ਵੀ ਨਹੀਂ ਸਨ। ਨ ਕੋਈ ਵੰਸ ਦਾ ਵਿਚਾਰ ਸੀ ਨ ਹੀ ਕ੍ਰਮ ਧਰਮ ਦੀਆਂ ਗਿਣਤੀਆਂ ਸਨ। ਜਾਤੀ ਭੇਦ ਵੀ ਨਹੀਂ ਸੀ ਨ ਹੀ ਕੋਈ ਗਾਇਤ੍ਰੀ ਵਰਗਾ ਪਾਠ ਸੀ। ਕੋਈ ਹਵਨ ਯਗ, ਪੂਜਾ, ਤੀਰਥ ਇਸ਼-
-ਨਾਨ ਨਹੀਂ ਸੀ। ਮੁੱਲਾਂ, ਕਾਜ਼ੀ, ਸ਼ੇਖ਼, ਹਾਜੀ ਆਦਿ ਕੋਈ ਨਹੀਂ ਸਨ। ਜੀਵ ਤੇ ਮਾਇਆ ਦਾ ਭੇਦ ਨਹੀਂ ਸੀ। ਨ ਹੀ ਜੀਵ ਨੂੰ ਪੈਦਾ ਕਰਨ ਵਾਲੇ ਰਕਤ ਤੇ ਬੂੰਦ ਹੀ ਸਨ। ਕੇਵਲ ਪਾਰਬ੍ਰਹਮ ਆਪ ਹੀ ਸੀ। ਨ ਮੁਸਲਮਾਨਾਂ ਦੀਆਂ ਤੇ ਨ ਹੀ ਹਿੰਦੂਆਂ ਦੀਆਂ ਧਰਮ ਪੁਸਤਕਾਂ ਸਨ। ਸੂਰਜ ਦਾ ਚੜ੍ਹਨਾ ਡੁਬਣਾ ਨਹੀਂ ਸੀ। ਸਭ ਕੁਝ ਉਹ ਆਪ ਹੀ ਸੀ।

'ਜਦੋਂ ਉਸ ਦੀ ਰਜ਼ਾ ਹੋਈ ਤਾਂ ਉਸ ਨੇ ਸਾਜਨਾ ਕੀਤੀ। ਬਿਨਾਂ ਕਿਸੇ ਸਰੀਰਕ ਜਾਦੂਗਰੀ ਦੇ ਉਸ ਨੇ ਜਗਤ ਰਚਨਾ ਕਰ ਲਈ। ਬ੍ਰਹਮਾ ਵਿਸ਼ਨੂੰ ਤੇ ਸ਼ਿਵ ਜੀ ਵੀ ਪੈਦਾ ਕਰ ਲਏ, ਮੋਹ ਮਾਇਆ ਇਸ ਜਗਤ ਵਿਚ ਪਾ ਦਿੱਤੀ। ਕਿਸੇ ਵਿਰਲੇ ਧਰਮੀ ਪੁਰਖ ਨੂੰ ਪ੍ਰਭੂ ਦਾ ਸ਼ਬਦ (ਨਾਮ) ਚੇਤੇ ਰਖਾਇਆ। ਇਹ ਸਾਰਾ ਕੁਝ ਸਾਜ ਕੇ ਪਰਮਾਤਮਾ ਆਪ ਵੇਖਣ ਲੱਗਾ। ਸਾਜਨਾ ਕਰਕੇ ਪਰਮਾਤਮਾ ਨਿਰਗੁਣ ਤੋਂ ਸਰਗੁਣ ਹੋ ਗਿਆ। ਉਸ ਪ੍ਰਭੂ ਦਾ ਹਿਸਾਬ ਨਹੀਂ ਪਾਇਆ ਜਾ ਸਕਦਾ, ਉਸ ਦੀ ਰਚਨਾ ਦਾ ਰਹੱਸ ਸਮਝ ਕੇ ਜੀਵ ਕੇਵਲ ਵਿਸਮਾਦਤ ਹੋ ਸਕਦਾ ਹੈ।'[2]

ਇਥੇ ਕਿਤੇ ਵੀ ਗੁਰੂ ਜੀ ਨੇ ਨਹੀਂ ਕਿਹਾ ਕਿ ਸਾਰੀ ਰਚਨਾ ਅਖ ਪਲਕਾਰੇ ਵਿਚ ਹੋ ਗਈ ਜਾਂ ਇਕ ਖਿਨ ਵਿਚ ਸਮੇਟੀ ਜਾ ਸਕਦੀ ਹੈ। ਸਗੋਂ ਗੁਰੂ ਜੀ

---

੧- ਗਾਇਤ੍ਰੀ, ਜੋ ਤ੍ਰਿਨ-ਪਾਲਾ ਮੰਤਰ ਹੈ, ਇਸ ਦਾ ਜਾਪ ਕੇਵਲ ਬ੍ਰਾਹਮਣ, ਖਤਰੀ ਤੇ ਵੈਸ਼ ਹੀ ਕਰ ਸਕਦੇ ਹਨ।

੨- ਮਾਰੂ ਸੋਲਹੇ ਮ:੧, ਆਦਿ ਗ੍ਰੰਥ, ਪੰਨਾ ੧੦੩੫-੩੬ (ਅਰਬਦ ਨਰਬਦ ਧੁੰਦੂਕਾਰਾ--)

ਤਾਂ ਪਰਮਾਤਮਾ ਦੇ ਹੁਕਮ ਨੂੰ ਸਰਵ ਗਿਆਤਾ ਸਮਝਦੇ ਹਨ। ਇਹ ਹੁਕਮ ਕਿਵੇਂ ਹੁੰਦਾ ਹੈ, ਕਿਵੇਂ ਕੰਮ ਕਰਦਾ ਹੈ, ਇਹ ਸਿਰਫ ਪਰਮਾਤਮਾ ਹੀ ਜਾਣਦਾ ਹੈ। ਸਮਾਂ, ਦਿਨ, ਵਾਰ, ਥਿਤ, ਮਹੀਨਾ, ਮੌਸਮ ਅਤੇ ਸਾਲ ਉਦੋਂ ਕੀ ਸੀ, ਇਹ ਵੀ ਕਿਸੇ ਨੂੰ ਕੁਝ ਪਤਾ ਨਹੀਂ; ਕੇਵਲ ਉਹੀ ਜਾਣਦਾ ਹੈ, ਜਿਸ ਨੇ ਇਹ ਰਚਨਾ ਸਾਜੀ। ਜੀਵ ਤਾਂ ਕਿਸੇ ਤਰ੍ਹਾਂ ਵੀ ਨਹੀਂ ਜਾਣ ਸਕਦਾ ਕਿ ਪਰਮਾਤਮਾ ਇਹ ਕੁਝ ਕਿਵੇਂ ਹੋਂਦ ਵਿਚ ਲਿਆਉਂਦਾ ਹੈ। ਇਹ ਭੇਦ ਸਿਰਫ਼ ਉਸੇ ਪਾਸ ਹੀ ਹੈ।[੧]

ਡਾ. ਰਾਧਾ ਕ੍ਰਿਸ਼ਨਨ ਦੇ ਵਿਚਾਰ ਅਨੁਸਾਰ-'ਬਿਲਕੁਲ ਆਰੰਭ ਵਿਚ 'ਸ਼ਬਦ' ਸੀ। ਇਸ ਦਾ ਇਹ ਮਤਲਬ ਹੋਣਾ ਚਾਹੀਦਾ ਹੈ, ਬਿਲਕੁਲ ਸ਼ੁਰੂ ਵਿਚ ਵਿਚਾਰ ਸੀ। ਸ਼ਬਦ ਵਿਚਾਰ ਦਾ ਹੀ ਰੂਪ ਹੈ। ਸਾਰੀ ਸ੍ਰਿਸ਼ਟੀ ਵਿਚਾਰ ਦਾ ਹੀ ਇਕ ਸਾਕਾਰ ਰੂਪ ਹੈ।[੨]

ਗੁਰੂ ਨਾਨਕ ਦੇਵ ਜੀ ਨੇ ਸ੍ਰਿਸ਼ਟੀ ਦੀ ਤਰਤੀਬ ਦਸਦਿਆਂ ਸਭ ਤੋਂ ਪਹਿਲਾਂ ਸੱਚ ਤੋਂ ਪਉਣ ਰਚੀ ਤੇ ਪਉਣ ਤੋਂ ਜਲ ਤੇ ਜਲ ਤੋਂ ਇਸ ਤ੍ਰਿਭਵਣ ਦੀ ਸਿਰਜਨਾ ਕੀਤੀ ਗਈ ਦਸੀ ਹੈ ਤੇ ਫਿਰ ਉਹ ਬ੍ਰਹਮ ਆਪ ਆਪਣੀ ਰਚਨਾ ਵਿਚ ਵਿਲੀਨ ਹੋ ਗਿਆ।[੩]

## ਰਚਨਾ ਕਦੋਂ ਹੋਈ

ਸ੍ਰਿਸ਼ਟੀ ਰਚਣ ਵਾਂਗ ਸ੍ਰਿਸ਼ਟੀ ਦਾ ਸਮਾਂ ਨਿਯਤ ਕਰਨ ਵਿਚ ਵੀ ਸਾਰੇ ਧਰਮਾਂ ਨੇ ਇਕ ਦੂਜੇ ਤੋਂ ਵੱਧ ਵਿਦਵਤਾ ਦਿਖਾਈ ਹੈ।

ਬਿਸ਼ਪ ਲਾਈਟਫੁਟ ਨੇ ਇਕ ਲੇਖ ਰਾਹੀਂ ਇਹ ਖਿਆਲ ਪ੍ਰਗਟ ਕੀਤਾ ਸੀ ਕਿ ਮਨੁੱਖ ਨੂੰ ਤ੍ਰੇਈ (ਪਿਤਾ ਪੁਤਰ ਤੇ ਪਵਿਤਰ ਆਤਮਾ) ਨੇ ਸੰਨ ੪੦੦੪ ਪੂਰਵ ਈਸਵੀ ਵਿਚ ਲਗ ਪਗ ੯ ਵਜੇ ਬਣਾਇਆ ਸੀ।[੪] ਇਕ ਹੋਰ ਈਸਾਈ ਨੇ ਰਚਨਾ ਦੀ ਤਾਰੀਖ਼,[੫] ੨੩ ਅਕਤੂਬਰ, ਸੰਨ ੪੦੦੪ ਪੂਰਵ ਈਸਵੀ, ਦਸਣ ਵਿਚ ਵੀ ਝਿਜਕ ਨਹੀਂ ਕੀਤੀ। ਇਕ ਪਛਮੀ ਪ੍ਰੋਫੈਸਰ ਕੇਰਲ ਦਾ ਖਿਆਲ ਹੈ ਕਿ ਇਸ ਸ੍ਰਿਸ਼ਟੀ ਨੂੰ ਬਣਿਆਂ ੭ ਕਰੋੜ ਸਾਲ ਹੋ ਗਏ ਹਨ। ਵਿਲੀਅਮ ਤਾਮਸ ਇਸ ਸਮੇਂ ਨੂੰ ੧੦ ਕਰੋੜ ਸਾਲ ਦਸਦਾ ਹੈ

---

੧- The Philosophy of Religion, G.Galloway.

੨- ਧਰਮ-ਇਕ ਤੁਲਨਾਤਮਕ ਅਧਿਐਨ, ਡਾ. ਰਾਧਾ ਕ੍ਰਿਸ਼ਨਨ, ਪੰਨਾ ੯੨

੩- ਸਾਚੇ ਤੇ ਪਵਨਾ ਭਇਆ ਪਵਨੈ ਤੇ ਜਲੁ ਹੋਇ॥
ਜਲ ਤੇ ਤ੍ਰਿਭਵਣੁ ਸਾਜਿਆ ਘਟਿ ਘਟਿ ਜੋਤਿ ਸਮੋਇ॥
— ਸਿਰੀ ਰਾਗੁ ਮ:੧, ਆਦਿ ਗ੍ਰੰਥ, ਪੰਨਾ ੧੯

੪- ਧਰਮ-ਇਕ ਤੁਲਨਾਤਮਕ ਅਧਿਐਨ, ਡਾ. ਰਾਧਾ ਕ੍ਰਿਸ਼ਨਨ, ਪੰਨਾ ੮੨

੫- A History of the Welfare of Scinece with Theology in Christendam, A.D.White, VI-I-p.9.

ਤੇ ਪ੍ਰੋਫੈਸਰ ਹਿਲਨਰ ਦੋ ਕਰੋੜ ਸਾਲ ਹੀ ਦਸਦਾ ਹੈ।[੧] ਅੰਗ੍ਰੇਜ਼ੀ ਅਖਬਾਰ ਟ੍ਰਿਬਿਊਨ ਨੇ ਕੈਲੀਫੋਰਨੀਆਂ ਦੀ ਇਕ ਖ਼ਬਰ ਦਸੀ ਹੈ ਕਿ ਉਥੋਂ ਦੇ ਸਾਇੰਸਦਾਨਾਂ ਦੇ ਇਕ ਗਰੁੱਪ ਨੇ ਹਿਸਾਬ ਲਾ ਕੇ ਦਸਿਆ ਹੈ ਕਿ ਮਨੁੱਖ ਇਸ ਧਰਤੀ ਤੇ ਲਗ ਪਗ ੫੦,੦੦੦ ਸਾਲ ਪਹਿਲਾਂ ਪੈਦਾ ਹੋ ਗਿਆ ਸੀ (ਯਾਦ ਰਹੇ ਕਿ ਅਮਰੀਕਨਾਂ ਦਾ ਪਹਿਲਾ ਵਿਚਾਰ ਇਹ ਰਿਹਾ ਹੈ ਕਿ ਪਹਿਲਾ ਜੀਵ ਉਤਰੀ ਅਮਰੀਕਾ ਵਿਚ ਲਗ ਪਗ ੨੦,੦੦੦ ਸਾਲ ਪਹਿਲਾਂ ਪੈਦਾ ਹੋਇਆ ਸੀ)।[੨]

ਹਿੰਦੂ ਮਤ ਅਨੁਸਾਰ ਜਗਤ ਨੂੰ ਹੋਂਦ ਵਿਚ ਆਇਆਂ ਅੱਜ (੧੯੭੫) ੧੯੬੦੮੫੩੦੭੫ ਸਾਲ ਹੋ ਗਏ ਹਨ। ਮੁਸਲਮਾਨ ਇਸ ਸਮੇਂ ਨੂੰ ੧੪,੦੦੦ ਸਾਲ ਕਹਿੰਦੇ ਹਨ।

ਗੁਰਮਤ ਅਨੁਸਾਰ ਇਹ ਸਮਾਂ ਵੀ ਨਿਯਤ ਨਹੀਂ ਕਿ ਕਿੰਨੀ ਦੇਰ ਤੋਂ ਸ੍ਰਿਸ਼ਟੀ ਰਚੀ ਗਈ ਹੈ, ਨ ਹੀ ਗੁਰੂ ਸਾਹਿਬਾਨ ਕਿਸੇ ਨੂੰ ਭੰਬਲ ਭੂਸਿਆਂ ਵਿਚ ਪਾਉਂਦੇ ਹਨ ਕਿ ਇਹ ਕਿਵੇਂ ਰਚੀ ਗਈ। ਉਹ ਤਾਂ ਸਪਸ਼ਟ ਕਹਿੰਦੇ ਹਨ ਕਿ ਕਰਤਾਰ ਦੀ ਕਿਰਤ ਨੂੰ ਇਕ ਸਾਧਾਰਨ- ਜੀਵ ਕਿਵੇਂ ਜਾਣ ਸਕਦਾ ਹੈ। ਕਰਤਾ ਕੀ ਕਰਦਾ ਹੈ, ਉਸ ਦੀ ਕਿਰਤ ਨਹੀਂ ਜਾਣ ਸਕਦੀ। ਇਹ ਸਾਰੇ ਅੰਦਾਜ਼ੇ ਜੀਵਾਂ ਦੇ ਆਪਣੇ ਲਈ ਪਾਏ ਹੋਏ ਭੁਲੇਖੇ ਹਨ।

ਕੁਰਾਨ ਰਚਨ ਵਾਲਿਆਂ ਨੂੰ ਆਪ ਪਤਾ ਨਹੀਂ ਕਿ ਕਦੋਂ ਸ੍ਰਿਸ਼ਟੀ ਰਚੀ ਗਈ, ਜੇ ਪਤਾ ਹੁੰਦਾ ਤਾਂ ਉਹ ਆਪਣੀ ਰਚਨਾ ਵਿਚ ਦਾਅਵੇ ਨਾਲ ਲਿਖ ਕੇ ਨ ਜਾਂਦੇ; ਨ ਕਿਸੇ ਜੋਗੀ ਜਾਂ ਤਪੀ ਨੂੰ ਹੀ ਇਹ ਪਤਾ ਹੈ ਕਿ ਕਿਸ ਵਾਰ ਨੂੰ ਸ੍ਰਿਸ਼ਟੀ ਰਚਨਾ ਸ਼ੁਰੂ ਹੋਈ ਤੇ ਕਦੋਂ ਮੁਕੰਮਲ ਹੋਈ ਜਾਂ ਹੋਏਗੀ। ਇਹ ਤਾਂ ਸਿਰਫ਼ ਕਰਤਾ ਹੀ ਜਾਣਦਾ ਹੈ; ਜਿਸ ਦੀ ਰਚਨਾ ਹੈ।[੩] ਜਿਵੇਂ ਕਿ ਪਿਛੇ ਵੇਖਿਆ ਹੈ, 'ਅਨੇਕ ਮਤਾਂ ਵਿਚ ਸ੍ਰਿਸ਼ਟੀ ਦੀ ਉਤਪਤੀ ਔਰ ਲਯ ਭਿੰਨ ਭਿੰਨ ਰੀਤੀ ਕਰਕੇ ਮੰਨੀ ਹੈ, ਔਰ ਰਚਨਾ ਦੇ ਪ੍ਰਕਾਰ ਇਉਂ ਦੱਸੇ ਹਨ ਜਿਸ ਤਰ੍ਹਾਂ ਅੱਖਾਂ ਦੇ ਸਾਹਮਣੇ ਸਭ ਕੁਛ ਹੋਇਆ ਹੋਵੇ, ਪਰ ਗੁਰੂ ਸਾਹਿਬ ਤਰਕ ਵਿਤਰਕ ਛੱਡ ਕੇ ਸਭ ਸੰਸਾਰ ਕਰਤਾਰ ਦੇ ਹੁਕਮ ਨਾਲ ਹੋਯਾ ਕਥਨ ਕਰਦੇ ਹਨ।[੪]

---

੧- ਗੁਰਮਤ ਫਿਲਾਸਫ਼ੀ, ਗਿਆਨੀ ਪ੍ਰਤਾਪ ਸਿੰਘ, ਪੰਨਾ ੩੯੬

੨- ਦੀ ਟ੍ਰਿਬਿਊਨ ੧੬ ਮਈ, ੧੯੭੪

੩- ਵੇਲ ਨ ਪਾਈਆ ਪੰਡਤੀ ਜਿ ਹੋਵੈ ਲੇਖੁ ਪੁਰਾਣੁ।।
ਵਖਤੁ ਨ ਪਾਇਓ ਕਾਦੀਆ ਜਿ ਲਿਖਨਿ ਲੇਖੁ ਕੁਰਾਣੁ।।
ਥਿਤਿ ਵਾਰੁ ਨਾ ਜੋਗੀ ਜਾਣੈ ਰੁਤਿ ਮਾਹੁ ਨਾ ਕੋਈ।।
ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ।। -ਜਪੁਜੀ, ਆਦਿ ਗ੍ਰੰਥ, ਪੰਨਾ ੪

੪- ਗੁਰੁਮਤ ਪ੍ਰਭਾਕਰ, ਭਾਈ ਕਾਨ੍ਹ ਸਿੰਘ ਨਾਭਾ, ਅੰਕ ੩੫੪, ਪੰਨਾ ੧੮੦

ਸਿੱਖ ਗੁਰੂ ਪਰਮਾਤਮਾ ਨੂੰ ਹੀ ਸ੍ਰਿਸ਼ਟੀ ਦਾ ਕਰਤਾ ਤੇ ਕਾਰਨ ਮੰਨਦੇ ਹਨ। ਉਹ ਪਰਮਾਤਮਾ ਨੂੰ ਸ੍ਰਿਸ਼ਟੀ ਦਾ ਨਮਿੱਤ ਤੇ ਉਪਾਦਾਨ ਕਾਰਨ ਮੰਨਦੇ ਹਨ।[1]

ਜਗਤ ਕੀ ਹੈ

ਉਪਨਿਸ਼ਦਾਂ ਵਿਚ ਜਗਤ ਨੂੰ ਬ੍ਰਹਮਾ ਦਾ ਹੀ ਦੂਜਾ ਰੂਪ ਮੰਨਿਆ ਗਿਆ ਹੈ। ਬ੍ਰਹਮ ਹੀ ਜਗਤ ਦਾ ਪਿਤਾ ਹੈ, ਪਾਲਕ ਹੈ ਤੇ ਵਾਪਸ ਲਿਜਾਣ ਵਾਲਾ ਹੈ। ਬ੍ਰਹਮ ਅਨੰਤ ਹੈ ਤੇ ਜਗਤ ਉਸ ਦਾ ਇਕ ਅੰਸ਼ ਹੈ।[2]

ਸ਼ੰਕਰ ਦੇ ਵਿਚਾਰ ਅਨੁਸਾਰ ਇਹ ਜਗਤ ਮਿਥਿਆ ਹੈ। ਇਹ ਸੱਚ ਨਹੀਂ ਹੋ ਸਕਦਾ, ਕਿਉਂਕਿ ਇਹ ਸਥਿਰ ਨਹੀਂ ਰਹਿੰਦਾ, ਪਰੀਵਰਤਨਸ਼ੀਲ ਹੈ। ਪਰ ਰਾਮਾਨੁਜ ਨੇ ਜਗਤ ਨੂੰ ਮਿਥਿਆ ਨਹੀਂ, ਸੱਚ ਆਖਿਆ ਹੈ, ਜਿਸ ਦੇ ਤਿੰਨ ਅੰਗ ਹਨ- ਜੀਵ, ਮਾਇਆ ਤੇ ਪਰਮਾਤਮਾ। ਇਹ ਤਿੰਨੇ ਅੰਗ ਅਜਿਹੇ ਅਨਿਖੜ ਹਨ ਕਿ ਕਿਸੇ ਇਕ ਦੀ ਹੋਂਦ ਨੂੰ ਵੀ ਅਸਵੀਕਾਰ ਨਹੀਂ ਕੀਤਾ ਜਾ ਸਕਦਾ। ਜੀਵ ਦੇ ਭੋਗਣ ਲਈ ਮਾਇਆ ਪਰਮਾਤਮਾ ਨੇ ਰਚੀ- ਆਪ ਪਰਮਾਤਮਾ ਅੰਤਰਯਾਮੀ ਦੇ ਰੂਪ ਵਿਚ ਜੀਵ ਦੇ ਵਿਚ ਵਸ ਗਿਆ- ਇਹੀ ਜਗਤ ਹੈ। ਰਾਮਾਨੁਜ ਦਾ ਵਿਚਾਰ ਠੋਸ ਹੈ, ਕਿਉਂਕਿ ਮਿਥਿਆ ਤਾਂ ਉਸ ਨੂੰ ਕਹਿੰਦੇ ਹਨ, ਜਿਸ ਦੀ ਹੋਂਦ ਨ ਹੋਵੇ, ਪਰ ਇਸ ਜਗਤ ਦੀ ਤਾਂ ਠੋਸ ਹੋਂਦ ਹੈ। ਜੀਵ ਦਿਸਦੇ ਹਨ, ਮਾਇਆ ਦੇ ਰਸ ਭੋਗਦੇ ਹਨ, ਪਰਮਾਤਮਾ ਵਿਚ ਲੀਨ ਹੋਣ ਦੀ ਕੋਸ਼ਿਸ਼ ਵਿਚ ਰਹਿੰਦੇ ਹਨ। ਇਹ ਸਭ ਕੁਝ ਵਾਪਰ ਰਿਹਾ ਹੈ, ਸੋ ਜਗਤ ਰਚਨਾ ਸੱਚ ਹੈ।

ਸੁਆਮੀ ਮਾਧਵਾਚਾਰੀਆ ਤੇ ਵਲਭਾਚਾਰੀਆ ਨੇ ਵੀ ਇਸ ਜਗਤ ਨੂੰ ਰਾਮਾਨੁਜ ਵਾਂਗ ਸੱਚ ਮੰਨਿਆ ਹੈ। ਗੁਰੂ ਨਾਨਕ ਦੇਵ ਜੀ ਅਨੁਸਾਰ ਇਸ ਸਾਰੀ ਸ੍ਰਿਸ਼ਟੀ ਦਾ ਰਚਨਹਾਰਾ ਪ੍ਰਭੂ ਆਪ ਹੀ ਹੈ, ਜਿਸ ਨੇ ਇਹ ਉਤਪੰਨ ਕੀਤੀ ਤੇ ਉਸ ਦੇ ਹੁਕਮ ਨਾਲ ਇਹ ਖਤਮ ਹੋ ਜਏਗੀ।

ਜਗਤ ਬਾਰੇ ਭਿੰਨ ਭਿੰਨ ਵਿਚਾਰਾਂ ਦਾ ਸਾਰ ਇਹ ਹੈ:-

੧- ਵੇਦਾਂ ਅਨੁਸਾਰ ਜਗਤ ਰਚਨਾ ਤੋਂ ਪਹਿਲਾਂ ਪਰਮਾਤਮਾ ਸੁੰਨ ਸਮਾਧੀ ਵਿਚ ਸੀ।
੨- ਉਪਨਿਸ਼ਦਾਂ ਅਨੁਸਾਰ ਜਗਤ ਬ੍ਰਹਮਾ ਦਾ ਹੀ ਸਰੂਪ ਹੈ, ਬ੍ਰਹਮਾ ਹੀ ਜਗਤ ਪਾਲਕ ਤੇ ਘਾਲਕ ਹੈ।
੩- ਸ਼ਾਸਤਰਾਂ ਅਨੁਸਾਰ ਸਾਰੀ ਰਚਨਾ ਸ਼ਿਵ ਤੇ ਸ਼ਕਤੀ ਤੋਂ ਹੋਈ ਹੈ।
੪- ਸਾਰੀ ਰਚਨਾ ਸ਼ਬਦ ਤੋਂ ਹੋਈ ਹੈ।
੫- ਇਸਲਾਮ ਅਨੁਸਾਰ 'ਕੁਨ' ਉਚਾਰਨ ਨਾਲ ਸ੍ਰਿਸ਼ਟੀ ਬਣੀ।

---

੧- ਸ੍ਰੀ ਗੁਰੂ ਗ੍ਰੰਥ ਦਰਸ਼ਨ (ਹਿੰਦੀ), ਡਾ. ਜਯ ਰਾਮ ਮਿਸ਼ਰ, ਪੰਨਾ ੧੦੧
੨- ਮੁੰਡਕ ਉਪਨਿਸ਼ਦ ੧,੧,੭

੬- ਬਾਈਬਲ ਅਨੁਸਾਰ 'ਚਾਨਣ ਹੋ ਜਾਏ' ਦੀ ਖਾਹਸ਼ ਨਾਲ ਰਚਨਾ ਹੋ ਗਈ।

੭- ਹਿੰਦੂਆਂ,ਈਸਾਈਆਂ ਤੇ ਮੁਸਲਮਾਨਾਂ ਨੇ ਆਪਣੇ ਆਪਣੇ ਅੰਦਾਜ਼ੇ ਲਗਾ ਕੇ ਦੱਸੇ ਹਨ ਕਿ ਸ੍ਰਿਸ਼ਟੀ ਬਣੀ ਨੂੰ ਕਿੰਨਾ ਸਮਾਂ ਹੋ ਗਿਆ ਹੈ, ਪਰ ਇਹ ਸਮਾਂ ਕਿਸੇ ਵੀ ਮਤ ਦਾ ਦੂਜੇ ਨਾਲ ਨਹੀਂ ਰਲਦਾ। ਕਿਉਂਕਿ ਹਕੀਕਤ ਦਾ ਤਾਂ ਕਿਸੇ ਨੂੰ ਪਤਾ ਨਹੀਂ ਕਿ ਇਹ ਰਚਨਾ ਕਦੋਂ ਤੇ ਕਿਵੇਂ ਕੀਤੀ ਗਈ।

ਇਨ੍ਹਾਂ ਵਿਚੋਂ ਕੁਝ ਕੁ ਵਿਚਾਰ ਗੁਰੂ ਨਾਨਕ ਦੇਵ ਜੀ ਵਾਂਗ ਗੁਰੂ ਅੰਰਜਨ ਦੇਵ ਜੀ ਨੂੰ ਹਕੀਕਤ ਦੇ ਨੇੜੇ ਲਗੇ ਜਿਹਾ ਕਿ 'ਸ੍ਰਿਸ਼ਟੀ ਰਚਨਾ ਤੋਂ ਪਹਿਲਾਂ ਇਹ ਸੰਸਾਰ ਕੀ ਸੀ। ਆਪ ਨੇ ਇਹ ਵਿਚਾਰ ਠੋਸ ਮੰਨਿਆ ਹੈ ਕਿ ਜਗਤ ਰਚਨਾ ਤੋਂ ਪਹਿਲਾਂ ਜਦੋਂ ਇਥੇ ਕੁਝ ਵੀ ਨਹੀਂ ਸੀ ਤਾਂ ਪਾਪ ਪੁੰਨ ਕਾਹਦੇ; ਕਿਉਂਕਿ ਕਰਨ ਵਾਲਾ ਹੀ ਕੋਈ ਨਹੀਂ ਸੀ। ਪ੍ਰਭੂ ਸੁੰਨ ਸਮਾਧੀ ਵਿਚ ਲੀਨ ਸੀ, ਜੀਵ ਤਾਂ ਹੈ ਨਹੀਂ ਸਨ, ਫਿਰ ਕਿਸੇ ਨਾਲ ਵੈਰ ਕਿਸ ਨੇ ਕਰਨੇ ਸਨ। ਜਦੋਂ ਸ੍ਰਿਸ਼ਟੀ ਦੇ ਰੂਪ ਰੰਗ ਤੇ ਨਿਸ਼ਾਨ ਨਹੀਂ ਸਨ ਤਾਂ ਦੁਖ ਸੁਖ ਕਿਸ ਨੂੰ ਵਿਆਪ ਸਕਦੇ ਸਨ। ਉਦੋਂ ਕੇਵਲ ਉਹ ਆਪ ਪਾਰਬ੍ਰਹਮ ਹੀ ਸੀ, ਫਿਰ ਹੋਰ ਕਿਸੇ ਨਾਲ ਮੋਹ ਪਿਆਰ ਕਾਹਦਾ। ਉਹ ਆਪਣੀ ਲੀਲ੍ਹਾ ਆਪ ਵਰਤਾਉਂਦਾ ਸੀ ਤੇ ਆਪ ਹੀ ਵੇਖਦਾ ਸੀ। ਜਦੋਂ ਪਰਮਾਤਮਾ ਇਕੱਲਾ ਸੀ ਤਾਂ ਨਰਗ ਸਵਰਗ ਵਿਚ ਕਿਸ ਨੇ ਜਾਣਾ ਸੀ। ਜੀਵ ਤੇ ਮਾਇਆ, ਜਨਮ ਮਰਨ ਦਾ ਗੇੜ੍ਹ,ਜਮਾਂ ਦਾ ਡਰ ਵੀ ਨਹੀਂ ਸੀ, ਧਰਮ ਰਾਜ ਦੇ ਕਰਮਚਾਰੀਆਂ ਨੇ ਲੇਖਾ ਕਿਸ ਪਾਸੋਂ ਪੁਛਣਾ ਸੀ; ਇਥੇ ਤਾਂ ਕੁਝ ਵੀ ਨਹੀਂ ਸੀ।-------

'ਜਦੋਂ ਪਰਮਾਤਮਾ ਨੇ ਇਸ ਸ੍ਰਿਸ਼ਟੀ ਦੀ ਸਾਜਨਾ ਕਰ ਲਈ ਤਾਂ ਪਾਪ ਪੁੰਨ, ਨਰਗ ਸੁਰਗ, ਮੋਹ ਮਾਇਆ ਤੇ ਹਉਮੈ ਦਾ ਜਾਲ, ਦੁਖ ਸੁਖ, ਮਾਨ ਅਪਮਾਨ, ਕਈ ਤਰ੍ਹਾਂ ਦੇ ਪਸਾਰੇ ਹੋ ਗਏ। ਇਸ ਨੂੰ ਸਾਜ ਕੇ ਉਹ ਆਪ ਦੇਖਦਾ ਹੈ, ਫਿਰ ਇਸ ਸਾਰੀ ਰਚਨਾ ਨੂੰ ਸਮੇਟ ਲੈਂਦਾ ਹੈ ਤਾਂ ਉਹ ਆਪ ਹੀ ਆਪ ਰਹਿ ਜਾਂਦਾ ਹੈ।'[੧]

ਇਸ ਜਗਤ ਦੀ ਸਾਜਨਾ ਇਕ ਸ਼ਬਦ ਤੋਂ ਹੋਈ ਹੈ। ਇਹ ਵਿਚਾਰ ਕੁਝ ਕੁਝ ਇਸਲਾਮ ਨਾਲ ਮਿਲਦਾ ਹੈ। ਸਿਧਾਂਤਕ ਤੌਰ ਤੇ 'ਕਵਾਵੋ' ਤੇ 'ਕੁਨ' ਇਕ ਦੂਜੇ ਨਾਲ ਮਿਲਦੇ ਹੋਏ ਵੀ ਇਕ ਦੂਜੇ ਤੋਂ ਭਿੰਨ ਹਨ। ਇਸਲਾਮ ਦੇ ਕੁਨ ਵਿਚ ਸਿਰਫ਼ 'ਹੁਕਮ' ਦਾ ਅੰਸ਼ ਹੈ, ਪਰ ਗੁਰਮਤ ਦੇ 'ਕਵਾਵੋ' ਵਿਚ 'ਹੁਕਮ' ਦੇ ਨਾਲ 'ਰਜ਼ਾ' ਦਾ ਅੰਸ਼ ਹੈ,

---

੧- ਜਬ ਆਕਾਰੁ ਇਹੁ ਕਛੁ ਨ ਦ੍ਰਿਸਟੇਤਾ।।
— ਸੁਖਮਨੀ, ਅਸਟਪਦੀ ੨੧, ਆਦਿ ਗ੍ਰੰਥ, ਪੰਨਾ ੨੯੦-੯੨, ਗੁਰੂ ਨਾਨਕ ਦੇਵ ਜੀ ਨੇ ਵੀ ਅਜਿਹੇ ਹੀ ਵਿਚਾਰ ਦਿਤੇ ਸਨ। ਵਿਸਥਾਰ ਲਈ ਵੇਖੋ-ਮਾਰੂ ਮ:੧, ਸੋਲਹੇ (੧੫) ਆਦਿ ਗ੍ਰੰਥ, ਪੰਨਾ ੧੦੩੫

ਸਗੋਂ ਰਜ਼ਾ ਅਥਵਾ ਭਾਣੇ ਦਾ ਅੰਸ਼ ਜ਼ਿਆਦਾ[੧] ਹੈ ਤੇ ਜਦੋਂ ਪਰਮਾਤਮਾ ਦੀ ਰਜ਼ਾ ਹੋਈ, ਉਦੋਂ ਹੀ ਇਹ ਸ੍ਰਿਸ਼ਟੀ ਹੋਂਦ ਵਿਚ ਆਈ।

ਗੁਰੂ ਘਰ ਦੇ ਵਾਡੀ ਭਾਈ ਗੁਰਦਾਸ ਜੀ ਦਾ ਜਗਤ ਰਚਨਾ ਸਬੰਧੀ ਸਿਧਾਂਤ ਇਥੇ ਦਸਣਾ ਢੁਕਵਾਂ ਹੈ। ਆਪ ਲਿਖਦੇ ਹਨ ਕਿ 'ਪਹਿਲਾਂ ਪਹਿਲ ਸਾਹ ਤੇ ਮਾਸ ਆਦਿ ਕੁਛ ਨਹੀਂ ਸੀ, ਅੰਧ ਗੁਬਾਰ ਤੇ ਅੰਧੇਰ ਸੀ, ਫਿਰ ਮਾਤਾ ਦੇ ਲਹੂ ਤੇ ਪਿਤਾ ਦੇ ਵੀਰਜ ਤੋਂ ਦੇਹ ਬਣਾ ਕੇ ਪਰਮਾਤਮਾ ਨੇ ਪੰਜਾਂ ਤੱਤਾਂ (ਪਉਣ, ਪਾਣੀ, ਅਗ, ਧਰਤੀ ਤੇ ਆਕਾਸ) ਦੀ ਜੜਤ ਕੀਤੀ। ਇਨ੍ਹਾਂ ਵਿਚ ਛੇਵਾਂ ਆਪ ਪਰਮਾਤਮਾ ਗੁਪਤ ਹੋ ਕੇ ਬੈਠ ਗਿਆ----- ਇਉਂ ੮੪ ਲਖ ਜੂਨਾਂ ਰਚ ਦਿਤੀਆਂ।[੨] ਪਰਮਾਤਮਾ ਨੇ ਇਹ ਸਾਰਾ ਪਸਾਰਾ ਇਕ ਕਵਾਉ ਤੋਂ ਕੀਤਾ।[੩]

ਗੁਰੂ ਨਾਨਕ ਦੇਵ ਜੀ ਵਾਂਗ ਹੀ ਭਾਈ ਗੁਰਦਾਸ ਨੇ ਵੀ ਜਗਤ ਰਚਨਾ ਸਬੰਧੀ ਬੜਾ ਸਰਲ ਤੇ ਠੋਸ ਵਿਚਾਰ ਦਿੱਤਾ ਹੈ ਕਿ ਜਗਤ ਦੇ ਰਚਨਹਾਰੇ ਪਰਮਾਤਮਾ ਨੇ ਸਭ ਤੋਂ ਪਹਿਲਾਂ ਪੌਣ ਰਚੀ, ਪੌਣ ਤੋਂ ਮਗਰੋਂ ਪਾਣੀ ਰਚਿਆ। ਪਾਣੀ ਨੂੰ ਕੋਈ ਆਸਰਾ ਚਾਹੀਦਾ ਸੀ, ਸੋ ਧਰਤੀ ਸਾਜੀ ਗਈ। ਧਰਤੀ ਤੇ ਪਾਣੀ ਦੇ ਸੰਜੋਗ ਨਾਲ ਬਿਰਛ ਬੂਟੇ ਫਲੇ। ਇਉਂ ਅੱਗ, ਹਵਾ, ਪਾਣੀ ਧਰਤੀ ਆਦਿ ਦੇ ਮੇਲ ਤੋਂ ਸ੍ਰਿਸ਼ਟੀ ਸਾਜੀ ਗਈ। ਅਜਿਹੀ ਕਰਾਮਾਤੀ ਸਾਜਨਾ ਕਰਨ ਵਾਲੇ ਕਾਦਰ ਨੂੰ ਸਮਝਿਆ ਤਾਂ ਨਹੀਂ ਜਾ ਸਕਦਾ, ਨਮਸਕਾਰ ਹੀ ਕਰਦੇ ਹਾਂ।[੪]

ਗੁਰੂ ਅਰਜਨ ਦੇਵ ਜੀ ਦਾ ਸਮਕਾਲੀ ਇਕ ਜਰਮਨ ਰਹੱਸਵਾਦੀ ਜੇਕਬ ਬੋਹਮ (ਸੰਨ ੧੫੭੫-੧੬੨੪) ਦਸਦਾ ਹੈ ਕਿ ਸ੍ਰਿਸ਼ਟੀ ਰਚਨਾ ਸਮੇਂ ਪਰਮਾਤਮਾ ਦੀ 'ਰਜ਼ਾ' ਹੀ ਪ੍ਰਮੁਖ ਕਾਰਨ ਸੀ ਕਿਉਂਕਿ ਬਿਨ੍ਹਾਂ ਕਿਸੇ ਕਾਰਨ ਉਹ ਸੁੰਨ ਸਮਾਧੀ ਵਿਚੋਂ ਬਾਹਰ ਆਉਣਾ ਚਾਹੁੰਦਾ ਸੀ।

ਇਹੋ ਹੀ ਪਰਮਾਤਮਾ ਦੀ ਮਰਜ਼ੀ, ਹੁਕਮ ਤੇ ਕਵਾਵੇ ਹੈ। ਇਹੋ ਹੀ ਸਾਰੀ ਸ੍ਰਿਸ਼ਟੀ ਰਚਨਾ ਦਾ ਕਾਰਨ ਬਣਦਾ ਹੈ।

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਵੇਦਾਂਤ ਵਾਂਗ ਸੰਸਾਰ ਨੂੰ ਧੋਖਾ ਨਹੀਂ ਕਿਹਾ,

---

੧- A Critical Study of Adi Granth,Dr.S.S.Kohli,p.338

੨- ਵਾਰਾਂ ਭਾਈ ਗੁਰਦਾਸ,ਵਾਰ ੧,ਪਉੜੀ ੨

੩- 'ਇਕ ਕਵਾਉ ਪਸਾਉ ਕਰਿ'----ਵਾਰਾਂ ਭਾਈ ਗੁਰਦਾਸ,ਵਾਰ ੭,ਪਉੜੀ ੪
ਵਾਰ ੮, ਪਉੜੀ ੧    ਵਾਰ ੨੬,ਪਉੜੀ ੩੫
ਵਾਰ ੧੩,ਪਉੜੀ ੧੧    ਵਾਰ ੩੭,ਪਉੜੀ ੧
ਵਾਰ ੧੮,ਪਉੜੀ ੧ ਤੇ ੨    ਵਾਰ ੩੮,ਪਉੜੀ ੧੯

੪- ਵਾਰਾਂ ਭਾਈ ਗੁਰਦਾਸ, ਵਾਰ ੨੨, ਪਉੜੀ ੪

ਸਗੋਂ ਆਪ ਪਰਮਾਤਮਾ ਨੂੰ ਸਾਰੀ ਸ਼ਕਤੀ ਦਾ, ਸਾਰੇ ਸੰਸਾਰ ਦਾ ਮਾਲਕ[1] ਕਹਿੰਦੇ ਹਨ। ਉਹ ਪਰਮਾਤਮਾ ਸਾਰੀ ਸ੍ਰਿਸ਼ਟੀ ਦਾ ਕਰਤਾ ਤੇ ਪਾਲਣਹਾਰ ਹੈ। ਕੋਈ ਦੂਸਰਾ ਉਸ ਦੀ ਤੁਲਨਾ ਨਹੀਂ ਕਰ ਸਕਦਾ।[2] ਉਹ ਆਪ ਹੀ ਰੁਖ ਤੇ ਆਪ ਹੀ ਸ਼ਾਖਾਂ ਹੈ, ਆਪਣੀ ਖੇਤੀ ਦਾ ਆਪ ਹੀ ਰਾਖਾ ਹੈ। ਜਿਥੇ ਵੀ ਵੇਖਦਾ ਹਾਂ, ਉਹੀ ਨਜ਼ਰ ਆਉਂਦਾ ਹੈ, ਹਰ ਜੀਵ ਵਿਚ ਉਹੀ ਵਸਿਆ ਹੋਇਆ ਹੈ।[3] ਪਰਮਾਤਮਾ ਆਪ ਵੀ ਸਤਿ ਤੇ ਉਸ ਦੀ ਰਚਨਾ ਵੀ ਸਤਿ ਹੈ।[4]

ਕਈ ਮਤ ਇਹ ਮੰਨਦੇ ਹਨ ਕਿ ਸੰਸਾਰ ਦੀ ਖੇਡ ਇਕ ਅਨਾਦੀ ਪ੍ਰਵਾਹ ਹੈ---- ਉਹ ਸ੍ਰਿਸ਼ਟੀ ਦਾ ਨ 'ਆਦਿ' ਮੰਨਦੇ ਹਨ ਤੇ ਨ 'ਅੰਤ'। ਗੁਰਮਤ ਦਾ ਇਹ ਸਿਧਾਂਤ ਨਹੀਂ।[5] ਭਾਈ ਗੁਰਦਾਸ ਜੀ ਵੀ ਇਸ ਬ੍ਰਹਿਮੰਡ ਦੀ ਹੋਂਦ ਦਾ ਆਦਿ ਮੰਨਦੇ ਹਨ।[6] ਗੁਰੂ ਅਰਜਨ ਦੇਵ ਜੀ ਦਾ ਸਿਧਾਂਤ ਹੈ ਕਿ ਇਸ ਸ੍ਰਿਸ਼ਟੀ ਦੀ ਰਚਨਾ ਕਈ ਵਾਰ ਹੋਈ।[7] ਇਸ ਸਿਧਾਂਤ ਤੋਂ ਇਹ ਵਿਸ਼ਵਾਸ ਹੋ ਜਾਂਦਾ ਹੈ ਕਿ ਸ੍ਰਿਸ਼ਟੀ ਦੀ ਰਚਨਾ ਇਕੋ ਵਾਰ ਨਹੀਂ ਹੋਈ, ਜਿਸ ਦਾ ਮਤਲਬ ਸਾਫ਼ ਨਿਕਲਦਾ ਹੈ ਕਿ ਇਸ ਦਾ ਆਦਿ ਵੀ ਆਉਂਦਾ ਹੈ ਤੇ ਅੰਤ ਵੀ ਹੁੰਦਾ ਹੈ।

ਈਸਾਈ ਮਤ ਵਾਲੇ ਤੇ ਇਸਲਾਮ ਵਾਲੇ ਸਤ ਪਾਤਾਲ ਤੇ ਸਤ ਆਕਾਸ਼ ਦਸਦੇ ਹਨ। ਹਿੰਦੂ ਧਰਮ ਵੀ ਚੌਦਾਂ ਲੋਕਾਂ ਵਿਚ ਵਿਸ਼ਵਾਸ ਰਖਦਾ ਹੈ, ਜਿਨ੍ਹਾਂ ਵਿਚੋਂ ਸਤ ਆਕਾਸ਼ ਤੇ ਸਤ ਪਾਤਾਲ ਹਨ।

ਆਕਾਸ਼ ਲੋਕ ਇਹ ਹਨ- ਭੂਰ ਲੋਕ, ਭਵਾਰ ਲੋਕ, ਸਵਰ ਲੋਕ, ਮਹਾਰ ਲੋਕ, ਜਨ ਲੋਕ, ਤਪ ਲੋਕ, ਬ੍ਰਹਮ ਲੋਕ ਜਾਂ ਸਤ ਲੋਕ।

ਪਾਤਾਲ ਲੋਕ ਇਹ ਹਨ- ਅਤਾਲ, ਵਿਤਾਲ, ਨਿਤਾਲ, ਗੁਭਸਤੀਮਤ, ਮਹਾਤਾਲ, ਸੁਤਾਲ ਤੇ ਪਾਤਾਲ।

ਸੰਖੇਪ ਵਿਚ ਇਨ੍ਹਾਂ ਲੋਕਾਂ ਜਾਂ ਖੰਡਾਂ ਨੂੰ ਤ੍ਰੈਲੋਕੀ ਵੀ ਕਹਿ ਲਿਆ ਜਾਂਦਾ ਹੈ- ਲੋਕ, ਪ੍ਰਲੋਕ ਤੇ ਪਾਤਾਲ ਲੋਕ।[8]

---

੧- ਜੋ ਸ਼ੈ ਧੋਖਾ ਜਾਂ ਮਿਥਿਆ ਹੋਵੇ ਉਸ ਦਾ ਮਾਲਕ ਹੋਣ ਦਾ ਪ੍ਰਸ਼ਨ ਹੀ ਨਹੀਂ ਉਠਦਾ।
੨- ਸਲੋਕ ੧੧ ਵੀਂ ਅਸਟਪਦੀ, ਸੁਖਮਨੀ, ਆਦਿ ਗ੍ਰੰਥ, ਪੰਨਾ ੨੭੬
੩- ਆਪੇ ਪੇਡ ਬਿਸਥਾਰੀ ਸਾਖ।।ਅਪਨੀ ਖੇਤੀ ਆਪੇ ਰਾਖ।।
— ਆਸਾ ਮ:੫, ਆਦਿ ਗ੍ਰੰਥ, ਪੰਨਾ ੩੮੭
੪- ਆਪਿ ਸਤਿ ਸਤਿ ਸਭ ਧਾਰੀ।।-ਸੁਖਮਨੀ, ਆਦਿ ਗ੍ਰੰਥ, ਪੰਨਾ ੨੮੫
੫- ਗੁਰਮਤਿ ਨਿਰਣਯ, ਭਾਈ ਜੋਧ ਸਿੰਘ, ਪੰਨਾ ੨੪
੬- ਵਾਰਾਂ ਭਾਈ ਗੁਰਦਾਸ, ਵਾਰ ੧, ਪਉੜੀ ੨
੭- ਕਈ ਬਾਰ ਪਸਰਿਓ ਪਾਸਾਰ।।-ਸੁਖਮਨੀ, ਆਦਿ ਗ੍ਰੰਥ, ਪੰਨਾ ੨੭੬
੮- Outlines of Sikh Thought, Dr.S.S.Kohli, p.43.

ਗੁਰਮਤ ਵਿਚ ਇਹ ਗਿਣਤੀ ੧੪ ਤਕ ਸੀਮਤ ਨਹੀਂ ਰਹਿੰਦੀ। ਗੁਰੂ ਨਾਨਕ ਦੇਵ ਜੀ ਨੇ ਲਖਾਂ ਹੀ ਪਾਤਾਲ ਤੇ ਲਖਾਂ ਹੀ ਆਕਾਸ਼ ਦਸੇ ਹਨ, ਪਰ ਗੁਰੂ ਅਰਜਨ ਦੇਵ ਜੀ ਨੇ ਪ੍ਰਭੂ ਦੀ ਰਚਨਾ ਨੂੰ ਲਖਾਂ ਦੀ ਸੀਮਾਂ ਵਿਚ ਵੀ ਨਹੀਂ ਬੰਨ੍ਹਿਆ। ਆਪ ਦਸਦੇ ਹਨ ਕਈ ਕ੍ਰੋੜ ਹੀ ਖਾਣੀਆਂ ਹਨ ਤੇ ਕਈ ਕ੍ਰੋੜ ਖੰਡ, ਕਈ ਕ੍ਰੋੜ ਆਕਾਸ਼ ਹਨ ਤੇ ਕਈ ਕ੍ਰੋੜ ਸ੍ਰਿਸ਼ਟੀਆਂ ਹਨ।[1] ਪਰ ਗੁਰੂ ਸਾਹਿਬਾਨ ਨੇ ਇਹ ਲਖ ਤੇ ਕ੍ਰੋੜ ਦੀ ਗਿਣਤੀ ਸ੍ਰਿਸ਼ਟੀ ਦੀ ਬੇਅੰਤਤਾ ਨੂੰ ਪ੍ਰਗਟ ਕਰਨ ਲਈ ਹੀ ਵਰਤੀ ਹੈ।

ਇਸਲਾਮ ਅਨੁਸਾਰ ਫਰਿਸ਼ਤੇ ਖੁਦਾ ਦੇ ਨੂਰ ਤੋਂ ਬਣੇ ਹਨ। ਸ਼ੈਤਾਨ ਜਿੰਨ ਆਦਿ ਕੇਵਲ ਅਗਨਿ ਤੋਂ ਬਣੇ ਹੋਏ ਹਨ ਅਤੇ ਆਦਮੀ ਆਦਿ ਮਿੱਟੀ ਤੋਂ।[2] ਗੁਰਮਤ ਅਨੁਸਾਰ ਇਸ ਧਰਤੀ ਤੇ ਚਾਰ ਕਿਸਮ ਦੀ ਰਚਨਾ ਹੈ ਜਿਸ ਨੂੰ ਚਾਰ ਖਾਣੀਆਂ ਵੀ ਕਹਿ ਲਿਆ ਜਾਂਦਾ ਹੈ- ਅੰਡਜ, ਜੇਰਜ, ਸੇਤਜ ਤੇ ਉਤਭੁਜ। ਇਨ੍ਹਾਂ ਵਿਚ ਤਿੰਨ ਪ੍ਰਕਾਰ ਦੇ ਗੁਣ ਹੁੰਦੇ ਹਨ- ਰਾਜਸ, ਤਾਮਸ ਤੇ ਸਾਤਕ ਜਿਨ੍ਹਾਂ ਦਾ ਵਰਣਨ ਇਸ ਬੰਦ ਵਿਚ ਹੈ:-

ਅੰਡ ਬਿਨਾਸੀ ਜੇਰ ਬਿਨਾਸੀ ਉਤਭੁਜ ਸੇਤ ਬਿਨਾਧਾ॥
ਚਾਰਿ ਬਿਨਾਸੀ ਖਟਹਿ ਬਿਨਾਸੀ ਇਕਿ ਸਾਧ ਬਚਨ ਨਿਹਚਲਾਧਾ॥
ਰਾਜ ਬਿਨਾਸੀ ਤਾਮ ਬਿਨਾਸੀ ਸਾਤਕੁ ਭੀ ਬੇਨਾਧਾ॥
ਦ੍ਰਿਸਟ ਮਾਨ ਹੈ ਸਗਲ ਬਿਨਾਸੀ ਇਕਿ ਸਾਧ ਬਚਨ ਅਗਾਧਾ॥[3]

ਅਤੇ ਅੰਡਜ ਜੇਰਜ ਸੇਤਜ ਉਤਭੁਜ ਬਹੁ ਪਰਕਾਰੀ ਪਾਲਕਾ।[4]

ਇਸ ਸ੍ਰਿਸ਼ਟੀ ਨੂੰ ਗੁਰੂ ਸਾਹਿਬ ਕਈ ਨਾਵਾਂ ਨਾਲ ਪੁਕਾਰਦੇ ਹਨ, ਜਿਨ੍ਹਾਂ ਵਿਚੋਂ ਪ੍ਰਚਲਤ ਨਾਂ ਇਹ ਹਨ:-

ਸ੍ਰਿਸ਼ਟੀ - ਜਿਸ ਕੀ ਸ੍ਰਿਸਟਿ ਸੁ ਕਰਣੈਹਾਰੁ॥[5]
ਸੰਸਾਰ - ਪਾਧਾਣੂ ਸੰਸਾਰੁ ਗਾਰਬਿ ਅਟਿਆ॥[6]
ਮਾਇਆ - ਰਾਜੁ ਮਾਲੁ ਅਨੇਕ ਭੋਗ ਰਸ ਸਗਲ ਤਰਵਰ ਕੀ ਛਾਮ॥[7]
ਰਚਨਾ - ਨਾਨਕ ਕਰਤੇ ਕੀ ਜਾਨੈ ਕਰਤਾ ਰਚਨਾ॥[8]
ਦੁਨੀਆ - ਦੁਨੀਆ ਮੁਰਦਾਰ ਖੁਰਦਨੀ ਗਾਫਲ ਹਵਾਇ॥[9]
ਪਸਾਰਾ - ਸੰਤ ਸਜਨ ਸੁਨਹੁ ਸਭਿ ਮੀਤਾ ਝੂਠਾ ਏਹੁ ਪਸਾਰਾ॥[10]

---

੧- ਕਈ ਕੋਟਿ ਖਾਣੀ ਅਰੁ ਖੰਡ॥ਕਈ ਕੋਟਿ ਅਕਾਸ ਬ੍ਰਹਮੰਡ॥
—ਸੁਖਮਨੀ, ਆਦਿ ਗ੍ਰੰਥ, ਪੰਨਾ ੨੭੬
੨- ਮਹਾਨ ਕੋਸ਼, ਪੰਨਾ ੧੮੭
੩- ਸਾਰੰਗ ਮ:੫, ਆਦਿ ਗ੍ਰੰਥ, ਪੰਨਾ ੧੨੦੪
੪- ਮਾਰੂ ਮ:੫, ਆਦਿ ਗ੍ਰੰਥ, ਪੰਨਾ ੧੦੮੪-੮੫
੫- ਸੁਖਮਨੀ, ਆਦਿ ਗ੍ਰੰਥ, ਪੰਨਾ ੨੮੫
੬- ਜੈਤਸਰੀ ਮ:੫, ਆਦਿ ਗ੍ਰੰਥ, ਪੰਨਾ ੭੦੫
੭- ਟੋਡੀ ਮ:੫, ਆਦਿ ਗ੍ਰੰਥ, ਪੰਨਾ ੭੧੩
੮- ਸੁਖਮਨੀ, ਆਦਿ ਗ੍ਰੰਥ, ਪੰਨਾ ੨੭੫
੯- ਤਿਲੰਗ ਮ:੫, ਆਦਿ ਗ੍ਰੰਥ, ਪੰਨਾ ੭੨੩
੧੦- ਆਸਾ ਮ:੫, ਆਦਿ ਗ੍ਰੰਥ, ਪੰਨਾ ੩੮੦

ਪਰਪੰਚ - ਜਹ ਆਪਿ ਰਚਿਓ ਪਰਪੰਚੁ ਅਕਾਰੁ।।[1]
ਬ੍ਰਹਮੰਡ - ਕਈ ਕੋਟਿ ਆਕਾਸ ਬ੍ਰਹਮੰਡ।[2]

ਡਾ. ਕੋਹਲੀ[3] ਦਾ ਵਿਚਾਰ ਹੈ ਕਿ ਆਦਿ ਗ੍ਰੰਥ ਦਾ ਸ੍ਰਿਸ਼ਟੀ ਉਤਪਤੀ ਵਾਲਾ ਸਿਧਾਂਤ 'ਬ੍ਰਹਮ ਪਰਿਣਾਮਵਾਦ' ਦੇ ਬਹੁਤ ਨੇੜੇ ਹੈ। ਬ੍ਰਹਮ ਪਰਿਣਾਮਵਾਦ ਅਸਲ ਵਿਚ ਰਾਮਾਨੁਜ ਦਾ ਸਿਧਾਂਤ ਹੈ। ਰਾਮਾਨੁਜ ਵਿਸ਼ਿਸ਼ਟ ਅਦਵੈਤਵਾਦ ਦੇ ਸਥਾਪਕ ਹਨ। ਇਸ ਫਿਲਾਸਫੀ ਅਨੁਸਾਰ ਬ੍ਰਹਮ ਵਿਚ ਦੋ ਤੱਤ ਹੁੰਦੇ ਹਨ- ਇਕ ਚਿਤ ਤੇ ਦੂਜਾ ਅਚਿਤ। ਚਿਤ ਦਾ ਅਰਥ ਹੈ- ਚੇਤੰਨ ਤੱਤ ਤੇ ਅਚਿਤ ਦਾ ਅਰਥ ਹੈ ਜੜ੍ਹ। ਚਿਤ ਤੋਂ ਜੀਵ ਆਤਮਾ ਤੇ ਅਚਿਤ ਤੋਂ ਭੌਤਕ ਜਗਤ ਉਤਪੰਨ ਹੁੰਦਾ ਹੈ। ਇਸ ਦੇ ਅਨੁਸਾਰ ਜਗਤ ਸੱਚ ਹੈ, ਤੇ ਉਨਾ ਹੀ ਸੱਚ ਹੈ ਜਿੰਨਾ ਕਿ ਬ੍ਰਹਮ। ਗੁਰੂ ਅਰਜਨ ਦੇਵ ਜੀ ਇਸ ਸਤਿ ਸਰੂਪ (ਬ੍ਰਹਮ) ਦੀ ਰਚਨਾ ਨੂੰ ਵੀ ਸਤਿ ਹੀ ਮੰਨਦੇ ਹਨ।[4]

<u>ਸ੍ਰਿਸ਼ਟੀ ਦੇ ਗੁਣ</u>

੧- ਸ੍ਰਿਸ਼ਟੀ ਅਨੰਤ ਹੈ- ਗੁਰੂ ਅਰਜਨ ਦੇਵ ਜੀ ਵੀ ਜਗਤ ਨੂੰ ਅਨੰਤ ਮੰਨਦੇ ਹਨ। ਸੰਸਾਰ ਤੇ ਅਨੇਕਾਂ ਹੀ ਜੀਵ ਉਸ ਦੀ ਸਿਫ਼ਤ ਸਲਾਹ ਕਰ ਰਹੇ ਹਨ। ਪਰ ਇਸ ਦਾ ਹਿਸਾਬ ਨਹੀਂ ਲਾਇਆ ਜਾ ਸਕਦਾ। ਪਰਮਾਤਮਾ ਨੇ ਕਈ ਪ੍ਰਕਾਰ ਦੀ ਰਚਨਾ ਰਚ ਰਖੀ ਹੈ (ਜੀਵ ਕਿਸ ਕਿਸ ਦਾ ਹਿਸਾਬ ਰਖ ਸਕਦਾ ਹੈ)। ਇਸ ਧਰਤੀ ਤੇ ਕਈ ਕਿਸਮਾਂ ਦੇ ਲੋਕ ਕ੍ਰੋੜਾਂ ਦੀ ਗਿਣਤੀ ਵਿਚ ਹਨ; ਜਿਨ੍ਹਾਂ ਦਾ ਹਿਸਾਬ ਲਾਉਣਾ ਅਸੰਭਵ ਹੈ।[6]

੨- ਇਹ ਅਮਿੱਤ ਹੈ- ਇਹ ਰਚਨਾ ਇਕ ਵਾਰ ਨਹੀਂ, ਕਈ ਵਾਰ ਹੋਈ ਹੈ, ਫਿਰ ਸਮਾਈ ਹੈ। ਇਸ ਦਾ ਆਦਿ ਹੁੰਦਿਆਂ ਵੀ ਜੀਵ ਕਿਤੇ ਹੱਦ ਬਣਾ ਕੇ ਆਦਿ ਅੰਤ ਨਹੀਂ ਦਸ ਸਕਦਾ। ਉਸ ਦੀ ਲੀਲ੍ਹਾ ਦਾ ਹਿਸਾਬ ਉਹੀ ਜਾਣਦਾ ਹੈ।[7]

੩- ਇਹ ਸੱਚ ਹੈ- ਜਗਤ ਰਚਨਾ ਮਿਥਿਆ ਨਹੀਂ, ਭੁਲੇਖਾ ਵੀ ਨਹੀਂ ਹਕੀਕਤ ਹੈ,

---

੧- ਸੁਖਮਨੀ, ਆਦਿ ਗ੍ਰੰਥ, ਪੰਨਾ ੨੮੧
੨- ਉਹੀ, ਪੰਨਾ ੨੭੬
੩- Outlines of Sikh Thought, Dr.S.S.Kohli, p.46.
੪- ਆਪਿ ਸਾਚੁ ਧਾਰੀ ਸਭ ਸਾਚੁ।।-ਸੁਖਮਨੀ, ਆਦਿ ਗ੍ਰੰਥ, ਪੰਨਾ ੨੮੪
੫- ਗੁਰੂ ਨਾਨਕ ਦੇਵ ਜੀ ਨੇ ਜਪੁਜੀ ਦੀ ੧੯ਵੀਂ ਪਉੜੀ ਵਿਚ ਇਸ ਅਨੰਤਤਾ ਵਲ ਇਸ਼ਾਰਾ ਕੀਤਾ ਹੈ ਤੇ ਫਿਰ ੩੫ਵੀਂ ਪਉੜੀ ਵਿਚ ਇਸ ਦੇ 'ਕੇਤੇ' ਰੂਪ ਦਰਸਾਏ ਹਨ।
੬- ਉਸਤਤਿ ਕਰਹਿ ਅਨੇਕ ਜਨ ਅੰਤੁ ਨ ਪਾਰਾਵਾਰ।।
ਨਾਨਕ ਰਚਨਾ ਪ੍ਰਭਿ ਰਚੀ ਬਹੁ ਬਿਧਿ ਅਨਿਕ ਪ੍ਰਕਾਰ।।
—ਸੁਖਮਨੀ, ਆਦਿ ਗ੍ਰੰਥ, ਪੰਨਾ ੨੭੫
੭- ਜਾ ਕੀ ਲੀਲਾ ਕੀ ਮਿਤਿ ਨਾਹਿ।। ਸਗਲ ਦੇਵ ਹਾਰੇ ਅਵਗਾਹਿ।।
—ਸੁਖਮਨੀ, ਆਦਿ ਗ੍ਰੰਥ, ਪੰਨਾ ੨੮੪

ਇਕ ਠੋਸ ਹਕੀਕਤ, ਜਿਸ ਨੂੰ ਅਸੀਂ ਰੋਜ਼ ਵੇਖਦੇ ਹਾਂ ਤੇ ਵਰਤਦੇ ਹਾਂ, ਇਸ ਵਿਚ ਜੀਊਂਦੇ ਹਾਂ। ਪਰਮਾਤਮਾ ਦੇ ਕਰਮ ਤਾਂ ਸੱਚੇ ਹੀ ਹਨ, ਉਸ ਦੀ ਇਹ ਰਚਨਾ ਵੀ[1] ਸੱਚ ਹੈ, ਇਹ ਸੱਚੀ ਇਸ ਕਰਕੇ ਹੈ ਕਿ ਇਸ ਦਾ ਮੂਲ ਪਰਮਾਤਮਾ ਸੱਚ ਤੇ ਅਟੱਲ ਹੈ। ਡਾ. ਦਰਦੀ ਲਿਖਦੇ ਹਨ, 'ਇਕ ਗੱਲ ਜੋ ਦਿਸਦੀ ਹੈ ਤੇ ਸਹੀ ਹੈ ਪਰ ਜਿਸ ਨੂੰ ਹਿੰਦੂ ਧਰਮਾਂ ਦੇ ਅਨੁਯਾਈ ਆਮ ਕਰਕੇ- ਸਿੱਖ ਮੱਤ ਦੇ ਵਿਕਾਸ ਤੋਂ ਪਹਿਲਾਂ- ਨਹੀਂ ਸੀ ਮੰਨਦੇ, ਗੁਰੂ ਗ੍ਰੰਥ ਸਾਹਿਬ ਵਿਚ ਦਸੀ ਗਈ, ਜੁ ਸ੍ਰਿਸ਼ਟੀ ਰਚਨਾ 'ਸੱਤ' ਹੈ; ਕਿਉਂਕਿ ਇਹ ਹੋਂਦ ਵਿਚ ਉਸ ਨੇ ਲਿਆਂਦੀ ਹੈ ਜੋ ਆਪ ਵੀ ਆਦਿ ਜੁਗਾਦਿ ਤੋਂ ਸੱਤ ਹੈ ਤੇ ਸੱਤ ਤੋਂ ਅਗੋਂ ਹੋਸੀ ਭੀ। ਉਸ ਦੀ ਬਣਾਈ ਖੇਡ ਮਿਥਿਆ ਨਹੀਂ।[2]

ਨਾਨਕ ਫੁਲਾਂ ਸੰਦੀ ਵਾੜਿ, ਖਿੜਿਆ ਹਭੁ ਸੰਸਾਰੁ ਜਿਉ।।[3]

ਗੁਰੂ ਜੀ ਨੇ ਜਗਤ ਨੂੰ ਸੁਪਨੇ ਦੀ ਨਿਆਈ ਵੀ ਆਖਿਆ ਹੈ,[4] ਪਰ ਇਸ ਜਗਤ ਦੀ ਹਕੀਕਤ ਤੇ ਸ਼ੁਕ ਨਹੀਂ ਕੀਤਾ; ਜਗਤ ਵਿਚ ਆਏ ਜੀਵ ਦੀ ਅਸਥਿਰਤਾ ਤੇ ਸ਼ੁਕ ਹੈ। ਜੀਵ ਦਾ ਕਾਲ ਇਥੇ ਇਕ ਰਾਤ ਦੀ ਨਿਆਈਂ ਹੈ। ਜਿਨ੍ਹਾਂ ਜੀਵਾਂ ਨੇ ਇਸ ਨੂੰ ਪ੍ਰਭੂ ਲੇਖੇ ਲਾ ਲਿਆ ਹੈ, ਉਹ ਦਿਨ ਚੜ੍ਹੇ ਆਪਣੀ ਮੰਜ਼ਲ ਵਲ ਵਧਦੇ ਹਨ। ਜਿਨ੍ਹਾਂ ਨੇ ਰਾਤ ਨੂੰ ਗਫ਼ਲਤ ਵਿਚ ਬਿਤਾਇਆ; ਉਹ ਪਛਤਾਉਂਦੇ ਰਹਿ ਜਾਂਦੇ ਹਨ। ਸੁਪਨਾ ਤਾਂ ਹੱਥ ਨਹੀਂ ਆ ਸਕਦਾ। ਸਾਥ ਤਾਂ ਕਰਮਾਂ ਨੇ ਨਿਭਾਉਣਾ ਹੈ।[5] ਇਹ ਜੀਵਨ ਕਾਲ ਸੁਪਨੇ ਦੀ ਨਿਆਈ ਹੈ, ਜੋ ਫਿਰ ਦੁਹਰਾਇਆ ਨਹੀਂ ਜਾ ਸਕਦਾ। ਜੋ ਜੀਵ ਅੱਜ ਹਨ, ਕਲ੍ਹ ਉਹੀ ਤੇ ਉਨੇ ਨਹੀਂ ਰਹਿਣਗੇ, ਇਉਂ ਹਰ ਰੋਜ਼ ਉਪਜਣਾ ਬਿਨਸਣਾ ਚਲਦਾ ਰਹਿੰਦਾ ਹੈ। ਸੋ ਜੀਵ ਸੁਪਨੇ ਨਾਲ ਨਿਹੁੰ ਨ ਲਾਵੇ, ਸਗੋਂ ਜੀਵਨ ਦੇਣ ਵਾਲੇ ਨਾਲ ਚਿਤ ਜੋੜੇ, ਨਾਸ਼ਵਾਨ ਮਾਇਆ ਵਿਚ ਨਾ ਖੁਭ ਜਾਵੇ।[6]

## ਸ੍ਰਿਸ਼ਟੀ ਦਾ ਅੰਤ

ਇਸ ਦਾ ਅੰਤ ਸਮਾਂ ਨਿਯਤ ਨਹੀਂ। ਇਹ ਇਕ ਅਜਿਹਾ ਰਹੱਸ ਹੈ ਜਿਸ

---

੧-ੳ-ਸਚੁ ਪਾਤਿਸਾਹੀ ਅਮਰੁ ਸਚੁ ਸਚੇ ਸਚਾ ਥਾਨੁ।।
ਸਚੀ ਕੁਦਰਤਿ ਧਾਰੀਅਨੁ ਸਚਿ ਸਿਰਜਿਓਨੁ ਜਹਾਨੁ।।
—ਸਿਰੀ ਰਾਗੁ ਮ:੫, ਆਦਿ ਗ੍ਰੰਥ, ਪੰਨਾ ੪੮
ਅ-ਸਤਿ ਕਰਮੁ ਜਾ ਕੀ ਰਚਨਾ ਸਤਿ।। ਮੂਲੁ ਸਤਿ ਸਤਿ ਉਤਪਤਿ।।
—ਸੁਖਮਨੀ, ਆਦਿ ਗ੍ਰੰਥ, ਪੰਨਾ ੨੮੪

ਗੋਪਾਲ ਸਿੰਘ

੨- ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਾਹਿੱਤਕ ਵਿਸ਼ੇਸ਼ਤਾ, ਡਾ. ਦਰਦੀ, ਪੰਨਾ ੪੭
੩- ਮਾਰੂ ਵਾਰ ਮ:੫, ਆਦਿ ਗ੍ਰੰਥ, ਪੰਨਾ ੧੦੯੫
੪- ਸੁਪਨਰੀ ਸੰਸਾਰੁ।। ਮਿਥਨੀ ਬਿਸਥਾਰੁ।।—ਸਾਰੰਗ ਮ:੫, ਆਦਿ ਗ੍ਰੰਥ, ਪੰਨਾ ੧੨੨੯
੫- ਸੁਪਨੇ ਕਾ ਸੁਪਨਾ ਭਇਆ, ਸੰਗਿ ਚਲਿਆ ਕਮਾਇਆ।।
—ਬਿਲਾਵਲ ਮ:੫, ਆਦਿ ਗ੍ਰੰਥ, ਪੰਨਾ ੮੧੩
੬- ਜੈਸਾ ਸੁਪਨਾ ਰੈਨਿ ਕਾ ਤੈਸਾ ਸੰਸਾਰ।।
ਦ੍ਰਿਸਟਿਮਾਨ ਸਭੁ ਬਿਨਸੀਐ ਕਿਆ ਲਗਹਿ ਗਵਾਰ।।
—ਬਿਲਾਵਲ ਮ:੫, ਆਦਿ ਗ੍ਰੰਥ, ਪੰਨਾ ੮੦੮

ਨੂੰ ਸਿਵਾਇ ਪਰਮਾਤਮਾ ਤੋਂ ਕੋਈ ਵੀ ਨਹੀਂ ਜਾਣ ਸਕਿਆ। ਗੁਰੂ ਸਾਹਿਬ ਤਾਂ ਕੇਵਲ ਇਨਾ ਹੀ ਦਸ ਸਕੇ ਹਨ ਕਿ ਪਰਮਾਤਮਾ ਨੇ ਹੀ ਇਹ ਰਚਨਾ ਕੀਤੀ ਹੈ, ਉਹੀ ਆਪਣੀ ਇਛਾ ਅਨੁਸਾਰ ਇਸ ਨੂੰ ਆਪਣੇ ਵਿਚ ਸਮਾ ਲਏਗਾ।[1] ਸਮਾਂ ਕੋਈ ਨਿਸਚਿਤ ਨਹੀਂ। ਉਂਞ ਜਿਸ ਘੜੀ ਨੂੰ ਕਦੀ ਚਾਬੀ ਲੱਗੀ ਹੈ, ਉਹਦੀ ਕਮਾਨੀ ਹੌਲੀ ਹੌਲੀ ਖੁਲ੍ਹ ਰਹੀ ਹੈ, ਤੇ ਅੰਤ ਚਾਲ ਬੰਦ ਹੋ ਜਾਏਗੀ।[2] ਪਰ ਕਦੋਂ, ਇਹ ਦਸਣਾ ਅਤਿ ਦੁਰਗਮ ਹੈ। ਜੀਵ ਸਿਰਫ਼ ਇਹੀ ਦਸ ਸਕਦਾ ਹੈ ਕਿ ਪ੍ਰਭੂ ਦੇ ਹੁਕਮ ਨਾਲ ਇਹ ਸਾਜੀ ਗਈ ਸੀ ਤੇ ਉਸ ਦੇ ਹੁਕਮ ਨਾਲ ਸਮਾ ਜਾਵੇਗੀ।[3] ਇਹ ਜਗ ਚਉਪੜ ਦੀ ਖੇਡ ਹੈ।[4] ਜਦੋਂ ਇਸ ਦੇ ਖੇਡਣ ਵਾਲੇ ਖਿਡਾਰੀ ਨੇ ਸਾਰੇ ਗੀਟੇ ਸੰਭਾਲੇ, ਖੇਡ ਖ਼ਤਮ ਹੋ ਜਾਏਗੀ, ਵੇਖਣ ਵਾਲੇ ਵੇਖਦੇ ਹੀ ਰਹਿ ਜਾਣਗੇ। ਕਰਤਾ ਤੇ ਉਸ ਦੀ ਰਚਨਾ ਭਾਵੇਂ ਵੱਖ ਵੱਖ ਦਿਸਦੀਆਂ ਹਨ ਪਰ ਅਸਲ ਵਿਚ ਇਕੋ ਹਨ; ਜਿਵੇਂ ਇਕ ਹੀ ਧਾਗੇ ਵਿਚ ਕਈ ਵੱਖ ਵੱਖ ਗੰਢਾਂ ਦਿਤੀਆਂ ਹੋਣ।[5] ਸਾਰੇ ਪਾਸੇ ਪ੍ਰਭੂ ਦੇ ਸਾਜੇ ਹੋਏ ਜੀਵ ਪ੍ਰਭੂ ਦਾ ਹੀ ਰੂਪ ਨਜ਼ਰ ਆਉਂਦੇ ਹਨ।[6] ਦੇਹ ਤੇ ਰਚਨਾ ਦਾ ਕੀ ਸਬੰਧ ਹੈ, ਇਸ ਸਬੰਧੀ ਗਲਬਾਤ ਪ੍ਰਾਣਸੰਗਲੀ ਵਿਚੋਂ ਲਈ ਗਈ ਹੈ, ਜੋ ਜੀਵ-ਆਤਮਾ ਤੇ ਪਰਮਾਤਮਾ ਵਿਚਕਾਰ ਹੋਈ:-

> 'ਤਬ ਆਤਮੇ ਕਹਿਆ," ਬ੍ਰਹਮੰਡ ਬਿਖੇ ਚੰਦ ਅਰ ਸੂਰਜ ਹੈ। ਇਸ ਪਿੰਡ ਮਹਿ ਕਹਾਂ ਹੈਂ?"
> ਤਬ ਪ੍ਰਾਤਮੇ ਕਹਿਆ," ਏਹੁ ਜੋ ਨੇਤ੍ਰ ਹੈਂ, ਇਨਹੀ ਕੋ ਉਜੀਆਰਾ ਹੈ।"
> ਤਬ ਆਤਮੇ ਕਹਿਆ, " ਚੰਦ ਅਰ ਸੂਰਜ ਕੀ ਪ੍ਰਕ੍ਰਿਤ ਹੈ ਕਬਹੁ ਚਾਂਦਨਾ ਹੋਤਾ; ਕਬਹੂੰ ਅੰਧਿਆਰਾ ਹੋਤਾ ਹੈ।"

---

੧- ਪ੍ਰਭ ਤੇ ਹੋਇ ਪ੍ਰਭ ਮਾਹਿ ਸਮਾਤਿ।।
—ਸੁਖਮਨੀ, ਆਦਿ ਗ੍ਰੰਥ, ਪੰਨਾ ੨੭੯

੨- ਗੁਰਮਤਿ ਨਿਰਣਯ, ਭਾਈ ਜੋਧ ਸਿੰਘ, ਪੰਨਾ ੩੭

੩- ਤੂੰ ਹੁਕਮੀ ਸਾਜਹਿ ਸਿਸ੍ਰਟਿ ਸਾਜਿ ਸਮਾਵਹੀ।।
ਤੇਰਾ ਰੂਪੁ ਨ ਜਾਈ ਲਖਿਆ ਕਿਉ ਤੁਝਹਿ ਧਿਆਵਹੀ।।
ਤੂੰ ਸਭੇ ਮਹਿ ਵਰਤਹਿ ਆਪਿ, ਕੁਦਰਤ ਦੇਖਾਵਹੀ।।
— ਵਾਰ ਮਾਰੂ ਮ:੫, ਆਦਿ ਗ੍ਰੰਥ, ਪੰਨਾ ੧੦੯੫

੪- ਵਾਰਾਂ ਭਾਈ ਗੁਰਦਾਸ, ਵਾਰ ੩੭, ਪਉੜੀ ੨੭

੫- ਏਕੈ ਸੂਤਿ ਪਰੋਏ ਮਣੀਏ।।ਗਾਠੀ ਭਿਨਿ ਭਿਨਿ ਭਿਨਿ ਭਿਨਿ ਤਣੀਏ।।
—ਰਾਮਕਲੀ ਮ:੫, ਆਦਿ ਗ੍ਰੰਥ, ਪੰਨਾ ੮੮੬

੬- ਜੋ ਦੀਸੈ ਸੋ ਤੇਰਾ ਰੂਪੁ।।ਗੁਣ ਨਿਧਾਨ ਗੋਵਿੰਦ ਅਨੂਪ।।
— ਤਿਲੰਗ ਮ:੫, ਆਦਿ ਗ੍ਰੰਥ, ਪੰਨਾ ੭੨੪

ਤਬ ਪ੍ਰਾਤਮੇ ਕਹਿਆ, "ਜਬ ਨਿੰਦਰਾ ਆਵਤੀ ਹੈ, ਤਬ ਅੰਧਿਆਰਾ ਹੋਤਾ ਹੈ, ਜਦ ਉਘੜਤੇ ਹੈਂ ਤੇ ਚਾਂਦਨਾ ਹੋਤਾ ਹੈ।"
ਤਬ ਆਤਮੇ ਕਹਿਆ, " ਬ੍ਰਹਮੰਡ ਮਹਿ ਅਠਸਠ ਤੀਰਥ ਹੈਂ। ਇਸ ਪਿੰਡ ਮਹਿ ਕਹਾਂ ਹੈਂ?"
ਤਬ ਪ੍ਰਾਤਮੇਂ ਕਹਿਆ, " ਜੋ ਕਛੁ ਸੁਕ੍ਰਿਤ ਕਰਤਾ ਹੈ, ਸੋ ਇਹੁ ਅਠਸਠ ਤੀਰਥ ਸਮਾਨ ਹੈ।"
ਤੁ ਆਤਮੇ ਕਹਿਆ, " ਬ੍ਰਹਮੰਡ ਬਿਖੇ ਨਰਕ ਅਰ ਸੁਰਗ ਹੈ, ਇਸ ਪਿੰਡ ਮਹਿ ਕਹਾਂ ਹੈ?"
ਤੁ ਪ੍ਰਾਤਮੇਂ ਕਹਿਆ,[੧] " ਜਬ ਦੁਖ ਲਗਤਾ ਹੈ ਤਬ ਨਰਕ ਹੈ, ਜਬ ਸੁਖ ਲਾਗੈ ਤਬ ਸੁਰਗ ਹੈ।"

*****
***
*

---

੧- ਹਵਾਲਾ-Outlines of Sikh Thought,Dr.S.S.Kohli,p.49.

## ਕਾਂਡ-੪

## - ਮਾਇਆ ਤੇ ਹਉਮੈ -

### ੳ- ਮਾਇਆ

ਜਗਤ ਵਿਚ ਹਰ ਚੀਜ਼ ਜੋ ਅੱਜ ਹੈ, ਕੱਲ੍ਹ ਨਹੀਂ ਰਹਿੰਦੀ। ਦਰਿਆਵਾਂ ਦੇ ਰੁਖ ਬਦਲਦੇ ਹਨ। ਰੁਖਾਂ ਤੇ ਮੌਸਮ ਦਾ ਅਸਰ ਹੁੰਦਾ ਹੈ, ਪਤੇ ਝੜਦੇ ਹਨ, ਨਵੇਂ ਨਿਕਲਦੇ ਹਨ। ਇਹ ਗੇੜ ਸਾਰਾ ਸਮਾਂ ਹੀ ਚਲਦਾ ਰਹਿੰਦਾ ਹੈ, ਸਿਰਫ਼ ਇਕ ਚੀਜ਼ ਨਹੀਂ ਬਦਲਦੀ, ਉਹ ਹੈ- ਪਾਰਬ੍ਰਹਮ। ਇਸ ਤੋਂ ਇਲਾਵਾ ਸੰਸਾਰ ਦੀ ਹਰ ਸ਼ੈ ਅਸਥਾਈ ਹੈ, ਇਸੇ ਨੂੰ 'ਮਾਇਆ' ਕਿਹਾ ਜਾਂਦਾ ਹੈ।

ਮਾਇਆ ਦਾ ਸਿਧਾਂਤ ਭਾਰਤੀ ਅਧਿਆਤਮਕ ਖੇਤਰ ਵਿਚ ਸਭ ਤੋਂ ਪ੍ਰਮੁਖ ਹੈ। ਰਿਗਵੇਦ ਤੋਂ ਲੈ ਕੇ ਤੰਤਰ ਯੁਗ ਦੇ ਅਖੀਰ ਤਕ ਇਸ ਦਾ ਵਰਣਨ ਕਿਸੇ ਨ ਕਿਸੇ ਰੂਪ ਵਿਚ ਹੁੰਦਾ ਆਇਆ ਹੈ।[੧] ਮਾਇਆ ਸ਼ਬਦ ਦਾ ਪ੍ਰਯੋਗ ਰਿਗਵੇਦ ਤੋਂ ਆਰੰਭ ਹੋ ਗਿਆ ਸੀ।[੨] ਜਿਸ ਦੇ ਅਰਥ ਅਲੌਕਿਕ ਸ਼ਕਤੀ ਦੇ ਅਰਥਾਂ ਵਿਚ ਵਰਤੇ ਗਏ।[੩]

ਉਪਨਿਸ਼ਦਾਂ ਵਿਚ ਅਵਿਦਿਆ, ਭਰਮ ਤੇ ਪ੍ਰਕ੍ਰਿਤੀ ਨੂੰ ਮਾਇਆ ਕਿਹਾ ਗਿਆ ਹੈ।[੪] ਇਨ੍ਹਾਂ ਤਿੰਨਾਂ ਗੁਣਾਂ ਦੇ ਨਾਲ ਗੀਤਾ ਵਿਚ ਮਾਇਆ ਨੂੰ ਭਗਵਾਨ ਕ੍ਰਿਸ਼ਨ ਦੀ ਸ਼ਕਤੀ ਵੀ ਕਿਹਾ ਗਿਆ ਹੈ।[੫] ਬੁੱਧ ਮਤ ਅਨੁਸਾਰ ਮਾਇਆ ਹੀ ਇਸ ਸੰਸਾਰ ਦੇ ਸਾਰੇ ਦੁਖਾਂ ਦਾ ਕਾਰਨ ਹੈ। ਸ਼ੰਕਰ ਦਾ ਮਾਇਆਵਾਦ[੬] ਵੀ ਆਪਣੇ ਵਿਸ਼ਵਾਸ ਤੇ ਹੀ ਆਧਾਰਤ ਹੈ। ਨਾਥਾਂ ਜੋਗੀਆਂ ਨੇ ਮਾਇਆ ਨੂੰ ਜ਼ਹਿਰੀ ਨਾਗਣ ਮੰਨ ਕੇ ਇਸ ਦੇ ਨਾਸ਼ ਕਰਨ ਲਈ ਬਹੁਤ ਜ਼ੋਰ ਦਿੱਤਾ ਹੈ। ~~ਕਿਉਂਕਿ~~ ਸਾਧਾਰਨ ਜੀਵ ਤਾਂ ਕੀ, ਇਸ ਨੇ ਦੇਵਤਿਆਂ ਨੂੰ ਵੀ ਛਲ ਲਿਆ ਹੈ।[੭] ਇਸਲਾਮ ਵਿਚ 'ਮਾਇਆ' ਸ਼ਬਦ ਹੈ ਨਹੀਂ। ~~ਮਗ~~ 'ਸ਼ੈਤਾਨ' ਨਾਂ ਦੀ ਇਕ ਸ਼ਕਤੀ ਹੈ, ਜੋ ਮਾਇਆ ਵਰਗੇ ਸੁਭਾਅ ਦੀ ਹੈ। ਇਹੀ ਸ਼ੈਤਾਨ ਸੂਫ਼ੀ ਨੂੰ ਪਰਮਾਤਮਾ-ਮਿਲਨ ਵਿਚ ਵਿਘਨ ਪਾਉਂਦਾ ਹੈ। ਜਿਸ ਕਰਕੇ ਸੂਫ਼ੀ ਜਗਿਆਸੂ ਨੂੰ ਮੁਰਸ਼ਦ ਧਾਰਨਾ ਪੈਂਦਾ ਹੈ ਤਾਂ ਜੁ ਮਨ ਦਾ ਸ਼ੈਤਾਨ ਮਾਰਿਆ ਜਾ ਸਕੇ। ਤੁਲਸੀ ਦਾਸ ਇਸ ਵਿਚਾਰ ਦੀ ਆਪਣੀ ਰਚਨਾ ਵਿਚ ਹਾਮੀ ਭਰਦੇ ਹਨ ਕਿ

---

੧- Constructive Survey of Upanishadic Philosophy ,Ranade ,p.227.

੨- A- As above,p.258
B- A Critical Study of Adi Granth,Dr.S.S.Kohli,p.3?9.

੩- History of Indian Philosophy,S.N.Das Gupta,Vol.I,p.469.

੪- Kathopanishad,- 1,3,12.

੫- ਗੀਤਾ,੭/੧੪-੧੫

੬- ਮਾਇਆਵਾਦ ਸ਼ਬਦ ਦੀ ਵਰਤੋਂ ਸ਼ੰਕਰ ਦੇ ਸਮੇਂ ਵਿਚ ਸ਼ੁਰੂ ਹੋਈ।

੭- ਗੋਰਖ ਬਾਣੀ(ਹਿੰਦੀ),ਡਾ.ਪੀਤਾਂਬਰ ਦੱਤ ਬੜਥਵਾਲ, ਪੰਨਾ ੧੩੯

ਮਾਇਆ ਦਾ ਕਾਰਜ ਸ਼ੈਤਾਨ ਵਰਗਾ ਹੀ ਹੁੰਦਾ ਹੈ।[੧] ਗੁਰੂ ਗ੍ਰੰਥ ਸਾਹਿਬ ਵਿਚ 'ਮਾਇਆ' ਸ਼ਬਦ ਦੀ ਵਰਤੋਂ ਸਿਰਫ਼ 'ਭੁਲੇਖੇ' ( Illusion ) ਵਾਸਤੇ ਨਹੀਂ ਕੀਤੀ ਗਈ ਸਗੋਂ ਪਦਾਰਥ, ਦੌਲਤ, ਮਨੁੱਖੀ ਖ਼ਾਹਸ਼ਾਂ, ਜੋ ਚੀਜ਼ਾਂ ਪਰਮਾਤਮਾ ਨੂੰ ਮਿਲਨ ਦੇ ਰਾਹ ਵਿਚ ਰੁਕਾਵਟਾਂ ਹਨ, ਲਈ ਕੀਤੀ ਗਈ ਹੈ।[੨]

<u>ਮਾਇਆ ਕੀ ਹੈ</u>

ਮਾਇਆ ਉਹ ਤੱਤ ਹੈ ਜੋ ਸੰਸਾਰ ਨੂੰ ਸਦਾ ਬੇਚੈਨ ਕਰੀ ਰਖਦਾ ਹੈ।[੩] ਮਾਇਆ ਦੀ ਰਹੱਸਮਈ ਸ਼ਕਤੀ ਦੁਆਰਾ ਜੀਵ ਦੀ ਆਤਮਾ ਵਿਚ ਅਵਿਦਿਆ ਵਾਸ ਕਰਦੀ ਹੈ ਤੇ ਉਸ ਨੂੰ ਆਪਣੇ ਵਲਾਂ ਵਿਚ ਫਸਾਈ ਰਖਦੀ ਹੈ।[੪]

ਧਰਮ ਵਿਚ ਮਾਇਆ ਉਸ ਸ਼ਕਤੀ ਨੂੰ ਆਖਦੇ ਹਨ, ਜੋ ਜੀਵ ਨੂੰ ਧੋਖਾ ਦੇਣ ਦੀ ਸਮਰਥਾ ਰਖਦੀ ਹੈ।[੫]

ਮਾਇਆ ਬ੍ਰਹਮ ਲਈ ਇਉਂ ਹੀ ਹੈ, ਜਿਵੇਂ ਇਕ ਆਰਾਮ ਕਰ ਰਹੇ ਸੱਪ ਨੂੰ ਜਾਗਦਾ ਸੱਪ ਹਿਲਾ ਦਏ ਜਾਂ ਇਉਂ ਕਹਿ ਲਵੋ ਕਿ ਤਾਕਤ ਜਦੋਂ ਹਰਕਤ ਵਿਚ ਹੈ ਤਾਂ ਮਾਇਆ ਹੈ, ਜੇ ਸ਼ਾਂਤ, ਅਡੋਲ ਹੈ ਤਾਂ ਬ੍ਰਹਮ ਹੈ।[੬]

ਜੋ ਵਸਤੂ ਨ ਹੋਣ ਤੇ ਵੀ ਹੋਂਦ ਰਖਦੀ ਹੈ ਤੇ ਜੋ ਆਤਮਾ ਵਿਚ ਪ੍ਰਤੀਤ ਨਹੀਂ ਹੁੰਦੀ, ਉਸ ਨੂੰ ਆਤਮਾ ਦੀ ਮਾਇਆ ਸਮਝਣਾ ਚਾਹੀਦਾ ਹੈ।[੭]

ਮਾਇਆ ਵਿਚ ਬ੍ਰਹਮ ਦਾ ਆਭਾਸ, ਮਾਇਆ ਦਾ ਅਧਿਸ਼ਠਾਨ(ਸਹਾਰਾ), ਚੇਤਨ ਅਤੇ ਮਾਇਆ, ਇਨ੍ਹਾਂ ਤਿੰਨਾਂ ਦਾ ਸਮੁਦਾਯ ਈਸ਼ਵਰ ਹੈ। ਜੋ ਤ੍ਰਿਗੁਣ ਅਤੀਤ ਹੈ ਉਹ ਪਾਰਬ੍ਰਹਮ ਹੈ। ਜੇ ਵਿਚੋਂ ਮਾਇਆ ਤੇ ਅਵਿਦਿਆ ਨੂੰ ਹਟਾ ਦਈਏ ਤਦ ਕੇਵਲ ਸ਼ੁੱਧ ਬ੍ਰਹਮ ਰਹਿ ਜਾਂਦਾ ਹੈ।[੮]

ਜਗਤ ਵਿਚ ਵਿਚਰਨ ਦੀ ਖਾਹਸ਼ ਹੀ 'ਮਾਇਆ' ਹੈ।[੯] ਮਾਇਆ ਪਰਮਾਤਮਾ ਦੀ ਬਣਾਈ ਹੋਈ ਹੈ, ਇਹ ਜੀਵ ਨੂੰ ਰੱਬ ਤੋਂ ਦੂਰ ਲਿਜਾਂਦੀ ਹੈ ਤੇ

---

੧-Ency. of Religion and Ethics, James Hastings, Vol.III, p.367.

੨- A Critical Study of Adi Granth, Dr.S.S.Kohli, p.339.

੩- Indian Philosophy, Dr.S.Radha Krishanan, Vol.I, p.35.

੪- Mysticism-East and West, Rudolf Otto, p.3.

੫- An Ideal man of the Guru Granth Sahib, Dr.Tam Singh, p.11.

੬- Sayings of Shri Rama Krishna, Published by Shri R.K.Math, p.39.

੭- ਹਵਾਲਾ-ਕਬੀਰ ਕੀ ਵਿਚਾਰਧਾਰਾ(ਹਿੰਦੀ)ਡਾ.ਗੋਬਿੰਦ ਤ੍ਰਿਗੁਣਾਇਤ, ਪੰਨਾ ੨੬੪

੮- ਮਹਾਨ ਕੋਸ਼, ਪੰਨਾ ੭੩

੯- The Faith of the World, Rev.James Gardener, Vol.II, p.395

ਇਉਂ ਜੀਵ ਜਨਮ ਮਰਨ ਦੇ ਚਕਰ ਵਿਚ ਫਸਿਆ ਰਹਿੰਦਾ ਹੈ,ਜਦੋਂ ਮਾਇਆ ਦਾ ਅਸਰ ਘਟ ਜਾਂਦਾ ਹੈ ਤਾਂ ਜੀਵ ਰੱਬ ਨੂੰ ਪਹਿਚਾਨ ਲੈਂਦਾ ਹੈ।[1]

ਭਗਤ ਕਬੀਰ ਅਨੁਸਾਰ ਮਾਇਆ ਕੇਵਲ ਬਾਧਕ ਹੀ ਨਹੀਂ, ਸਗੋਂ ਬੰਧਨ ਭੀ ਹੈ। ਉਹ ਵੇਸਵਾ ਦੇ ਸਮਾਨ ਹੈ, ਜੋ ਹੱਟੀ ਵਿਚ ਬਹਿ ਕੇ ਆਪਣੇ ਕੰਮ ਦੇ ਬੰਧਨਾਂ ਵਿਚ ਸਭ ਨੂੰ ਬੰਨ੍ਹਣ ਦਾ ਯਤਨ ਕਰਦੀ ਹੈ, ਸਾਰਾ ਸੰਸਾਰ ਉਸ ਦੇ ਬੰਧਨਾਂ ਵਿਚ ਫਸਿਆ ਹੋਇਆ ਹੈ।

ਮਾਇਆ ਬ੍ਰਹਮ ਦੀ ਸ਼ਕਤੀ ਹੈ, ਇਸ ਦੇ ਨਾਲ ਰਲ ਕੇ ਹੀ ਬ੍ਰਹਮ ਜਗਤ ਦੀ ਉਤਪਤੀ ਕਰਦਾ ਹੈ। [illegible] ਈਸ਼ਵਰ ਤਦੇ ਹੀ ਈਸ਼ਵਰ ਹੈ, ਜੇ ਮਾਇਆ ਦੀ ਹੋਂਦ ਹੈ। ਇਸ ਜਗਤ ਵਿਚ ਸਾਰੇ ਕਾਰ ਵਿਹਾਰ ਦਾ ਮੂਲ ਕਾਰਨ ਮਾਇਆ ਹੈ। ਇਸੇ ਲਈ ਮਾਇਆ ਨੂੰ ਪਰਮੇਸ਼ੁਰ ਦੀ ਬੀਜ ਸ਼ਕਤੀ ਕਹਿ ਲੈਣਾ ਵੀ ਕੋਈ ਗਲਤ ਨਹੀਂ। ਭਾਵੇਂ ਮਾਇਆ ਬ੍ਰਹਮ ਦਾ ਹੀ ਇਕ ਜ਼ਰੂਰੀ ਅੰਗ ਹੈ,ਫਿਰ ਵੀ ਇਸ ਨੂੰ ਬ੍ਰਹਮ ਤੋਂ ਅਲਗ ਹੀ ਸਮਝਣਾ ਚਾਹੀਦਾ ਹੈ। ਇਹ ਮਾਇਆ ਹੀ ਹੈ, ਜੋ ਜੀਵ ਨੂੰ ਬ੍ਰਹਮ ਤਕ ਪੁਜਣ ਤੋਂ ਰੋਕਦੀ ਹੈ। ਜੀਵ ਪਾਸੋਂ ਬ੍ਰਹਮ ਦਾ ਅਸਲੀ ਰੂਪ ਛੁਪਾਈ ਰਖਦੀ ਹੈ ਤੇ ਜੀਵ ਨੂੰ ਆਪਣੇ ਜਾਲ ਵਿਚ ਫਸਾਈ ਫਿਰਦੀ ਹੈ। ਕਿੰਨੀ ਚੁਸਤ ਹੈ, ਜਿਸ ਦਾ ਆਸਰਾ ਉਸੇ ਨਾਲ ਹੀ ਹੇਰਾ ਫੇਰੀਆਂ। ਪਰ ਮਾਇਆ ਦੀਆਂ ਇਹ ਹੇਰਾ ਫੇਰੀਆਂ ਸਥਾਈ ਨਹੀਂ ਹੁੰਦੀਆਂ। ਜਦੋਂ ਬ੍ਰਹਮਗਿਆਨ ਦਾ ਸੂਰਜ ਜੀਵ ਦੇ ਅੰਦਰ ਚੜ੍ਹ ਜਾਂਦਾ ਹੈ, ਸਮਝੋ ਮਾਇਆ ਦੀ ਕਾਲੀ ਰਾਤ ਖੰਭ ਲਾ ਕੇ ਉੱਡ ਜਾਂਦੀ ਹੈ।

ਮਾਇਆ ਆਪਣੇ ਆਪ ਵਿਚ ਸ਼ਕਤੀ ਨਹੀਂ, ਸਗੋਂ ਜਿਵੇਂ ਸੇਕ ਅੱਗ ਦੇ ਸਹਾਰੇ ਕਾਇਮ ਰਹਿੰਦਾ ਹੈ, ਉਵੇਂ ਹੀ ਮਾਇਆ ਵੀ ਪਰਮਾਤਮਾ ਦੇ ਸਹਾਰੇ ਰਹਿੰਦੀ ਹੈ।[2] ਪ੍ਰੋ.ਦਾਸ ਗੁਪਤਾ ਅਨੁਸਾਰ ਬ੍ਰਹਮ ਤੇ ਮਾਇਆ ਦਾ ਆਪਸ ਵਿਚ ਕੋਈ ਸਬੰਧ ਸੰਭਵ ਨਹੀਂ, ਸੱਚ ਦਾ ਝੂਠ ਨਾਲ ਕੋਈ ਸਬੰਧ ਨਹੀਂ ਹੋ ਸਕਦਾ; ਇਹ ਦਿਖਾਵਾ ਮਾਤਰ ਹੀ ਹੈ।[3] ਮਾਇਆ ਸੁਪਨੇ ਦੀ ਨਿਆਈਂ ਹੈ, ਜਿਸ ਦੀ ਆਪਣੀ ਕੋਈ ਹੋਂਦ ਨਹੀਂ ਤੇ ਨਾ ਹੀ ਅਣਹੋਂਦ ਹੈ। ਕੇਵਲ ਮੂਰਖ ਉਸ ਦੀ ਹੋਂਦ ਦੀ ਕਲਪਨਾ ਕਰਦੇ ਹਨ।[4]

ਵਿਦਵਾਨਾਂ ਦੇ ਮਾਇਆ ਸਬੰਧੀ ਵਿਚਾਰ ਭੇਦ ਇਸ ਕਰਕੇ ਹਨ ਕਿ ਮਾਇਆ ਦੇ ਦੋ ਰੂਪ ਹਨ- ਇਕ ਵਿਦਿਆ ਤੇ ਦੂਜਾ ਅਵਿਦਿਆ। ਪਹਿਲੇ ਪ੍ਰਕਾਰ ਦੀ

---

੧- Outlines of Sikh Thought,Dr.S.S.Kohli,p.12

੨ Indian Philosophy,Dr.S.Radha Krishanan,Vol.II,p.572.

੩- History of Indian Philosophy,S.N.Das Gupta,Vol.I,p.442.

੪- As above, p.149.

ਮਾਇਆ-ਵਿਦਿਆ-ਜਗਤ ਰਚਨਾ ਦਾ ਕਾਰਨ ਬਣੀ। ਦੂਜੀ ਪ੍ਰਕਾਰ ਦੀ ਮਾਇਆ ਬੜੀ ਦੁਸ਼ਟ ਹੈ, ਜੋ ਸਰਬ ਦੁਖਾਂ ਦਾ ਕਾਰਨ ਬਣਦੀ ਹੈ।

ਮਾਇਆ ਨੂੰ ਪਰਮਾਤਮਾ ਦੇ ਦਰਬਾਰ ਦੀ ਨਾਚੀ ਕਿਹਾ ਗਿਆ ਹੈ, ਪਰ ਇਹ ਨਿਰੀ ਨਾਚੀ ਹੀ ਨਹੀਂ, ਉਸ ਦੀ ਦਾਸੀ ਵੀ ਹੈ ਤੇ ਗਿਆਨ ਹੋ ਜਾਣ ਤੇ ਇਹ ਦਾਸੀ ਭਾਵ ਵੀ ਮਿਟ ਜਾਂਦਾ ਹੈ। ਮਾਇਆ ਦੀ ਹੋਂਦ ਉਨੀ ਦੇਰ ਹੈ, ਜਿੰਨੀ ਦੇਰ ਤਕ ਅਗਿਆਨ ਹੈ। ਜਦੋਂ ਗਿਆਨ ਹੋ ਗਿਆ ਤਾਂ ਮਾਇਆ ਦੇ ਬੰਧਨਾਂ ਤੋਂ ਛੁਟਕਾਰਾ ਸੰਭਵ ਹੈ। ਕਬੀਰ ਜੀ ਨੇ ਮਾਇਆ ਨੂੰ ਭਰਮ ਦੀ ਛਪਰੀ ਆਖਿਆ ਹੈ। ਜਦੋਂ ਗਿਆਨ ਦੀ ਅਨ੍ਹੇਰੀ ਆਉਂਦੀ ਹੈ, ਮਨ ਵਿਚ ਪ੍ਰਕਾਸ਼ ਹੁੰਦਾ ਹੈ ਤਾਂ ਭਰਮ ਦੀਆਂ ਛਪਰੀਆਂ ਉੱਡ ਪੁਡ ਜਾਂਦੀਆਂ ਹਨ।[1]

ਮਾਇਆ ਠੱਗਣੀ ਹੈ। ਸਭ ਨੂੰ ਠੱਗਦੀ ਫਿਰਦੀ ਹੈ, ਪਰ ਇਸ ਨੂੰ ਅਜ ਤਕ ਕੋਈ ਨਹੀਂ ਠੱਗ ਸਕਿਆ। ਸਿਰਫ ਪਰਮਾਤਮਾ ਪਾਸੋਂ ਹੀ ਕਾਬੂ ਆਉਂਦੀ ਹੈ। ਜੀਵ ਨੂੰ ਨਤਾਕਤਾ ਕਰਨ ਵਾਲੀ ਮਾਇਆ ਇਕੱਲੀ ਨਹੀਂ, ਇਸ ਨੇ ਆਪਣੇ ਏਜੰਟ ਰਖੇ ਹੋਏ ਹਨ, ਜਿਨ੍ਹਾਂ ਰਾਹੀਂ ਇਹ ਜੀਵ ਨੂੰ ਚਾਰ ਚੁਫੇਰਿਓਂ ਘੇਰਦੀ ਹੈ। ਇਸ ਦੇ ਕੁਝ ਪ੍ਰਮੁਖ ਏਜੰਟ ਇਹ ਹਨ- ਕਾਮ, ਕ੍ਰੋਧ, ਲੋਭ, ਮੋਹ, ਹੰਕਾਰ, ਪਾਖੰਡ ਆਦਿ। ਰੋਜ਼ਾਨਾ ਜੀਵਨ ਵਿਚ ਨਜ਼ਰ ਮਾਰੀਏ ਤਾਂ ਕਿਹੜਾ ਅਜਿਹਾ ਮਨੁੱਖ ਲਭਦਾ ਹੈ, ਜੋ ਕਿਸੇ ਸੁੰਦਰ ਨੂੰ ਤਕ ਕੇ ਮਨ ਨੂੰ ਡੋਲਣ ਤੋਂ ਬਚਾ ਲਵੇ (ਕਾਮ); ਜੋ ਕਿਸੇ ਪਾਸੋਂ ਦੁਰਵਚਨ ਸੁਣ ਕੇ ਗੁਸੇ ਵਿਚ ਨਹੀਂ ਆ ਜਾਂਦਾ (ਕ੍ਰੋਧ); ਕਿਸ ਦਾ ਜੀਅ ਨਹੀਂ ਕਰਦਾ ਕਿ ਮੇਰੇ ਪਾਸ ੧,੦੦੦/- ਰੁਪੈ ਦੀ ਥਾਂ ੨੧,੦੦੦/- ਰੁਪੈ ਆ ਜਾਣ (ਲੋਭ); ਕਿਹੜਾ ਪ੍ਰਾਣੀ ਰਿਸ਼ਤਿਆਂ ਦੇ ਮੋਹ ਵਿਚ ਨਹੀਂ ਬਝਾ ਹੋਇਆ (ਮੋਹ); ਕੌਣ ਹੈ ਜੋ ਰੁਤਬਾ ਪਾ ਕੇ ਮਾਣ ਨਹੀਂ ਕਰਦਾ (ਹੰਕਾਰ); ਸੰਸਾਰ ਵਿਚ ਲਗ ਪਗ ਹਰ ਜੀਵ ਆਪਣਾ ਕੰਮ ਦੂਜੇ ਪਾਸੋਂ ਸਾਧਣ ਲਈ ਕਈ ਪ੍ਰਕਾਰ ਦੀਆਂ ਚਾਪਲੂਸੀਆਂ ਕਰਦਾ ਹੈ (ਪਾਖੰਡ)। ਇਨ੍ਹਾਂ ਜਮਾਂ ਤੋਂ ਤਾਂ ਕੇਵਲ ਭਗਤ ਜਨ ਹੀ ਬਚ ਸਕਦੇ ਹਨ; ਜਿਨ੍ਹਾਂ ਦੀ ਲਿਵ ਪਰਮਾਤਮਾ ਦੇ ਚਰਨਾਂ ਨਾਲ ਲਗੀ ਹੋਈ ਹੈ।

## ਮਾਇਆ ਦਾ ਸਰੂਪ

ਮਾਇਆ ਦਾ ਸਰੂਪ ਨਿਸਚਿਤ ਕਰਨਾ ਇਕ ਟੇਢਾ ਜਿਹਾ ਮਸਲਾ ਹੈ। ਭਾਈ ਜੋਧ ਸਿੰਘ ਅਨੁਸਾਰ ਮਾਇਆ ਦਾ ਸਰੂਪ ਇਹ ਹੈ ਕਿ ਉਸ ਦੇ ਪ੍ਰਭਾਉ ਨਾਲ ਅਸਲੀਅਤ

---

੧- ਦੇਖੋ- ਭਾਈ ਗ੍ਯਾਨ ਕੀ ਆਈ ਆਂਧੀ।।
ਸਭੈ ਉਡਾਨੀ ਭ੍ਰਮ ਕੀ ਟਾਟੀ ਰਹੈ ਨ ਮਾਇਆ ਬਾਂਧੀ।।
— ਗਉੜੀ ਗੁਆਰੇਰੀ ਅਸਟਪਦੀ, ਭਗਤ ਕਬੀਰ, ਆਦਿ ਗ੍ਰੰਥ, ਪੰਨਾ ੩੩੧

ਵਿਸਰ ਜਾਂਦੀ ਹੈ ਤੇ ਦਵੈਤ ਦਾ ਕੇਂਦਰ ਬਣ ਜਾਂਦਾ ਹੈ।[1] ਮਾਇਆ ਜੀਵ ਲਈ ਜ਼ਹਿਰ, ਨਾਸੂਰ ਜਾਂ ਨਸ਼ੇ ਦੀ ਨਿਆਈਂ ਹੈ।[2]

ਗੁਰੂ ਅਰਜਨ ਦੇਵ ਜੀ ਨੇ ਮਾਇਆ ਦਾ ਉਹ ਸਰੂਪ ਨਿਸਚਿਤ ਕੀਤਾ ਹੈ, ਜਿਸ ਵਿਚੋਂ ਮਾਇਆ ਸਪਸ਼ਟ ਦਿਸ ਆਉਂਦੀ ਹੈ। ਮਾਇਆ ਦੇ ਤਿੰਨ ਗੁਣ ਹਨ- ਰਜੋ, ਤਮੋ ਤੇ ਸਤੋ।[3]

ਮਾਇਆ ਪਰਮਾਤਮਾ ਦੇ ਹਥਾਂ ਵਿਚ ਕਠਪੁਤਲੀ ਵੀ ਹੈ, ਜਿਸ ਨੂੰ ਪਰਮਾਤਮਾ ਨੇ ਆਪਣੀ ਖੇਡ ਲੁਕਾਉਣ ਲਈ ਬੜੇ ਕਲਾਤਮਕ ਢੰਗ ਨਾਲ ਵਰਤਿਆ ਹੋਇਆ ਹੈ, ਜਿਸ ਦਾ ਮਾਇਆ ਨੂੰ ਵੀ ਪਤਾ ਨਹੀਂ ਲਗਾ। ਉਸ ਨੂੰ ਸਾਧਨ ਬਣਾ ਕੇ ਨਿਰਗੁਣ ਪਰਮਾਤਮਾ ਨੇ ਸਰਗੁਣ ਸਰੂਪ ਧਾਰ ਕੇ ਲੋਕਾਈ ਨੂੰ ਭੁਲੇਖਾ ਪਾਇਆ ਹੋਇਆ ਹੈ।[4]

ਮਾਇਆ ਦੀ ਸ਼ਕਤੀ ਦੀ ਇਕ ਹੋਰ ਬਾਤ ਗੁਰੂ ਜੀ ਨੇ ਵਿਆਖਿਆ ਕੀਤੀ ਹੈ ਕਿ ਜਿਹੜਾ ਇਸ ਨਾਲ ਪ੍ਰੀਤ ਕਰਦਾ ਹੈ, ਉਸੇ ਨੂੰ ਖਾਂਦੀ ਹੈ। ਜਿਹੜੇ ਇਸ ਦੀ ਸੰਭਾਲ ਕਰਦੇ ਹਨ, ਉਨ੍ਹਾਂ ਨੂੰ ਡਰਾਂਦੀ ਰਹਿੰਦੀ ਹੈ। ਇਹ ਕਾਬੂ ਕੇਵਲ ਪ੍ਰਭੂ ਦੀ ਨਦਰ ਦੁਆਰਾ ਪ੍ਰਭੂ ਦੇ ਭਗਤਾਂ ਦੇ ਹੀ ਆਉਂਦੀ ਹੈ। ਜੋ ਇਸ ਮਾਇਆ ਤੋਂ ਡਰਦੇ ਉਦਾਸੀ ਹੋ ਗਏ ਉਨ੍ਹਾਂ ਦਾ ਕਾਮ ਦੇ ਰੂਪ ਵਿਚ ਫਿਰ ਵੀ ਪਿੱਛਾ ਨਹੀਂ ਛਡਦੀ, ਗ੍ਰਿਹਸਤੀਆਂ ਵਿਚ ਮੋਹ ਦੇ ਰੂਪ ਵਿਚ ਰਚੀ ਹੋਈ ਹੈ, ਜੋ ਜਤੀ ਸਤੀ ਬਣਦੇ ਹਨ, ਉਨ੍ਹਾਂ ਨੂੰ ਵੀ ਬਹੁਤ ਕਲਪਾਉਂਦੀ ਹੈ। ਸਿਰਫ ਸਤਿਗੁਰੂ ਦੀ ਚਰਨੀਂ ਲਗਿਆਂ ਇਸ ਤੋਂ ਛੁਟਕਾਰਾ ਮਿਲ ਸਕਦਾ ਹੈ। ਆਪਣੇ ਤਿੰਨਾਂ ਗੁਣਾਂ ਦੁਆਰਾ ਇਸ ਨੇ ਸਾਰੀ ਸ੍ਰਿਸ਼ਟੀ ਮੋਹੀ ਹੋਈ ਹੈ, ਕੇਵਲ ਗੁਰਮੁਖ ਲੋਕ ਹੀ ਇਸ ਤੋਂ ਬਚ ਸਕੇ ਹਨ।[5]

ਮਾਇਆ ਇਕ ਅਜਿਹੀ ਇਸਤਰੀ ਦੇ ਰੂਪ ਵਿਚ ਚਿਤਰੀ ਗਈ ਹੈ ਕਿ ਉਸ ਦਾ ਭਿਆਨਕ ਸਰੂਪ ਨਜ਼ਰੀਂ ਆ ਜਾਂਦਾ ਹੈ। ਜਿਸ ਦੇ ਮਥੇ ਤੇ ਤਿਊੜੀ ਹੈ, ਨਜ਼ਰ ਗੁੱਸੇ ਵਾਲੀ ਹੈ, ਜਿਸ ਦੇ ਬੋਲਾਂ ਵਿਚ ਕੁਰੱਖ਼ਤਣ ਹੈ, ਜੋ ਸਦਾ ਭੁੱਖੀ ਹੈ, ਅਜਿਹੀ ਇਕ ਇਸਤਰੀ ਪਰਮਾਤਮਾ ਨੇ ਪੈਦਾ ਕੀਤੀ ਹੈ, ਜਿਸ ਨੇ ਠੱਗੀ ਨਾਲ ਛਲ ਕੇ ਸਾਰੇ

---

੧- ਗੁਰਮਤਿ ਨਿਰਣਯ, ਭਾਈ ਜੋਧ ਸਿੰਘ, ਪੰਨਾ ੩੦
੨- Outlines of Sikh Thought, Dr.S.S.Kohli, p.35.
੩- ਤ੍ਰੈ ਗੁਣ ਮਾਇਆ ਬ੍ਰਹਮ ਕੀ ਕੀਨੀ, ਕਹਹੁ ਕਵਨ ਬਿਧਿ ਤਰੀਐ ਰੇ।।
— ਆਸਾ ਮ:੫, ਆਦਿ ਗ੍ਰੰਥ, ਪੰਨਾ ੪੦੪
੪- ਨਿਰਗੁਨੁ ਆਪਿ ਸਰਗੁਨੁ ਭੀ ਓਹੀ।।
ਕਲਾਧਾਰਿ ਜਿਨਿ ਸਗਲੀ ਮੋਹੀ।। —ਸੁਖਮਨੀ, ਆਦਿ ਗ੍ਰੰਥ, ਪੰਨਾ ੨੮੭
੫- ਜਿਨਿ ਲਾਈ ਪ੍ਰੀਤਿ ਸੋਈ ਫਿਰਿ ਖਾਇਆ।।
ਜਿਨਿ ਸੁਖਿ ਬੈਠਾਲੀ ਤਿਸੁ ਭਉ ਬਹੁਤੁ ਦਿਖਾਇਆ।।
— ਆਸਾ ਮ:੫, ਆਦਿ ਗ੍ਰੰਥ, ਪੰਨਾ ੩੭੦

ਸੰਸਾਰ ਨੂੰ ਕਾਬੂ ਕੀਤਾ ਹੋਇਆ ਹੈ। ਇਥੋਂ ਤਕ ਕਿ ਬ੍ਰਹਮਾ ਸ਼ਿਵ ਜੀ ਤੇ ਵਿਸ਼ਨੂੰ ਵੀ ਉਸ ਨੇ ਮੋਹਤ ਕਰ ਲਏ ਹਨ---- ਮਨਮੁਖ ਹੰਕਾਰੀ ਹੰਕਾਰ ਵਿਚ ਆ ਕੇ ਖ਼ੁਆਰ ਹੁੰਦਾ ਹੈ, ਪਰ ਗੁਰਮੁਖਾਂ ਦਾ ਗੁਰੂ ਜੀ ਬਾਂਹ ਪਕੜ ਕੇ ਉਧਾਰ ਕਰ ਲੈਂਦੇ ਹਨ।[1]

ਜੇ ਜੀਵ ਇਸਤਰੀ ਆਪਣੇ ਕੰਤ ਪਰਮਾਤਮਾ ਦੇ ਭਾਣੇ ਨੂੰ ਮਿੱਠਾ ਕਰਕੇ ਮੰਨਦੀ ਹੈ ਤਾਂ ਉਹ ਆਪਣੀ ਸੌਂਕਣ (ਮਾਇਆ) ਨੂੰ ਘਰੋਂ ਕਢ ਸਕਦੀ ਹੈ ਕਿਉਂਕਿ ਪਿਆਰੇ ਨੂੰ ਤਾਂ ਆਪਣੀ ਨਾਰ ਦਾ ਅਸਲੀ ਸ਼ਿੰਗਾਰ ਹੀ ਚੰਗਾ ਲੱਗਦਾ ਹੈ।

ਗੁਰੂ ਨਾਨਕ ਦੇਵ ਜੀ ਨੇ ਮਾਇਆ ਨੂੰ ਅਜਿਹੀ ਸੱਸ ਆਖਿਆ ਹੈ,[2] ਜੋ ਜੀਵ ਇਸਤਰੀ ਦਾ ਉਸ ਦੇ ਪਤੀ ਪਰਮਾਤਮਾ ਨਾਲ ਮਿਲਾਪ ਨਹੀਂ ਹੋਣ ਦੇਂਦੀ। ਗੁਰੂ ਅਰਜਨ ਦੇਵ ਜੀ ਨੇ ਉਸੇ ਹੀ ਰਹੱਸਮਈ ਲੈਅ ਵਿਚ ਇਸ ਮਾਇਆ- ਸੱਸ ਤੋਂ ਛੁਟਕਾਰਾ ਇਉਂ ਕਰਵਾ ਕੇ ਦਸ ਦਿੱਤਾ ਹੈ ਕਿ ਇਸ ਸੱਸ (ਮਾਇਆ) ਤੋਂ ਪ੍ਰਭੂ ਪਤੀ ਨੇ (ਮੈਨੂੰ) ਜੀਵ ਪਤਨੀ ਨੂੰ ਅਲਗ ਕਰ ਦਿੱਤਾ ਹੈ। ਆਸ਼ਾ ਤ੍ਰਿਸ਼ਨਾ ਰੂਪੀ ਦਿਉਰ, ਜਿਠਾ- -ਣੀਆਂ ਈਰਖਾ ਤੇ ਦੁਖ ਪੀੜ ਨਾਲ ਹੀ ਮਰ ਗਏ ਹਨ। ਹੁਣ ਘਰ ਦੇ ਜਠੇਰੇ ਪੂਜਣ (ਧਰਮ ਰਾਜ) ਦੀ ਵੀ ਕੋਈ ਮੁਥਾਜੀ ਨਹੀਂ ਰਹੀ, ਕਿਉਂਕਿ ਮੇਰੇ ਸੁਘੜ ਸੁਜਾਨ ਪਤੀ ਨੇ ਮੇਰੀ ਆਪ ਰਖਿਆ ਕੀਤੀ ਹੈ।[3]

ਇਸ ਜਗ ਨੂੰ ਮੋਹਣ ਵਾਲੀ ਨੂੰ ਗੁਰੂ ਜੀ ਨੇ ਤਿਆਗ ਦੇਣ ਲਈ ਕਿਹਾ ਹੈ ਤਾਂ ਕਿ ਪ੍ਰਭੂ ਮਿਲੇ ਤੇ ਖੁਸ਼ੀ ਮਨਾਈ ਜਾਵੇ।[4] ਮਾਇਆ ਸੁੰਦਰੀ ਹੈ ਜੋ ਮਨ ਨੂੰ ਮੋਹ ਲੈਂਦੀ ਹੈ। ਇਹ ਮਾਇਆ ਪੈਂਡਾ ਕਰਦਿਆਂ, ਪਤਨ ਲੰਘਦਿਆਂ, ਘਰ ਵਿਚ ਬੈਠਿਆਂ ਤੇ ਜੰਗਲਾਂ ਵਿਚ ਭੌਂਦੇ ਜੀਵਾਂ ਵਿਚੋਂ ਆਪਣਾ ਸ਼ਿਕਾਰ ਤਾੜਦੀ ਰਹਿੰਦੀ ਹੈ। ਵੇਖਣ

---

੧- ਮਾਥੈ ਤ੍ਰਿਕੁਟੀ ਦ੍ਰਿਸਟਿ ਕਰੂਰਿ।।
—ਆਸਾ ਮ:੫, ਆਦਿ ਗ੍ਰੰਥ, ਪੰਨਾ ੩੯੪

੨- ਸਾਸੁ ਬੁਰੀ ਘਰਿ ਵਾਸੁ ਨ ਦੇਵੈ ਪਿਰ ਸਿਉ ਮਿਲਣ ਨ ਦੇਇ ਬੁਰੀ।।
— ਆਸਾ ਮ:੧, ਆਦਿ ਗ੍ਰੰਥ, ਪੰਨਾ ੩੫੫

੩- ਸਸੁ ਤੇ ਪਿਰਿ ਕੀਨੀ ਵਾਖਿ।। ਦੇਰ ਜਿਠਾਣੀ ਮੁਈ ਦੂਖਿ ਸੰਤਾਪਿ।।
ਘਰ ਕੇ ਜਿਠੇਰੇ ਕੀ ਚੂਕੀ ਕਾਣਿ।। ਪਿਰਿ ਰਖਿਆ ਕੀਨੀ ਸੁਘੜ ਸੁਜਾਣਿ।।
— ਆਸਾ ਮ:੫, ਆਦਿ ਗ੍ਰੰਥ, ਪੰਨਾ ੩੭੦

੪- ਜਗ ਮੋਹਨੀ ਹਮ ਤਿਆਗਿ ਗਵਾਈ।। ਨਿਰਗੁਨੁ ਮਿਲਿਓ ਵਜੀ ਵਧਾਈ।।ਰਹਾਉ।।
ਐਸੀ ਸੁੰਦਰਿ ਮਨ ਕਉ ਮੋਹੈ।। ਬਾਟਿ ਘਾਟਿ ਗ੍ਰਿਹਿ ਬਨਿ ਬਨਿ ਜੋਹੈ।।
ਮਨ ਤਨ ਲਾਗੈ ਹੋਇ ਕੈ ਮੀਠੀ।। ਗੁਰਪ੍ਰਸਾਦਿ ਮੈ ਖੋਟੀ ਡੀਠੀ।।
— ਆਸਾ ਮ:੫, ਆਦਿ ਗ੍ਰੰਥ, ਪੰਨਾ ੩੭੨

ਨੂੰ ਮਧੁਰ ਤੇ ਮਿਠੀ ਲਗਦੀ ਹੈ, ਪਰ ਅੰਦਰੋਂ ਇਹ ਅਸਲੋਂ ਹੀ ਖੋਟੀ ਹੈ। ਇਹ ਠੱਗਣੀ ਦੇ ਰੂਪ ਵਿਚ ਵਿਚਰ ਰਹੀ ਹੈ। ਇਸ ਰੂਪ ਵਿਚ ਇਸ ਨੇ ਕਈ ਘਰ ਗਾਲ ਦਿੱਤੇ ਹਨ, ਪ੍ਰਭੂ ਦੀ ਮਿਹਰ ਦੁਆਰਾ ਅਸੀਂ ਬਚ ਗਏ ਹਾਂ।[1] ਇਸ ਨੂੰ ਛਲਨ ਵਾਲੀ ਨਾਗਨੀ ਦੇ ਰੂਪ ਵਿਚ ਵੇਖ ਕੇ ਗੁਰੂ ਜੀ ਨੇ ਇਸ ਨਾਲੋਂ ਆਪਣਾ ਨਾਤਾ ਤੋੜ ਲਿਆ। ਕਿਉਂਕਿ ਆਪ ਨੂੰ ਸਤਿਗੁਰਾਂ ਤੋਂ ਪਤਾ ਲਗ ਗਿਆ ਹੈ ਕਿ ਇਹ ਝੂਠੀ ਮੁਹੱਬਤ ਵਾਲੀ ਹੈ, ਜੋ ਅੰਤ ਨੂੰ ਧਰੋਹ ਕਮਾਉਂਦੀ ਹੈ[2] ਅਤੇ ਮੋਹ ਦੇ ਹਨੇਰੇ ਖੂਹ ਵਿਚ ਸੁੱਟ ਦੇਂਦੀ ਹੈ।[3]

ਮਾਇਆ ਬੱਦਲਾਂ ਦੀ ਛਾਂ ਦੀ ਨਿਆਈਂ ਹੈ, ਜੋ ਕਈ ਰੰਗ ਬਦਲਦੀ ਰਹਿੰਦੀ ਹੈ।[4] ਪਰ ਮਾਇਆ ਇੰਨੀ ਨੀਚ ਵੀ ਨਹੀਂ ਕਿ ਇਸ ਦਾ ਖਤਰਨਾਕ ਸਰੂਪ ਹੀ ਦਿਸੇ। ਇਸ ਵਿਚ ਅਜਿਹੇ ਗੁਣ ਵੀ ਹਨ ਕਿ ਇਹ ਹਰ ਜੀਵ ਵਿਚ ਵਸ ਕੇ ਕਦਰ ਕਰਦੀ ਤੇ ਕਰਾਉਂਦੀ ਹੈ, ਖਾਸ ਕਰਕੇ ਸੱਚੇ ਭਗਤਾਂ ਦੀ ਖਾਸ ਦਾਸੀ ਬਣਦੀ ਹੈ।[5] ਸਾਧ ਸੰਗਤ ਦੀ ਖਾਸ ਕਰਕੇ ਸੇਵਾ ਕਰਦੀ ਹੈ ਕਿਉਂਕਿ ਇਸ ਨੂੰ ਸਾਧ ਸੰਗਤ ਦੀ ਸ਼ਕਤੀ ਤੋਂ ਭੈ ਹੈ। ਭਾਵੇਂ ਹੋਰ ਸ਼ਿਕਾਰ ਲਭਣ ਲਈ ਇਹ ਬ੍ਰਹਮਾ, ਸ਼ਿਵ ਜੀ ਤੇ ਇੰਦਰ ਦੇਵਤੇ ਵਰਗਿਆਂ ਨੂੰ ਜਿੱਤ ਕੇ ਦੌੜਦੀ ਆਈ ਹੈ ਪਰ ਗੁਰਮੁਖਾਂ ਦੀ ਸੰਗਤ ਵਲ ਬੁਰੀ ਨਿਗਾਹ ਨਾਲ ਨਹੀਂ ਤਕ ਸਕਦੀ।[6]

ਮਾਇਆ ਦੇ ਸਰੂਪ ਦੇ ਨਾਲ ਹੀ ਇਸ ਦਾ ਸੁਭਾਅ ਜਾਨਣਾ ਵੀ ਦਿਲਚਸਪੀ ਤੋਂ ਖਾਲੀ ਨਹੀਂ। ਇਹ ਸੁਭਾਅ ਦੀ ਖੋਟੀ ਹੈ। ਆਪਣਾ ਵਾਰ ਕਦੀ ਸਿਧਾ ਨਹੀਂ ਕਰਦੀ, ਸਗੋਂ ਪਹਿਲਾਂ ਲਾਲਚ ਦਾ ਚੋਗਾ ਪਾਉਂਦੀ ਹੈ, ਫਿਰ ਵਲ ਕੇ ਜੀਵ ਵਿਚ ਇਉਂ ਵਸਦੀ ਹੈ ਕਿ ਸੌਖੀ ਕੀਤੇ ਨਿਕਲਣ ਦਾ ਨਾਂ ਨਹੀਂ ਲੈਂਦੀ। ਜਦੋਂ ਮਾਇਆ ਨੂੰ ਪਕੜਨ ਦੀ ਕੋਸ਼ਿਸ਼ ਕੀਤੀ ਤਾਂ ਹੱਥ ਨਹੀਂ ਆਈ, ਨਾ ਹੀ ਇਹ ਧੋਖੇਬਾਜ਼ ਪ੍ਰੀਤ ਨਿਭਾ ਸਕਦੀ ਹੈ। ਜਦੋਂ ਇਸ ਨੂੰ ਤਿਆਗ ਦਿੱਤਾ ਤਾਂ ਚਰਨੀਂ ਆ ਡਿੱਗੀ।[7]

---

੧-ਇਹ ਠਗਵਾਰੀ ਬਹੁਤੁ ਘਰ ਗਾਲੇ॥ਹਮ ਗੁਰਿ ਰਾਖਿ ਲੀਏ ਕਿਰਪਾਲੇ॥
—ਬਿਭਾਸ ਪ੍ਰਭਾਤੀ ਮ:੫, ਆਦਿ ਗ੍ਰੰਥ, ਪੰਨਾ ੧੩੪੭

੨- ਛਲ ਨਾਗਨਿ ਸਿਉ ਮੇਰੀ ਟੂਟਨਿ ਹੋਈ॥ਗੁਰਿ ਕਹਿਆ ਇਹ ਝੂਠੀ ਧੋਹੀ॥
—ਬਿਭਾਸ ਪ੍ਰਭਾਤੀ ਮ:੫, ਆਦਿ ਗ੍ਰੰਥ, ਪੰਨਾ ੧੩੪੭

੩- ਮਾਇਆ ਰੰਗ ਬਿਰੰਗ ਕਰਤ ਮੋਹ ਕੈ ਕੂਪਿ ਗੁਬਾਰਿ ਪਰਿਓ ਹੈ॥
—ਸਵਯੇ, ਸ੍ਰੀ ਮੁਖਬਾਕ ਮ:੫, ਆਦਿ ਗ੍ਰੰਥ, ਪੰਨਾ ੧੩੮੮

੪- ਮਾਇਆ ਰੰਗ ਬਿਰੰਗ ਖਿਨੈ ਮਹਿ ਜਿਉ ਬਾਦਰ ਕੀ ਛਾਇਆ॥
—ਮਾਰੂ ਮ:੫, ਆਦਿ ਗ੍ਰੰਥ, ਪੰਨਾ ੧੦੦੩

੫- ਇਕ ਦਾਸੀ ਧਾਰੀ ਸਬਲ ਪਸਾਰੀ ਜੀਅ ਜੰਤ ਲੈ ਮੋਹਨਿਆ॥
—ਰਾਮਕਲੀ ਮ:੫, ਆਦਿ ਗ੍ਰੰਥ, ਪੰਨਾ ੯੨੪

੬- ਬ੍ਰਹਮ ਲੋਕ ਅਰੁ ਰੁਦ੍ਰਲੋਕ ਆਈ ਇੰਦ੍ਰਲੋਕ ਤੇ ਧਾਇ॥
ਸਾਧ ਸੰਗਤਿ ਕਉ ਜੋਹਿ ਨ ਸਾਕੈ ਮਲਿ ਮਲਿ ਧੋਵੈ ਪਾਇ॥
—ਗੂਜਰੀ ਮ:੫, ਆਦਿ ਗ੍ਰੰਥ, ਪੰਨਾ ੫੦੦

੭- ਕਹੁ ਨਾਨਕ ਜਉ ਤਿਆਗਿ ਦਈ॥ਤਬ ਓਹ ਚਰਣੀ ਆਇ ਪਈ॥
— ਰਾਮਕਲੀ ਮ:੫, ਆਦਿ ਗ੍ਰੰਥ, ਪੰਨਾ ੮੯੧

ਚੰਗਾ ਤਾਂ ਇਹ ਹੈ ਕਿ ਅਜਿਹੇ ਧੋਖੇ ਵਾਲੇ ਸੁਭਾ ਵਾਲੀ ਨੂੰ ਛੱਡ ਕੇ ਜੀਵ ਸਾਧ ਸੰਗਤ ਦੀ ਸ਼ਰਣੀ ਪਵੇ ਤਾਂ ਜੁ ਆਵਾਗਵਣ ਤੋਂ ਨਿਸਤਾਰਾ ਮਿਲ ਸਕੇ।

ਮਾਇਆ ਦਾ ਪਸਾਰਾ

ਇਹ ਸਾਰਾ ਜਗਤ ਪਸਾਰਾ ਮਾਇਆ ਦਾ ਹੀ ਹੈ। ਗੁਰੂ ਅਰਜਨ ਦੇਵ ਜੀ ਨੇ ਮਾਇਆ ਦੇ ਪਸਾਰੇ ਨੂੰ ਬੜੇ ਵਿਸਥਾਰਤ ਰੂਪ ਵਿਚ ਚਿਤਰਿਆ ਹੈ। ਆਪ ਦੇ ਅਨੁਸਾਰ ਇਹ ਮਾਇਆ ਕਿਤੇ ਤਾਂ ਖੁਸ਼ੀ ਗ਼ਮੀ ਦਾ ਖਲਾਰਾ ਹੋ ਕੇ ਪਸਰ ਰਹੀ ਹੈ, ਕਿਤੇ ਨਰਕ ਸੁਰਗ ਦੇ ਰੂਪ ਵਿਚ ਸਾਹਮਣੇ ਆਉਂਦੀ ਹੈ,[੧] ਕਿਤੇ ਸਰਬ ਦੁਖਾਂ ਦੇ ਮੂਲ-ਲਾਲਚ-ਰੂਪ ਵਿਚ ਵਿਆਪਦੀ ਹੈ। ਪਰ ਚੰਬੜਦੀ ਇਹ ਉਸੇ ਨੂੰ ਹੀ ਹੈ, ਜੋ ਹੰਕਾਰੀ ਹੋਏ ਪਏ ਹਨ।

ਔਲਾਦ, ਇਸਤਰੀ ਆਦਿ ਦੇ ਰੂਪ ਵਿਚ ਵੀ ਇਹ ਮਾਇਆ ਦਾ ਹੀ ਪ੍ਰਤਾਪ ਹੈ। ਕਿਤੇ ਹਾਥੀ ਘੋੜਿਆਂ, ਸੁੰਦਰ ਵਸਤਰਾਂ, ਰਾਜ ਭਾਗ ਦੇ ਰੂਪ ਵਿਚ ਮਿਲਦੀ ਹੈ। ਕਿਤੇ ਸੁੰਦਰਤਾ ਤੇ ਮਦ ਮਸਤ ਜੋਬਨੇ ਦੇ ਰੂਪ ਵਿਚ ਕਾਇਮ ਹੈ, ਕਿਤੇ ਗਰੀਬ ਤੇ ਅਮੀਰ ਨੂੰ ਆਪਣੇ ਜਾਦੂਆਂ ਨਾਲ ਚੰਬੜਦੀ ਹੈ, ਕਿਤੇ ਸੰਗੀਤ ਤੇ ਕੋਮਲ ਹੁਨਰਾਂ ਦੁਆਰਾ ਕਲਾਕਾਰਾਂ ਨੂੰ ਚੰਬੜਦੀ ਹੈ, ਕਿਤੇ ਮਹਿਲਾਂ ਵਿਚ ਸੁੰਦਰ ਸੇਜਾਂ ਦੇ ਰੂਪ ਵਿਚ ਮੌਜੂਦ ਹੈ; ਕਿਤੇ ਕਾਮ, ਕ੍ਰੋਧ, ਲੋਭ, ਮੋਹ, ਹੰਕਾਰ ਦੇ ਰੂਪ ਵਿਚ ਆਉਂਦੀ ਹੈ। ਗ੍ਰਿਹਸਤੀ, ਸੰਨਿਆਸੀ ਦੁਹਾਂ ਨੂੰ ਹੀ ਚੰਬੜ ਜਾਂਦੀ ਹੈ। ਉਠਣ ਬੈਠਣ, ਕੰਮ ਕਾਰ, ਆਦਿ ਸਭ ਵਿਚ ਮਾਇਆ ਦਾ ਪਸਾਰਾ ਹੈ। ਮਾਇਆ ਸੰਸਾਰ ਦੇ ਹਰ ਦਿਸਦੇ ਰੂਪ ਵਿਚ ਪਸਰੀ ਬੈਠੀ ਹੈ, ਸਿਵਾਇ ਉਨ੍ਹਾਂ ਦੇ ਜੋ ਪਰਮਾਤਮਾ ਦੇ ਨਾਮ ਵਿਚ ਰੱਤੇ ਹੋਏ ਹਨ।

ਰਜੋ, ਤਮੋ ਤੇ ਸਤੋ ਗੁਣਾਂ ਦੇ ਰੂਪ ਵਿਚ ਇਸ ਦਾ ਹੀ ਪਸਾਰਾ ਹੈ, ਮਨੁੱਖ ਜਦ ਵੱਡਾ ਹੋਣ ਦੀ ਖਾਹਸ਼ ਕਰਦਾ ਦੌੜ ਭੱਜ ਕਰਦਾ ਹੈ ਤਾਂ ਉਸ ਵਿਚ ਰਜੋ ਗੁਣ ਦਾ ਜ਼ੋਰ ਹੁੰਦਾ ਹੈ। ਜਦ ਉਹ ਗੁਸੇ ਜਾਂ ਈਰਖਾ ਦੇ ਹਨੇਰੇ ਵਿਚ ਭਟਕਦਾ ਹੈ ਤਾਂ ਉਸ ਵਿਚ ਤਮੋ ਗੁਣ ਹੁੰਦਾ ਹੈ। ਕਈ ਵਾਰ ਉਹ ਸਭ ਕੁਝ ਛਡ ਛਡਾ ਕੇ ਵੈਰਾਗਮਈ ਹੋ ਜਾਂਦਾ ਹੈ ਤੇ ਦੁਖ ਸੁਖ ਉਸ ਤੇ ਅਸਰ ਨਹੀਂ ਕਰਦੇ। ਇਹ ਅਵਸਥਾ ਸਤੋ ਗੁਣ ਹੈ। ਇਸ ਵਿਚ ਮਾਇਆ ਦਾ ਅਭਾਸ ਘਟ ਜਾਂਦਾ ਹੈ, ਪਰ ਜਦੋਂ ਜੀਵ ਇਸ ਅਵਸਥਾ ਤੋਂ ਵੀ ਉਪਰ ਹੋ ਜਾਵੇ ਤਾਂ ਮਾਇਆ ਦੇ ਪਸਾਰੇ ਵਿਚੋਂ ਨਿਕਲ ਜਾਂਦਾ ਹੈ। ਇਸ ਨੂੰ 'ਸਹਜ ਪਦ' ਵੀ ਕਹਿ ਸਕਦੇ ਹਾਂ, ਜਿਥੇ ਪੁੱਜ ਕੇ ਮਾਇਆ ਨਹੀਂ ਰਹਿੰਦੀ।

---

੧- ਬਿਆਪਤ ਹਰਖ ਸੋਗ ਬਿਸਥਾਰ।। ਬਿਆਪਤ ਸੁਰਗ ਨਰਕ ਅਵਤਾਰ।। ਅਤੇ
ਮਾਇਆ ਬਿਆਪਤ ਬਹੁ ਪਰਕਾਰੀ।। ਸੰਤ ਜੀਵਹਿ ਪ੍ਰਭ ਓਟ ਤੁਮਾਰੀ।।
--- --- ---
—ਗਉੜੀ ਗੁਆਰੇਰੀ ਮ:੫, ਆਦਿ ਗ੍ਰੰਥ, ਪੰਨਾ ੧੮੧-੮੨

## ਮਾਇਆ ਤੋਂ ਬਚਣ ਭਾਵ ਇਸ ਨੂੰ ਜਿਤਣ ਦੇ ਢੰਗ

ਜਿਥੇ ਮਾਇਆ ਦਾ ਇੰਨਾ ਪਸਾਰਾ ਤੇ ਇਸ ਦੇ ਮਨਮੋਹਣੇ ਸਰੂਪ ਹਨ ਜੋ ਜੀਵ ਨੂੰ ਆਪਣੀ ਲਪੇਟ ਵਿਚ ਲੈ ਆਉਂਦੇ ਦਿਸਦੇ ਹਨ, ਉਥੇ ਇਸ ਮਾਇਆ ਜਾਲ ਵਿਚੋਂ ਨਿਕਲਣ ਦਾ ਰਾਹ ਵੀ ਬਣਿਆ ਹੋਇਆ ਹੈ। ਜੋ ਜੀਵ ਇਸ ਤੋਂ ਬਚਣਾ ਚਾਹੁੰਦੇ ਹਨ, ਉਹ ਬਚ ਸਕਦੇ ਹਨ। ਜਿਹੜੇ ਲੋਕ ਵੀ ਇਸ ਵਿਚ ਫਸ ਕੇ ਦੁਖੀ ਹੁੰਦੇ ਅਸੀਂ ਦੇਖਦੇ ਹਾਂ, ਉਹ ਕੇਵਲ ਆਪਣੀ ਨਿਜੀ ਗਲਤੀ ਕਰਕੇ ਹੀ ਦੁਖੀ ਹੁੰਦੇਹਨ। ਸਾਡੇ ਰਹਿਬਰ ਗੁਰੂ ਜੀ ਨੇ ਸਾਨੂੰ ਰਾਹ ਤਾਂ ਦਿਖਾ ਦਿੱਤਾ ਹੈ, ਫੇਰ ਵੀ ਭਟਕ ਜਾਣ ਵਾਲੇ ਨੂੰ 'ਮਾਇਆਧਾਰੀ ਅਤਿ ਅੰਨ੍ਹਾ ਬੋਲਾ' ਹੀ ਕਹਿ ਸਕਦੇ ਹਾਂ।

ਜਿਹੜੇ ਜੀਵ ਇਸ ਨੂੰ ਮਨੋਂ ਦੂਰ ਕਰਦੇ ਹਨ, ਉਨ੍ਹਾਂ ਦੀ ਦਾਸੀ ਬਣ ਕੇ ਇਹ ਸੇਵਾ ਕਰਦੀ ਹੈ।[੧] ਇਸ ਨੂੰ ਮਨੋਂ ਦੂਰ ਕਰਕੇ ਜੇ ਸਤਸੰਗਤ ਵਿਚ ਮਨ ਲਗਾ ਲਿਆ ਜਾਵੇ ਤਾਂ ਜੀਵ ਦੇ ਵਡੇ ਭਾਗ ਹੁੰਦੇ ਹਨ।[੨] ਮਾਇਆ ਛਿਨ ਭੰਗਰ ਹੈ, ਇਸ ਲਈ ਜੀਵ ਇਸ ਤੇ ਭਰੋਸਾ ਨਾ ਕਰੇ।[੩] ਸਗੋਂ ਇਸ ਨੂੰ ਤਿਆਗ ਕੇ ਪ੍ਰਭੂ ਪਿਆਰੇ ਨੂੰ ਹਿਰਦੇ ਵਿਚ ਵਸਾਵੇ। ਮਨ ਨੂੰ ਮਾਇਆ ਦੇ ਮੋਹਣੇ ਸਰੂਪਾਂ ਵਲੋਂ ਹਟਾਉਣ ਦੇ ਯਤਨ ਕੀਤਿਆਂ ਮਾਇਆ ਠੱਗਣੀ ਤੋਂ ਬਚਿਆ ਜਾ ਸਕਦਾ ਹੈ; ਇਸ ਵਿਚ ਪਲਚਿਆਂ ਤਾਂ ਜੀਵ ਠੱਗਿਆ ਜਾਂਦਾ ਹੈ, ਜਿਵੇਂ ਰਾਹੀਆਂ ਨੂੰ ਠੱਗ ਜ਼ਹਿਰੀ ਬੂਟੀ ਸੁੰਘਾ ਕੇ ਠੱਗ ਲੈਂਦੇ ਹਨ।[੪]

ਮਾਇਆ ਨਾਲ ਪਿਆਰ ਤਾਂ ਕਚ ਦਾ ਵਣਜ ਹੈ, ਜਿਸ ਵਿਚੋਂ ਕੋਈ ਲਾਭ ਨਹੀਂ, ਨੁਕਸਾਨ ਹੀ ਨੁਕਸਾਨ ਹੈ। ਇਹ ਵਣਜ ਇਉਂ ਹੈ, ਜਿਉਂ ਸਜਣਾਂ ਨਾਲ ਵੈਰ ਤੇ ਵੈਰੀ ਨਾਲ ਪ੍ਰੇਮ ਕਰੀਏ। ਵਾਹਿਗੁਰੂ ਨੂੰ ਤਜ ਕੇ ਜੇ ਮਾਇਆ ਨਾਲ ਪਿਆਰ ਕਰੀਏ, ਤਾਂ ਮਾਇਆ ਦੇ ਜ਼ਹਿਰ ਵਿਚ ਜੀਵ ਲਿਪਟ ਜਾਂਦਾ ਹੈ। ਪ੍ਰਭੂ ਦੀ ਕ੍ਰਿਪਾ ਨਾਲ ਇਸ ਵਿਚੋਂ ਨਿਕਲ ਜਾਈਦਾ ਹੈ।[੫]

ਕਿਸੇ ਮਾੜੇ ਮੋਟੇ ਉਪਾਵ ਨਾਲ ਤਾਂ ਇਹ ਕਾਬੂ ਨਹੀਂ ਆਉਂਦੀ।ਜੀਵ ਗੁਰੂ ਪਾਸੋਂ ਆਸਰਾ ਮੰਗਦਾ ਹੈ, ਜਦੋਂ ਸਤਿਗੁਰੂ ਦੀ ਸਰਣ ਆ ਗਿਆ ਫਿਰ ਸਤਿਗੁਰਾਂ ਨੇ

---

੧- ਜਬ ਉਸ ਕਉ ਕੋਈ ਮਨਿ ਪਰਹਰੈ।। ਤਬ ਓਹ ਸੇਵਕਿ ਸੇਵਾ ਕਰੈ।।
— ਰਾਮਕਲੀ ਮ:੫, ਆਦਿ ਗ੍ਰੰਥ, ਪੰਨਾ ੮੯੨

੨- ਇਸਹਿ ਤਿਆਗਿ ਸਤ ਸੰਗਤਿ ਕਰੈ।। ਵਡਭਾਗੀ ਨਾਨਕ ਓਹੁ ਤਰੈ।।
— ਰਾਮਕਲੀ ਮ:੫, ਆਦਿ ਗ੍ਰੰਥ, ਪੰਨਾ ੮੯੨

੩- ਮਾਇਆ ਕਾ ਰੰਗੁ ਸਭੁ ਫਿਕਾ ਜਾਤੋ ਬਿਨਸਿ ਨਿਦਾਨਿ।।
— ਸਿਰੀ ਰਾਗੁ ਮ:੫, ਆਦਿ ਗ੍ਰੰਥ, ਪੰਨਾ ੪੫

੪- ਉਰਝਿ ਰਹਿਓ ਇੰਦ੍ਰੀ ਰਸ ਪ੍ਰੇਰਿਓ ਬਿਖੈ ਠਗਉਰੀ ਖਾਵਤ ਹੇ।।
—ਬਿਲਾਵਲ ਮ:੫, ਆਦਿ ਗ੍ਰੰਥ, ਪੰਨਾ ੮੨੧

੫- ਕਾਚ ਬਿਹਾਝਨ ਕੰਚਨ ਛਾਡਨ ਬੈਰੀ ਸੰਗਿ ਹੇਤੁ ਸਾਜਨ ਤਿਆਗਿ ਖਰੇ।।
ਕਹੁ ਨਾਨਕ ਪ੍ਰਭ ਹੋਤ ਦਇਆਰਾ ਗੁਰੁ ਭੇਟੇ ਕਾਢੇ ਬਾਹ ਫਰੇ।।
—ਬਿਲਾਵਲ ਮ:੫, ਆਦਿ ਗ੍ਰੰਥ, ਪੰਨਾ ੮੨੩

ਇਸ ਨੂੰ ਬਚਾਇਆ ਤੇ ਇਸ ਮਾਇਆ ਨੂੰ ਹਾਕਮ ਤੋਂ ਦਾਸੀ ਬਣਾ ਦਿੱਤਾ।[1] ਹਰੀ ਸਿਮਰਨ ਕਰਨ ਨਾਲ ਮਾਇਆ ਦੇ ਬੰਧਨਾਂ ਤੋਂ ਜੀਵ ਛੁਟ ਜਾਂਦਾ ਹੈ। ਇਹ ਹਰੀ ਸਿਮਰਨ ਦੀ ਬਖਸ਼ਸ਼ ਪ੍ਰਭੂ ਦੀ ਕ੍ਰਿਪਾ ਨਾਲ ਸਾਧ ਸੰਗਤ ਦੁਆਰਾ ਪ੍ਰਾਪਤ ਹੁੰਦੀ ਹੈ।[2] ਇਹ ਮਾਇਆ ਕਈ ਅਡੰਬਰ ਕਰਕੇ ਜੀਵ ਨੂੰ ਲਲਚਾਉਂਦੀ ਹੈ। ਇਹ ਸਾਰਾ ਕੁਝ ਦਿਖਾਵੇ ਮਾਤਰ ਹੈ, ਇਸ ਕਰਕੇ ਜੀਵ ਇਸ ਨਾਲ ਪ੍ਰੀਤ ਘੱਟ ਕਰਕੇ ਚਿਤ ਪ੍ਰਭੂ ਨਾਲ ਜੋੜੇ, ਪ੍ਰਭੂ ਦੀ ਰਜ਼ਾ ਵਿਚ ਰਹੇ ਤਾਂ ਮਾਇਆ ਨੁਕਸਾਨ ਨਹੀਂ ਕਰ ਸਕਦੀ।[3]

ਕਿੰਨੀ ਦਿਲਚਸਪ ਗੱਲ ਹੈ ਕਿ ਸਾਰਾ ਸੰਸਾਰ ਮਾਇਆ ਦੀ ਗੁੱਝੀ ਅਗ ਨਾਲ ਜਲ ਰਿਹਾ ਹੈ, ਭੈਣ ਭਾਈ, ਮਾਂ ਬਾਪ, ਘਰ ਘਰ ਦੂਜੇਗੀ ਭਾਵ (ਮਾਇਆ ਕਰਕੇ) ਵਿਚ ਝਗੜ ਰਹੇ ਹਨ, ਪਰ ਪ੍ਰਭੂ ਆਪਣੇ ਭਗਤਾਂ ਨੂੰ ਆਪ ਹੱਥ ਦੇ ਕੇ ਬਚਾ ਲੈਂਦਾ ਹੈ।[4]

ਮਾਇਆ ਆਪਣੇ ਆਪ ਵਿਚ ਕੁਝ ਨਹੀਂ, ਇਕ ਭੁਲੇਖਾ ਹੀ ਹੈ, ਇਸ ਦੇ ਬਾਹਰੀ ਭੇਖ ਵਲ ਵੇਖ ਕੇ ਭੁਲ ਨਹੀਂ ਜਾਣਾ ਚਾਹੀਦਾ। ਜਿਵੇਂ ਤੁੰਮਾ ਬਾਹਰੋਂ ਕਿੰਨਾ ਸੁਹਣਾ ਲੱਗਦਾ ਹੈ ਤੇ ਖਰਬੂਜ਼ੇ ਦਾ ਭੁਲੇਖਾ ਪਾਉਂਦਾ ਹੈ, ਪਰ ਸੁਆਦ ਖਰਬੂਜ਼ੇ ਵਰਗਾ ਨਹੀਂ, ਅਤਿ ਕੌੜਾ ਹੁੰਦਾ ਹੈ। ਇਉਂ ਹੀ ਮਾਇਆ ਦੇ ਮਗਰ ਲਗਣ ਵਾਲਿਆਂ ਦੀ ਵੀ ਕਦਰ ਨਹੀਂ ਪੈ ਸਕਦੀ, ਕਿਉਂਕਿ ਜਿਸ ਨੇ ਸਾਥ ਨਹੀਂ ਦੇਣਾ ਉਸ ਦੇ ਮਗਰ ਮਗਰ ਫਿਰਨ ਦਾ ਕੀ ਫਾਇਦਾ![5]

---

੧- ਹੋਛੀ ਸਰਣਿ ਪਇਆ ਰਹਣੁ ਨ ਪਾਈ॥
ਇਹ ਆਮਰਿ ਹਮ ਗੁਰਿ ਕੀਏ ਦਰਬਾਰੀ॥ —ਆਸਾ ਮ:੫, ਆਦਿ ਗ੍ਰੰਥ, ਪੰਨਾ ੩੭੧

੨- ਹਰਿ ਜਪਿ ਮਾਇਆ ਬੰਧਨ ਤੂਟੇ॥
ਭਏ ਕ੍ਰਿਪਾਲ ਦਇਆਲ ਪ੍ਰਭ ਮੇਰੇ ਸਾਧ ਸੰਗਤਿ ਮਿਲਿ ਛੂਟੇ॥
— ਗੂਜਰੀ ਮ:੫, ਆਦਿ ਗ੍ਰੰਥ, ਪੰਨਾ ੪੯੭

੩- ਅਨਿਕ ਅਡੰਬਰ ਮਾਇਆ ਕੇ ਬਿਰਥੇ ਤਾ ਸਿਉ ਪ੍ਰੀਤਿ ਘਟਾਵਉ॥
ਜਿਉ ਅਪੁਨੋ ਸੁਆਮੀ ਸੁਖੁ ਮਾਨੈ ਤਾ ਮਹਿ ਸੋਭਾ ਪਾਵਉ॥
— ਦੇਵ ਗੰਧਾਰੀ ਮ:੫, ਆਦਿ ਗ੍ਰੰਥ, ਪੰਨਾ ੫੨੯

੪- ਮਾਇ ਬਾਪ ਪੂਤ ਹਿਤ ਭ੍ਰਾਤਾ ਉਨਿ ਘਰਿ ਘਰਿ ਮੇਲਿਓ ਦੂਆ॥
ਕਿਸ ਹੀ ਵਾਧਿ ਘਾਟਿ ਕਿਸਹੀ ਪਹਿ ਸਗਲੇ ਲਰਿ ਲਰਿ ਮੂਆ॥
ਹਉ ਬਲਿਹਾਰੀ ਸਤਿਗੁਰ ਅਪੁਨੇ ਜਿਨਿ ਇਹੁ ਚਲਤੁ ਦਿਖਾਇਆ॥
ਗੂਝੀ ਭਾਹਿ ਜਲੈ ਸੰਸਾਰਾ ਭਗਤ ਨ ਬਿਆਪੈ ਮਾਇਆ॥
—ਧਨਾਸਰੀ ਮ:੫, ਆਦਿ ਗ੍ਰੰਥ, ਪੰਨਾ ੬੭੩

੫- ਪੇਖੰਦੜੋ ਕੀ ਭੁਲੁ ਤੁੰਮਾ ਦਿਸਮੁ ਸੋਹਣਾ॥
ਅਢੁ ਨ ਲਹੰਦੜੋ ਮੁਲੁ ਨਾਨਕ ਸਾਥਿ ਨ ਜੁਲਈ ਮਾਇਆ॥ ਤੇ
ਚਲਦਿਆ ਨਾਲਿ ਨ ਚਲੈ ਸੋ ਕਿਉ ਸੰਜੀਐ॥
ਤਿਸ ਕਾ ਕਹੁ ਕਿਆ ਜਤਨੁ ਜਿਸ ਤੇ ਵੰਜੀਐ॥
—ਜੈਤਸਰੀ ਦੀ ਵਾਰ ਮ:੫, ਆਦਿ ਗ੍ਰੰਥ, ਪੰਨਾ ੭੦੮

ਅ- <u>ਹਉਮੈ</u>

ਮਾਇਆ ਦੇ ਏਜੰਟਾਂ ਵਿਚੋਂ ਹਉਮੈ ਇਕ ਅਜਿਹਾ ਪ੍ਰਮੁਖ ਕਾਰਿੰਦਾ ਹੈ, ਜਿਸ ਦੀ ਹੋਂਦ ਕਦੀ ਵੀ ਮਿਟ ਨਹੀਂ ਸਕਦੀ। ਵੇਦਾਂ ਅਨੁਸਾਰ ਹਉਮੈ ਰੱਬ ਦਾ ਵਿਪਰੀਤਾਰਥਕ ਸ਼ਬਦ ਹੈ।[1] ਹਉਮੈ ਸਾਡੇ ਸਾਰੇ ਦੁਖਾਂ ਦਾ ਘਰ ਹੈ।[2]

ਹਉ+ਮੈਂ-ਭਾਵ ਆਪਣੇ ਆਪੇ ਨੂੰ ਕੁਝ ਸਮਝਣਾ, ਏਨਾ ਆਪੇ ਵਿਚ ਰਹਿਣਾ ਕਿ ਚੁਫੇਰੇ ਦੀ ਹੋਸ਼ ਨ ਰਹਿਣੀ। ਜਦੋਂ 'ਮੈਂ ਕੁਝ ਹਾਂ' ਮਨ ਵਿਚ ਵਸ ਜਾਂਦੀ ਹੈ ਤਾਂ ਜੀਵ ਦੀ ਉਸ ਦੇ ਮੂਲ ਸੋਮੇ ਨਾਲੋਂ ਤੰਦ ਟੁੱਟ ਜਾਂਦੀ ਹੈ, ਫਿਰ ਉਸ ਨੇ ਦੁਖੀ ਹੀ ਹੋਣਾ ਹੈ। ਜਦੋਂ ਜੀਵ ਇਸ ਤੰਦ ਟੁਟਣ ਦਾ ਦੁਖ ਮਹਿਸੂਸ ਕਰਦਾ ਹੈ ਤਾਂ ਉਹ ਆਪਣੇ ਮੂਲ ਨਾਲ ਮਿਲਣ ਦੀ ਖਾਹਸ਼ ਕਰਦਾ ਹੈ। ਇਸ ਮਿਲਨ ਦੀ ਖਾਹਸ਼ ਤੇ ਅਲਗ ਰਹਿਣ ਦੀ ਹਉਮੈ ਦੇ ਵਿਚਕਾਰ ਲਟਕਦਾ ਜੀਵ ਜੀਉਂਦਾ ਰਹਿੰਦਾ ਹੈ। ਜਦੋਂ ਕਿਤੇ ਹਉਂ ਦਾ ਤਾਪ ਉਤਰਦਾ ਹੈ ਤਾਂ ਜੀਵ ਨੂੰ ਸਤਿਗੁਰੂ ਦੀ ਸਿਖਿਆ ਲੈ ਕੇ ਹੋਸ਼ ਆਉਂਦੀ ਹੈ ਤੇ ਪ੍ਰਭੂ ਨਾਲ ਮੇਲ ਹੁੰਦਾ ਹੈ।[3]

ਜੀਵ ਵਿਚ ਵਸਿਆ ਹਉਮੈ ਇਕ ਅਜਿਹਾ ਦੋਸ਼ ਹੈ, ਜਿਸ ਨੂੰ ਰੱਬ ਮੁਆਫ ਨਹੀਂ ਕਰ ਸਕਦਾ। ਅੱਲਾ ਪਾਸ ਤੋਬਾ ਕਰਨ ਜਾਣਾ ਹੈ ਤਾਂ ਹਉਮੈਂ ਤਿਆਗ ਕੇ ਗਿਆਂ ਹੀ ਗੱਲ ਬਣੇਗੀ। ਕਿਉਂਕਿ ਤੋਬਾ ਦੇ ਮੋਕਲੇ ਦਰਵਾਜ਼ੇ ਉਤੇ ਲਿਖਿਆ ਹੋਇਆ ਹੈ, 'ਅੰਦਰ ਪੈਰ ਧਰਨ ਵਾਲਿਆ! ਆਪਣੀ 'ਮੈਂ' ਏਥੇ ਹੀ ਰੱਖ ਜਾਵੀਂ।'[4]

ਹਉਮੈ ਕਈ ਰੂਪਾਂ ਵਿਚ ਰੋਗ ਬਣ ਕੇ[5] ਜੀਵ ਨੂੰ ਚੰਬੜੀ ਹੋਈ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਅਨੁਸਾਰ ਹਉਮੈਂ ਦੀਆਂ ੭ ਕਿਸਮਾਂ ਹਨ:-

੧- ਧਾਰਮਕ ਅਥਵਾ ਅਧਿਆਤਮਕ ਹੰਕਾਰ
੨- ਵਿਦਵਤਾ ਦਾ ਹੰਕਾਰ
੩- ਕਰਮ ਕਾਂਡ ਦਾ ਹੰਕਾਰ
੪- ਜਾਤੀ ਹੰਕਾਰ
੫- ਧੰਨ ਦੌਲਤ ਦਾ ਹੰਕਾਰ
੬- ਪਰਵਾਰਕ ਹੰਕਾਰ
੭- ਰੂਪ ਜਵਾਨੀ ਦਾ ਹੰਕਾਰ

---

੧- ਹਰਿ ਜੀਉ ਅਹੰਕਾਰੁ ਨ ਭਾਵਈ ਵੇਦ ਕੂਕਿ ਸੁਣਾਵਹਿ।।
—ਵਾਰ ਮਾਰੂ, ਮ:੩, ਆਦਿ ਗ੍ਰੰਥ, ਪੰਨਾ ੧੦੮੯

੨- Reason & Emotion, J.Macmurray, p.14.

੩- ਹਉ ਤਾਪ ਬਿਨਸੇ ਸਦਾ ਸਰਸੇ ਪ੍ਰਭ ਮਿਲੇ ਚਿਰੀ ਵਿਛੁੰਨਿਆ।।
—ਸੂਹੀ ਮ:੫, ਆਦਿ ਗ੍ਰੰਥ, ਪੰਨਾ ੭੭੯

੪- ਗੁਲਾਮ ਯਾਕੂਬ ਅਨਵਰ, ਸੂਫੀ ਸਾਹਿੱਤ ਅੰਕ (ਪੰਜਾਬੀ ਦੁਨੀਆਂ), ਨਵੰਬਰ, ਦਸੰਬਰ, ੧੯੬੪, ਪੰਨਾ ੨੯੭

੫- ਸ੍ਰੀ ਗੁਰੂ ਗ੍ਰੰਥ ਦਰਸ਼ਨ (ਹਿੰਦੀ), ਡਾ. ਜਯ ਰਾਮ ਮਿਸ਼ਰ, ਪੰਨਾ ੧੨੭

ਹੰਕਾਰੀ ਭਾਵੇਂ ਕਿਸੇ ਕਿਸਮ ਦਾ ਹੋਵੇ, ਉਸ ਦਾ ਹਾਲ ਬਹੁਤ ਬੁਰਾ ਹੁੰਦਾ ਹੈ। ਹੰਕਾਰੀ ਮਨ ਹਾਥੀ ਜੇਡੇ ਆਕਾਰ ਦਾ ਹੋ ਜਾਂਦਾ ਹੈ, ਮੁਕਤੀ ਦਾ ਦੁਆਰਾ ਭੀੜਾ ਹੈ, ਇਸ ਕਰਕੇ ਜੀਵ ਪਾਰ ਨਹੀਂ ਕਰ ਸਕਦਾ। ਜੇ ਜੀਵ ਸਤਿਗੁਰੂ ਦੀ ਸਰਨ ਪਵੇ, ਗੁਰੂ ਮਿਹਰ ਕਰ ਦਏ ਤਦ ਇਹ ਰਸਤਾ ਸੌਕਲਾ ਹੋ ਸਕਦਾ ਹੈ।[1]

ਜਿਨ੍ਹਾਂ ਦੇ ਅੰਦਰੋਂ ਹੰਕਾਰ ਨਹੀਂ ਨਿਕਲਦਾ, ਉਨ੍ਹਾਂ ਦਾ ਹਾਲ ਰਾਜਾ ਬਲ,[2] ਹਰੀ ਚੰਦ,[3] ਹਰਨਾਖਸ਼, ਰਾਵਣ,[4] ਅਰਜਨ,[5] ਅਤੇ ਦੈਂਤ-ਮਧੁ ਤੇ ਕੈਟਭ, ਮਹਿਖਾਸਰ, ਜਰਾਸੰਧ, ਕਾਲਜਮੁਨ, ਰਕਤਬੀਜ, ਕਾਲ ਨੇਮ,[6] ਵਰਗਾ ਹੁੰਦਾ ਹੈ।

---

੧- ਕਬੀਰ ਮੁਕਤਿ ਦੁਆਰਾ ਸੰਕੁਰਾ ਰਾਈ ਦਸਏਂ ਭਾਇ।।
ਮਨ ਤਉ ਮੈਗਲੁ ਹੋਇ ਰਹਿਓ ਨਿਕਸੋ ਕਿਉਕੇ ਜਾਇ।।
ਕਬੀਰ ਐਸਾ ਸਤਿਗੁਰੁ ਜੇ ਮਿਲੈ ਤੁਠਾ ਕਰੇ ਪਸਾਉ।।
ਮੁਕਤਿ ਦੁਆਰਾ ਮੋਕਲਾ ਸਹਜੇ ਆਵਉ ਜਾਉ।।—ਸਲੋਕ ਕਬੀਰ, ਆਦਿ ਗ੍ਰੰਥ, ਪੰਨਾ੧੩੬੭
(ਇਹ ਸਲੋਕ ਪਾਠ ਦੇ ਕੁਝ ਅੰਤਰ ਨਾਲ ਗੂਜਰੀ ਦੀ ਵਾਰ ਮ:੩, ਵਿਚ ਵੀ ਹਨ। ਵੇਖੋ ਆਦਿ ਗ੍ਰੰਥ, ਪੰਨਾ ੫੦੯)

੨- ਬਲ ਰਾਜਾ ਪ੍ਰਹਲਾਦ ਦਾ ਪੋਤਰਾ ਤੇ ਬੜਾ ਪ੍ਰਤਾਪੀ ਰਾਜਾ ਸੀ, ਪਰ ਹੰਕਾਰ ਵਸ ਹੋ ਕੇ ਆਪਣੇ ਗੁਰੂ ਦੇ ਰੋਕਣ ਤੇ ਵੀ ਰੋਜ਼ ਪਾਤਾਲ ਵਿਚ ਚਲਾ ਜਾਂਦਾ ਸੀ। ਇਕ ਦਿਨ ਵਿਸ਼ਨੂੰ ਜੀ ਨੇ ਛਲੀਏ ਦੇ ਰੂਪ ਵਿਚ ਇਸ ਤੋਂ ਢਾਈ ਕਰੂ ਥਾਂ ਮੰਗ ਲਈ, ਇਸ ਨੇ ਦੇਣੀ ਮੰਨ ਲਈ। ਛਲੀਏ(ਵਿਸ਼ਨੂੰ) ਨੇ ਦੋ ਕਦਮਾਂ ਵਿਚ ਧਰਤੀ ਤੇ ਆਕਾਸ਼ ਨਾਪ ਲਏ ਤੇ ਅੱਧੇ ਵਿਚ ਬਲ ਦਾ ਸਰੀਰ ਲੈ ਲਿਆ। ਅੰਤ ਵਿਸ਼ਨੂੰ ਨੇ ਇਸ ਦੀ ਭਗਤੀ ਵੇਖ ਕੇ ਇਸ ਨੂੰ ਪਾਤਾਲ ਦਾ ਰਾਜਾ ਥਾਪਿਆ। (ਵੇਖੋ ਮਹਾਨ ਕੋਸ਼, ਪੰਨਾ ੬੩੨)

੩- ਹਰੀ ਚੰਦ ਇਕ ਦਾਨੀ ਰਾਜਾ ਹੋਇਆ ਹੈ, ਇਸ ਨੂੰ ਹੰਕਾਰ ਨੇ ਰਾਜਾ ਤੋਂ ਭਿਖਾਰੀ ਤੇ ਕਸਾਈ ਆਦਿ ਬਣਾਇਆ। ਅੰਤ ਤੇ ਇਸ ਦੇ ਤਪ ਸਦਕੇ ਇਸ ਨੂੰ ਇਸ ਹੰਕਾਰ ਦੀ ਮੁਆਫੀ ਮਿਲੀ।

੪- ਹਰਨਾਖਸ਼ ਤੇ ਰਾਵਣ ਦਾ ਹੰਕਾਰ ਜਗਤ ਪ੍ਰਸਿੱਧ ਹੈ।

੫- ਅਰਜਨ ਦੀ ਹਜ਼ਾਰ ਬਾਂਹ ਸੀ। ਇਹ ਇਕ ਵਾਰ ਰਿਸ਼ੀ ਜਮਦਗਨ ਪਾਸ ਗਿਆ। ਤੁਰਨ ਲਗਿਆਂ ਇਸ ਨੇ ਰਿਸ਼ੀ ਤੋਂ ਕਾਮਧੇਨ ਗਊ ਮੰਗੀ, ਨ ਮਿਲੀ ਤਾਂ ਹੰਕਾਰ ਵਸ ਹੋ ਕੇ ਖੋਹਣੀ ਚਾਹੀ, ਤੇ ਗਊ ਤੋਂ ਪੈਦਾ ਹੋਈ ਫੌਜ ਤੋਂ ਹਾਰ ਖਾਧੀ। ਸਮਾਂ ਪਾ ਕੇ ਇਸ ਨੇ ਰਿਸ਼ੀ ਤੇ ਹੱਲਾ ਬੋਲਿਆ ਤੇ ਮਾਰ ਦਿੱਤਾ, ਰਿਸ਼ੀ ਦੇ ਪੁਤਰ ਪਰਸ ਰਾਮ ਨੇ ਬਦਲਾ ਲਿਆ। ਜੰਗ ਵਿਚ ਅਰਜਨ ਮਾਰਿਆ ਗਿਆ। (ਸ਼ਬਦਾਰਥ-ਪਹਿਲੀ ਪੋਥੀ, ਪੰਨਾ ੨੨੪)

੬- ਮਧੁ ਤੇ ਕੈਟਭ ਦੋ ਦੈਂਤ ਭਰਾ ਵਿਸ਼ਨੂੰ ਦੇ ਕੰਨ ਵਿਚੋਂ ਉਪਜੇ, ਜਦੋਂ ਉਹ ਸੁੱਤਾ ਪਿਆ ਸੀ। ਜਦ ਬ੍ਰਹਮਾ ਜੀ ਨਾਭੀ ਵਿਚੋਂ ਨਿਕਲੇ ਤਾਂ ਇਹ ਦੋਵੇਂ ਇਨ੍ਹਾਂ ਨੂੰ ਖਾਣ ਨੂੰ ਪਏ, ਵਿਸ਼ਨੂੰ ਜੀ ਨੇ ਦੋਹਾਂ ਨੂੰ ਮਾਰਿਆ। ਮਹਿਖਾਸਰ ਨੂੰ ਚੰਡੀ ਦੇਵੀ ਨੇ ਮਾਰਿਆ। ਜਰਾਸੰਧ, ਕਾਲਜਮੁਨ, ਰਕਤਬੀਜ ਤੇ ਕਾਲ ਨੇਮ- ਇਨ੍ਹਾਂ ਦੈਂਤਾਂ ਨੂੰ ਕ੍ਰਿਸ਼ਨ ਜੀ ਨੇ ਮਾਰਿਆ। (ਸ਼ਬਦਾਰਥ-ਪਹਿਲੀ ਪੋਥੀ, ਪੰਨਾ ੨੨੪)

ਅੱਤਾਰ ਫਾਰਸੀ ਦੇ ਇਕ ਮੰਨੇ ਹੋਏ ਕਵੀ ਹੋਏ ਹਨ। ਆਪ ਨੇ ਆਪਣੀ ਰਚਨਾ ਰਾਹੀਂ ਹਉਂ ਮਾਰਨ ਦਾ ਸਬਕ ਦਿੱਤਾ ਹੈ।

ਇਕ ਕਹਾਣੀ ਇਉਂ ਹੈ:- 'ਕਿਸੇ ਨੇ ਕਬਰਾਂ ਪੁਟਣ ਵਾਲੇ ਇਕ ਬੁਢੇ ਕੋਲੋਂ ਪੁਛਿਆ ਕਿ ਤੇਰੀ ਉਮਰ ਕਬਰਾਂ ਖਟਦੇ ਬੀਤ ਗਈ ਹੈ, ਦਸ ਖਾਂ, ਤੇਰੀਆਂ ਨਜ਼ਰਾਂ ਅਗੋਂ ਕੀ ਕੀ ਅਜੂਬੇ ਗੁਜ਼ਰੇ ਹਨ? ਉਸ ਨੇ ਜੁਆਬ ਦਿੱਤਾ ਕਿ ਸਭ ਤੋਂ ਵਡਾ ਅਜੂਬਾ ਇਹ ਹੈ ਕਿ ਮੈਨੂੰ ੭੦ ਸਾਲ ਕਬਰਾਂ ਖਟਦਿਆਂ ਹੋ ਗਏ ਹਨ ਤੇ ਮੇਰਾ ਨਫ਼ਸ ਰੂਪੀ ਕੁੱਤਾ ਇਕ ਘੜੀ ਲਈ ਵੀ ਨ ਮਰਿਆ ਅਤੇ ਉਪਾਸਨਾ ਜਾਂ ਬੰਦਗੀ ਵਲ ਪ੍ਰਵਿਰਤ ਨ ਹੋਇਆ।'

ਅਜਿਹੀ ਇਕ ਹੋਰ ਉਦਾਹਰਣ ਦੱਸੀ ਹੈ:- 'ਹਜ਼ਰਤ ਈਸਾ ਸੌਂ ਰਹੇ ਸਨ। ਉਨ੍ਹਾਂ ਸਿਰ ਹੇਠਾਂ ਕੇਵਲ ਇੱਟ ਰਖੀ ਹੋਈ ਸੀ, ਅੱਖ ਖੁਲ੍ਹੀ ਤਾਂ ਉਨ੍ਹਾਂ ਵੇਖਿਆ ਕਿ ਸ਼ੈਤਾਨ ਕੋਲ ਹੀ ਖਲੋਤਾ ਹੈ। ਪੁਛਣ ਲਗੇ 'ਕਿਓ ਲਾਨ੍ਹਤੀ, ਤੂੰ ਕਿਸ ਲਈ ਖਲੋਤਾ ਹੈਂ?' ਉਹ ਬੋਲਿਆ,'ਤੂੰ ਮੇਰੀ ਇਟ ਆਪਣੇ ਸਿਰ ਹੇਠਾਂ ਰਖੀ ਹੋਈ ਹੈ। ਇਹ ਸਾਰੀ ਦੁਨੀਆਂ ਮੇਰੀ ਮਲਕੀਅਤ ਹੈ। ਇਹ ਇੱਟ ਵੀ ਮੇਰੀ ਹੈ। ਤੂੰ ਮੇਰੀ ਮਲਕੀਅਤ ਤੇ ਕਬਜ਼ਾ ਜਮਾ ਰਿਹਾ ਹੈਂ, ਇਸ ਤਰ੍ਹਾਂ ਤੂੰ ਮੇਰਾ ਸਹਾਰਾ ਲੈ ਰਿਹਾ ਹੈਂ।' ਹਜ਼ਰਤ ਈਸਾ ਨੇ ਉਸੇ ਵੇਲੇ ਉਹ ਇੱਟ ਵੀ ਚੁੱਕ ਕੇ ਸੁੱਟ ਦਿੱਤੀ। ਇਹ ਵੇਖ ਕੇ ਸ਼ੈਤਾਨ ਬੋਲਿਆ,' ਹੁਣ ਏਥੇ ਮੇਰਾ ਕੋਈ ਕੰਮ ਨਹੀਂ ਰਿਹਾ। ਤੂੰ ਸੁਖ ਦੀ ਨੀਂਦਰ ਸੌਂ।'[੧]

ਗੁਰੂ ਅਰਜਨ ਦੇਵ ਜੀ ਦੀ ਰਚਨਾ ਵਿਚ ਹਉਮੈ ਸਹਿਤ ਤੇ ਹਉਮੈ ਰਹਿਤ ਅਵਸਥਾਵਾਂ ਦਾ ਜ਼ਿਕਰ ਬੜੇ ਸੁੰਦਰ ਸ਼ਬਦਾਂ ਵਿਚ ਮਿਲਦਾ ਹੈ।

ਜਦੋਂ ਇਹ ਜੀਵ ਮਨ ਵਿਚ ਗੁਮਾਨ ਕਰਦਾ ਹੈ, ਤਦ ਇਹ ਆਪਣੇ ਸਾਥੀਆਂ ਨਾਲੋਂ ਅੱਲਗ ਹੋ ਕੇ ਝੱਲਾ ਹੋ ਜਾਂਦਾ ਹੈ। ਸਾਰੇ ਪਾਸੇ ਇਸ ਲਈ ਮੁਸੀਬਤਾਂ ਹੀ ਹੁੰਦੀਆਂ ਹਨ। ਜੇ ਇਹ ਮਾਣ ਮੱਤਾ ਜੀਵ ਹੰਕਾਰੀ ਹੋਇਆ ਹਰ ਚੀਜ਼ ਨੂੰ 'ਮੇਰੀ' 'ਮੇਰੀ' ਕਹਿ ਕੇ ਘੇਰਦਾ ਹੈ ਤਾਂ ਮੁਸ਼ਕਲਾਂ ਵਿਚ ਘਿਰ ਜਾਂਦਾ ਹੈ। ਮੋਹ ਵਿਚ ਫਸਿਆ ਹੋਇਆ ਜਮਾਂ ਦੇ ਵਸ ਪੈ ਜਾਂਦਾ ਹੈ। ਜਦੋਂ ਇਹ ਕੁਝ ਕਰਨ ਦਾ ਦਾਅਵਾ ਕਰਦਾ ਹੈ ਤਾਂ ਇਹ ਦੁਖ, ਤਕਲੀਫਾਂ ਤੇ ਸਜ਼ਾਵਾਂ ਸਹਿੰਦਾ ਹੈ। ਪਰ ਜੇ ਇਹੋ ਹੀ ਜੀਵ ਸਾਰਿਆਂ ਦੇ ਚਰਨਾਂ ਦੀ ਧੂੜ ਹੋ ਜਾਵੇ, ਹੰਕਾਰ ਛਡ ਦਏ ਤਾਂ ਇਸ ਵਿਚ ਪਰਮਾਤਮਾ ਦੀ ਜੋਤ ਜਗ ਪੈਂਦੀ ਹੈ ਤੇ ਇਸ ਨੂੰ ਹਰ ਜੀਵ ਵਿਚ ਪਰਮਾਤਮਾ ਦਿਸਦਾ ਹੈ। ਇਸੇ ਨਿਮਰਤਾ ਦੇ ਫਲ ਸਰੂਪ ਇਹ 'ਸਹਜ ਸੁਹੇਲਾ' ਦਾ ਪਦ ਪ੍ਰਾਪਤ ਕਰਦਾ ਹੈ। ਜੇ ਮੇਰ ਤੇਰ ਦੀ ਹਉ ਇਹਦੇ ਮਨ ਵਿਚੋਂ ਨਿਕਲ ਗਈ ਤਾਂ ਕੋਈ ਵੀ ਇਸ ਨੂੰ ਵੈਰੀ ਨਹੀਂ ਦਿਸਦਾ, ਸਭ ਪਾਸੇ ਭਾਈ ਹੀ ਨਜ਼ਰ ਆਉਂਦੇ ਹਨ। ਇਹ ਆਪਣੇ ਕਰਤਾ ਨੂੰ ਵੀ ਪਹਿਚਾਨ ਜਾਂਦਾ ਹੈ ਤੇ ਇਸ ਨੂੰ

---

੧- ਹਵਾਲਾ-ਡਾ.ਯੋਗ ਧਿਆਨ ਆਹੂਜਾ,ਸੂਫੀ ਸਾਹਿੱਤ ਅੰਕ, ਪੰਜਾਬੀ ਦੁਨੀਆਂ, ਨਵੰਬਰ,ਦਸੰਬਰ,੧੯੬੪,ਪੰਨਾ ੭੭

ਕਿਸੇ ਕਿਸਮ ਦੀ ਤਕਲੀਫ ਪੋਹ ਨਹੀਂ ਸਕਦੀ। ਇਸ ਦੇ ਸਾਰੇ ਭਰਮ ਦੂਰ ਹੋ ਜਾਂਦੇ ਹਨ, ਅਜਿਹੇ ਜੀਵ ਵਿਚ ਰੱਬ ਵਸਦਾ ਹੈ। ਜਦੋਂ ਇਹ ਕੇਵਲ ਪਰਮਾਤਮਾ ਨੂੰ ਸਰਵ-ਸ਼ਕਤੀਮਾਨ ਸਮਝਦਾ ਹੈ, ਅੰਦਰਲੀ 'ਮੈਂ' ਮਰ ਜਾਂਦੀ ਹੈ ਤਾਂ ਸਮਝੋ ਇਸ ਨੂੰ ਸਾਰੀ ਸੋਝੀ ਹੋ ਜਾਂਦੀ ਹੈ।[1]

ਹਉਮੈ ਤਾਂ ਅਜਿਹੀ ਬੀਮਾਰੀ ਹੈ, ਜੋ ਜੀਵ ਨੂੰ ਨਰਕਾਂ ਦਾ ਭਾਗੀ ਬਨਾਉਂਦੀ ਹੈ, ਵਿਸ਼ਟਾ ਦੇ ਕੀੜੇ ਬਨਾਉਂਦੀ ਹੈ, ਆਵਾਗਵਣ ਦੇ ਗੇੜ ਵਿਚ ਪਾਉਂਦੀ ਹੈ। ਜੋ ਜਾਇਦਾਦ ਦਾ ਹੰਕਾਰ ਕਰਦਾ ਹੈ, ਉਹ ਤਾਂ ਅੰਨ੍ਹਾ ਅਗਿਆਨੀ ਹੈ ਤੇ ਜਿਹੜਾ ਜੀਵ ਦਿਲੋਂ ਨਿਮਰਤਾ ਵਾਲਾ ਹੈ, ਉਹ ਇਥੇ ਵੀ ਤੇ ਅਗੇ ਦਰਗਾਹ ਵਿਚ ਜਾ ਕੇ ਵੀ ਸਤਿਕਾਰ ਪਾਉਂਦਾ ਹੈ। ਧਨ ਦੌਲਤ ਦਾ ਹੰਕਾਰੀ ਪੁਰਸ਼ ਆਪਣੇ ਨਾਲ ਤਾਂ ਕੁਝ ਲਿਜਾ ਨਹੀਂ ਸਕਦਾ, ਉਸ ਦੇ ਨੌਕਰ ਚਾਕਰ ਸਭ ਇਥੇ ਹੀ ਰਹਿ ਜਾਣੇ ਹਨ, ਆਪ ਇਹ ਕਿਸੇ ਨੂੰ ਆਪਣੇ ਬਰਾਬਰ ਨਹੀਂ ਸਮਝਦਾ।ਅਜਿਹੇ ਜੀਵ ਨੂੰ ਨਰਕਾਂ ਦਾ ਭਾਗੀ ਬਣਨਾ ਪਏਗਾ, ਧਰਮ ਰਾਜ ਦੀਆਂ ਸਜ਼ਾਵਾਂ ਸਹਿਣੀਆਂ ਪੈਣਗੀਆਂ।

ਗੁਰੂ ਦੀ ਕ੍ਰਿਪਾ ਦੁਆਰਾ ਜਿਨ੍ਹਾਂ ਜੀਵਾਂ ਦੇ ਅੰਦਰੋਂ ਹੰਕਾਰ ਮਿਟ ਜਾਂਦਾ ਹੈ ਉਹ ਪ੍ਰਭੂ ਦੀ ਦਰਗਾਹ ਵਿਚ ਪ੍ਰਵਾਨੇ ਜਾਂਦੇ ਹਨ।[2] ਨਿਮਰਤਾ ਵਾਲੇ, ਗਰੀਬ ਸੁਭਾ ਵਾਲੇ ਦਰਗਾਹ ਵਿਚ ਸਤਿਕਾਰੇ ਜਾਂਦੇ ਹਨ ਤੇ ਹੰਕਾਰੀ ਪੁਰਸ਼ ਹੰਕਾਰ ਕਰਕੇ ਗਲ ਜਾਂਦੇ ਹਨ, ਭਾਵ ਖਤਮ ਹੋ ਜਾਂਦੇ ਹਨ।[3]

ਜੇ ਜੀਵ ਹੁਸੀਨ ਹੋਣ ਦਾ ਜਾਂ ਅਮੀਰ ਹੋਣ ਦਾ ਹੰਕਾਰ ਕਰਦਾ ਹੈ ਤਾਂ ਇਹ ਕਾਹਦਾ ਮਾਣ ਹੈ। ਸੁੰਦਰਤਾ ਤਾਂ ਵਾਹਿਗੁਰੂ ਦੀ ਜੋਤ ਹੈ, ਜੋ ਸਾਰੇ ਜੀਵਾਂ ਵਿਚ ਜਗਦੀ ਸੋਹਣੀ ਲਗ ਰਹੀ ਹੈ। ਆਪਣਾ ਨਿਜੀ ਪਨ ਉਸ ਵਿਚ ਕੁਝ ਨਹੀਂ। ਧਨ ਵੀ ਦੇਣ ਵਾਲੇ ਦਾਤਾਰ ਦਾ ਹੈ। ਜੇ ਕੋਈ ਤਾਕਤ ਦਾ ਮਾਣ ਕਰਦਾ ਹੈ ਤਾਂ ਉਹ ਨਿਰਮੂਲ ਹੈ,ਕਿਉਂਕਿ ਤਾਕਤ ਦੇ ਪਿਛੇ ਵੀ ਵਾਹਿਗੁਰੂ ਦੀ ਸ਼ਕਤੀ ਕੰਮ ਕਰ ਰਹੀ ਹੈ। ਜੇ ਕੋਈ ਦਾਤਾ ਹੋਣ ਦਾ ਹੰਕਾਰ ਕਰਦਾ ਹੈ ਤਾਂ ਇਹ ਵੀ ਫਜ਼ੂਲ ਹੈ। ਅਸਲੀ ਦਾਤਾਰ ਨੂੰ ਇਹ ਮੂਰਖ ਜੀਵ

---

੧- ਜਬ ਇਹੁ ਮਨ ਮਹਿ ਕਰਤ ਗੁਮਾਨਾ।।
--- --- ---
ਤਬ ਤੇ ਇਸ ਨੋ ਸਭ ਕਿਛੁ ਸੁਝਿਆ।।
—ਗਉੜੀ ਗੁਆਰੇਰੀ ਮ:੫,ਅਸਟਪਦੀਆ,ਆਦਿ ਗ੍ਰੰਥ,ਪੰਨਾ ੨੩੫

੨- ਸੁਖਮਨੀ ਅਸਟਪਦੀ ੧੨,ਪਉੜੀ ੧,੨,ਆਦਿ ਗ੍ਰੰਥ,ਪੰਨਾ ੨੭੮ (ਜਿਸ ਕੈ ਅੰਤਰਿ--)

੩- ਸੁਖੀ ਬਸੈ ਮਸਕੀਨੀਆ ਆਪੁ ਨਿਵਾਰਿ ਤਲੇ।।
ਬਡੇ ਬਡੇ ਅਹੰਕਾਰੀਆ ਨਾਨਕ ਗਰਬਿ ਗਲੇ।।
—ਸੁਖਮਨੀ,ਆਦਿ ਗ੍ਰੰਥ, ਪੰਨਾ ੨੭੮

ਭੁਲ ਗਿਆ, ਜਿਸ ਨੇ ਉਸ ਨੂੰ ਦੇਣ ਯੋਗ ਬਣਾਇਆ ਹੈ। ਇਹ ਹੰਕਾਰ ਦਾ ਰੋਗ ਗੁਰੂ ਦੀ ਕ੍ਰਿਪਾ ਦੁਆਰਾ ਟੁੱਟ ਸਕਦਾ ਹੈ ਤੇ ਜੀਵ ਫਿਰ ਅਰੋਗ ਹੋ ਜਾਂਦਾ ਹੈ।[1]

ਹਉਮੈ ਦਾ ਪਰਦਾ ਜੀਵ ਨੂੰ ਪਰਮਾਤਮਾ ਦੀ ਪਹਿਚਾਨ ਨਹੀਂ ਹੋਣ ਦੇਂਦਾ। ਜੀਵ ਤੇ ਪਰਮਾਤਮਾ ਦਾ ਅਸਲਾ ਇਕ ਹੈ, ਪਰ ਇਕ ਦੂਜੇ ਦੇ ਪਾਸ ਹੁੰਦਿਆਂ ਵੀ ਇਹ ਦੂਰ ਹੁੰਦੇ ਹਨ, ਕਿਉਂਕਿ ਵਿਚਕਾਰ ਹਉਮੈ ਦੀ ਦੀਵਾਰ ਖੜੀ ਹੈ।[2]

ਆਪਾ ਤਿਆਗਣ ਨਾਲ ਭਾਵ ਹਉਂ ਮਨ ਵਿਚੋਂ ਕਢ ਕੇ ਪ੍ਰਭੂ ਦੀ ਸ਼ਰਨ ਪੈਣ ਨਾਲ ਸਾਰੇ ਦੁਖ ਦੂਰ ਹੋ ਜਾਂਦੇ ਹਨ ਤੇ ਮਨ ਚਾਹੇ ਪਦਾਰਥ ਪ੍ਰਭੂ ਤੋਂ ਪਾਈਦੇ ਹਨ।[3]

ਜੋ ਜੀਵ ਹੰਕਾਰ ਨਹੀਂ ਛਡਦਾ, ਉਹ ਖਾਕ ਵਿਚ ਰੁਲਦਾ ਹੈ।[4] ਹੰਕਾਰ ਤਾਂ ਕਿਸੇ ਵੀ ਕਿਸਮ ਦਾ ਚੰਗਾ ਨਹੀਂ, ਪਰ ਧਨ ਦੌਲਤ, ਰੂਪ ਜੋਬਨ ਜਾਂ ਰਾਜਾ ਬਣ ਕੇ ਜੰਗਾਂ ਕਰਨੀਆਂ ਤੇ ਤਾਕਤ ਦਿਖਾਉਣੀ, ਦੁਨੀਆਂ ਵਿਚ ਵਿਖਾਵੇ ਮਾਤਰ ਰਹਿਣੀ ਰਖਣੀ, ਇਸ ਕਿਸਮ ਦੇ ਹੰਕਾਰ ਜੀਵ ਲਈ ਘਾਤਕ ਸਾਬਤ ਹੁੰਦੇ ਹਨ। ਇਨ੍ਹਾਂ ਤੋਂ ਛੁਟਕਾਰਾ ਪਾਇਆ ਤੇ ਉਠਦਿਆਂ ਬਹਿੰਦਿਆਂ ਹਰੀ ਨੂੰ ਚਿਤ ਵਿਚ ਰਖਦਿਆਂ ਜੀਵ ਦਾ ਉਧਾਰ ਹੋ ਸਕਦਾ ਹੈ।[5] ਜਦੋਂ ਜੀਵ ਦੇ ਅੰਦਰੋਂ ਇਹ 'ਖੁਦੀ ਦਾ ਕੰਡਾ' ਨਿਕਲ ਜਾਂਦਾ ਹੈ ਤਾਂ ਸਤਿਗੁਰੂ ਮਨ ਵਿਚ ਹੀ ਪ੍ਰਗਟ ਹੋ ਜਾਂਦੇ ਹਨ।[6] ਹਉਂ ਦਾ ਦੈਂਤ ਮਾਰਨ ਵਾਲਾ ਸੂਰਮਾ 'ਵਰਿਆਮ' ਅਖਵਾਉਂਦਾ ਹੈ।

---

੧- ਰੂਪਵੰਤੁ ਹੋਇ ਨਾਹੀ ਮੋਹੈ।। ਪ੍ਰਭ ਕੀ ਜੋਤਿ ਸਗਲ ਘਟ ਸੋਹੈ।।
ਨਾਨਕ ਸੋ ਜਨੁ ਸਦਾ ਅਰੋਗੁ।।—ਸੁਖਮਨੀ, ਆਦਿ ਗ੍ਰੰਥ, ਪੰਨਾ ੨੮੨

੨- ਅੰਤਰਿ ਅਲਖੁ ਨ ਜਾਈ ਲਖਿਆ ਵਿਚਿ ਪੜਦਾ ਹਉਮੈ ਪਾਈ।।
ਮਾਇਆ ਮੋਹਿ ਸਭੋ ਜਗੁ ਸੋਇਆ ਇਹੁ ਭਰਮੁ ਕਹਹੁ ਕਿਉ ਜਾਈ।।
ਏਕਾ ਸੰਗਤਿ ਇਕਤੁ ਗ੍ਰਿਹਿ ਬਸਤੇ ਮਿਲਿ ਬਾਤ ਨ ਕਰਤੇ ਭਾਈ।।
—ਗਉੜੀ ਪੂਰਬੀ ਮ:੫, ਆਦਿ ਗ੍ਰੰਥ, ਪੰਨਾ ੨੦੫

੩- ਆਪੁ ਤਜਹੁ ਗੋਬਿੰਦੁ ਭਜਹੁ ਸਰਨ ਪਰਹੁ ਹਰਿ ਰਾਇ।।
ਦੂਖ ਹਰੈ ਭਵਜਲੁ ਤਰੈ ਮਨ ਚਿੰਦਿਆ ਫਲੁ ਪਾਇ।।
—ਗਉੜੀ ਥਿਤੀ ਮ:੫, ਆਦਿ ਗ੍ਰੰਥ, ਪੰਨਾ ੨੯੮

੪- ਜੇ ਕੋ ਬਹੁਤੁ ਕਰੈ ਅਹੰਕਾਰ।। ਓਹੁ ਖਿਨ ਮਹਿ ਰੁਲਤਾ ਖਾਕੂ ਨਾਲਿ।।
—ਗੋਂਡ ਮ:੫, ਆਦਿ ਗ੍ਰੰਥ, ਪੰਨਾ ੮੬੮

੫- ਰਾਜ ਮਿਲਕ ਜੋਬਨ ਗ੍ਰਿਹ ਸੋਭਾ ਰੂਪਵੰਤ ਜੋੁਆਨੀ।।
ਬਹੁਤੁ ਦਰਬੁ ਹਸਤੀ ਅਰੁ ਘੋੜੇ ਲਾਲ ਲਾਖ ਬੈ ਆਨੀ।।
ਆਗੈ ਦਰਗਹਿ ਕਾਮਿ ਨ ਆਵੈ ਛੋਡਿ ਚਲੈ ਅਭਿਮਾਨੀ।।
ਕਾਹੇ ਏਕ ਬਿਨਾ ਚਿਤੁ ਲਾਈਐ।।
ਊਠਤ ਬੈਠਤ ਸੋਵਤ ਜਾਗਤ ਸਦਾ ਸਦਾ ਹਰਿ ਧਿਆਈਐ।।
— ਆਸਾ ਮ:੫, ਆਦਿ ਗ੍ਰੰਥ, ਪੰਨਾ ੩੭੯

੬- -ਖੁਦੀ ਮਿਟੀ ਚੁਕਾ ਭੋਲਾਵਾ ਗੁਰਿ ਮਨ ਹੀ ਮਹਿ ਪ੍ਰਗਟਾਇਆ ਜੀਉ।।
—ਮਾਝ ਮ:੫, ਆਦਿ ਗ੍ਰੰਥ, ਪੰਨਾ ੮੩੦

ਕਿਤੇ ਕਣੀ ਮਾਤਰ ਵੀ ਹਉਮੈ ਜੀਵ ਦੇ ਮਨ ਵਿਚ ਆ ਜਾਵੇ ਤਾਂ ਜੀਵ ਦਾ ਸਰਵ ਨਾਸ਼ ਹੋ ਜਾਂਦਾ ਹੈ, ਤਾਂ ਤੇ ਜੀਵ ਨੂੰ ਇਸ ਰੋਗ ਤੇ ਦਾਰੂ ਲਈ ਜਲਦੀ ਵੈਦ ਪਾਸ ਜਾਣਾ ਚਾਹੀਦਾ ਹੈ। ਇਹ ਵੈਦ ਕੋਈ ਦੂਰ ਨਹੀਂ। ਪ੍ਰਭੂ ਦੀ ਕ੍ਰਿਪਾ ਹੋ ਜਾਵੇ ਤਾਂ ਜੀਵ ਦਾ ਸਾਧ ਸੰਗਤ ਵਲ ਧਿਆਨ ਮੁੜ ਜਾਂਦਾ ਹੈ। ਬਸ ਇਹੀ ਵੈਦ ਹੈ, ਜਿਸ ਪਾਸ ਅਹੰ ਦਾ ਇਲਾਜ ਹੁੰਦਾ ਹੈ।[1] ਜਦ ਖੁਦੀ ਦਾ ਇਲਾਜ ਹੋ ਗਿਆ ਤਾਂ ਮਨ ਤੇ ਤਨ ਅਰੋਗ ਹੋ ਜਾਂਦੇ ਹਨ।

ਖੁਦੀ ਮਿਟੀ ਤਬ ਸੁਖ ਭਏ ਮਨ ਤਨ ਭਏ ਅਰੋਗ।।[2]

ਇਉਂ ਮਨ ਵਿਚ ਨੇਕੀ ਨਿਮਰਤਾ ਰਖ ਕੇ, ਸਤਿਗੁਰੂ ਦਾ ਨਾਮ ਸਿਮਰਨ ਕਰਦਿਆਂ ਜੀਵ ਹਰ ਸਮੇਂ ਪਰਮਾਤਮਾ ਨੂੰ ਆਪਣੇ ਹਾਜ਼ਰ ਨਾਜ਼ਰ ਸਮਝ ਕੇ ਚਲੇ ਤਾਂ ਉਸ ਤੇ ਜ਼ਰੂਰ ਪ੍ਰਭੂ ਦੀ ਕ੍ਰਿਪਾ ਰਹਿੰਦੀ ਹੈ ਤੇ ਅਜਿਹਾ ਜੀਵ ਹਉਮੈ ਰੋਗ ਤੋਂ ਹਮੇਸ਼ਾ ਬਚਿਆ ਰਹਿੰਦਾ ਹੈ।

*****
***
*

---

੧- ਹ ਕੋਈ ਐਸਾ ਹਉਮੈ ਤੋਰੈ।। ਇਸੁ ਮੀਠੀ ਤੇ ਇਹੁ ਮਨ ਹੋਰੈ।।
ਅਗਿਆਨੀ ਮਾਨੁਖੁ ਭਇਆ ਜੋ ਨਾਹੀ ਸੋ ਲੋਰੈ।।
ਰੈਣਿ ਅੰਧਾਰੀ ਕਾਰੀਆ ਕਵਨ ਜੁਗਤਿ ਜਿਤੁ ਭੋਰੈ।।
ਭ੍ਰਮਤੋ ਭ੍ਰਮਤੋ ਹਾਰਿਆ ਅਨਿਕ ਬਿਧੀ ਕਰਿ ਟੋਰੈ।।
ਕਹੁ ਨਾਨਕ ਕਿਰਪਾ ਪਈ ਸਾਧ ਸੰਗਤਿ ਨਿਧਿ ਮੋਰੈ।।
— ਗਉੜੀ ਮ:੫, ਆਦਿ ਗ੍ਰੰਥ, ਪੰਨਾ ੨੧੨

੨- ਗਉੜੀ ਬਾਵਨ ਅਖਰੀ ਮ:੫, ਆਦਿ ਗ੍ਰੰਥ, ਪੰਨਾ ੨੬੦

## ਕਾਂਡ-੫

## ਕਰਮ, ਹੁਕਮ ਤੇ ਨਦਰ ਦੇ ਸਿਧਾਂਤ

### ੳ- ਕਰਮ

ਕਰਮ ਸੰਸਕ੍ਰਿਤ ਦਾ ਸ਼ਬਦ ਹੈ, ਜਿਸ ਦਾ ਅਰਥ ਹੈ- ਕਾਰਜ। ਸਾਰੇ ਕਾਰਜ ਕਾਰਨਾਂ ਰਾਹੀਂ ਬਣਦੇ ਹਨ।[੧]

ਸਾਡੇ ਦੇਸ਼ ਵਿਚ ਆਵਾਗਵਣ ਦਾ ਸਿਧਾਂਤ ਸਰਵ ਪ੍ਰਧਾਨ ਹੈ। ਇਸ ਕਰਕੇ ਮਨੁੱਖ ਦਾ ਸੁਭਾਅ ਉਸ ਦੇ ਪਿਛਲੇ ਜਨਮ ਦੇ ਸੰਸਕਾਰਾਂ[੨] ਦਾ ਫਲ ਸਮਝਿਆ ਜਾਂਦਾ ਹੈ। ਇਸ ਆਵਾਗਵਣ ਦੇ ਸਿਧਾਂਤ ਦਾ ਮੂਲ ਕਾਰਨ ਜੀਵ ਦੇ ਕਰਮ ਹੀ ਹਨ। ਚੰਗੇ ਜਾਂ ਮੰਦੇ ਕਰਮ ਜੀਵ ਕਰਦਾ ਹੈ। ਚੰਗੇ ਕਰਮਾਂ ਦਾ ਫਲ ਚੰਗਾ ਭੋਗਦਾ ਹੈ ਤੇ ਮੰਦੇ ਕਰਮਾਂ ਕਰਕੇ ਉਸ ਨੂੰ ਲੇੜ ਪੈਣ ਤੇ ਕਈ ਪ੍ਰਕਾਰ ਦੀਆਂ ਜੂਨਾਂ ਵਿਚੋਂ ਲੰਘਣਾ ਪੈਂਦਾ ਹੈ। ਇਉਂ ਜੂਨਾਂ ਦਾ ਗੇੜ ਜੀਵ ਦੀ ਕਿਸਮਤ ਦੁਆਲੇ ਘੁੰਮਦਾ ਰਹਿੰਦਾ ਹੈ। ਅਸਲ ਵਿਚ ਇਹ ਗੇੜ ਉਹਦੀਆਂ ਕਾਮਨਾਵਾਂ ਕਰਕੇ ਪੈਂਦਾ ਹੈ, ਜਿਨ੍ਹਾਂ ਨੂੰ ਪੂਰਿਆਂ ਕਰਨ ਲਈ ਜੀਵ ਬਾਰ ਬਾਰ ਜਨਮ ਧਾਰਦਾ ਹੈ।[੩]

ਗੁਰਮਤ ਦਾ ਕਰਮ ਸਿਧਾਂਤ ਸਾਨੂੰ ਇਹੀ ਯਾਦ ਕਰਾਉਂਦਾ ਹੈ ਕਿ ਅਸਾਂ ਹੁਣ ਤੇ ਅਗਲੇ ਜਨਮ ਵਿਚ ਆਪਣੇ ਹੀ ਕਰਮਾਂ ਦਾ ਫਲ ਭੋਗਣਾ ਹੈ।[੪] ਜੀਵ ਜੋ ਕਰਮ ਕਰਦਾ ਹੈ, ਉਸ ਅਨੁਸਾਰ ਫਲ ਮਿਲਦਾ ਹੈ। ਅਸੀਂ ਨਿੱਤ ਦਿਨ ਜੋ ਕਰਮ ਕਮਾਉਂਦੇ ਹਾਂ, ਉਨ੍ਹਾਂ ਦਾ ਫਲ ਭੁਗਤਦੇ ਰਹਿੰਦੇ ਹਾਂ।[੫]

ਹਿੰਦੂ ਧਰਮ ਅਨੁਸਾਰ ਕਰਮਾਂ ਦੀ ਵੰਡ ਤਿੰਨ ਹਿਸਿਆਂ ਵਿਚ ਕੀਤੀ ਗਈ ਹੈ:

---

੧- The Ancient Wisdom, Annie Besant, p.242.

੨- ਸੰਸਕਾਰ ਕੀ ਹੁੰਦੇ ਹਨ- ਜਿਵੇਂ ਰੇਤ ਥਲੇ ਤੇ ਤੁਰਦਿਆਂ ਪੈਰਾਂ ਦੇ ਨਿਸ਼ਾਨ ਰਹਿ ਜਾਂਦੇ ਹਨ ਤਿਵੇਂ ਹੀ ਮਨ ਵਿਚੋਂ ਲੰਘਦੇ ਖਿਆਲ ਆਪਣਾ ਖੁਰਾ ਛੱਡ ਜਾਂਦੇ ਹਨ। ਇਹੀ ਕਾਰਨ ਹੈ ਕਿ ਅਸੀਂ ਮੁੜ ਮੁੜ ਆਪਣੇ ਕਰਮਾਂ ਨੂੰ ਯਾਦ ਕਰਦੇ ਹਾਂ।ਜਦੋਂ ਘੜੀ ਘੜੀ ਕਰਮਾਂ ਨੂੰ ਯਾਦ ਕਰਦੇ ਹਾਂ ਤਾਂ ਇਹ ਸੰਸਕਾਰ ਬਣ ਕੇ ਮਨ ਵਿਚ ਡੂੰਘੇ ਲਹਿ ਜਾਂਦੇ ਹਨ ਤੇ ਫੇਰ ਆਦਤ ਹੀ ਬਣ ਜਾਂਦੇ ਹਨ। ਇਹ ਆਦਤਾਂ ਫਿਰ ਹੌਲੀ ਹੌਲੀ ਪੱਕ ਕੇ ਸਾਡੇ ਸੁਭਾਅ ਦਾ ਹਿੱਸਾ ਬਣ ਜਾਂਦੀਆਂ ਹਨ।ਆਦਤਾਂ ਨੂੰ ਗੁਰੂ ਸਾਹਿਬ ਨੇ 'ਕਿਰਤ' ਵੀ ਆਖਿਆ ਹੈ(ਵੇਖੋ-ਸ਼ਬਦਾਰਥ, ਪੰਨਾ ੪੬੦ਫੁਟ ਨੋਟ)

੩- Hindu Mysticism, S.N.Das Gupta, p.96.

੪- History and Philosophy of the Sikh Religion, Khazan Singh, Vol.II, p.476.

੫- ਦਿਨੁ ਰੈਨਿ ਅਪਨਾ ਕੀਆ ਪਾਈ।।ਕਿਸੁ ਦੋਸੁ ਨ ਦੀਜੈ ਕਿਰਤੁ ਭਵਾਈ।।
—ਸੂਹੀ ਮ:੫,ਆਦਿ ਗ੍ਰੰਥ, ਪੰਨਾ ੭੪੫

੧- ਚਿੰਤਨ
੨- ਕਾਮਨਾ
੩- ਕਾਰਜ

ਕਰਮ ਤਿੰਨ ਪ੍ਰਕਾਰ ਦੇ ਹਨ:-

ੳ- ਸੰਚਿਤ- ਪਿਛਲੇ ਜਨਮਾਂ ਦੇ ਸਮੁਚੇ ਕਰਮ ਸੰਚਿਤ ਹਨ।
ਅ- ਪ੍ਰਾਰਬਧ- ਜੋ ਕਰਮ ਫਲ ਵਢਣ ਵਾਲੀ ਫਸਲ ਵਾਂਗ ਪੱਕ ਗਏ ਹਨ, ਉਹ ਪ੍ਰਾਰਬਧ ਹਨ।
ੲ- ਅਗਾਮੀ- ਜੋ ਕਰਮ ਹੁਣ ਕੀਤੇ ਜਾ ਰਹੇ ਹਨ, ਉਹ ਆਗਾਮੀ ਹਨ।

ਇਨ੍ਹਾਂ ਵਿਚੋਂ ਪ੍ਰਾਰਬਧ ਨੂੰ ਤਾਂ ਟਾਲਿਆ ਨਹੀਂ ਜਾ ਸਕਦਾ।[1] ਸੰਚਿਤ ਕਰਮਾਂ ਨਾਲ ਸਾਡਾ ਆਚਰਨ ਬਣਦਾ ਹੈ।

ਗੁਰਮਤ ਵਿਚ ਸਿਰਫ ਇਸ ਗਲ ਵਿਚ ਹੀ ਹਿਸਾਬ ਪੂਰਾ ਹੋ ਜਾਂਦਾ ਹੈ ਕਿ ਜੀਵ ਜੋ ਕਰਮ ਕਰਦਾ ਹੈ, ਸੋਈ ਭਰਦਾ ਹੈ।[2] ਕੋਈ ਜੀਵ ਕਿੱਕਰ ਬੀਜ ਕੇ ਦਾਖਾਂ ਦੀ ਆਸ ਨਹੀਂ ਕਰ ਸਕਦਾ। ਇਥੇ ਤਾਂ ਕਰਮਾਂ ਦਾ ਖਟਿਆ ਹੀ ਖਾਣਾ ਹੈ।[3]

ਮਹਾਂ ਭਾਰਤ ਵਿਚ ਵੀ ਇਸੇ ਦੇ ਨਾਲ ਦਾ ਵਿਚਾਰ ਮਿਲਦਾ ਹੈ।[4]

ਜੋ ਕੁਝ ਅਸੀਂ ਹੁਣ ਹਾਂ, ਇਹ ਸਾਡੇ ਪਿਛਲੇ ਕਰਮਾਂ ਦਾ ਫਲ ਹੈ ਤੇ ਜੋ ਕੁਝ ਅਸੀਂ ਭਵਿਖਤ ਵਿਚ ਹੋਵਾਂਗੇ ਉਹ ਉਸ ਦਾ ਸਿੱਟਾ ਹੋਵੇਗਾ, ਜੋ ਕੁਝ ਅਸੀਂ ਹੁਣ ਸੋਚਦੇ ਤੇ ਕਰਦੇ ਹਾਂ।[5]

ਸੰਸਾਰ ਵਿਚ ਕਰਮ ਦੋ ਪ੍ਰਕਾਰ ਦੇ ਹਨ- ਚੰਗੇ ਤੇ ਮੰਦੇ; ਪਰ ਅਸਲੀ ਭਗਤ ਤਾਂ ਉਹ ਹਨ ਜੋ ਇਨ੍ਹਾਂ ਦੁਹਾਂ ਤੋਂ ਹੀ ਨਿਆਰੇ ਹੋ ਕੇ ਰਹਿਣ।[6]

---

੧- Outlines of Sikh Thought, Dr.S.S.Kohli, p.54.

੨- ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ।।
— ਬਾਰਹ ਮਾਹ ਮਾਝ, ਮ:੫, ਆਦਿ ਗ੍ਰੰਥ, ਪੰਨਾ ੧੩੪

੩- ਕਰਮ ਧਰਤੀ ਸਰੀਰੁ ਜੁਗ ਅੰਤਰਿ ਜੋ ਬੋਵੈ ਸੋ ਖਾਤਿ।।
— ਸਿਰੀ ਰਾਗੁ ਮ:੫, ਆਦਿ ਗ੍ਰੰਥ, ਪੰਨਾ ੭੮

੪- ਵਿਸਥਾਰ ਲਈ ਵੇਖੋ- Sikh Religion, Karma & Transmigration, Harnam Singh, p.78.

੫- What is Hinduism, D.S.Sharma, p.90.

੬- ਦੁਕ੍ਰਿਤ ਸੁਕ੍ਰਿਤ ਮੰਧੇ ਸੰਸਾਰੁ ਸਗਲਾਣਾ।।
ਦੁਹਹੂੰ ਤੇ ਰਹਤ ਭਗਤੁ ਹੈ ਕੋਈ ਵਿਰਲਾ ਜਾਣਾ।।
—ਸਿਰੀ ਰਾਗੁ ਮ:੫, ਆਦਿ ਗ੍ਰੰਥ, ਪੰਨਾ ੫੧

ਕਰਮ ਸ਼ਬਦ ਨੂੰ ਗੁਰੂ ਗ੍ਰੰਥ ਸਾਹਿਬ ਵਿਚ ਸੱਤ ਰੂਪਾਂ[1] ਵਿਚ ਵਰਤਿਆ ਗਿਆ ਹੈ।

ਕਰਮ
- ਤਰਤੀਬ ਵਿਚ
- ਕਾਰਜ
- ਕਿਸਮਤ
- ਮਿਹਰ
- ਕਰਮ ਕਾਂਡ
- ਬਖਸ਼ਸ਼ ਵਾਲਾ ਸੁਭਾਅ
- ਕਦਮ

ਪਰ ਇਥੇ ਕਰਮ ਨੂੰ ਕੇਵਲ ਕਾਰਜ, ਕਰਮ-ਕਾਂਡ ਤੇ ਕਿਸਮਤ ਦੇ ਅਰਥਾਂ ਵਿਚ ਹੀ ਵਿਚਾਰਨਾ ਹੈ।

## ਕਰਮ-ਕਾਰਜ

ਜੀਵ ਜੋ ਕਰਮ ਕਰਦਾ ਹੈ, ਉਨ੍ਹਾਂ ਦੇ ਫਲ ਭੋਗਦਾ ਹੈ। ਪਾਪ ਕਰਨ ਵਾਲਿਆਂ ਨੂੰ ਧਰਮ ਰਾਜ ਇਉਂ ਦੁਖੀ ਕਰਦਾ ਹੈ, ਜਿਵੇਂ ਮਧਾਣੀ ਚਾਟੀ ਵਿਚ ਚਲਦੀ ਹੈ।[2] ਜਿਹੜੇ ਜੀਵ ਦਰਵਾਜ਼ੇ ਬੰਦ ਕਰਕੇ ਪਰ ਨਾਰੀ ਨਾਲ ਭੋਗ ਕਰਦੇ ਹਨ, ਜਦੋਂ ਲੇਖਾ ਦੇਣ ਦਾ ਵੇਲਾ ਆਇਆ ਤਾਂ ਅਜਿਹੇ ਜੀਵ ਨੂੰ ਉਸ ਦੇ ਕਰਮਾਂ ਦਾ ਫਲ ਜ਼ਰੂਰ ਮਿਲੇਗਾ।[3] ਪਾਪ ਕਰਨ ਵਾਲੇ ਦਾ ਸਾਥੀ ਬਣਨ ਲਈ ਕੋਈ ਵੀ ਤਿਆਰ ਨਹੀਂ ਹੁੰਦਾ।[4] ਕਸੂਰ ਕਿਸੇ ਹੋਰ ਦਾ ਨਹੀਂ ਹੁੰਦਾ, ਜੀਵ ਦਾ ਆਪਣਾ ਹੀ ਹੁੰਦਾ ਹੈ, ਉਸ ਨੇ ਆਪਣੇ ਹੀ ਕੀਤੇ ਕਰਮਾਂ ਦਾ ਫਲ ਭੋਗਣਾ ਹੈ। ਮੰਦੇ ਕਰਮ ਕਰਨ ਵਾਲਿਆਂ ਨੇ ਦੁਖੀ ਹੀ ਹੋਣਾ ਹੈ।[5] ਇਸ ਕਰਕੇ ਜੀਵ ਅਜਿਹੇ ਕਰਮ ਕਰੇ, ਜਿਸ ਨਾਲ ਦਰਗਾਹ ਵਿਚ ਉਸ ਨੂੰ ਸ਼ਰਮਿੰਦਾ ਹੋਣ

---

੧- ਹਵਾਲਾ- A Critical Study of Adi Granth, Dr.S.S.Kohli, p.355(footnote)

੨- ਪਾਪੀ ਕਰਮ ਕਮਾਵਦੇ ਕਰਦੇ ਹਾਏ ਹਾਇ।।
ਨਾਨਕ ਜਿਉ ਮਥਨਿ ਮਾਧਾਣੀਆ ਤਿਉ ਮਥੇ ਧਰਮ ਰਾਇ।।
—ਸਲੋਕ ਵਾਰਾਂ ਤੇ ਵਧੀਕ ਮ:੫, ਆਦਿ ਗ੍ਰੰਥ, ਪੰਨਾ ੧੪੨੫

੩- ਦੇਇ ਕਿਵਾੜ ਅਨਿਕ ਪੜਦੇ ਮਹਿ ਪਰਦਾਰਾ ਸੰਗਿ ਫਾਕੈ।।
ਚਿਤ੍ਰ ਗੁਪਤੁ ਜਬ ਲੇਖਾ ਮਾਗਹਿ ਤਬ ਕਉਣੁ ਪੜਦਾ ਤੇਰਾ ਢਾਕੈ।।
— ਸੋਰਠਿ ਮ:੫, ਆਦਿ ਗ੍ਰੰਥ, ਪੰਨਾ ੬੧੬

੪- ਪਾਪ ਕਮਾਵਦਿਆ ਤੇਰਾ ਕੋਇ ਨ ਬੇਲੀ ਰਾਮ।।
—ਬਿਹਾਗੜਾ ਮ:੫, ਆਦਿ ਗ੍ਰੰਥ, ਪੰਨਾ ੫੪੬

੫- ਖਾਇ ਖਾਇ ਕਰੇ ਬਦਫੈਲੀ ਜਾਣੁ ਵਿਸੂ ਕੀ ਵਾੜੀ ਜੀਉ।।
— ਮਾਝ ਮ:੫, ਆਦਿ ਗ੍ਰੰਥ, ਪੰਨਾ ੧੦੫

ਦੀ ਥਾਂ ਸਤਿਕਾਰ ਮਿਲੇ।[1]

ਇਸ ਸੰਸਾਰ ਵਿਚ ਜਿੰਨੇ ਵੀ ਸਾਡੇ ਸਬੰਧੀ ਹਨ- ਭੈਣ, ਭਾਈ, ਇਸਤਰੀ, ਪੁਤਰ, ਮਿਤਰ ਪਿਆਰੇ ਆਦਿ- ਸਾਰੇ ਹੀ ਸਾਡੇ ਆਪਣੇ ਨਹੀਂ, ਇਹ ਤਾਂ ਪੂਰਬਲੇ ਕਰਮਾਂ ਦੇ ਫਲ ਕਰਕੇ[2] ਮੇਲ ਹੋਇਆ ਹੈ। ਅਗੇ ਦਰਗਾਹ ਵਿਚ ਇਨ੍ਹਾਂ ਵਿਚੋਂ ਕਿਸੇ ਨੇ ਵੀ ਸਾਥ ਨਹੀਂ ਦੇਣਾ।

## <u>ਕਰਮ-ਕਰਮ ਕਾਂਡ</u>

ਜੀਵ ਨੇ ਫਲ ਤਾਂ ਆਪਣੇ ਕੀਤੇ ਕਰਮਾਂ ਦਾ ਭੋਗਣਾ ਹੁੰਦਾ ਹੈ, ਇਸ ਲਈ ਕਿਸੇ ਕਰਮ ਕਾਂਡ ਵਿਚ ਉਲਝਣ ਦੀ ਲੋੜ ਨਹੀਂ, ਇਹ ਤਾਂ ਫੋਕਟ ਰਸਮਾਂ ਹੁੰਦੀਆਂ ਹਨ, ਜੋ ਜੀਵ ਨੂੰ ਅਸਲੀ ਰਾਹ ਤੋਂ ਲਾਂਭੇ ਚਾਂਭੇ ਘੁਮਾਈ ਫਿਰਦੀਆਂ ਹਨ। ਅਸਲੀ ਸੁਖ ਪ੍ਰਭੂ ਦਰਸ਼ਨਾਂ ਵਿਚ ਹੈ। ਸਿਮ੍ਰਤੀਆਂ ਤੇ ਸ਼ਾਸਤਰਾਂ ਦੇ ਦੱਸੇ ਕਈ ਕਰਮ ਕੀਤੇ ਪਰ ਵਿਅਰਥ ਗਏ।[3] ਕਿਉਂਕਿ ਇਨ੍ਹਾਂ ਕਰਮ ਧਰਮ ਵਾਲਿਆਂ ਦੇ ਆਪਣੇ ਸਿਰ ਤੋਂ ਜਮਾਂ ਦੀ ਸਜ਼ਾ ਨਹੀਂ ਉਤਰੀ, ਇਹ ਹੋਰਨਾਂ ਨੂੰ ਕਿਵੇਂ ਬਚਾ ਸਕਦੇ ਹਨ। ਬਚਾਉ ਨਿਰੋਲ ਹਰੀ ਦੇ ਕੀਰਤਨ ਵਿਚ ਹੈ।[4]

ਤੀਰਥ ਨ੍ਹਾਤਿਆਂ ਵੀ ਮਨ ਦੀ ਮੈਲ ਨਹੀਂ ਉਤਰ ਸਕਦੀ। ਇਹ ਹਉਂ ਤੇ[5] ਮਾਇਆ ਦੀ ਮੈਲ ਦੀ ਤਹਿ ਸਿਰਫ ਸਰੀਰ ਨੂੰ ਸਾਫ ਕੀਤਿਆਂ ਨਹੀਂ ਨਿਕਲ ਸਕਦੀ। ਇਹਦੇ ਲਈ ਤਾਂ ਅੰਦਰੋਂ ਸਫਾਈ ਦੀ ਲੋੜ ਹੈ। ਵਰਤ ਰਖਣ ਨਾਲ ਵੀ ਮਨ ਦੀ ਮੈਲ ਨਹੀਂ ਉਤਰੇਗੀ।[6]

---

੧- ਸੋਈ ਕੰਮੁ ਕਮਾਇ ਜਿਤੁ ਮੁਖੁ ਉਜਲਾ।।
— ਆਸਾ ਮ:੫,ਆਦਿ ਗ੍ਰੰਥ, ਪੰਨਾ ੩੯੭

੨- ਮਾਤ ਪਿਤਾ ਬਨਿਤਾ ਸੁਤ ਬੰਧਪ ਇਸਟ ਮੀਤ ਅਰੁ ਭਾਈ।।
ਪੂਰਬ ਜਨਮ ਕੇ ਮਿਲੇ ਸੰਜੋਗੀ ਅੰਤਹਿ ਕੋ ਨ ਸਹਾਈ।।
—ਜੈਤਸਰੀ ਮ:੫,ਆਦਿ ਗ੍ਰੰਥ, ਪੰਨਾ ੭੦੦

੩- ਸਿੰਮ੍ਰਿਤਿ ਸਾਸਤ੍ਰ ਬਹੁ ਕਰਮ ਕਮਾਏ।।
ਪ੍ਰਭ ਤੁਮਰੇ ਦਰਸ ਬਿਨੁ ਸੁਖੁ ਨਾਹੀ।।—ਆਸਾ ਮ:੫,ਆਦਿ ਗ੍ਰੰਥ,ਪੰਨਾ ੪੦੮

੪- ਕਰਮ ਧਰਮ ਪਾਖੰਡ ਜੋ ਦੀਸਹਿ ਤਿਨ ਜਮੁ ਜਾਗਾਤੀ ਲੂਟੈ।।
ਨਿਰਬਾਣ ਕੀਰਤਨੁ ਗਾਵਹੁ ਕਰਤੇ ਕਾ ਨਿਮਖ ਸਿਮਰਤ ਜਿਤੁ ਛੂਟੈ।।
— ਸੂਹੀ ਮ:੫, ਆਦਿ ਗ੍ਰੰਥ, ਪੰਨਾ ੭੪੭

੫- ਤੀਰਥ ਨਾਇ ਨ ਉਤਰਸਿ ਮੈਲੁ।।ਕਰਮ ਧਰਮ ਸਭਿ ਹਉਮੈ ਫੈਲੁ।।
—ਰਾਮਕਲੀ ਮ:੫,ਆਦਿ ਗ੍ਰੰਥ,ਪੰਨਾ ੮੯੦

੬- ਕਰਮ ਧਰਮ ਨੇਮ ਬ੍ਰਤ ਪੂਜਾ।।ਪਾਰਬ੍ਰਹਮ ਬਿਨੁ ਜਾਨੁ ਨ ਦੂਜਾ।।
— ਗਉੜੀ ਮ:੫, ਆਦਿ ਗ੍ਰੰਥ,ਪੰਨਾ ੧੯੯

## ਕਰਮ-ਕਿਸਮਤ

ਕਰਮਾਂ ਦੀ ਗਤੀ ਬੜੀ ਨਿਆਰੀ ਹੈ, ਜੋ ਕਿਸਮਤ ਵਿਚ ਇਕ ਵਾਰੀ ਲਿਖਿਆ ਗਿਆ ਹੈ, ਉਹ ਟਲ ਨਹੀਂ ਸਕਦਾ। ਕਰਮ ਤਾਂ ਜੀਵ ਕਰਦਾ ਹੈ, ਉਸ ਦਾ ਫਲ ਦੇਣ ਦਾ ਹੱਕ ਪਰਮਾਤਮਾ ਨੂੰ ਹੈ। ਚੰਗੇ ਕਰਮਾਂ ਦਾ ਫਲ ਚੰਗਾ ਤੇ ਮੰਦਿਆਂ ਦਾ ਮੰਦੇ ਰੂਪ ਵਿਚ ਮਿਲਦਾ ਹੈ। ਜਿਸ ਨੂੰ ਬਚਾਉਣਾ ਹੈ ਉਸ ਨੂੰ ਪਰਮਾਤਮਾ ਹੱਥ ਦੇ ਕੇ ਬਚਾ ਲੈਂਦਾ ਹੈ। ਜਿਵੇਂ ਹਿਰਨ ਨੂੰ ਮਾਰਨ ਲਈ ਸ਼ਿਕਾਰੀ ਤਿਆਰ ਬੈਠਾ ਹੈ, ਮੌਕਾ ਤਿਆਰ ਕਰ ਰਿਹਾ ਹੈ, ਪਰ ਸ਼ਿਕਾਰੀ ਹਿਰਨ ਨੂੰ ਨਿਸ਼ਾਨਾ ਮਾਰ ਨਹੀਂ ਸਕਿਆ ਕਿਉਂਕਿ ਪਰਮਾਤਮਾ ਨੇ ਹਿਰਨ ਦੀ ਜਾਨ ਹਾਲੇ ਬਚਾਉਣੀ ਸੀ।[1]

ਹਿਰਨ ਦੀ ਜਾਨ ਬਚਣ ਵਾਂਗ ਜਿਨ੍ਹਾਂ ਦੇ ਭਾਗ ਚੰਗੇ ਹੁੰਦੇ ਹਨ, ਉਨ੍ਹਾਂ ਦੇ ਕਰਮ ਧੁਰ ਤੋਂ ਹੀ ਪਰਮਾਤਮਾ ਨੇ ਚੰਗੇ ਲਿਖ ਦਿੱਤੇ ਹਨ।[2] ਪ੍ਰਭੂ ਦੇ ਦਰਸ਼ਨ ਵੀ ਇਨ੍ਹਾਂ ਲਿਖੇ ਭਾਗਾਂ ਦੇ ਕਰਕੇ ਹੀ ਹੋ ਸਕਦੇ ਹਨ। ਅਜਿਹਾ ਭਾਗਾਂ ਵਾਲਾ ਜੀਵ ਆਪ ਸੰਸਾਰ ਸਾਗਰ ਤੋਂ ਤਰ ਨਿਕਲਦਾ ਹੈ ਤੇ ਨਾਲ ਸਾਰੇ ਪਰਵਾਰ ਨੂੰ ਪਾਰ ਲੰਘਾਉਂਦਾ ਹੈ।[3] ਤਦੇ ਉਹ ਪਾਰ ਲੰਘਾਉਂਦਾ ਹੈ ਜੇ ਭਾਗਾਂ ਵਿਚ ਲਿਖਿਆ ਹੋਵੇ। ਹੋਰ ਕਿਸੇ ਵਰਤ ਨੇਮ ਆਦਿ ਨਾਲ ਉਹ ਰਾਜ਼ੀ ਨਹੀਂ ਹੁੰਦਾ।[4]

ਪਿਛਲੇ ਜਨਮ ਦੇ ਕਰਮਾਂ ਦਾ ਫਲ ਜੋ ਇਸ ਜਨਮ ਵਿਚ ਭੋਗਣਾ ਪੈਂਦਾ ਹੈ, ਉਹ ਇਸ ਖਾਕੇ[5] ਰਾਹੀਂ ਹੋਰ ਵੀ ਸਪਸ਼ਟ ਹੋ ਜਾਂਦਾ ਹੈ:-

| ਪਿਛਲੇ ਜਨਮ ਦੇ ਕਰਮ | ਹੁਣ ਦੇ ਜਨਮ ਦੇ ਕਰਮ |
|---|---|
| ੧- ਸੇਵਾ ਭਾਵਨਾ ਦੇ ਕੀਤੇ ਕਾਰਜ | --ਚੰਗਾ ਵਾਤਾਵਰਣ ਬਣਾਉਂਦੇ ਹਨ। |
| ੨- ਦਿਲ ਦੁਖਾਉਣ ਵਾਲੇ ਕਰਮ | --ਬੁਰਾ ਵਾਤਾਵਰਣ ਬਣਾਉਂਦੇ ਹਨ। |

---

੧- ਮ੍ਰਿਗੀ ਪੇਖੰਤ ਬਧਿਕ ਪ੍ਰਹਾਰੇਣ ਲਖ੍ਯ ਆਵਧਹ।।
ਅਹੋ ਜਸ੍ਯ ਰਖੇਣ ਗੋਪਾਲਹ ਨਾਨਕ ਰੋਮ ਨ ਛੇਦ੍ਯਤੇ।।
— ਸਲੋਕ ਸਹਸਕ੍ਰਿਤੀ ਮ:੫, ਆਦਿ ਗ੍ਰੰਥ, ਪੰਨਾ ੧੩੫੪

੨- ਮਸਤਕਿ ਕਰਮੁ ਲਿਖਿਓ ਧੁਰਿ ਜਾ ਕੈ।। ਹਰਿ ਸੰਪੈ ਨਾਨਕ ਘਰਿ ਤਾ ਕੈ।।
—ਗਉੜੀ ਬਾਵਨ ਅਖਰੀ ਮ:੫, ਆਦਿ ਗ੍ਰੰਥ, ਪੰਨਾ ੨੫੨

੩- ਜੇ ਹੋਵੈ ਭਾਗੁ ਤਾ ਦਰਸਨੁ ਪਾਈਐ।। ਆਪਿ ਤਰੈ ਸਭੁ ਕੁਟੰਬੁ ਤਰਾਈਐ।।
—ਬਿਭਾਸ ਪ੍ਰਭਾਤੀ ਮ:੫, ਆਦਿ ਗ੍ਰੰਥ, ਪੰਨਾ ੧੩੪੮

੪- ਕਾਹੂ ਜੁਗਤਿ ਕਿਤੈ ਨ ਪਾਈਐ ਧਰਮਿ।।
ਨਾਨਕ ਤਿਸੁ ਮਿਲੈ ਜਿਸੁ ਲਿਖਿਆ ਧੁਰਿ ਕਰਮਿ।।
— ਸੁਖਮਨੀ, ਆਦਿ ਗ੍ਰੰਥ, ਪੰਨਾ ੨੭੪

੫- ਹਵਾਲਾ- First Principles of Theosophy, C. Jinarjadasa, p.115.

੩- ਆਰਜ਼ੂ ਤੇ ਖਾਹਸ਼ਾਂ -- ਸ਼ਕਤੀ ਪੈਦਾ ਕਰਦੀਆਂ ਹਨ।

੪- ਉਸਾਰੂ ਜਾਂ ਉਭਾਰਨ ਵਾਲੇ ਵਿਚਾਰ -- ਚਾਲ ਚਲਨ ਬਨਾਉਂਦੇ ਹਨ।

੫- ਕਾਮਯਾਬੀਆਂ -- ਉਤਸ਼ਾਹ ਪੈਦਾ ਕਰਦੀਆਂ ਹਨ।

੬- ਤਜਰਬੇ -- ਸਿਆਣਪ ਪੈਦਾ ਕਰਦੇ ਹਨ।

੭- ਦੁਖਦਾਈ ਤਜਰਬੇ -- ਚੇਤੰਨ ਕਰਦੇ ਹਨ।

੮- ਸੇਵਾ ਭਾਵਨਾਵਾਂ -- ਅਧਿਆਤਮਕਤਾ ਪੈਦਾ ਕਰਦੀਆਂ ਹਨ।

ਜਦੋਂ ਪਿਛਲੇ ਜਨਮ ਦੇ ਕੀਤੇ ਕਰਮਾਂ ਰੂਪੀ ਬੀਜ ਦਾ ਅੰਗੂਰ ਨਿਕਲਿਆ ਤਾਂ ਉਹ ਪਤੀ ਪਰਮਾਤਮਾ ਮਿਲਿਆ, ਜੋ ਰਸ ਮਾਣਨ ਵਾਲਾ ਭੀ ਹੈ ਤੇ ਰਸਾਂ ਤੋਂ ਬੇਲਾਗ ਵੀ ਹੈ।[1]

ਅ- <u>ਹੁਕਮ</u>

ਹੁਕਮ ਜਿਹਾ ਕਿ ਸ਼ਬਦ ਤੋਂ ਜ਼ਾਹਰ ਹੁੰਦਾ ਹੈ, ਇਸ ਦਾ ਭਾਵ ਹੈ- ਹੁਕਮ ਦੇਣਾ ਜਾਂ ਹੁਕਮ ਮੰਨਾਉਣਾ, ਪਰ ਇਥੇ ਇਸ ਦੇ ਭਾਵ 'ਰੱਬ ਦੀ ਰਜ਼ਾ' ਜਾਂ 'ਪਰਮਾ-ਤਮਾ ਦਾ ਹੁਕਮ ਮੰਨਣਾ' ਹਨ। ਹੁਕਮ ਅਰਬੀ ਦਾ ਸ਼ਬਦ ਹੈ। ਜਿਸ ਦਾ ਭਾਵ ਹੈ- ਆਗਿਆ। ਭਾਣਾ, ਮਰਜ਼ੀ, ਆਗਿਆ, ਰਜ਼ਾ ਆਦਿ ਹੁਕਮ ਦੇ ਹੀ ਸਮਾਨਅਰਥਕ ਸ਼ਬਦ ਹਨ। ਗੁਰਮਤ ਦਾ ਆਧਾਰ ਭਾਣਾ ਹੈ।

ਹੁਕਮ ਮੰਨਣਾ ਹਰ ਧਰਮ ਦੀ ਚੂਲ ਹੈ। ਹਜ਼ਰਤ ਮੁਹੰਮਦ ਦੇ ਚਲਾਏ 'ਇਸਲਾਮ' ਧਰਮ ਦੇ ਅਰਥ ਹੀ ਇਹੋ ਹਨ- ਖ਼ੁਦਾ ਦੀ ਰਜ਼ਾ ਨੂੰ ਸਲਮ ਕਰਨਾ ਭਾਵ ਭਾਣਾ ਮੰਨਣਾ। ਕੁਰਾਨ ਵਿਚ ਰਬ ਦੀ ਰਜ਼ਾ ਤੇ ਬਹੁਤ ਜ਼ੋਰ ਦਿੱਤਾ ਗਿਆ ਹੈ।[2] 'ਹੁਕਮ' 'ਹੁਕਮ ਦੇਣ ਵਾਲਾ' ਅਤੇ 'ਜਿਸ ਨੂੰ ਹੁਕਮ ਦਿੱਤਾ ਜਾ ਰਿਹਾ ਹੈ', ਅਸਲ ਵਿਚ ਇਕ ਹੀ ਹਨ।[3]

ਹੁਕਮ ਅਨੁਸਾਰ ਕਈ ਭੁਲੇ ਹੋਏ ਹਨ ਤੇ ਕਈ ਰਾਹ ਪੈ ਗਏ ਹਨ। ਪਰ ਇਹ ਗੱਲ ਸਾਨੂੰ ਭੁਲਣੀ ਨਹੀਂ ਚਾਹੀਦੀ ਕਿ ਹੁਕਮ ਦੀ[4] ਕਲਮ ਜੀਵਾਂ ਦੇ ਕਰਮਾਂ ਅਨੁਸਾਰ ਚਲਦੀ ਹੈ। ਹੁਕਮ ਨਿਰਨਾ ਕਰਨ ਵਾਲੀ ਸ਼ਕਤੀ ਹੈ, ਜੋ ਨਿਰਨਾ ਅਮਲਾਂ ਉਪਰ ਹੁੰਦਾ ਹੈ।

---

੧- ਪੂਰਬ ਕਰਮ ਅੰਕੁਰ ਜਬ ਪ੍ਰਗਟੇ ਭੇਟਿਓ ਪੁਰਖੁ ਰਸਿਕ ਬੈਰਾਗੀ।।
— ਗਉੜੀ ਪੂਰਬੀ, ਮ:੫, ਆਦਿ ਗ੍ਰੰਥ, ਪੰਨਾ ੨੦੪

੨- A Critical Study of Adi Granth, Dr.S.S.Kohli, p.279

੩- ਉਤਰੀ ਭਾਰਤ ਕੀ ਸੰਤ ਪ੍ਰੰਪਰਾ (ਹਿੰਦੀ), ਆਚਾਰੀਆ ਪਰਸਰਾਮ ਚਤੁਰ ਵੇਦੀ, ਪੰਨਾ ੩੪੪

੪- ਗੁਰਮਤਿ ਨਿਰਣਯ, ਭਾਈ ਜੋਧ ਸਿੰਘ, ਪੰਨਾ ੨੩੭

ਹੁਕਮ ਰੱਬੀ ਰਜ਼ਾ ਵਿਚ ਰਹਿਣ ਨੂੰ ਆਖਦੇ ਹਨ, ਰੱਬੀ ਨਿਯਮਾਂ ਦੀ ਪਾਲਣਾ ਨੂੰ ਆਖਦੇ ਹਨ। ਇਹ ਨਿਯਮ ਤਿੰਨਾਂ ਖੇਤਰਾਂ ਵਿਚ ਸਾਰੇ ਸਮਿਆਂ ਵਿਚ ਸਦਾ ਲਾਗੂ ਹੁੰਦੇ ਹਨ, ਖੇਤਰ ਹਨ- ਜਿਸਮਾਨੀ, ਇਖਲਾਕੀ ਤੇ ਆਤਮਕ।[੧]

ਇਸ ਸ੍ਰਿਸ਼ਟੀ ਤੇ ਸਭ ਕੁਝ ਕਰਤਾਰ ਦੇ ਹੁਕਮ ਅਨੁਸਾਰ ਚਲਦਾ ਹੈ। ਮਨੁੱਖ ਆਪਣੀ ਮਰਜ਼ੀ ਵੀ ਚਲਾ ਲੈਂਦਾ ਹੈ, ਪਰ ਇਹ ਉਸ ਦੀ ਮਨਮੁਖਤਾ ਹੈ। ਹੁਕਮ ਮੰਨਣ ਵਿਚ ਸੁਖ ਹੈ, ਨ ਮੰਨਣ ਵਿਚ ਦੁਖ ਹੈ। ਸਾਰੇ ਜੀਵ ਹੁਕਮ ਮੰਨਣਾ ਚਾਹੁੰਦੇ ਹੋਣਗੇ, ਪਰ ਮੰਨ ਉਹੋ ਸਕਦਾ ਹੈ, ਜਿਸ ਵਿਚ ਹੁਕਮ ਮੰਨਣ ਦੀ ਸ਼ਕਤੀ ਹੋਵੇ, ਇਹ ਸ਼ਕਤੀ ਪਰਮਾਤਮਾ ਦੀ ਨਦਰ ਦੁਆਰਾ ਹੀ ਆ ਸਕਦੀ ਹੈ।

ਹੁਕਮ- ਰਜ਼ਾ ਤੇ ਭਾਣਾ- ਇਕੋ ਹੀ ਅਰਥ ਵਾਲੇ ਤਿੰਨ ਵੱਖ ਵੱਖ ਸ਼ਬਦ ਹਨ:- ਹੁਕਮ- ਅਰਬੀ ਦਾ ਸ਼ਬਦ ਹੈ (ਭਾਵ ਆਗਿਆ), ਰਜ਼ਾ ਵੀ ਅਰਬੀ ਦਾ ਹੈ (ਭਾਵ ਮਰਜ਼ੀ, ਇਛਾ) ਤੇ ਭਾਣਾ ਪੰਜਾਬੀ ਦਾ ਸ਼ਬਦ ਹੈ (ਜਿਸ ਦੇ ਅਰਥ ਹਨ ਚੰਗਾ[੨] ਲਗਣਾ)। ਡਾ.ਸ਼ੇਰ ਸਿੰਘ ਹੁਕਮ ਨੂੰ 'ਈਸ਼ਵਰੀ- ਇਰਾਦਾ' ਦੇ ਅਰਥਾਂ ਵਿਚ ਲੈਂਦਾ ਹੈ, ਡਾ.ਮੋਹਨ ਸਿੰਘ ਨੇ ਇਸ ਦਾ ਭਾਵ 'ਯੂਨੀਵਰਸਲ ਹੁਕਮ' ਲਿਆ ਹੈ ਤੇ ਡਾ.ਕਾਲਾ ਸਿੰਘ ਬੇਦੀ ਨੇ ਇਸ ਨੂੰ 'ਈਸ਼ਵਰੀ ਵਿਧਾਨ' ਕਿਹਾ ਹੈ।[੩]

ਹੁਕਮ ਮੰਨਣਾ ਤੇ ਇਸ ਨੂੰ ਮਿੱਠਾ ਕਰਕੇ ਮੰਨਣਾ ਦੋ ਵਖ ਵਖ ਹਾਲਤਾਂ ਹਨ। ਇਕੋ ਆਤਮਕ ਗੁਣ ਦੇ ਦੋ ਦਰਜੇ ਹਨ। ਕੇਵਲ ਭਾਣਾ ਮੰਨਣਾ ਹੀ ਜੀਵ ਲਈ ਆਸਾਨ ਕੰਮ ਨਹੀਂ, ਇਸ ਨੂੰ ਮਿੱਠਾ ਕਰਕੇ ਮੰਨਣਾ ਤਾਂ ਹੋਰ ਵੀ ਔਖਾ ਹੈ। ਉੱਤਮ ਪੁਰਖਾਂ ਭਾਵ ਬ੍ਰਹਮ ਗਿਆਨੀਆਂ ਲਈ ਭਾਣਾ ਮੰਨਣਾ ਵੱਡੀ ਆਸਾਨੀ ਦੀ ਗੱਲ ਹੈ। ਉਹ ਹਰ ਸਮੇਂ ਰੱਬ ਦੀ ਰਜ਼ਾ ਵਿਚ ਰਹਿੰਦੇ ਹਨ।[੪] ਉਨ੍ਹਾਂ ਨੂੰ ਸੰਸਾਰੀ ਦੁਖ ਸੁਖ ਦੀ ਰਤੀ ਭਰ ਵੀ ਲੇਸ ਨਹੀਂ ਲਗਦੀ।

ਭਾਣਾ ਮੰਨਣ ਦਾ ਇਹ ਫਲ ਉਸ ਦਰਖਤ ਦਾ ਹੈ, ਜਿਸ ਦੇ ਆਪਣੇ ਸਾਰੇ ਰੋਮ ਰੋਮ ਵਿਚ ਹੀ ਇਹ ਸਮਾਇਆ ਹੋਇਆ ਸੀ- 'ਤੇਰਾ ਕੀਆ ਮੀਠਾ ਲਾਗੈ'।

ਪ੍ਰੋ.ਦੀਵਾਨ ਸਿੰਘ ਅਨੁਸਾਰ ਹੁਕਮ- ਰਜ਼ਾ ਦਾ ਰਹੱਸ ਅਸਲੋਂ ਦੁਰਗਮ ਹੈ, ਇਹ

---

੧- Outlines of Sikh Thought, Dr.S.S.Kohli, p.56.

੨- ਗੁਰਮਤਿ ਦਰਸ਼ਨ, ਡਾ.ਸ਼ੇਰ ਸਿੰਘ, ਪੰਨਾ ੨੩੪

੩- ਗੁਰੂ ਨਾਨਕ ਨਿਰੰਕਾਰੀ, ਡਾ.ਕਾਲਾ ਸਿੰਘ ਬੇਦੀ, ਪੰਨਾ ੧੧੪

੪- ਹਰਿ ਜੋ ਕਿਛੁ ਕਰੇ ਸੁ ਹਰਿ ਕਿਆ ਭਗਤਾ ਭਾਇਆ।।
— ਗਉੜੀ ਮ:੪, ਆਦਿ ਗ੍ਰੰਥ, ਪੰਨਾ ੧੭੬

ਆਤਮਾ ਦੀ ਅਤਿ ਵਿਕਸਤ ਅਵਸਥਾ[1] ਨਾਲ ਸਬੰਧਤ ਹੈ। ਰੱਬ ਦੀ ਦਰਗਾਹ ਵਿਚ ਇਸੇ ਰਹੱਸ ਦੀ ਪ੍ਰਾਪਤੀ ਕੰਮ ਆਉਂਦੀ ਹੈ।

ਗੁਰੂ ਦਾ ਸਿਖ ਰੱਬ ਦੇ ਭਾਣੇ ਅਗੇ, ਉਸ ਦੇ ਹੁਕਮ ਅਗੇ ਸਿਰ ਨਿਵਾਉਂਦਾ ਹੈ, ਇਹ ਉਸ ਦੇ ਆਚਰਨ ਦੀ ਉਚਤਾ ਹੈ। ਗੁਰੂ ਦਾ ਸਿਖ ਕੇਵਲ ਇਕ ਦਾਤਾਰ ਤੇ ਟੇਕ ਰਖਦਾ ਹੈ। ਪਰਾਈ ਆਸ ਤੇ ਨਹੀਂ ਜੀਊਂਦਾ, ਤਦੇ ਉਹ ਜੀਵਨ ਵਿਚ ਸਫਲਤਾ ਪ੍ਰਾਪਤ ਕਰਦਾ ਹੈ।[2] ਅਜਿਹੇ ਜੀਵ ਦੇ ਸਾਰੇ ਦੁਖ ਕਲੇਸ਼ ਕਟੇ ਜਾਂਦੇ ਹਨ।

ਭਾਣਾ ਮੰਨਣ ਲਈ ਗੁਰੂ ਅਰਜਨ ਦੇਵ ਜੀ ਨੇ ਆਦਿ ਗ੍ਰੰਥ ਵਿਚ ਇਕ ਨਵੇਂ ਸ਼ਬਦ ਦਾ ਪ੍ਰਯੋਗ ਕੀਤਾ ਹੈ- 'ਅੰਜੁਲੀਆਂ'। ਅੰਜੁਲੀਆਂ ਦਾ ਭਾਵ ਹੈ- ਭਾਣਾ ਮੰਨਣ ਲਈ ਹਥ ਜੋੜਨੇ, ਭਾਵ ਹੱਥ ਜੋੜ ਕੇ ਪ੍ਰਭੂ ਦੇ ਭਾਣੇ ਅਗੇ ਝੁਕਣਾ।[3] ਗੁਰੂ ਅਰਜਨ ਦੇਵ ਜੀ ਨੇ ਚਾਰ ਸ਼ਬਦਾਂ ਵਿਚ ਭਾਣਾ ਮੰਨਣ ਦਾ ਫਲ ਦਸਿਆ ਹੈ।

ਪਰਮਾਤਮਾ ਨਾਲ ਮੇਲ ਜਾਂ ਵਿਛੋੜਾ ਸਾਡੇ ਲਿਖੇ ਕਰਮਾਂ ਮੁਤਾਬਕ ਹੁੰਦਾ ਹੈ। ਰੱਬ ਨੇ ਪੰਜ ਤੱਤ ਦਾ ਜੀਵ ਬਣਾ ਕੇ, ਵਿਚ ਜਾਨ ਪਾ ਦਿੱਤੀ। ਜਾਨ ਪੈ ਕੇ ਜੀਵ ਜਦੋਂ ਅਜੇ ਗਰਭ ਵਿਚ ਹੁੰਦਾ ਹੈ ਤਾਂ ਉਸ ਨੂੰ ਪ੍ਰਭੂ ਯਾਦ ਹੁੰਦਾ ਹੈ। ਜਦੋਂ ਬਾਹਰ ਆ ਜਾਂਦਾ ਹੈ ਤਾਂ ਦਾਤਾਰ ਨੂੰ ਵਿਸਾਰ ਦੇਂਦਾ ਹੈ। ਫਿਰ ਵੀ ਪਰਮਾਤਮਾ ਉਸ ਦੀ ਹਰ ਥਾਂ ਰੱਖਿਆ ਕਰਦਾ ਰਹਿੰਦਾ ਹੈ। ਪਰ ਜਨਮ ਸਫਲਾ ਉਹੀ ਕਰ ਸਕਦਾ ਹੈ ਜੋ ਇਹ ਗਲ ਮੰਨ ਕੇ ਤੁਰੇ।[4]

ਮੁਸੀਬਤ ਵੇਲੇ ਕੋਈ ਵੈਦ ਨਹੀਂ ਬਚਾ ਸਕਦਾ ਨ ਹੀ ਕੋਈ ਭੈਣ ਭਾਈ ਉਸ ਵੇਲੇ ਦਾਰੂ ਕਰ ਸਕਦਾ ਹੈ। ਇਕ ਪਰਮਾਤਮਾ ਦਾ ਆਸਰਾ ਸਭ ਪਾਸਿਆਂ ਤੋਂ ਬਚਾਉਂਦਾ ਹੈ। ਇਸ ਕਰਕੇ ਉਸ ਦੇ ਭਾਣੇ ਅਨੁਸਾਰ ਚਲ ਕੇ ਜੀਵਨ ਬਤਾਉਣਾ ਜੀਵ ਦਾ ਫਰਜ਼ ਹੈ, ਸੋ ਜੀਵਨ ਉਸੇ ਦੇ ਹੀ ਅਰਪਨ ਕਰਨਾ ਚਾਹੀਦਾ ਹੈ।[5]

ਜਿਥੇ ਬਹੁਤ ਧਨ ਹੈ, ਉਹ ਚਿੰਤਾਵਾਨ ਹਨ ਕਿ ਗੁਆਚ ਨਾ ਜਾਏ। ਜਿਥੇ ਨਹੀਂ, ਉਹ ਉਂਜ ਚਿੰਤਾ ਵਿਚ ਹਨ ਕਿ ਕਿਸ ਬਿਧ ਧਨ ਮਿਲੇ। ਵੇਦ ਤੇ ਹੋਰ ਗ੍ਰੰਥ ਵਾਚ

---

੧- ਹਵਾਲਾ- ਗੁਰੂ ਨਾਨਕ ਜੀਵਨ ਦਰਸ਼ਨ ਤੇ ਕਾਵਿ ਕਲਾ, ਸੰਪਾਦਕ ਡਾ. ਸੁਰਿੰਦਰ ਸਿੰਘ ਕੋਹਲੀ, ਪੰਨਾ ੭੭

੨- ਧਰਿ ਜੀਅਰੇ ਇਕ ਟੇਕ ਤੂ ਲਾਹਿ ਬਿਡਾਨੀ ਆਸ॥
ਨਾਨਕ ਨਾਮੁ ਧਿਆਈਐ ਕਾਰਜੁ ਆਵੈ ਰਾਸਿ॥
—ਗਉੜੀ ਬਾਵਨ ਅਖਰੀ, ਮ:੫, ਆਦਿ ਗ੍ਰੰਥ, ਪੰਨਾ ੨੫੭

੩- ਦੇਖੋ ਮਾਰੂ ਰਾਗ ਵਿਚ ਸਫਾ ੧੦੦੭ ਤੇ ੧੦੧੯ ('ਅੰਜੁਲੀ' ਸ਼ਬਦ ਦਾ ਪ੍ਰਯੋਗ ਗੁਰੂ ਰਾਮਦਾਸ ਜੀ ਨੇ ਵੀ ਕੀਤਾ ਹੈ- ਦੇਖੋ- ਸੋਹਿਲਾ- ਰਾਗ ਗਉੜੀ ਪੂਰਬੀ ਮ:੪, ਆਦਿ ਗ੍ਰੰਥ, ਪੰਨਾ ੧੩ ਤੇ ੧੭੧)

੪- ਮਾਰੂ ਅੰਜੁਲੀ ਮ:੫, ਆਦਿ ਗ੍ਰੰਥ, ਪੰਨਾ ੧੦੦੭

੫- ਉਹੀ, ਪੰਨਾ ੧੦੦੮

ਲਏ ਹਨ, ਪਰ ਸਭ ਵਿਚੋਂ ਸਿਖਿਆ ਇਹੀ ਮਿਲਦੀ ਹੈ ਕਿ ਗ੍ਰਿਹਸਤ ਵਿਚ ਖੁਭਿਆਂ ਮੁਕਤੀ ਨਹੀਂ, ਮੁਕਤੀ ਨਿਰਲੇਪ ਰਹਿਣ ਵਿਚ ਹੈ। ਜੋ ਜੀਵ ਸੁਤਾ ਜਾਗਦਾ ਘਰ ਦੀ ਚਿੰਤਾ ਵਿਚ ਗ੍ਰਸਿਆ ਰਹਿੰਦਾ ਹੈ, ਉਹ ਆਪਣੀ ਜੂਨ ਖਰਾਬ ਕਰ ਰਿਹਾ ਹੈ। ਅਸਲੀ ਬਹਾਦਰ ਗ੍ਰਿਹਸਤੀ ਉਹੀ ਹੈ ਜੋ ਪ੍ਰਭੂ ਦੇ ਭਾਣੇ ਅਨੁਸਾਰ ਚਲਦਾ ਹੈ ਤੇ ਜੀਵਨ ਮੁਕਤ ਹੋ ਜਾਂਦਾ ਹੈ। ਨ ਮਾਇਆ ਦੇ ਮਗਰ ਪਿਆਂ ਗੁਜ਼ਾਰਾ ਹੈ ਤੇ ਨ ਇਸ ਤੋਂ ਦੂਰ ਭਜਿਆਂ ਛੁਟਕਾਰਾ ਹੈ। ਛੁਟਕਾਰੇ ਦਾ ਰਾਹ ਕੇਵਲ ਸਤਿਗੁਰੂ ਜੀ ਦਸ ਸਕਦਾ ਹੈ ਕਿ ਜਿਨੇ ਵਿਚ ਪਰਮਾਤਮਾ ਰਖੇ ਉਸ ਦਾ ਭਾਣਾ ਮਿੱਠਾ ਮੰਨ ਕੇ ਉਨੇ ਵਿਚ ਹੀ ਜੀਵ ਖੁਸ਼ ਰਹੇ।[1]

ਬ੍ਰਿਛ ਦੀ ਛਾਂ ਵਾਂਗ ਜੀਵ ਦੀ ਆਯੂ ਤਾਂ ਸੰਸਾਰ ਵਿਚ ਅਸਤ ਹੋ ਜਾਣੀ ਹੈ। ਪਾਪ ਕਰਨ ਵਾਲੇ ਫੜੇ ਜਾਂਦੇ ਹਨ ਤੇ ਯਮਰਾਜ ਪਾਸੋਂ ਸਜ਼ਾ ਪਾਉਂਦੇ ਹਨ। ਫਿਰ ਕੋਈ ਸਬੰਧੀ ਸਾਥ ਨਹੀਂ ਦੇਂਦਾ। ਪਰਮਾਤਮਾ ਨੂੰ ਵਿਸਾਰ ਕੇ ਜੀਵ ਦੁਖੀ ਹੁੰਦਾ ਹੈ। ਇਸ ਸੰਸਾਰ ਵਿਚ ਭਲੇ ਉਹੀ ਰਹਿੰਦੇ ਹਨ, ਜੋ ਪ੍ਰਭੂ ਦੇ ਭਾਣੇ ਅਨੁਸਾਰ ਚਲਦੇ ਹਨ, ਉਹ ਨਰਕਾਂ ਵਿਚ ਜਾਣ ਤੋਂ ਬਚ ਜਾਂਦੇ ਹਨ।[2]

ਪ੍ਰਭੂ ਦੇ ਭਾਣੇ ਵਿਚ ਚਲਣ ਵਾਲੇ ਜੀਵਾਂ ਨੂੰ ਕਦੇ ਪਛਤਾਉਣਾ ਨਹੀਂ ਪੈਂਦਾ।[3] ਹੋਣਾਂ ਉਹੀ ਹੁੰਦਾ ਹੈ, ਜੋ ਪ੍ਰਭੂ ਨੂੰ ਭਾਵੇ, ਜੀਵ ਦੀ ਆਪਣੀ ਸਿਆਣਪ ਕੋਈ ਨਹੀਂ ਚਲਦੀ।[4] ਜੋ ਹੁਕਮ ਦਾ ਰਹੱਸ ਸਮਝ ਜਾਂਦੇ ਹਨ ਉਹ ਦਰਗਾਹ ਵਿਚ ਸੱਚੇ ਸਾਬਤ ਹੁੰਦੇ ਹਨ।[5]

ਜਿਨਾ ਚਿਰ ਜੀਵ ਮਨ ਦੀ ਮਰਜ਼ੀ ਅਨੁਸਾਰ ਚਲਦਾ ਰਹਿੰਦਾ ਹੈ, ਉਨਾ ਚਿਰ ਭਟਕਦਾ ਰਹਿੰਦਾ ਹੈ, ਜਦੋਂ ਪ੍ਰਭੂ ਦੇ ਹੁਕਮ ਵਿਚ ਚਲਣ ਲਗ ਪੈਂਦਾ ਹੈ ਤਾਂ ਸਭ ਪ੍ਰਕਾਰ ਦੇ ਸੁਖ ਪ੍ਰਾਪਤ ਕਰਦਾ ਹੈ।

ਕੇਵਲ ਜੀਵ ਹੀ ਨਹੀਂ ਸਾਰੀ ਸ੍ਰਿਸ਼ਟੀ ਹੀ ਪ੍ਰਭੂ ਦੇ ਭਾਣੇ ਅਨੁਸਾਰ ਚਲ ਰਹੀ ਹੈ, ਜਦੋਂ ਪਰਮਾਤਮਾ ਦਾ ਜੀਅ ਕਰਦਾ ਹੈ, ਇਸ ਖੇਡ ਨੂੰ ਰਚਾ ਲੈਂਦਾ ਹੈ, ਜਦੋਂ ਜੀਅ ਕਰਦਾ ਹੈ, ਇਸ ਨੂੰ ਸਮੇਟ ਲੈਂਦਾ ਹੈ।[6]

---

੧- ਮਾਰੂ ਅੰਜੁਲੀਆਂ ਮ:੫, ਆਦਿ ਗ੍ਰੰਥ, ਪੰਨਾ ੧੦੧੯

੨- ਉਹੀ, ਪੰਨਾ ੧੦੧੯-੨੦

੩- ਜਿਨੀ ਪਛਾਤਾ ਹੁਕਮੁ ਤਿਨ੍ ਕਦੇ ਨ ਰੋਵਣਾ।।
— ਵਾਰ ਗੂਜਰੀ, ਮ:੫, ਆਦਿ ਗ੍ਰੰਥ, ਪੰਨਾ ੫੨੩

੪- ਸਿਆਣਪ ਕਾਹੂ ਕਾਮਿ ਨ ਆਤ।।ਜੋ ਅਨਰੂਪਿਓ ਠਾਕੁਰਿ ਮੇਰੇ ਹੋਇ ਰਹੀ ਉਹ ਬਾਤ
— ਗੂਜਰੀ ਮ:੫, ਆਦਿ ਗ੍ਰੰਥ, ਪੰਨਾ ੪੯੬

੫- ਜੋ ਕਿਛੁ ਵਰਤੈ ਸਭ ਤੇਰਾ ਭਾਣਾ।।ਹੁਕਮੁ ਬੂਝੈ ਸੋ ਸਚਿ ਸਮਾਣਾ।।
—ਗਉੜੀ ਮ:੫, ਆਦਿ ਗ੍ਰੰਥ, ਪੰਨਾ ੧੯੩

੬- ਜਾ ਤਿਸੁ ਭਾਵੈ ਤਾਂ ਸ੍ਰਿਸਟਿ ਉਪਾਏ।।ਆਪਨੈ ਭਾਣੈ ਲਏ ਸਮਾਏ ।।
— ਸੁਖਮਨੀ, ਆਦਿ ਗ੍ਰੰਥ, ਪੰਨਾ ੨੯੨

ਪ੍ਰਭੂ ਦੇ ਇਸ ਹੁਕਮ ਦੇ ਰਹੱਸ ਵਿਚ ਇਕ ਹੋਰ ਰਹੱਸ ਇਹ ਹੈ ਕਿ ਸਭ ਕੁਝ ਵਰਤ ਤਾਂ ਉਸ ਦੇ ਹੁਕਮ ਵਿਚ ਹੀ ਰਿਹਾ ਹੈ, ਪਰ ਉਹ ਆਪ ਕਿਸੇ ਦੀ ਸਲਾਹ ਨਹੀਂ ਲੈਂਦਾ।[੧]

ਜਿਹੜੇ ਜੀਵ ਹੁਕਮ ਦੇ ਰਹੱਸ ਨੂੰ ਸਮਝ ਜਾਂਦੇ ਹਨ, ਉਹ ਪਰਮਾਤਮਾ ਦਾ ਰਹੱਸ ਜਾਣ ਜਾਂਦੇ ਹਨ।[੨]

ੲ- ਨਦਰ

ਨਦਰ ਅਰਬੀ ਦਾ ਸ਼ਬਦ ਹੈ। ਨਦਰ ਤੋਂ ਭਾਵ ਹੈ ਬਖਸ਼ਸ਼। ਨਦਰ ਸ਼ਬਦ ਨੂੰ ਅੰਗ੍ਰੇਜ਼ੀ ਵਾਲੇ ਗ੍ਰੇਸ ( Grace ) ਆਖਦੇ ਹਨ, ਜਿਸ ਦਾ ਭਾਵ ਹੈ- ਕਿਸੇ ਦਾ ਪਖ ਪੂਰਨਾ। ਇਹ ਦੈਵੀ ਕ੍ਰਿਪਾ ਦਾ ਤੋਹਫਾ ਹੈ, ਜੋ ਮੁਕਤੀ ਦਾਨ ਦੇਂਦਾ ਹੈ।[੩] ਗ੍ਰੇਸ ਸ਼ਬਦ ਦਾ ਨਿਕਾਸ ਫਰਾਂਸੀਸੀ ਤੇ ਲਾਤੀਨੀ Grace ਤੇ Gracia ਤੇ ਯੂਨਾਨੀ Charis ਤੋਂ ਹੋਇਆ ਹੈ।[੪] ਪੰਜਾਬੀ ਵਿਚ ਇਸ ਦਾ ਬਦਲ 'ਪ੍ਰਸਾਦਿ' ਹੈ।

ਗ੍ਰੇਸ ਤੋਂ ਭਾਵ ਹੈ ਰੱਬ ਦਾ ਆਪ ਮੁਹਾਰਾ ਅਜਿਹਾ ਪਿਆਰ ਜੋ ਨਿਯਮਾਂ ਦੀ ਹਦਬੰਦੀ ਤੇ ਯੋਗਤਾਵਾਂ ਦੇ ਦਾਅਵੇ ਤੋਂ ਵਿਰਕਤ ਹੈ ਤੇ ਜੋ ਜੀਵਾਂ ਨੂੰ ਉਦੋਂ ਵੀ ਪ੍ਰਾਪਤ ਹੁੰਦਾ ਹੈ, ਜਦੋਂ ਉਹ ਉਸ ਦੀ ਇੱਛਾ ਵੀ ਨਹੀਂ ਕਰਦੇ।[੫]

ਥਾਮਸ ਅਕੁਈਨਾਸ ਅਨੁਸਾਰ ਜਦੋਂ ਕੋਈ ਜੀਵ ਰੱਬ ਦੀ ਗ੍ਰੇਸ ਪ੍ਰਾਪਤ ਕਰਦਾ ਹੈ ਤਾਂ ਉਸ ਦਾ ਅਰਥ ਹੈ ਕਿ ਰੱਬ ਵਲੋਂ ਉਸ ਨੂੰ ਕੋਈ ਅਲੌਕਿਕ ਵਸਤੂ ਬਖਸ਼ੀ ਗਈ ਹੈ।[੬] ਕਠੋਪਨਿਸ਼ਦ ਵਿਚ ਇਕ ਥਾਂ ਲਿਖਿਆ ਹੈ ਕਿ ਉਸ ਪਰਮਾਤਮਾ ਨੂੰ ਉਹੀ ਪਾ ਸਕਦੇ ਹਨ, ਜਿਨ੍ਹਾਂ ਤੇ ਉਹ ਮਿਹਰ ਕਰਦਾ ਹੈ।[੭]

ਨਦਰ ਦਾ ਸਮਾਨਅਰਥਕ ਸ਼ਬਦ ਕਰਮ ਵੀ ਹੈ। ਇਹ ਵੀ ਅਰਬੀ ਦਾ ਸ਼ਬਦ ਹੈ। ਜਿਸ ਦਾ ਭਾਵ ਹੈ-ਮਿਹਰ, ਬਖਸ਼ਸ਼। ਕਰਮ ਕਰਨ ਵਾਲੇ ਨੂੰ ਕਰੀਮ ਆਖਦੇ ਹਨ। ਕਰੀਮ ਸ਼ਬਦ ਅੱਲਾ ਲਈ ਕਈ ਥਾਂ ਕੁਰਾਨ ਵਿਚ ਵਰਤਿਆ ਗਿਆ ਹੈ, ਪਰ ਕਰਮ

---

੧- ਵਾਰਾਂ ਭਾਈ ਗੁਰਦਾਸ, ਵਾਰ ੧੮, ਪਉੜੀ ੧੨

੨- ਕਹੁ ਨਾਨਕ ਜਿਨਿ ਹੁਕਮੁ ਪਛਾਤਾ।। ਪ੍ਰਭ ਸਾਹਿਬ ਕਾ ਤਿਨਿ ਭੇਦੁ ਜਾਤਾ।।
—ਰਾਮਕਲੀ ਮ:੫, ਆਦਿ ਗ੍ਰੰਥ, ਪੰਨਾ ੮੮੫

੩- Ency.Brittanica,Vol.X,p.650.

੪- As above, Vol.IV,p.593.

੫- Ency. of Religion and Ethics, Vol.VI,p.365.

੬- Ency. Brittanica,Vol.X,p.650.

੭- Kathopanishad-II,23.

ਸ਼ਬਦ ਦੀ ਵਰਤੋਂ ਇਸ ਅਰਥ ਵਿਚ ਨਹੀਂ ਹੋਈ। ਉਂਜ ਇਸਲਾਮੀ ਰਹੱਸਵਾਦੀ (ਸਾਧਕ) ਕਰਮ ਭਾਵ ਬਖਸ਼ਸ਼ ਨੂੰ ਹਕੀਕਤ ਤਕ ਪੁਜਣ ਦਾ ਰਾਹ ਸਮਝਦੇ ਹਨ।

ਗੁਰੂ ਅਰਜਨ ਦੇਵ ਜੀ ਦੀ ਰਚਨਾ ਵਿਚ ਨਦਰ ਦਾ ਸਿਧਾਂਤ ਖਾਸ ਮਹੱਤਤਾ ਵਾਲਾ ਹੈ। ਵੇਦਾਂਤ ਵਾਲੇ ਕਰਮਾਂ ਤੇ ਜ਼ਿਆਦਾ ਜ਼ੋਰ ਦੇਂਦੇ ਹਨ, ਪਰ ਗੁਰੂ ਗ੍ਰੰਥ ਸਾਹਿਬ ਅਨੁਸਾਰ ਇਸ ਸੰਸਾਰ ਤੇ ਆਉਣ ਦਾ ਕਾਰਨ ਤਾਂ ਸਾਡੇ ਕਰਮ ਹਨ। ਪਰ ਪਰਮ ਅਨੰਦ ਦੀ ਪ੍ਰਾਪਤੀ ਪਰਮਾਤਮਾ ਦੀ ਨਦਰ ਦੁਆਰਾ ਹੀ ਹੋ ਸਕਦੀ ਹੈ।[1] ਜੀਵ ਮਨੁੱਖਾ ਦੇਹੀ ਵਿਚ ਆਪਣੇ ਚੰਗੇ ਕਰਮਾਂ ਕਰਕੇ ਆਉਂਦਾ ਹੈ ਪਰ ਮੁਕਤੀ ਵਾਹਿਗੁਰੂ ਦੀ ਕ੍ਰਿਪਾ ਦੁਆਰਾ ਮਿਲਦੀ ਹੈ।[2] ਜੀਵ ਭੁਲਣਹਾਰ ਹੈ ਤੇ ਪਰਮਾਤਮਾ ਬਖਸ਼ਣਹਾਰ ਹੈ। ਜੀਵ ਤੇ ਪਰਮਾਤਮਾ ਵਿਚਲਾ ਇਹ ਜ਼ਿਮੀਂ ਅਸਮਾਨ ਦਾ ਫਰਕ ਵੀ ਪਰਮਾਤਮਾ ਦੀ ਨਦਰ ਦੁਆਰਾ ਹੀ ਘਟ ਹੋ ਸਕਦਾ ਹੈ ਜਾਂ ਖਤਮ ਕੀਤਾ ਜਾ ਸਕਦਾ ਹੈ।

ਸੇਂਟ ਟੇਰੇਸਾ (ਸੰਨ ੧੫੧੫-੧੫੮੨) ਪ੍ਰਭੂ ਪਾਸੋਂ ਬਖਸ਼ਸ਼ ਹਾਸਲ ਕਰਨ ਲਈ ਬੇਨਤੀ ਕਰਨ ਦੀਆਂ ਚਾਰ ਅਵਸਥਾਵਾਂ[3] ਦਸਦੀ ਹੈ, ਜਿਨ੍ਹਾਂ ਨੂੰ ਉਹ ਖੇਤ ਸਿੰਜਣ ਦੇ ਚਿਨ੍ਹਾਂ ਰਾਹੀਂ ਪੇਸ਼ ਕਰਦੀ ਹੈ:-

੧- ਖੂਹ ਵਿਚੋਂ ਬਾਲਟੀ ਨਾਲ ਪਾਣੀ ਕੱਢ ਕੇ ਖੇਤ ਸਿੰਜਣਾ- ਭਾਵ ਕਰੜੀ ਮਿਹਨਤ ਕਰਨੀ।

੨- ਖੂਹ ਵਿਚੋਂ ਚਕਰੀ ਰਾਹੀਂ ਪਾਣੀ ਕਢਣਾ- ਮਿਹਨਤ ਕਾਫ਼ੀ ਘਟ ਗਈ ਹੈ।

੩- ਕਿਸੇ ਨਦੀ ਜਾਂ ਚਸ਼ਮੇ ਵਿਚੋਂ ਪਾਣੀ ਲੈ ਕੇ ਖੇਤ ਸਿੰਜਣਾ- ਮਿਹਨਤ ਬਹੁਤ ਹੀ ਘਟ ਗਈ ਹੈ।

੪- ਬਾਰਸ਼ ਰਾਹੀਂ ਖੇਤ ਸਿੰਜਿਆ ਜਾਣਾ- ਇਹ ਨਦਰ ਜਦੋਂ ਹੋ ਗਈ, ਫਿਰ ਇਸ ਨੂੰ ਬਿਆਨ ਕਰਨ ਲਈ ਸ਼ਬਦ ਨਹੀਂ ਅਹੁੜਦੇ। ਅਸਲ ਵਿਚ ਇਥੇ ਪਹੁੰਚ ਕੇ ਜੀਵਾਤਮਾ ਦੁਨਿਆਵੀ ਤੌਰ ਤੇ ਮੁੱਕ ਜਾਂਦੀ ਹੈ ਤੇ ਆਤਮਕ ਤੌਰ ਤੇ ਜੀਉ ਪੈਂਦੀ ਹੈ।

ਮਨੋਵਿਗਿਆਨਕ ਭਾਸ਼ਾ ਵਿਚ ਨਦਰ ਤਿੰਨ ਪ੍ਰਕਾਰ ਦੀ ਹੁੰਦੀ ਹੈ:-

੧- ਜੀਵਾਂ ਦੀ ਨਦਰ[4]

੨- ਇਨਸਾਨੀ ਨਦਰ

੩- ਰੱਬੀ ਨਦਰ

---

੧- A Critical Study of Adi Granth, Dr. S.S.Kohli, p.354.

੨- ਕਰਮੀ ਆਵੈ ਕਪੜਾ ਨਦਰੀ ਮੋਖੁ ਦੁਆਰੁ॥ -ਜਪੁਜੀ, ਆਦਿ ਗ੍ਰੰਥ, ਪੰਨਾ ੨

੩- ਹਵਾਲਾ- Mysticism, F.C.Happold, p.312-20.

੪- ਇਸ ਵਿਚ ਹਰ ਪ੍ਰਕਾਰ ਦੀ ਜੂਨ ਦੇ ਜੀਵ ਆ ਜਾਂਦੇ ਹਨ।

ਭਾਵੇਂ ਜੀਵਾਂ ਦੀ ਨਦਰ ਤੇ ਇਨਸਾਨੀ ਨਦਰ ਦੀ ਘੱਟ ਕੀਮਤ ਤਾਂ ਨਹੀਂ ਹੁੰਦੀ, (ਜੀਵ ਤਾਂ ਹਰ ਪਾਸੇ ਤੋਂ ਨਦਰ ਦੀ ਨਜ਼ਰ ਭਾਲਦਾ ਹੈ ਤੇ ਇਨਸਾਨ ਵੀ ਬਾਲਪਨ ਵਿਚ ਮਾਪਿਆਂ ਤੋਂ ਵੱਡਾ ਹੋਇਆ ਤਾਂ ਉਸਤਾਦਾਂ ਤੋਂ, ਜਵਾਨ ਹੋਇਆ ਤਾਂ ਸਮਾਜ ਤੋਂ, ਬੁੱਢਾ ਹੋਇਆ ਤਾਂ ਔਲਾਦ ਤੋਂ ਮਿਹਰ ਦੀ ਨਜ਼ਰ ਭਾਲਦਾ ਹੈ।) ਪਰ ਇਥੇ ਅਸੀਂ ਸਿਰਫ ਰੱਬੀ ਮਿਹਰ ਦੀ ਹੀ ਗੱਲ ਕਰ ਰਹੇ ਹਾਂ, ਜੋ ਸਰਵੁੱਤਮ ਹੈ।

ਜੇ ਜੀਵ ਤੇ ਇਹ ਰੱਬੀ ਮਿਹਰ ਹੋ ਜਾਵੇ ਤਾਂ ਉਹ ਛੱਤੀ ਪ੍ਰਕਾਰ ਦੇ ਭੋਜਨ ਖਾਂਦਾ ਹੈ। ਜਿਸ ਦੀ ਨਦਰ ਦੁਆਰਾ ਇਹ ਪਦਾਰਥ ਮਿਲਦੇ ਹਨ, ਉਸ ਨੂੰ ਹਰ ਸਮੇਂ ਧਿਆਨ ਵਿਚ ਰਖਣਾ ਚਾਹੀਦਾ ਹੈ। ਜਿਸ ਦੀ ਕ੍ਰਿਪਾ ਦੁਆਰਾ ਇਸ ਨੂੰ ਕਈ ਪ੍ਰਕਾਰ ਦੀਆਂ ਸੁਵਿਧੀਆਂ ਵਰਤਣ ਨੂੰ ਮਿਲਦੀਆਂ ਹਨ, ਪਰਮਗਤੀ ਭਾਵ ਮੁਕਤੀ ਮਿਲਦੀ ਹੈ, ਸੁਖ ਆਰਾਮ ਦਾ ਬਸੇਰਾ ਮਿਲਦਾ ਹੈ, ਉਸ ਨੂੰ ਹਰ ਸਮੇਂ ਯਾਦ ਰਖਣਾ ਚਾਹੀਦਾ ਹੈ। ਜਿਹੜਾ ਕਈ ਪ੍ਰਕਾਰ ਦੇ ਰੇਸ਼ਮੀ ਵਧੀਆ ਕਪੜੇ ਪਹਿਨਣ ਨੂੰ ਬਖਸ਼ਦਾ ਹੈ, ਉਸ ਨੂੰ ਛਡ ਕੇ ਕਿਸੇ ਹੋਰ ਨੂੰ ਨਹੀਂ ਧਿਆਇਆ ਜਾ ਸਕਦਾ। ਜਿਸ ਦੀ ਨਦਰ ਦੁਆਰਾ ਸਭ ਕੁਝ ਪ੍ਰਾਪਤ ਹੁੰਦਾ ਹੈ, ਉਸ ਦਾ ਰਸਨਾ ਦੁਆਰਾ ਨਾਮ ਜਪਣਾ ਚਾਹੀਦਾ ਹੈ। ਜਿਸ ਦੀ ਕ੍ਰਿਪਾ ਦੁਆਰਾ ਸੁਹਣਾ ਸਰੀਰ ਮਿਲਿਆ ਹੈ, ਜਿਸ ਨੇ ਜੀਵ ਦੇ ਸਾਰੇ ਪਰਦੇ ਢਕੇ ਹਨ, ਜਿਸ ਨੇ ਸਾਰੇ ਦੋਸ਼ ਮੁਆਫ ਕੀਤੇ ਹਨ, ਉਸ ਨੂੰ ਹਰ ਸਮੇਂ ਧਿਆਨ ਵਿਚ ਰਖਣਾ ਚਾਹੀਦਾ ਹੈ।[1] ਪ੍ਰਭੂ ਦੀ ਬਖਸ਼ਸ਼ ਤਾਂ ਅਮੁਕ ਹੈ, ਕਿਸ ਕਿਸ ਪਖੋਂ ਉਸ ਦੇ ਗੁਣ ਗਾਏ ਜਾਣ। ਜਿਸ ਤੇ ਪ੍ਰਭੂ ਦਿਆਲ ਹੋ ਜਾਂਦਾ ਹੈ, ਉਸ ਦੀ ਹਉਮੈ ਦੂਰ ਹੋ ਜਾਂਦੀ ਹੈ। ਜਿਸ ਤੇ ਪ੍ਰਭੂ ਦਿਆਲ ਹੁੰਦਾ ਹੈ, ਉਸ ਦੇ ਸਾਰੇ ਪਾਪ ਦੂਰ ਹੋ ਜਾਂਦੇ ਹਨ।[2]

ਜੀਵ ਭਾਵੇਂ ਕਿਸੇ ਨਸਲ, ਰੰਗ ਰੂਪ ਦਾ ਹੋਵੇ, ਪ੍ਰਭੂ ਉਸ ਤੇ ਕ੍ਰਿਪਾ ਕਰਦਾ ਹੈ ਜੋ ਜੀਵ ਦੇ ਮਨ ਵਿਚ ਹਰੀ ਦਾ ਨਾਮ ਵਸਿਆ ਹੋਵੇ।[3] ਜੀਵ ਨੀਚ, ਅਨਾਥ ਤੇ ਅਣਜਾਣ ਹੈ, ਜਿਸ ਵਿਚ ਕੋਈ ਗੁਣ ਨਹੀਂ, ਜਦੋਂ ਪ੍ਰਭੂ ਦੀ ਮਿਹਰ ਹੋਈ ਤਾਂ ਉਸ ਨੇ ਆਪਣੇ

---

੧- ਜਿਹ ਪ੍ਰਸਾਦਿ ਛਤੀਹ ਅੰਮ੍ਰਿਤ ਖਾਹਿ।।
— ਸੁਖਮਨੀ, ਅਸਟਪਦੀ ੬, ਪਉੜੀਆਂ ੧ ਤੋਂ ੪ ਤਕ, ਆਦਿ ਗ੍ਰੰਥ, ਪੰਨਾ ੨੬੯-੭੦

੨- ਜਿਸ ਨੋ ਤੇਰੀ ਨਦਰਿ ਹਉਮੈ ਤਿਸੁ ਗਈ।। ਜਿਸ ਨੋ ਤੂ ਸੰਤੁਸਟੁ ਕਲਮਲ ਤਿਸੁ ਖਈ।।
— ਰਾਮਕਲੀ ਦੀ ਵਾਰ ਮ:੫, ਆਦਿ ਗ੍ਰੰਥ, ਪੰਨਾ ੯੬੧

੩- ਬਰਨੁ ਚਿਹਨੁ ਨਾਹੀ ਕਿਛੁ ਪੇਖਿਓ ਦਾਸ ਕਾ ਕੁਲੁ ਨ ਬਿਚਾਰਿਓ।।
ਕਰਿ ਕਿਰਪਾ ਨਾਮੁ ਹਰਿ ਦੀਓ ਸਹਜਿ ਸੁਭਾਇ ਸਵਾਰਿਓ।।
— ਨਟ ਮ:੫, ਆਦਿ ਗ੍ਰੰਥ, ਪੰਨਾ ੯੭੮

ਚਰਨੀਂ ਲਾ ਲਿਆ।[1] ਜਿਸ ਤੇ ਪ੍ਰਭੂ ਦੀ ਕ੍ਰਿਪਾ ਹੁੰਦੀ ਹੈ, ਉਹੀ ਉਸ ਦੇ ਸ਼ਬਦ ਦਾ ਵਣਜ ਕਰ ਸਕਦਾ ਹੈ।[2] ਇਥੋਂ ਤਕ ਕਿ ਉਸ ਨੂੰ ਜਮ ਵੀ ਲੇਖਾ ਨਹੀਂ ਪੁਛਦੇ, ਸਗੋਂ ਉਸ ਨੂੰ ਨੌ ਨਿਧੀਆਂ[3] ਦੇ ਖਜ਼ਾਨੇ ਭੋਗਣੇ ਮਿਲਦੇ ਹਨ।[4]

ਇਸੇ ਕਰਕੇ ਜੀਵ ਹਰ ਸਮੇਂ ਪ੍ਰਭੂ ਦੀ ਦਇਆ ਮੰਗਦਾ ਹੈ, ਜਿਸ ਨਾਲ ਉਸ ਨੂੰ ਨਾਮ ਦਾਨ ਮਿਲੇਗਾ ਤੇ ਜੀਵਨ-ਆਧਾਰ ਪ੍ਰਭੂ ਦੇ ਦਰਸ ਮਿਲਣਗੇ।[5]

ਜਿਨ੍ਹਾਂ ਤੇ ਪ੍ਰਭੂ ਦੀ ਮਿਹਰ ਹੁੰਦੀ ਹੈ, ਉਨ੍ਹਾਂ ਨੂੰ ਗੁਰੂ ਜੀ ਸਚਿਆਰੇ ਆਖਦੇ ਹਨ,[6] ਪਰ ਪ੍ਰਭੂ ਦੀ ਨਦਰ ਹਾਸਲ ਕਰਨ ਲਈ ਉਦਮ ਵੀ ਕਰਨਾ ਪੈਂਦਾ ਹੈ। ਬਿਨ੍ਹਾਂ ਹੱਥ ਹਿਲਾਇਆਂ ਤਾਂ ਕੋਲ ਪਈ ਚੀਜ਼ ਵੀ ਮੂੰਹ ਤਕ ਨਹੀਂ ਜਾ ਸਕਦੀ, ਇਹ ਤਾਂ

---

੧- ਨੀਚੁ ਅਨਾਥੁ ਅਜਾਨੁ ਮੈ ਨਿਰਗੁਨੁ ਗੁਣਹੀਨੁ।।
ਨਾਨਕ ਕਉ ਕਿਰਪਾ ਭਈ ਦਾਸੁ ਅਪਨਾ ਕੀਨੁ।।
— ਬਿਲਾਵਲ ਮ:੫,ਆਦਿ ਗ੍ਰੰਥ, ਪੰਨਾ ੮੧੫

੨- ਜਾ ਕਉ ਦਇਆ ਕਰੀ ਮੇਰੈ ਠਾਕੁਰਿ ਤਿਨਿ ਗੁਰਹਿ ਕਮਾਨੋ ਮੰਤਾ।।
— ਧਨਾਸਰੀ ਮ:੫,ਆਦਿ ਗ੍ਰੰਥ, ਪੰਨਾ ੬੭੨

੩- ਨਿਧੀਆਂ- ਤਰ੍ਹਾਂ ਤਰ੍ਹਾਂ ਦੇ ਸੁਖਾਂ ਦੇ ਸਮਾਨ ਜੋ ਨੌ ਗਿਣੇ ਜਾਂਦੇ ਹਨ- ਪਦਮ(ਸੋਨਾ, ਚਾਂਦੀ), ਮਹਾਂ ਪਦਮ (ਹੀਰੇ ਜਵਾਹਰਾਤ), ਸੰਖ (ਸੋਹਣੇ ਸੋਹਣੇ ਖਾਣੇ ਤੇ ਕਪੜੇ), ਮਕਰ (ਸਸ਼ਤਰ-ਵਿਦਿਆ ਦੀ ਪ੍ਰਾਪਤੀ ਰਾਜ ਦਰਬਾਰ ਵਿਚ ਮਾਣ) ਕਛਪ(ਕਪੜੇ ਦਾਣੇ ਦੀ ਸੁਦਾਗਰੀ), ਕੁੰਦ (ਸੋਨੇ ਦੀ ਸੁਦਾਗਰੀ), ਨੀਲ (ਮੋਤੀ ਮੂੰਗੇ ਦੀ ਸੁਦਾਗਰੀ), ਮੁਕੰਦ (ਰਾਗ ਆਦਿ ਕੋਮਲ ਹੁਨਰਾਂ ਦੀ ਪ੍ਰਾਪਤੀ) ਵਰਚ ਜਾਂ ਖਰਬ।
— ਸ਼ਬਦਾਰਥ, ਪੰਨਾ ੭੪੦

੪- ਜਿਸ ਨੋ ਤੇਰੀ ਨਦਰਿ ਨ ਲੇਖਾ ਪੁਛੀਐ।।
ਜਿਸ ਨੋ ਤੇਰੀ ਖੁਸੀ ਤਿਨਿ ਨਉ ਨਿਧਿ ਭੁੰਚੀਐ।।
— ਰਾਮਕਲੀ ਦੀ ਵਾਰ,ਮ:੫, ਆਦਿ ਗ੍ਰੰਥ, ਪੰਨਾ ੯੬੧

੫- ਪ੍ਰਭ ਮਿਲਹੁ ਪਿਆਰੇ ਮਇਆ ਧਾਰੇ ਕਰਿ ਦਇਆ ਲੜਿ ਲਾਇ ਲੀਜੀਐ।।
ਦੇਹਿ ਨਾਮੁ ਅਪਨਾ ਜਪਉ ਸੁਆਮੀ ਹਰਿ ਦਰਸ ਪੇਖੇ ਜੀਜੀਐ।।
— ਬਿਹਾਗੜਾ ਮ:੫, ਆਦਿ ਗ੍ਰੰਥ, ਪੰਨਾ ੫੪੫

੬- ਸਚੁ ਸਦਾ ਹੈ ਨਿਰਮਲਾ ਭਾਈ ਨਿਰਮਲ ਸਾਚੇ ਸੋਇ।।
ਨਦਰਿ ਕਰੇ ਜਿਸੁ ਆਪਣੀ ਭਾਈ ਤਿਸੁ ਪਰਾਪਤਿ ਹੋਇ।।
— ਸੋਰਠਿ ਮ:੫, ਆਦਿ ਗ੍ਰੰਥ, ਪੰਨਾ ੬੦੯

ਫੇਰ ਪ੍ਰਭੂ ਦੀ ਨਦਰ ਹੈ। ਇਥੇ ਉਦਮ ਦਾ ਅਰਥ ਹੈ-ਪ੍ਰਭੂ ਦਾ ਨਾਮ ਚਿਤ ਵਿਚ ਧਿਆਉਣਾ, ਜਿਸ ਨਾਲ ਸਗਲੀ ਚਿੰਤਾ ਮਿਟ ਜਾਂਦੀ ਹੈ। ਜੋ ਹੁਕਮ ਅਨੁਸਾਰ ਵੀ ਚਲਣਾ ਪੈਂਦਾ ਹੈ, ਤਦੇ ਹੀ ਬਖਸ਼ਸ਼ ਦਾ ਬੋਹਲ ਜੀਵ ਇਕੱਠਾ ਕਰ ਸਕੇਗਾ।[1] ਇਹ ਬਖਸ਼ਸ਼ ਹੀ ਸਾਡੀ ਸਾਰੀ ਸਫ਼ਲਤਾ ਦਾ ਰਹੱਸ ਹੈ।[2]

*****
***
*

---

੧- ਤੇਰੈ ਹੁਕਮੇ ਸਾਵਣੁ ਆਇਆ।।ਮੈ ਸਤ ਕਾ ਹਲੁ ਜੋਆਇਆ।।
ਨਾਉ ਬੀਜਣ ਲਗਾ ਆਸ ਕਰਿ ਹਰਿ ਬੋਹਲ ਬਖਸ ਜਮਾਇ ਜੀਉ।।
—ਸਿਰੀ ਰਾਗੁ ਮ:੫,ਆਦਿ ਗ੍ਰੰਥ, ਪੰਨਾ ੭੩

੨- ਜਾ ਤੂੰ ਤੁਸਹਿ ਮਿਹਰਵਾਨ ਅਚਿੰਤੁ ਵਸਹਿ ਮਨ ਮਾਹਿ।।
ਜਾ ਤੂੰ ਤੁਸਹਿ ਮਿਹਰਵਾਨ ਨਉ ਨਿਧਿ ਘਰ ਮਹਿ ਪਾਹਿ।।
— ਗੂਜਰੀ ਵਾਰ ਮ:੫, ਆਦਿ ਗ੍ਰੰਥ, ਪੰਨਾ ੫੧੮

## ਭਾਗ ਤੀਜਾ

### ਗੁਰੂ ਅਰਜਨ ਦੇਵ ਜੀ ਦੇ ਰਹੱਸਵਾਦ ਦੇ ਧਾਰਮਕ ਅੰਗ

੧- ਆਚਾਰ ਨੀਤੀ

੨- ਨਾਮ, ਸਤਿਗੁਰੂ ਤੇ ਸ਼ਬਦ

੩- ਸਤਿਸੰਗ, ਕੀਰਤਨ

੪- ਬ੍ਰਹਮ ਗਿਆਨੀ, ਜੀਵਨਮੁਕਤ, ਸਾਧ, ਸੰਤ, ਗੁਰਮੁਖ ਦਾ ਸੰਕਲਪ

੫- ਪ੍ਰਭੂ ਪ੍ਰਾਪਤੀ- ਜੋਗ, ਸਹਜ, ਅਨਹਦ ਅਵਸਥਾਵਾਂ ਰਾਹੀਂ

## ਕਾਂਡ-੧

## — ਆਚਾਰ ਨੀਤੀ —

'ਸੱਚ ਨੂੰ ਸਭ ਤੋਂ ਉੱਤਮ ਗਿਣਿਆ ਜਾਂਦਾ ਹੈ, ਪਰ ਆਚਰਨ ਸੱਚ ਤੋਂ ਵੀ ਉੱਤਮ ਹੈ।'[1] ਜੀਵ ਪਾਸ ਸਭ ਤੋਂ ਕੀਮਤੀ ਸ਼ੈ ਆਚਰਨ ਹੈ।

ਆਚਰਨ ਕੀ ਹੈ- ਢੰਗ ਚਾਲ ਚਲਣ, ਉਠਣ ਬੈਠਣ ਦਾ ਸਲੀਕਾ ਆਦਿ। ਜਿਸ ਪੁਰਸ਼ ਪਾਸ ਜੀਉਣ ਢੰਗ ਨਹੀਂ, ਜੋ ਕਿਸੇ ਨਾਲ ਰਲ ਕੇ ਦੋ ਪਲ ਤੁਰ ਨਹੀਂ ਸਕਦਾ, ਬੈਠ ਨਹੀਂ ਸਕਦਾ, ਕਿਸੇ ਕੰਮ ਵਿਚ ਭਾਈਵਾਲ ਬਣ ਕੇ ਨਿਭ ਨਹੀਂ ਸਕਦਾ, ਮਨ ਵਿਚ ਖੋਟ ਰਖਦਾ ਹੈ, ਪੈਰ ਪੈਰ ਤੇ ਧੋਖਾ ਕਰਨ ਦੀ ਸੋਚਦਾ ਹੈ, ਉਸ ਨੂੰ ਚੰਗੇ ਆਚਰਨ ਵਾਲਾ ਨਹੀਂ ਕਿਹਾ ਜਾ ਸਕਦਾ। ਇਸ ਦੇ ਉਲਟ ਜਿਸ ਮਨੁੱਖ ਵਿਚ ਸਾਰੇ ਚੰਗੇ ਗੁਣ ਹੋਣ, ਦੁਖ ਸੁਖ ਵਿਚ ਡੋਲੇ ਨ, ਉਹ ਉਚੇ ਆਚਰਨ ਵਾਲਾ ਹੁੰਦਾ ਹੈ। ਉਚੇ ਆਚਰਨ ਦੀ ਸਿਫਤ ਅੰਗ੍ਰੇਜ਼ੀ ਦੀ ਇਕ ਕਹਾਵਤ ਅਨੁਸਾਰ ਇਉਂ ਉਘੜਦੀ ਹੈ:-

ਜੇ ਦੌਲਤ ਗਈ ਤਾਂ ਕੁਝ ਨਹੀਂ ਗਿਆ,
ਜੇ ਸਿਹਤ ਗਈ ਤਾਂ ਕੁਝ ਕੁ ਨੁਕਸਾਨ ਹੁੰਦਾ ਹੈ,
ਪਰ ਜੇ ਆਚਰਨ ਗਿਆ ਤਾਂ ਸਮਝੋ ਸਭ ਕੁਝ ਗਿਆ।

ਭਾਈ ਗੁਰਦਾਸ ਵੀ ਆਚਾਰ ਨੂੰ ਸਭ ਤੋਂ ਸ੍ਰੇਸ਼ਟ ਮੰਨਦੇ ਹਨ।[2]

'ਖੱਬੇ ਚਲੋ' ਸਾਡੇ ਦੇਸ ਵਿਚ ਸੜਕ ਤੇ ਤੁਰਨ ਦਾ ਨਿਯਮ ਹੈ। ਜੋ ਮਨੁੱਖ ਇਸ ਨਿਯਮ ਦੀ ਉਲੰਘਣਾ ਜਾਂ ਲਾਪ੍ਰਵਾਹੀ ਕਰਦੇ ਹਨ, ਉਹ ਜਾਂ ਤਾਂ ਕੁਚਲੇ ਜਾਂਦੇ ਹਨ ਤੇ ਜਾਂ ਵੇਖਣ ਸੁਣਨ ਵਾਲਿਆਂ ਨੂੰ ਮੂਰਖ ਲਗਦੇ ਹਨ।

ਇਉਂ ਹੀ ਅਧਿਆਤਮਕ ਸੜਕ ਤੇ ਤੁਰਨ ਲਈ ਵੀ ਕੁਝ ਨਿਯਮ ਹਨ। ਜਿਨ੍ਹਾਂ ਵਿਚੋਂ ਸਭ ਤੋਂ ਪਹਿਲਾਂ ਹੈ ਅੰਦਰਲੇ ਵਿਕਾਰਾਂ ਨੂੰ ਕੱਢ ਕੇ ਸਫ਼ਾਈ ਕਰਨੀ। ਇਕ ਭਾਂਡੇ ਵਿਚ ਇਕ ਹੀ ਵਸਤੂ ਸਮਾ ਸਕਦੀ ਹੈ, ਜੇ ਦੂਜੀ ਪਾਉਣ ਦੀ ਲੋੜ ਹੋਵੇ ਤਾਂ ਪਹਿਲੀ ਕੱਢ ਕੇ ਭਾਂਡਾ ਸਾਫ ਕਰਨਾ ਪੈਂਦਾ ਹੈ। ਇਹੋ ਹਾਲ ਹੀ ਜੀਵ ਦਾ ਹੈ, ਜੀਵ ਨੂੰ ਆਚਰਨ ਸੁੱਚਾ ਬਨਾਉਣ ਲਈ ਮਨ ਦੇ ਵਿਕਾਰ ਦੂਰ ਕਰਨੇ ਪੈਂਦੇ ਹਨ।

ਪ੍ਰਾਚੀਨ ਯੂਨਾਨ ਦੇ ਵਿਚਾਰਵਾਨਾਂ ਨੇ ਸਦਾਚਾਰ ਲਈ ਚਾਰ ਤੱਤ ਜ਼ਰੂਰੀ ਦੱਸੇ, ਜੋ ਇਹ ਹਨ- ਧੀਰਜ, ਦੂਰ ਦਰਸ਼ਤਾ, ਸੰਜਮ ਤੇ ਨਿਆਂ। ਇਨ੍ਹਾਂ ਨੇ ਇਸ ਤਰ੍ਹਾਂ

---

੧- ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ।।
— ਸਿਰੀ ਰਾਗੁ ਮ:੧, ਆਦਿ ਗ੍ਰੰਥ, ਪੰਨਾ ੬੨

੨- ਵਾਰਾਂ ਭਾਈ ਗੁਰਦਾਸ, ਵਾਰ ੧੮, ਪਉੜੀ ੧੯

ਨੇਕੀ ਦੇ ਜੀਵਨ ਨੂੰ ਇਕ ਸਦਾਚਾਰਕ ਚਕੋਰ ਵਿਚ ਲੈ ਆਂਦਾ। ਈਸਾਈ ਮਜ਼ਹਬ ਨੇ ਇਸੇ ਚਕੋਰ ਵਿਚ ਹੀ ਪਰਵਰਸ਼ ਪਾਈ ਹੈ, ਪਰ ਫੇਰ ਇਸ ਚੌਗਿਰਦੇ ਨੂੰ ਸਪਤ ਕੋਣ ਵਿਚ ਬਦਲ ਲਿਆ। ਉਹ ਸੱਤ ਨੁਕਰਾਂ ਇਹ ਹਨ- ਧੀਰਜ, ਦੂਰ ਦਰਸ਼ਤਾ, ਸੰਜਮ, ਨਿਆਂ, ਸ਼ਰਧਾ, ਦਾਨ ਤੇ ਆਸ਼ਾ।

ਮਨੂ ਜੀ ਨੇ ਸਦਾਚਾਰ ਦੇ ਦਸ ਲਛਣ ਗਿਣੇ ਹਨ— ਧੀਰਜ, ਖਿਮਾ, ਦਮ (ਮਨ ਰੋਕਣਾ), ਚੋਰੀ ਨ ਕਰਨਾ, ਸ਼ੌਚ (ਪਵਿਤਰਤਾ), ਇੰਦ੍ਰੀ ਵਸ, ਬੁੱਧ, ਵਿਦਿਆ, ਸਚ, ਅਕ੍ਰੋਧ।[੧]

ਐਮਰਸਨ ਨੇ ਸਦਾਚਾਰ ਬਾਰੇ ਕਿਹਾ ਸੀ- "ਸਚ ਦੇ ਨਿਤ ਦਰਸ਼ਨ ਤੋਂ ਉਹ ਸੁਭਾਅ ਘੜਿਆ ਜਾਂਦਾ ਹੈ, ਜਿਸ ਤੋਂ ਸਦਾਚਾਰ ਉਪਜਦਾ ਹੈ।"[੨] ਹਿੰਦੁਸਤਾਨ ਦਾ ਨੁਕਤਾ ਨਿਗਾਹ ਇਹ ਹੈ ਕਿ ਹਰ ਸ਼ੈ ਜੋ ਭੈੜੀ ਹੈ, ਉਹ ਕੇਵਲ ਉਪਰੋਂ ਭੈੜੀ ਹੈ, ਉਸ ਦੇ ਅੰਦਰ ਜੋ ਸਾਰ ਵਸਤੂ ਹੈ, ਉਹ ਸੱਚੀ ਤੇ ਸੁੱਚੀ ਹੈ।[੩] ਗੁਰਮਤ ਵਿਚ ਇਸੇ ਗਲ ਤੇ ਜ਼ੋਰ ਦਿੱਤਾ ਹੈ ਕਿ ਕਿਸੇ ਬੁਰੇ ਪੁਰਸ਼ ਨਾਲ ਬੁਰਾ ਵਰਤਾਉ ਕਰਕੇ ਉਸ ਨੂੰ ਹੋਰ ਬੁਰਾ ਨਹੀਂ ਬਨਾਉਣਾ ਚਾਹੀਦਾ, ਸਗੋਂ ਬੁਰੇ ਦਾ ਭਲਾ ਕਰਨਾ ਚਾਹੀਦਾ ਹੈ।

ਜੈਨ ਧਰਮ ਦਾ ਇਹ ਖਿਆਲ ਹੈ, ਇਸਤਰੀ ਦੀ ਮੁਕਤੀ ਇਸ ਕਰਕੇ ਨਹੀਂ ਹੋ ਸਕਦੀ ਕਿ ਇਸ ਵਿਚ 'ਚਰਿਤਰ' ਨਾਮ ਦਾ ਗੁਣ ਹੁੰਦਾ ਹੀ ਨਹੀਂ। ਇਹ ਜੈਨ ਧਰਮ ਦੇ ਮੁਖ ਸਿਧਾਂਤਾਂ ਵਿਚੋਂ ਇਕ ਹੈ। ਇਸਤਰੀ ਦਾ ਸਿਰਫ ਇਤਨਾ ਲਿਹਾਜ਼ ਕੀਤਾ ਗਿਆ ਹੈ ਕਿ ਜੇਕਰ ਇਹ ਬਾਕੀ ਦੀਆਂ ਦੋ ਗੱਲਾਂ ਗਿਆਨ ਤੇ ਦਰਸ਼ਨ ਵਿਚ ਪਰਪਕਤਾ ਹਾਸਲ ਕਰ ਲਵੇ, ਤਦ ਇਸ ਨੂੰ ਅਗਲਾ ਜਨਮ ਪੁਰਸ਼ ਦਾ ਮਿਲਦਾ ਹੈ, ਜਿਸ ਵਿਚ ਮੁਕਤੀ ਦੇ ਅਧਿਕਾਰ ਲਈ ਤੀਜੀ ਗੱਲ 'ਚਰਿਤਰ' ਵਿਚ ਵੀ ਉਚਤਾ ਪ੍ਰਾਪਤ ਹੋ ਸਕਦੀ ਹੈ।[੪]

ਗੁਰਮਤ ਨੂੰ ਇਹ ਸਿਧਾਂਤ ਪਸੰਦ ਨਹੀਂ। ਇਥੇ ਨਾਰ ਪੁਰਸ਼ ਬਰਾਬਰ ਹਨ, ਸਗੋਂ ਨਾਰ ਕਈ ਗਲਾਂ ਵਿਚ ਸ੍ਰੇਸ਼ਟ[੫] ਵੀ ਹੈ। ਗੁਰੂ ਅਰਜਨ ਦੇਵ ਜੀ ਇਸ ਨੂੰ ਦਿਉਰਾਂ ਜੇਠਾਂ ਨੂੰ ਮੱਤ ਦੇਣ ਵਾਲੀ ਆਖਦੇ ਹਨ ਤੇ ਭਾਈ ਗੁਰਦਾਸ ਇਸ ਨੂੰ ਮੋਖ ਦੁਆਰ ਦੀ

---

੧- ਕਲਮ ਦੀ ਕਰਾਮਾਤ, ਡਾ. ਬਲਬੀਰ ਸਿੰਘ, ਪੰਨਾ ੧੨੩
੨- ਹਵਾਲਾ- ਗੁਰਮੱਤ ਵਿਚਾਰਧਾਰਾ, ਭਗਤ ਸਿੰਘ ਹੀਰਾ, ਪੰਨਾ ੧੩੨
੩- ਕਲਮ ਦੀ ਕਰਾਮਾਤ, ਡਾ. ਬਲਬੀਰ ਸਿੰਘ, ਪੰਨਾ ੧੪
੪- ਉਹੀ, ਪੰਨਾ ੪੪
੫- ਸਭ ਪਰਵਾਰੈ ਮਾਹਿ ਸਰੇਸਟ।।ਮਤੀ ਦੇਵੀ ਦੇਵਰ ਜੇਸਟ।।
— ਆਸਾ ਮ:੫, ਆਦਿ ਗ੍ਰੰਥ, ਪੰਨਾ ੩੭੧

ਪਦਵੀ ਵਾਲੀ ਕਹਿੰਦੇ ਹਨ।[1]

ਗੁਰੂ[2] ਨਾਨਕ ਤੇ ਬਾਕੀ ਦੇ ਸਿੱਖ ਗੁਰੂ ਸਦਾਚਾਰ ਤੇ ਸਿਆਸਤ ਦੁਹਾਂ ਵਿਚ ਵਿਲਖਣ ਸਨ।

ਵਿਹਾਰਕ ਤੌਰ ਤੇ ਆਚਾਰ ਦੇ ਅਰਥ- ਆਚਰਨ, ਵਰਤਾਉ, ਰਸਮ, ਪ੍ਰੰਪਰਾ, ਇਖਲਾਕ ਦੇ ਨਿਯਮ, ਲਏ ਜਾਂਦੇ ਹਨ।[3] ਆਚਾਰ ਨੂੰ ਪ੍ਰੋ.ਪ੍ਰੇਮ ਪ੍ਰਕਾਸ਼ ਸਿੰਘ ਨੇ ੭ ਕਿਸਮਾਂ[4] ਵਿਚ ਵੰਡਿਆ ਹੈ:-

੧- ਸੁਖਸੀ ਆਚਾਰ
੨- ਦੈਨਕ ਆਚਾਰ
੩- ਗ੍ਰਿਹਸਥ ਆਚਾਰ
੪- ਸਮਾਜਕ ਆਚਾਰ
੫- ਸਾਂਸਕ੍ਰਿਤਕ ਆਚਾਰ
੬- ਆਰਥਕ ਆਚਾਰ
੭- ਰਾਜਸੀ ਆਚਾਰ

ਪਰ ਡਾ.ਹਰਦਿਆਲ ਨੇ ਇਸ ਨੂੰ ਦੋ ਹੀ ਕਿਸਮਾਂ[5] ਵਿਚ ਸਮੋ ਦਿੱਤਾ ਹੈ- ਸੁਖਸੀ ਆਚਾਰ ਤੇ ਲੋਕਾਚਾਰ।

ਇਕੱਲਾ ਤਾਂ ਰੱਬ ਰੁਖ ਨੂੰ ਵੀ ਨ ਕਰੇ। ਇਨਸਾਨ ਇਕ ਸਮਾਜਕ ਜੀਉੜਾ ਹੈ, ਜੋ ਹਰ ਕਦਮ ਤੇ ਸਾਥ ਲੱਭਦਾ ਹੈ। ਇਸ ਦਾ ਸੁਖਸੀ ਆਚਾਰ ਵੀ ਇਸ ਦੇ ਇਕੱਲੇ ਦਾ ਨਹੀਂ, ਸਗੋਂ ਜੀਵ ਦਾ ਆਪਣਾ ਤੇ ਆਪਣੇ ਖਾਨਦਾਨ ਦਾ ਆਚਾਰ ਮਿਲਾ ਕੇ ਸੁਖਸੀ ਆਚਾਰ ਬਣਦਾ ਹੈ। ਲੋਕਾਚਾਰ ਦਾ ਘੇਰਾ ਕੁਝ ਚੌੜਾ ਹੈ, ਇਸ ਵਿਚ ਜੀਵ ਦਾ ਸਿਆਸੀ ਤੇ ਆਰਥਕ ਆਚਾਰ ਸ਼ਾਮਲ ਕੀਤਾ ਜਾ ਸਕਦਾ ਹੈ।

ਚੰਗਾ ਆਚਰਨ ਕਿਵੇਂ ਬਣਦਾ ਹੈ। ਗੁਰੂ ਅਰਜਨ ਦੇਵ ਜੀ ਦੇ ਵਿਚਾਰ ਆਪਣੇ ਵੱਡੇ ਵਡੇਰੇ ਗੁਰੂ ਸਾਹਿਬਾਨ ਦੇ ਨਾਲ ਰਲਦੇ ਹਨ। ਆਪ ਪ੍ਰਥਮ ਗੁਰੂ ਤੇ ਹੋਰ ਗੁਰੂ ਸਾਹਿਬਾਨ ਵਾਂਗ ਸਦਾਚਾਰਕ ਗੁਣਾਂ ਅਥਵਾ ਸ਼ੁਭ ਆਚਾਰ ਨੂੰ ਆਤਮਕ ਉਸਾਰੀ ਲਈ ਜ਼ਰੂਰੀ ਸਮਝਦੇ ਹਨ। ਸਰੀਰ ਰੂਪੀ ਢਾਂਚੇ ਵਿਚ ਨਾਮ ਰੂਪੀ ਅੰਮ੍ਰਿਤ ਤਦੇ ਹੀ ਨਿਵਾਸ ਕਰ ਸਕਦਾ ਹੈ, ਜਦੋਂ ਇਹਦੇ ਵਿਚੋਂ ਹਉਮੈ ਤੇ ਪਾਪਾਂ ਦੀ ਮੈਲ ਦੂਰ ਹੋ ਜਾਂਦੀ ਹੈ। ਜਤ, ਸਤ, ਭਉ, ਭਾਉ, ਦਇਆ, ਧਰਮ ਆਦਿਕ ਗੁਣ ਆ ਪ੍ਰਵੇਸ਼ ਕਰਦੇ ਹਨ।[6] ਜੀਵ ਨੂੰ ਸਾਰੇ ਜੀਵ ਆਪਣੇ

---

੧- ਲੋਕ ਵੇਦ ਗੁਣ ਗਿਆਨ ਵਿਚ,ਅਰਧ ਸਰੀਰੀ ਮੋਖ ਦੁਆਰੀ।।-ਭਾਈ ਗੁਰਦਾਸ
੨- Hints for Self Culture,Shri Hardayal,p.202.
੩- ਹਵਾਲਾ- Hindu Philosophy,Theos Bernard p,183.
੪- ਗੁਰੂ ਨਾਨਕ :-----ਆਲੋਚਨਾਤਮਕ ਅਧਿਅਨ,ਪ੍ਰੇਮ ਪ੍ਰਕਾਸ਼ ਸਿੰਘ,ਪੰਨਾ ੨੨੫(ਥੀਸਸ)
੫- ਹਵਾਲਾ-A Critical Study of Adi Granth,Dr.S.S.Kohli,p.296.
੬- ਡਾ.ਸੁਰਿੰਦਰ ਸਿੰਘ ਕੋਹਲੀ,ਪਰਖ, ੧੯੬੨, ਭਾਗ ਦੂਜਾ, ਪੰਨਾ ੨੪

ਭਰਾ ਹੀ ਦਿਸਦੇ ਹਨ, ਸਾਰੀ ਸ੍ਰਿਸ਼ਟੀ ਆਪਣੀ ਹੀ ਭਾਸਦੀ ਹੈ।[1] ਜਿਹੜਾ ਬਹਾਦਰ ਜੀਵ ਆਪਣੇ ਆਪ ਵਿਚੋਂ ਬੁਰਾਈ ਕੱਢ ਦੇਵੇ ਅਜਿਹੇ ਆਚਾਰਵਾਨ ਪਾਸ ਬੁਰਾਈ ਵਾਲਾ ਜੀਵ ਕਦੇ ਨੇੜੇ ਨਹੀਂ ਢੁਕ ਸਕਦਾ।[2]

ਆਚਾਰਵਾਨ ਭਾਵ ਗਿਆਨਵਾਨ ਜੀਵ ਦਾ ਸਾਰਾ ਆਪਾ ਹਰ ਪਾਸਿਓਂ ਰੌਸ਼ਨ ਹੋ ਜਾਂਦਾ ਹੈ।[3] ਜੀਵ ਅਜਿਹੇ ਕੰਮ ਕਰੇ, ਜਿਨ੍ਹਾਂ ਨਾਲ ਉਸ ਦੀ ਸ਼ੋਭਾ ਵਧੇ। ਅਜਿਹਾ ਸ਼ੁਭ ਕੰਮ ਕੋਈ ਮੂਰਤੀ ਪੂਜਣ ਦਾ ਨਹੀਂ ਤੇ ਨ ਹੀ ਕਿਸੇ ਰੱਬ ਦੀ ਅੰਨ੍ਹੀ ਭਗਤੀ ਕਰਨਾ ਹੈ, ਸਗੋਂ ਗੁਰਮੁਖਾਂ ਦੀ ਸੇਵਾ ਕਰਨੀ- ਚਰਨ ਧੋਣੇ, ਪਖਾ ਫੇਰਨ ਦੀ ਸੇਵਾ- ਹੈ।[4]

ਚੰਗੇ ਆਚਰਨ ਦੀ ਨੀਂਹ ਦਇਆ ਹੈ। ਦਇਆ ਚਾਰ ਪ੍ਰਕਾਰ ਦੀ ਹੁੰਦੀ ਹੈ:-

੧- ਆਪਣੇ ਨਾਲ ਭਲਾਈ ਦੀ ਆਸ ਰਖ ਕੇ ਕਿਸੇ ਦੀ ਭਲਾਈ ਕਰਨੀ।

੨- ਦੂਸਰੇ ਦੀ ਤਰੱਕੀ ਹੁੰਦੀ ਵੇਖ ਕੇ ਖ਼ੁਸ਼ ਹੋਣਾ।

੩- ਦੁਖੀਆਂ ਲਈ ਦਿਲ ਵਿਚ ਹਮਦਰਦੀ ਹੋਣੀ।

੪- ਪਾਪ ਕਰਨ ਵਾਲਿਆਂ ਵਲ ਤਰਸ ਭਰੀ ਨਿਗਾਹ ਹੋਣੀ।

ਸੁੱਚੇ ਆਚਰਨ ਲਈ ਆਦਰਸ਼ ਹੈ ਕਿ ਜੀਵ ਮੂੰਹੋਂ ਮੰਦਾ ਬੋਲ ਨ ਬੋਲੇ। ਮਨ ਵਿਚ ਪ੍ਰਭੂ ਦੇ ਦਰਸ਼ਨਾਂ ਦੀ ਤਾਂਘ ਹੋਵੇ। ਪਰਾਈ ਇਸਤਰੀ ਨੂੰ ਬੁਰੀ ਨਜ਼ਰ ਨਾਲ ਨ ਵੇਖੇ। ਕੰਨਾਂ ਨਾਲ ਕਿਸੇ ਦੀ ਨਿੰਦਾ ਨ ਸੁਣੇ। ਕਿਸੇ ਵਿਚ ਬੁਰਾਈਆਂ ਕਢਣ ਦੀ ਥਾਂ ਆਪਣੀਆਂ ਬੁਰਾਈਆਂ ਵਲ ਝਾਕੇ। ਗੁਰੂ ਦੀ ਕਿਰਪਾ ਨਾਲ ਬੁਰਾਈਆਂ ਨੂੰ ਦੂਰ ਕਰੇ। ਮਨ ਦੀਆਂ ਵਾਸ਼ਨਾਵਾਂ ਮਨ ਵਿਚੋਂ ਕੱਢੇ। ਆਪਣੀਆਂ ਇੰਦਰੀਆਂ ਤੇ ਕਾਬੂ ਰਖੇ, ਇਉਂ ਉਹ ਕਾਮ, ਕ੍ਰੋਧ, ਲੋਭ, ਮੋਹ ਤੇ ਹੰਕਾਰ ਤੋਂ ਛੁਟਕਾਰਾ ਪਾ ਲਵੇ। ਕ੍ਰੋੜਾਂ ਵਿਚੋਂ ਵਿਰਲਾ ਕੋਈ ਇਕ ਅਜਿਹਾ ਅਪਰਸ[5] ਨਿਕਲਦਾ ਹੈ।[6]

---

੧- ਮਨ ਅਪੁਨੇ ਤੇ ਬੁਰਾ ਮਿਟਾਨਾ।।ਪੇਖੈ ਸਗਲ ਸ੍ਰਿਸਟਿ ਸਾਜਨਾ।।
— ਸੁਖਮਨੀ, ਆਦਿ ਗ੍ਰੰਥ, ਪੰਨਾ ੨੬੬

੨- ਬੀਰਾ ਆਪਨ ਬੁਰਾ ਮਿਟਾਵੈ।।ਤਾਹੂ ਬੁਰਾ ਨਿਕਟਿ ਨਹੀਂ ਆਵੈ।।
—ਗਉੜੀ ਬਾਵਨ ਅਖਰੀ, ਆਦਿ ਗ੍ਰੰਥ, ਪੰਨਾ ੨੫੮

੩- ਗਿਆਨ ਅੰਜਨੁ ਅਗਿਆਨ ਬਿਨਾਸੁ।।— ਸਾਰੰਗ ਮ:੫,ਆਦਿ ਗ੍ਰੰਥ,ਪੰਨਾ ੧੨੩੫

੪- ਮੈ ਬਧੀ ਸਚੁ ਧਰਮਸਾਲ ਹੈ।।ਗੁਰਸਿਖਾ ਲਹਦਾ ਭਾਲਿ ਕੈ।।
ਪੈਰ ਧੋਵਾ ਪਖਾ ਫੇਰਦਾ ਤਿਸੁ ਨਿਵਿ ਨਿਵਿ ਲਗਾ ਪਾਇ ਜੀਉ।।
— ਸਿਰੀ ਰਾਗੁ ਮ:੫,ਆਦਿ ਗ੍ਰੰਥ, ਪੰਨਾ ੭੩

੫- ਵਿਕਾਰਾਂ ਵਿਚੋਂ ਬਚ ਨਿਕਲਣ ਵਾਲਾ ਜੀਵ।

੬- ਮਿਥਿਆ ਨਾਹੀ ਰਸਨਾ ਪਰਸ।।
--- --- ---
ਨਾਨਕ ਕੋਟਿ ਮਧੇ ਕੋ ਐਸਾ ਅਪਰਸ।।
—ਸੁਖਮਨੀ ਅਸਟਪਦੀ ੯, ਪਉੜੀ ੧,ਆਦਿ ਗ੍ਰੰਥ, ਪੰਨਾ ੨੭੪

ਗੁਰੂ ਸਾਹਿਬ ਸੁੱਚੇ ਆਚਰਨ ਦੇ ਨਮੂਨੇ ਇਕੋ ਝਾਕੀ ਵਿਚ ਦਸਦੇ ਹਨ। ਉਦਾਹਰਣਾ ਅਪਰਸ, ਬੈਸਨੋ, ਭਗਉਤੀ ਤੇ ਪੰਡਤ ਦੀਆਂ ਹਨ। ਇਨ੍ਹਾਂ ਦੀਆਂ ਇਕ ਇਕ ਕਰਕੇ ਉਣਤਾਈਆਂ ਅਜਿਹੇ ਢੰਗ ਨਾਲ ਦਸੀਆਂ ਹਨ ਕਿ ਕਿਸੇ ਦੀ ਘਾਟ ਤੇ ਚੋਟ ਨਹੀਂ ਕੀਤੀ ਸਗੋਂ ਆਦਰਸ਼ ਦੀ ਸਿਫ਼ਤ ਦੱਸੀ ਹੈ। ਜਿਸ ਨਾਲ ਜੀਵ ਸਮਝ ਵੀ ਜਾਵੇ ਤੇ ਸ਼ਰਮਿੰਦਾ ਵੀ ਨ ਹੋਵੇ। ਗਿਆਨਵਾਨ ਤੇ ਵਿਦਵਾਨ ਗੁਰੂ ਜੀ ਦੇ ਬਿਆਨਣ ਢੰਗ ਵਿਚ ਇਹ ਵੱਡੀ ਸਿਫ਼ਤ ਹੈ ਕਿ ਕਿਸੇ ਨੂੰ ਮੂੰਹ ਉਪਰ ਗੱਲ ਵੀ ਕਹਿ ਦੇਣੀ ਪਰ ਸ਼ਰਮਿੰਦਾ ਵੀ ਨ ਹੋਣ ਦੇਣਾ। ਜਿਵੇਂ ਉਪਰ 'ਅਪਰਸ' ਦਾ ਜ਼ਿਕਰ ਆਇਆ ਹੈ, ਇਵੇਂ ਬੈਸਨੋ, ਭਗਉਤੀ ਤੇ ਪੰਡਤ ਬਾਰੇ ਕਰਮਵਾਰ ਦਸਿਆ ਹੈ ਕਿ ਅਸਲੀ ਬੈਸਨੋ ਉਹ ਨਹੀਂ ਜੋ ਗਾਂ, ਬਕਰੀ ਨੂੰ ਤਾਂ ਛੱਡ ਦਏ, ਤਰਸ ਕਰੇ, ਪਰ ਮਨੁੱਖਾਂ ਨੂੰ ਬੇਦਰਦੀ ਨਾਲ ਕੋਂਹਦਾ ਰਹੇ। ਸਾਰਿਆਂ ਉਪਰ ਕਿਰਪਾਲੂ ਦਇਆਲੂ ਹੋਣ ਵਾਲੇ ਨੂੰ ਹੀ ਬੈਸਨੋ ਕਿਹਾ ਜਾ ਸਕਦਾ ਹੈ। ਭਗਉਤੀ ਉਹ ਹੈ, ਜਿਸ ਤੇ ਭਗਵੰਤ (ਪਰਮਾਤਮਾ) ਦੀ ਭਗਤੀ ਦਾ ਰੰਗ ਚੜ੍ਹਿਆ ਹੋਵੇ। ਸੁੱਚਾ ਪੰਡਤ ਉਹ ਹੈ ਜੋ ਨਾਮ ਰਸ ਤੋਂ ਸਖਣਾ ਨਹੀਂ, ਬਲਕਿ ਮਨੁੱਖ ਮਾਤਰ ਨੂੰ ਸਿਖਿਆ ਦੇਣ ਲਈ ਉਸ ਦੇ ਪੱਲੇ ਕੁਝ ਹੋਵੇ, ਨਿਰਾ ਜ਼ਾਤ ਦੀ ਪੰਡਤਾਈ ਦੀ ਕੋਈ ਕੀਮਤ ਨਹੀਂ,ਜੇ ਗਿਆਨ ਪਲੇ ਨਾ ਹੋਵੇ।[੧]

ਆਪਣੇ ਆਪ ਨੂੰ ਨੀਵਾਂ ਸਮਝਣਾ, ਚੰਗੇ ਆਚਰਨ ਦੀ ਸਿਫ਼ਤ ਹੈ।[੨] ਪਰ ਆਪਣੀਆਂ ਸਿਫ਼ਤਾਂ ਆਪ ਕਰੀ ਜਾਣਾ ਮਾੜੀ ਗੱਲ ਹੈ, ਹੰਕਾਰ ਦੀ ਨਿਸ਼ਾਨੀ ਹੈ।[੩]

ਜੀਵ ਇਸਤਰੀ ਦਾ ਆਚਰਨ ਕਿਹੋ ਜਿਹਾ ਹੋਵੇ- ਜੀਵ ਇਸਤਰੀ ਸੰਤਾਂ ਦੀ ਬਨਣਾ ਸਿਖੇ। ਆਪਣੇ ਭਰਤੇ ਨੂੰ ਸਭ ਤੋਂ ਉਤਮ ਜਾਣੇ, ਹਰ ਵੇਲੇ ਹਾਜ਼ਰ ਨਾਜ਼ਰ ਸਮਝੇ। ਆਪਣਾ ਮਨ ਹਰੀ ਨਾਮ ਦੇ ਮਜੀਠ ਰੰਗ ਨਾਲ ਰੰਗ ਲਵੇ (ਮਜੀਠ ਰੰਗ ਪੱਕਾ ਹੁੰਦਾ ਹੈ)। ਆਪਣੀ ਸਿਆਣਪ ਦਾ ਮਾਣ ਨ ਕਰੇ। ਜੋ ਭਰਤਾ (ਪਰਮਾਤਮਾ) ਦਾ ਹੁਕਮ ਹੋਵੇ, ਉਹੀ ਮੰਨਣਾ ਉਹਦਾ ਸ਼ਿੰਗਾਰ ਹੋਵੇ। ਉਸ ਇਕ ਤੋਂ ਇਲਾਵਾ ਕੋਈ ਦੂਜਾ ਮਨ ਵਿਚ ਨ ਵੱਸੇ। ਗੁਰਸ਼ਬਦ ਪਥ ਪਰਦਰਸ਼ਕ ਬਣੇ, ਹਥ ਜੋੜ ਪ੍ਰਭੂ ਅਗੇ ਅਰਦਾਸਾਂ ਕਰੇ, ਇਹ ਹੀ ਨਾਰ ਦਾ ਸੁੱਜ ਹੈ, ਅਜਿਹੀ ਨਾਰ ਅਸਲੀ ਸੁਹਾਗਣ ਹੈ, ਜੋ ਆਪਣੇ ਭਰਤੇ ਕਰਤਾਰ ਨੂੰ ਚੰਗੀ

---

੧- ਸੁਖਮਨੀ ਅਸਟਪਦੀ ੯, ਪਉੜੀ ੨-੪,ਆਦਿ ਗ੍ਰੰਥ, ਪੰਨਾ ੨੭੪

੨- ਆਪਸ ਕਉ ਜੋ ਜਾਣੈ ਨੀਚਾ।। ਸੋਉ ਗਨੀਐ ਸਭ ਤੇ ਉਚਾ।।
—ਸੁਖਮਨੀ, ਆਦਿ ਗ੍ਰੰਥ, ਪੰਨਾ ੨੬੬

੩- ਆਪਸ ਕਉ ਜੋ ਭਲਾ ਕਹਾਵੈ।। ਤਿਸਹਿ ਭਲਾਈ ਨਿਕਟਿ ਨ ਆਵੈ।।
— ਸੁਖਮਨੀ, ਆਦਿ ਗ੍ਰੰਥ, ਪੰਨਾ ੨੭੮

ਲਗਦੀ ਹੈ।[੧]

ਜਿਸ ਜੀਵ ਨੇ ਆਪਣੇ ਅੰਦਰੋਂ ਕਾਮ, ਕ੍ਰੋਧ, ਲੋਭ, ਮੋਹ ਆਦਿ ਵਿਕਾਰ ਕੱਢ ਦਿੱਤੇ ਹੋਣ ਤੇ ਸਤ, ਸੰਤੋਖ, ਦਇਆ, ਧਰਮ, ਸੱਚ ਆਦਿ ਗੁਣ ਆਪਣੇ ਅੰਦਰ ਧਾਰੇ ਹੋਣ, ਉਹ ਵੱਡਾ ਆਚਾਰਵਾਨ ਹੈ। ਉਸ ਦਾ ਆਵਾਗਵਣ ਵੀ ਕਟਿਆ ਜਾਂਦਾ ਹੈ।[੨] ਵਿਕਾਰ ਅੰਦਰੋਂ ਕੱਢ ਕੇ ਹਰੀ ਨਾਲ ਮਨ ਮੇਲ ਦੇ ਹੀ ਸੁੱਚੇ ਬਣ ਸਕੀਦਾ ਹੈ। ਜੇ ਹਰੀ ਵਿਸਰ ਗਿਆ ਤਾਂ ਆਤਮਕ ਤੌਰ ਤੇ ਮ੍ਰਿਤ ਹੈ। ਨਾਮ ਸਿਮਰਨ ਜ਼ਿੰਦਗੀ ਹੈ।[੩]

ਗੁਰਸਿਖ ਲਈ ਇਹ ਆਦਰਸ਼ ਉਲੀਕ ਦਿੱਤਾ ਗਿਆ ਹੈ ਕਿ ਮਨ ਵਿਚ ਪ੍ਰਕਾਸ਼ ਵਾਹਿਗੁਰੂ ਦੇ ਨਾਮ ਦਾ ਕਰੋ, ਉਸੇ ਦਾ ਨਾਮ ਚੰਗਾ ਹੈ। ਜੇ ਤਿਆਗ ਦੀ ਮਰਜ਼ੀ ਹੈ ਤਾਂ ਵਿਕਾਰਾਂ ਨੂੰ ਤਿਆਗੋ ਜੋ ਜੀਵ ਦੀ ਆਤਮਾ ਨੂੰ ਕੁਰਾਹੇ ਲਿਜਾਂਦੇ ਹਨ। ਜੇ ਪ੍ਰਭੂ ਤੋਂ ਮੰਗਣਾ ਹੈ ਤਾਂ ਪ੍ਰਭੂ ਦਾ ਨਾਮ ਤੇ ਉਸ ਦਾ ਜਸ ਕਰ ਸਕਣ ਦੀ ਸ਼ਕਤੀ ਮੰਗੋ।[੪]

ਸਦਾਚਾਰ ਨੂੰ ਉਚਿਆਉਣ ਲਈ ਮਿਤਰਤਾ ਦੀ ਸਿਫ਼ਤ ਜੀਵ ਲਈ ਬਹੁਤ ਜ਼ਰੂਰੀ ਹੈ।[੫] ਕਿਸੇ ਨਾਲ ਕੌੜਾ ਨ ਬੋਲਣਾ, ਹਰ ਸਮੇਂ ਮਿੱਠਾ ਬੋਲਣਾ, ਉਚੇ ਆਚਾਰ ਦੀ ਸਿਫ਼ਤ ਹੈ।[੬] ਹੰਕਾਰ ਕਰਨਾ ਚੰਗਾ ਨਹੀਂ, ਕਿਉਂਕਿ ਹੰਕਾਰੀ ਜੀਵ ਅੰਤ ਨੂੰ ਖ਼ਾਕ ਵਿਚ ਰੁਲ ਜਾਂਦਾ ਹੈ। ਸੁਚੇ ਆਚਰਨ ਵਾਲਾ ਨਿਆਂ ਪਸੰਦ ਹੁੰਦਾ ਹੈ।[੭] ਉਹ ਕਿਸੇ ਦਾ ਦਿਲ ਦੁਖਾ ਕੇ ਰਾਜ਼ੀ ਨਹੀਂ ਹੁੰਦਾ। ਉਹ ਸੰਗਤ ਵੀ ਅਜਿਹੇ ਜੀਵਾਂ ਦੀ ਕਰਦਾ ਹੈ, ਜਿਨ੍ਹਾਂ

---

੧- ਸੰਤਾ ਕੀ ਹੋਇ ਦਾਸਰੀ ਏਹੁ ਅਚਾਰਾ ਸਿਖੁ ਰੀ।। ਤੇ
ਸਾਈ ਸੋਹਾਗਣਿ ਨਾਨਕਾ ਜੋ ਭਾਣੀ ਕਰਤਾਰਿ ਰੀ।।
—ਆਸਾ ਮ:੫, ਆਦਿ ਗ੍ਰੰਥ, ਪੰਨਾ ੪੦੦

੨- ਕਾਮ ਕ੍ਰੋਧ ਮਾਇਆ ਮਦ ਮਤਸਰ ਏ ਖੇਲਤ ਸਭਿ ਜੂਐ ਹਾਰੇ।।
ਸਤੁ ਸੰਤੋਖੁ ਦਇਆ ਧਰਮੁ ਸਚੁ ਇਹ ਅਪੁਨੈ ਗ੍ਰਿਹ ਭੀਤਰਿ ਵਾਰੇ।।
— ਆਸਾ ਮ:੫, ਆਦਿ ਗ੍ਰੰਥ, ਪੰਨਾ ੩੭੯

੩- ਮਰਣੰ ਬਿਸਰਣੰ ਗੋਬਿੰਦਹ।।ਜੀਵਣੰ ਹਰਿ ਨਾਮ ਧ੍ਯਾਵਣਹ।।
—ਗਾਥਾ ਮ:੫, ਆਦਿ ਗ੍ਰੰਥ, ਪੰਨਾ ੧੩੬੧

੪- ਚਾਦਨਾ ਚਾਦਨੁ ਆਂਗਨਿ ਪ੍ਰਭ ਜੀਉ ਅੰਤਰਿ ਚਾਦਨਾ।।
ਆਰਾਧਨਾ ਅਰਾਧਨੁ ਨੀਕਾ ਹਰਿ ਹਰਿ ਨਾਮੁ ਅਰਾਧਨਾ।।
ਤਿਆਗਨਾ ਤਿਆਗਨੁ ਨੀਕਾ ਕਾਮੁ ਕ੍ਰੋਧੁ ਲੋਭੁ ਤਿਆਗਨਾ।।
ਮਾਗਨਾ ਮਾਗਨੁ ਨੀਕਾ ਹਰਿ ਜਸੁ ਗੁਰ ਤੇ ਮਾਗਨਾ।।
— ਮਾਰੂ ਮ:੫, ਆਦਿ ਗ੍ਰੰਥ, ਪੰਨਾ ੧੦੧੮

੫-ੳ-ਨਾ ਕੋ ਮੇਰਾ ਦੁਸਮਨੁ ਰਹਿਆ ਨਾ ਹਮ ਕਿਸ ਕੇ ਬੈਰਾਈ।।
—ਧਨਾਸਰੀ ਮ:੫, ਆਦਿ ਗ੍ਰੰਥ, ਪੰਨਾ ੬੭੧
ਅ-ਸਭੁ ਕੋ ਮੀਤੁ ਹਮ ਆਪਨ ਕੀਨਾ ਹਮ ਸਭਨਾ ਕੇ ਸਾਜਨ।।
—ਧਨਾਸਰੀ ਮ:੫, ਆਦਿ ਗ੍ਰੰਥ, ਪੰਨਾ ੬੭੧

੬- ਕੋਮਲ ਬਾਣੀ ਸਭ ਕਉ ਸੰਤੋਖੈ।।—ਗਉੜੀ ਮ:੫, ਆਦਿ ਗ੍ਰੰਥ, ਪੰਨਾ ੨੯੯

੭- ਸਚੁ ਕਹੈ ਨਾਨਕੁ ਸੁਣਹੁ ਸੰਤਹੁ ਹਰਿ ਵਰਤੈ ਧਰਮ ਨਿਆਏ।।
— ਬਿਹਾਗੜਾ ਮ:੫, ਆਦਿ ਗ੍ਰੰਥ, ਪੰਨਾ ੫੪੨

ਨਾਲ ਲੱਗਿਆਂ ਵਿਕਾਰ ਨ ਰਹਿਣ।[1] ਜਿਨ੍ਹਾਂ ਨੂੰ ਅਜਿਹੇ ਸੱਚ ਦਾ ਰੰਗ ਨ ਚੜ੍ਹਿਆ ਹੋਵੇ ਉਨ੍ਹਾਂ ਦਾ ਜੀਉਣਾ ਧ੍ਰਿਗ ਹੈ।[2] ਪਰ ਅਜਿਹੇ ਸਦਾਚਾਰੀ ਜੀਵ ਸੰਸਾਰ ਤੇ ਵਿਰਲੇ ਹੀ ਹੁੰਦੇ ਹਨ।

ਮਨ ਦੀ ਮੈਲ ਤਾਂ ਕਾਮ, ਕ੍ਰੋਧ ਆਦਿ ਛਡਣ ਨਾਲ ਉਤਰ ਜਾਂਦੀ ਹੈ ਪਰ ਤਨ ਦੀ ਸੁਚਮ ਵੀ ਜ਼ਰੂਰੀ ਹੈ।[3] ਇਸ਼ਨਾਨ ਉਪ੍ਰੰਤ ਜੋ ਜੀਵ ਸਿਮਰਨ ਕਰਦੇ ਹਨ, ਉਨ੍ਹਾਂ ਦਾ ਤਨ ਤੇ ਮਨ ਅਰੋਗ ਹੋ ਜਾਂਦਾ ਹੈ।[4]

ਚੰਗੇ ਆਚਾਰ ਵਾਲਾ ਜੀਵ ਦੂਈ ਦਵੈਤ ਗਵਾ ਕੇ ਉਚ ਮਾਨਸਕ ਅਵਸਥਾ ਵਿਚ ਵਿਚਰਦਾ ਹੈ ਤੇ ਸਾਧ ਸੰਗਤ ਵਿਚ ਜਾ ਕੇ ਸਭ ਨਿਆਮਤਾਂ ਹਾਸਲ ਕਰਦਾ ਹੈ। ਆਪਣੇ ਆਪ ਨੂੰ ਨਿਮਰ ਅਵਸਥਾ ਵਿਚ ਰਖਦਾ ਹੈ ਤੇ ਬਾਕੀ ਸਭ ਨੂੰ ਆਪਣੇ ਆਪ ਤੋਂ ਉਚੇ ਸਮਝਦਾ ਹੈ, ਤਦੇ ਹੀ ਦਰਗਾਹ ਵਿਚ ਮਾਣ ਪਾਉਂਦਾ ਹੈ।[5]

ਤਨ ਮਨ ਦੀ ਸੁਚ, ਸੇਵਾ ਤੇ ਪਰਉਪਕਾਰ ਦੀ ਭਾਵਨਾ ਸਦਾਚਾਰ ਦੀ ਬੁਨਿਆਦੀ ਸਿਫ਼ਤ ਹੈ। ਸਮਾਜ ਵਿਚ ਰਹਿਣ ਲਈ, ਜੀਵ ਨੇ ਭਾਈਚਾਰੇ ਨਾਲ ਕਦਮ ਮੇਲ ਕੇ ਚਲਣਾ ਹੈ। ਭਾਈਚਾਰੇ ਦੇ ਤੇ ਉਸ ਦੇ ਆਪਣੇ ਕਰਮ ਇਕ ਦੂਜੇ ਉਪਰ ਪ੍ਰਤੀ ਕਰਮ ਕਰਦੇ ਰਹਿੰਦੇ ਹਨ। ਇਸੇ ਕਰਕੇ ਸਦਾਚਾਰ ਨੂੰ ਭਾਈਚਾਰਕ ਅਸੂਲ ਵੀ ਕਿਹਾ ਜਾ ਸਕਦਾ ਹੈ। ਇਨ੍ਹਾਂ ਭਾਈਚਾਰਕ ਅਸੂਲਾਂ ਦੇ ਆਧਾਰ ਤੇ ਜੀਵ ਦੀ ਆਪਣੇ ਸਮਾਜ ਵਿਚ ਕਦਰ ਪੈਂਦੀ ਹੈ। ਸਮਾਜਕ ਸਦਾਚਾਰ ਤੋਂ ਭਾਵ ਵਿਅਕਤੀ ਦੇ ਉਨ੍ਹਾਂ ਕਰਤਵਾਂ ਦਾ ਅਧਿਅਨ ਹੈ, ਜਿਨ੍ਹਾਂ ਨੂੰ ਉਹ ਖ਼ਾਸ ਇਖ਼ਲਾਕੀ ਅਸੂਲਾਂ ਦੇ ਅਨੁਸਾਰ ਖ਼ਾਸ ਸਮਾਜਕ ਹਾਲਤ ਵਿਚ ਅਪਨਾਉਂਦਾ ਹੈ।[6] ਭਾਈਚਾਰਕ ਗੁਣਾਂ ਦੀ ਵਿਆਖਿਆ ਕਰ ਸਕਣੀ ਤਾਂ ਅਸੰਭਵ ਹੈ, ਫਿਰ ਵੀ ਸਭਿਆਚਾਰ ਆਮ ਕਰਕੇ ਉਨ੍ਹਾਂ ਗੁਣਾਂ ਦਾ ਸੰਗ੍ਰਹਿ ਸਮਝਿਆ ਜਾਂਦਾ ਹੈ ਜੋ ਸ਼ਖਸੀਅਤ ਨੂੰ ਸੁੱਚੀ ਤੇ ਸੰਪੂਰਨ ਬਨਾਉਂਦੇ ਹਨ।[7]

---

੧- ਜਿਨਾ ਦਿਸੰਦੜਿਆ ਦੁਰਮਤਿ ਵੰਞੈ ਮਿਤ੍ਰ ਅਸਾਡੜੇ ਸੇਈ।।
—ਵਾਰ ਗੂਜਰੀ ਮ:੫,ਆਦਿ ਗ੍ਰੰਥ, ਪੰਨਾ ੫੨੦

੨- ਨਾਨਕ ਧ੍ਰਿਗੁ ਤਿਨਾ ਦਾ ਜੀਵਿਆ ਜਿਨ ਸਚਿ ਨ ਲਗੋ ਰੰਗੁ।।
— ਵਾਰ ਗੂਜਰੀ ਮ:੫,ਆਦਿ ਗ੍ਰੰਥ, ਪੰਨਾ ੫੨੩

੩- ਕਾਮ ਕ੍ਰੋਧ ਲੋਭ ਮੋਹ ਤਜਾਰੀ।।ਦ੍ਰਿੜੁ ਨਾਮ ਦਾਨੁ ਇਸਨਾਨੁ ਸੁਚਾਰੀ।।
—ਸੂਹੀ ਮ:੫,ਆਦਿ ਗ੍ਰੰਥ, ਪੰਨਾ ੭੪੦

੪- ਕਰਿ ਇਸਨਾਨੁ ਸਿਮਰਿ ਪ੍ਰਭੁ ਅਪਨਾ ਮਨ ਤਨ ਭਏ ਅਰੋਗਾ।।
—ਸੋਰਠਿ ਮ:੫,ਆਦਿ ਗ੍ਰੰਥ,ਪੰਨਾ ੬੧੧

੫- ਪਵਹੁ ਚਰਣਾ ਤਲਿ ਊਪਰਿ ਆਵਹੁ ਐਸੀ ਸੇਵ ਕਮਾਵਹੁ।।
ਆਪਸ ਤੇ ਊਪਰਿ ਸਭ ਜਾਣਹੁ ਤਉ ਦਰਗਹ ਸੁਖੁ ਪਾਵਹੁ।।
—ਰਾਮਕਲੀ ਮ:੫,ਆਦਿ ਗ੍ਰੰਥ, ਪੰਨਾ ੮੮੩

੬- Ethics of the Sikhs, Avtar Singh, p.146.

੭- ਹਿੰਦੀ ਸਾਹਿਤਯ ਕੋਸ਼, ਪੰਨਾ ੮੦੧

ਭਾਈਚਾਰੇ ਵਿਚ ਹਰ ਇਕ ਨੂੰ ਭਰਾ ਭਾਈ ਸਮਝਣ ਲਈ ਜ਼ਰੂਰੀ ਹੈ ਿ ਹਰ ਜੀਵ ਪਾਸ ਪੂੰਜੀ ਇਕੋ ਜਿੰਨੀ ਹੋਵੇ। ਜਿਹੜੇ ਲਾਲਚ ਕਰਕੇ ਆਪਣੇ ਖ਼ਜ਼ਾਨੇ ਭਰਦੇ ਜਾਂਦੇ ਹਨ, ਉਹ ਧਨਵਾਨ ਤਾਂ ਬਣ ਸਕਦੇ ਹਨ, ਪਰ ਸਦਾਚਾਰੀ ਨਹੀਂ। ਇਹ ਧਨ ਨਾਲ ਨਹੀਂ ਨਿਭਦਾ।[੧] ਧਨੀ ਉਹੀ ਹਨ, ਜਿਨ੍ਹਾਂ ਪਾਸ ਨਾਮ ਧਨ ਹੈ।[੨]

*****
***
*

---

੧- ਸੰਗਿ ਨ ਚਾਲਸਿ ਤੇਰੈ ਧਨਾ।।—ਸੁਖਮਨੀ, ਆਦਿ ਗ੍ਰੰਥ, ਪੰਨਾ ੨੮੮

੨- ਸੇ ਧਨਵੰਤ ਜਿਨ ਹਰਿ ਪ੍ਰਭੁ ਰਾਸਿ।।
—ਬਸੰਤ ਮ:੫, ਆਦਿ ਗ੍ਰੰਥ, ਪੰਨਾ ੧੧੮੪

## ਕਾਂਡ-੨

## - ਨਾਮ, ਸਤਿਗੁਰੂ ਤੇ ਸ਼ਬਦ -

### ੳ- ਨਾਮ

ਗੁਰਬਾਣੀ ਵਿਚ 'ਨਾਮ' (ਸ਼ਬਦ) ਕਰਤਾਰ ਤੇ ਉਸ ਦੇ ਹੁਕਮ ਦਾ ਬੋਧਕ ਹੈ। ਬਾਈਬਲ ਵਿਚ ਇਸੇ ਨੂੰ 'ਸ਼ਬਦ'[1] ਲਿਖਿਆ ਹੈ।[2] ਸਿੱਖੀ ਵਿਚ ਨਾਮ ਜਪਣ ਤੋਂ ਭਾਵ ਹੈ ਰੱਬ ਦੀ ਹਾਜ਼ਰੀ ਦੀ ਮਸ਼ਕ ਕਰਨੀ, ਰੱਬ ਦਾ ਸਰੂਪ ਜੋ ਗੁਰੂ ਸਾਹਿਬਾਨ ਦੇ ਸ਼ਬਦ ਦੁਆਰਾ ਅਨੁਭਵ ਹੁੰਦਾ ਹੈ, ਉਸ ਵਿਚ ਧਿਆਨ ਜੋੜਨਾ, ਮੁੜ ਮੁੜ ਧਿਆਨ ਜੋੜਨਾ।[3] ਸਿਮਰਨ ਦਾ ਅਰਥ ਵੀ ਯਾਦ ਕਰਨਾ, 'ਸਮਰਣ' ਇਸ ਦਾ ਸੰਸਕ੍ਰਿਤ ਰੂਪ ਹੈ, ਭਾਵ ਭਜਨ ਕਰਨਾ, ਜਪਣਾ, ਧਿਆਉਣਾ ਆਦਿ। 'ਸਿਮਰਣ' ਤੇ 'ਨਾਮ', ਦੋ ਚਾਨਣ ਦੇ ਦੇਵਤੇ ਹਨ ਜੋ ਜੀਵ ਮੁਸਾਫ਼ਰ ਦੇ ਹਨੇਰਿਆਂ ਰਾਹਾਂ ਨੂੰ ਰੁਸ਼ਨਾਉਂਦੇ ਹਨ। ਇਹ ਅਜਿਹੇ ਹਥਿਆਰ ਹਨ, ਜੋ ਆਤਮਾ ਨੂੰ ਮੌਤ ਮਗਰੋਂ ਜਿੱਤ ਦਿਵਾਉਂਦੇ ਹਨ।[4] ਨਾਮ-ਸਤਿਗੁਰੂ ਤੇ ਗੁਰਬਾਣੀ ਦੁਆਰਾ ਪ੍ਰਾਪਤ ਹੋਇਆ ਉਹ ਆਤਮਕ ਤੱਤ ਹੈ, ਜੋ ਸਾਨੂੰ ਵਾਹਿਗੁਰੂ ਦਾ ਅਹਿਸਾਸ ਕਰਾਉਂਦਾ ਹੈ, ਉਸ ਨਾਲ ਜੋੜਦਾ ਹੈ, ਉਸ ਵਿਚ ਲੀਨ ਕਰ ਦੇਂਦਾ ਹੈ। ਅਜਿਹਾ ਨਾਮ ਪ੍ਰਾਪਤ ਸ੍ਰੀ ਵਾਹਿਗੁਰੂ ਦੀ ਮਿਹਰ ਨਾਲ ਹੁੰਦਾ ਹੈ। ਵਾਹਿਗੁਰੂ ਦੇ ਸਰਗੁਣ ਰੂਪ ਨੂੰ ਨਾਮ ਕਹਿੰਦੇ ਹਨ।[5] ਮਹਾਂਪੁਰਸ਼ਾਂ ਦੀ ਸੰਗਤ ਕਰਕੇ, ਗੁਰਬਾਣੀ ਪੜ੍ਹ ਕੇ ਜਾਂ ਕੀਰਤਨ ਸੁਣ ਕੇ ਮਨ ਨਾਮ ਸਿਮਰਨ ਵਲ ਲਗਦਾ ਹੈ। ਤਜਰਬੇ ਤੋਂ ਇਹ ਮਲੂਮ ਹੁੰਦਾ ਹੈ ਕਿ ਕਈ ਵਾਰ ਸਾਧਨ ਕਰਦਿਆਂ ਸਿਮਰਨ ਵਲ ਨਹੀਂ ਲਗਦਾ, ਕਈ ਵੇਰ ਅਚਾਨਕ ਟਿਕ ਜਾਂਦਾ ਹੈ।[6]

ਨਾਮ ਦਾ ਸਰਬ ਵਿਆਪਕ ਸਰੂਪ ਸਤਿਗੁਰੂ ਦੀ ਕਿਰਪਾ ਨਾਲ ਲਖੀਦਾ ਹੈ।[7] ਸੋ ਨਾਮ ਤੋਂ ਮੁਰਾਦ ਇਕ ਸਰਬ ਵਿਆਪਕ ਸ਼ਕਤੀ ਹੈ, ਜੋ ਹਰ ਥਾਂ ਘਟ ਘਟ ਵਿਚ ਰਮ ਰਹੀ ਹੈ।

---

੧- World.
੨- ਮਹਾਨ ਕੋਸ਼, ਪੰਨਾ ੫੨੨
੩- ਸਿਖ ਧਰਮ, ਪ੍ਰੋ. ਤੇਜਾ ਸਿੰਘ, ਪੰਨਾ ੧੮
੪- The Spirit Born People, Prof. Puran Singh, p.41.
੫- ਗੁਰਮਤ ਫਿਲਾਸਫੀ, ਗਿਆਨੀ ਪ੍ਰਤਾਪ ਸਿੰਘ, ਪੰਨਾ ੨੦੨
੬- ਉਹੀ, ਪੰਨਾ ੨੦੬
੭- ਗੁਰਮਤਿ ਨਿਰਣਯ, ਭਾਈ ਜੋਧ ਸਿੰਘ, ਪੰਨਾ ੧੬੬

ਕਿਸੇ ਮੰਤਰ ਜਾਂ ਅੱਖਰ ਦੀ ਤੋਤਾ ਰਟਣੀ ਨਾਮ ਨਹੀਂ ਹੈ।[1] ਸਗੋਂ ਨਾਮ ਇਕ ਸਜਿੰਦ ਸ਼ਕਤੀ ਹੈ,[2] ਜਿਸ ਨੂੰ ਸਾਰੇ ਸੰਸਾਰ ਦੇ ਧਰਮਾਂ ਵਿਚ ਵਿਸ਼ੇਸ਼ ਸਥਾਨ ਦਿੱਤਾ ਹੈ-----ਅਤੇ ਸਭ ਤੋਂ ਜ਼ਿਆਦਾ ਸ਼ਕਤੀਵਾਨ (੧)ਓਂਕਾਰ ਨੂੰ ਦਸਿਆ ਹੈ।[3]

ਸੂਫ਼ੀ ਵੀ ਸਿਮਰਨ ਵਿਚ ਵਿਸ਼ਵਾਸ ਰਖਦੇ ਹਨ, ਉਹ ਇਸ ਸਟੇਜ ਨੂੰ 'ਜ਼ਿਕਰ' ਆਖਦੇ ਹਨ।

ਨਾਮ ਸਿਮਰਨ ਇਕ ਪ੍ਰਕਾਰ ਦੀ ਪ੍ਰੇਮ ਸਾਧਨਾ ਹੈ, ਜੋ ਪ੍ਰੇਮੀ ਕਿਸੇ ਲਾਲਚ ਵਸ ਨਹੀਂ ਕਰਦਾ। ਪ੍ਰੇਮੀ ਨੂੰ ਤਾਂ ਕੇਵਲ ਆਪਣਾ ਪ੍ਰੀਤਮ ਹੀ ਪਿਆਰਾ ਹੈ, ਇਸ ਕਰਕੇ ਉਹ ਹੋਰ ਕੁਝ ਨਹੀਂ ਮੰਗਦਾ। ਜੇ ਕੁਝ ਮੰਗਣਾ ਵੀ ਹੋਵੇ ਤਾਂ ਉਹ 'ਪ੍ਰੀਤਮ' ਨੂੰ ਹੀ ਮੰਗੇਗਾ, ਜੇ ਪ੍ਰੀਤਮ ਮਿਲ ਗਿਆ ਤਾਂ ਬਾਕੀ ਕੀ ਰਹਿ ਗਿਆ।

ਕਰਤਾ ਤੂ ਮੇਰਾ ਜਜਮਾਨੁ
ਇਕ ਦਖਿਣਾ ਹਉ ਤੈ ਪਹਿ ਮਾਗਉ ਦੇਹਿ ਆਪਣਾ ਨਾਮੁ।।[4]

ਰਹੱਸਵਾਦੀ ਕਿਸੇ ਲਾਲਚ ਵਸ ਪ੍ਰੇਮ ਨਹੀਂ ਕਰਦਾ, ਤੇ ਨ ਭਾਵਕਤਾ ਦੇ ਪ੍ਰਭਾਵ ਨਾਲ ਕਰਦਾ ਹੈ, ਸਗੋਂ ਉਸ ਦਾ ਪ੍ਰੇਮ ਉਸ ਗੰਭੀਰ ਤੇ ਮਾਰਮਿਕ(ਰਹੱਸਮਈ) ਢੰਗ ਨਾਲ ਉਪਜਦਾ ਹੈ, ਜੋ ਹਰ ਹਾਲਤ ਵਿਚ ਵਧਦਾ ਰਹਿੰਦਾ ਹੈ। ਕਈ ਮੁਸ਼ਕਲਾਂ ਝਲਦੇ ਹੋਏ ਵੀ ਪ੍ਰੇਮੀ ਪ੍ਰੀਤਮ ਨੂੰ ਮਿਲਨਾ ਚਾਹੁੰਦਾ ਹੈ।[5] ਮੈਕਾਲਿਫ਼ ਦਾ ਕਹਿਣਾ ਹੈ ਕਿ ਪਰਮਾਤਮਾ ਦੇ ਨਾਮ ਨੂੰ ਬਾਰ ਬਾਰ ਲੈਣਾ, ਉਚਾਰਨਾ ਸਿੱਖਾਂ ਵਿਚ ਪੂਜਾ ਦਾ ਢੰਗ ਹੈ।[6] ਮਿਸ ਫੀਲਡ, ਫਾਰਨਲ, ਕਾਰਪੈਂਟਰ, ਗੋਕਲ ਚੰਦ ਨਾਰੰਗ ਤੇ ਹੋਰ ਵਿਦਵਾਨਾਂ ਨੇ ਇਸੇ ਵਿਚਾਰ ਦੀ ਪ੍ਰੋੜ੍ਹਤਾ ਕੀਤੀ ਹੈ। ਖਜ਼ਾਨ ਸਿੰਘ ਨਾਮ ਨੂੰ ਪਰਮਾਤਮਾ ਦਾ ਨਾਮ ਬਾਰ ਬਾਰ ਲੈਣਾ ਹੀ ਦਸਦਾ ਹੈ।[7] ਇਹ ਨਾਮ ਦਾ ਬਾਰ ਬਾਰ ਉਚਾਰਨਾ ਸਾਨੂੰ ਇਕ ਖਾਸ ਕਿਸਮ ਦਾ ਸੁਆਦ ਬਖ਼ਸ਼ਦਾ ਹੈ, ਜਿਵੇਂ ਅਸੀਂ ਅੰਮ੍ਰਿਤ ਰਸ ਪੀ ਰਹੇ ਹੋਈਏ ਤੇ ਮਨ ਨੂੰ ਤਸੱਲੀ ਤੇ ਖੁਸ਼ੀ ਮਿਲਦੀ ਹੈ।[8]

ਨਾਮ ਉਹ ਅਗੰਮੀ ਸ਼ੈ ਹੈ, ਜੋ ਸਾਨੂੰ ਇਕ ਆਪਣੀ ਕਿਸਮ ਦਾ ਸੁਆਦ ਦੇਂਦ

---

੧- ਗੁਰਮਤ ਦਰਸ਼ਨ, ਡਾ. ਸ਼ੇਰ ਸਿੰਘ, ਪੰਨਾ ੩੦੪
੨- Philosophy of Guru Nanak, Dr.S.S.Kohli, p.68.
੩- ਹਿੰਦੀ ਕਾਵਿ ਮੇ ਨਿਰਗੁਣ ਸੰਪਰਦਾਇ, ਡਾ. ਪੀਤਾਂਬਰ ਦੱਤ ਬੜਥਵਾਲ, ਪੰਨਾ ੨੧੭
੪- ਪ੍ਰਭਾਤੀ ਮ:੧, ਆਦਿ ਗ੍ਰੰਥ, ਪੰਨਾ ੧੩੨੯
੫- Mysticism, E.Underhill, p.85.
੬- The Sikh Religion, M.A.Macauliffe, Vol.II, p.9.
੭- History and Philosophy of the Sikh Religion, Khazan Singh, Vol.II, p.416.
੮- As above, p.642.

ਹੈ। ਵਿਆਕਰਣ ਵਿਚ ਨਾਮ ਕਿਸੇ ਚੀਜ਼ ਦੇ ਨਾਂ ਨੂੰ ਆਖਦੇ ਹਨ। ਇਥੇ ਅਸੀਂ ਕੇਵਲ ਪਰਮਾਤਮਾ ਦੇ ਨਾਂ ਨੂੰ ਹੀ 'ਨਾਮ' ਆਖਣਾ ਹੈ। ਇਹ ਵਿਆਕਰਣ ਦੇ ਅਰਥਾਂ ਦੀਆਂ ਹੱਦਾਂ ਟਪ ਗਿਆ ਹੈ। ਵਿਆਕਰਣ ਵਿਚ ਨਾਮ ਦੀਆਂ ਪੰਜ ਕਿਸਮਾਂ ਹਨ, ਜਿਨ੍ਹਾਂ ਵਿਚੋਂ ਇਕ 'ਖਾਸ ਨਾਮ' ਹੈ।[੧] ਏਥੇ ਉਸ ਨਾਮ ਨੂੰ ਵਿਚਾਰਨਾ ਹੈ, ਜੋ ਇਸ ਖਾਸ ਨਾਮ ਤੋਂ ਵੀ ਉਪਰ ਹੈ, ਜਿਹੜਾ ਆਪ ਅਨਾਮ ਹੈ, ਅਗੰਮ ਹੈ, ਨਿਰੰਕਾਰ ਹੈ, ਅਥਾਹ ਹੈ, ਅਜੂਨੀ ਹੈ। ਉਹ ਨਾਮ ਜਿਸ ਨੂੰ ਯਾਦ ਕੀਤਿਆਂ ਜੀਵ ਪਰਮਗਤੀ ਹਾਸਲ ਕਰ ਲਵੇ।[੨] ਨਾਮ ਉਹ ਪਵਿਤਰ ਸ਼ਬਦ ਹੈ ਜੋ ਪਰਮਾਤਮਾ ਦੀ ਲਭਤ ਲਈ ਵਰਤਿਆ ਜਾਂਦਾ ਹੈ।[੩] ਨਾਮ ਗੁਰਮਤ ਦਾ ਧੁਰਾ ਹੈ।[੪]

ਨਾਮ ਕੀ ਹੈ- ਇਸ ਦੀ ਪਰੀਭਾਸ਼ਾ ਸਿੱਧੇ ਤੌਰ ਤੇ ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਸਾਹਿਬ ਨੇ ਕਿਧਰੇ ਨਹੀਂ ਕੀਤੀ, ਪਰ ਇਸ ਨੂੰ ਸਪਸ਼ਟ ਕਰਨ ਲਈ ਇਸ ਦੀ ਵਿਆਖਿਆ ਬਹੁਤ ਕੀਤੀ ਹੈ, ਫਿਰ ਵੀ ਇਸ ਦੀ ਮਹਿਮਾ ਕਹੀ ਨਹੀਂ ਜਾ ਸਕਦੀ। ਨਾਮ ਦਾ ਸਥਾਨ ਬੜਾ ਮਹੱਤਵ ਪੂਰਨ ਹੈ, ਥਾਂ ਪਰ ਥਾਂ ਇਸੇ ਦੀ ਮਹਿਮਾ ਗਾਈ ਹੈ।[੫]

ਗੁਰੂ ਅਰਜਨ ਦੇਵ ਜੀ ਨੇ ਆਪਣੀ ਸ਼ਾਹਕਾਰ ਰਚਨਾ ਸੁਖਮਨੀ ਸਾਹਿਬ ਵਿਚ ਨਾਮ ਦੀ ਮਹਿਮਾ ਵਿਸਥਾਰ ਵਿਚ ਗਾਈ ਹੈ। ਖਾਸ ਕਰਕੇ ਪਹਿਲੀਆਂ ਦੋ ਅਸ਼ਟ-ਪਦੀਆਂ ਤਾਂ ਕੇਵਲ ਨਾਮ ਸਬੰਧੀ ਹੀ ਹਨ ਤੇ ਅੰਤਲੀਆਂ ਚਾਰ ਅਸ਼ਟਪਦੀਆਂ ਵਿਚ ਵੀ ਨਾਮ ਦਾ ਹੀ ਸਰੂਪ ਦਸਿਆ ਹੈ। ਇਹ ਨਾਮ ਜਿਸ ਵਿਚ ਵਸ ਜਾਂਦਾ ਹੈ, ਉਹ ਜੀਵ ਨਿਰਮਲ ਹੋ ਜਾਂਦਾ ਹੈ, ਉਸ ਦੇ ਬੋਲ ਅੰਮ੍ਰਿਤ ਛਿੜਕਦੇ ਹਨ। ਉਸ ਦੇ ਸਰਬ ਦੁਖਾਂ ਦਾ ਨਾਸ ਹੋ ਜਾਂਦਾ ਹੈ।[੬] ਜਿਹੜਾ ਨਾਮ ਖ਼ਜ਼ਾਨੇ ਨੂੰ ਧਿਆਉਂਦਾ ਹੈ, ਉਸ ਨੂੰ ਸੰਸਾਰ ਦੀਆਂ

---

੧- ਕਿਸੇ ਖਾਸ ਵਿਅਕਤੀ ਜਾਂ ਚੀਜ਼ ਦੇ ਨਾਮ ਨੂੰ ਖ਼ਾਸ ਨਾਮ ਆਖਿਆ ਜਾਂਦਾ ਹੈ, ਜਿਵੇਂ ਗੁਰੂ ਨਾਨਕ ਦੇਵ ਜੀ, ਸ੍ਰੀ ਅੰਮ੍ਰਿਤਸਰ ਸਾਹਿਬ, ਤਾਜ ਮਹੱਲ ਆਦਿ।

੨- ਜੋ ਪ੍ਰਾਣੀ ਗੋਵਿੰਦੁ ਧਿਆਵੈ।।ਪੜਿਆ ਅਣਪੜਿਆ ਪਰਮਗਤਿ ਪਾਵੈ।।
— ਗਉੜੀ ਮ:੫, ਆਦਿ ਗ੍ਰੰਥ, ਪੰਨਾ ੧੯੭

੩- Sikhism-its Ideals and Institutions, Principal Teja Singh, p.6, footnote.

੪- ਡਾ. ਸੁਰਿੰਦਰ ਸਿੰਘ ਕੋਹਲੀ, ਪਰਖ ੧੯੬੯, ਭਾਗ ਦੂਜਾ, ਪੰਨਾ ੯

੫- ਸੁਣਿ ਗਲਾ ਗੁਰ ਪਹਿ ਆਇਆ।।ਨਾਮੁ ਦਾਨੁ ਇਸਨਾਨੁ ਦਿੜਾਇਆ।।
ਸਭੁ ਮੁਕਤੁ ਹੋਆ ਸੈਸਾਰੜਾ, ਨਾਨਕ ਸਚੀ ਬੇੜੀ ਚਾੜਿ ਜੀਉ।।
— ਸਿਰੀ ਰਾਗੁ ਮ:੫, ਆਦਿ ਗ੍ਰੰਥ, ਪੰਨਾ ੭੩-੭੪

੬- ਨਿਰਮਲ ਸੋਭਾ ਅੰਮ੍ਰਿਤ ਤਾਕੀ ਬਾਨੀ।।ਏਕੁ ਨਾਮੁ ਮਨ ਮਾਹਿ ਸਮਾਨੀ।।
ਦੂਖ ਰੋਗ ਬਿਨਸੇ ਭੈ ਭਰਮ।।ਸਾਧ ਨਾਮ ਨਿਰਮਲ ਤਾਕੇ ਕਰਮ।।
— ਸੁਖਮਨੀ, ਆਦਿ ਗ੍ਰੰਥ, ਪੰਨਾ ੨੯੬

ਸਭੇ ਨਿਆਮਤਾ ਮਿਲਦੀਆਂ ਹਨ। ਉਸ ਦੀ ਹਮੇਸ਼ਾਂ ਲਈ ਗਤੀ ਹੋ ਜਾਂਦੀ ਹੈ।[੧]

ਗੁਰੂ ਜੀ ਨੇ ਨਾਮ ਦੀ ਮਹਿਮਾ ਦਸਦੇ ਹੋਏ, ਨਾਮ ਦੇ ਵਣਜਾਰਿਆਂ ਨੂੰ ਅਸਲੀ, ਸੁੰਦਰ ਤੇ ਸੁਘੜ ਵਪਾਰੀ ਦਸਿਆ ਹੈ।[੨]

ਨਾਮ ਰਸਤਾ ਹੈ ਤੇ ਵਿਸਮਾਦ ਇਸ ਦੀ ਮੰਜ਼ਲ ਹੈ। ਜੋ ਜੀਵ ਨਾਮ ਦਾ ਰਸਤਾ ਲੱਭ ਲੈਂਦੇ ਹਨ, ਉਨ੍ਹਾਂ ਦੀ ਖੁਸ਼ੀ ਵਿਸਮਾਦ ਦੀ ਸਟੇਜ ਤੱਕ ਪੁੱਜ ਜਾਂਦੀ ਹੈ।[੩] ਇਹ ਨਾਮ ਜਦੋਂ ਗੁਰੂ ਦੀ ਕਿਰਪਾ ਦੁਆਰਾ ਮਿਲਦਾ ਹੈ ਤਾਂ ਮਨੁੱਖ ਆਪਣੇ ਸਰੀਰ ਅੰਦਰ ਇਕੋ ਜੋਤ ਦਾ ਪ੍ਰਕਾਸ਼ ਵੇਖਦਾ ਹੈ। ਸਦਾ ਉਸ ਦੇ ਹਜ਼ੂਰ ਰਹਿਣ ਕਰਕੇ ਸੱਚ ਵਿਚ ਲੀਨ ਰਹਿੰਦਾ ਹੈ। ਆਪ ਤਰਦਾ ਹੈ ਤੇ ਹੋਰਨਾਂ ਨੂੰ ਤਾਰਦਾ ਹੈ।

ਸੰਸਾਰ ਦੀਆਂ ਸਿਆਣਪਾਂ ਕਿਸੇ ਕੰਮ ਨਹੀਂ ਆਉਂਦੀਆਂ। ਮਾਇਆ ਜਾਲ ਤੇ ਮੋਹ ਫਾਸ ਵਿਚੋਂ ਕੇਵਲ ਨਾਮ ਦੀ ਸਹਾਇਤਾ ਨਾਲ ਹੀ ਨਿਕਲ ਸਕੀਦਾ ਹੈ। ਨਾਮ ਸਤਿਗੁਰੂ ਪਾਸੋਂ ਮਿਲਦਾ ਹੈ। ਇਸ ਨਾਮ ਦਾ ਸਿਮਰਨ ਕਰਦਿਆਂ ਨਾਮੀ ਨਾਲ ਅਭੇਦ ਹੋ ਜਾਈਦਾ ਹੈ।[੪] ਹਰੀ ਦਾ ਨਾਮ ਜਪਣ ਵਾਲਾ ਮਨ ਦੀਆਂ ਮੁਰਾਦਾਂ ਪਾਉਂਦਾ ਹੈ।[੫] ਸੰਤਾਂ ਦੀ ਸੰਗਤ ਵਿਚ ਇਹ ਨਾਮ ਜਪਿਆ ਜਾਂਦਾ ਹੈ, ਤੇ ਇਸ ਸੰਗਤ ਨਾਲ ਸਾਰੇ ਦੁਖ, ਦਲਿੱਦਰ ਦੂਰ ਹੁੰਦੇ ਹਨ, ਕਿਉਂਕਿ ਨਾਮ ਦੇ ਬਰਾਬਰ ਦੀ ਕੋਈ ਵੀ ਸ਼ੈ ਨਹੀਂ।[੬]

ਨਾਮ ਦੀ ਪ੍ਰਾਪਤੀ ਤੇ ਨਾਮ ਰਾਹੀਂ ਪ੍ਰਭੂ ਦੀ ਪ੍ਰਾਪਤੀ ਸਤਿਗੁਰੂ ਦੀ ਕਿਰਪਾ ਨਾਲ ਪ੍ਰਾਪਤ ਹੁੰਦੇ ਹਨ। ਜਿਸ ਦੇ ਹਿਰਦੇ ਵਿਚ ਨਾਮ ਵਸ ਜਾਂਦਾ ਹੈ, ਉਹ ਸਭਨੀਂ ਪਾਸੀਂ ਸੰਪੂਰਨ ਹੋ ਜਾਂਦਾ ਹੈ, ਉਹ ਸਭ ਪਦਾਰਥ ਪਾ ਲੈਂਦਾ ਹੈ। ਨਾਮ ਦੇ ਬਿਨ੍ਹਾਂ ਮਨੁੱਖਾ ਜਨਮ ਵੀ ਵਿਅਰਥ ਜਾਂਦਾ ਹੈ।[੭]

ਭਗਵਤ ਗੀਤਾ ਵਿਚ ਵੀ ਜ਼ਿਕਰ ਆਉਂਦਾ ਹੈ ਕਿ ਪ੍ਰਭੂ ਦੀ ਭਗਤੀ ਕਰਨ

---

੧- ਇਹੁ ਨਿਧਾਨੁ ਜਪੈ ਮਨਿ ਕੋਇ।।ਸਭ ਜੁਗ ਮਹਿ ਤਾ ਕੀ ਗਤਿ ਹੋਇ।।
— ਸੁਖਮਨੀ, ਆਦਿ ਗ੍ਰੰਥ, ਪੰਨਾ ੨੮੬

੨- ਸੁੰਦਰ ਸੁਘੜ ਸਰੂਪ ਤੇ ਨਾਨਕ ਜਿਨ ਹਰਿ ਹਰਿ ਨਾਮੁ ਵਿਸਾਰਾ।।
—ਦੇਵ ਗੰਧਾਰੀ ਮ:੫,ਆਦਿ ਗ੍ਰੰਥ, ਪੰਨਾ ੫੩੦

੩- ਬਿਸਮਨ ਬਿਸਮ ਭਏ ਬਿਸਮਾਦ।।ਜਿਨਿ ਬੂਝਿਆ ਤਿਸੁ ਆਇਆ ਸ੍ਵਾਦ।।
—ਸੁਖਮਨੀ, ਆਦਿ ਗ੍ਰੰਥ, ਪੰਨਾ ੨੮੫

੪- ਡਾ.ਸੁਰਿੰਦਰ ਸਿੰਘ ਕੋਹਲੀ,ਪਰਖ ੧੯੬੯,ਭਾਗ ਦੂਜਾ,ਪੰਨਾ ੨੭

੫- ਪਾਰਜਾਤੁ ਇਹੁ ਹਰਿ ਕੋ ਨਾਮੁ।।ਕਾਮਧੇਨ ਹਰਿ ਹਰਿ ਗੁਣ ਗਾਮ।।
—ਸੁਖਮਨੀ, ਆਦਿ ਗ੍ਰੰਥ, ਪੰਨਾ ੨੬੫

੬- ਨਾਮ ਤੁਲਿ ਕਛੁ ਅਵਰੁ ਨ ਹੋਇ।।ਨਾਨਕ ਗੁਰਮੁਖਿ ਨਾਮੁ ਪਾਵੈ ਜਨੁ ਕੋਇ।।
—ਸੁਖਮਨੀ, ਆਦਿ ਗ੍ਰੰਥ, ਪੰਨਾ ੨੬੫

੭- ਜਿਸੁ ਨਾਮੁ ਰਿਦੈ ਤਿਨਿ ਕੋਟਿ ਧਨ ਪਾਏ।।ਨਾਮ ਬਿਨਾ ਜਨਮੁ ਬਿਰਥਾ ਜਾਏ।।
—ਭੈਰਉ ਮ:੫,ਆਦਿ ਗ੍ਰੰਥ,ਪੰਨਾ ੧੧੫੫

ਨਾਲ ਸਾਡੇ ਸਾਰੇ ਪਾਪ ਧੋਤੇ ਜਾਂਦੇ ਹਨ।[1] ਜਿਸ ਜੀਵ ਨੇ ਨਾਮ ਦੀ ਦਵਾਈ ਲੇ ਲਈ, ਉਸ ਦਾ ਜਨਮ ਮਰਨ ਦਾ ਚੱਕਰ ਕਟਿਆ ਜਾਂਦਾ ਹੈ।[2] ਜੀਵ ਹਰੀ ਦਾ ਨਾਮ ਜਪੇ, ਹਥੋਂ ਕੁਝ ਦਾਨ ਕਰੇ ਤਾਂ ਉਸ ਦੀ ਚੋਰਾਸੀ ਹੀ ਨਹੀਂ ਕੱਟੀ ਜਾਂਦੀ ਸਗੋਂ ਮਨ ਦਾ ਹੰਕਾਰ ਵੀ ਦੂਰ ਹੋ ਜਾਂਦਾ ਹੈ।[3] ਪਰਮਾਤਮਾ ਦਾ ਨਾਮ ਪਵਿਤਰ ਨੈਅ ਹੈ ਜਿਸ ਵਿਚ ਇਸ਼ਨਾਨ ਕੀਤਿਆਂ ਮਨ ਦੀਆਂ ਸਾਰੀਆਂ ਮੁਰਾਦਾਂ ਪੂਰੀਆਂ ਹੁੰਦੀਆਂ ਹਨ।[4] ਜੀਵ ਨੂੰ ਹਰ ਸਮੇਂ ਪ੍ਰਭੂ ਦਾ ਨਾਮ ਚਿਤ ਵਿਚ ਧਿਆਉਣਾ ਚਾਹੀਦਾ ਹੈ।[5] ਜਿਨ੍ਹਾਂ ਨੂੰ ਨਾਮ ਕਦੀ ਨਹੀਂ ਵਿਸਰਦਾ ਉਹ ਸਾਈਂ ਨਾਲ ਅਭੇਦ ਹੋ ਜਾਂਦੇ ਹਨ।[6]

ਗੁਰਮਤ ਵਿਚ ਇਹੋ ਹੀ ਭਗਤੀ ਹੈ। ਭਾਰਤੀ ਪਰੰਪਰਾ ਵਿਚ ਨੌ ਪ੍ਰਕਾਰ ਦੀ ਭਗਤੀ[7] ਮਿਲਦੀ ਹੈ ਜਿਸ ਦੀਆਂ ਉਦਾਹਰਣਾਂ ਗੁਰੂ ਅਰਜਨ ਦੇਵ ਜੀ ਦੀ ਰਚਨਾ ਵਿਚੋਂ ਵੀ ਮਿਲਦੀਆਂ ਹਨ:-

੧- ਸ੍ਰਵਨ -

ਸੁਣਿ ਸੁਣਿ ਇਹੁ ਮਨੁ ਨਿਰਮਲੁ ਹੋਵੈ ਕਟੀਐ ਕਾਲ ਕੀ ਫਾਸੀ ਰਾਮ॥[8]

੨- ਕੀਰਤਨ-

ਲਾਖ ਜਿਹਵਾ ਦੇਹੁ ਮੇਰੇ ਪਿਆਰੇ, ਮੁਖੁ ਹਰਿ ਆਰਾਧੇ ਮੇਰਾ ਰਾਮ॥[9]

੩- ਸਿਮਰਨ-

ਨਾਨਕ ਸੋਈ ਦਿਨਸੁ ਸੁਹਾਵੜਾ ਜਿਤੁ ਪ੍ਰਭੁ ਆਵੈ ਚਿਤਿ॥[10]

---

੧- ਹਵਾਲਾ- Hindu Mysticism, S.N.Das Gupta, p.123.

੨- ਨਾਮੁ ਅਵਖਧੁ ਜਿਨਿ ਜਨਿ ਤੇਰੈ ਪਾਇਆ॥ ਜਨਮ ਜਨਮ ਕਾ ਰੋਗੁ ਗਵਾਇਆ॥
—ਮਾਝ ਮ:੫, ਆਦਿ ਗ੍ਰੰਥ, ਪੰਨਾ ੧੦੭-੮

੩- ਹਰਿ ਕਾ ਨਾਮੁ ਧਿਆਇ ਸੁਣਿ ਸਭਨਾ ਨੋ ਕਰਿ ਦਾਨੁ॥
ਜਨਮ ਕਰਮ ਮਲੁ ਉਤਰੈ ਮਨ ਤੇ ਜਾਇ ਗੁਮਾਨ॥
—ਮਾਝ ਮ:੫, ਆਦਿ ਗ੍ਰੰਥ, ਪੰਨਾ ੧੩੪

੪- ਨਿਰਮਲ ਉਦਕੁ ਗੋਵਿੰਦ ਕਾ ਨਾਮ॥ ਮਜਨੁ ਕਰਤ ਪੂਰਨ ਸਭਿ ਕਾਮ॥
—ਗਉੜੀ ਮ:੫, ਆਦਿ ਗ੍ਰੰਥ, ਪੰਨਾ ੧੯੮-੯੯

੫- ਹਰਿ ਕਾ ਨਾਮੁ ਰਿਦੈ ਨਿਤ ਧਿਆਈ॥ ਸੰਗੀ ਸਾਥੀ ਸਗਲ ਤਰਾਂਈ॥
—ਆਸਾ ਮ:੫, ਆਦਿ ਗ੍ਰੰਥ, ਪੰਨਾ ੩੯੪

੬- ਜਿਨ੍ਹਾ ਨ ਵਿਸਰੈ ਨਾਮੁ ਸੇ ਕਿਨੇਹਿਆ॥
ਭੇਦੁ ਨ ਜਾਣਹੁ ਮੂਲਿ ਸਾਂਈ ਜੇਹਿਆ॥ —ਆਸਾ ਮ:੫, ਆਦਿ ਗ੍ਰੰਥ, ਪੰਨਾ ੩੯੭

੭- ਭਗਤਿ ਨਵੈ ਪਰਕਾਰਾ॥ —ਸਿਰੀ ਰਾਗੁ ਮ:੫, ਆਦਿ ਗ੍ਰੰਥ, ਪੰਨਾ ੭੧
(ਵੇਖੋ-ਸ਼ਬਦਾਰਥ ਪੰਨਾ ੭੧)

੮- ਸੂਹੀ ਛੰਤ ਮ:੫, ਆਦਿ ਗ੍ਰੰਥ, ਪੰਨਾ ੭੮੦-੮੧

੯- ਉਹੀ, ਪੰਨਾ ੭੮੦

੧੦- ਵਾਰ ਗਉੜੀ ਮ:੫, ਆਦਿ ਗ੍ਰੰਥ, ਪੰਨਾ ੩੧੮

੪- ਚਰਨ ਸੇਵਾ-

ਪੈ ਪਾਇ ਮਨਾਈ ਸੋਇ ਜੀਉ।।[੧]

੫- ਅਰਚਨ (ਸੇਵਾ ਭਾਵਨਾ)-

ਪਾਵ ਮਲੋਆ ਮਲਿ ਮਲਿ ਧੋਵਾ ਇਹੁ ਮਨੁ ਤੈਕੂ ਦੇਸਾ।।[੨]

੬- ਬੰਦਨਾ-

ਸਜਣੁ ਸਚਾ ਪਾਤਿਸਾਹੁ ਸਿਰਿ ਸਾਹਾਂ ਦੇ ਸਾਹੁ।।[੩]

੭- ਮਿਤਰ ਭਾਵ-

ਤੂੰ ਮੇਰਾ ਸਖਾ ਤੂੰ ਹੀ ਮੇਰਾ ਮੀਤੁ।। ਤੂੰ ਮੇਰਾ ਪ੍ਰੀਤਮੁ ਤੁਮ ਸੰਗਿ ਹੀਤੁ।।[੪]

੮- ਦਾਸ ਭਾਵ (ਆਗਿਆ ਮੰਨਣੀ)-

ਬੇਖਰੀਦੁ ਹਉ ਦਾਸਰੋ ਤੇਰਾ।। ਤੂੰ ਭਾਰੋ ਠਾਕੁਰੁ ਗੁਣੀ ਗਹੇਰਾ।।[੫]

੯- ਆਪਣਾ ਆਪ ਅਰਪਨ ਕਰਨਾ-

ਤੁਧੁ ਆਗੈ ਅਰਦਾਸਿ ਹਮਾਰੀ ਜੀਉ ਪਿੰਡੁ ਸਭੁ ਤੇਰਾ।।[੬]

## ਨਾਮ ਸਿਮਰਨ ਤੋਂ ਬਿਨ੍ਹਾਂ ਜੀਵ ਦਾ ਕੀ ਹਾਲ ਹੁੰਦਾ ਹੈ

ਜਿਸ ਤਰ੍ਹਾਂ ਖਾਧ ਪਦਾਰਥ ਸਰੀਰ ਨੂੰ ਤੋਰਨ ਲਈ ਜ਼ਰੂਰੀ ਹਨ ਤਿਵੇਂ ਨਾਮ ਪਦਾਰਥ ਆਤਮਾ ਲਈ ਜ਼ਰੂਰੀ ਹੈ। ਜਿਹੜੇ ਜੀਵ ਨਾਮ ਵਲ ਨਹੀਂ ਜਾਂਦੇ, ਉਨ੍ਹਾਂ ਦੀ ਜੂਨ ਸਪ ਵਰਗੀ ਹੈ। ਸਪ ਕਈ ਵਰ੍ਹੇ ਉਮਰ ਭੋਗ ਕੇ ਮਰ ਜਾਂਦਾ ਹੈ,ਪਰ ਇਹ ਉਮਰ ਕਿਸ ਕੰਮ ਆਈ। ਨਾਮ ਤੋਂ ਬਿਨ੍ਹਾਂ ਮਨਮੁਖ ਜੀਵ ਸੰਸਾਰ ਤੋਂ ਚਲਾ ਜਾਂਦਾ ਹੈ। ਜੇ ਇਕ ਪਲ ਵੀ ਨਾਮ ਵਿਚ ਲਗ ਜਾਵੇ ਤਾਂ ਜੀਵ ਦੀ ਉਮਰਾ ਸੰਵਰ ਜਾਂਦੀ ਹੈ। ਨਾਮ ਤੋਂ ਬਿਨ੍ਹਾਂ ਤਾਂ ਜੀਵਨ ਇਉਂ ਧ੍ਰਿਗ ਹੈ, ਜਿਵੇਂ ਕਾਂ ਵਿਸ਼ਟਾ ਫੋਲਦਾ ਮਰ ਜਾਂਦਾ ਹੈ, ਜਿਉਂ ਕੁੱਤੇ ਕਾਮੀ ਹੋਏ ਰਹਿੰਦੇ ਹਨ, ਜਿਉਂ ਵੇਸਵਾ ਦਾ ਪੁਤਰ ਬੇ-ਬਾਪ ਹੁੰਦਾ ਹੈ, ਜਿਵੇਂ ਸਿੰਗਾਂ ਵਾਲਾ ਛਤਰਾ ਹੁੰਦਾ ਹੈ, ਜੋ ਕੂੜ ਬੋਲਦਾ ਹੈ ਤੇ ਕਾਲੇ ਮੂੰਹ ਵਾਲਾ ਹੁੰਦਾ ਹੈ। ਮਨਮੁਖ ਦਾ ਜੀਵਨ ਗਧੇ ਦੀ ਨਿਆਈਂ ਹੈ, ਹਲਕਾਏ ਕੁੱਤੇ ਦੀ ਤਰ੍ਹਾਂ ਹੈ,

---

੧- ਸਿਰੀ ਰਾਗੁ ਮਃ੫,ਆਦਿ ਗ੍ਰੰਥ, ਪੰਨਾ ੭੩

੨- ਸੋਰਠਿ ਮਃ੫,ਆਦਿ ਗ੍ਰੰਥ, ਪੰਨਾ ੬੧੨

੩- ਸਲੋਕ ਵਾਰਾਂ ਤੇ ਵਧੀਕ ਮਃ੫,ਆਦਿ ਗ੍ਰੰਥ,ਪੰਨਾ ੧੪੨੬

੪- ਗਉੜੀ ਗੁਆਰੇਰੀ ਮਃ੫,ਆਦਿ ਗ੍ਰੰਥ, ਪੰਨਾ ੧੮੧

੫- ਸੂਹੀ ਮਃ੫,ਆਦਿ ਗ੍ਰੰਥ, ਪੰਨਾ ੭੩੯

੬- ਆਸਾ ਮਃ੫,ਆਦਿ ਗ੍ਰੰਥ, ਪੰਨਾ ੩੮੩

ਆਤਮਘਾਤ ਦੇ ਤੁਲ ਹੈ। ਮਨਮੁਖ ਦੀ ਜ਼ਾਤ ਧਰਮ ਕੋਈ ਨਹੀਂ।[1]

ਨਾਮ ਬਿਨ੍ਹਾਂ ਖਾਣਾ, ਪੀਣਾ, ਪਹਿਨਣਾ ਇਉਂ ਹੈ ਜਿਉਂ ਕੁਤਾ ਜੂਠ ਖਾਂਦਾ ਹੈ। ਹੋਰ ਸਾਰੇ ਕਾਰ ਵਿਹਾਰ ਇਉਂ ਹਨ, ਜਿਵੇਂ ਮੁਰਦੇ ਨੂੰ ਝੂਠਾ ਸ਼ਿੰਗਾਰਿਆ ਜਾ ਰਿਹਾ ਹੋਵੇ। ਨਾਮ ਵਿਸਾਰ ਕੇ ਦੁਨਿਆਵੀ ਭੋਗ ਕਰਨ ਵਾਲੇ ਨੂੰ ਸੁਖ ਕਦੀ ਸੁਪਨੇ ਵਿਚ ਵੀ ਨਹੀਂ ਮਿਲ ਸਕਦਾ। ਨਾਮ ਬਿਨ੍ਹਾਂ ਹੋਰ ਸਾਰੇ ਕੰਮ ਝੂਠ ਤੇ ਫਰੇਬ ਹਨ। ਨਾਮ ਬਿਨ੍ਹਾਂ ਜੀਵ ਭਾਵੇਂ ਕ੍ਰੋੜਾਂ ਕਰਮ ਕਾਂਡ ਕਰੇ, ਨਰਕਾਂ ਨੂੰ ਹੀ ਜਾਂਦਾ ਹੈ। ਪ੍ਰਭੂ ਨੂੰ ਵਿਸਾਰਨ ਵਾਲਿਆਂ ਨੂੰ ਜਮਲੋਕ ਵਿਚ ਚੋਰ ਦੀ ਨਿਆਈਂ ਬੰਨ੍ਹ ਕੇ ਸਜ਼ਾ ਮਿਲਦੀ ਹੈ। ਨਾਮ ਬਿਨ੍ਹਾਂ ਸਾਰੇ ਪਸਾਰੇ ਝੂਠੇ ਹਨ, ਦਿਖਾਵੇ ਦੇ ਹਨ, ਕਿਸੇ ਅਰਥ ਨਹੀਂ।[2]

ਦੁਖ ਉਦੋਂ ਹੀ ਵਿਆਪਦਾ ਹੈ, ਜਦੋਂ ਪ੍ਰਭੂ ਦਾ ਨਾਮ ਵਿਸਰ ਜਾਏ।[3] ਨਾਮ ਬਿਨ੍ਹਾਂ ਕੋਈ ਸੁਖ ਨਹੀਂ ਮਿਲ ਸਕਦਾ, ਕਦੀ ਚੁਰਾਸੀ ਨਹੀਂ ਕੱਟੀ ਜਾਂਦੀ। ਜੜ੍ਹ ਬਿਨ੍ਹਾਂ ਸ਼ਾਖਾਂ ਨਹੀਂ ਪਲ੍ਹਰ ਸਕਦੀਆਂ, ਅਸਲੇ ਬਿਨਾਂ ਜੀਵ ਆਤਮਕ ਤੌਰ ਤੇ ਜ਼ਿੰਦਾ ਨਹੀਂ ਰਹਿ ਸਕਦਾ।[4] ਸੰਸਾਰ ਦੇ ਸਾਰੇ ਸੁਖ ਭੋਗਦਾ ਹੋਇਆ ਵੀ ਨਾਮ ਵਿਹੂਣਾ ਜੀਵ ਰੋਗੀ ਹੈ, ਮੁਰਦੇ ਵਾਂਗ ਹੈ।[5] ਅਜਿਹਾ ਜੀਵ ਮੁਰਦਾ ਵੀ ਹੈ ਤੇ ਮਰ ਵੀ ਨਹੀਂ ਸਕਦਾ। ਮਨਮੁਖ ਹੋਇਆ ਜੀਵ ਇਉਂ ਹੈ, ਜਿਵੇਂ ਸੂਲੀ ਚੜ੍ਹੇ ਦੀ ਵੀ ਜਾਨ ਨ ਨਿਕਲ ਸਕਦੀ ਹੋਵੇ।

ਨਾਮ ਤੋਂ ਬਿਨ੍ਹਾਂ ਸੁੰਦਰ ਸੇਜ, ਸੁਗੰਧੀਆਂ, ਸੋਨੇ ਚਾਂਦੀ ਦੇ ਭੋਗ, ਮਨ ਇਛੇ

---

੧- ਬਿਨੁ ਸਿਮਰਨ ਜੈਸੇ ਸਰਪ ਆਰਜਾਰੀ।।
--- --- ---
ਸਾਕਤ ਨੀਚ ਤਿਸੁ ਕੁਲੁ ਨਹੀ ਜਾਤੀ।।
—ਗਉੜੀ ਗੁਆਰੇਰੀ ਮ:੫, ਅਸਟਪਦੀਆਂ, ਆਦਿ ਗ੍ਰੰਥ, ਪੰਨਾ ੨੩੯

੨- ਨਾਮ ਬਿਨ੍ਹਾਂ ਜੋ ਪਹਿਰੈ ਖਾਇ।।
--- --- ---
ਨਾਮ ਬਿਨਾ ਝੂਠੇ ਪਾਸਾਰਾ।।
—ਗਉੜੀ ਗੁਆਰੇਰੀ ਮ:੫, ਅਸਟਪਦੀਆਂ, ਆਦਿ ਗ੍ਰੰਥ, ਪੰਨਾ ੨੪੦

੩- ਦੂਖੁ ਤਦੇ ਜਦਿ ਵੀਸਰੈ ਸੁਖੁ ਪ੍ਰਭ ਚਿਤਿ ਆਏ।।
—ਬਿਲਾਵਲੁ ਮ:੫, ਆਦਿ ਗ੍ਰੰਥ, ਪੰਨਾ ੮੧੩

੪- ਲਾਜ ਮਰੈ ਜੋ ਨਾਮੁ ਨ ਲੇਵੈ।।ਨਾਮ ਬਿਹੂਨ ਸੁਖੀ ਕਿਉ ਸੋਵੈ।।
ਹਰਿ ਸਿਮਰਨੁ ਛਾਡਿ ਪਰਮਗਤਿ ਚਾਹੈ।।ਮੂਲ ਬਿਨਾ ਸਾਖਾ ਕਤ ਆਹੈ।।
—ਭੈਰਉ ਮ:੫, ਆਦਿ ਗ੍ਰੰਥ, ਪੰਨਾ ੧੧੪੯

੫- ਸੁਖ ਸਮੂਹਾ ਭੋਗ ਭੂਮਿ ਸਬਾਈ ਕੋ ਧਣੀ।।
ਨਾਨਕ ਹਭੋ ਰੋਗੁ ਮਿਰਤਕ ਨਾਮ ਵਿਹੂਣਿਆ।।
—ਵਾਰ ਮਾਰੂ ਡਖਣੇ, ਮ:੫, ਆਦਿ ਗ੍ਰੰਥ, ਪੰਨਾ ੧੧੦੧

ਪਦਾਰਥ ਕਿਸੇ ਕੰਮ ਨਹੀਂ ਆਉਂਦੇ।[੧]

ਨਿਰਸੰਦੇਹ ਨਾਮ ਬਿਨਾਂ ਜੀਵ ਦੀ ਚੌਰਾਸੀ ਕੱਟੀ ਨਹੀਂ ਜਾ ਸਕਦੀ। ਇਹ ਚੰਗੀ ਤਰ੍ਹਾਂ ਨਿਰਨਾ ਕਰਕੇ ਵੇਖ ਲਿਆ ਹੈ, ਤੱਤ ਇਹੋ ਹੀ ਨਿਕਲਿਆ ਹੈ ਕਿ ਨਾਮ ਬਿਨਾਂ ਸੁਖ ਨਹੀਂ ਮਿਲ ਸਕਦਾ।[੨] ਜਿਵੇਂ ਤਾਰ ਬਿਨ੍ਹਾਂ ਰਬਾਬ ਨਿਕੰਮੀ ਹੈ, ਉਵੇਂ ਹੀ ਨਾਮ ਬਿਨ੍ਹਾਂ ਜੀਵ ਕਿਸੇ ਕੰਮ ਦਾ ਨਹੀਂ।[੩]

<u>ਨਾਮ ਜਪਣ ਨਾਲ ਸਭੇ ਨਿਆਮਤਾਂ ਮਿਲਦੀਆਂ ਹਨ</u>

ਜੋ ਨਾਮ ਧਿਆਉਂਦਾ ਹੈ, ਉਹ ਬਾਦਸ਼ਾਹਾਂ ਦਾ ਬਾਦਸ਼ਾਹ ਹੈ। ਉਸ ਦੇ ਸਾਰੇ ਮਨੋਰਥ ਪੂਰੇ ਹੁੰਦੇ ਹਨ, ਸਾਰੇ ਕਾਰਜ ਰਾਸ ਹੁੰਦੇ ਹਨ।[੪] ਉਸ ਨੂੰ ਕ੍ਰੋੜਾਂ ਕਿਸਮਾਂ ਦੇ ਧਨ ਪਦਾਰਥ ਮਿਲਦੇ ਹਨ। ਇਕ ਨਾਮ ਸਿਮਰਨ ਨਾਲ ਕ੍ਰੋੜਾਂ ਪਾਪ ਦੂਰ ਹੋ ਜਾਂਦੇ ਹਨ ਤੇ ਮਨ ਦੀਆਂ ਮੁਰਾਦਾਂ ਪਾਈਦੀਆਂ ਹਨ।[੫] ਹਰੀ ਨੂੰ ਸਿਮਰਨ ਵਾਲੇ ਵਿਚ ਲਖਾਂ ਬਾਹਾਂ ਦੀ ਤਾਕਤ ਆ ਜਾਂਦੀ ਹੈ। ਉਸ ਦੇ ਪਾਸ ਪਰਮਾਤਮਾ ਦੇ ਨਾਮ ਤੇ ਕੀਰਤਨ ਦਾ ਖ਼ਜ਼ਾਨਾ ਆ ਜਾਂਦਾ ਹੈ।[੬]

ਜਿਸ ਹਿਰਦੇ ਵਿਚ ਨਾਮ ਆ ਵਸਦਾ ਹੈ, ਉਥੇ ਕ੍ਰੋੜਾਂ ਹੀ ਜਪ ਤਪ ਆ ਵਾਸ ਕਰਦੇ ਹਨ। ਰਿਧੀਆਂ, ਸਿਧੀਆਂ, ਬੁਧੀਆਂ ਤੇ ਦਿੱਬ-ਗਿਆਨ ਵੀ ਉਥੇ ਆ ਜਾਂਦੇ ਹਨ। ਜੀਵ ਅਨੇਕਾਂ ਪ੍ਰਕਾਰ ਦੇ ਰਸ ਭੋਗਦਾ ਹੈ। ਹਰੀ ਦੇ ਨਾਮ ਦੀ ਕੀਮਤ ਪਾਈ ਨਹੀਂ ਜਾ ਸਕਦੀ। ਜਿਸ ਵਿਚ ਪਰਮਾਤਮਾ ਦਾ ਨਾਮ ਵਸ ਗਿਆ ਹੈ, ਉਹ ਸੂਰਮਾ ਹੈ, ਹਰ ਪਖ ਵਿਚ ਮੁਕੰਮਲ ਹੈ। ਸਹਿਜ ਸਮਾਧੀ ਦੀ ਲਗਨ ਵਾਲਾ ਤੇ ਬਹੁਤ ਗੰਭੀਰ ਵੀ ਉਹੀ ਹੈ। ਉਹ ਕਦੀ ਵੀ ਡੋਲਦਾ ਨਹੀਂ, ਕਿਉਂਕਿ ਪਰਮਾਤਮਾ ਆਪ ਉਹਦੇ ਹਰ ਕੰਮ

---

੧- ਸੁੰਦਰ ਸੇਜ ਅਨੇਕ ਸੁਖ ਰਸ ਭੋਗਣ ਪੂਰੇ।। ਗ੍ਰਿਹ ਸੋਇਨ ਚੰਦਨ ਸੁਗੰਧ ਲਾਏ ਮੋਤੀ ਹੀਰੇ।।
ਮਨ ਇਛੇ ਸੁਖ ਮਾਣਦਾ ਕਿਛੁ ਨਾਹਿ ਵਿਸੂਰੇ।।
ਸੋ ਪ੍ਰਭੁ ਚਿਤਿ ਨ ਆਵਈ ਵਿਸਟਾ ਕੇ ਕੀਰੇ।।
— ਜੈਤਸਰੀ ਦੀ ਵਾਰ ਮ:੫, ਆਦਿ ਗ੍ਰੰਥ, ਪੰਨਾ ੭੦੭

੨- ਸੋਧਤ ਸੋਧਤ ਸੋਧਿ ਤਤੁ ਬੀਚਾਰਿਆ।। ਨਾਮ ਬਿਨਾ ਸੁਖੁ ਨਾਹਿ ਸਰਪਰ ਹਾਰਿਆ।
—ਸੂਹੀ ਮ:੫, ਆਦਿ ਗ੍ਰੰਥ, ਪੰਨਾ ੭੬੧-੬੨

੩- ਜੀਉ ਬਿਨਾ ਕੈਸੇ ਬਜੈ ਰਬਾਬ।। ਨਾਮ ਬਿਨਾ ਬਿਰਥੇ ਸਭਿ ਕਾਜ।।
—ਭੈਰਉ ਮ:੫, ਆਦਿ ਗ੍ਰੰਥ, ਪੰਨਾ ੧੧੪੦

੪- ਜਿਸੁ ਨਾਮੁ ਰਿਦੈ ਸੋਈ ਵਡ ਰਾਜਾ।। ਜਿਸੁ ਨਾਮੁ ਰਿਦੈ ਤਿਸੁ ਪੂਰੇ ਕਾਜਾ।।
— ਭੈਰਉ ਮ:੫, ਅਸਟਪਦੀਆਂ, ਆਦਿ ਗ੍ਰੰਥ, ਪੰਨਾ ੧੧੪੪

੫- ਕੋਟਿ ਅਘਾ ਸਭਿ ਨਾਸ ਹੋਹਿ ਸਿਮਰਤ ਹਰਿ ਨਾਉ।।
ਮਨ ਚਿੰਦੇ ਫਲ ਪਾਈਅਹਿ ਹਰਿ ਕੇ ਗੁਣ ਗਾਉ।।
—ਜੈਤਸਰੀ ਦੀ ਵਾਰ ਮ:੫, ਆਦਿ ਗ੍ਰੰਥ, ਪੰਨਾ ੭੦੭

੬- ਹਰਿ ਕਾ ਨਾਮੁ ਕੋਟਿ ਲਖ ਬਾਹਾ।। ਹਰਿ ਜਸੁ ਕੀਰਤਨੁ ਸੰਗਿ ਧਨੁ ਤਾਹਾ।।
—ਮਾਰੂ ਸੋਲਹੇ ਮ:੫, ਆਦਿ ਗ੍ਰੰਥ, ਪੰਨਾ ੧੦੭੨

ਵਿਚ ਸਹਾਈ ਹੁੰਦਾ ਹੈ।[1]

ਜੋ ਜੀਵ ਮਾਇਆ ਵਿਚ ਫਸੇ ਪਏ ਹਨ, ਉਹ ਸੁੱਤਿਆਂ ਦੇ ਬਰਾਬਰ ਹਨ ਤੇ ਜੋ ਰਸਨਾ ਨਾਲ ਨਾਮ ਜਪਦੇ ਹਨ, ਉਹ ਅਸਲੀ ਜਾਗਦੇ ਹਨ।[2] ਦਾਤਾਂ ਹਮੇਸ਼ਾਂ ਜਾਗਦਿਆਂ ਨੂੰ ਮਿਲਦੀਆਂ ਹਨ, ਇਸ ਲਈ ਨਾਮ ਜਪਣ ਵਾਲੇ ਇਹ ਨਿਆਮਤਾਂ ਪ੍ਰਾਪਤ ਕਰ ਲੈਂਦੇ ਹਨ। ਰਸਨਾ ਨਾਮ ਜਪਣ ਲਈ ਮਿਲੀ ਹੈ। ਅਜਿਹੀ ਰਸਨਾ ਛੋਟੇ ਛੋਟੇ ਟੋਟੇ ਕਰਕੇ ਕਟੀਣ ਯੋਗ ਹੈ, ਜੋ ਪ੍ਰਭੂ ਦਾ ਨਾਮ ਨ ਜਪਦੀ ਹੋਵੇ।[3]

ਜੀਵ ਦੀ ਪ੍ਰਭੂ ਅੱਗੇ ਹਰਦਮ ਇਹ ਅਰਜ਼ੋਈ ਹੈ ਕਿ ਉਸ ਨੂੰ ਪਰਮਾਤਮਾ ਦਾ ਨਾਮ ਨ ਵਿਸਰੇ। ਗੁਰੂ ਜੀ ਤਾਂ ਹਰਦਮ ਪ੍ਰਭੂ ਉਸਤਤ ਦੀ ਦਾਤ ਹੀ ਮੰਗਦੇ ਹਨ। ਕੇਵਲ ਇਹੋ ਹੀ ਦਿਲ ਦਾ ਚਾਅ ਹੈ।[4]

ਨਾਮ ਸਿਮਰਨ ਨਾਲ ਸਾਰੇ ਪਾਪ ਕੱਟੇ ਜਾਂਦੇ ਹਨ ਤੇ ਧਰਮਰਾਜ ਦੇ ਲੇਖਿਆਂ ਤੋਂ ਵੀ ਜੀਵ ਦਾ ਛੁਟਕਾਰਾ ਹੋ ਜਾਂਦਾ ਹੈ।[5] ਦੁਖਾਂ ਦੇ ਪਹਾੜ ਢਹਿ ਪੈਣ, ਕਰੜੀਆਂ ਮੁਸੀਬਤਾਂ ਆ ਜਾਣ, ਗਰੀਬੀ ਤੇ ਬਿਪਤਾ ਪਈ ਹੋਵੇ, ਅਜਿਹੇ ਸਮੇਂ ਵਿਚ ਪਰਮਾਤਮਾ ਦਾ ਨਾਮ ਸਹਾਈ ਹੁੰਦਾ ਹੈ ਤੇ ਸਾਰੀਆਂ ਮੁਸ਼ਕਲਾਂ ਵਿਚੋਂ ਕਢਦਾ ਹੈ।[6] ਰਾਮ ਨਾਮ ਸਿਮਰਨ ਨਾਲ ਸਾਰੇ ਪਾਪਾਂ ਤੋਂ ਛੁਟਕਾਰਾ ਮਿਲਦਾ ਹੈ।[7] ਸਰਬ ਦੁਖਾਂ ਦਾ ਨਾਸ ਹੋ ਜਾਂਦਾ ਹੈ।[8] ਜਿਸ ਦੇ ਜਪਣ ਨਾਲ, ਮੁਸੀਬਤਾਂ ਕੱਟੀਆਂ ਜਾਂਦੀਆਂ ਹਨ, ਹਉਮੈ ਤੇ ਤ੍ਰਿਸਨਾ

---

੧- ਕੋਟ ਜਾਪ ਤਾਪ ਬਿਸ੍ਰਾਮ॥ ਰਿਧਿ ਬੁਧਿ ਸਿਧਿ ਸੁਰ ਗਿਆਨ॥
ਸਦਾ ਮੁਕਤੁ ਤਾਕੇ ਪੂਰੇ ਕਾਮ॥ ਜਾਕੈ ਰਿਦੈ ਵਸੈ ਹਰਿਨਾਮ॥
—ਰਾਮਕਲੀ ਮ:੫, ਆਦਿ ਗ੍ਰੰਥ, ਪੰਨਾ ੮੯੦-੯੧

੨- ਸੁਤੜੇ ਅਸੰਖ ਮਾਇਆ ਝੂਠੀ ਕਾਰਣੇ॥
ਨਾਨਕ ਸੇ ਜਾਗੰਨਿ੍ ਜਿ ਰਸਨਾ ਨਾਮੁ ਉਚਾਰਣੇ॥
—ਸਲੋਕ ਵਾਰਾਂ ਤੇ ਵਧੀਕ ਮ:੫, ਆਦਿ ਗ੍ਰੰਥ, ਪੰਨਾ ੧੪੨੫

੩- ਰਸਨਾ ਜਪੰ ਨ ਨਾਮੁ ਤਿਲੁ ਤਿਲੁ ਕਰਿ ਕਟੀਐ॥
—ਫੁਨਹੇ ਮ:੫, ਆਦਿ ਗ੍ਰੰਥ, ਪੰਨਾ ੧੩੬੩

੪- ਵਿਸਰੁ ਨਾਹੀ ਦਾਤਾਰ ਆਪਣਾ ਨਾਮੁ ਦੇਹੁ॥
ਗੁਣ ਗਾਵਾ ਦਿਨੁ ਰਾਤਿ ਨਾਨਕ ਚਾਉ ਏਹੁ॥
—ਸੂਹੀ ਮ:੫, ਅਸਟਪਦੀਆਂ ਆਦਿ ਗ੍ਰੰਥ, ਪੰਨਾ ੭੬੨

੫- ਸਿਮਰਤ ਨਾਮੁ ਕਿਲਬਿਖ ਸਭਿ ਕਾਟੇ॥ ਧਰਮਰਾਇ ਕੇ ਕਾਗਰ ਫਾਟੇ॥
—ਬਿਭਾਸ ਪ੍ਰਭਾਤੀ ਮ:੫, ਅਸਟਪਦੀਆਂ, ਆਦਿ ਗ੍ਰੰਥ, ਪੰਨਾ ੧੩੪੮

੬- ਘੋਰ ਦੁਖੵੰ ਅਨਿਕ ਹਤੵੰ ਜਨਮ ਦਾਰਿਦ੍ਰੰ ਮਹਾ ਬਿਖੵਾਦੰ॥
ਮਿਟੰਤ ਸਗਲ ਸਿਮਰੰਤ ਹਰਿਨਾਮ ਨਾਨਕ॥
—ਸਲੋਕ ਸਹਸ ਕ੍ਰਿਤੀ ਮ:੫, ਆਦਿ ਗ੍ਰੰਥ, ਪੰਨਾ ੧੩੫੫

੭- ਉਚਰੰਤਿ ਨਾਨਕ ਹਰਿ ਹਰਿ ਰਸਨਾ ਸਰਬ ਪਾਪ ਬਿਮੁਚਤੇ॥
—ਜੈਤਸਰੀ ਦੀ ਵਾਰ, ਮ:੫, ਆਦਿ ਗ੍ਰੰਥ, ਪੰਨਾ ੭੦੬

੮- ਕਿਲਬਿਖ ਸਭਿ ਦੋਖ ਬਿਨਾਸਨੁ ਹਰਿਨਾਮੁ ਜਪੀਐ ਗੁਰ ਮੰਤਨ ਕੇ॥
—ਰਾਮਕਲੀ ਮ:੫, ਛੰਤ, ਆਦਿ ਗ੍ਰੰਥ, ਪੰਨਾ ੯੨੫

ਦੂਰ ਹੋ ਜਾਂਦੀਆਂ ਹਨ। ਜੀਵ ਦੇ ਕਾਮਾਦਕ ਵੈਰੀ (ਕਾਮ, ਕ੍ਰੋਧ, ਲੋਭ, ਮੋਹ,ਹੰਕਾਰ) ਵਸ ਵਿਚ ਆ ਜਾਂਦੇ ਹਨ, ਹੋਰ ਕਈ ਪ੍ਰਕਾਰ ਦੇ ਅਪਰਾਧ ਮਿਟ ਜਾਂਦੇ ਹਨ, ਮਨ ਸੀਤਲ ਹੋ ਜਾਂਦਾ ਹੈ। ਜੀਵ ਦਾ ਮਨ ਗਿਝ ਜਾਂਦਾ ਹੈ, ਫਿਰ ਕਿਸੇ ਮੁਸ਼ਕਲ ਸਮੇਂ ਘਬਰਾਉਂਦਾ ਨਹੀਂ, ਸਗੋਂ ਹਰ ਸਮੇਂ ਰੱਬੀ ਅਨੰਦ ਵਿਚ ਮਖ਼ਮੂਰ ਰਹਿੰਦਾ ਹੈ।[1] ਜੀਵ ਸਹਜ ਅਵਸਥਾ ਵਿਚ ਆ ਜਾਂਦਾ ਹੈ।

## ਸਿਮਰਨ ਦਾ ਵੇਲਾ

ਨਾਮ ਸਿਮਰਨ ਦਾ ਸਮਾਂ ਕੋਈ ਮਿਥਿਆ ਹੋਇਆ ਨਹੀਂ, ੨੪ ਘੰਟੇ ਦੇ ਦਿਨ ਰਾਤ ਵਿਚੋਂ ਜੀਵ ਕਿਸੇ ਸਮੇਂ ਵਿਹਲ ਕੱਢ ਕੇ ਪ੍ਰਭੂ ਵਲ ਧਿਆਨ ਲਗਾ ਸਕਦਾ ਹੈ। ਗੁਰੂ ਸਾਹਿਬ ਨੇ ਇਕਾਗਰ ਚਿਤ ਹੋ ਕੇ ਬੈਠਣ ਦਾ ਕੋਈ ਸਮਾਂ ਨਿਸਚਿਤ ਨਹੀਂ ਕੀਤਾ ਤੇ ਨ ਹੀ ਕੋਈ ਵੇਲਾ ਜ਼ਿਆਦਾ ਉੱਤਮ ਦਸਿਆ ਹੈ ਕਿ ਕੇਵਲ ਅਮਲੇ ਘੜੀ ਪਲ ਹੀ ਰੱਬ ਨਾਲ ਮਿਲਣ ਲਈ ਸੁੱਚੇ ਹਨ। ਸਗੋਂ ਹਰ ਸਮਾਂ, ਹਰ ਘੜੀ, ਹਰ ਦਿਵਸ,ਹਰ ਮਾਹ ਭਲੇ ਹਨ, ਹਰ ਰੁੱਤ ਭਲੀ ਹੈ, ਸ਼ਰਤ ਇਹ ਹੈ ਕਿ ਜੀਵ ਦਾ ਆਪਣਾ ਚਿਤ ਕਰਦਾ ਹੋਵੇ।

ਅਸਲ ਵਿਚ ਸਮਾਂ ਤਾਂ ਸਾਰਾ ਸਾਨੂੰ ਪਰਮਾਤਮਾ ਦਾ ਦਿੱਤਾ ਹੋਇਆ ਮਿਲਿਆ ਹੈ। ਉਸ ਦੀ ਕਿਰਪਾ ਦੁਆਰਾ ਹੀ ਇਹ ਅਮੋਲਕ ਜਨਮ ਮਿਲਿਆ ਹੈ।ਆਯੂ ਮਿਲੀ ਹੈ- ਚੰਗੇ ਕਰਮ ਕਰਨ ਲਈ, ਕੁਝ ਕਰਕੇ ਛਡ ਜਾਣ ਲਈ,[2] ਤਾਂ ਕਿ ਜੀਵ ਅਮਰ ਹੋ ਸਕੇ। ਸਾਰੇ ਸਮੇਂ ਵਿਚੋਂ ਕਿਸੇ ਸਮੇਂ ਵੀ ਦੇਣਹਾਰ ਦਾ ਨਾਮ ਯਾਦ ਕੀਤਾ ਜਾ ਸਕਦਾ ਹੈ।

ਚਲਦਿਆਂ ਫਿਰਦਿਆਂ, ਸੌਂਦਿਆਂ ਜਾਗਦਿਆਂ, ਗੁਰੂ ਦਾ ਨਾਮ ਧਿਆਉਣਾ ਚਾਹੀਦਾ ਹੈ।[3] ਪ੍ਰਭੂ ਦਾ ਨਾਮ ਤਾਂ ਸੁਆਸ ਸੁਆਸ ਜਪਣਾ ਚਾਹੀਦਾ ਹੈ। ਉਠਦਿਆਂ ਬੈਠਦਿਆਂ ਉਸ ਨੂੰ ਯਾਦ ਕਰਨਾ ਭਲਾ ਹੈ। ਜੀਵ ਦਾ ਜਨਮ, ਬੁਢੇ ਹੋਣਾ ਤੇ ਮਰਨਾ ਜਿਸ

---

੧- ਜਾਸੁ ਜਪਤ ਭਉ ਅਪਦਾ ਜਾਇ।।ਧਾਵਤ ਮਨੂਆ ਆਵੈ ਠਾਇ।।
ਜਾਸੁ ਜਪਤ ਮੁਸਕਲੁ ਕਛੁ ਨ ਬਨੈ।।ਜਾਸੁ ਜਪਤ ਸੁਣਿ ਅਨਹਤ ਧੁਨੈ।।
—ਗਉੜੀ ਗੁਆਰੇਰੀ ਮ:੫,ਅਸਟਪਦੀਆਂ,ਆਦਿ ਗ੍ਰੰਥ,ਪੰਨਾ ੨੩੬

੨- ਹਰਿ ਸਿਮਰਨ ਕੀ ਸਗਲੀ ਬੇਲਾ।।—ਭੈਰਉ ਮ:੫,ਆਦਿ ਗ੍ਰੰਥ,ਪੰਨਾ ੧੧੫੦

੩- ਚਲਤ ਬੈਸਤ ਸੋਵਤ ਜਾਗਤ ਗੁਰ ਮੰਤ੍ਰੁ ਰਿਦੈ ਚਿਤਾਰਿ।।
—ਮਾਰੂ ਮ:੫,ਆਦਿ ਗ੍ਰੰਥ, ਪੰਨਾ ੧੦੦੬

ਸਮਰਥ ਪ੍ਰਭੂ ਦੇ ਵਸ ਵਿਚ ਹੈ, ਉਸ ਸ਼ਕਤੀਵਾਨ[1] ਨੂੰ ਹਰ ਸਾਹ ਲੈਂਦਿਆਂ ਤੇ ਖਾਂਦਿਆਂ ਪੀਂਦਿਆਂ ਯਾਦ ਕਰਨਾ ਜੀਵ ਦਾ ਫ਼ਰਜ਼ ਹੈ। ਜਨਮ ਮਰਨ ਦੇ ਚਕਰ 'ਚੋਂ ਨਿਕਲਣ ਦਾ ਰਾਹ ਕੇਵਲ ਨਾਰਾਇਣ ਦਾ ਨਾਮ ਸਿਮਰਨ ਵਿਚ ਹੈ।[2] ਜਿਹੜਾ ਜੀਵ ਅਠੇ ਪਹਿਰ ਹਰੀ ਦਾ ਨਾਮ ਨਹੀਂ ਵਿਸਾਰਦਾ, ਉਸ ਦੀ ਗਤੀ ਹੋ ਜਾਂਦੀ ਹੈ, ਚੋਰਾਸੀ ਕੱਟੀ ਜਾਂਦੀ ਹੈ।[3] ਪਰਮਾਤਮਾ ਦਾ ਨਾਮ ਸਿਮਰਨ ਦਾ ਸਮਾਂ ਕੋਈ ਬੰਨ੍ਹਿਆ ਹੋਇਆ ਨਹੀਂ, ਸਾਰੇ ਵੇਲੇ ਹੀ ਭਲੇ ਹਨ।[4]

## ਨਾਮ ਸਿਮਰਨ ਦਾ ਰਸ

ਪਰਮਾਤਮਾ ਦੇ ਦਰਬਾਰ ਵਿਚ ਹਰ ਜੀਵ ਨੇ ਪੁਜਣਾ ਹੈ। ਉਥੇ ਸਮੇਂ ਦੀ ਗਿਣਤੀ ਸੰਸਾਰ ਵਿਚ ਭੋਗੇ ਸਾਲਾਂ ਨਾਲ ਨਹੀਂ ਹੋਏਗੀ, ਸਗੋਂ ਜਿੰਨੀ ਆਯੂ ਨਾਮ ਸਿਮਰਨ ਵਿਚ ਲਗੀ, ਉਸ ਹਿਸਾਬ ਨਾਲ ਹੋਏਗੀ। ਇਹੋ ਹੀ ਅਸਲੀ ਮਿਹਨਤ ਹੈ, ਜੋ ਜੀਵ ਨੇ ਇਸ ਸੰਸਾਰ ਵਿਚ ਕਰਨੀ ਹੈ, ਇਸੇ ਦੀ ਉਜਰਤ ਉਸ ਨੇ ਧਰਮਰਾਜ ਪਾਸੋਂ ਹਾਸਲ ਕਰਨੀ ਹੈ। ਜਿਵੇਂ ਦਿਹਾੜੀਦਾਰ ਮਜ਼ਦੂਰ ਨੂੰ ਉਸੇ ਦਿਹਾੜੀ ਦੀ ਮਜ਼ਦੂਰੀ ਮਿਲਦੀ ਹ, ਜੋ ਉਹ ਕੰਮ ਵਿਚ ਲਾਵੇ, ਨਹੀਂ ਤਾਂ ਉਸ ਨੂੰ ਵਿਹਲਾ ਕਿਹਾ ਜਾਂਦਾ ਹੈ। ਇਹੀ ਹਾਲ ਜੀਵ ਦਾ ਹੋਏਗਾ।

ਨਾਮ ਜਪਣਾ ਤੇ ਸਿਮਰਨ ਕਰਨਾ ਵੇਖ ਪਰਖ ਕੇ ਪ੍ਰਤਖ ਦਸ ਸਕਣ ਦੀ ਦਸ਼ਾ ਨਹੀਂ, ਇਹ ਕੇਵਲ ਮਹਿਸੂਸ ਕੀਤੀ ਜਾ ਸਕਦੀ ਹੈ। ਨਾਮ ਸਿਮਰਨ ਲਈ ਇਕ ਗਲ ਜ਼ਰੂਰੀ ਹੈ ਕਿ ਨਾਮੀ ਦਾ ਸਾਖਿਆਤ ਰੂਪ ਅੱਖਾਂ ਸਾਹਮਣੇ ਸਾਕਾਰ ਬਨਾਉਣਾ ਪੈਂਦਾ ਹੈ। ਇਹ ਕਲਪਿਤ ਸਾਖਿਆਤ ਰੂਪ ਹੀ ਜੀਵ ਨੂੰ ਸਿਮਰਨ ਰਾਹੀਂ ਨਾਮੀ ਵੱਲ ਖਿੱਚਾਂ ਪਾਈ ਜਾਂਦਾ ਹੈ। ਅੰਤ ਜਗਿਆਸੂ ਤੇ ਨਾਮੀ ਅਭੇਦ ਹੋ ਜਾਂਦੇ ਹਨ ਫਿਰ ਇਹ ਮਰਮ ਕਿਸੇ ਪਾਸ ਦਸਿਆ ਜਾਣ ਜੋਗਾ ਨਹੀਂ ਰਹਿੰਦਾ। ਜੀਵ ਦੇ ਧਿਆਨ ਅਥਵਾ

---

੧- ਜਨਮੁ ਜਰਾ ਮਿਰਤੁ ਜਿਸੁ ਵਾਸਿ॥ ਸੋ ਸਮਰਥੁ ਸਿਮਰਿ ਸਾਸਿ ਗਿਰਾਸਿ॥
—ਗਉੜੀ ਮ:੫, ਆਦਿ ਗ੍ਰੰਥ, ਪੰਨਾ ੧੯੭

੨- ਅਬਿਨਾਸੀ ਖੇਮ ਚਾਹਹਿ ਜੇ ਨਾਨਕ ਸਦਾ ਸਿਮਰਿ ਨਾਰਾਇਣ॥
—ਟੋਡੀ ਮ:੫, ਆਦਿ ਗ੍ਰੰਥ, ਪੰਨਾ ੭੧੪

੩- ਆਠ ਪਹਰ ਜਿਸੁ ਵਿਸਰਹਿ ਨਾਹੀ॥ ਗਤਿ ਹੋਵੈ ਨਾਨਕ ਤਿਸੁ ਲਗਿ ਪਾਈ॥
—ਆਸਾ ਮ:੫, ਆਦਿ ਗ੍ਰੰਥ, ਪੰਨਾ ੩੮੬

੪-ੳ- ਸਭੇ ਵਖਤ ਸਭੇ ਕਰਿ ਵੇਲਾ॥ ਖਾਲਕੁ ਯਾਦਿ ਦਿਲੈ ਮਹਿ ਮਉਲਾ॥
—ਮਾਰੂ ਸੋਲਹੇ ਮ:੫, ਆਦਿ ਗ੍ਰੰਥ, ਪੰਨਾ ੧੦੮੪

ਅ- ਦਿਨੁ ਰੈਣਿ ਸਭ ਸੁਹਾਵਣੇ ਪਿਆਰੇ ਜਿਤੁ ਜਪੀਐ ਹਰਿ ਨਾਉ॥
—ਆਸਾ ਮ:੫ ਬਿਰਹੜੇ, ਆਦਿ ਗ੍ਰੰਥ, ਪੰਨਾ ੪੩੨

ਸਿਮਰਨ ਦੀ ਸਫਲਤਾ ਇਸੇ ਵਿਚ ਹੀ ਹੈ ਕਿ ਨਾਮੀ ਜੋ ਅਜਰ ਤੇ ਅਮਰ ਹੈ ਆਪ ਸਾਧਕ ਦੇ ਸਾਹਮਣੇ ਸਪਸ਼ਟ ਹੋਵੇ।[੧]

ਸਿਮਰਨ ਦੇ ਮੁਕਾਬਲੇ ਤੇ ਤੀਰਥਾਂ ਤੇ ਘੁੰਮਣਾ ਹੇਚ ਹੈ। ਜੰਗਲਾਂ ਵਿਚ ਵਸ ਕੇ ਪ੍ਰਭੂ ਨਾਲ ਪ੍ਰੇਮ ਕਰਨਾ ਅਸੰਭਵ ਹੈ, ਕੇਵਲ ਤੀਰਥਾਂ ਤੇ ਜਾ ਕੇ ਮੱਥੇ ਟੇਕਣ ਨਾਲ ਮਨ ਦੀ ਸੁਧੀ ਨਹੀਂ ਹੋ ਸਕਦੀ। ਸਿਰਫ਼ ਇਕ ਹੀ ਸਾਧਨ ਹੈ ਪਰਮਾਤਮਾ ਨੂੰ ਮਿਲਨ ਦਾ, ਜਿਸ ਦਾ ਰਸ ਕਥਿਆ ਨਹੀਂ ਜਾ ਸਕਦਾ, ਉਹ ਨਾਮ ਹੈ।[੨]

ਨਾਮ ਦੇ ਉਸ ਸਰਬ-ਵਿਆਪਕ ਸਰੂਪ ਦੀ ਲਖਤਾ- ਜਪ, ਸਿਮਰਨ ਤੇ ਸਿਫ਼ਤ ਦੁਆਰਾ ਹੁੰਦੀ ਹੈ, ਇਸ ਲਈ ਨਾਮ ਦਾ ਜਾਪੁ, ਸਿਮਰਨ ਤੇ ਕੀਰਤਨ ਵੀ ਜੀਵਨ ਦਾ ਮਨੋਰਥ ਦਸੇ ਗਏ ਹਨ।[੩] ਗੁਰਬਾਣੀ ਅਨੁਸਾਰ ਨਾਮ ਇਕ ਆਤਮ ਵਿਦਿਆ ਹੈ ਜੋ ਜਗਿਆਸੂ ਦੀ ਈਸ਼ਵਰ ਪ੍ਰਾਪਤੀ ਦੀ ਅਕਾਂਖਿਆ ਤੋਂ ਲੈ ਕੇ, ਜਪ ਤੋਂ ਆਰੰਭ ਹੋ ਕੇ ਸਾਈਂ ਮਿਲਾਪ ਤਕ ਲੈ ਜਾਂਦੀ ਹੈ। ਸਾਈਂ ਦੀ ਸਿਫਤ ਸਲਾਹ, ਕੀਰਤਨ, ਉਸ ਅੱਗੇ ਬੇਨਤੀ, ਉਸ ਦਾ ਸ਼ੁਕਰ, ਧੰਨਵਾਦ ਆਦਿ ਮਨ ਦੇ ਉਚੇ ਭਾਵ ਉਸ ਨਾਮ ਦੇ ਸਹਾਇਕ ਹਨ, ਜੋ ਉਸ ਨੂੰ ਨਿਰਾ ਸਾਧਨ ਮਾਤ੍ਰ ਨਹੀਂ ਰਹਿਣ ਦਿੰਦੇ, ਨਾਮ ਨੂੰ ਉਹ ਜੀਉਂਦਾ ਜਾਗਦਾ ਪ੍ਰੇਮ ਬਣਾ ਦੇਂਦੇ ਹਨ ਤੇ ਇਸ ਸਾਧਨ ਨੂੰ ਜੀਵਨ ਸਾਧਨ ਬਣਾ ਦੇਂਦੇ ਹਨ ਤੇ ਸਾਧਕ ਵੀ ਜਿਵਾ ਦੇਂਦੇ ਹਨ।[੪]

ਜੋ ਜੀਵ ਨਾਮ ਦਾ ਰਸ ਪੀ ਕੇ ਤ੍ਰਿਪਤ ਹੋ ਗਏ ਹਨ, ਉਨ੍ਹਾਂ ਦਾ ਮਨ ਤੇ ਤਨ ਦੋਵੇਂ ਹੀ ਨਾਮ ਹੀ ਨਾਮ ਹੋ ਜਾਂਦੇ ਹਨ।[੫] ਜਿਨ੍ਹਾਂ ਨੇ ਇਹ ਰਸ ਇਕ ਵਾਰ ਚਖ ਲਿਆ ਹੈ, ਉਹ ਦੁਖ ਸੁਖ ਵਿਚ ਕਦੀ ਡੋਲਦੇ ਨਹੀਂ, ਪੂਰਨ ਪੁਰਖ ਦੀ ਪਦਵੀ ਪ੍ਰਾਪਤ ਕਰ ਲੈਂਦੇ ਹਨ ਤੇ ਪ੍ਰਭੂ ਦੇ ਪ੍ਰੇਮ ਰਸ ਵਿਚ ਨਕੋ ਨਕ ਭਰ ਜਾਂਦੇ ਹਨ ਤੇ ਸਾਧਾਂ ਦੀ ਸੰਗਤ ਕਰਨੀ ਉਨ੍ਹਾਂ ਦਾ ਸ਼ੌਕ ਬਣ ਜਾਂਦਾ ਹੈ।[੬]

---

੧- Pathway to God, Prof. Ranade, p.154.

੨- ਨਾਮੁ ਹਮਾਰੈ ਮਜਨ ਇਸਨਾਨੁ॥ਨਾਮੁ ਹਮਾਰੈ ਪੂਰਨ ਦਾਨੁ॥
— ਭੈਰਉ ਮ:੫, ਆਦਿ ਗ੍ਰੰਥ, ਪੰਨਾ ੧੧੪੫

੩- ਗੁਰਮਤਿ ਨਿਰਣਯ, ਭਾਈ ਜੋਧ ਸਿੰਘ, ਪੰਨਾ ੧੭੯

੪- ਸੰਥਯਾ ਸ੍ਰੀ ਗੁਰੂ ਗ੍ਰੰਥ ਸਾਹਿਬ-ਪਹਿਲੀ ਪੋਥੀ, ਪੰਨਾ ੧੫-੧੬

੫- ਨਾਮ ਰਸਿ ਜੋ ਜਨ ਤ੍ਰਿਪਤਾਨੇ॥ਮਨ ਤਨ ਨਾਮਹਿ ਨਾਮਿ ਸਮਾਨੇ॥
—ਸੁਖਮਨੀ, ਆਦਿ ਗ੍ਰੰਥ, ਪੰਨਾ ੨੮੬

੬- ਜਿਨ ਚਾਖਿਆ ਸੇ ਜਨ ਤ੍ਰਿਪਤਾਨੇ॥ਪੂਰਨ ਪੁਰਖ ਨਹੀ ਡੋਲਾਨੇ॥
ਸੁਭਰ ਭਰੇ ਪ੍ਰੇਮ ਰਸ ਰੰਗਿ॥ਉਪਜੈ ਚਾਉ ਸਾਧ ਕੈ ਸੰਗਿ॥
—ਸੁਖਮਨੀ, ਆਦਿ ਗ੍ਰੰਥ, ਪੰਨਾ ੨੮੯

ਨਾਮ ਦਾ ਰਸ ਅਜਿਹਾ ਵਿਸਮਾਦ ਮਈ ਹੈ ਕਿ ਇਸ ਦੇ ਚਖਣ ਨਾਲ ਤ੍ਰਿਪਤੀ ਹੋ ਜਾਂਦੀ ਹੈ, ਹੋਰ ਜਿਨੇ ਵੀ ਪਦਾਰਥਕ ਰਸ ਜੀਵ ਨੇ ਚਖੇ, ਉਨ੍ਹਾਂ ਨਾਲ ਜੀਵ ਦੇ ਮਨ ਦੀ ਤ੍ਰਿਸ਼ਨਾ ਨਹੀਂ ਸੀ ਬੁਝਦੀ।[੧] ਜੀਵ ਵਿਸ਼ੇ ਵਿਕਾਰਾਂ ਦਾ ਫਿਕਾ ਰਸ ਤਿਆਗ ਕੇ ਨਾਮ (ਮਹਾਂ ਰਸ) ਪੀਏ। ਇਸ ਰਸ ਨੂੰ ਚਖੇ ਬਿਨਾਂ ਸਾਰੀ ਸ੍ਰਿਸ਼ਟੀ ਵਿਕਾਰਾਂ ਵਿਚ ਡੁਬੀ ਪਈ ਹੈ, ਤੇ ਜੀਵਾਂ ਦਾ ਮਨ ਸੁਖੀ ਨਹੀਂ ਰਹਿੰਦਾ।[੨] ਜਿਥੇ ਨਾਮ ਦਾ ਰਸ ਹੈ, ਉਥੇ ਸਵਰਗ ਹੈ।[੩] ਨਾਮ ਤੋਂ ਇਲਾਵਾ ਇਸ ਸੰਸਾਰ ਵਿਚ ਹੋਰ ਕੋਈ ਵੀ ਸ੍ਰੇਸ਼ਟ ਕਰਮ ਨਹੀਂ।[੪] ਨਾਮ ਰਸ ਦੇ ਰਾਹੀਂ ਨਾਮੀ ਤੱਕ ਪੁਜਣਾ ਹੀ ਜੀਵ ਦੀ ਮੰਜ਼ਿਲ ਹੈ।

ਅ- <u>ਸਤਿਗੁਰੂ ਤੇ ਸ਼ਬਦ</u>

ਇਸਲਾਮ ਮੱਤ ਵਾਲੇ ਹਜ਼ਰਤ ਮੁਹੰਮਦ ਸਾਹਿਬ ਨੂੰ ਪੁਕਾਰਨ ਲਈ 'ਰਸੂਲ' ਸ਼ਬਦ ਦੀ ਵਰਤੋਂ ਕਰਦੇ ਹਨ। 'ਰਸੂਲ' ਦੇ ਸ਼ਬਦੀ ਅਰਥ ਹਨ– ਦੂਤ। ਭਾਵੇਂ ਇਹ ਸ਼ਬਦ ਸਿੱਧਾ ਗੁਰੂ ਲਈ ਨਹੀਂ ਤਾਂ ਵੀ ਕੋਈ ਮੁਸਲਮਾਨ ਹਜ਼ਰਤ ਮੁਹੰਮਦ ਸਾਹਿਬ ਨੂੰ ਕਿਸੇ ਹੋਰ ਨਾਮ ਨਾਲ ਪੁਕਾਰਨਾ ਨਹੀਂ ਪਸੰਦ ਕਰੇਗਾ।[੫]

ਸਿੱਖ ਮਤ ਵਿਚ 'ਗੁਰੂ' ਸ਼ਬਦ ਦਸ ਗੁਰੂਆਂ ਲਈ ਤੇ ਗੁਰੂ ਗ੍ਰੰਥ ਸਾਹਿਬ ਲਈ

---

੧- ਆਨ ਰਸਾ ਜੇਤੇ ਤੈ ਚਾਖੇ।। ਨਿਮਖ ਨ ਤ੍ਰਿਸਨਾ ਤੇਰੀ ਲਾਥੇ।।
ਹਰਿ ਰਸ ਦਾ ਤੂੰ ਚਾਖਹਿ ਸਾਦੁ।। ਚਾਖਤ ਹੋਇ ਰਹਹਿ ਬਿਸਮਾਦੁ।।
—ਗਉੜੀ ਗੁਆਰੇਰੀ ਮ:੫, ਆਦਿ ਗ੍ਰੰਥ, ਪੰਨਾ ੧੮੦

੨- ਬਿਖੈ ਬਨੁ ਫੀਕਾ ਤਿਆਗਿ ਰੀ ਸਖੀਏ ਨਾਮੁ ਮਹਾਰਸੁ ਪੀਓ।।
ਬਿਨੁ ਰਸ ਚਾਖੇ ਬੁਡਿ ਗਈ ਸਗਲੀ ਸੁਖੀ ਨ ਹੋਵਤ ਜੀਓ।।
—ਬਿਲਾਵਲ ਮ:੫, ਆਦਿ ਗ੍ਰੰਥ, ਪੰਨਾ ੮੦੨-੦੩

੩- ਤਹ ਬੈਕੁੰਠੁ ਜਹ ਨਾਮੁ ਉਚਰਹਿ।।
—ਰਾਮਕਲੀ ਮ:੫, ਆਦਿ ਗ੍ਰੰਥ, ਪੰਨਾ ੮੯੦

੪-ੳ-ਕਰਮ ਧਰਮ ਅਨੇਕ ਕਿਰਿਆ ਸਭ ਉਪਰਿ ਨਾਮੁ ਅਚਾਰੁ।।
—ਆਸਾ ਮ:੫, ਆਦਿ ਗ੍ਰੰਥ, ਪੰਨਾ ੪੦੫
ਅ- ਨਾਮ ਸਿਮਰਨ (ਹਰੀ ਧਨੁ) ਦੇ ਰਸ ਸਬੰਧੀ ਹੋਰ ਵੇਖੋ-
ਗੁਜਰੀ ਮ:੫, ਚਉਪਦੇ ੩, ਆਦਿ ਗ੍ਰੰਥ, ਪੰਨਾ ੪੯੫-੯੬

੫- Sikh Religion,Karma and Transmigration,Harnam Singh,p.144.

ਵਰਤਿਆ ਜਾਂਦਾ ਹੈ।[੧]

'ਸਤਿਗੁਰੂ' ਸ਼ਬਦ ਇਸ ਨਾਲੋਂ ਕੁਝ ਉਚੇਰਾ ਹੈ, ਜਿਸ ਦਾ ਭਾਵ ਹੈ, ਸੱਚਾ ਗੁਰੂ, ਅਟੱਲ ਰਹਿਣ ਵਾਲਾ ਗੁਰੂ, ਭਾਵ ਪਰਮਾਤਮਾ।

'ਗੁਰੂ' ਉਹ ਹੈ ਜੋ ਹਨੇਰੇ ਵਿਚ ਪ੍ਰਕਾਸ਼ ਕਰਕੇ ਸਾਡੀ ਅਗਵਾਈ ਕਰਦਾ ਹੈ।[੨] ਜਿਹੋ ਜਹੇ ਹਾਲਾਤ ਵਿਚ ਮਨੁੱਖ ਜੀਵਨ ਬਿਤਾਉਂਦਾ ਹੈ, ਸੁਭਾ ਵੀ ਉਹੋ ਜਿਹਾ ਹੀ ਹੋ ਜਾਂਦਾ ਹੈ। ਮਨੁੱਖ ਆਪਣੀਆਂ ਲੀਹਾਂ ਸੌਖੀ ਕੀਤੇ ਛੱਡ ਨਹੀਂ ਸਕਦਾ। ਜ਼ਰੂਰੀ ਹੈ ਕਿ ਮਨੁੱਖ ਦੇ ਸਾਹਮਣੇ ਕੋਈ ਅਜਿਹੀ ਹਸਤੀ ਹੋਵੇ ਜਿਸ ਨੇ ਆਤਮਕ ਰਸ ਮਾਣਿਆ ਹੋਵੇ। ਅਜਿਹੀ ਹਸਤੀ ਤੇ ਮਨੁੱਖ ਯਕੀਨ ਲਿਆਵੇ, ਅਜਿਹੇ ਕੰਮ ਕਰੇ ਜੋ ਉਹ ਦਸੇ, ਗੁਰਮਤ ਵਿਚ ਇਸ ਨੂੰ ਨਵਾਂ ਜਨਮ ਕਹਿੰਦੇਹਨ।

ਗੁਰਸਿੱਖੀ ਦੇ ਪ੍ਰਚਾਰ ਤੋਂ ਪਹਿਲਾਂ ਸਾਡੇ ਦੇਸ਼ ਵਿਚ ਇਹ ਮੰਨਿਆ ਜਾਂਦਾ ਸੀ ਕਿ ਜਦੋਂ ਜਗਤ ਵਿਚ ਅਗਿਆਨ ਵਧ ਜਾਂਦਾ ਹੈ ਤੇ ਧਰਮ ਅਲੋਪ ਹੋ ਜਾਂਦਾ ਹੈ, ਮੁੜ ਰਸਤਾ ਦਸਣ ਤੇ ਧਰਮ ਪ੍ਰਗਟ ਕਰਨ ਲਈ ਪਰਮੇਸ਼ੁਰ ਆਪ ਅਵਤਾਰ ਧਾਰਦਾ ਹੈ, ਗੁਰਮਤ ਵਿਚ ਨਿਰੰਕਾਰ (ਪਰਮੇਸ਼ੁਰ) 'ਅਜੋਨੀ' ਮੰਨਿਆ ਗਿਆ ਹੈ। ਇਸ ਲਈ ਸਿੱਖੀ ਨਿਸਚੇ ਅਨੁਸਾਰ ਅਜਿਹੇ ਸਮੇਂ ਵਿਚ 'ਗੁਰੂ' ਪ੍ਰਗਟ ਹੁੰਦਾ ਹੈ।[੩]

ਭਾਈ ਗੁਰਦਾਸ ਜੀ ਆਪਣੀ ਪਹਿਲੀ ਵਾਰ ਦੀ ੨੨ਵੀਂ ਤੇ ੨੩ਵੀਂ ਪਉੜੀ ਵਿਚ ਦਸਦੇ ਹਨ ਕਿ ਜਦੋਂ ਦੇਸ਼ ਵਿਚ ਹਨੇਰ ਮਚ ਗਿਆ, ਧਰਮ ਅਲੋਪ ਹੋ ਗਿਆ, ਜਗਤ ਵਿਚ ਪਾਪ ਏਨੇ ਵਧ ਗਏ ਕਿ ਪਾਪਾਂ ਦੇ ਭਾਰ ਨਾਲ ਧਰਤੀ ਹੇਠਲਾ

---

੧- ਆਚਰਨ ਨੂੰ ਸੁਚਿਆਉਣ ਲਈ ਕਿਸੇ ਜੀ ਪ੍ਰਾਨ ਵਾਲੇ ਉਸਤਾਦ ਦੀ ਜ਼ਰੂਰਤ ਹੁੰਦੀ ਹੈ, ਜੋ ਜੀਵ ਲਈ ਇਕ ਨਮੂਨੇ ਦਾ ਆਚਰਨ ਪੇਸ਼ ਕਰੇ। ਉਹ ਉਸਤਾਦ ਆਪਣੇ ਸ਼ਾਗਿਰਦਾਂ ਨੂੰ ਆਪਣੇ ਵੱਧ ਤੋਂ ਵੱਧ ਗਿਆਨ ਨਾਲ ਰਾਹ ਵਿਖਾਂਦਾ ਹੈ। ਇਸ ਉਸਤਾਦ ਨੂੰ ਹਿੰਦੂ ਜ਼ਬਾਨ ਵਿਚ 'ਗੁਰੂ' ਤੇ ਮੁਸਲਮਾਨ ਜ਼ਬਾਨ ਵਿਚ 'ਪੀਰ' ਕਹਿ ਲਿਆ ਜਾਂਦਾ ਹੈ। ਸਿੱਖ ਧਰਮ ਵਿਚ 'ਗੁਰੂ' ਸ਼ਬਦ ਦੀ ਖਾਸ ਮਹਾਨਤਾ ਹੈ। ਇਹ ਗੁਰੂ ਨਾਨਕ ਤੇ ਉਨ੍ਹਾਂ ਦੇ ਮਗਰੋਂ ਹੋਏ ਨੌ ਗੁਰੂਆਂ ਲਈ ਵਰਤਿਆ ਜਾਂਦਾ ਹੈ, ਜਿਸ ਦੀ ਜੋਤ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਰਲ ਗਈ ਹੈ। ਇਉਂ ਗੁਰੂ ਜਾਂ ਸਤਿਗੁਰੂ ਦੀ ਵਰਤੋਂ ਆਦਿ ਗ੍ਰੰਥ ਵਿਚ ਕੁਝ ਸੋਚ ਕੇ ਹੀ ਕੀਤੀ ਗਈ ਹੈ, ਇਥੇ ਜੀ ਪ੍ਰਾਨ ਵਾਲੇ ਉਸਤਾਦ ਨੂੰ 'ਗੁਰਮੁਖ' ਕਿਹਾ ਜਾਂਦਾ ਹੈ।
ਵੇਖੋ- A Critical Study of Adi Granth, Dr.S.S.Kohli, p.299.

੨- ਵੇਖੋ-ਸ੍ਰੀ ਗੁਰੂ ਗ੍ਰੰਥ ਕੋਸ਼, ਖਾਲਸਾ ਟ੍ਰੈਕਟ ਸੋਸਾਇਟੀ, ਪੰਨਾ ੪੭੧-੭੩

੩- ਗੁਰਮਤਿ ਨਿਰਣਯ, ਭਾਈ ਜੋਧ ਸਿੰਘ, ਪੰਨਾ ੧੦੭

ਬੈਲਦ ਉਦਾਸ ਹੋ ਗਿਆ, ਇਕ ਲੱਤ ਦੇ ਭਾਰ ਖਲੋਤਿਆਂ ਉਸ ਕੋਲੋਂ ਭਾਰ ਚੁਕਿਆ ਨ ਜਾਏ, ਅਜਿਹੇ ਸਮੇਂ ਕਿਸੇ ਸਾਧ (ਗੁਰਮੁਖ)[1] ਅਥਵਾ ਗੁਰੂ ਨੇ ਹੀ ਆਸਰਾ ਬਣਨਾ ਸੀ, ਉਹ ਸਾਰੇ ਜਗਤ ਵਿਚ ਦਿਸੇ ਹੀ ਕੋਈ ਨ। ਫਿਰ ਜਗਤ ਦੀ ਪੁਕਾਰ ਸੁਣੀ ਗਈ ਤੇ ਗੁਰੂ ਨਾਨਕ ਦੇਵ ਜੀ ਜਗਤ ਵਿਚ ਆਏ।[2]

ਇਉਂ ਨਿਰੰਕਾਰ ਵਲੋਂ ਦਾਤ ਲੈ ਕੇ ਜੋ ਪੁਰਖ ਸੰਸਾਰ ਵਿਚ ਧਰਮ ਪ੍ਰਗਟ ਕਰਨ ਲਈ ਘਲੇ ਗਏ, ਸਿੱਖ ਧਰਮ ਵਿਚ 'ਗੁਰੂ' ਪਦ ਉਨ੍ਹਾਂ ਲਈ ਹੀ ਮਖ਼ਸੂਸ ਹੈ।[3] ਗੁਰੂ ਰਾਮਦਾਸ ਜੀ ਦੇ ਸ਼ਬਦਾਂ ਵਿਚ ਸਤਿਗੁਰੂ 'ਅਬਿਨਾਸੀ ਪੁਰਖੁ' ਹੈ:-

ਸਤਿਗੁਰੁ ਮੇਰਾ ਸਦਾ ਸਦਾ ਨ ਆਵੈ ਨ ਜਾਇ।।
ਓਹੁ ਅਬਿਨਾਸੀ ਪੁਰਖੁ ਹੈ ਸਭ ਮਹਿ ਰਹਿਆ ਸਮਾਇ।[4]

ਗੁਰੂ ਅਰਜਨ ਦੇਵ ਜੀ ਨੇ ਸਤਿਗੁਰੂ ਦੀ ਜੋ ਵਿਆਖਿਆ ਦਿੱਤੀ ਹੈ, ਇਸ ਤੋਂ ਅੱਗੇ ਇਸ ਦੀ ਹੋਰ ਵਿਆਖਿਆ ਕਰਨੀ ਅਸੰਭਵ ਹੈ:-

ਸਤਿਪੁਰਖ ਜਿਨਿ ਜਾਨਿਆ ਸਤਿਗੁਰੁ ਤਿਸ ਕਾ ਨਾਉ।।– ਸੁਖਮਨੀ

ਆਦਿ ਗ੍ਰੰਥ ਵਿਚ 'ਗੁਰੂ' ਸ਼ਬਦ ਦੇ ਅਰਥ ਦੈਵੀ ਉਸਤਾਦ ਹਨ। ਪਰਮਾਤਮਾ ਨੂੰ ਆਦਿ ਗੁਰੂ, ਜੁਗਾਦਿ ਗੁਰੂ ਤੇ 'ਸਤਿਗੁਰੂ' ਆਖਿਆ ਹੈ।[5]

## ਸਤਿਗੁਰੂ ਦੀ ਲੋੜ

ਭਾਰਤੀ ਚਿੰਤਨ ਤੇ ਸਾਧਨਾ ਦੇ ਖੇਤਰ ਵਿਚ ਗੁਰੂ ਦਾ ਸਥਾਨ ਨਿਰਵਿਵਾਦ ਤੇ ਸਰਬ-ਪ੍ਰਵਾਨਿਤ ਰਿਹਾ ਹੈ।[6] ਸੰਸਾਰ ਵਿਚ ਕੋਈ ਕੰਮ ਕਰਨ ਲਈ, ਉਸ ਵਿਚ ਕਿਸੇ ਨ ਕਿਸੇ ਦੀ ਸਹਾਇਤਾ ਦੀ ਜ਼ਰੂਰਤ ਪੈਂਦੀ ਹੈ। ਕਿਸੇ ਤੋਂ ਪੁਛਣਾ ਪੈਂਦਾ ਹੈ, ਕਿ ਇਹ ਕੰਮ ਕਿਵੇਂ ਕਰਨਾ ਹੈ, ਖਾਸ ਕਰਕੇ ਕਿਸੇ ਅਜਿਹੇ ਵਿਅਕਤੀ ਤੋਂ, ਜੋ ਉਸੇ ਖੇਤਰ ਦਾ ਜਾਣਕਾਰ ਹੋਵੇ। ਅਧਿਆਤਮਕ ਖੇਤਰ ਦਾ ਵੀ ਇਹੀ ਹਾਲ ਹੈ। ਇਸ ਪਾਸੇ ਵੀ ਗੁਰੂ ਦੀ ਸ਼ਰਨ ਲਏ ਬਿਨ੍ਹਾਂ ਸਰਦਾ ਨਹੀਂ। ਕਿਸੇ ਵੀ ਸਿੱਖ ਦੀ ਸਿਖਿਆ ਅਧੂਰੀ ਹੈ,

---

੧- ਬਾਝੁ ਗੁਰੂ ਅੰਧੇਰ ਹੈ ਖਹਿ ਖਹਿ ਮਰਦੇ ਬਹੁ ਬਿਧ ਲੋਆ।।–ਵਾਰਾਂ ਭਾਈ ਗੁਰਦਾਸ
੨- ਸੁਣੀ ਪੁਕਾਰ ਦਾਤਾਰ ਪ੍ਰਭੁ ਗੁਰੁ ਨਾਨਕ ਜਗ ਮਾਹਿ ਪਠਾਯਾ।।–ਉਹੀ।
੩- ਗੁਰਮਤਿ ਨਿਰਣਯ, ਭਾਈ ਜੋਧ ਸਿੰਘ, ਪੰਨਾ ੧੦੯
੪- ਸੂਹੀ ਮ:੪, ਆਦਿ ਗ੍ਰੰਥ, ਪੰਨਾ ੭੫੯
੫- A Critical Study of Adi Granth, Dr.S.S.Kohli, p.348.
੬- ਭਕਤੀ ਕਾਵਿ ਮੇਂ ਰਹੱਸਵਾਦ (ਹਿੰਦੀ), ਡਾ. ਰਾਮਨਾਰਾਇਣ ਪਾਂਡੇ, ਪੰਨਾ ੧੫੮

ਜੇ ਉਸ ਨੇ ਗੁਰੂ ਦੀ ਲੋੜ ਮਹਿਸੂਸ ਨਹੀਂ ਕੀਤੀ। ਗੁਰੂ ਦੇ ਗਿਆਨ ਬਿਨ੍ਹਾਂ ਸਿਖਿਆ ਵੀ ਇਕ ਪ੍ਰਕਾਰ ਦਾ ਰਹੱਸ ਹੀ ਹੈ। ਗੁਰੂ ਅਮਰਦਾਸ ਜੀ ੬੨ ਸਾਲ ਦੇ ਸਨ, ਜਦੋਂ ਉਨ੍ਹਾਂ ਨੂੰ ਗੁਰੂ ਦੀ ਜ਼ਰੂਰਤ ਮਹਿਸੂਸ ਹੋਈ, ਆਪ ਗੁਰੂ ਅੰਗਦ ਦੇਵ ਜੀ ਦੀ ਸ਼ਰਨ ਪਏ, ਗੁਰੂ ਧਾਰਿਆ ਤੇ ਫੇਰ ਅਜਿਹੀ ਉੱਚ ਪਦਵੀ ਪ੍ਰਾਪਤ ਕੀਤੀ ਕਿ ਸਿਖਾਂਦਰੂ ਆਪ 'ਗੁਰੂ' ਬਣ ਗਿਆ। ਇਹ ਹੈ 'ਗੁਰੂ' ਦਾ ਚਮਤਕਾਰ।

ਗੁਰੂ ਦੀ ਲੋੜ ਤੇ ਉਪਨਿਸ਼ਦਾਂ ਵਿਚ ਵੀ ਜ਼ੋਰ ਦਿੱਤਾ ਗਿਆ ਹੈ।[1] ਗੁਰੂ ਦੀ ਲੋੜ ਤਾਂ ਹਰ ਯੁਗ ਵਿਚ ਹੀ ਰਹੀ ਹੈ, ਪਰ ਸੱਚਾ ਗੁਰੂ ਮਿਲੇ ਕਿਵੇਂ? ਸਚਾ ਗੁਰੂ ਤਦ ਮਿਲ ਸਕਦਾ ਹੈ ਜੇ ਜੀਵ ਦੇ ਮਨ ਵਿਚ ਤਲਾਸ਼ ਹੋਵੇ, ਖੋਜ ਪੜਤਾਲ ਦੀ ਉਤਸੁਕਤਾ ਹੋਵੇ, ਫਿਰ ਸਤਿਗੁਰੂ ਨੂੰ ਪ੍ਰਾਪਤ ਕਰਨਾ ਦੂਰ ਦੀ ਗੱਲ ਨਹੀਂ। ਖੋਜ ਤਦੇ ਸਫਲ ਹੁੰਦੀ ਹੈ, ਜੇ ਜੀਵ ਨੇ 'ਮੈਂ' ਮਾਰ ਲਈ ਹੋਵੇ ਤੇ ਨਾਲ ਹੀ ਪੂਰਬਲੇ ਕਰਮ ਚੰਗੇ ਕੀਤੇ ਹੋਏ ਹੋਣ। ਜਦੋਂ ਗੁਰੂ ਮਿਲ ਜਾਵੇ ਤਾਂ ਉਸ ਦੀ ਪਹਿਚਾਨ ਆਪਣੇ ਆਪ ਹੋ ਜਾਂਦੀ ਹੈ— ਸੱਚਾ ਗੁਰੂ ਮੋਹ ਮਾਇਆ ਤੋਂ ਉਪਰ ਉਠ ਕੇ, ਹਰਖ ਸੋਗ ਤੋਂ ਨਿਆਰਾ ਹੋ ਕੇ, ਨਫ਼ਰਤ ਤੇ ਪ੍ਰੇਮ ਦੀਆਂ ਹੱਦਾਂ ਤੋਂ ਪਾਰ ਹੋ ਕੇ ਵਸਦਾ ਹੈ। ਉਸ ਦੀ ਆਤਮਾ ਵਿਚ ਤੇ ਪਰਮਾਤਮਾ ਵਿਚ ਕੋਈ ਫ਼ਰਕ ਨਹੀਂ ਹੁੰਦਾ। ਸੱਚਾ ਗੁਰੂ ਨਿਰਸੁਆਰਥ ਹੁੰਦਾ ਹੈ। ਅਜਿਹੇ ਗੁਰੂ ਅੰਦਰ ਅਜਿਹੀ ਦਿੱਬ ਦ੍ਰਿਸ਼ਟੀ ਦੀ ਜੋਤ ਜਗਦੀ ਹੁੰਦੀ ਹੈ ਕਿ ਜਗਿਆਸੂ ਪ੍ਰਭਾਵਤ ਹੋਏ ਬਿਨ੍ਹਾਂ ਰਹਿ ਨਹੀਂ ਸਕਦਾ।

ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਗੁਰੂ ਚਾਰ ਪ੍ਰਕਾਰ[2] ਦੇ ਦਸੇ ਹਨ:-

ੳ- ਭ੍ਰਿੰਗੀ ਗੁਰੂ- ਭ੍ਰਿੰਗੀ ਖਾਸ ਜਾਤ ਦੇ ਕੀੜੇ ਨੂੰ ਆਪਣੇ ਵਰਗਾ ਹੀ ਕਰ ਲੈਂਦਾ ਹੈ, ਪਰ ਹਰੇਕ ਕਿਰਮ ਨੂੰ ਨਹੀਂ ਕਰਦਾ।

ਅ- ਪਾਰਸ ਗੁਰੂ- ਲੋਹੇ ਨੂੰ ਸੋਨਾ ਤਾਂ ਕਰ ਲੈਂਦਾ ਹੈ, ਪਰ ਪਾਰਸ ਰੂਪ ਕਿਸੇ ਨੂੰ ਨਹੀਂ ਕਰਦਾ।

ੲ- ਵਾਮਨ ਚੰਦਨ ਗੁਰੂ- ਖਾਸ ਰੁੱਤ ਵਿਚ ਪਾਸ ਦੇ ਬਿਰਛਾਂ ਨੂੰ ਸੁਗੰਧੀ ਵਾਲਾ ਕਰ ਲੈਂਦਾ ਹੈ, ਪਰ ਸਾਰੀਆਂ ਰੁੱਤਾਂ ਵਿਚ ਨਹੀਂ ਅਤੇ ਬਾਂਸ ਨੂੰ ਕਿਸੇ ਰੁੱਤ ਵਿਚ ਭੀ ਸੁਗੰਧਤ ਨਹੀਂ ਕਰਦਾ।

ਸ- ਦੀਪਕ ਗੁਰੂ- ਆਪਣੇ ਤੁਲ ਹੀ ਦੂਜੇ ਦੀਪਕ ਨੂੰ ਜੋਤਿ ਵਾਲਾ ਕਰ ਲੈਂਦਾ ਹੈ।

---

੧- Mysticism in the Upanishads, Bankey Behari, p.64.

੨- ਹਵਾਲਾ- ਮਹਾਨ ਕੋਸ਼, ਪੰਨਾ ੩੧੮

ਗੁਰਮਤ ਵਿਚ ਇਸ ਚੌਥੀ ਕਿਸਮ ਦੇ ਗੁਰੂ ਦੀ ਵਿਆਖਿਆ ਮਿਲਦੀ ਹੈ, ਕਿਉਂ ਜੋ, 'ਅਗਿਆਨ ਵਿਨਾਸ਼ਕ, ਸਤਯਧਰਮ ਤੇ ਹਿਤਉਪਦੇਸ਼ਟਾਂ ਦਾ ਨਾਉਂ ਗੁਰੂ ਹੈ।'[1] ਜੋ ਗੁਣ ਕੇਵਲ ਚੌਥੀ ਕਿਸਮ ਦੇ ਗੁਰੂ ਵਿਚ ਹੀ ਆ ਸਕਦੇ ਹਨ।

## ਗੁਰੂ ਦੇ ਗੁਣ

ਵੇਦਕ ਕਾਲ ਵਿਚ ਜਿਨ੍ਹਾਂ ਗੁਰੂਆਂ ਬਾਰੇ ਜ਼ਿਕਰ ਹੈ, ਉਹ ਅਕਸਰ ਰਾਜਿਆਂ ਮਹਾਰਾਜਿਆਂ ਦੇ ਤਨਖਾਹਦਾਰ ਨੌਕਰ ਹੁੰਦੇ ਸਨ, ਜੋ ਇਕ ਤਾਂ ਸ਼ਾਹੀ ਪੰਡਤ ਦਾ ਕੰਮ ਕਰਦੇ ਸਨ ਤੇ ਦੂਜਾ ਰਾਜਕੁਮਾਰਾਂ ਦੇ ਉਸਤਾਦ ਹੁੰਦੇ ਸਨ।[2] ਕੁਝ ਵਿਦਵਾਨ ਪੰਡਤ ਆਬਾਦੀ ਤੋਂ ਕੁਝ ਹਟਵੀਂ ਏਕਾਂਤ ਜਗ੍ਹਾ ਪਸੰਦ ਕਰਕੇ ਆਪਣੀ ਕੁਟੀਆ ਬਣਾ ਲਿਆ ਕਰਦੇ ਸਨ, ਜਿਥੇ ਉਹ ਤਪਸਿਆ ਕੀਤਾ ਕਰਦੇ ਤੇ ਬਾਲਕਾਂ (ਜੋ ਆਮ ਕਰਕੇ ਰਾਜਕੁਮਾਰ ਹੀ ਹੁੰਦੇ ਸਨ) ਨੂੰ ਵਿਦਿਆ ਦਿਆ ਕਰਦੇ ਸਨ। ਗੁਰਮਤ ਵਿਚ ਅਜਿਹੇ ਪੰਡਤ ਜਾਂ ਅਧਿਆਪਕ ਲਈ 'ਗੁਰੂ' ਸ਼ਬਦ ਨਹੀਂ ਵਰਤਿਆ ਗਿਆ, ਇਥੇ ਗੁਰੂ ਨਿਆਰੇ ਜਹੇ ਅਰਥਾਂ ਵਿਚ ਆਉਂਦਾ ਹੈ, ਜਿਸ ਦੀ ਵਿਆਖਿਆ ਆਪਣੀ ਹੀ ਹੈ, ਜਿਸ ਦੇ ਲਛਣ ਆਪਣੇ ਹੀ ਹਨ।

ਵਿਆਖਿਆ ਤੋਂ ਬਾਅਦ ਗੁਰੂ ਦੇ ਲਛਣਾਂ ਦਾ ਜ਼ਿਕਰ ਵੀ ਜ਼ਰੂਰੀ ਹੈ:-

੧- ਪਹਿਲਾ ਲਛਣ ਤਾਂ ਇਹ ਹੈ ਕਿ ਜਿਸ ਨਿਰੰਕਾਰ ਨਾਲ ਗੁਰੂ ਨੇ ਸਿੱਖ ਨੂੰ ਜੋੜਨਾ ਹੈ, ਉਸ ਨਾਲ ਗੁਰੂ ਆਪ ਅਭੇਦ ਹੋਵੇ।[3]

੨- ਦੂਜਾ ਲਛਣ ਹੈ ਕਿ ਗੁਰੂ ਨੇ ਆਪਣੇ ਇੰਦਰੇ ਵਸ ਵਿਚ ਕੀਤੇ ਹੋਏ ਹੋਣ, ਕਾਮਾਦਿਕ ਰੁਚੀਆਂ ਉਸ ਦਾ ਕੁਝ ਨ ਵਿਗਾੜ ਸਕਦੀਆਂ ਹੋਣ।[4]

੩- ਸੱਚਾ ਸਤਿਗੁਰੂ ਸਿੱਖ ਪਾਸੋਂ ਕੋਈ ਉਜਰਤ ਨਹੀਂ ਮੰਗਦਾ, ਨਿਰਾ ਮਿਹਰ ਦੁਆਰਾ ਉਪਦੇਸ਼ ਦਿੰਦਾ ਹੈ।[5]

---

੧- ਗੁਰੁਮੱਤ ਪ੍ਰਭਾਕਰ, ਭਾਈ ਕਾਨ੍ਹ ਸਿੰਘ ਨਾਭਾ, ਅੰਕ ੪੯੮, ਪੰਨਾ ੩੦੫

੨- Religion of India, Max Weber, p.319.

੩- ਨਾਨਕ ਸੋਧੇ ਸਿੰਮ੍ਰਿਤਿ ਬੇਦ।। ਪਾਰਬ੍ਰਹਮ ਗੁਰ ਨਾਹੀ ਭੇਦ।।
—ਭੈਰਉ ਮ:੫, ਆਦਿ ਗ੍ਰੰਥ, ਪੰਨਾ ੧੧੪੨

੪- ਕਾਮ ਕ੍ਰੋਧ ਲੋਭ ਮਦ ਮਤਸਰ ਇਹ ਅਰਪਿ ਸਗਲ ਦਾਨੁ ਕੀਨਾ।।
ਮੰਤ੍ਰੁ ਦ੍ਰਿੜਾਇ ਹਰਿ ਅਉਖਧੁ ਗੁਰਿ ਦੀਓ ਤਉ ਮਿਲਿਓ ਸਗਲ ਪ੍ਰਬੀਨਾ।।
—ਸਾਰੰਗ ਮ:੫, ਆਦਿ ਗ੍ਰੰਥ, ਪੰਨਾ ੧੨੧੧

੫- ਗੁਰਮਤਿ ਨਿਰਣਯ, ਭਾਈ ਜੋਧ ਸਿੰਘ, ਪੰਨਾ ੧੧੦

੪- ਸਤਿਗੁਰੁ ਆਪਣੇ ਸਿੱਖ ਦੀ ਪਾਲਨਾ ਕਰਦਾ ਹੈ, ਉਸ ਦੇ ਦੁਖ ਕਟਦਾ ਹੈ, ਉਸ ਨੂੰ ਨਾਮ ਦਾਨ ਦੇਂਦਾ ਹੈ, ਇਸੇ ਕਰਕੇ ਗੁਰੂ ਦਾ ਸਿੱਖ ਵੱਡੇ ਭਾਗਾਂ ਵਾਲਾ ਹੈ, ਜੋ ਅਜਿਹੀਆਂ ਵਡਮੁਲੀਆਂ ਦਾਤਾਂ ਪ੍ਰਾਪਤ ਕਰਦਾ ਹੈ।[੧]

੫- ਸੱਚਾ ਸਤਿਗੁਰੂ ਲਾਲਚੀ ਨਹੀਂ ਹੁੰਦਾ, ਪਰ ਉਸ ਨੂੰ ਵਿਸ਼ਵਾਸ ਦੀ ਦੀਖਿਆ ਜ਼ਰੂਰ ਭੇਟ ਕਰਨੀ ਪੈਂਦੀ ਹੈ। ਇਸ ਬਿਨ੍ਹਾਂ ਗੁਰੂ ਪਾਸੋਂ ਗਿਆਨ ਨਹੀਂ ਪਾ ਸਕੀਦਾ।[੨]

੬- ਸਤਿਗੁਰੂ ਨਿਰੰਕਾਰ ਦਾ ਰੂਪ ਹੁੰਦਾ ਹੈ, ਗੁਰੂ ਦੀ ਬਾਣੀ ਰੱਬੀ ਬਾਣੀ ਹੈ, ਧੁਰ ਕੀ ਬਾਣੀ ਹੈ, ਜਿਸ ਨੂੰ ਆਰਾਧ ਕੇ ਮਨ ਨੂੰ ਸ਼ਾਂਤੀ ਮਿਲਦੀ ਹੈ।[੩]

੭- ਗੁਰੂ ਗਿਆਨਵਾਨ ਹੁੰਦਾ ਹੈ। ਹਰੋਈ ਉਹੋ ਹੀ ਕੁਝ ਦੇ ਸਕਦਾ ਹੈ, ਜਿਸ ਦੇ ਪੱਲੇ ਕੁਝ ਹੋਵੇ। ਸੱਚਾ ਗੁਰੂ ਗਿਆਨ ਤੇ ਸੱਚ ਦਾ ਸਾਗਰ ਹੁੰਦਾ ਹੈ, ਇਸ ਦੀ ਮਹਿਮਾ ਨਿਮਾਣੇ ਜੀਵ ਨੇ ਕੀ ਕਰ ਸਕਣੀ ਹੈ।[੪]

੮- ਸੱਚਾ ਗੁਰੂ ਰਹਬਰ ਬਣ ਕੇ ਜੀਵ ਨੂੰ ਰਾਹ ਦਿਖਾਉਂਦਾ ਹੈ।[੫] ਵਿਚੋਲਾ ਬਣਦਾ ਹੈ।[੬] ਗੁਰੂ ਵੈਦ ਬਣਦਾ ਹੈ।[੭]

ਸਿੱਖ ਗੁਰੂਆਂ ਨੇ 'ਗੁਰੂ' ਅਥਵਾ 'ਸਤਿਗੁਰੂ' ਦਾ ਦਰਜਾ ਬਹੁਤ[੮] ਉੱਚਾ ਮੰਨਿਆ ਹੈ।[੯] ਆਪ ਗੁਰੂ ਨੂੰ ਨਾਰਾਇਣ, ਪੂਜਣ ਯੋਗ ਦੇਵਤਾ ਤੇ ਸਚਾ ਸਿਰਜਣਹਾਰ ਆਖਦੇ ਹਨ।

---

੧- ਸਤਿਗੁਰੁ ਸਿਖ ਕੀ ਕਰੈ ਪ੍ਰਤਿਪਾਲ।।ਸੇਵਕ ਕਉ ਗੁਰੁ ਸਦਾ ਦਇਆਲ।।
ਸਤਿਗੁਰੁ ਸਿਖ ਕਉ ਨਾਮ ਧਨੁ ਦੇਇ।।ਗੁਰ ਕਾ ਸਿਖੁ ਵਡਭਾਗੀ ਹੇ।।
— ਸੁਖਮਨੀ,ਆਦਿ ਗ੍ਰੰਥ, ਪੰਨਾ ੨੮੬

੨- ਬਿਨੁ ਗੁਰ ਦੀਖਿਆ ਕੈਸੇ ਗਿਆਨੁ।।—ਭੈਰਉ ਮ:੫,ਆਦਿ ਗ੍ਰੰਥ,ਪੰਨਾ ੧੧੪੦

੩- ਸਿਮਰਿ ਸਿਮਰਿ ਸਿਮਰਿ ਸੁਖੁ ਪਾਇਆ।।ਚਰਨ ਕਮਲ ਗੁਰ ਰਿਦੈ ਬਸਾਇਆ।।
ਗੁਰ ਗੋਬਿੰਦੁ ਪਾਰਬ੍ਰਹਮੁ ਪੂਰਾ।।ਤਿਸਹਿ ਅਰਾਧਿ ਮੇਰਾ ਮਨੁ ਧੀਰਾ।।
—ਗਉੜੀ ਮ:੫,ਆਦਿ ਗ੍ਰੰਥ,ਪੰਨਾ ੨੦੨

੪- ਗੁਰ ਕੀ ਮਹਿਮਾ ਕਿਆ ਕਹਾ ਗੁਰੁ ਬਿਬੇਕ ਸਤਸਰੁ।।
—ਆਸਾ ਮ:੫,ਆਦਿ ਗ੍ਰੰਥ,ਪੰਨਾ ੩੯੭

੫- ਭੂਲੇ ਮਾਰਗੁ ਜਿਨਹਿ ਬਤਾਇਆ।।ਐਸਾ ਗੁਰੁ ਵਡਭਾਗੀ ਪਾਇਆ।।
—ਬਿਲਾਵਲ ਮ:੫,ਆਦਿ ਗ੍ਰੰਥ,ਪੰਨਾ ੮੦੩

੬- ਜੈਸਾ ਸਤਿਗੁਰੁ ਸੁਣੀਦਾ ਤੈਸੋ ਹੀ ਮੈ ਡੀਠੁ।।
ਵਿਛੁੜਿਆ ਮੇਲੇ ਪ੍ਰਭੂ ਹਰਿ ਦਰਗਹ ਕਾ ਬਸੀਠੁ।।
—ਵਾਰ ਰਾਮਕਲੀ,ਮ:੫,ਆਦਿ ਗ੍ਰੰਥ,ਪੰਨਾ੯੫੭

੭- ਮੇਰਾ ਬੈਦੁ ਗੁਰੂ ਗੋਵਿੰਦਾ।।ਹਰਿ ਹਰਿ ਨਾਮੁ ਅਉਖਧੁ ਮੁਖਿ ਦੇਵੈ ਕਾਟੈ ਜਮ ਕੀ ਫੰਧ
—ਸੋਰਠਿ ਮ:੫,ਆਦਿ ਗ੍ਰੰਥ,ਪੰਨਾ ੬੧੮

੮- ਵਿਸਥਾਰ ਲਈ ਵੇਖੋ-ਮਾਰੂ ਸੋਲਹੇ ਮ:੫,ਸੋਲਹਾ-੪,ਆਦਿ ਗ੍ਰੰਥ,ਪੰਨਾ ੧੦੭੪-੭੫

੯- ਗੁਰੁ ਨਾਰਾਇਣੁ ਦਯੁ ਗੁਰੁ ਗੁਰੁ ਸਚਾ ਸਿਰਜਣਹਾਰੁ।।
—ਗਉੜੀ ਮਾਝ,ਮ:੫,ਆਦਿ ਗ੍ਰੰਥ,ਪੰਨਾ ੨੧੮

ਗੁਰੂ ਮਾਤਾ ਹੈ, ਪਿਤਾ ਹੈ, ਸੁਆਮੀ ਹੈ, ਪਰਮੇਸ਼ੁਰ ਹੈ, ਮਿਤਰ ਹੈ, ਅਗਿਆਨਤਾ ਦੂਰ ਕਰਨ ਵਾਲਾ ਹੈ, ਸਬੰਧੀ ਹੈ, ਭਰਾ ਹੈ, ਦਾਤਾ ਹੈ, ਅਟੱਲ ਮੰਤਰ ਹੈ, ਪਾਰਸ ਹੀ ਨਹੀਂ, ਪਾਰਸ ਤੋਂ ਉਪਰ ਹੈ(ਪਾਰਸ ਤਾਂ ਕੇਵਲ ਲੋਹੇ ਨੂੰ ਸੋਨਾ ਕਰਨ ਦੀ ਹੀ ਸਮਰਥਾ ਰਖਦਾ ਹੈ, ਪਰ ਗੁਰੂ ਆਪਣੇ ਚੇਲੇ ਨੂੰ ਆਪਣੇ ਜਿਹਾ ਹੀ ਕਰ ਲੈਂਦਾ ਹੈ)। ਗੁਰੂ ਤੀਰਥ ਹੈ, ਪਵਿਤਰ ਅੰਮ੍ਰਿਤ ਸਰੋਵਰ ਹੈ।[1] ਗੁਰੂ ਦਾ ਗਿਆਨ ਸਾਰੇ ਇਸ਼ਨਾਨਾਂ ਤੋਂ ਉਪਰ ਹੈ। ਸਤਿਗੁਰੂ ਜੇਡੀ ਮਨੁੱਖੀ ਜਨਮ ਵਿਚ ਕੋਈ ਹਸਤੀ ਨਹੀਂ, ਇਹ ਪਰਮਾਤਮਾ ਦਾ ਹੀ ਸਰੂਪ ਹੁੰਦਾ ਹੈ, ਜੋ ਮਨੁੱਖਾ ਦੇਹੀ ਵਿਚ ਆ ਕੇ ਸਾਡੀ ਰਹਿਬਰੀ ਕਰਦਾ ਹੈ। ਸੰਸਾਰ ਸਾਗਰ ਨੂੰ ਤਰਨ ਲਈ ਗੁਰੂ ਬੇੜੇ ਦਾ ਕੰਮ ਕਰਦਾ ਹੈ, ਨਿਰਾ ਬੇੜਾ ਹੀ ਨਹੀਂ,ਮਲਾਹ ਵੀ ਆਪ[2] ਹੀ ਬਣਦਾ ਹੈ। ਗੁਰੂ ਪਾਸੋਂ ਇਹ ਫਲ ਪੂਰਬਲੇ ਕਰਮਾਂ ਨਾਲ ਹੀ ਮਿਲ ਸਕਦਾ ਹੈ। ਜੀਵ ਗੁਰੂ ਦਾ ਧਿਆਨ ਧਰੇ, ਕਿਉਂਕਿ ਗੁਰੂ ਨੇ ਹੀ ਜੀਵ ਦੇ ਸਾਰੇ ਦੁਖ ਦਲਿੱਦਰ ਦੂਰ ਕਰਨੇ ਹਨ। ਸੱਚੇ ਗੁਰੂ ਦੇ ਦਰਸ਼ਨ ਜੀਵ ਨੂੰ ਨਿਹਾਲ ਕਰ ਦੇਣ ਵਾਲੇ ਹੁੰਦੇ ਹਨ, ਉਸ ਦੀ ਕੀਤੀ ਸੇਵਾ ਦਾ ਫਲ ਮਿਲਦਾ ਹੈ। ਸੇਵਾ ਵੀ ਕੇਵਲ ਸੱਚੇ ਗੁਰੂ ਦੀ ਫਲ ਦੇਂਦੀ ਹੈ, ਅਜਿਹੇ ਗੁਰੂ ਦੀ ਜੋ ਪ੍ਰਭੂ ਭਗਤੀ ਵਲ ਜੀਵ ਦਾ ਧਿਆਨ ਜੋੜੇ। ਪੂਰੇ ਗੁਰੂ ਵਿਚ ਇੰਨੀ ਸ਼ਕਤੀ ਹੈ, ਕਿ ਉਹ ਜਨਮ ਮਰਨ ਦੇ ਗੇੜ ਵਿਚੋਂ ਕਢਣ ਲਈ ਜੀਵ ਦੀ ਸਹਾਇਤਾ ਕਰਦਾ ਹੈ। ਸੱਚੇ ਗੁਰੂ ਬਿਨ੍ਹਾਂ ਮੁਕਤੀ ਨਹੀਂ ਮਿਲ ਸਕਦੀ ਤੇ ਜੀਉਣਾ ਵੀ ਧ੍ਰਿਗ ਹੋ ਜਾਂਦਾ ਹੈ।[3]

ਗੁਰਮਤ ਅਨੁਸਾਰ ਸ਼ਬਦ[4] ਗੁਰੂ ਹੈ:-

ਅੰਧਕਾਰੁ ਮਿਟਿਓ ਤਿਹ ਤਨ ਤੇ ਗੁਰਿ ਸਬਦਿ ਦੀਪਕੁ ਪਰਗਾਸਾ।।[5]

ਇਹ ਸ਼ਬਦ ਜੀਵ ਦੇ ਮਨ ਲਈ ਉਨਾ ਹੀ ਆਸਰਾ ਬਣਦਾ ਹੈ, ਜਿਨਾ ਮਕਾਨ ਲਈ ਥੰਮ।[6] ਜਿਸ ਜੀਵ ਦੇ ਅੰਦਰ ਸ਼ਬਦ ਦੀ ਸਾਕਾਰ ਸੁਰਤ ਵਸ ਜਾਂਦੀ ਹੈ,

---

੧- ਗੌਂਡ ਮ:੫,ਚਉਪਦਾ ੫,੬ ਤੇ ੭,ਆਦਿ ਗ੍ਰੰਥ,ਪੰਨਾ ੮੬੪-੬੫
੨- ਮਲਾਰ ਮ:੫,ਪਦਾ ੧੯,ਆਦਿ ਗ੍ਰੰਥ,ਪੰਨਾ ੧੨੭੦
੩- ਇਕਸੁ ਸਤਿਗੁਰ ਬਾਹਰਾ ਧ੍ਰਿਗੁ ਜੀਵਣੁ ਸੰਸਾਰਿ।।
— ਰਾਮਕਲੀ ਦੀ ਵਾਰ,ਮ:੫,ਆਦਿ ਗ੍ਰੰਥ,ਪੰਨਾ ੯੫੭
੪- ਗੁਰੂ ਗ੍ਰੰਥ ਸਾਹਿਬ ਵਿਚ ਸ਼ਬਦ ਦੇ ਅਰਥ,ਕਰਤਾਰ,ਸਤਗੁਰਾਂ ਦੁਆਰਾ ਪ੍ਰਾਪਤ ਹੋਯਾ ਕਰਤਾਰ ਦਾ ਹੁਕਮ,ਧਰਮ,ਗੁਰਮੰਤ੍ਰ ਔਰ ਗੁਰਬਾਨੀ ਹਨ।(ਗੁਰਮੱਤ ਪ੍ਰਭਾਕਰ-ਭਾਈ ਕਾਨ੍ਹ ਸਿੰਘ ਨਾਭਾ,ਅੰਕ ੨੮੫,ਪੰਨਾ ੧੩੩)
੫- ਗਉੜੀ ਪੂਰਬੀ ਮ:੫,ਆਦਿ ਗ੍ਰੰਥ,ਪੰਨਾ ੨੦੮
੬- ਜਿਉ ਮੰਦਰ ਕਉ ਥਾਮੈ ਥੰਮਨੁ।।ਤਿਉ ਗੁਰ ਕਾ ਸਬਦੁ ਮਨਹਿ ਅਸਥੰਮਨੁ।।
—ਸੁਖਮਨੀ, ਆਦਿ ਗ੍ਰੰਥ,ਪੰਨਾ ੨੮੨

ਉਹ ਨਾਮ ਦਾ ਰਸ ਪੀਂਦਾ ਰਹਿੰਦਾ ਹੈ।[1]

ਇਸ 'ਸ਼ਬਦ' ਦੀ ਗੁਰਮਤ ਵਿਚ ਇੰਨੀ ਮਹਾਨਤਾ ਹੈ ਕਿ ਗੁਰੂ ਸਾਹਿਬ ਨੇ ਸਭ ਕੁਝ ਸ਼ਬਦ ਵਿਚ ਹੀ ਸਮੋ ਕੇ ਸਮਝਾ ਦਿੱਤਾ ਹੈ:-

ਜੋਗ ਸਬਦੰ ਗਿਆਨ ਸਬਦੰ ਬੇਦ ਸਬਦੰ ਤ ਬ੍ਰਾਹਮਣਹ।।
ਖ੍ਯ੍ਯਤ੍ਰੀ ਸਬਦੰ ਸੂਰ ਸਬਦੰ ਸੂਦ੍ਰ ਸਬਦੰ ਪਰਾਕ੍ਰਿਤਹ।।
ਸਰਬ ਸਬਦੰ ਤ ਏਕ ਸਬਦੰ ਜੇ ਕੋ ਜਾਨਸਿ ਭੇਉ।।
ਨਾਨਕ ਤਾਕੋ ਦਾਸੁ ਹੈ ਸੋਈ ਨਿਰੰਜਨ ਦੇਉ।।[2]

ਜੀਵ ਨੂੰ ਵੀ ਇਹੀ ਪ੍ਰੇਰਨਾ ਕੀਤੀ ਹੈ ਕਿ ਉਹ ਸ਼ਬਦ ਨੂੰ ਸਿਖੇ, ਕਮਾਏ, ਇਹੋ ਜਨਮ ਮਰਨ ਦਾ ਆਸਰਾ ਹੈ। ਇਸੇ ਦੀ ਕਮਾਈ ਕਰਕੇ ਹੀ ਦਰਗਾਹ ਵਿਚ ਮੁਖ ਉਜਲਾ ਸਮਝਿਆ ਜਾਏਗਾ।[3] ਸ਼ਬਦ ਦਾ ਅਖੁੱਟ ਖ਼ਜ਼ਾਨਾ ਅਜਿਹਾ ਵਾਹਿਗੁਰੂ ਨੇ ਬਖਸ਼ਿਆ ਹੈ, ਜੋ ਮੁਕੇਗਾ ਨਹੀਂ, ਕੇਵਲ ਦੇਣ ਵਾਲੇ ਦੀ ਮਿਹਰ ਦੀ ਨਜ਼ਰ ਚਾਹੀਦੀ ਹੈ। ਜੀਵ ਇਸ ਖ਼ਜ਼ਾਨੇ ਨੂੰ ਖਾਏ, ਖਰਚੇ, ਵਰਤੇ। ਇਹੀ ਸਭ ਕੁਝ ਹੈ।[4] ਸ਼ਬਦ ਖ਼ਜ਼ਾਨਾ ਹੀ ਨਹੀਂ, ਦੀਪਕ ਵੀ ਹੈ, ਜੋ ਹਨੇਰੀ ਮਨ-ਕੋਠੜੀ ਵਿਚ ਚਾਨਣ ਦਾ ਕੰਮ ਕਰਦਾ ਹੈ।[5]

ਸ਼ਬਦ ਦੁਆਰਾ ਸਾਰੀਆਂ ਕਿਸਮਾਂ ਦੀ ਕਲਪਣਾ, ਦੁਖ[6] ਆਦਿ ਦੂਰ ਹੋ ਜਾਂਦੇ ਹਨ, ਏਥੋਂ ਤਕ ਕਿ ਜਨਮ ਮਰਨ ਦਾ ਗੇੜ ਵੀ ਮੁਕ ਜਾਂਦਾ ਹੈ।

*****
***
*

---

੧- ਸੁਰਤਿ ਸਬਦੁ ਰਿਦ ਅੰਤਰਿ ਜਾਗੀ ਅਮਿਉ ਝੋਲਿ ਝੋਲਿ ਪੀਜਾ ਹੇ।।
—ਮਾਰੂ ਸੋਲਹੇ ਮ:੫, ਆਦਿ ਗ੍ਰੰਥ, ਪੰਨਾ ੧੦੭੪

੨- ਸਹਸਕ੍ਰਿਤੀ ਸਲੋਕ ਮ:੧, ਆਦਿ ਗ੍ਰੰਥ, ਪੰਨਾ ੧੩੫੩

੩- ਸਿਖਹੁ ਸਬਦੁ ਪਿਆਰਿਹੋ ਜਨਮ ਮਰਨ ਕੀ ਟੇਕ।।
ਮੁਖ ਊਜਲ ਸਦਾ ਸੁਖੀ ਨਾਨਕ ਸਿਮਰਤ ਏਕ।।
—ਗਉੜੀ ਕੀ ਵਾਰ ਮ:੫, ਆਦਿ ਗ੍ਰੰਥ, ਪੰਨਾ ੩੨੦ ਤੇ ਪਾਠ ਦੇ ਕੁਝ ਅੰਤਰ ਨਾਲ ਪੰਨਾ ੯੧੬

੪- ਤਿਚਰੁ ਮੂਲਿ ਨ ਥੁੜੀਂਦੋ ਜਿਚਰੁ ਆਪਿ ਕ੍ਰਿਪਾਲੁ।।
ਸਬਦੁ ਅਖੁਟੁ ਬਾਬਾ ਨਾਨਕਾ ਖਾਹਿ ਖਰਚਿ ਧਨੁ ਮਾਲੁ।।
— ਸਲੋਕ ਵਾਰਾ ਤੇ ਵਧੀਕ ਮ:੫, ਆਦਿ ਗ੍ਰੰਥ, ਪੰਨਾ ੧੪੨੬

੫- ਸਤਿਗੁਰ ਸਬਦਿ ਉਜਾਰੋ ਦੀਪਾ।।
ਬਿਨਸਿਓ ਅੰਧਕਾਰ ਤਿਹ ਮੰਦਰਿ ਰਤਨ ਕੋਠੜੀ ਖੁਲ੍ਹੀ ਅਨੂਪਾ।।
—ਬਿਲਾਵਲ ਮ:੫, ਆਦਿ ਗ੍ਰੰਥ, ਪੰਨਾ ੮੨੧

੬- ਕਲਿ ਕਲੇਸ ਗੁਰਸਬਦਿ ਨਿਵਾਰੇ।।ਆਵਣ ਜਾਣ ਰਹੇ ਸੁਖ ਸਾਰੇ।।
—ਗਉੜੀ ਮ:੫, ਆਦਿ ਗ੍ਰੰਥ, ਪੰਨਾ ੧੮੧

## ਕਾਂਡ-੩

## – ਸਤਿਸੰਗ, ਕੀਰਤਨ –

### ੳ- ਸਤਿਸੰਗ

ਮਨੁੱਖ ਦਾ ਆਚਰਨ ਤਿੰਨ ਤਰ੍ਹਾਂ ਨਾਲ ਉਘੜਦਾ ਹੈ:-

੧- ਵਿਰਾਸਤ ਨਾਲ- ਮਾਤਾ ਪਿਤਾ ਦੇ ਗੁਣ ਔਗੁਣ ਬੱਚੇ ਵਿਚ ਆ ਕੇ ਜੋ ਸੁਭਾਅ ਬਣਦਾ ਹੈ, ਉਹ ਵਿਰਾਸਤ ਹੈ।

੨- ਨਿੱਜੀ ਤਜਰਬੇ ਨਾਲ- ਜਿਉਂ ਜਿਉਂ ਬੱਚਾ ਮਨੁੱਖ ਬਣਦਾ ਹੈ, ਉਸ ਦਾ ਸੰਸਾਰੀ ਕੰਮਾਂ ਨਾਲ ਵਾਹ ਪੈਂਦਾ ਹੈ, ਉਨ੍ਹਾਂ ਦੀ ਸਫ਼ਲਤਾ ਅਸਫ਼ਲਤਾ ਵਿਚੋਂ ਜੋ ਕੁਝ ਨਿਕਲਦਾ ਹੈ, ਉਸ ਦਾ ਮਨੁੱਖ ਤੇ ਅਸਰ ਪੈਂਦਾ ਹੈ। ਜੋ ਕਿਤਾ ਮਨੁੱਖ ਅਪਨਾਉਂਦਾ ਹੈ, ਉਸ ਅਨੁਸਾਰ ਉਸ ਦਾ ਸੁਭਾਅ ਢਲ ਜਾਂਦਾ ਹੈ।

੩- ਸੰਗਤ ਰਾਹੀਂ- ਮਨੁੱਖ ਸਮਾਜਕ ਜੀਵ ਹੈ, ਇਸ ਲਈ ਕਿਸੇ ਵੀ ਦੂਸਰੇ ਦੀ ਸੰਗਤ ਇਹਦੇ ਲਈ ਜ਼ਰੂਰੀ ਹੈ। ਇਸ ਸੰਗਤ ਨਾਲ ਜੀਵ ਚੰਗਾ ਮੰਦਾ ਸੁਭਾਅ ਪੱਕਾ ਲੈਂਦਾ ਹੈ।

ਮਨੁੱਖ ਉਤੇ ਸੰਗਤ ਦਾ ਅਸਰ ਸਭ ਤੋਂ ਜ਼ਿਆਦਾ ਹੁੰਦਾ ਹੈ। ਮਨੁੱਖ ਵਿਚਾਰਾਂ ਦਾ ਬਣਿਆ ਹੈ ਤੇ ਵਿਚਾਰ ਸੰਗਤ ਕਰਕੇ ਬਣਦੇ ਹਨ। ਭਲੇ ਪੁਰਸ਼ਾਂ ਦੀ ਸੰਗਤ ਦੀ ਸਿਫ਼ਤ ਵਿਚ ਭਾਈ ਨੰਦ ਲਾਲ ਕਹਿੰਦੇ ਹਨ ਕਿ ਹੇ ਪਿਆਰੇ ਤੈਨੂੰ ਭਲੇ ਪੁਰਸ਼ਾਂ ਦੀ ਸੰਗਤ ਪ੍ਰਾਪਤ ਹੋਵੇ ਤਾਂ ਅਵਿਨਾਸ਼ੀ ਧਨ ਦੀ ਪ੍ਰਾਪਤੀ ਹੋਵੇਗੀ। ਸਤਿਸੰਗ ਦੇ ਪ੍ਰਭਾਵ ਕਰਕੇ ਮੈਂ ਮਿੱਟੀ ਦੇ ਕਿਣਕੇ ਨੂੰ ਜਹਾਨ ਦਾ ਸੂਰਜ ਬਣਿਆ ਵੇਖਿਆ ਹੈ।[੧]

ਭਾਈ ਮਨੀ ਸਿੰਘ ਜੀ ਭਗਤ ਰਤਨਾਵਲੀ ਵਿਚ ਲਿਖਦੇ ਹਨ- "ਮਹਾਰਾਜ ਦੇ ਮਿਲਨ ਦੇ ਚਾਰ ਦੁਆਰੇ ਹੈਨ- ਪ੍ਰਿਥਮ ਸਤਿਸੰਗ ਹੈ, ਬਹੁੜੋ ਸੰਤ ਹੈ, ਤੀਸਰਾ ਸੰਤੋਖ ਅਰ ਚੌਥਾ ਸਮ ਦਮ।"

ਸਿੱਖ ਧਰਮ ਵਿਚ ਗ੍ਰਿਹਸਤ ਤਿਆਗ ਕੇ ਏਕਾਂਤ ਵਾਸ ਕਰਨ ਦੀ ਸਿਖਿਆ

---

੧- ਸੁਹਬਤੇ ਨੇਕਾਂ ਅਗਰ ਬਾਸ਼ਦ ਨਸੀਬ ਦੌਲਤੇ ਜਾਵੇਦ ਯਾਬੀ ਐ ਹਬੀਬ।
ਜ਼ੱਰਾ ਰਾ ਦੀਦਮ ਕਿ ਖੁਰਸ਼ੀਦੇ ਜਹਾਂ, ਸ਼ੁਦ ਜ਼ ਫ਼ੈਜ਼ੇ ਸੁਹਬਤੇ ਸਾਹਿਬ ਦਿਲਾਂ।
—'ਜ਼ਿੰਦਗੀ ਨਾਮਾ', ਭਾਈ ਨੰਦ ਲਾਲ ਜੀ,

ਨਹੀਂ, ਸਗੋਂ ਇਸ ਦੀ ਸਤਿਸੰਗ ਵਿਚ ਰਹਿ ਕੇ ਜੀਵਨ ਸਫਲਾ ਕਰਨ ਦੀ ਤਾਕੀਦ ਹੈ।[1]

ਇਹ ਸੰਗਤ ਇਕ ਸਕੂਲ ਵਾਂਗ ਹੈ, ਜਿਥੇ ਗੁਰੂ ਅਥਵਾ ਕੋਈ ਧਾਰਮਕ ਉਸਤਾਦ ਦੇਵੀ ਗਿਆਨ ਦੇਂਦਾ ਹੈ।[2] ਜਿਥੇ ਸਿੱਖ ਕੇਵਲ ਪਰਮਾਤਮਾ ਦੀ ਸਿਫ਼ਤ ਸਲਾਹ ਸਿਖਦੇ ਹਨ, ਜੋ ਉਨ੍ਹਾਂ ਨੇ ਆਪਣੇ ਮਨ ਵਿਚ ਵਸਾਉਣੀ ਹੁੰਦੀ ਹੈ।[3]

ਵੱਡੇ ਵੱਡੇ ਜਲਸੇ, ਦੀਵਾਨਾਂ ਆਦਿ ਦੇ ਇਕੱਠ ਸੰਗਤ ਵਿਚ ਸ਼ਾਮਲ ਨਹੀਂ ਕੀਤੇ ਜਾ ਸਕਦੇ। ਇਨ੍ਹਾਂ ਨੂੰ ਕੇਵਲ ਸਾਧ ਸੰਗਤ ਦਾ ਇਕੱਠ ਆਖ ਸਕਦੇ ਹਾਂ। ਸਤਿਸੰਗ ਕੁਝ ਭਲੇ ਵਿਅਕਤੀਆਂ ਦਾ ਸਮੂਹ ਹੈ, ਜਿਥੇ ਨਿਤਨੇਮ ਨਾਲ ਹਰੀ ਦੀ ਮਹਿਮਾ ਕਹਿਣ, ਸੁਣਨ ਦਾ ਮੌਕਾ ਮਿਲਦਾ ਰਹੇ ਤੇ ਸੁਚੇ ਆਚਰਨ ਵਾਲੇ ਮਹਾਂਪੁਰਸ਼ਾਂ ਦੇ ਸ਼ੁਭ ਬਚਨ ਤੇ ਦਰਸ਼ਨ ਪ੍ਰਾਪਤ ਹੋ ਸਕਣ।

ਚੰਗੀ ਸੰਗਤ ਚੁਣੀਏ, ਚੰਗੇ ਵਿਚਾਰ ਅਪਣਾਈਏ, ਚੰਗੇ ਹੀ ਬਣ ਜਾਈਦਾ ਹੈ। ਜੀਵ ਦਾ ਸੁਭਾਅ ਉਹਦੇ ਸੰਗੀਆਂ ਸਾਥੀਆਂ ਨੂੰ ਵੇਖ ਕੇ ਹੀ ਪਰਖ ਲਈਦਾ ਹੈ। ਹਰ ਵੇਲੇ ਸ਼ਰਾਬੀ ਦਾ ਸੰਗ ਕਰਨ ਵਾਲੇ ਨੂੰ ਕਿਸੇ ਸ਼ਰਾਬੀ ਹੀ ਸਮਝਣਾ ਹੈ। ਮਹਾਂਪੁਰਸ਼ਾਂ ਦੀ ਸੰਗਤ ਨਾਲ ਪਾਪੀ ਇਉਂ ਤਰ ਜਾਂਦੇ ਹਨ ਜਿਉਂ ਲਕੜ ਸੰਗ ਲੋਹਾ ਤਰ ਜਾਂਦਾ ਹੈ ਤੇ ਪਾਪੀ ਸੰਗੀ ਰਲ ਕੇ ਭਲੇ ਪੁਰਸ਼ ਨੂੰ ਵੀ ਡੋਬ ਲੈਂਦੇ ਹਨ। ਇਸੇ ਲਈ ਮਹਾਂਪੁਰਸ਼ਾਂ ਨੇ ਸਤਿਸੰਗਤ ਲਈ ਜ਼ੋਰ ਦਿੱਤਾ ਹੈ ਤੇ ਕੁਸੰਗਤ ਦਾ ਤਿਆਗ ਕਰਨਾ ਆਖਿਆ ਹੈ:-

ੳ- ਮਨਮੁਖਾਂ ਦੀ ਸੰਗਤ-

ਮਨਮੁਖਾ ਕੇਰੀ ਦੋਸਤੀ ਮਾਇਆ ਕਾ ਸਨਬੰਧੁ।।
ਵੇਖਦਿਆ ਹੀ ਭਜਿ ਜਾਨਿ ਕਦੇ ਨ ਪਾਇਨਿ ਬੰਧੁ।।[4]

ਅ- ਝੂਠੇ ਮਨੁੱਖ ਦੀ ਸੰਗਤ-

ਝੂਠੇ ਕੀ ਰੇ ਝੂਠੁ ਪਰੀਤਿ ਛੁਟਕੀ ਰੇ ਮਨ ਛੁਟਕੀ ਰੇ
ਸਾਕਤ ਸੰਗਿ ਨ ਛੁਟਕੀ ਰੇ।।[5]

---

੧- ਖੋਜਤ ਖੋਜਤ ਸੁਨੀ ਇਹ ਸੋਇ।। ਸਾਧ ਸੰਗਤਿ ਬਿਨੁ ਤਰਿਓ ਨ ਕੋਇ।।
—ਆਸਾ ਮ:੫, ਆਦਿ ਗ੍ਰੰਥ, ਪੰਨਾ ੩੭੩

੨- A Critical Study of Adi Granth, Dr.S.S.Kohli, p.297.

੩- Outlines of Sikh Thought, Dr.S.S.Kohli, p.101.

੪- ਰਾਮਕਲੀ ਕੀ ਵਾਰ ਮ:੫, ਆਦਿ ਗ੍ਰੰਥ, ਪੰਨਾ ੯੫੯

੫- ਦੇਵਗੰਧਾਰੀ ਮ:੫, ਆਦਿ ਗ੍ਰੰਥ, ਪੰਨਾ ੫੩੫

ੲ- ਅਕਿਰਤਘਣ ਦੀ ਸੰਗਤ-

ਬੀਚੁ ਨ ਕੋਇ ਕਰੇ ਅਕ੍ਰਿਤਘਣੁ ਵਿਛੁੜਿ ਪਇਆ॥[੧]
ਆਏ ਖਰੇ ਕਠਿਨ ਜੰਮਕੰਕਰਿ ਪਕੜਿ ਲਇਆ॥

ਸ- ਨਿੰਦਕ ਦੀ ਸੰਗਤ-

ਸਾਕਤ ਸਿਉ ਮੁਖਿ ਜੋਰਿਐ ਅਧਵੀਚਹੁ ਟੂਟੈ॥[੨]

ਮਹਾਂਪੁਰਸ਼ਾਂ ਦੇ ਬਚਨ ਸਹਿਜ ਸੁਭਾਅ ਹੀ ਅੰਦਰੋਂ ਨਿਕਲਦੇ ਹਨ, ਪਰ ਉਨ੍ਹਾਂ ਦੇ ਪਿਛੇ ਤਪ, ਤੇਜ, ਕਮਾਈ ਤੇ ਸੁੱਚਾ ਆਚਰਨ ਕੰਮ ਕਰ ਰਹੇ ਹੁੰਦੇ ਹਨ, ਇਸੇ ਲਈ ਇਹ ਬਚਨ ਜੀਵ ਉਪਰ ਵਧੇਰੇ ਅਸਰ ਕਰਦੇ ਹਨ। ਮਹਾਂਪੁਰਸ਼ਾਂ ਦੀ ਸੰਗਤ ਜੀਵਨ ਪਲਟ ਦੇਣ ਦੀ ਸਮਰਥਾ ਵਾਲੀ ਹੁੰਦੀ ਹੈ।

ਨਾਮ ਜਪਣਾ, ਬਾਣੀ ਪੜ੍ਹਨੀ, ਕੀਰਤਨ ਕਰਨਾ, ਸੇਵਾ ਕਰਨੀ ਤੇ ਅਰਦਾਸ ਵਿਚ ਇਹ ਕਹਿਣਾ- ਜਿਨ੍ਹਾਂ ਨਾਮ ਜਪਿਆ, ਵੰਡ ਛਕਿਆ, ਦੇਗ ਚਲਾਈ-ਸਤਿਸੰਗਤ ਦੇ ਅੰਗ ਹਨ।

ਸਤਿਸੰਗਤ ਕੇਵਲ ਆਤਮਕ, ਤਸੱਲੀ ਹੀ ਨਹੀਂ ਦਿੰਦੀ, ਸਗੋਂ ਇਸ ਨਾਲ ਸਮਾਜਕ ਬਰਾਬਰੀ ਦੀ ਜਾਚ ਵੀ ਆਉਂਦੀ ਹੈ। 'ਰਾਣਾ ਰੰਕ ਬਰਾਬਰੀ' ਦਾ ਖਿਆਲ ਪਦਵੀ ਦੀ ਹੋਂਦ ਤੇ ਮਾਣ ਨੂੰ ਮਿਟਾਉਂਦਾ ਹੈ।

ਸਿੱਖ ਸੰਸਾਰ ਦੇ ਸੇਂਟਪਾਲ ਭਾਈ ਗੁਰਦਾਸ ਜੀ ਸਤਿਸੰਗਤ ਦੀ ਮਹਾਨਤਾ ਬਾਰੇ ਲਿਖਦੇ ਹਨ:-

ਚੌਰਾਸੀ ਲਖ ਜੋਨ ਵਿਚ ਉਤਮ ਜਨਮ ਸੁ ਮਾਨਸ ਦੇਹੀ।
--- --- ---
ਹਥੀਂ ਕਾਰ ਕਮਾਵਨੀ ਪੈਰੀ ਚਲ ਸਤ ਸੰਗ ਮਿਲੇਹੀ।
--- --- ---
ਗੁਰ ਭਾਈ ਸੰਤੁਸ਼ਟ ਕਰ ਚਰਨਾਮ੍ਰਿਤ ਲੈ ਮੁਖ ਪਵੇਹੀ।
ਪੈਰੀਂ ਪਵਨ ਨ ਛੋਡੀਏ ਕਲੀ ਕਾਲ ਰਹਿਰਾਸ ਕਰੇਹੀ।
ਪਾਪ ਤਰੇ ਗੁਰਸਿਖ ਤਰੇਹੀ[੩]

ਜਦੋਂ ਇਕ ਵਾਰ ਜੀਵ ਸਤਿਸੰਗ ਵਿਚ ਚਲਾ ਜਾਂਦਾ ਹੈ, ਫਿਰ ਇਸ ਦਾ

---

੧- ਬਿਹਾਗੜਾ ਮ:੫, ਆਦਿ ਗ੍ਰੰਥ, ਪੰਨਾ ੫੪੬
੨- ਬਿਲਾਵਲ ਮ:੫, ਆਦਿ ਗ੍ਰੰਥ, ਪੰਨਾ ੮੧੧
੩- ਵਾਰਾਂ ਭਾਈ ਗੁਰਦਾਸ, ਵਾਰ ੧, ਪਉੜੀ ੩

ਉਥੋਂ ਪਰਤਣਾ ਔਖਾ ਹੋ ਜਾਂਦਾ ਹੈ। ਉਥੇ ਪੁੱਜ ਕੇ ਮਨ ਰੁਸ਼ਨਾਇਆ ਜਾਂਦਾ ਹੈ।[1] ਤਦੇ ਭਲੀ ਸੰਗਤ ਨੂੰ ਸਰਵੋਤਮ ਆਖਿਆ ਗਿਆ ਹੈ, ਇਸ ਨੂੰ ਪਰਮਪਦਵੀ ਪ੍ਰਦਾਨ ਕੀਤੀ ਹੈ।[2]

ਸਤਿ ਸੰਗਤ ਅਥਵਾ ਸਾਧ ਸੰਗਤ ਕੀਤਿਆਂ ਜੀਵ ਦੇ ਪੰਜ ਚੋਰ (ਕਾਮ, ਕ੍ਰੋਧ, ਲੋਭ, ਮੋਹ, ਹੰਕਾਰ) ਅਗੇ ਲੱਗ ਕੇ ਨਸ ਜਾਂਦੇ ਹਨ ਤੇ ਜੀਵ ਦਾ ਕੋਈ ਨੁਕਸਾਨ ਨਹੀਂ ਹੋ ਸਕਦਾ।[3] ਮਨ ਨੂੰ ਵਸ ਕਰਨ ਦੇ ਸਾਰੇ ਉਪਾਵਾਂ ਵਿਚੋਂ ਉੱਤਮ ਸਾਧ ਸੰਗ ਹੈ। ਬਹੁਤਾ ਧਨ ਇਕੱਠਾ ਕੀਤਿਆਂ ਸੁਖ ਨਹੀਂ ਮਿਲ ਸਕਦਾ, ਨ ਹੀ ਦੇਸ ਪ੍ਰਦੇਸ ਘੁੰਮਿਆਂ ਮਨ ਨੂੰ ਸ਼ਾਂਤੀ ਮਿਲ ਸਕਦੀ ਹੈ। ਸੁਖ ਤਾਂ ਸਾਧ ਸੰਗਤ ਵਿਚ ਆ ਕੇ ਮਿਲ ਸਕਦਾ ਹੈ, ਜਿਥੇ ਹਰੀ ਦਾ ਨਾਮ ਜਪਿਆਂ ਦੁਖਾਂ ਵੱਲ ਧਿਆਨ ਹੀ ਨਹੀਂ ਜਾ ਸਕਦਾ।[4] ਸੋ ਜੀਵ ਸਾਧ ਸੰਗ ਰੂਪੀ ਅੰਮ੍ਰਿਤ ਪੀਵੇ ਜਿਸ ਦੇ ਪੀਣ ਨਾਲ ਆਤਮਾ ਅਮਰ ਹੋ ਜਾਂਦੀ ਹੈ।[5] ਸਾਰੇ ਪਾਪ ਉਤਰ ਜਾਂਦੇ ਹਨ।[6] ਜਿਸ ਨੂੰ ਸਾਧਾਂ ਦੀ ਸੰਗਤ ਦਾ ਸੁਭਾਗ ਮਿਲ ਜਾਂਦਾ ਹੈ, ਉਸ ਤੇ ਸਮਝੋ ਪਰਮਾਤਮਾ ਦਾ ਰੰਗ ਚੜ੍ਹ ਜਾਂਦਾ ਹੈ।[7] ਸਾਧ ਸੰਗਤ ਵਿਚ ਆ ਕੇ ਆਪਣੇ ਪਰਾਏ

---

੧- ਕਬਹੂ ਸਾਧ ਸੰਗਤਿ ਇਹੁ ਪਾਵੈ।। ਉਸੁ ਅਸਥਾਨ ਤੇ ਬਹੁਰਿ ਨ ਆਵੈ।।
ਅੰਤਰਿ ਹੋਇ ਗਿਆਨ ਪਰਗਾਸੁ।। ਉਸੁ ਅਸਥਾਨ ਕਾ ਨਹੀ ਬਿਨਾਸੁ।।
—ਸੁਖਮਨੀ, ਆਦਿ ਗ੍ਰੰਥ, ਪੰਨਾ ੨੭੮

੨- ਮੇਰੇ ਮਾਧਉ ਜੀ ਸਤ ਸੰਗਤਿ ਮਿਲੇ ਸਿ ਤਰਿਆ।।
ਗੁਰ ਪਰਸਾਦਿ ਪਰਮਪਦੁ ਪਾਇਆ ਸੂਕੇ ਕਾਸਟ ਹਰਿਆ।।
—ਗੂਜਰੀ ਮ:੫, ਆਦਿ ਗ੍ਰੰਥ, ਪੰਨਾ ੧੦ ਤੇ ੪੯੫

੩- ਪੰਚ ਚੋਰ ਆਗੈ ਭਗੇ ਜਬ ਸਾਧ ਸੰਗੇਤ।।
ਪੂੰਜੀ ਸਾਬਤੁ ਘਣੋ ਲਾਭੁ ਗ੍ਰਿਹਿ ਸੋਭਾ ਸੇਤ।। —ਬਿਲਾਵਲ ਮ:੫, ਆਦਿ ਗ੍ਰੰਥ, ਪੰ. ੮੧੦

੪- ਸੁਖੁ ਨਾਹੀ ਬਹੁਤੈ ਧਨਿ ਖਾਟੇ।। ਸੁਖੁ ਨਾਹੀ ਪੇਖੇ ਨਿਰਤਿ ਨਾਟੇ।।
ਸੁਖੁ ਨਾਹੀ ਬਹੁ ਦੇਸ ਕਮਾਏ।। ਸਰਬ ਸੁਖਾ ਹਰਿ ਹਰਿ ਗੁਣ ਗਾਏ।। ਤੇ
ਸਾਧ ਸੰਗਤਿ ਪਾਈਐ ਵਡਭਾਗੀ ਗੁਰਮੁਖਿ ਹਰਿ ਹਰਿ ਨਾਮ ਕਹਹੁ।।
—ਭੈਰਉ ਮ:੫, ਆਦਿ ਗ੍ਰੰਥ, ਪੰਨਾ ੧੧੪੭

੫- ਸਾਧਸੰਗਿ ਹਰਿ ਅੰਮ੍ਰਿਤੁ ਪੀਜੈ।। ਨ ਜੀਉ ਮਰੈ ਨ ਕਬਹੂ ਛੀਜੈ।।
—ਵਡਹੰਸੁ ਮ:੫, ਆਦਿ ਗ੍ਰੰਥ, ਪੰਨਾ ੫੬੩

੬- ਸਗਲ ਪਰਾਛਤ ਲਾਥੇ।। ਮਿਲਿ ਸਾਧ ਸੰਗਤਿ ਕੈ ਸਾਥੇ।।
—ਸੋਰਠਿ ਮ:੫, ਆਦਿ ਗ੍ਰੰਥ, ਪੰਨਾ ੬੨੧

੭- ਜਿਸਹਿ ਪਰਾਪਤਿ ਸਾਧ ਸੰਗੁ।। ਤਿਸੁ ਜਨ ਲਾਗਾ ਪਾਰਬ੍ਰਹਮ ਰੰਗੁ।।
— ਬਸੰਤ ਮ:੫, ਆਦਿ ਗ੍ਰੰਥ, ਪੰਨਾ ੧੧੮੧

ਦਾ ਭੇਦ ਮਿਟ ਜਾਂਦਾ ਹੈ, ਸਾਰੇ ਹੀ ਆਪਣੇ ਦਿਸਦੇ ਹਨ।[1]

ਸਤਿਸੰਗ, ਸਾਧ ਸੰਗ, ਸੰਤ ਸੰਗਤ, ਸੰਤ ਮੰਡਲ, ਸੰਤ ਸਭਾ- ਇਹ ਸਾਰੇ ਸਮਾਨ-ਅਰਥਕ ਸ਼ਬਦ ਹਨ। ਗੁਰੂ ਅਰਜਨ ਦੇਵ ਜੀ ਸਤਿ ਸੰਗ ਲਈ 'ਸੰਤ-ਮੰਡਲ' ਸਮਾਸ ਵੀ ਵਰਤਦੇ ਹਨ। ਸੰਤ ਮੰਡਲ ਵਿਚ ਆ ਕੇ ਪ੍ਰਭੂ ਨਾਮ ਚਿਤ ਆਉਂਦਾ ਹੈ। ਦੂਈ ਭਾਵ ਨਸ ਜਾਂਦਾ ਹੈ। ਇਕ ਪਰਮਾਤਮਾ ਨਾਲ ਪ੍ਰੀਤ ਇਸ ਸੰਤ ਮੰਡਲ ਦੀ ਪਵਿਤਰ ਰੀਤ ਹੈ। ਸੋ ਸੰਤ ਮੰਡਲ ਉਸ ਨੂੰ ਕਹਿੰਦੇ ਹਨ ਜਿਥੇ ਕੇਵਲ ਪਰਮਾਤਮਾ ਦਾ ਨਾਮ ਯਾਦ ਕੀਤਾ ਜਾਂਦਾ ਹੈ।[2]

ਆਪਣੇ ਪ੍ਰਭੂ ਨੂੰ ਪ੍ਰਾਪਤ ਕਰਨ ਦਾ ਕੀ ਸਾਧਨ ਹੈ, ਗੁਰੂ ਜੀ ਆਪ ਹੀ ਜੁਆਬ ਦਿੰਦੇ ਹਨ ਕਿ ਸਤਿ ਸੰਗਤ ਵਿਚ ਪਰਮਾਤਮਾ ਵਸਦਾ ਹੈ। ਉਥੇ ਜਾ ਕੇ ਜੀਵ ਪਰਮਾਤਮਾ ਨੂੰ ਲਭ ਸਕਦਾ ਹੈ।

ਸਤ ਸੰਗਤ ਤੋਂ ਬਿਨ੍ਹਾਂ ਮਾਨਸਕ ਸੁਖ ਨਹੀਂ ਮਿਲ ਸਕਦਾ। ਸਾਧਾਂ ਦੀ ਸੰਗਤ ਭਾਗਾਂ ਨਾਲ ਮਿਲਦੀ ਹੈ, ਜੇ ਪ੍ਰਭੂ ਦੀ ਬਖਸ਼ਸ਼ ਹੋਵੇ।[3]

ਸਾਧ ਸੰਗਤ ਬਾਰੇ ਗੁਰੂ ਜੀ ਨੇ ਇਕ ਹੀ ਸ਼ਬਦ ਵਿਚ 'ਕੁੱਜੇ ਵਿਚ ਦਰਿਆ' ਬੰਦ ਕੀਤਾ ਹੈ:-

ਪਿੰਗੁਲ ਪਰਬਤ ਪਾਰਿ ਪਰੇ ਖਲ ਚਤੁਰ ਬਕੀਤਾ।।
ਅੰਧੁਲੇ ਤ੍ਰਿਭਵਣ ਸੂਝਿਆ ਗੁਰ ਭੇਟਿ ਪੁਨੀਤਾ।।
ਮਹਿਮਾ ਸਾਧੂ ਸੰਗ ਕੀ ਸੁਨਹੁ ਮੇਰੇ ਮੀਤਾ।।
ਮੈਲੁ ਖੋਈ ਕੋਟਿ ਅਘ ਹਰੇ ਨਿਰਮਲ ਭਏ ਚੀਤਾ।।ਰਹਾਉ।।
--- --- ---
ਸਿੰਘੁ ਬਿਲਾਈ ਹੋਇ ਗਇਓ ਤ੍ਰਿਣੁ ਮੇਰੁ ਦਿਖੀਤਾ।।
ਸ੍ਰਮੁ ਕਰਤੇ ਦਮ ਆਢ ਕਉ ਤੇ ਗਨੀ ਧਨੀਤਾ।[4]

---

੧- ਬਿਸਰਿ ਗਈ ਸਭ ਤਾਤਿ ਪਰਾਈ।।ਜਬ ਤੇ ਸਾਧ ਸੰਗਤਿ ਮੋਹਿ ਪਾਈ।।
ਨ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ।।
—ਕਾਨੜਾ ਮ:੫,ਆਦਿ ਗ੍ਰੰਥ,ਪੰਨਾ ੧੨੯੯

੨- ਸੰਤ ਮੰਡਲ ਮਹਿ ਹਰਿ ਮਨਿ ਵਸੈ।।ਸੰਤ ਮੰਡਲ ਮਹਿ ਦੁਰਤੁ ਸਭ ਨਸੈ।।
ਸੰਤ ਮੰਡਲ ਮਹਿ ਨਿਰਮਲ ਰੀਤਿ।।ਸੰਤ ਸੰਗਿ ਹੋਇ ਏਕ ਪਰੀਤਿ।।
ਸੰਤ ਮੰਡਲੁ ਤਹਾ ਕਾ ਨਾਉ।।ਪਾਰਬ੍ਰਹਮ ਕੇਵਲ ਗੁਣ ਗਾਉ।।
—ਭੈਰਉ ਮ:੫,ਆਦਿ ਗ੍ਰੰਥ, ਪੰਨਾ ੧੧੪੬

੩- ਕਰਮੁ ਹੋਵੈ ਸਤ ਸੰਗਿ ਮਿਲਾਇ।।ਹਰਿਗੁਣ ਗਾਵੈ ਬੈਸਿ ਸੁ ਥਾਇ।।
—ਗਉੜੀ ਗੁਆਰੇਰੀ ਮ:੫,ਆਦਿ ਗ੍ਰੰਥ, ਪੰਨਾ ੧੫੮

੪- ਬਿਲਾਵਲ ਮ:੫,ਆਦਿ ਗ੍ਰੰਥ, ਪੰਨਾ ੮੦੯-੧੦

ਸਾਧ ਸੰਗਤ ਵਲ ਜਾਣ ਲਈ ਗੁਰੂ ਜੀ ਨੇ ਜੀਵ ਨੂੰ ਪ੍ਰੇਰਨਾ ਕੀਤੀ ਹੈ।[1] ਜੀਵ ਨੂੰ ਸਤ ਸੰਗੀ ਅਜਿਹੇ ਲੋੜੀਂਦੇ ਹਨ, ਜੋ ਲੋੜ ਪੈਣ ਤੇ ਸਹਾਈ ਹੋ ਸਕਣ, ਕੱਚੇ ਸਾਥੀਆਂ ਨਾਲੋਂ ਤਾਂ ਸਾਥ ਆਪ ਹੀ ਤੋੜ ਲੈਣਾ ਚੰਗਾ ਹੈ, ਤਾਂਕਿ ਧੋਖੇ ਦੀ ਗੁੰਜਾਇਸ਼ ਨਾ ਰਹੇ।[2] ਝੂਠੇ ਪੁਰਸ਼ ਨਾਲ ਵੀ ਸਾਥ ਨਹੀਂ ਨਿਭ ਸਕਦਾ।[3] ਇਸ ਕਰਕੇ ਕੁਮਿਤਰਾਂ (ਜੋ ਮਿਤਰ ਬਣਨ ਦੇ ਕਾਬਲ ਨਹੀਂ ਹੋ ਸਕਦੇ) ਨਾਲੋਂ ਸਾਥ ਤੋੜ ਲੈਣਾ ਚੰਗਾ ਹੈ।[4] ਕੁਸੰਗਤ ਚੌਲਾਂ ਕਾਰਨ ਤੋਹਾਂ ਨੂੰ ਵੀ ਮਾਰ ਪੁਆਉਂਦੀ ਹੈ:-

ਕਬੀਰ ਚਾਵਲ ਕਾਰਨੇ ਤੁਖ ਕਉ ਮੁਹਲੀ ਲਾਇ।।[5]
ਸੰਗਿ ਕੁਸੰਗੀ ਬੇਸਤੇ ਤਬ ਪੁਛੇ ਧਰਮ ਰਾਇ।।

ਅ- <u>ਕੀਰਤਨ</u>

ਉਹ ਸ਼ਬਦ, ਉਹ ਆਵਾਜ਼, ਜਿਸ ਨੂੰ ਸੁਣ ਕੇ ਅਨੰਦ ਦੀ ਪ੍ਰਾਪਤੀ ਹੋਵੇ, ਉਸ ਦਾ ਨਾਮ ਰਾਗ ਹੈ। ਰਾਗ ਦਾ ਸਿੱਧਾ ਸਬੰਧ ਆਤਮਾ ਨਾਲ ਹੈ।

ਕਾਵਿ, ਚਿਤਰਕਾਰੀ ਤੇ ਰਾਗ ਕੋਮਲ ਹੁਨਰ ਹਨ। ਰਾਗ ਇਨ੍ਹਾਂ ਸਾਰਿਆਂ ਵਿਚੋਂ ਬਾਰੀਕ ਹੁਨਰ ਹੈ। ਸੁਰ ਨੂੰ ਇਕ ਖ਼ਾਸ ਢੰਗ ਨਾਲ ਹਰਕਤ ਵਿਚ ਲਿਆਉਣ ਨੂੰ ਰਾਗ ਆਖਦੇ ਹਨ। ਜੇਕਰ ਸੁਰ ਵਿਚ ਇਕ ਸੁਰਤਾ ਨਹੀਂ ਹੋਵੇਗੀ ਤਾਂ ਇਹ ਰਾਗ ਨਹੀਂ, ਰੌਲਾ ਗੌਲਾ ਕਿਹਾ ਜਾ ਸਕਦਾ ਹੈ। ਰਾਗ ਕੇਵਲ ਸੁਰ ਤੇ ਹਵਾ ਨੂੰ[6] ਤਰਤੀਬ ਵਿਚ ਬੰਨ੍ਹਣ ਦਾ ਨਾਂ ਹੈ, ਜਿਸ ਨੂੰ ਸੁਣ ਕੇ ਮਨ ਪ੍ਰਸੰਨ ਹੋਵੇ, ਮਨ ਵਿਚ ਪ੍ਰੀਤ ਉਪਜੇ।

ਰਾਗ ਨੂੰ ਰੂਹ ਦੀ ਖੁਰਾਕ ਕਿਹਾ ਜਾਂਦਾ ਹੈ। ਰਾਗ ਦੇ ਕਦਰਦਾਨ ਦੀ ਗੱਲ ਤਾਂ ਇਕ ਪਾਸੇ, ਇਕ ਬੱਚੇ ਸਾਹਮਣੇ ਸਾਜ਼ ਵਜਾਓ, ਉਹ ਵਧੇਰੇ ਖੁਸ਼ ਹੁੰਦਾ ਹੈ ਤੇ ਉਛਲਦਾ ਹੈ। ਰਾਗ ਦਾ ਅਸਰ ਕੇਵਲ ਮਨੁੱਖਾਂ ਤੇ ਹੀ ਨਹੀਂ, ਪਸ਼ੂਆਂ ਤੇ ਵੀ ਹੁੰਦਾ ਹੈ- ਘੰਡਾ ਹੇੜੇ ਦਾ ਨਾਦ ਸੁਣ ਕੇ ਹਿਰਨ ਸ਼ਿਕਾਰੀ ਪਾਸ ਫਸ ਜਾਂਦਾ ਹੈ, ਬੀਨ ਸੁਣ ਕੇ ਸੱਪ ਸਿਰ ਸੁੱਟ ਦੇਂਦਾ ਹੈ।

---

੧- ਕਰਿ ਮਿਤ੍ਰਾਈ ਸਾਧ ਸਿਉ ਨਿਹਚਲ ਪਾਵਹਿ ਠਾਉ।।
—ਆਸਾਵਰੀ ਮ:੫, ਆਦਿ ਗ੍ਰੰਥ, ਪੰਨਾ ੪੩੧

੨- ਨਾਨਕ ਕਚੜਿਆ ਸਿਉ ਤੋੜਿ ਢੂਢਿ ਸਜਣ ਸੰਤ ਪਕਿਆ।।
—ਮਾਰੂ ਦੀ ਵਾਰ ਮ:੫, ਆਦਿ ਗ੍ਰੰਥ, ਪੰਨਾ ੧੧੦੨

੩- ਕੂੜਾ ਗੰਢੁ ਨ ਚਲਈ ਚਿਕੜਿ ਪਥਰ ਬੰਧੁ।।
—ਵਾਰ ਰਾਮਕਲੀ ਮ:੫, ਆਦਿ ਗ੍ਰੰਥ, ਪੰਨਾ ੯੫੯

੪- ਕੁਮਿਤ੍ਰਾ ਸੇਈ ਕਾਂਢੀਅਹਿ ਇਕ ਵਿਖ ਨ ਚਲਹਿ ਸਾਥਿ।।
—ਗਉੜੀ ਕੀ ਵਾਰ ਮ:੫, ਆਦਿ ਗ੍ਰੰਥ, ਪੰਨਾ ੩੧੮

੫- ਸਲੋਕ ਮ:੫, ਆਦਿ ਗ੍ਰੰਥ, ਪੰਨਾ ੧੩੭੫

੬- ---ਰਾਗ ਦੋਖ ਤੇ ਨਿਆਰੋ।। —ਸੂਹੀ ਛੰਤ ਮ:੫, ਆਦਿ ਗ੍ਰੰਥ, ਪੰਨਾ ੭੮੪-੮੫

ਹੋਰ ਹੁਨਰਾਂ ਵਾਂਗ ਰਾਗ ਵਿਦਿਆ ਵਿਚ ਵੀ ਭਾਰਤ ਨੇ ਖ਼ਾਸ ਮੁਹਾਰਤ ਹਾਸਲ ਕੀਤੀ ਹੋਈ ਹੈ। ਗੁਰਮਤ ਨੇ ਇਕ ਨਵੀਂ ਚੀਜ਼ ਸਮਾਜ ਦੇ ਸਾਹਮਣੇ ਰਖੀ- ਕੀਰਤਨ। ਗੁਰਬਾਣੀ ਤੇ ਰਾਗ ਮਿਲਾ ਕੇ ਵਾਹਿਗੁਰੂ ਦੀ ਉਸਤਤੀ ਸਿੱਖ ਗੁਰੂਆਂ ਨੇ ਹੀ ਸਿਖਾਈ ਹੈ। ਇਹ ਕੀਰਤਨ ਵਾਹਿਗੁਰੂ ਦੀ ਪ੍ਰਾਪਤੀ ਲਈ ਰੁਚੀ ਤੇ ਵਾਯੂਮੰਡਲ ਪੈਦਾ ਕਰਦਾ ਹੈ। ਅਰਸਤੂ ਨੇ ਕਿਹਾ ਹੈ- ਰਾਗ ਵਰਗੀ ਦੁਰਲੱਭ ਵਸਤੂ ਨੀਵੀਂ ਵਰਤੋਂ ਲਈ ਨਹੀਂ, ਬਲਕਿ ਮਨ ਦੀ ਅਸ਼ਾਂਤੀ ਤੇ ਖਿਆਲਾਂ ਦੀ ਪਰੇਸ਼ਾਨੀ ਨੂੰ ਦੂਰ ਕਰਨ ਲਈ ਪ੍ਰਾਪਤ ਹੋਈ ਹੈ।[੧]

ਗੁਰੂ ਨਾਨਕ ਦੇਵ ਜੀ ਦੇ ਸਮੇਂ ਰਾਗ ਦੀ ਵਰਤੋਂ ਕਾਫ਼ੀ ਨੀਵੀਂ ਪੱਧਰ ਤੇ ਹੁੰਦੀ ਸੀ। ਸ਼ਾਹੀ ਦਰਬਾਰਾਂ ਵਿਚ ਤੇ ਕੋਠਿਆਂ ਤੇ ਵੇਸਵਾਵਾਂ ਦਾ ਨਾਚ ਗਾਉਣਾ ਹੁੰਦਾ ਸੀ। ਗੁਰੂ ਨਾਨਕ ਦੇਵ ਜੀ ਨੇ ਰਾਗ ਨੂੰ ਈਸ਼ਵਰ ਭਗਤੀ ਲਈ ਵਰਤਿਆ। ਜਦੋਂ ਆਪ ਸੁਲਤਾਨਪੁਰ ਲੋਧੀ ਤੋਂ ਪਹਿਲੀ ਉਦਾਸੀ ਲਈ ਚਲੇ ਤਾਂ ਆਪ ਨੇ ਭਾਈ ਫਿਰੰਦੇ[੨] ਪਾਸੋਂ ਰਬਾਬ[੩] ਮੰਗਵਾਇਆ।[੪] ਆਪ ਨੇ ਰਬਾਬ ਸਾਥੀ ਮਰਦਾਨੇ ਨੂੰ ਦਿੱਤਾ ਤੇ ਗੁਰਬਾਣੀ ਦਾ ਪਵਿਤਰ ਸੰਦੇਸ਼ ਕੀਰਤਨ ਰਾਹੀਂ ਦੇਂਦੇ ਹੋਏ ਦੇਸ ਰਟਨ ਕਰਦੇ ਰਹੇ। ਗੁਰੂ ਅੰਗਦ ਦੇਵ ਜੀ ਦੇ ਦਰਬਾਰ ਵਿਚ ਭਾਈ ਸਾਦੂ ਤੇ ਭਾਈ ਬਾਦੂ ਕੀਰਤਨ ਕਰਿਆ ਕਰਦੇ ਸਨ। ਤੀਸਰੀ ਪਾਤਸ਼ਾਹੀ ਵੀ ਕੀਰਤਨ ਦੇ ਬੜੇ ਰਸੀਏ ਸਨ, ਚੌਥੀ ਪਾਤਸ਼ਾਹੀ ਦੇ ਸਮੇਂ ਵਿਚ ਵੀ ਕੀਰਤਨ ਹੁੰਦਾ ਸੀ। ਇਨ੍ਹਾਂ ਗੁਰੂ ਜੀ ਨੇ ਆਪਣੀ ਸਾਰੀ ਰਚਨਾ ਰਾਗਾਂ ਵਿਚ ਲਿਖੀ।

ਭਾਵੇਂ ਗੁਰੂ ਨਾਨਕ ਦੇਵ ਜੀ ਦਾ ਕੀਰਤਨ ਨਾਲ ਪਿਆਰ ਸੀ ਤੇ ਹਰ ਸਮੇਂ ਮਿਰਾਸੀ ਮਰਦਾਨਾ ਕੀਰਤਨ ਲਈ ਆਪ ਦਾ ਸਾਥੀ ਸੀ, ਪਰ ਕੀਰਤਨ ਨੂੰ ਸਿੱਖਾਂ ਲਈ ਸਤਿਸੰਗਤ ਵਿਚ ਪ੍ਰਚਲਤ ਗੁਰੂ ਅਰਜਨ ਦੇਵ ਜੀ ਨੇ ਹੀ ਕੀਤਾ। ਗੁਰੂ ਅਰਜਨ ਦੇਵ

---

੧- ਗੁਰਮਤ ਫਿਲਾਸਫੀ, ਗਿਆਨੀ ਪ੍ਰਤਾਪ ਸਿੰਘ, ਪੰਨਾ ੨੩੯

੨- ਰਾਗ ਵਿਦਿਆ ਦਾ ਇਕ ਪੰਡਤ ਹੋਇਆ ਹੈ, ਜਿਸ ਨੇ ਗੁਰੂ ਨਾਨਕ ਦੇਵ ਜੀ ਦੀ ਆਗਿਆ ਨਾਲ ਭਾਈ ਮਰਦਾਨੇ ਨੂੰ ਰਾਗ ਵਿਦਿਆ ਸਿਖਾਈ ਤੇ ਰਬਾਬ (ਸਾਜ਼) ਸਤਿਗੁਰਾਂ ਦੀ ਭੇਟਾ ਕੀਤਾ। (ਮਹਾਨ ਕੋਸ਼, ਪੰਨਾ ੬੧੨)
ਭਾਈ ਫਿਰੰਦਾ ਭੈਰੋਆਣਾ (ਜੋ ਬਾਣਾ ਸੁਲਤਾਨਪੁਰ ਲੋਧੀ ਦੇ ਨੇੜੇ ਇਕ ਰੇਲਵੇ ਸਟੇਸ਼ਨ ਗਿਦੜ ਪਿੰਡੀ ਤੋਂ ਦੋ ਮੀਲ ਉਤਰ ਨੂੰ ਹੈ) ਦਾ ਰਹਿਣ ਵਾਲਾ ਸੀ। ਇਥੇ ਹੀ ਗੁਰੂ ਜੀ ਮਰਦਾਨੇ ਨੂੰ ਨਾਲ ਲੈ ਕੇ ਆਏ ਸਨ।

੩- ਸੰਗੀਤ ਵਿਚ ਇਸ ਦਾ ਨਾਂ "ਰਾਵਣ ਵੀਣਾ" ਹੈ-ਮਹਾਨ ਕੋਸ਼, ਪੰਨਾ ੭੬੯

੪- ਸਾਦਕ ਅਲੀ ਖਾਂ ਦੀ ਪੁਸਤਕ 'ਸਰਮਾਇਆ ਇਸ਼ਰਤ' (ਉਰਦੂ) ਵਿਚ ਲਿਖਿਆ ਹੈ ਕਿ ਰਬਾਬ ਗੁਰੂ ਨਾਨਕ ਦੇਵ ਜੀ ਦੀ ਕਾਢ ਹੈ।

ਜੀ ਆਪ ਅਦਭੁਤ ਰਾਗੀ ਸਨ।[1]

ਸਤਾ ਤੇ ਬਲਵੰਡ ਆਪ ਦੇ ਦਰਬਾਰ ਵਿਚ ਕੀਰਤਨ ਕਰਦੇ ਸਨ। ਇਕ ਦਿਨ ਇਨ੍ਹਾਂ ਨੇ ਨਿਜੀ ਜ਼ਰੂਰਤ ਲਈ ਇਕ ਦਿਨ ਦੇ ਚੜ੍ਹਾਵੇ ਦੀ ਮਾਇਆ ਗੁਰੂ ਜੀ ਪਾਸੋਂ ਮੰਗੀ, ਗੁਰੂ ਜੀ ਨੇ ਮੰਗ ਮੰਨ ਲਈ। ਅਚਾਨਕ ਉਸ ਦਿਨ ਮਾਇਆ ਥੋੜ੍ਹੀ ਚੜ੍ਹੀ। ਸਤਾ, ਬਲਵੰਡ ਨਾਰਾਜ਼ ਹੋ ਗਏ। ਅਗਲੇ ਦਿਨ ਉਹ ਗੁਰੂ ਦਰਬਾਰ ਵਿਚ ਕੀਰਤਨ ਕਰਨ ਨ ਆਏ। ਕੀਰਤਨ ਦੇ ਰਸੀਏ, ਗੁਰੂ ਜੀ ਆਪ ਚਲ ਕੇ ਰਾਗੀਆਂ ਦੇ ਘਰ ਗਏ, ਉਨ੍ਹਾਂ ਨੂੰ ਕੀਰਤਨ ਕਰਨ ਆਉਣ ਲਈ ਕਿਹਾ। ਉਨ੍ਹਾਂ ਮਾਇਆ ਦੇ ਲਾਲਚੀਆਂ ਨੇ ਮੰਨਣਾ ਤਾਂ ਕੀ ਸੀ, ਸਗੋਂ ਗੁਰੂ ਘਰ ਦੀ ਨਿੰਦਾ ਕਰਨ ਲਗ ਪਏ। ਗੁਰੂ ਅਰਜਨ ਦੇਵ ਜੀ ਆਪਣੀ ਨਿੱਜੀ ਨਿੰਦਾ ਤਾਂ ਸਹਾਰ ਗਏ ਪਰ ਗੁਰੂ ਨਾਨਕ ਦੇ ਘਰ ਲਈ ਨਿਰਾਦਰੀ ਭਰੇ ਤੇ ਮੰਦੇ ਸ਼ਬਦ ਸਹਿਨ ਨਹੀਂ ਕਰ ਸਕੇ। ਵਾਪਸ ਆ ਕੇ ਆਪਣੇ ਸਿੱਖਾਂ ਨੂੰ ਸਾਜ਼ ਵਜਾਣੇ ਦੱਸੇ, ਆਪ ਸਰੰਦਾ[2] ਪਕੜਿਆ ਤੇ ਕੀਰਤਨ ਕਰਨ ਲਗ ਪਏ। ਤਦ ਤੋਂ ਆਮ ਸਿੱਖਾਂ ਵਿਚ ਕੀਰਤਨ ਕਰਨਾ ਪ੍ਰਚਲਤ ਹੋ ਗਿਆ।

ਗੁਰੂ ਅਰਜਨ ਦੇਵ ਜੀ ਨੇ ੩੦ ਰਾਗਾਂ ਦੀ ਵਰਤੋਂ ਕੀਤੀ ਹੈ, ਇਨ੍ਹਾਂ ਵਿਚੋਂ ਕੋਈ ਵੀ ਰਾਗ ਤਿੱਖਾ ਨਹੀਂ। ਸਾਰਿਆਂ ਰਾਗਾਂ ਵਿਚ ਆਮ ਕਰਕੇ ਸ਼ਿੰਗਾਰ ਰਸ ਤੇ ਸ਼ਾਂਤ ਰਸ ਦੀ ਪ੍ਰਧਾਨਤਾ ਹੈ। ਦਰਬਾਰ ਸਾਹਿਬ ਵਿਚ ਪ੍ਰਚਲਤ ਚਾਰ ਚੌਂਕੀਆਂ[3] ਕੀਰਤਨ ਦੀ ਹੀ ਮਹਾਨਤਾ ਦਰਸਾਉਂਦੀਆਂ ਹਨ:-

੧- ਅੰਮ੍ਰਿਤ ਵੇਲੇ 'ਆਸਾ ਦੀ ਵਾਰ' ਦੀ ਚੌਂਕੀ।
੨- ਸਵਾ ਪਹਿਰ ਦਿਨ ਚੜ੍ਹੇ 'ਚਰਨ ਕੰਵਲ' ਦੀ ਚੌਂਕੀ, 'ਚਰਨ ਕੰਵਲ ਪ੍ਰਭ ਕੇ ਨਿਤ ਧਿਆਏ', ਸ਼ਬਦ ਨਾਲ ਸ਼ੁਰੂ ਹੋਣ ਕਰਕੇ ਇਹੀ ਨਾਮ ਪ੍ਰਚਲਤ ਹੋ ਗਿਆ।
੩- ਸ਼ਾਮ ਨੂੰ ਸੋਦਰ ਦੀ ਚੌਂਕੀ, 'ਸੋਦਰ ਕੇਹਾ ਸੋ ਘਰ ਕੇਹਾ' ਸ਼ਬਦ ਤੋਂ ਆਰੰਭ ਹੋਣ ਕਰਕੇ ਇਹ ਨਾਮ ਪੈ ਗਿਆ।
੪- ਚਾਰ ਘੜੀ ਰਾਤ ਗਏ 'ਕਲਿਆਣ ਦੀ ਚੌਂਕੀ', ਇਸ ਵਿਚ ਕਲਿਆਣ ਰਾਗ ਦੇ

---

੧- ਗੁਰਮਤ ਫਿਲਾਸਫੀ, ਗਿਆਨੀ ਪ੍ਰਤਾਪ ਸਿੰਘ, ਪੰਨਾ ੨੩੯
੨- ਉਤਮ ਸੁਰ ਦੇਣ ਵਾਲਾ ਤਾਰ ਦਾਰ ਸਾਜ਼ ਹੈ, ਜੋ ਗਜ਼ ਨਾਲ ਵਜਾਈਦਾ ਹੈ, ਇਹ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪਣੀ ਤਜਵੀਜ਼ ਨਾਲ ਬਣਵਾਕੇ ਸਿਖ ਰਾਗੀਆਂ ਨੂੰ ਬਖ਼ਸ਼ਿਆ ਤੇ ਵਜਾਉਣਾ ਸਿਖਾਇਆ।(ਮਹਾਨ ਕੋਸ਼, ਪੰਨਾ ੧੨੮)
੩- ਚੌਂਕੀ-ਉਸ ਭਜਨ ਮੰਡਲੀ ਨੂੰ ਕਿਹਾ ਜਾਂਦਾ ਹੈ, ਜੋ ਪਰਕਰਮਾ ਕਰਦੀ ਹੋਈ ਸ਼ਬਦ ਗਾਵੇ।

ਸ਼ਬਦ ਗਾਏ ਜਾਂਦੇ ਹਨ।

ਸਾਰੇ ਧਰਮ ਕੀਰਤਨ ਦੇ ਕ੍ਰਿਸ਼ਮੇ ਨੂੰ ਮੰਨਦੇ ਤਾਂ ਹਨ, ਪਰ ਜਿਸ ਹੱਦ ਤਕ ਸਿੱਖ ਧਰਮ ਨੇ ਕੀਰਤਨ ਨੂੰ ਵਡਿਆਇਆ ਹੈ, ਸ਼ਾਇਦ ਸੰਸਾਰ ਦਾ ਕੋਈ ਧਰਮ ਉਥੋਂ ਤਕ ਨਹੀਂ ਪੁੱਜ ਸਕਿਆ[1]। ਸਿੱਖ ਧਰਮ ਦਾ ਗ੍ਰੰਥ ਹੀ ਰਾਗਾਂ ਵਿਚ ਹੈ, ਇਸ ਵਰਗਾ ਸੰਗੀਤ-ਬਧ ਗ੍ਰੰਥ ਸੰਸਾਰ ਵਿਚ ਹੋਰ ਕੋਈ ਨਹੀਂ ਮਿਲਦਾ।

ਕੀਰਤਨ ਸ਼ਬਦ ਸੰਸਕ੍ਰਿਤ ਦੇ ਸ਼ਬਦ ਕੀਰਤਿ ਤੋਂ ਆਇਆ ਹੈ, ਜਿਸ ਦੇ ਅਰਥ ਹਨ- ਜਸ ਕਰਨਾ, ਭਗਵਾਨ ਦੀ ਕਥਾ ਸੰਗੀਤ ਦੁਆਰਾ ਕਰਨੀ। ਗੁਰਮਤ ਵਿਚ ਰਾਗ ਸਹਿਤ ਕਰਤਾਰ ਦੇ ਗੁਣ ਗਾਉਣ ਦਾ ਨਾਉਂ ਕੀਰਤਨ ਹੈ। ਜਦ ਰੱਬੀ ਬਚਨਾਂ ਨੂੰ, ਬਾਣੀਆਂ ਸਿਰ ਬਾਣੀ ਨੂੰ ਰਾਗ ਵਿਚ, ਲੈਅ ਵਿਚ ਗਾਇਆ ਜਾਵੇ, ਉਸ ਦਾ ਨਾਂ ਕੀਰਤਨ ਹੈ। ਇਹ ਕੀਰਤਨ ਮਨ ਨੂੰ ਖਿੱਚ ਹੀ ਨਹੀਂ ਪਾਂਦਾ, ਸਗੋਂ ਮਨ ਦੇ ਸੂਖ਼ਮ ਹਿੱਸੇ ਵਿਚੋਂ ਲੰਘ ਕੇ ਆਤਮਾ ਨੂੰ ਪਰਮਾਤਮਾ ਨਾਲ ਇਕ ਸੁਰ ਕਰਦਾ ਹੈ। ਪਰਮ ਪਦ ਦੀ ਪ੍ਰਾਪਤੀ ਦਾ ਸਾਧਨ ਕੀਰਤਨ ਹੈ। ਮਨ ਵਿਚ ਪ੍ਰੇਮ ਰੱਖ ਕੇ ਵਾਹਿਗੁਰੂ ਦੇ ਗੁਣਾਂ ਨੂੰ ਗਾਇਆ ਜਾਵੇ, ਗਾਉਂਦਿਆਂ ਨੂੰ ਸੁਣਿਆ ਜਾਵੇ, ਤਾਂ ਜੀਵ ਦਾ ਉਧਾਰ ਹੋ ਜਾਂਦਾ ਹੈ[2]।

ਕੀਰਤਨ ਆਤਮਾ ਨੂੰ ਸਿੱਧੀ ਖਿੱਚ ਪਾਉਂਦਾ ਹੈ, ਕਿਉਂ ਜੁ ਇਸ ਵਿਚ ਜਜ਼ਬਾਤ ਦੀ ਸਫ਼ਾਈ ਤੇ ਸਾਦਗੀ ਹੁੰਦੀ ਹੈ। ਕੀਰਤਨ ਅੰਦਰੋਂ ਧੁਰੋਂ ਦਿਲ ਦੀ ਪੁਕਾਰ ਹੈ। ਅੰਦਰਲੀ ਰੱਬੀ ਅੰਸ ਸਰਬ ਬਿਆਪੀ ਰੱਬ ਨਾਲ ਇਕ ਸੁਰ ਹੋਣਾ ਚਾਹੁੰਦੀ ਹੈ। ਇਹ ਇਕਸੁਰਤਾ ਕੀਰਤਨ ਨਾਲ ਸੌਖੀ ਪ੍ਰਾਪਤ ਹੁੰਦੀ ਹੈ। ਕੀਰਤਨ ਮੁਰਦਾ ਮਨ ਨੂੰ ਟੁੰਬਦਾ ਹੈ, ਸੁਰਜੀਤ ਕਰਦਾ ਹੈ ਤੇ ਕੰਬਣੀ ਛੇੜਦਾ ਹੈ[3]।

ਅੱਜ ਦੇ ਕਲਜੁਗ ਵਿਚ ਕੀਰਤਨ ਦੀ ਖ਼ਾਸ ਮਹਾਨਤਾ ਹੈ:-

ਸਬਦੰ ਰਤੰ ਹਿਤੰ ਮਇਆ ਕੀਰਤੰ ਕਲੀ ਕਰਮ ਕ੍ਰਿਤੁਆ।।
ਮਿਟੰਤਿ ਤਤ੍ਰਾਗਤ ਭਰਮ ਮੋਹੰ।[4]

ਭਾਗਵਦ ਪੁਰਾਣ (੧੨,੩,੫੧-੫੨) ਵਿਚ ਤੇ ਵਿਸ਼ਨੂ ਪੁਰਾਣ(੬,੨,੧੭)

---

੧- Some Studies in Sikhism, Bhai Jodh Singh, p.67.

੨- ਵਿਚਾਰ ਮਾਲਾ, ਸ਼ੇਰ ਸਿੰਘ, ਪੰਨਾ ੨੦੨

੩- ਗੁਰਮਤਿ ਦਰਸ਼ਨ, ਡਾ. ਸ਼ੇਰ ਸਿੰਘ, ਪੰਨਾ ੩੨੫-੨੬

੪- ਸਲੋਕ ਸਹਸਕ੍ਰਿਤੀ ਮ: ੫, ਆਦਿ ਗ੍ਰੰਥ, ਪੰਨਾ ੧੩੫੪

ਵਿਚ ਵੀ (ਕਲਜੁਗ ਵਿਚ) ਕੀਰਤਨ ਦੀ ਮਹਤਤਾ ਦੱਸੀ ਗਈ ਹੈ- ਜੋ ਕੁਛ ਸਤਿਯੁਗ ਵਿਚ ਧਿਆਨ ਤੋਂ, ਤ੍ਰੇਤਾ ਵਿਚ ਯੱਗ ਤੋਂ ਤੇ ਦਵਾਪਰ ਵਿਚ ਪੂਜਾ ਤੋਂ ਪ੍ਰਾਪਤ ਹੁੰਦਾ ਹੈ, ਉਹੀ ਕੁਛ ਕਲਜੁਗ ਵਿਚ ਹਰੀ ਕੀਰਤਨ ਤੋਂ ਮਿਲ ਜਾਂਦਾ ਹੈ।

ਕਲਜੁਗ ਵਿਚ ਕੀਰਤਨ ਹੀ ਜੀਵ ਦਾ ਉਧਾਰ ਕਰਨ ਵਾਲਾ ਹੈ, ਕੀਰਤਨ ਦੇ ਪ੍ਰੇਜ ਗੁਰੂ ਅਰਜਨ ਦੇਵ ਜੀ ਨੇ ਇਕ ਸੋਲਹੇ ਵਿਚ ਹਰੀ ਕੀਰਤਨ ਨੂੰ ਸਾਰੇ ਕਰਮਾਂ ਨਾਲੋਂ ਉਤਮ ਦਸਿਆ ਹੈ।[੧]

ਜੀਵ ਅਜਿਹਾ ਕੀਰਤਨ ਕਰੇ ਜੋ ਏਥੇ ਤੇ ਪ੍ਰਲੋਕ ਵਿਚ ਉਸ ਦੇ ਕੰਮ ਆਉਣਾ ਹੈ।[੨] ਪਰਮਾਤਮਾ ਦੇ ਗੁਣ ਗਾਉਣ ਨਾਲ ਮਨ ਪ੍ਰਸੰਨ ਹੋ ਜਾਂਦਾ ਹੈ ਤੇ ਕਥਾ ਸੁਣਨ ਨਾਲ[੩] ਮਨ ਦੀ ਸਾਰੀ ਮੈਲ ਉਤਰਦੀ ਹੈ। ਕੀਰਤਨ ਕਰਨ ਨਾਲ ਕੋਈ ਦੁਖ ਨੇੜੇ ਨਹੀਂ ਆਉਂਦਾ।[੪] ਆਵਾਗਵਣ ਦੇ ਚਕਰ ਵਿਚੋਂ ਛੁਟਕਾਰਾ ਮਿਲ ਜਾਂਦਾ ਹੈ।[੫]

ਸੰਸਾਰ ਵਿਚ ਹੋਰ ਸਾਰੇ ਕੀਤੇ ਕੰਮ ਕਾਜ, ਧਨ ਦੌਲਤ ਇੱਕਠੀ ਕਰਨੀ, ਸਾਰੇ ਮਾਇਆ ਜਾਲ ਆਦਿ ਕਿਸੇ ਕੰਮ ਨਹੀਂ, ਕੇਵਲ ਕੀਰਤਨ ਹੀ ਅਟੱਲ ਰਹਿਣ ਵਾਲਾ ਖ਼ਜ਼ਾਨਾ ਹੈ, ਜੋ ਜੀਵ ਦਾ ਆਧਾਰ ਬਣਦਾ ਹੈ।[੬]

ਹਰੀ ਦਾ ਜਸ ਸੁਣਨ ਵਾਲਿਆਂ ਵਿਚ ਦਵੈਤ ਭਾਵਨਾ ਨਹੀਂ ਰਹਿੰਦੀ।[੭] ਬੁਰੀ

---

੧- ਕਲਜੁਗ ਮਹਿ ਕੀਰਤਨੁ ਪਰਧਾਨਾ।।ਗੁਰਮੁਖਿ ਜਪੀਐ ਲਾਇ ਧਿਆਨਾ।।
—ਮਾਰੂ ਸੋਲਹੇ ਮ:੫,ਆਦਿ ਗ੍ਰੰਥ, ਪੰਨਾ ੧੦੭੫-੭੬ ਤੇ ਵੇਖੋ-
ਪਾਠੁ ਪੜਿਓ ਅਰੁ ਬੇਦੁ ਬੀਚਾਰਿਓ ਨਿਵਲਿ ਭੁਅੰਗਮ ਸਾਧੇ।।.....
—ਸੋਰਠਿ ਮ:੫,ਅਸਟਪਦੀ ੩,ਆਦਿ ਗ੍ਰੰਥ,ਪੰਨਾ ੬੪੧-੪੨
੨- ਐਸਾ ਕੀਰਤਨੁ ਕਰਿ ਮਨ ਮੇਰੇ।।ਈਹਾ ਊਹਾ ਜੋ ਕਾਮਿ ਤੇਰੈ।।
—ਗਉੜੀ ਮ:੫,ਆਦਿ ਗ੍ਰੰਥ, ਪੰਨਾ ੨੩੬
੩- ਗੁਣ ਗਾਵਤ ਮਨੁ ਹਰਿਆ ਹੋਵੈ।।ਕਥਾ ਸੁਣਤ ਮਲੁ ਸਗਲੀ ਖੋਵੈ।।
—ਮਾਝ ਮ:੫,ਆਦਿ ਗ੍ਰੰਥ, ਪੰਨਾ ੧੦੪
੪- ਹਰਿ ਕੀਰਤਨੁ ਸੁਣੈ ਹਰਿ ਕੀਰਤਨੁ ਗਾਵੈ।।ਤਿਸੁ ਜਨ ਦੂਖੁ ਨਿਕਟਿ ਨਹੀ ਆਵੈ।।
—ਗਉੜੀ ਮ:੫,ਆਦਿ ਗ੍ਰੰਥ,ਪੰਨਾ ੧੯੦
੫- ਹਰਿ ਦਿਨੁ ਰੈਣਿ ਕੀਰਤਨੁ ਗਾਈਐ।।ਬਹੁੜਿ ਨ ਜੋਨੀ ਪਾਈਐ।।
— ਸੋਰਠਿ ਮ:੫,ਆਦਿ ਗ੍ਰੰਥ,ਪੰਨਾ ੬੨੪
੬- ਰਾਜੁ ਮਾਲੁ ਜੰਜਾਲੁ ਕਾਜਿ ਨ ਕਿਤੈ ਗਨੋੁ।।
ਹਰਿ ਕੀਰਤਨੁ ਆਧਾਰੁ ਨਿਹਚਲੁ ਏਹੁ ਧਨੋੁ।।
—ਆਸਾ ਮ:੫,ਆਦਿ ਗ੍ਰੰਥ, ਪੰਨਾ ੩੯੮
੭- ਵੈਰ ਵਿਰੋਧ ਮਿਟੇ ਤਿਹ ਮਨ ਤੇ।।ਹਰਿ ਕੀਰਤਨੁ ਗੁਰਮੁਖਿ ਜੋ ਸੁਨਤੇ।।
—ਗਉੜੀ ਬਾਵਨ ਅਖਰੀ ਮ:੫,ਆਦਿ ਗ੍ਰੰਥ, ਪੰਨਾ ੨੫੯

ਮਤ ਦਾ ਨਾਸ ਹੋ ਜਾਂਦਾ ਹੈ, ਮਨ ਦੀਆਂ ਸਾਰੀਆਂ ਮੁਰਾਦਾਂ ਪੂਰੀਆਂ ਹੁੰਦੀਆਂ ਹਨ।[1] ਘਰ ਵਿਚ ਬਸੰਤ ਛਾ ਜਾਂਦੀ ਹੈ, ਸਾਰੇ ਪਾਸੇ ਖੇੜਾ ਹੀ ਖੇੜਾ ਨਜ਼ਰ ਆਉਂਦਾ ਹੈ।[2]

ਕਲਜੁਗ ਵਿਚ ਉਹ ਜੀਵ ਧੰਨ ਹਨ, ਜੋ ਸਾਧ ਸੰਗਤ ਵਿਚ ਜਾ ਕੇ ਪਰਮਾਤਮਾ ਦਾ ਜਸ ਗਾਉਂਦੇ ਹਨ। ਪਰਮਾਤਮਾ ਦੇ ਨਾਮ ਨੂੰ ਆਧਾਰ ਬਨਾਉਂਦੇ ਹਨ।[3] ਜਨਮ ਸਫਲਾ ਕਰਨ ਦਾ ਇਹੋ ਹੀ ਚੰਗਾ ਢੰਗ ਹੈ।[4] ਤਦੇ ਗੁਰੂ ਜੀ ਨੇ ਧਰਮਰਾਜ ਨੂੰ ਵੀ ਕਹਿਣ ਦੀ ਦਲੇਰੀ ਕੀਤੀ ਹੈ ਕਿ ਕਿਤੇ ਭਜਨ ਕੀਰਤਨ ਵਾਲੀ ਜਗ੍ਹਾ ਨ ਚਲਾ ਜਾਈਂ, ਉਥੇ ਫੜਿਆ ਜਾਏਂਗਾ। ਛੁਟਣਾ ਔਖਾ ਹੋ ਜਾਏਗਾ। ਭਾਵ ਜਿਥੇ ਕੀਰਤਨ ਹੈ, ਉਥੇ ਮੌਤ ਦਾ ਭੈ ਨਹੀਂ।[5]

ਉਹ ਕਿਹੜਾ ਅਸਥਾਨ ਹੈ, ਜਿਥੇ ਬੈਠ ਕੇ ਕੀਰਤਨ ਕੀਤਾ ਜਾਵੇ, ਮਨ ਨੂੰ ਸ਼ਾਂਤੀ ਮਿਲੇ। ਜੇ ਜੀਵ ਤੀਰਥਾਂ ਤੇ ਜਾ ਕੇ ਜਨਮ ਸਫ਼ਲਾ ਕਰਨਾ ਚਾਹੇ ਤਾਂ ਇਹ ਨਹੀਂ ਹੋ ਸਕਦਾ, ਕਿਉਂਕਿ ਤੀਰਥਾਂ ਤੇ ਜਾਣ ਨਾਲ ਸਿਵਾਏ 'ਹਉਮੈ' ਦੇ ਪਲੇ ਕੁਝ ਨਹੀਂ ਪੈਂਦਾ। ਜੇ ਕਿਸੇ ਪੰਡਤ ਨੂੰ ਠੀਕ ਟਿਕਾਣਾ ਪੁਛੀਏ ਤਾਂ ਉਹ ਵੀ ਮਾਇਆ ਵਿਚ ਰਤੇ ਹੋਏ ਹਨ, ਅਸਲੀ ਪੰਡਤਾਈ ਰਹੀ ਹੀ ਨਹੀਂ, ਸੋ ਹੇ ਜੀਵ ਮਿਤਰੋ! ਦਸੋ ਕਿ ਕਿਥੇ ਬੈਠ ਕੇ ਹਰੀ ਦਾ ਜਸ ਗਾਈਏ? ਸਾਧ ਸੰਗਤ ਉਹ ਅਸਥਾਨ ਹੈ ਜਿਥੇ ਬੈਠ ਕੇ ਹਰੀ ਕੀਰਤਨ ਕੀਤਾ ਜਾ ਸਕਦਾ ਹੈ।[6] ਸਾਧ ਸੰਗਤ ਅਟੱਲ ਹੈ, ਥਿਰ ਰਹਿਣ ਵਾਲੀ ਹੈ।

---

੧- ਜੋ ਜੋ ਕਥੈ ਸੁਨੈ ਹਰਿ ਕੀਰਤਨੁ ਤਾ ਕੀ ਦੁਰਮਤਿ ਨਾਸ।।
ਸਗਲ ਮਨੋਰਥ ਪਾਵੈ ਨਾਨਕ ਪੂਰੀ ਹੋਵੈ ਆਸ।। —ਕਾਨੜਾ ਮ:੫, ਆਦਿ ਗ੍ਰੰਥ, ਪੰਨਾ/੧੩੦੦

੨- ਗ੍ਰਿਹਿ ਤਾ ਕੇ ਬਸੰਤੁ ਗਨੀ।। ਜਾ ਕੈ ਕੀਰਤਨੁ ਹਰਿ ਧੁਨੀ।।
—ਬਸੰਤ ਮ:੫, ਆਦਿ ਗ੍ਰੰਥ, ਪੰਨਾ ੧੧੮੦

੩- ਧੰਨੁ ਸੁ ਕਲਿਜੁਗੁ ਸਾਧਸੰਗਿ ਕੀਰਤਨੁ ਗਾਈਐ ਨਾਨਕ ਨਾਮੁ ਅਧਾਰੁ ਜੀਉ।।
—ਆਸਾ ਮ:੫, ਆਦਿ ਗ੍ਰੰਥ, ਪੰਨਾ ੩੮੨-੮੩

੪- ਹਰਿ ਕੀਰਤਨੁ ਗਾਵਹੁ ਦਿਨੁ ਰਾਤੀ ਸਫਲ ਏਹਾ ਹੈ ਕਾਰੀ ਜੀਉ।।
—ਮਾਝ ਮ:੫, ਆਦਿ ਗ੍ਰੰਥ, ਪੰਨਾ ੧੦੮

੫- ਜਹ ਸਾਧੂ ਗੋਬਿੰਦ ਭਜਨੁ ਕੀਰਤਨੁ ਨਾਨਕ ਨੀਤ।।
ਣਾ ਹਉ ਣਾ ਤੂੰ ਣਹ ਛੁਟਹਿ ਨਿਕਟਿ ਨ ਜਾਈਅਹੁ ਦੂਤ।।
—ਗਉੜੀ ਬਾਵਨ ਅਖਰੀ ਮ:੫, ਆਦਿ ਗ੍ਰੰਥ, ਪੰਨਾ ੨੫੬

੬- ਤੀਰਥਿ ਜਾਉ ਤ ਹਉ ਹਉ ਕਰਤੇ।। ਪੰਡਿਤ ਪੂਛਉ ਤ ਮਾਇਆ ਰਾਤੇ।।
ਸੋ ਅਸਥਾਨੁ ਬਤਾਵਹੁ ਮੀਤਾ।। ਜਾ ਕੈ ਹਰਿ ਹਰਿ ਕੀਰਤਨੁ ਨੀਤਾ।।
ਸਾਸਤ੍ਰ ਬੇਦ ਪਾਠ ਪੁੰਨ ਵੀਚਾਰ।। ਨਰਕਿ ਸੁਰਗਿ ਫਿਰਿ ਫਿਰਿ ਅਉਤਾਰ।।
--- --- ---
ਸਾਧ ਸੰਗਿ ਹਰਿ ਕੀਰਤਨੁ ਗਾਈਐ।। ਇਹੁ ਅਸਥਾਨੁ ਗੁਰੂ ਤੇ ਪਾਈਐ।।
—ਆਸਾ ਮ:੫, ਆਦਿ ਗ੍ਰੰਥ, ਪੰਨਾ ੩੮੫

ਇਸੇ ਦੀ ਸ਼ਰਨ ਪੈ ਕੇ ਕੀਰਤਨ ਕਰੋ, ਜਨਮ ਸਫਲਾ ਹੁੰਦਾ ਹੈ।[੧]

ਗੁਰੂ ਸਾਹਿਬ ਨੇ ਕੀਰਤਨ ਦਾ ਫਲ ਸੱਚ ਬੋਲਣ ਤੋਂ ਵੀ ਜ਼ਿਆਦਾ ਦਸਿਆ ਹੈ। ਸੱਚ ਦਾ ਵਣਜ ਕਰਨ ਵਾਲੇ ਅਸਲੀ ਸ਼ਾਹ ਹੁੰਦੇ ਹਨ ਪਰ ਉਨ੍ਹਾਂ ਤੋਂ ਵੱਡੇ ਲਾਹਾ ਖਟਣ ਵਾਲੇ ਪਰਮਾਤਮਾ ਦਾ ਕੀਰਤਨ ਕਰਨ ਵਾਲੇ ਹਨ।[੨] ਪਰਮਾਤਮਾ ਦੇ ਨਾਮ ਦਾ ਕੀਰਤਨ ਕਰਨ ਵਾਲਿਆਂ ਨੂੰ ਜਮਾਂ ਦਾ ਡਰ ਨਹੀਂ ਰਹਿੰਦਾ;[੩] ਉਹ ਅਟੱਲ ਹੋ ਜਾਂਦੇ ਹਨ।[੪] ਨਿਰਸੰਦੇਹ ਕੀਰਤਨ ਨਿਰਮੋਲਕ ਹੀਰਾ ਹੈ।[੫]

*****
***
*

---

੧- ਥਿਰੁ ਸਾਧ ਸਫਰੀਆ।।ਜਹ ਕੀਰਤਨੁ ਹਰੀਆ।।ਨਾਨਕ ਸਰਨਰੀਆ।।
— ਬਿਹਾਗੜਾ ਮ:੫,ਆਦਿ ਗ੍ਰੰਥ, ਪੰਨਾ ੫੩੭

੨- ਜਿਨੀ ਸਚੁ ਵਣੰਜਿਆ ਹਰਿ ਜੀਉ ਸੇ ਪੂਰੇ ਸਾਹਾ ਰਾਮ।।
ਬਹੁਤੁ ਖਜਾਨਾ ਤਿੰਨ ਪਹਿ ਹਰਿ ਜੀਉ ਹਰਿ ਕੀਰਤਨੁ ਲਾਹਾ ਰਾਮ।।
—ਬਿਹਾਗੜਾ ਮ:੫,ਆਦਿ ਗ੍ਰੰਥ, ਪੰਨਾ ੫੪੩

੩- ਜੋ ਜਨੁ ਕਰੈ ਕੀਰਤਨੁ ਗੋਪਾਲ।।ਤਿਸ ਕਉ ਪੋਹਿ ਨ ਸਕੈ ਜਮ ਕਾਲੁ।।
—ਗੋਂਡ ਮ:੫,ਆਦਿ ਗ੍ਰੰਥ, ਪੰਨਾ ੮੬੭

੪- ਸੰਤ ਸੰਗਿ ਮਿਲਿ ਕੀਰਤਨੁ ਗਾਇਆ ਨਿਹਚਲ ਵਸਿਆ ਜਾਈ।।
—ਰਾਮਕਲੀ ਮ:੫,ਆਦਿ ਗ੍ਰੰਥ, ਪੰਨਾ ੯੧੫

੫- ਕੀਰਤਨੁ ਨਿਰਮੋਲਕ ਹੀਰਾ।।ਆਨੰਦ ਗੁਣੀ ਗਹੀਰਾ।।
—ਰਾਮਕਲੀ ਮ:੫,ਆਦਿ ਗ੍ਰੰਥ, ਪੰਨਾ ੮੯੩

## ਕਾਂਡ-੪

## ਬ੍ਰਹਮ ਗਿਆਨੀ, ਜੀਵਨ ਮੁਕਤ, ਸਾਧ, ਸੰਤ, ਗੁਰਮੁਖ ਦਾ ਸੰਕਲਪ

### ੳ- ਬ੍ਰਹਮ ਗਿਆਨੀ

ਬ੍ਰਹਮ ਦੇ ਜਾਨਣ ਵਾਲੇ ਨੂੰ ਬ੍ਰਹਮ ਗਿਆਨੀ ਆਖਦੇ ਹਨ।[੧] ਏਕਹਾਰਟ ਦੇ ਸ਼ਬਦਾਂ ਵਿਚ ਬ੍ਰਹਮ ਗਿਆਨੀ ਨੂੰ 'ਇਨਸਾਫ਼ ਕਰਨ ਵਾਲਾ' ਆਖਿਆ ਗਿਆ ਹੈ। ਉਹ ਇਨਸਾਫ਼ ਕਰਤਾ ਹੈ, ਜੋ ਆਪਣੀ ਸਾਰੀ ਜਾਇਦਾਦ ਵੰਡ ਦੇਂਦਾ ਹੈ। ਜਦੋਂ ਉਸ ਪਾਸ ਕੋਈ ਵਸਤੂ ਆਉਂਦੀ ਹੈ, ਉਦੋਂ ਹੀ ਲੋੜਵੰਦਾਂ ਨੂੰ (ਇਹ ਸੋਚੇ ਬਿਨ੍ਹਾਂ ਕਿ ਉਹ ਉਚੇ ਹਨ ਜਾਂ ਨੀਵੇਂ, ਉਨ੍ਹਾਂ ਨੂੰ ਦੇਣੀ ਵਾਜਬ ਹੈ ਜਾਂ ਨਹੀਂ) ਵੰਡ ਦੇਂਦਾ ਹੈ। ਇਹ ਬ੍ਰਹਮ ਗਿਆਨੀ ਪਰਮਾਤਮਾ ਦੇ ਨਜ਼ਦੀਕ ਰਹਿੰਦੇ ਹਨ।[੨]

ਗੁਰੂ ਨਾਨਕ ਦੇਵ ਜੀ ਦੇ ਸ਼ਬਦਾਂ ਵਿਚ ਬ੍ਰਹਮ ਗਿਆਨੀ ਉਹ ਹੈ ਜੋ ਆਪਾ ਪਛਾਨਣ ਦਾ ਯਤਨ ਕਰਦਾ ਹੈ, ਜਿਸ ਤੇ ਗੁਰੂ ਦੀ ਕਿਰਪਾ ਦੁਆਰਾ ਵਿਚਾਰ[੩] ਕਰਨ ਦੀ ਮਿਹਰ ਹੋਈ ਹੋਵੇ। ਅਜਿਹਾ ਵਿਚਾਰਵਾਨ ਦਰਗਾਹ ਵਿਚ ਬ੍ਰਹਮ ਗਿਆਨੀ ਅਖਵਾਉਂਦਾ ਹੈ।

ਗੁਰੂ ਅਰਜਨ ਦੇਵ ਜੀ ਨੇ ਬ੍ਰਹਮ ਗਿਆਨੀ ਦੀ ਪਰੀਭਾਸ਼ਾ ਵਿਚ ਕਿਹਾ ਹੈ ਕਿ ਜੋ ਮਨ ਤੋਂ ਸੱਚਾ ਹੈ, ਮੁਖੋਂ ਸੱਚ ਬੋਲਦਾ ਹੈ, ਕੇਵਲ ਪਰਮਾਤਮਾ ਨੂੰ[੪] ਹੀ ਹਰ ਜਗ੍ਹਾ ਵੇਖਦਾ ਹੈ, ਅਜਿਹੀਆਂ ਨਿਸ਼ਾਨੀਆਂ ਵਾਲਾ ਜੀਵ ਬ੍ਰਹਮ ਗਿਆਨੀ ਹੈ।

ਇਸ ਪਰੀਭਾਸ਼ਾ ਵਿਚ ਬ੍ਰਹਮ ਗਿਆਨੀ ਦੇ ਸਭੇ ਗੁਣ ਆ ਜਾਂਦੇ ਹਨ। ਫੇਰ ਵੀ ਆਪ ਨੇ ਇਸ ਦੀ ਵਿਆਖਿਆ ਲਈ ੮੦ ਸਤਰਾਂ ਲਿਖੀਆਂ ਹਨ। ਜਿਨ੍ਹਾਂ ਦਾ

---

੧- ਮਹਾਨ ਕੋਸ਼, ਪੰਨਾ ੬੭੧

੨- ਹਵਾਲਾ- Mysticism-Christian and Buddhist,D.T.Suzuki,p.82.

੩- ਪ੍ਰਣਵਤਿ ਨਾਨਕੁ ਗਿਆਨੀ ਕੈਸਾ ਹੋਇ।।ਆਪੁ ਪਛਾਣੈ ਬੂਝੈ ਸੋਇ।।
ਗੁਰ ਪਰਸਾਦਿ ਕਰੇ ਬੀਚਾਰੁ।।ਸੋ ਗਿਆਨੀ ਦਰਗਹ ਪਰਵਾਣੁ।।
—ਸਿਰੀ ਰਾਗੁ ਮ:੧,ਆਦਿ ਗ੍ਰੰਥ,ਪੰਨਾ ੨੫

੪- ਮਨਿ ਸਾਚਾ ਮੁਖਿ ਸਾਚਾ ਸੋਇ।।ਅਵਰੁ ਨ ਪੇਖੈ ਏਕਸੁ ਬਿਨੁ ਕੋਇ।।
ਨਾਨਕ ਇਹ ਲਛਣ ਬ੍ਰਹਮ ਗਿਆਨੀ ਹੋਇ।।
— ਸੁਖਮਨੀ, ਆਦਿ ਗ੍ਰੰਥ, ਪੰਨਾ ੨੭੨

ਸਾਰ ਹੈ ਕਿ ਬ੍ਰਹਮ ਗਿਆਨੀ ਦੀ ਜ਼ਿੰਦਗੀ ਨਿਰਲੇਪਤਾ, ਨਿਰਦੋਖਤਾ, ਧੀਰਜ, ਨਿਰਮਲਤਾ, ਦਿਆਲਤਾ, ਆਦਿ ਅਪਨਾਉਂਦੀ ਹੋਈ ਆਤਮਕ ਤੌਰ ਤੇ ਇੰਨੀ ਉੱਚੀ ਹੋ ਜਾਂਦੀ[1] ਹੈ ਕਿ ਇਕ ਸਮਾਂ ਆਉਂਦਾ ਹੈ, ਬ੍ਰਹਮ ਗਿਆਨੀ ਆਪ ਨਿਰੰਕਾਰ ਰੂਪ ਹੋ ਜਾਂਦਾ ਹੈ। ਇਉਂ ਬ੍ਰਹਮ ਗਿਆਨੀ ਉਸ ਨੂੰ ਕਹਿੰਦੇ ਹਨ ਜਿਸ ਨੇ ਆਪਣਾ ਆਦਰਸ਼ ਪਾ ਲਿਆ ਹੈ ਤੇ ਜਿਸ ਦੀ ਪਰਮਾਤਮਾ ਨਾਲ ਇਕਮਿਕਤਾ ਹੋ ਗਈ ਹੈ।[2]

ਬ੍ਰਹਮ ਗਿਆਨੀ ਦੀ ਅਵਸਥਾ ਇਨੀ ਸਤਿਕਾਰਨ ਯੋਗ ਹੈ ਕਿ ਇਸ ਨੂੰ ਪਰਮਾਤਮਾ ਦਾ ਰੂਪ ਮੰਨਿਆ ਗਿਆ ਹੈ। ਸਾਇੰਸਦਾਨਾਂ ਦਾ ਕਹਿਣਾ ਹੈ ਕਿ ਰੰਗ ਕੋਈ ਸ਼ੈ ਨਹੀਂ, ਇਹ ਰੰਗਾਂ ਦਾ ਕੌਤਕ ਬਿਜਲਈ- ਚੁੰਬਕੀ ਲਹਿਰਾਂ ਦੀ ਮਿਹਰਬਾਨੀ ਹੈ। ਜਿਵੇਂ ਪ੍ਰਿਜ਼ਮ ਆਮ ਵੇਖਣ ਨੂੰ ਸਫੈਦ ਲਗਦੀ ਹੈ, ਪਰ ਵਖ ਵਖ ਕੋਨਿਆਂ ਤੋਂ ਵੇਖਿਆਂ ਸੱਤ ਰੰਗਾਂ ਦਾ ਪਰਦਰਸ਼ਨ ਕਰਦੀ ਹੈ। ਇਹੋ ਹੀ ਕੌਤਕ ਸਤਰੰਗੀ ਪੀਂਘ ਦਾ ਹੈ, ਜੋ ਮੀਂਹ ਵਰ੍ਹਨ ਮਗਰੋਂ ਸੂਰਜ ਦੀਆਂ ਕਿਰਨਾਂ ਵਿਚੋਂ ਰੰਗਾਂ ਦੀ ਪਰਦਰਸ਼ਨੀ ਲਗਾਉਂਦੀ ਹੈ। ਅਸਲ ਵਿਚ ਇਹ ਅੱਧਾ ਘੇਰਾ ਕੋਈ ਰੰਗਦਾਰ ਘੇਰਾ ਨਹੀਂ ਹੁੰਦਾ, ਕੇਵਲ ਬਦਲਾਂ ਦੀ ਨਮੀ ਵਿਚੋਂ ਸੂਰਜ ਦੀਆਂ ਕਿਰਨਾਂ ਲੰਘਦੀਆਂ ਹੋਈਆਂ ਆਪਣਾ ਇਹ ਰੰਗ ਬਣਾ ਕੇ ਵਿਖਾਉਂਦੀਆਂ ਹਨ। ਇਹ ਪੀਂਘ ਸੂਰਜ ਦੇ ਐਨ ਸਾਹਮਣੇ ਰੁਖ ਹੀ ਬਣਦੀ ਹੈ (ਜੇ ਸੂਰਜ ਚੜ੍ਹਦੇ ਵਲ ਹੈ ਤਾਂ ਪੀਂਘ ਡੁਬਦੇ ਵਲ ਤੇ ਸੂਰਜ ਢਲਦੇ ਵਲ ਹੈ ਤਾਂ ਪੀਂਘ ਚੜ੍ਹਦੇ ਵਲ ਹੁੰਦੀ ਹੈ)। ਇਸੇ ਤਰ੍ਹਾਂ ਬ੍ਰਹਮ ਗਿਆਨੀ ਕਿਸੇ ਖਾਸ ਵਿਅਕਤੀ ਦਾ ਨਾਂ ਨਹੀਂ, ਸਗੋਂ ਸਾਰੇ ਉਹ ਮਨੁੱਖ ਬ੍ਰਹਮ ਗਿਆਨੀ ਹੋ ਸਕਦੇ ਹਨ, ਜਿਨ੍ਹਾਂ ਵਿਚ ਬ੍ਰਹਮ ਗਿਆਨੀ ਵਾਲੀਆਂ ਸਿਫ਼ਤਾਂ ਹੋਣ।

'ਮੈਂ' ਮਿਟਾ ਦੇਣੀ ਬ੍ਰਹਮ ਗਿਆਨੀ ਦੀ ਵਡੀ ਖ਼ੂਬੀ ਹੈ। ਜਿਨ੍ਹਾਂ ਦੀ ਖ਼ੁਦੀ ਮਿਟ ਜਾਂਦੀ ਹੈ, 'ਮੈਂ' ਦਾ ਨਾਂ ਨਿਸ਼ਾਨ ਮਿਟ ਜਾਂਦਾ ਹੈ, ਉਹੀ ਬ੍ਰਹਮ ਗਿਆਨੀ ਅਖਵਾ ਸਕਦੇ ਹਨ।[3]

ਜਿਵੇਂ ਚਸ਼ਮੇ ਵਿਚੋਂ ਸੁਤੇ ਸਿੱਧ ਜਲ ਨਿਕਲਦਾ ਹੈ, ਤਿਵੇਂ ਬ੍ਰਹਮ ਗਿਆਨੀ

---

੧- ਸੁਖਮਨੀ, ਅਸਟਪਦੀ ੮, ਆਦਿ ਗ੍ਰੰਥ, ਪੰਨਾ ੨੭੨-੭੪

੨- ਨਾਨਕ ਬ੍ਰਹਮ ਗਿਆਨੀ ਆਪਿ ਪਰਮੇਸੁਰ।।
—ਸੁਖਮਨੀ, ਆਦਿ ਗ੍ਰੰਥ, ਪੰਨਾ ੨੭੩

੩- ਖੁਦੀ ਮਿਟੀ ਤਬ ਸੁਖ ਭਏ ਮਨ ਤਨ ਭਏ ਅਰੋਗ।।
ਨਾਨਕ ਦ੍ਰਿਸਟੀ ਆਇਆ ਉਸਤਤਿ ਕਰਨੈ ਜੋਗੁ।।
— ਗਉੜੀ ਬਾਵਨ ਅਖਰੀ ਮ: ੫, ਆਦਿ ਗ੍ਰੰਥ, ਪੰਨਾ ੨੬੦

ਪਰਉਪਕਾਰ ਦਾ ਉਮਾਹਾ ਹੁੰਦਾ ਹੈ।[1]

ਮਾਇਆ ਬ੍ਰਹਮ ਗਿਆਨੀ ਦੀ ਦਾਸੀ ਹੈ। ਉਸ ਅੱਗੇ ਹੱਥ ਬੰਨ੍ਹ ਕੇ ਖੜੀ ਰਹਿੰਦੀ ਹੈ, ਉਸ ਦੇ ਹੁਕਮ ਵਿਚ ਚਲਦੀ ਹੈ, ਲਾਲਚ ਦੇਣ ਲਈ ਉਸ ਦੇ ਨੇੜੇ ਵੀ ਨਹੀਂ ਆ ਸਕਦੀ।[2] ਨੇਕ ਜੀਵ ਹਰ ਸਮੇਂ ਆਪਣੇ ਮੂਲ ਰੂਪ ਪਰਮਾਤਮਾ ਦੇ ਨੇੜੇ ਹੋ ਕੇ ਉਸ ਨਾਲ ਅਭੇਦ ਹੋਣਾ ਲੋੜਦਾ ਹੈ। ਉਸ ਪਾਸ ਮਾਇਆ ਵਲ ਵੇਖਣ ਦੀ ਵਿਹਲ ਕਿਥੇ,ਪਰਮਾਤਮਾ ਨਾਲ ਇਹ ਅਭੇਦਤਾ ਹੀ ਬ੍ਰਹਮ ਦੀ ਪਛਾਣ ਹੈ। ਇਸ ਅਵਸਥਾ ਤੋਂ ਅਗਲੀ ਅਵਸਥਾ ਦਾ ਨਾਂ ਬ੍ਰਹਮ ਗਿਆਨੀ ਹੈ, ਭਾਵ ਪ੍ਰਭੂ ਨਾਲ ਅਭੇਦ ਹੋਇਆ ਵਿਅਕਤੀ। ਅਜਿਹਾ ਵਿਅਕਤੀ ਆਪਣੀ ਹਉਂ ਮਿਟਾ ਕੇ, ਆਪਾ ਵਿਸਾਰ ਕੇ, ਪ੍ਰਭੂ ਦੇ ਹੁਕਮ ਵਿਚ ਵਿਚਰਦਾ ਹੈ। ਇਸ ਅਵਸਥਾ ਤੇ ਜੀਵ ਪਰਮਾਤਮਾ ਦੀ ਸੁੰਦਰਤਾ ਨੂੰ ਮਾਣਦਾ ਹੈ। ਆਪੇ ਦੀ ਹੋਂਦ ਮਿਟ ਗਈ ਤਾਂ 'ਮੈਂ ਨਹੀਂ ਸਭ ਤੂੰ' ਵਾਲੀ ਅਵਸਥਾ ਅਕੱਥ ਹੈ। ਇਸੇ ਅਕਥ ਅਵਸਥਾ ਬਾਰੇ ਗੁਰੂ ਜੀ ਨੇ ਕਿਹਾ ਹੈ ਕਿ ਬ੍ਰਹਮ ਗਿਆਨੀ ਦਾ ਭੋਜਨ'ਗਿਆਨ'ਹੈ।[3]

ਇਹ ਬ੍ਰਹਮ ਗਿਆਨੀ ਜੰਗਲਾਂ ਵਿਚ ਨਹੀਂ ਰਹਿੰਦਾ,ਨ ਭਗਵੇ ਵੇਸ ਵਿਚ ਰਹਿੰਦਾ ਹੈ। ਕੰਦ ਮੂਲ ਖਾ ਕੇ ਗੁਜ਼ਾਰਾ ਨਹੀਂ ਕਰਦਾ, ਸਗੋਂ ਇਹ ਤਾਂ ਸਾਰੇ ਪਦਾਰਥਾਂ ਦੇ ਵਿਚ ਰਹਿੰਦਾ ਹੋਇਆ, ਇਨ੍ਹਾਂ ਨੂੰ ਭੋਗਦਾ ਹੋਇਆ ਕਮਲ ਫੁਲ ਵਾਂਗ ਇਨ੍ਹਾਂ ਤੋਂ ਅਭਿਜ ਰਹਿੰਦਾ ਹੈ। ਇਨ੍ਹਾਂ ਨਾਲ ਮੋਹ ਨਹੀਂ ਪਾ ਲੈਂਦਾ, ਸਿਰਫ਼ ਹੰਢਾਉਂਦਾ ਹੈ।[4] ਬ੍ਰਹਮ ਗਿਆਨੀ ਸੂਰਜ ਤੇ ਚੰਨ ਵਾਂਗ ਅਲਿਪਤ ਰਹਿੰਦਾ ਹੈ। ਜਿਵੇਂ ਸੂਰਜ ਤੇ ਚੰਨ ਆਪਣੀ ਰੋਸ਼ਨੀ ਤੇ ਚਾਨਣੀ ਮਾੜੀ ਤੋਂ ਮਾੜੀ ਸ਼ੈ ਤੇ ਸੁਟਦੇ ਹੋਏ ਵੀ ਆਪ ਮਾੜੇ ਨਹੀਂ ਹੁੰਦੇ, ਤਿਵੇਂ ਬ੍ਰਹਮ ਗਿਆਨੀ ਮਾੜੇ ਜੀਵਾਂ ਨੂੰ ਸੁਅਛ ਕਰਦਾ ਹੋਇਆ ਆਪ ਨਿਰਦੋਸ਼ ਰਹਿੰਦਾ ਹੈ।[5] ਬ੍ਰਹਮ ਗਿਆਨੀ ਦੀ ਨਜ਼ਰ ਵਿਚ ਸਾਰੇ ਜੀਵ ਇਕੋ ਜਿਹੇ ਹੁੰਦੇ ਹਨ। ਹਵਾ, ਅਮੀਰ ਗਰੀਬ ਸਭ ਨੂੰ ਹੀ ਮਿਲਦੀ ਹੈ,[6] ਭਿੰਨ ਭੇਦ

---

੧- ਬ੍ਰਹਮ ਗਿਆਨੀ ਪਰਉਪਕਾਰ ਉਮਾਹਾ।।—ਸੁਖਮਨੀ,ਆਦਿ ਗ੍ਰੰਥ,ਪੰਨਾ ੨੭੩

੨- ਗਿਆਨੀ ਕੀ ਹੋਇ ਵਰਤੀ ਦਾਸਿ।।ਕਰ ਜੋੜੇ ਸੇਵਾ ਕਰੇ ਅਰਦਾਸਿ।।
ਜੋ ਤੂੰ ਕਹਹਿ ਸੁ ਕਾਰ ਕਮਾਵਾ।।ਜਨ ਨਾਨਕ ਗੁਰਮੁਖ ਨੇੜਿ ਨ ਆਵਾ।।
—ਆਸਾ ਮ:੫,ਆਦਿ ਗ੍ਰੰਥ, ਪੰਨਾ ੩੭੦

੩- ਬ੍ਰਹਮ ਗਿਆਨੀ ਕਾ ਭੋਜਨ ਗਿਆਨੁ।।
ਨਾਨਕ ਬ੍ਰਹਮ ਗਿਆਨੀ ਕਾ ਬ੍ਰਹਮ ਧਿਆਨੁ।।—ਸੁਖਮਨੀ,ਆਦਿ ਗ੍ਰੰਥ,ਪੰਨਾ ੨੭੩

੪- ਬ੍ਰਹਮ ਗਿਆਨੀ ਸਦਾ ਨਿਰਲੇਪ।।ਜੈਸੇ ਜਲ ਮਹਿ ਕਮਲ ਅਲੇਪ।।
—ਸੁਖਮਨੀ, ਆਦਿ ਗ੍ਰੰਥ, ਪੰਨਾ ੨੭੨

੫- ਸੂਰੁ ਮੁਕਤਾ ਸਸੀ ਮੁਕਤਾ ਬ੍ਰਹਮ ਗਿਆਨੀ ਅਲਿਪਾਇਓ।।
—ਮਾਰੂ ਮ:੫,ਆਦਿ ਗ੍ਰੰਥ, ਪੰਨਾ ੧੦੦੧

੬- ਬ੍ਰਹਮ ਗਿਆਨੀ ਕੈ ਦ੍ਰਿਸਟਿ ਸਮਾਨਿ।।
ਜੈਸੇ ਰਾਜ ਰੰਕ ਕਉ ਲਾਗੈ ਤੁਲਿ ਪਵਾਨ।।—ਸੁਖਮਨੀ,ਆਦਿ ਗ੍ਰੰਥ,ਪੰਨਾ ੨੭੨

ਨਹੀਂ ਵੇਖਦੀ। ਬ੍ਰਹਮ ਗਿਆਨੀ ਅਮਰ ਹੈ, ਕਾਲ ਇਸ ਨੂੰ ਕੁਝ ਨਹੀਂ ਆਖ ਸਕਦਾ। ਇਹ ਕਾਲ ਦੇ ਚੱਕਰ ਵਿਚੋਂ ਨਿਕਲ ਕੇ ਸਹਜ ਅਵਸਥਾ ਵਿਚ ਵਾਸ ਕਰਦਾ ਹੈ,[੧] ਜਿਥੇ ਅਸਲੀ ਆਤਮਕ ਸੁਖ ਪ੍ਰਾਪਤ ਹੁੰਦਾ ਹੈ।

ਬ੍ਰਹਮ ਗਿਆਨੀ ਵਿਚ ਇਹ ਛੇ ਲਛਣ ਜ਼ਰੂਰ ਹੁੰਦੇ ਹਨ:-

੧- ਉਸ ਦਾ ਹਰ ਸਮੇਂ ਧਿਆਨ ਪਰਮਾਤਮਾ ਦੇ ਚਰਨਾਂ ਵਿਚ ਜੁੜਿਆ ਰਹਿੰਦਾ ਹੈ।

੨- ਦੁਖ ਸੁਖ ਉਸ ਦੇ ਲਈ ਇਕ ਸਮਾਨ ਹਨ, ਦੁਹਾਂ ਨੂੰ ਹੀ ਪਰਮਾਤਮਾ ਦੀ ਕਿਰਪਾ ਸਮਝ ਕੇ ਇਨ੍ਹਾਂ ਦੇ ਅਸਰ ਤੋਂ ਨਿਰਵੈਰ ਰਹਿੰਦਾ ਹੈ।

੩- ਇਹ ਸਾਰੇ ਜੀਆਂ ਨੂੰ ਦਇਆ ਦੀ ਨਜ਼ਰ ਨਾਲ ਵੇਖਦਾ ਹੈ, ਪੰਜ ਦੂਤ (ਕਾਮ,--) ਇਸ ਦੇ ਨੇੜੇ ਵੀ ਨਹੀਂ ਜਾ ਸਕਦੇ।

੪- ਇਸ ਦਾ ਭੋਜਨ ਪ੍ਰਭੂ ਦੇ ਨਾਮ ਦਾ ਕੀਰਤਨ ਹੈ, ਆਹਾਰ ਥੋੜ੍ਹਾ ਲੈਂਦਾ ਹੈ, ਸੰਸਾਰ ਤੇ ਇਉਂ ਅਭਿਜ ਰਹਿੰਦਾ ਹੈ ਜਿਉਂ ਜਲ ਉਪਰ ਕਮਲ।

੫- ਇਸ ਦਾ ਉਪਦੇਸ਼ ਭਰਾਤਰੀ ਭਾਵ ਵਾਲਾ ਤੇ ਸਜਣ ਦੁਸ਼ਮਣ ਸਭ ਨਾਲ ਸਮਾਨਤਾ ਦੇ ਵਿਹਾਰ ਵਾਲਾ ਹੁੰਦਾ ਹੈ।

੬- ਇਸ ਦੇ ਕੰਨ ਪਰਾਈ ਨਿੰਦਾ ਨਹੀਂ ਸੁਣਦੇ, ਆਪਾ ਇਸ ਦਾ ਪ੍ਰਭੂ ਅਗੇ ਅਰਪਨ ਹੋ ਚੁਕਾ ਹੁੰਦਾ ਹੈ।

ਇਨ੍ਹਾਂ ਛੇ ਗੁਣਾਂ ਵਾਲਾ ਜੀਵ ਪੂਰਨ ਪੁਰਖ ਕਹਾਉਂਦਾ ਹੈ।[੨]

ਜਿਹੜਾ ਜੀਵ ਹਰ ਵੇਲੇ ਮਨ ਵਿਚ ਪਰਮਾਤਮਾ ਦੀ ਆਰਾਧਨਾ ਕਰਦਾ ਹੈ, ਰਸਨਾ ਤੋਂ ਗੁਰੂ ਦਾ ਨਾਮ ਜਪਦਾ ਹੈ, ਅਖੀਆਂ ਨਾਲ ਕੇਵਲ ਪਰਮਾਤਮਾ ਦੀ ਤਸਵੀਰ ਵੇਖਦਾ ਹੈ, ਕੰਨਾਂ ਨਾਲ ਕੇਵਲ ਪ੍ਰਭੂ ਦਾ ਨਾਮ ਸੁਣਦਾ ਹੈ, ਪਰਮਾਤਮਾ ਨਾਲ ਪ੍ਰੀਤੀ ਪਾ ਕੇ ਦਰਗਾਹ ਵਿਚ ਸਤਿਕਾਰ ਪਾਉਂਦਾ ਹੈ। ਉਸ ਨੂੰ ਇਹ ਸਤਿਕਾਰ ਪ੍ਰਭੂ ਦੀ ਕਿਰਪਾ ਨਾਲ ਹੀ ਮਿਲਦਾ ਹੈ। ਇਹ ਕੇਵਲ ਬ੍ਰਹਮ ਗਿਆਨੀ ਦੇ ਹਿੱਸੇ ਹੀ ਆਉਂਦਾ ਹੈ, ਜਿਸ

---

੧- ਬ੍ਰਹਮ ਗਿਆਨੀ ਸੁਖ ਸਹਜ ਨਿਵਾਸ॥
ਨਾਨਕ ਬ੍ਰਹਮ ਗਿਆਨੀ ਕਾ ਨਹੀ ਬਿਨਾਸ॥ —ਸੁਖਮਨੀ, ਆਦਿ ਗ੍ਰੰਥ, ਪੰਨਾ ੨੭੩

੨- ਮੰਤ੍ਰੰ ਰਾਮ ਰਾਮ ਨਾਮੰ ਧ੍ਯਾਨੰ ਸਰਬਤ੍ਰ ਪੂਰਨਹ॥
ਗ੍ਯਾਨੰ ਸਮ ਦੁਖ ਸੁਖੰ ਜੁਗਤਿ ਨਿਰਮਲ ਨਿਰਵੈਰਣਹ॥
ਦਯਾਲੰ ਸਰਬਤ੍ਰ ਜੀਆ ਪੰਚ ਦੋਖ ਬਿਵਰਜਿਤਹ॥
ਭੋਜਨੰ ਗੋਪਾਲ ਕੀਰਤਨੰ ਅਲਪ ਮਾਯ ਜਲ ਕਮਲ ਰਹਤਹ॥
ਉਪਦੇਸੰ ਸਮ ਮਿਤ੍ਰ ਸਤ੍ਰਹ ਭਗਵੰਤ ਭਗਤਿ ਭਾਵਨੀ॥
ਪਰਨਿੰਦਾ ਨਹ ਸ੍ਰੋਤਿ ਸ੍ਰਵਣੰ ਆਪ ਤ੍ਯਾਗਿ ਸਗਲ ਰੇਣੁਕਹ॥
ਖਟ ਲਖ੍ਯਣ ਪੂਰਨੰ ਪੁਰਖਹ ਨਾਨਕ ਨਾਮ ਸਾਧ ਸ੍ਵਜਨਹ॥
—ਸਲੋਕ ਸਹਸਕ੍ਰਿਤੀ ਮ:੫, ਆਦਿ ਗ੍ਰੰਥ, ਪੰਨਾ ੧੩੫੭

ਦੇ ਨਾਲ ਦੀ ਸਿਫ਼ਤ ਵਾਲੇ ਜਗ ਵਿਚ ਵਿਰਲੇ ਜੀਵ ਹੁੰਦੇ ਹਨ।[੧]

ਅ- ਜੀਵਨ ਮੁਕਤ

ਮੌਤ ਬਾਰੇ ਸੋਚਣਾ ਸਾਧਾਰਨ ਜੀਵ ਲਈ ਵੱਡੀ ਹਿੰਮਤ ਦੀ ਗੱਲ ਹੈ। ਜੋ ਜੀਵ ਮਾਇਆ ਵਿਚ ਗ੍ਰਸੇ ਹੁੰਦੇ ਹਨ, ਉਹ ਮੌਤ ਦੇ ਕਿਨਾਰੇ ਬੈਠੇ ਵੀ ਜੀਉਣ ਦੇ ਤਰਲੇ ਕਰਦੇ ਹਨ। ਜੋ ਜੀਵ ਆਪਣੇ ਅਸਲੇ ਨੂੰ ਜਾਣਦੇ ਹਨ ਕਿ ਅਸੀਂ ਜਿਥੋਂ ਆਏ ਹਾਂ, ਸਰਪਰ ਉਥੇ ਹੀ ਜਾਣਾ ਹੈ, ਉਹ ਮੌਤ ਤੋਂ ਨਹੀਂ ਡਰਦੇ। ਮੌਤ ਤੋਂ ਬਾਅਦ ਦਾ ਰਹੱਸ ਅਜੇ ਕਿਸੇ ਨੂੰ ਪਤਾ ਨਹੀਂ ਲਗ ਸਕਿਆ। ਇਹ ਸੋਚਣਾ ਵੀ ਇਕ ਵਖਰਾ ਰਹੱਸਮਈ ਵਿਸ਼ਾ ਹੈ ਕਿ ਜੇ ਮੌਤ ਨ ਹੋਵੇ ਤਾਂ ਇਸ ਸੰਸਾਰ ਤੇ ਕੀ ਹੋਵੇ।

ਮੌਤ ਤੋਂ ਮਗਰੋਂ ਮੁਕਤੀ ਹਾਸਲ ਕਰਨ ਲਈ ਲਗ ਪਗ ਸਾਰੇ ਹੀ ਧਰਮਾਂ ਨੇ ਕੋਸ਼ਿਸ਼ ਕਰਨੀ ਦੱਸੀ ਹੈ। ਸਾਰੇ ਹੀ ਚਿੰਤਕ ਸੰਮਤੀ ਰਖਦੇ ਹਨ ਕਿ ਮੁਕਤੀ ਜਨਮ ਮਰਨ ਤੋਂ ਛੁਟਕਾਰਾ ਹੈ।[੨]

ਮੁਕਤਿ ਸੰਸਕ੍ਰਿਤ ਦਾ ਸ਼ਬਦ ਹੈ। ਮੁਕਤੀ ਇਸ ਦਾ ਪੰਜਾਬੀ ਰੂਪ ਹੈ। ਮੋਕਸ਼,[੩] ਨਿਰਵਾਣ,[੪] ਅਪਵਰਗ[੫] ਆਦਿ ਇਸ ਦੇ ਸਮਾਨ-ਅਰਥਕ ਸ਼ਬਦ ਹਨ।[੬] ਦਾਸ ਗੁਪਤਾ ਨੇ ਮੁਕਤੀ ਲਈ 'ਪ੍ਰਾਪਤੀ'[੭] ਸ਼ਬਦ ਦੀ ਵਰਤੋਂ ਕੀਤੀ ਹੈ।

ਮੁਕਤੀ ਦੀਆਂ ਪ੍ਰਮੁਖ ਵਿਸ਼ੇਸ਼ਤਾਈਆਂ ਹਨ- ਆਵਾਗਵਣ ਦਾ ਨਾਸ਼, ਕਰਮਾਂ ਦਾ ਨਾਸ-----ਇੰਦਰੀਆਂ ਦਾ ਮਨ ਵਿਚ, ਮਨ ਦਾ ਪ੍ਰਾਣ ਵਿਚ, ਪ੍ਰਾਣ ਦਾ ਆਤਮਾ

---

੧- ਅੰਤਰਿ ਗੁਰੁ ਆਰਾਧਣਾ ਜਿਹਵਾ ਜਪਿ ਗੁਰਨਾਉ।।
ਨੇਤ੍ਰੀ ਸਤਿਗੁਰੁ ਪੇਖਣਾ ਸ੍ਰਵਣੀ ਸੁਨਣਾ ਗੁਰਨਾਉ।।
ਸਤਿਗੁਰ ਸੇਤੀ ਰਤਿਆ ਦਰਗਹ ਪਾਈਐ ਠਾਉ।।
ਕਹੁ ਨਾਨਕ ਕਿਰਪਾ ਕਰੇ ਜਿਸ ਨੋ ਇਹ ਵਥੁ ਦੇਇ।।
ਜਗ ਮਹਿ ਉਤਮੁ ਕਾਢੀਅਹਿ ਵਿਰਲੇ ਕੇਈ ਕੇਇ।।
— ਗੁਜਰੀ ਵਾਰ ਮ:੫, ਆਦਿ ਗ੍ਰੰਥ, ਪੰਨਾ ੫੧੭

੨- Indian Philosophy, Dr. S. Radha Krishanan, Vol. I, p. 242.

੩- ਜੈਨ ਮਤ ਅਨੁਸਾਰ ਤੇ ਸ਼ਾਸਤਰਾਂ (ਨਿਆਏ, ਵੈਸ਼ੇਸ਼ਕ, ਮੀਮਾਂਸਾ ਆਦਿ) ਅਨੁਸਾਰ।

੪- ਬੁੱਧ ਮਤ ਅਨੁਸਾਰ।

੫- ਸਾਂਖ ਸ਼ਾਸਤਰ ਅਨੁਸਾਰ।

੬- ਵੇਦਾਂਤ ਤੇ ਵੈਸ਼ਨਵ ਮਤ ਵਾਲੇ ਵੀ ਮੁਕਤਿ ਅਥਵਾ ਮੁਕਤੀ ਸ਼ਬਦ ਦੀ ਹੀ ਵਰਤੋਂ ਕਰਦੇ ਹਨ।

੭- Hindu Mysticism, S. N. Das Gupta, p. 127.

ਵਿਚ ਲੀਨ ਹੋਣਾ, ਬ੍ਰਹਮਾਨੰਦ ਦੀ ਪ੍ਰਾਪਤੀ ਹੋਣਾ ਤੇ ਪੂਰਨ ਅਦਵੈਤ ਅਵਸਥਾ ਹੋਣਾ।[1]

ਪ੍ਰਭੂ ਦੇ ਚਰਨਾਂ ਵਿਚ ਆਸਰਾ ਲੈਣਾ ਤੇ ਉਸ ਵਿਚ ਇਹ ਵਿਸ਼ਵਾਸ ਕਰਨਾ ਕਿ ਕੇਵਲ ਤੇ ਕੇਵਲ ਇਕ ਪਰਮਾਤਮਾ ਹੀ ਹੈ, ਜੋ ਮੁਕਤੀ ਦਿਵਾਉਣ ਵਿਚ ਜੀਵ ਦੀ ਸਹਾਇਤਾ ਕਰ ਸਕਦਾ ਹੈ। ਇਹੀ ਜੀਵ ਦੀ ਅਸਲੀ ਪ੍ਰਾਪਤੀ ਹੈ।[2]

'ਅਹੰਕਾਰ ਤਿਆਗਣਾ, ਦੁਨੀਆਂ ਨੂੰ ਸਰਾਇ ਸਮਝ ਕੇ ਆਪਣੇ ਆਪ ਨੂੰ ਮੁਸਾਫਰ ਜਾਨਣਾ, ਭਾਣਾ ਮੰਨਣਾ, ਖਿਮਾ ਅਤੇ ਧੀਰਯ ਨੂੰ ਦ੍ਰਿੜ ਕਰਕੇ ਧਾਰਨਾ, ਪਰਉਪਕਾਰ ਲਈ ਤਨ ਮਨ ਧਨ ਕੁਰਬਾਨ ਕਰ ਮੋਹ ਦੇ ਵਿਚ ਨ ਫਸਣਾ, ਏਸ ਦਸ਼ਾ ਦਾ ਨਾਉਂ ਜੀਵਤ ਮਰਨਾ ਹੈ।[3]

ਮੁਕਤੀ ਦੋ ਪ੍ਰਕਾਰ ਦੀ ਹੁੰਦੀ ਹੈ:-

੧- ਵਿਦੇਹ ਮੁਕਤ- ਜੋ ਦੇਹ ਤਿਆਗਣ ਮਗਰੋਂ ਮੁਕਤੀ ਪ੍ਰਾਪਤ ਕਰਦਾ ਹੈ।

੨- ਜੀਵਨ ਮੁਕਤ- ਜੋ ਸਰੀਰ ਵਿਚ ਰਹਿੰਦਿਆਂ ਹੀ ਮੁਕਤ ਹੈ।

ਵਿਦੇਹ ਮੁਕਤੀ

ਸੰਸਾਰ ਦੇ ਸਾਰੇ ਧਰਮ ਮੌਤ ਤੋਂ ਮਗਰੋਂ ਦੀ ਮੁਕਤੀ (ਵਿਦੇਹ ਮੁਕਤੀ) ਵਿਚ ਵਿਸ਼ਵਾਸ ਰਖਦੇ ਹਨ। ਸ਼ਾਸਤਰਕਾਰਾਂ ਨੇ ਇਸ ਸਰੀਰ ਨੂੰ ਦੁਖ ਰੂਪ ਮੰਨਿਆ ਹੈ। ਇਸ ਕਰਕੇ ਇਸ ਤੋਂ ਛੁਟਕਾਰੇ ਦਾ ਨਾਮ ਮੁਕਤੀ ਰਖਿਆ ਹੈ। ਹਰੇਕ ਦੇ ਆਦਰਸ਼ ਵਿਚ ਥੋੜ੍ਹਾ ਥੋੜ੍ਹਾ ਫਰਕ ਜ਼ਰੂਰ ਹੈ।

੧- ਮੀਮਾਂਸਾ ਵਾਲੇ ਸਵਰਗਾਂ ਵਿਚ ਅਪੜ ਜਾਣ ਨੂੰ ਮੁਕਤੀ ਮੰਨਦੇ ਹਨ।

੨- ਨਯਾਯ ਤੇ ਵੈਸ਼ੇਸ਼ਕ ਮਤ ਵਾਲੇ ਆਪਣੇ ਗਿਣੇ ਦੁਖਾਂ ਤੋਂ ਛੁਟ ਜਾਣ ਨੂੰ ਮੁਕਤੀ ਦਸਦੇ ਹਨ।

੩- ਸਾਂਖ ਵਾਲੇ ਪ੍ਰਕ੍ਰਿਤੀ ਤੋਂ ਪੁਰਖ ਦਾ ਆਪਣੇ ਆਪ ਨੂੰ ਅਸੰਗ ਜਾਨਣਾ ਮੁਕਤੀ ਦਸਦੇ ਹਨ।

੪- ਯੋਗ ਮੱਤ ਵਿਚ ਸਬੀਜ ਨਿਰਬੀਜ ਸਮਾਧੀ ਦੁਆਰਾ ਪੁਰਖ ਦਾ ਆਪਣੇ ਆਪ ਨੂੰ ਦ੍ਰਿਸ਼ਟਮਾਨ ਤੋਂ ਕੇਵਲ (ਵਖਰਿਆਂ) ਕਰ ਲੈਣਾ ਮੁਕਤੀ ਹੈ।

---

੧- ਹਿੰਦੀ ਕੀ ਨਿਰਗੁਣ ਕਾਵਿਧਾਰਾ ਔਰ ਉਸ ਕੀ ਦਾਰਸ਼ਨਕ ਪ੍ਰਿਸ਼ਟ ਭੂਮੀ (ਹਿੰਦੀ), ਡਾ. ਗੋਵਿੰਦ ਤ੍ਰਿਗੁਣਾਇਤ, ਪੰਨਾ ੪੪੦

੨- Hindu Mysticism, S.N.Das Gupta, p.127.

੩- ਗੁਰਮੱਤ ਪ੍ਰਭਾਕਰ, ਭਾਈ ਕਾਨ੍ਹ ਸਿੰਘ ਨਾਭਾ, ਅੰਕ ੫੫੨, ਪੰਨਾ ੩੯੯

੫- ਵੇਦਾਂਤ ਅਨੁਸਾਰ ਆਪਣੇ ਆਪ ਨੂੰ ਬ੍ਰਹਮ ਨਾਲ ਗਿਆਨ ਦੁਆਰਾ ਅਭੇਦ ਜਾਣ ਲੈਣਾ ਮੁਕਤੀ ਹੈ।

੬- ਚਾਰਵਾਕੀਏ ਜੋ ਰੂਹ ਨੂੰ ਮੰਨਦੇ ਹੀ ਨਹੀਂ, ਦੇਹ ਦੇ ਮਰ ਜਾਣ ਨੂੰ ਹੀ ਮੁਕਤੀ ਮੰਨਦੇ ਹਨ।

੭- ਬੋਧੀ ਆਪਣੀ ਮੁਕਤੀ ਨੂੰ ਨਿਰਵਾਣ ਆਖਦੇ ਹਨ, ਜੋ ਸਰਬ ਇਛਾ ਦੇ ਤਿਆਗ ਤੋਂ ਅੱਠ ਗੁਣਾਂ(ਅਸ਼ਟ ਮਾਰਗ) ਦੇ ਧਾਰਨ ਤੋਂ ਲਭਦੀ ਹੈ। ਇਕ ਪਖ ਵਿਚ ਇਹ ਨਿਰਵਾਣ 'ਸਮਾਪਤੀ' ਦਾ ਨਾਮ ਹੈ ਤੇ ਇਕ ਵਿਚ ਸਾਂਖ ਦੇ ਨੇੜੇ ਲਗਦਾ ਹੈ।

੮- ਜੈਨ ਮਤ ਵਿਚ ਉਚੇ ਲੋਕਾਂ ਵਿਚ ਚਲੇ ਜਾਣਾ ਮੁਕਤੀ ਹੈ।[੧]

ਬਾਕੀ ਧਰਮਾਂ ਵਲ ਧਿਆਨ ਕਰੀਏ ਤਾਂ ਮੁਕਤੀ ਦਾ ਸਰੂਪ ਹੋਰ ਵੀ ਉਘੜ ਆਉਂਦਾ ਹੈ। ਯਹੂਦੀ, ਈਸਾਈ, ਮੁਸਲਮਾਨ ਆਦਿ ਪਛਮੀ ਲੋਕਾਂ ਦੀ ਮੁਕਤੀ ਸਵਰਗ ਦੀ ਪ੍ਰਾਪਤੀ ਹੈ। ਇਕ ਦਿਨ ਕਿਆਮਤ ਆਵੇਗੀ। ਉਸ ਦਿਨ ਮੁਰਦੇ ਕਬਰਾਂ ਵਿਚੋਂ ਜੀ ਉਠਣਗੇ। ਆਪਣੇ ਆਪਣੇ ਹਿਸਾਬ ਅਨੁਸਾਰ ਮਾੜੇ ਨਰਕਾਂ ਵਿਚ ਤੇ ਚੰਗੇ ਸਵਰਗਾਂ ਵਿਚ ਭੇਜੇ ਜਾਣਗੇ।[੨] ਮੁਸਲਮਾਨਾਂ ਅਨੁਸਾਰ ਕਰਮਾਂ ਦੇ ਫਲ ਦੇ ਨਾਲ ਨਾਲ ਹਜ਼ਰਤ ਮੁਹੰਮਦ ਸਾਹਿਬ ਦੀ ਸਿਫਾਰਸ਼ ਸਵਰਗਾਂ ਵਿਚ ਜਾਣ ਲਈ ਸਹਾਈ ਹੋਏਗੀ। ਈਸਾਈਆਂ ਨੂੰ ਹਜ਼ਰਤ ਈਸਾ ਉਤੇ ਵਿਸ਼ਵਾਸ ਹੈ ਕਿ ਈਸਾ ਇਕ ਦਿਨ ਫੇਰ ਆਵੇਗਾ।

ਮੁਸਲਮਾਨ ਸੂਫੀਆਂ ਤੇ ਈਸਾਈ ਰਹੱਸਵਾਦੀਆਂ ਦੀ 'ਮੁਕਤੀ' ਕੁਝ ਵੈਸ਼ਨਵਾਂ ਤੇ ਕੁਝ ਵੇਦਾਂਤ ਨਾਲ ਮੇਲ ਖਾਂਦੀ ਹੈ। ਪਛਮੀ ਦਰਸ਼ਨ ਵਿਦਿਆ ਵਾਲੇ ਪਲਾਟੁਸ, ਕੈਂਟ, ਸ਼ਾਪਨਹਾਇਰ ਆਦਿ ਵੇਦਾਂਤ ਵਾਲੇ ਸਰੂਪ ਦੇ ਹੀ ਲਾਗੇ ਆਉਂਦੇ ਹਨ। ਪਰ ਤਿਆਗ ਤੇ ਉਦਾਸੀਨਤਾ ਜਹੀ ਦਾ ਨਕਸ਼ਾ ਬਝਦਾ ਹੈ।[੩] ਡਾਕਟਰ ਟਾਮਸ ਅਨੁਸਾਰ- ਜੈਨੀ ਮੁਕਤੀ ਕਰਮਾਂ ਦੁਆਰਾ ਮੰਨਦੇ ਹਨ, ਜਿਸ ਨੂੰ ਕਿਰਿਆਵਾਦ ਦੀ ਅਤਿ ਸਿਖਰ ਆਖਿਆ ਜਾ ਸਕਦਾ ਹੈ।[੪] ਬੋਧੀਆਂ ਅਨੁਸਾਰ ਮਰਨ ਮਗਰੋਂ ਅੰਡਜ, ਜੇਰਜ, ਸੇਤਜ ਤੇ ਉਤਭੁਜ ਕਿਸੇ ਵੀ ਪ੍ਰਕਾਰ ਦੀ ਜੂਨ ਫਿਰ ਮਿਲ ਸਕਦੀ ਹੈ। ਉਸ ਜੂਨ ਵਿਚ ਜੇ ਜੀਵ ਨੇਕ ਕਰਮ ਕਰਦਾ ਹੈ

---

੧- ਸ੍ਰੀ ਗੁਰੂ ਗ੍ਰੰਥ ਕੋਸ਼, ਖਾਲਸਾ ਟ੍ਰੈਕਟ ਸੁਸਾਇਟੀ, ਪੰਨਾ ੧੧੩੨

੨- History and Philosophy of the Sikh Religion, Khazan Singh, Vol.II, p.451.

੩- ਗੁਰਮਤ ਦਰਸ਼ਨ, ਡਾ. ਸ਼ੇਰ ਸਿੰਘ, ਪੰਨਾ ੨੬੭

੪- ਹਵਾਲਾ-A Critical Study of Adi Granth, Dr.S.S.Kohli, p.253.

ਤਾਂ ਫਿਰ ਨਿਰਵਾਣ ਪ੍ਰਾਪਤ ਲਈ ਮੌਕਾ ਮਿਲਦਾ ਹੈ, ਤਾਂ ਕਿ ਮਨੁੱਖਾ ਦੇਹੀ ਵਿਚ ਆ ਕੇ ਜੀਵ ਨਿਰਵਾਣ ਹਾਸਲ ਕਰ ਸਕੇ। (ਗੁਰਮਤ ਬੁੱਧ ਮਤ ਨਾਲੋਂ ਭਿੰਨ ਹੈ ਇਸ ਵਿਚ ਚੰਗੇ ਕਰਮਾਂ ਨਾਲ ਫੇਰ ਮਨੁੱਖਾ ਜਨਮ ਨਹੀਂ ਮਿਲਦਾ, ਸਗੋਂ ਮੁਕਤੀ ਪ੍ਰਾਪਤ ਹੋ ਜਾਂਦੀ ਹੈ)। ਜੋ ਚੰਗੇ ਕਰਮ ਕਰਦੇ ਹਨ, ਉਹ ਸਵਰਗ ਜਾਂ ਸਵਰਗਾਂ ਵਿਚ ਜਾਂਦੇ ਹਨ। ਬੁੱਧ ਧਰਮ ਅਨੁਸਾਰ ਸਵਰਗ ਵੀ ਕਈ ਹਨ। ਜੋ ਨੇਕ ਕਰਮ ਨਹੀਂ ਕਰਦੇ ਉਹ ਮਰਨ ਮਗਰੋਂ ਨਰਕ ਵਿਚ ਜਾਂਦੇ ਹਨ।[੧]

ਸ਼ੰਕਰ ਅਨੁਸਾਰ ਜੀਵ ਤੇ ਬ੍ਰਹਮ ਦਾ ਇਕ ਹੋ ਜਾਣਾ ਹੀ ਮੁਕਤੀ ਹੈ। ਬੁਦਬੁਦਾ ਮਿਟ ਕੇ ਸਮੁੰਦਰ ਰੂਪ ਹੋ ਜਾਂਦਾ ਹੈ ਤੇ ਅੰਤ ਵਿਚ ਕੇਵਲ ਬ੍ਰਹਮ ਹੀ ਰਹਿ ਜਾਂਦਾ ਹੈ। ਰਾਮਾਨੁਜ ਦਾ ਮਤ ਇਸ ਵਿਚਾਰ ਨੂੰ ਨਹੀਂ ਮੰਨਦਾ। ਉਹ ਕਹਿੰਦਾ ਹੈ ਈਸ਼ਵਰ ਰੂਪ ਹੋ ਜਾਣਾ ਕੁਝ ਹੋਰ ਗੱਲ ਹੈ ਤੇ ਈਸ਼ਵਰ ਦੇ ਸਮਾਨ ਹੋ ਜਾਣਾ ਇਕ ਵਖਰੀ ਗੱਲ ਹੈ। ਜੀਵ ਈਸ਼ਵਰ ਦੇ ਸਮਾਨ ਤਾਂ ਹੋ ਸਕਦਾ ਹੈ ਪਰ ਸ੍ਰਿਸ਼ਟੀ ਦੇ ਕਿਸੇ ਕਰਮ ਵਿਚ ਉਸ ਨੂੰ ਕੋਈ ਅਧਿਕਾਰ ਨਹੀਂ ਮਿਲਦਾ। ਜੀਵ ਨੂੰ ਅਵਿਦਿਆ ਦੀ ਛੁਹ ਕਿਸੇ ਸਮੇਂ ਵੀ ਲਗ ਸਕਦੀ ਹੈ। ਇਸ ਕਰਕੇ ਉਹ ਈਸ਼ਵਰ ਨਹੀਂ ਬਣ ਸਕਦਾ। ਸ਼ੰਕਰ ਇਥੋਂ ਤਕ ਵੀ ਕਹਿੰਦਾ ਹੈ; ਭਾਵੇਂ ਤੁਸੀਂ ਕਿੰਨੀ ਦਾਰਸ਼ਨਕ ਗੋਸ਼ਟੀ ਕਰੋ- ਭਾਵੇਂ ਕਿੰਨੇ ਹੀ ਦੇਵਤਿਆਂ ਦੀ ਪੂਜਾ ਕਰੋ- ਤੁਸੀਂ ਸਾਰੇ ਸੰਸਕਾਰ ਕਰੋ- ਤੁਸੀਂ ਰੱਬ ਦੀ ਉਸਤਤੀ ਵਿਚ ਅਨੇਕਾਂ ਗੀਤ ਗਾਓ- ਪਰ ਮੁਕਤੀ ਨਹੀਂ ਮਿਲ ਸਕਦੀ- ਜਿੰਨਾ ਚਿਰ ਤੁਸੀਂ ਅੰਤਰ ਆਤਮੇ ਦੀ ਰੱਬ ਨਾਲ ਏਕਤਾ ਦਾ ਗਿਆਨ ਹਾਸਲ ਨਹੀਂ ਕਰਦੇ।[੨]

ਇਸ ਤੋਂ ਫੇਰ ਚਿਰ ਪਹਿਲਾਂ ਵੈਦਿਕ ਕਾਲ ਵਿਚ ਵੀ ਜੀਵ ਮੌਤ ਮਗਰੋਂ ਸਵਰਗ ਦੇ ਸੁਪਨੇ ਲੈਂਦਾ ਸੀ। ਇਹ ਆਸ ਮੌਤ ਦੀ ਆਖਰੀ ਘੜੀ ਤੱਕ ਜੀਵ ਦੇ ਅੰਦਰ ਸਮਾਈ ਹੁੰਦੀ ਸੀ।[੩]

ਭਾਵੇਂ ਸਿੱਖ ਫਲਸਫ਼ਾ ਆਵਾਗਵਣ ਦੇ ਮਸਲੇ ਵਿਚ ਹਿੰਦੂ ਫਲਸਫ਼ੇ ਤੋਂ ਹੀ ਲਿਆ ਗਿਆ ਹੈ, ਪਰ ਇਸ ਵਿਚ ਕੁਝ ਬੁਨਿਆਦੀ ਫਰਕ ਹਨ, ਜਿਸ ਕਰਕੇ ਇਹ ਇਕ ਕਿਸਮ ਦਾ ਵਖਰਾ ਹੀ ਫਲਸਫਾ ਹੈ। ਜਿਵੇਂ ਗੀਤਾ ਵਿਚ ਜ਼ਿਕਰ ਹੈ ਕਿ ਜੀਵ

---

੧-ਹਵਾਲਾ-Mysticism- Christian and Buddhist, D.T.Suzuki, p.89.

੨- ਹਵਾਲਾ- perennial Philosophy, Aldous Huxley, p.237-38.

੩- An Intelligent Man's Guide to Indian Philosophy, M.C.Pandya, p.48.

ਨੂੰ ਮਰਨ ਤੋਂ ਮਗਰੋਂ ਜੋ ਥਾਂ ਮਿਲਦੀ ਹੈ, ਉਹ ਇਸ ਪ੍ਰਕਾਰ ਹੈ:-[1]

੧- ਨੇਕ ਅਮਲਾਂ ਵਾਲਿਆਂ ਨੂੰ ਮੁਕਤੀ।

੨- ਥੋੜ੍ਹੇ ਨੇਕ ਅਮਲਾਂ ਵਾਲਿਆਂ ਨੂੰ ਸੂਰਜ ਲੋਕ ਦੇ ਸਵਰਗ ਵਿਚ ਥਾਂ ਮਿਲਦੀ ਹੈ।

੩- ਇਸ ਤੋਂ ਵੀ ਥੋੜ੍ਹੇ ਨੇਕ ਅਮਲਾਂ ਵਾਲਿਆਂ ਨੂੰ ਚੰਦਰ ਲੋਕ ਦੇ ਸਵਰਗ ਵਿਚ ਥਾਂ ਮਿਲਦੀ ਹੈ।

੪- ਭੈੜੇ ਅਮਲਾਂ ਵਾਲਿਆਂ ਨੂੰ ਨਰਕ ਵਿਚ ਜਾਣਾ ਪੈਂਦਾ ਹੈ।

ਜੋ ਜੀਵ ਨਰਕ ਤੇ ਸਵਰਗ ਵਿਚ ਵੀ ਚੰਗੇ ਮੰਦੇ ਕਰਮ ਕਰਦੇ ਹਨ, ਉਸ ਅਨੁਸਾਰ ਉਨ੍ਹਾਂ ਨੂੰ ਫੇਰ ਜਨਮ ਮਿਲਦਾ ਹੈ। ਮੰਦੇ ਕਰਮਾਂ ਵਾਲਿਆਂ ਨੂੰ ਪਸ਼ੂ ਜੀਵਨ ਤੇ ਚੰਗੇ ਅਮਲਾਂ ਨੂੰ ਕਿਸੇ ਨੇਕ ਧਰਮੀ ਪੁਰਖ ਦੇ ਘਰ ਜਨਮ ਮਿਲਦਾ ਹੈ।[2]

ਇਹ ਵਿਚਾਰ ਸਿੱਖ ਫਲਸਫ਼ੇ ਨਾਲ ਮੇਲ ਨਹੀਂ ਖਾਂਦਾ। ਇਸ ਵਿਚ ਇਕ ਵੱਡੀ ਉਲਝਨ ਇਹ ਹੈ ਕਿ ਜੋ ਜੀਵ ਮਨੁੱਖਾਂ ਦੇਹੀ ਤੋਂ ਨਰਕਾਂ ਸਵਰਗਾਂ ਵਿਚ ਚਲੇ ਗਏ, ਉਸ ਤੋਂ ਬਾਅਦ ਪਸ਼ੂਆਂ ਜਾਂ ਧਰਮੀ ਪੁਰਖਾਂ ਦੇ ਘਰ ਜਨਮ ਦਾ ਕੀ ਅਰਥ ਹੋਇਆ।

ਗੁਰੂ ਅਰਜਨ ਦੇਵ ਜੀ ਨੇ ਮੌਤ ਤੋਂ ਬਾਅਦ ਕਿਸੇ ਭੈ ਨਾਲ ਡਰਾਇਆ ਨਹੀਂ। ਨ ਹੀ ਸਵਰਗਾਂ ਵਿਚੋਂ ਪਰਤ ਕੇ ਫਿਰ ਮਨੁੱਖ ਬਣਨ ਦਾ ਵਿਚਾਰ ਹੈ। ਜੀਵ ਆਤਮਾ ਨੂੰ ਪਤਨੀ ਤੇ ਪਰਮਾਤਮਾ ਨੂੰ ਪਤੀ ਦੇ ਰਿਸ਼ਤੇ ਨਾਲ ਜੋੜ ਕੇ ਆਤਮਾ ਪਰਮਾਤਮਾ ਦੇ ਸਬੰਧ ਸਮਝਾਉਣ ਦੀ- ਸਰਲ ਤੋਂ ਸਰਲ- ਕੋਸ਼ਿਸ਼ ਕੀਤੀ ਹੈ। ਜਿੰਨਾ ਚਿਰ ਆਤਮਾ ਜੀਵ ਵਿਚ ਰਹਿੰਦੀ ਹੈ, ਉਸ ਨੂੰ ਕੁਆਰੀ ਮੁਟਿਆਰ ਦਾ ਨਾਂ ਦਿਤਾ ਹੈ, ਫਿਰ ਮੌਤ ਦਾ ਲਾੜਾ ਆਏਗਾ ਇਸ ਨੂੰ ਪਰਨਾਅ ਕੇ ਲੈ ਜਾਏਗਾ। ਇਹ ਲਾੜਾ ਆਪ ਪਰਮਾਤਮਾ ਹੈ। ਜਿੰਨਾ ਚਿਰ ਆਤਮਾ ਵਹੁਟੀ ਆਪਣੇ ਪਤੀ ਪਰਮਾਤਮਾ ਤੋਂ ਦੂਰ ਰਹਿੰਦੀ ਹੈ, ਉਸ ਨੂੰ ਸੇਜ ਸੂਲਾਂ ਲਗਦੀ ਹੈ, ਵਿਛੋੜਾ ਝਲਿਆ ਨਹੀਂ ਜਾਂਦਾ, ਮੇਲ ਹੋ ਜਾਂਦਾ ਹੈ ਤਾਂ ਇਹ ਖੁਸ਼ੀ ਕਥੀ ਨਹੀਂ ਜਾ ਸਕਦੀ।

ਜੋ ਜੀਵ ਨੇਕ ਕਰਮ ਕਰਦੇ ਹਨ ਮੌਤ ਤੋਂ ਬਾਅਦ ਉਨ੍ਹਾਂ ਦੀ ਜੋਤ ਨਾਲ ਜੋਤ ਰਲ ਜਾਂਦੀ ਹੈ। ਉਹ ਅਮਰ ਹੋ ਜਾਂਦੇ ਹਨ। ਇਹ ਸਭ ਤੋਂ ਸਤਿਕਾਰੀ ਹੋਈ ਪਦਵੀ ਹੈ।

---

੧- ਗੀਤਾ ਰਹੱਸਯ (ਹਿੰਦੀ), ਬਾਲ ਗੰਗਾ ਧਰ ਤਿਲਕ, ਪੰਨਾ ੪੦੫-੧੨

੨- ਹਵਾਲਾ- Adi Granth, E.Trumpp, p.CIV.

ਇਹ ਜੋਤ ਦਾ ਜੋਤ ਵਿਚ ਰਲ ਜਾਣਾ[1] ਸਾਰੇ ਸੰਸਾਰ ਦੇ ਰਹੱਸਵਾਦੀ ਮੰਨਦੇ ਹਨ। ਇਸ ਤੋਂ ਬਾਅਦ ਦੀ ਕਰਮ ਕਿਰਿਆ ਸਭ ਮਜ਼ਹਬਾਂ ਦੀ ਭਿੰਨ ਹੈ। ਈਸਾਈ ਤੇ ਮੁਸਲਮਾਨ ਮੁਰਦਾ ਦਬਾਉਂਦੇ ਹਨ। ਹਿੰਦੂ ਤੇ ਸਿੱਖ ਜਲਾਉਂਦੇ ਹਨ। ਜਦੋਂ ਮੁਰਦਾ ਜਲਾਉਣ ਦਾ ਵੇਲਾ ਆਉਂਦਾ ਹੈ ਤਾਂ ਸਿੱਖ, ਅਰਦਾਸ ਕਰਦੇ ਹਨ ਕਿ ਪਰਮਾਤਮਾ ਇਸ ਪ੍ਰਾਣੀ ਦੀ ਆਤਮਾ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖ਼ਸ਼ੇ ਤੇ ਬਾਕੀ ਦੇ ਪ੍ਰਵਾਰ ਨੂੰ ਇਸ ਦਾ ਸਦਮਾ ਸਹਿਣ ਦਾ ਬਲ ਬਖ਼ਸ਼ੇ। ਚਰਨਾਂ ਵਿਚ ਨਿਵਾਸ ਦੀ ਚਾਹ ਤੇ ਬਲ ਬਖ਼ਸ਼ਣ ਦਾ ਸਿਦਕ ਸੰਤੋਖ ਕੇਵਲ ਸਿੱਖ ਧਰਮ ਦੇ ਹੀ ਹਿੱਸੇ ਆਇਆ ਹੈ। ਇਸਲਾਮ ਵਾਂਗ ਹੂਰਾਂ ਜਾਂ ਪਰੀਆਂ ਦਾ ਲਾਲਚ ਤੜਪਾਉਂਦਾ ਨਹੀਂ, ਤੇ ਨ ਹੀ ਹਿੰਦੂ ਧਰਮ ਵਾਂਗ ਪਿਤਰ ਪੂਜਾ ਕਰਵਾਉਂਦੇ ਹਨ। ਇਥੇ ਤਾਂ ਕੇਵਲ ਇਕੋ ਹੀ ਚਾਹ ਹੈ ਕਿ ਮਨ ਪ੍ਰਭੂ ਚਰਨ ਕਮਲਾਂ ਨਾਲ ਪ੍ਰੀਤ ਕਰੇ।[2]

## ਜੀਵਨ ਮੁਕਤ

ਜੀਵਨ ਮੁਕਤੀ ਦਾ ਭਾਵ ਜੀਉਂਦੇ ਜੀ ਪਰਮਾਤਮਾ ਨਾਲ ਅਭੇਦਤਾ, ਸੁਰਤ ਦਾ ਸੁਰਤ ਨਾਲ ਸੰਜੋਗ ਹੋ ਜਾਣਾ ਹੈ। ਸੂਫ਼ੀ ਸਿਧਾਂਤ ਦੀ ਮੁਕਤੀ ਵਿਚਾਰਧਾਰਾ ਗੁਰਮਤ[3] ਨਾਲ ਮਿਲਦੀ ਜੁਲਦੀ ਹੈ। ਖ਼ੁਦਾ ਨਾਲ ਇਕਮਿਕਤਾ ਦੇ ਦੋ ਪਹਿਲੂ ਸੂਫ਼ੀ ਸਿਧਾਂਤ ਵਿਚ ਮਿਲਦੇ ਹਨ। ਜਿਨ੍ਹਾਂ ਨੂੰ ਅਭਾਵਾਤਮਕ ਤੇ ਭਾਵਾਤਮਕ ਸ਼ਬਦਾਂ ਦੁਆਰਾ ਸਪਸ਼ਟ ਕੀਤਾ ਗਿਆ ਹੈ।

ਅਭਾਵਾਤਮਕ ਸ਼ਬਦਾਂ ਵਿਚ- ਫ਼ਨਾ, ਫ਼ਕਦ, ਸੁਕਰ ਹਨ ਤੇ
ਭਾਵਾਤਮਕ ਸ਼ਬਦਾਂ ਵਿਚ - ਬਕਾ, ਵਜਦ, ਸਹਵ ਹਨ।
ਫ਼ਨਾ ਤੋਂ ਭਾਵ ਹੈ - ਸ਼ਖ਼ਸੀ ਨਿਜਤਾ ਤੋਂ ਤਿਆਗ।
ਫ਼ਕਦ ਦੋਂ ਭਾਵ ਹੈ - ਆਪਣੇ ਆਪ ਤੋਂ ਖ਼ਾਤਮਾ।

---

੧- ਪਵਨੈ ਮਹਿ ਪਵਨੁ ਸਮਾਇਆ।।ਜੋਤੀ ਮਹਿ ਜੋਤਿ ਰਲ ਜਾਇਆ।।
ਮਾਟੀ ਮਾਟੀ ਹੋਈ ਏਕ।।ਰੋਵਨਹਾਰੇ ਕੀ ਕਵਨ ਟੇਕ।।
—ਰਾਮਕਲੀ ਮ:੫,ਆਦਿ ਗ੍ਰੰਥ, ਪੰਨਾ ੮੮੫

੨- ਰਾਜੁ ਨ ਚਾਹਉ ਮੁਕਤਿ ਨ ਚਾਹਉ ਮਨਿ ਪ੍ਰੀਤਿ ਚਰਨ ਕਮਲਾਰੇ।।
—ਦੇਵਗੰਧਾਰੀ ਮ:੫,ਆਦਿ ਗ੍ਰੰਥ, ਪੰਨਾ ੫੩੪

੩- ਪੰਜਾਬ ਵਿਚ ਸੂਫ਼ੀ ਤੇ ਸਿੱਖ ਧਰਮ ਲਗ ਪਗ ਇਕ ਕਾਲ ਵਿਚ ਹੀ ਪ੍ਰਫੁਲਤ ਹੋਏ।

ਬਕਾ ਤੋਂ ਭਾਵ ਹੈ- ਖ਼ੁਦਾ ਵਿਚ ਵਾਸਾ।

ਵਜਦ ਤੋਂ ਭਾਵ ਹੈ- ਰੱਬ ਦੀ ਪ੍ਰਾਪਤੀ।[੧]

ਗੁਰਮਤ ਵਿਚ ਅਭਾਵਾਤਮਕ ਪਹਿਲੂ ਦਾ ਜ਼ਿਆਦਾ ਵਿਸਥਾਰ ਨਾਲ ਜ਼ਿਕਰ ਹੋਇਆ ਹੈ। ਗੁਰੂ ਜੀ ਨੇ ਕੁਛ ਗਲਾਂ ਤਿਆਗਣ ਯੋਗ ਦਸੀਆਂ ਹਨ, ਜਿਨ੍ਹਾਂ ਦੇ ਤਿਆਗ ਨਾਲ ਜੀਵਨ ਮੁਕਤੀ ਦੀ ਪਦਵੀ ਮਿਲ ਸਕਦੀ ਹੈ- ਦੁਖ ਸੁਖ ਦਾ ਫਰਕ, ਜਨਮ ਮਰਨ ਦਾ ਭੈ, ਚੁਰਾਸੀ ਲਖ ਜੂਨਾਂ, ਨਰਕ, ਮਾਇਆ- ਜਾਲ, ਭਰਮ, ਹਉਮੈ ਦੀ ਕੰਧ, ਮਮਤਾ, ਦਵੈਤਭਾਵ, ਜਮ ਦੀ ਫਾਸ, ਅਗਿਆਨਤਾ, ਭਉ,ਵਿਕਾਰ, ਕਿਲਵਿਖ ਆਦਿ।

ਜਿਹੜਾ ਜੀਵ ਇਨ੍ਹਾਂ ਤੋਂ ਛੁਟਕਾਰਾ ਪਾ ਜਾਂਦਾ ਹੈ ਉਹ ਜੀਵਨਮੁਕਤ ਹੈ। ਭਾਈ ਗੁਰਦਾਸ ਜੀ ਨੇ ਜੀਵਨ ਮੁਕਤ ਉਨ੍ਹਾਂ ਨੂੰ ਆਖਿਆ ਹੈ, ਜੋ ਮਾਇਆ ਵਲੋਂ ਮਰ ਕੇ ਉਸ ਮੌਤ ਤੋਂ ਜੀਉ ਪਏ ਤੇ ਵਾਹਿਗੁਰੂ ਦੇ ਪ੍ਰੇਮ ਵਿਚ ਡੁੱਬ ਕੇ ਮਾਇਆ ਵਿਚ ਡੁਬਿਆਂ ਨਾਲੋਂ ਤਰ ਪਏ ਹਨ।[੨] ਸ਼ੰਕਰ ਅਨੁਸਾਰ ਜੀਵਨ ਮੁਕਤ ਦੀ ਪਦਵੀ ਪਾ ਕੇ ਕਿਸੇ ਕੰਮ ਦੀ ਲੋੜ ਨਹੀਂ ਰਹਿੰਦੀ। ਇਸ ਤੋਂ ਅਗੇ ਗਿਆਨ ਹਾਸਲ ਕਰਨ ਲਈ ਕਰਮ ਦੀ ਲੋੜ ਹੈ। ਇਸ ਕਰਮ ਨੂੰ ਸੰਨਿਆਸ ਕਿਹਾ ਜਾਂਦਾ ਹੈ।ਪਰ ਸੰਨਿਆਸ ਦੀ ਗੁਰੂ ਸਾਹਿਬ ਦੀ ਰਚਨਾ ਵਿਚ ਕੋਈ ਥਾਂ ਨਹੀਂ।[੩]

ਜੋ ਜੀਵ ਪਰਮਾਤਮਾ ਦੀ ਆਗਿਆ ਵਿਚ ਰਹਿੰਦਾ ਹੈ, ਹਉਂ ਤਿਆਗ ਚੁੱਕਾ ਹ, ਉਹ ਜੀਵਨ ਮੁਕਤ ਹੈ।[੪]

ਮੁਕਤੀ ਤਦ ਪ੍ਰਾਪਤ ਹੋ ਸਕਦੀ ਹੈ ਜੇਕਰ ਜੀਵ ਦੀ ਜੋਤ ਪ੍ਰਭੂ ਦੇ ਚਰਨਾਂ ਵਿਚ ਟਿਕ ਜਾਏ। ਜੀਵ ਦਿਨ ਰਾਤ ਜੇ ਆਪਣੇ ਪਰਮਾਤਮਾ ਨੂੰ ਯਾਦ ਰਖਦਾ ਹੈ, ਗੁਰੂ ਦੀ ਨਦਰ ਦਾ ਦਾਨ ਮੰਗਦਾ ਹੈ, ਆਪਾ ਤਿਆਗਦਾ ਹੈ,ਇਹੀ ਜੀਵਤ ਮਰਨਾ ਹੈ।[5]

ਗੁਰੂ ਅੰਗਦ ਦੇਵ ਜੀ ਨੇ "ਜੀਵਤ ਮਰਣਾ" ਦਾ ਰਹੱਸ ਬੜੇ ਸੁੰਦਰ ਸ਼ਬਦਾਂ ਵਿਚ

---

੧- Ency. of Religion and Ethics,Vol.XII,p.14.

੨- ਵਾਰਾਂ ਭਾਈ ਗੁਰਦਾਸ,ਵਾਰ ੧੮,ਪਉੜੀ ੧੬

੩- ਹਵਾਲਾ- A Critical Study of Adi Granth,Dr.S.S.Kohli,p.262.

੪- ਪ੍ਰਭ ਕੀ ਆਗਿਆ ਆਤਮ ਹਿਤਾਵੈ।।ਜੀਵਨ ਮੁਕਤਿ ਸੋਊ ਕਹਾਵੈ।।
ਜੋ ਵਰਤਾਏ ਸਾਈ ਜੁਗਤਿ।।ਨਾਨਕ ਓਹੁ ਪੁਰਖੁ ਕਹੀਐ ਜੀਵਨ ਮੁਕਤਿ।।
—ਸੁਖਮਨੀ, ਆਦਿ ਗ੍ਰੰਥ, ਪੰਨਾ ੨੭੫

5- ਆਠ ਪਹਰ ਪ੍ਰਭੁ ਅਪਨਾ ਧਿਆਈਐ ਗੁਰ ਪ੍ਰਸਾਦਿ ਭਉ ਤਰੀਐ।।
ਆਪੁ ਤਿਆਗਿ ਹੋਈਐ ਸਭ ਰੇਣਾ ਜੀਵਤਿਆਂ ਇਉ ਮਰੀਐ।।
—ਸੂਹੀ ਮ:੫,ਆਦਿ ਗ੍ਰੰਥ,ਪੰਨਾ ੭੪੦

ਦਸਿਆ ਹੈ:-

ਅਖੀ ਬਾਝਹੁ ਵੇਖਣਾ ਵਿਣੁ ਕੰਨਾ ਸੁਨਣਾ॥
ਪੈਰਾ ਬਾਝਹੁ ਚਲਣਾ ਵਿਣੁ ਹਥਾ ਕਰਣਾ॥
ਜੀਭੈ ਬਾਝਹੁ ਬੋਲਣਾ ਇਉ ਜੀਵਤ ਮਰਣਾ॥
ਨਾਨਕ ਹੁਕਮੁ ਪਛਾਣਿ ਕੈ ਤਉ ਖਸਮੈ ਮਿਲਣਾ॥[੧]

ਜੀਵ ਦੇ ਅੰਦਰੋਂ ਉਸ ਦੇ ਪੰਜੇ ਵੈਰੀ ਨਿਕਲ ਜਾਂਦੇ ਹਨ। ਹੋਰ ਕਿਸੇ ਦਾ ਜੀਵ ਆਤਮਾ ਨੂੰ ਭੈ ਨਹੀਂ ਰਹਿੰਦਾ, ਪਰਮਾਤਮਾ ਦੇ ਦਰਸ਼ਨ ਸਾਖਿਆਤ ਹੋ ਜਾਂਦੇ ਹਨ। ਇਹ ਜੀਵਨ ਪਦਵੀ ਹੈ।[੨] ਇਹ ਜੀਵਤ ਮਰਨ ਦੀ ਪਦਵੀ ਦਰਗਾਹ ਵਿਚ ਪ੍ਰਵਾਨ ਪੈਂਦੀ ਹੈ।[੩]

ਜੀਉਂਦਿਆਂ ਆਤਮ ਗਿਆਨ ਨੂੰ ਪ੍ਰਾਪਤ ਹੋ ਕੇ ਕਰਮ ਜਾਲ ਤੇ ਆਵਾਗਵਣ ਦੇ ਜਾਲ ਤੋਂ ਛੁਟਕਾਰਾ ਪਾ ਲੈਣਾ, ਜੀਵਨ ਮੁਕਤੀ ਹੈ।[੪]

ਇਹ ਜੀਵਨ ਮੁਕਤ ਦੀ ਪਦਵੀ ਪਰਮਾਤਮਾ ਨਾਲ ਮੇਲ ਦੀ ਇਕ ਕਿਸਮ ਹੈ। ਮੁਕਤੀ ਨਾਲੋਂ ਇਸ ਦੀ ਇਹ ਭਿੰਨਤਾ ਹੈ ਕਿ ਇਸ ਵਿਚ ਜੀਵ ਸੰਸਾਰ ਵਿਚ ਰਹਿੰਦਾ ਹੋਇਆ ਨਿਰਲੇਪ ਰਹਿੰਦਾ ਹੈ। ਮਨੁੱਖੀ ਜੀਵਨ ਦਾ ਪ੍ਰਯੋਜਨ ਵੀ ਸਤਿਗੁਰੂ ਜੀ ਇਹ ਦਸਦੇ ਹਨ ਕਿ ਜੋ ਦੈਵੀ ਚਿਣਗ ਸਾਡੇ ਅੰਦਰ ਰਖੀ ਗਈ ਉਸ ਨੂੰ ਪ੍ਰਜਵਲਤ ਕਰੀਏ ਤੇ ਜਿਸ ਨਿਰੰਕਾਰ ਤੋਂ ਉਪਜੇ ਹਾਂ ਤੇ ਜੋ ਹਰਦਮ ਸਾਡੇ ਅੰਦਰ ਵਸਦਾ ਹੈ, ਉਸ ਦੇ ਨਾਲ ਮਿਲ ਜਾਈਏ।[੫] ਜਿਉਂ ਸੂਰਜ ਦੀ ਕਿਰਨ ਸੂਰਜ ਨਾਲ ਮਿਲ ਕੇ ਸੂਰਜ ਹੋ ਜਾਂਦੀ ਹੈ, ਸਾਗਰ ਦੀ ਬੂੰਦ ਸਾਗਰ ਨਾਲ ਮਿਲ ਕੇ ਸਾਗਰ ਹੋ ਜਾਂਦੀ ਹੈ, ਇਉਂ ਜੀਵ ਦੀ ਆਤਮਾ ਪਰਮਾਤਮਾ ਨਾਲ ਮਿਲ ਕੇ ਪ੍ਰਭੂ ਰੂਪ ਹੋ ਜਾਂਦੀ ਹੈ।[੬]

---

੧- ਸਲੋਕ ਮ:੨, ਆਦਿ ਗ੍ਰੰਥ, ਪੰਨਾ ੧੩੯

੨- ਅਬ ਮੋਹਿ ਜੀਵਨ ਪਦਵੀ ਪਾਈ॥
ਚੀਤਿ ਆਇਓ ਮਨ ਪੁਰਖੁ ਬਿਧਾਤਾ ਸੰਤਨ ਕੀ ਸਰਣਾਈ॥
ਕਾਮ ਕ੍ਰੋਧੁ ਲੋਭੁ ਮੋਹੁ ਨਿਵਾਰੇ ਨਿਵਰੇ ਸਗਲ ਬੈਰਾਈ॥
ਸਦ ਹਜੂਰਿ ਹਾਜਰ ਹੈ ਨਾਜਰੁ ਕਤਹਿ ਨ ਭਇਓ ਦੂਰਾਈ॥
—ਮਾਰੂ ਮ:੫, ਆਦਿ ਗ੍ਰੰਥ, ਪੰਨਾ ੧੦੦੦

੩- ਤਿਆਗਿ ਮਾਨੁ ਝੂਠੁ ਅਭਿਮਾਨੁ॥ ਜੀਵਤ ਮਰਹਿ ਦਰਗਹ ਪਰਵਾਨੁ॥
—ਗਉੜੀ ਮ:੫, ਆਦਿ ਗ੍ਰੰਥ, ਪੰਨਾ ੧੭੬

੪- ਜੀਵਨ ਮੁਕਤਿ ਜਿਸੁ ਰਿਦੈ ਭਗਵੰਤੁ॥ —ਸੁਖਮਨੀ, ਆਦਿ ਗ੍ਰੰਥ, ਪੰਨਾ ੨੭੪

੫- ਗੁਰਮਤਿ ਨਿਰਣਯ, ਭਾਈ ਜੋਧ ਸਿੰਘ, ਪੰਨਾ ੬੦

੬- ਸੂਰਜ ਕਿਰਣਿ ਮਿਲੇ ਜਲ ਕਾ ਜਲੁ ਹੂਆ ਰਾਮ॥
ਜੋਤੀ ਜੋਤਿ ਰਲੀ ਸੰਪੂਰਨੁ ਥੀਆ ਰਾਮ॥
—ਬਿਲਾਵਲ ਮ:੫, ਆਦਿ ਗ੍ਰੰਥ, ਪੰਨਾ ੮੪੬

ਜੀਵਨ ਮੁਕਤੀ ਦੀ ਪਦਵੀ ਹਾਸਲ ਕਰਨੀ ਔਖੀ ਘਾਟੀ ਹੈ। ਮੌਤ ਸਹਿਣੀ ਸੌਖੀ ਹੈ, ਪਰ ਜੀਉਂਦੇ ਜੀ ਮਨ ਤੇ ਕਾਬੂ ਕਰਨਾ ਔਖਾ ਹੈ। ਸੱਚਾ ਸਾਧ ਉਹ ਨਹੀਂ ਜੋ ਘਰ ਤੇ ਸਮਾਜ ਤਿਆਗ ਕੇ ਭਜ ਨਿਕਲੇ, ਸੰਨਿਆਸੀ ਬਣ ਜਾਵੇ ਤੇ ਜ਼ਿੰਦਗੀ ਦੀਆਂ ਮੁਸ਼ਕਲਾਂ ਤੋਂ ਬਚਣ ਦੀ ਕੋਸ਼ਿਸ਼ ਕਰੇ।[1]

ਜੀਉਂਦੇ ਜੀ ਮੁਕਤੀ ਹਾਸਲ ਕਰਨਾ ਜੀਵਨ ਮੁਕਤੀ ਹੈ। ਪਰਮਗਤਿ,[2] ਬਿਸਰਾਮ,[3] ਜੀਵਨ ਪਦਵੀ,[4] ਬੰਦ ਖਲਾਸ,[5] ਨਿਰਬਾਣ,[6] ਮੋਖੁ,[7] ਆਦਿ ਸ਼ਬਦ ਇਸੇ ਅਰਥ ਵਿਚ ਗੁਰੂ ਜੀ ਨੇ ਆਪਣੀ ਰਚਨਾ ਵਿਚ ਵਰਤੇ ਹਨ।

ੲ- <u>ਸਾਧ</u>

ਸਾਧ ਉਸ ਨੂੰ ਆਖਦੇ ਹਨ ਜੋ ਪਰਾਏ ਕਾਰਜ ਨੂੰ ਸਿਧ ਕਰੇ।[8] ਸਾਧ ਦੀ ਹਸਤੀ ਵੀ ਉਤਨੀ ਹੀ ਉਤਮ, ਅਪਹੁੰਚ ਤੇ ਰਮਜ਼ਭਰੀ ਹੈ, ਜਿੰਨੀ ਪਰਮਾਤਮਾ ਦੀ ਆਪਣੀ। ਸਾਧ ਦੀ ਸੋਭਾ, ਵਡਿਆਈ, ਸਾਧ ਆਪ ਹੀ ਜਾਣ ਸਕਦਾ ਹੈ, ਯਾਨੀ ਉਸ ਵਰਗਾ ਕੇਵਲ ਉਹੀ ਹੁੰਦਾ ਹੈ।[9]

ਭਾਈ ਨੰਦ ਲਾਲ ਜੀ ਸਾਧਾਂ ਦੀ ਸੰਗਤ ਬਾਰੇ ਕਹਿੰਦੇ ਹਨ ਕਿ 'ਮੇਰੇ ਦਿਲ ਦੀ ਇਛਾ ਹੈ ਕਿ ਸਾਧ ਸੰਗਤ ਦੀ ਧੂੜੀ ਤੋਂ ਕੁਰਬਾਨ ਹੋ ਜਾਵਾਂ।[10] ਜੇ ਕਿਸੇ ਨੇ ਸਾਕਾਰ ਰੱਬ ਨੂੰ ਵੇਖਣਾ ਹੋਵੇ ਤਾਂ ਸਾਧ ਦੇ ਦਰਸ਼ਨ ਇਹ ਖਾਹਸ਼ ਪੂਰੀ ਕਰ ਸਕਦੇ ਹਨ। ਜੇ ਕਿਸੇ ਦੀ ਸਾਕਾਰ ਰੂਪ ਵਿਚ ਪੂਜਾ ਕਰਨੀ ਹੈ ਤਾਂ ਸਾਧ ਦੀ ਕਰੋ, ਸਾਧ ਦੀ ਸ਼ਖ਼ਸੀਅਤ ਪੂਜਣ ਯੋਗ ਹੁੰਦੀ ਹੈ। ਪ੍ਰਭੂ ਦਾ ਨਾਮ ਸਿਮਰਨ ਤੇ ਕੀਰਤਨ ਕਰਨਾ, ਸੁਣਨਾ

---

੧- Indian Philosophy,Dr.S.Radha Krishanan,Vol.II,p.221

੨- ਨਾਨਕ ਤਾਕੀ ਪਰਮਗਤਿ ਹੋਇ।।—ਰਾਮਕਲੀ ਮ:੫,ਆਦਿ ਗ੍ਰੰਥ,ਪੰਨਾ ੯੦੦

੩- ਬਿਰਲੇ ਪਾਵਹਿ ਓਹੁ ਬਿਸ੍ਰਾਮੁ।।— ਉਹੀ, ਪੰਨਾ ੮੮੮-੮੯

੪- ਅਬ ਮੋਹਿ ਜੀਵਨ ਪਦਵੀ ਪਾਈ।।—ਮਾਰੂ ਮ:੫,ਆਦਿ ਗ੍ਰੰਥ,ਪੰਨਾ ੧੦੦੦

੫- ਕਾਟੀ ਬੇਰੀ ਪਗਹ ਤੇ ਗੁਰਿ ਕੀਨੀ ਬੰਦਿ ਖਲਾਸੁ।।
— ਮਾਰੂ ਮ:੫,ਆਦਿ ਗ੍ਰੰਥ, ਪੰਨਾ ੧੦੦੨

੬- ਗ੍ਰਿਹਸਤ ਮਹਿ ਸੋਈ ਨਿਰਬਾਨੁ।।—ਸੁਖਮਨੀ,ਆਦਿ ਗ੍ਰੰਥ,ਪੰਨਾ ੨੮੧

੭- ਮੋਖ ਮੁਕਤਿ ਦੁਆਰਿ ਜਾਕੈ ਸੰਤ ਰਿਦਾ ਭੰਡਾਰੁ।।
—ਮਾਰੂ ਮ:੫,ਅਸਟਪਦੀਆਂ,ਆਦਿ ਗ੍ਰੰਥ,ਪੰਨਾ ੧੦੧੭

੮- ਮਹਾਨ ਕੋਸ਼, ਪੰਨਾ ੧੩੭

੯- ਆਪੇ ਜਾਨੈ ਸਾਧ ਬਡਾਈ।।ਨਾਨਕ ਸਾਧ ਪ੍ਰਭੂ ਬਨਿ ਆਈ।।
—ਸੁਖਮਨੀ,ਆਦਿ ਗ੍ਰੰਥ, ਪੰਨਾ ੨੭੧

੧੦- ਸ਼ਬਦ ਕੁਰਬਾਨੇ ਖ਼ਾਕੇ ਸਾਧ ਸੰਗਤ।।ਦਿਲੇ ਗੋਯਾ ਹਮੀਂ ਬਸ ਆਰਜ਼ੂ ਅਸਤ।
—ਭਾਈ ਨੰਦ ਲਾਲ ਜੀ.

ਉਸ ਦੇ ਆਚਰਣਕ ਗੁਣ ਹਨ।

ਸਾਧ ਜਨਾ ਦੀ ਕਹਾਣੀ ਹੀ ਅਸਚਰਜ ਹੈ, ਕਿਉਂਕਿ ਉਹ ਅਗੰਮ ਤੇ ਅਗਾਧ ਪ੍ਰਭੂ ਵਲ ਧਿਆਨ ਦਿਵਾਉਂਦੇ ਹਨ।[1] ਸਾਧ ਦੀ ਪਰੀਭਾਸ਼ਾ ਵਿਚ ਇਸ ਨੂੰ ਅਸਚਰਜ ਦਾ ਵਿਸ਼ੇਸ਼ਣ ਦੇ ਕੇ ਗੁਰੂ ਅਰਜਨ ਦੇਵ ਜੀ ਨੇ (ਬ੍ਰਹਮ[2] ਗਿਆਨੀ ਤੋਂ ਪਹਿਲਾਂ) ਸਾਧ ਤੇ ਸਾਧ ਦੀ ਸੰਗਤ ਸੰਬੰਧੀ ੮੦ ਸਤਰਾਂ ਦੀ ਅਸਟਪਦੀ ਲਿਖੀ ਹੈ, ਇਨ੍ਹਾਂ ੮੦ ਸਤਰਾਂ ਵਿਚ ਸਾਧ ਦੀ ਸੰਗਤ ਦੇ ਵਖ ਵਖ ਗੁਣ ਦਿਖਾਈ ਦਿੰਦੇ ਹਨ। ਜਿਨ੍ਹਾਂ ਵਿਚੋਂ ਕੁਝ ਇਕ ਦਾ ਵਰਣਨ ਜ਼ਰੂਰੀ ਲਗਦਾ ਹੈ-

੧- ਸਾਧਾਂ ਦੀ ਸੰਗਤ ਨਾਲ ਸਾਰੀ ਮੈਲ ਦੂਰ ਹੋ ਜਾਂਦੀ ਹੈ, ਅਭਿਮਾਨ ਮਿਟ ਜਾਂਦਾ ਹੈ, ਗਿਆਨ ਦਾ ਪ੍ਰਕਾਸ਼ ਹੋ ਜਾਂਦਾ ਹੈ।

੨- ਇਨ੍ਹਾਂ ਦੀ ਸੰਗਤ ਨਾਲ ਪ੍ਰਭੂ ਨੇੜੇ ਭਾਸਦਾ ਹੈ, ਕਿਉਂਕਿ ਸਾਧ ਉਸ ਇਕ ਪਰਮਾਤਮਾ ਵਲ ਧਿਆਨ ਰਖਦਾ ਹੈ, ਉਸੇ ਪਾਸ ਜਾਣ ਦੇ ਜਤਨ ਕਰਦਾ ਹੈ।

੩- ਸਾਧ ਦੀ ਮਹਿਮਾ ਕਥੀ ਨਹੀਂ ਜਾ ਸਕਦੀ, ਜੇ ਇਸ ਨੂੰ ਹਰੀ ਦੀ ਸੋਭਾ ਦੇ ਬਰਾਬਰ ਕਿਹਾ ਜਾਏ ਤਾਂ ਵੀ ਅਤਿਕਥਨੀ ਨਹੀਂ।

੪- ਸਾਧਾਂ ਦੀ ਸੰਗਤ ਨਾਲ ਵਾਹਿਗੁਰੂ ਮਿਲ ਸਕਦਾ ਹੈ, ਸਾਧ ਸੰਗਤ ਵਿਚ ਜੋ ਜੀਵ ਰਹਿੰਦੇ ਹਨ, ਉਨ੍ਹਾਂ ਨਾਲ ਪਰਮਾਤਮਾ ਪ੍ਰਸੰਨ ਹੁੰਦਾ ਹੈ।

੫- ਸਾਧ ਦੇ ਸਭ ਸਜਣ ਹੁੰਦੇ ਹਨ, ਇਸ ਦੀ ਸੰਗਤ ਨਾਲ ਜੀਵ ਪਵਿਤਰ ਹੋ ਜਾਂਦਾ ਹੈ।

੬- ਸਾਧ ਦੀ ਸੰਗਤ ਵਿਚ ਜੀਵ ਕੁਰਾਹੇ ਨਹੀਂ ਪੈਂਦਾ ਨ ਹੀ ਬੁਰਾਈ ਵਿਚ ਫਸ ਸਕਦਾ ਹੈ।

੭- ਸਾਧ ਦੀ ਸੰਗਤ ਵਿਚ ਆ ਕੇ ਹੰਕਾਰ ਨਹੀਂ ਰਹਿ ਜਾਂਦਾ।

੮- ਸਾਧ ਦੀ ਸੰਗਤ ਵਿਚ ਨਾਮ ਵਰਗੀ ਅਗੋਚਰ ਵਸਤੂ ਪ੍ਰਾਪਤ ਹੁੰਦੀ ਹੈ।

੯- ਇਥੇ ਆ ਕੇ ਹੰਗਿਆਈ ਜੋ ਅਜਰ ਵਸਤੂ ਹੈ, ਇਸ ਨੂੰ ਜਰਨ ਦੀ ਸ਼ਕਤੀ ਮਿਲਦੀ ਹੈ। ਹੰਗਿਆਈ ਵਾਲਾ ਪੁਰਸ਼ ਹੰਕਾਰੀ ਨਹੀਂ ਹੋ ਜਾਂਦਾ, ਸਮ ਸੁਭਾਅ ਦਾ ਰਹਿੰਦਾ ਹੈ।

---

੧- ਅਗਮ ਅਗਾਧਿ ਪਾਰਬ੍ਰਹਮੁ ਸੋਇ।।ਜੋ ਜੋ ਕਹੈ ਸੋ ਮੁਕਤਾ ਹੋਇ।।
ਸੁਨਿ ਮੀਤਾ ਨਾਨਕੁ ਬਿਨਵੰਤਾ।।ਸਾਧ ਜਨਾ ਕੀ ਅਚਰਜ ਕਥਾ।।
—ਸੁਖਮਨੀ, ਆਦਿ ਗ੍ਰੰਥ, ਪੰਨਾ ੨੭੧

੨- ਸੁਖਮਨੀ, ਅਸਟਪਦੀ ੭, ਆਦਿ ਗ੍ਰੰਥ, ਪੰਨਾ ੨੭੧-੭੨

੧੦- ਸਾਧ ਦੀ ਸੰਗਤ ਕਰਨ ਵਾਲਾ ਸਾਰੇ ਧਰਮਾਂ ਨੂੰ ਵਿਚਾਰਦਾ ਹੈ, ਪਰ ਨਿਰਨਾ ਇਕ ਵਾਹਿਗੁਰੂ ਤੇ ਹੀ ਨਿਬੇੜਦਾ ਹੈ।
੧੧- ਸਾਧ ਦਾ ਖਾਨਦਾਨ ਤਰ ਜਾਂਦਾ ਹੈ, ਸਜਣ, ਮਿਤਰ, ਸਾਕ ਸੰਬੰਧੀ ਸਾਰਿਆਂ ਦਾ ਨਿਸਤਾਰਾ ਹੋ ਜਾਂਦਾ ਹੈ।
੧੨- ਸਾਧ ਦੀ ਸੰਗਤ ਵਿਚ ਨਾਮ ਦਾ ਖ਼ਜ਼ਾਨਾ ਮਿਲਦਾ ਹੈ।
੧੩- ਸਾਧ ਦੀ ਧਰਮਰਾਜ ਵੀ ਸੇਵਾ ਕਰਦਾ ਹੈ (ਬਾਕੀ ਪ੍ਰਾਣੀਆਂ ਵਾਂਗ ਸਜ਼ਾ ਨਹੀਂ ਦੇਂਦਾ)। ਦੇਵਤੇ ਵੀ ਸੇਵਾ ਕਰਦੇ ਹਨ।
੧੪- ਸਾਧ ਦੀ ਸਭ ਜਗ੍ਹਾ ਪਹੁੰਚ ਹੁੰਦੀ ਹੈ।
੧੫- ਸਾਧ ਦੇ ਦਰਸ਼ਨਾਂ ਨਾਲ ਜਨਮ ਸਫਲਾ ਹੋ ਜਾਂਦਾ ਹੈ, ਮਨ ਚਾਹੇ ਪਦਾਰਥ ਪਾ ਲਈਦੇ ਹਨ।
੧੬- ਪਰਮਾਤਮਾ ਸਾਧ ਦੇ ਹਿਰਦੇ ਵਿਚ ਵਸਦਾ ਹੈ। ਸਾਧ ਦੀ ਜ਼ੁਬਾਨੀ ਪ੍ਰਭੂ ਦਾ ਨਾਮ ਸੁਣ ਕੇ ਜੀਵ ਦੀ ਚੁਰਾਸੀ ਕੱਟੀ ਜਾਂਦੀ ਹੈ।
੧੭- ਸਾਧ ਦੀ ਮਹਿਮਾ ਤਾਂ ਵੇਦ ਵੀ ਨਹੀਂ ਲਖ ਸਕੇ, ਵੇਦ ਕੇਵਲ ਜਿੰਨਾ ਸੁਣਦੇ ਹਨ, ਉਨਾ ਹੀ ਕਥਨ ਕਰਦੇ ਹਨ। ਪੂਰਾ ਵਿਸਥਾਰ ਵਿਚ ਬਿਆਨ ਨਹੀਂ ਕਰ ਸਕੇ ਕਿਉਂਕਿ ਇਹ ਤਿੰਨਾਂ ਗੁਣਾਂ (ਰਜੋ, ਤਮੋ, ਸਤੋ) ਦੇ ਅੰਦਰ ਕੈਦ ਹਨ,ਪਰ ਸਾਧ ਤਾਂ ਇਨ੍ਹਾਂ ਤਿੰਨਾਂ ਤੋਂ ਉਪਰ ਵਸਦਾ ਹੈ।
੧੮- ਸਾਧ ਦੀ ਸੋਭਾ ਬੇਅੰਤ ਹੈ, ਇਨੀ ਉੱਚੀ ਹੈ, ਕਿ ਕਥੀ ਨਹੀਂ ਜਾ ਸਕੀ। ਇਹ ਸੋਭਾ ਸਾਧ ਦੇ ਮੇਚ ਦੀ ਹੈ, ਉਸੇ ਨੂੰ ਹੀ ਫਬਦੀ ਹੈ, ਕਿਉਂਕਿ ਸਾਧ ਤੇ ਪਰਮਾਤਮਾ ਵਿਚ ਕੋਈ ਫਰਕ ਨਹੀਂ।

ਸਾਧ ਪੁਰਸ਼ ਦੇ ਦਰਸ਼ਨ ਜੀਵ ਲਈ ਅਤਿ ਜ਼ਰੂਰੀ ਹਨ। ਇਨ੍ਹਾਂ ਦਰਸ਼ਨਾਂ ਤੋਂ ਬਿਨ੍ਹਾਂ ਜੀਵ ਇਉਂ ਹੈ ਜਿਵੇਂ ਸੁਆਸਾਂ ਬਿਨ੍ਹਾਂ ਸਰੀਰ ਹੋਵੇ।[1] ਜੇ ਜੀਵ ਆਪਣੀ ਕਦਰ ਕਰਾਉਣੀ ਲੋੜਦਾ ਹੈ, ਆਵਾਗਵਣ ਦੇ ਗੇੜ ਵਿਚੋਂ ਨਿਕਲਣਾ ਚਾਹੁੰਦਾ ਹੈ ਤਾਂ ਉਹ ਸਾਧ ਜਨਾ ਦੀ ਸਰਨ ਪੈ ਜਾਵੇ, ਸਤਿਕਾਰਿਆ ਜਾਏਗਾ।[2] ਸੰਸਾਰ ਵਿਚ ਸਾਰੀ ਦੌੜ

---

੧- ਸਾਸ ਬਿਨਾ ਜਿਉ ਦੇਹੁਰੀ ਕਤ ਸੋਭਾ ਪਾਵੈ।।
ਦਰਸ ਬਿਹੂਨਾ ਸਾਧ ਜਨ ਖਿਨ ਟਿਕਣ ਨ ਆਵੈ।।
—ਕੇਦਾਰਾ ਛੰਤ ਮ:੫,ਆਦਿ ਗ੍ਰੰਥ, ਪੰਨਾ ੧੧੨੨
੨- ਜੇ ਕੋ ਜਨਮ ਮਰਣ ਤੇ ਡਰੈ।।ਸਾਧ ਜਨਾ ਕੀ ਸਰਨੀ ਪਰੈ।।
—ਸੁਖਮਨੀ, ਆਦਿ ਗ੍ਰੰਥ, ਪੰਨਾ ੨੬੬

ਚਾਰ ਪਦਾਰਥਾਂ ਨੂੰ ਪ੍ਰਾਪਤ ਕਰਨ ਦੀ ਲੱਗੀ ਹੋਈ ਹੈ। ਹਰ ਕੋਈ ਆਪਣੇ ਆਪ ਨੂੰ ਦੂਜੇ ਨਾਲੋਂ ਅੱਗੇ ਰਖਣਾ ਚਾਹੁੰਦਾ ਹੈ। ਇਹ ਚਾਰ ਪਦਾਰਥ ਹਨ- ਧਰਮ,[੧] ਮੋਖ,[੨] ਕਾਮ,[੩] ਤੇ ਅਰਥ।[੪] ਜਿਹੜਾ ਜੀਵ ਇਹ ਚਾਰੇ ਹੀ ਪਦਾਰਥ ਆਪਣੇ ਪਾਸ ਚਾਹੁੰਦਾ ਹੈ, ਉਹ ਸਾਧ ਜਨਾ ਦੀ ਸੇਵਾ ਕਰੇ, ਇਹ ਪਦਾਰਥ ਉਸ ਦੇ ਹੋ ਜਾਣਗੇ।[੫] ਉਸ ਦੇ ਚਰਨ ਧੋ ਧੋ ਪੀਵੇ, ਉਸ ਨੂੰ ਆਪਾ ਅਰਪਨ ਕਰੇ, ਤਾਂ ਸਭੇ ਮਨੋਰਥ ਪੂਰੇ ਹੋਣਗੇ। ਸਾਧ ਦੇ ਚਰਨਾਂ ਦੀ ਧੂੜ ਆਪਣੇ ਮਥੇ ਤੇ ਲਗਾਵੇ, ਸਾਧ ਉਪਰੋਂ ਬਲਿਹਾਰ ਜਾਵੇ,[੬] ਕਿਉਂਕਿ ਸਾਧ ਦੀ ਸੇਵਾ ਤਾਂ ਵਡੇ ਭਾਗਾਂ ਨਾਲ ਪ੍ਰਾਪਤ ਹੋ ਸਕਦੀ ਹੈ। ਜਿਹੜੇ ਜੀਵਾਂ ਦੇ ਨੈਣਾਂ ਵਿਚ ਸਾਧ ਜਨਾਂ ਦੇ ਦਰਸ਼ਨ ਨਹੀਂ ਹਨ, ਉਹ ਨੈਣ ਨਿਕਰਮੇ ਹਨ।[੭]

ਜੀਵ ਦੇ ਅੰਦਰਲੀ ਜਲਨ, ਕਾਮਾਦਿਕ ਅਗਨੀ ਤਦੇ ਬੁਝ ਸਕਦੀ ਹੈ, ਜੇ ਉਹ ਸਾਧ ਜਨਾ ਦੇ ਸੰਗ ਰਹੇ। ਇਹ ਤਾਂ ਹੀ ਹੋ ਸਕਦੀ ਹੈ, ਜੇ ਪਰਮਾਤਮਾ ਆਪ ਕਿਰਪਾ ਕਰੇ।[੮] ਇਉਂ ਸਾਧ ਪੁਰਖਾਂ ਨਾਲ ਰਲ ਕੇ ਸੰਸਾਰ ਸਾਗਰ ਨੂੰ ਤਰ ਸਕੀਦਾ ਹੈ।[੯] ਸਾਧ ਦੀ ਸੰਗਤ ਵਿਚ ਜੋ ਵੀ ਚਲਾ ਜਾਂਦਾ ਹੈ, ਉਸ ਦੀ ਹਉਮੈ ਨਾਸ ਹੋ ਜਾਂਦੀ ਹੈ, ਪਾਪ ਘਟ ਜਾਂਦੇ ਹਨ। ਮਾਇਆ ਦਾ ਮੋਹ ਛੁਟ ਜਾਂਦਾ ਹੈ।[੧੦] ਸਾਧ ਦੀ ਸੰਗਤ ਤੋਂ ਇਲਾਵਾ ਸਾਰਾ ਸੰਸਾਰ ਅਸਥਿਰ ਹੈ।[੧੧] ਸਾਧ ਦੇ ਬਚਨ ਅਟੱਲ ਹੁੰਦੇ ਹਨ। ਜੋ ਉਹ ਕਹੇ ਪਰਮਾਤਮਾ

---

੧- ਆਪਣੇ ਨਿਯਮਾਂ ਵਿਚ ਪੱਕੇ ਹੋਣਾ।

੨- ਮੁਕਤੀ ਲਈ ਯਤਨ।

੩- ਸੰਸਾਰਕ ਕਾਮਨਾਵਾਂ ਦੀ ਪੂਰਤੀ।

੪- ਮਾਇਆ ਦੀ ਪ੍ਰਾਪਤੀ।

੫- ਚਾਰਿ ਪਦਾਰਥ ਜੇ ਕੋ ਮਾਗੈ।। ਸਾਧ ਜਨਾ ਕੀ ਸੇਵਾ ਲਾਗੈ।।
—ਸੁਖਮਨੀ, ਆਦਿ ਗ੍ਰੰਥ, ਪੰਨਾ ੨੬੬

੬- ਚਰਨ ਸਾਧ ਕੇ ਧੋਇ ਧੋਇ ਪੀਉ।। ਅਰਪਿ ਸਾਧ ਕਉ ਅਪਨਾ ਜੀਉ।।
ਸਾਧ ਕੀ ਧੂਰਿ ਕਰਹੁ ਇਸਨਾਨੁ।। ਸਾਧ ਊਪਰਿ ਜਾਈਐ ਕੁਰਬਾਨੁ।।
—ਸੁਖਮਨੀ, ਆਦਿ ਗ੍ਰੰਥ, ਪੰਨਾ ੨੮੩

੭- ਨੈਣ ਨ ਦੇਖਹਿ ਸਾਧ ਸਿ ਨੈਣ ਬਿਹਾਲਿਆ।।
—ਫੁਨਹੇ ਮ:੫, ਆਦਿ ਗ੍ਰੰਥ, ਪੰਨਾ ੧੩੬੨

੮- ਦੀਨ ਦਇਆਲ ਕ੍ਰਿਪਾਲ ਪ੍ਰਭ ਨਾਨਕ ਸਾਧ ਸੰਗਿ ਮੇਰੀ ਜਲਨਿ ਬੁਝਾਈ।।
—ਗਉੜੀ ਪੂਰਬੀ ਮ:੫, ਆਦਿ ਗ੍ਰੰਥ, ਪੰਨਾ ੨੦੪

੯- ਸੁਣਿ ਸਾਜਨ ਇਉ ਦੁਤਰੁ ਤਰੀਐ।। ਮਿਲਿ ਸਾਧੂ ਹਰਿ ਨਾਮੁ ਉਚਰੀਐ।।
—ਸੂਹੀ ਮ:੫, ਆਦਿ ਗ੍ਰੰਥ, ਪੰਨਾ ੭੪੧

੧੦- ਹਉਮੈ ਮਮਤਾ ਮੋਹੁ ਛੁਟਾ ਜਾ ਸੰਗਿ ਮਿਲਿਆ ਸਾਧੇ।।
—ਬਿਹਾਗੜਾ ਮ:੫, ਆਦਿ ਗ੍ਰੰਥ, ਪੰਨਾ ੫੪੨

੧੧- ਬਿਨਵੰਤ ਨਾਨਕ ਬਿਨੁ ਸਾਧ ਸੰਗਮ ਸਭ ਮਿਥਿਆ ਸੰਸਾਰੀ।।
—ਬਿਹਾਗੜਾ ਮ:੫, ਆਦਿ ਗ੍ਰੰਥ, ਪੰਨਾ ੫੪੭

ਉਸ ਨੂੰ ਪੂਰਾ ਕਰਦਾ ਹੈ। ਜਿਸ ਪਾਸੇ ਸਾਧ ਪੁਰਖ ਹੋ ਜਾਵੇ, ਉਹ ਪਾਸਾ ਸਫਲਤਾ ਵਲ ਜਾਂਦਾ ਹੈ।[1] ਸਾਧ ਦੀ ਨਿਸ਼ਾਨੀ ਬੜੀ ਹੀ ਉਘੜਵੀਂ ਹੈ- ਜਮਦੂਤ ਸਾਧ ਦੇ ਨੇੜੇ ਨਹੀਂ ਜਾਂਦੇ, ਜਨਮ ਮਰਨ ਦਾ ਗੇੜ ਨਹੀਂ ਸਹਿਣਾ ਪੈਂਦਾ ਤੇ ਸਾਧ ਇਸ ਭਵ ਸਾਗਰ ਸੰਸਾਰ ਨੂੰ ਪਾਰ ਕਰ ਲੈਂਦੇ ਹਨ।[2] ਸੰਸਾਰ ਵਿਚ ਪਹਾੜ, ਧਰਤੀ, ਪਾਣੀ, ਹਵਾ, ਇਹ ਸਭ ਤਾਂ ਨਾਸ਼ਵਾਨ ਹੋ ਸਕਦੇ ਹਨ, ਪਰ ਸਾਧ ਦਾ ਬਚਨ ਅਟੱਲ ਹੈ, ਪਰਮਾਤਮਾ ਦੇ ਬਚਨਾਂ ਵਾਂਗ-

ਗਿਰਿ ਬਸੁਧਾ ਜਲੁ ਪਵਨ ਜਾਇਗੋ ਇਕਿ ਸਾਧ ਬਚਨ ਅਟਲਾਧਾ।।[3]

ਸ- ਸੰਤ

ਸੰਤ ਸ਼ਬਦ ਦੀ ਉਤਪਤੀ ਸਬੰਧੀ ਵਿਦਵਾਨ ਵੱਖ ਵਖ ਰਾਇ ਦਸਦੇ ਹਨ। ਡਾ.ਪੀਤਾਂਬਰ ਦੱਤ ਬੜਥਵਾਲ ਅਨੁਸਾਰ- ਸੰਤ ਸ਼ਬਦ ਦੀ ਉਤਪਤੀ ਦੋ ਪ੍ਰਕਾਰ ਨਾਲ ਹੋ ਸਕਦੀ ਹੈ- ਇਕ ਤਾਂ ਇਹ ਕਿ ਇਹ ਸੰਤ ਸ਼ਬਦ ਦਾ ਬਹੁਵਚਨ ਹੋਏਗਾ, ਦੂਸਰਾ ਸ਼ਾਂਤ ਸ਼ਬਦ ਦਾ ਅਪਭ੍ਰੰਸ਼ ਰੂਪ ਹੋ ਸਕਦਾ ਹੈ, ਜਿਵੇਂ ਪਾਲੀ ਭਾਸ਼ਾ ਵਿਚ ਹੁੰਦਾ ਹੈ। ਪਹਿਲੇ ਸ਼ਬਦ ਦਾ ਭਾਵ ਹੈ ਸੱਚ ਤੇ ਦੂਸਰੇ ਦਾ ਭਾਵ ਹੈ ਜਿਸ ਦੀਆਂ ਕਾਮਨਾਵਾਂ ਸ਼ਾਂਤ ਹੋ ਚੁੱਕੀਆਂ ਹੋਣ। ਉਹ ਸੰਤ ਹੁੰਦਾ ਹੈ। ਦੋਵੇਂ ਹੀ ਅਰਥ ਠੀਕ ਢੁਕਦੇ ਹਨ। ਪਰਸਰਾਮ ਚਤੁਰਵੇਦੀ ਦਾ ਵਿਚਾਰ ਹੈ ਕਿ ਸੰਤ ਸ਼ਬਦ ਉਸ ਵਿਅਕਤੀ ਵਲ ਸੰਕੇਤ ਹੈ, ਜਿਸ ਨੇ ਸੱਚਾ ਪਰਮਾਤਮਾ ਪਾ ਲਿਆ ਹੋਵੇ।[4]

ਡਾ.ਤ੍ਰਿਲੋਕੀ ਨਾਰਾਇਨ ਅਨੁਸਾਰ ਸੰਤ ਸ਼ਬਦ ਦੀ ਵਰਤੋਂ ਭਗਤ,ਸਾਧੂ, ਤੇ ਸੱਚੇ ਧਰਮੀ ਪੁਰਖ ਦੇ ਰੂਪ ਵਿਚ ਹੁੰਦੀ ਹੈ।[5]

ਪ੍ਰੋ.ਰਾਨਾਡੇ ਨੇ ਸੰਤ ਸ਼ਬਦ ਦੀ ਵਰਤੋਂ ਨੂੰ ਸਿਰਫ ਉਨ੍ਹਾਂ ਵਿਅਕਤੀਆਂ ਲਈ

---

੧- ਅਟਲ ਬਚਨ ਸਾਧੂ ਜਨਾ ਸਭ ਮਹਿ ਪ੍ਰਗਟਾਇਆ।।
ਜਿਸੁ ਜਨ ਹੋਆ ਸਾਧ ਸੰਗੁ ਤਿਸੁ ਭੇਟੈ ਹਰਿ ਰਾਇਆ।।
—ਬਿਲਾਵਲ ਮ:੫,ਆਦਿ ਗ੍ਰੰਥ, ਪੰਨਾ ੮੧੨

੨- ਇਹ ਨੀਸਾਣੀ ਸਾਧ ਕੀ ਜਿਸੁ ਭੇਟਤ ਤਰੀਐ।।
ਜਮ ਕੰਕਰੁ ਨੇੜਿ ਨ ਆਵਈ ਫਿਰਿ ਬਹੁੜਿ ਨ ਮਰੀਐ।।
ਭਵ ਸਾਗਰੁ ਸੰਸਾਰੁ ਬਿਖੁ ਸੋ ਪਾਰਿ ਉਤਰੀਐ।।
—ਵਾਰ ਗਉੜੀ ਮ:੫,ਆਦਿ ਗ੍ਰੰਥ,ਪੰਨਾ ੩੨੦

੩- ਸਾਰੰਗ ਮ:੫,ਆਦਿ ਗ੍ਰੰਥ, ਪੰਨਾ ੧੨੦੪

੪- ਹਵਾਲਾ-ਉਤਰੀ ਭਾਰਤ ਦੀ ਸੰਤ ਪ੍ਰੰਪਰਾ,ਪਰਸ ਰਾਮ ਚਤੁਰਵੇਦੀ, ਪੰਨਾ ੫

੫- ਸੰਤ ਦਰਸ਼ਨ,ਡਾ.ਤ੍ਰਿਲੋਕੀ ਨਾਰਾਇਨ ਦੀਕਸ਼ਿਤ, ਪੰਨਾ ੧

ਸੀਮਤ ਕਰ ਲਿਆ ਜੋ ਵਿਠਲ[1] ਸੰਪਰਦਾਇ[2] ਦੇ ਹਨ।

ਸੰਤ ਉਹ ਹੈ, ਜਿਸ ਨੇ ਮਨ ਇੰਦਰੀਆਂ ਨੂੰ ਟਿਕਾਇਆ ਹੈ।[3] ਸੰਤ ਉਹ ਸੱਚਾ ਸੂਰਮਾ ਹੁੰਦਾ ਹੈ, ਜੋ ਆਪਣੇ ਦੁਸ਼ਮਣਾਂ ਤੇ ਜਿੱਤ ਪ੍ਰਾਪਤ ਕਰਦਾ ਹੈ। ਇਨ੍ਹਾਂ ਦੁਸ਼ਮਣਾਂ ਵਿਚੋਂ ਪੰਜ ਤਾਂ ਏਨੇ ਬਲਵਾਨ ਹਨ ਜੋ ਲਗਾਤਾਰ ਆਪਣੀ ਲੜਾਈ ਜਾਰੀ ਰਖਦੇ ਹਨ। ਇਹ ਪੰਜੇ (ਕਾਮ,------ਆਦਿ) ਕਿਸੇ ਨ ਕਿਸੇ ਰੂਪ ਵਿਚ ਜੀਵ ਨੂੰ ਘੇਰੀ ਰਖਦੇ ਹਨ। ਪਰ ਸੰਤ ਤੋਂ ਇਹ ਦੂਰ ਰਹਿਣ ਲਗ ਜਾਂਦੇ ਹਨ।

ਸੰਤ ਪਦਵੀ ਪਾ ਕੇ 'ਮੇਰਾ ਤੇਰਾ' ਦਾ ਭੇਦ ਮਿਟ ਜਾਂਦਾ ਹੈ। ਸੰਸਾਰ ਦੇ ਸਾਰੇ ਜੀਵ ਇਕ ਸਮਾਨ ਜਾਪਦੇ ਹਨ। ਇਹ 'ਮੇਰ ਤੇਰ' ਹੀ ਜ਼ਿਆਦਾ ਬੁਰਾਈਆਂ ਪੈਦਾ ਕਰਦੀ ਹੈ। ਜਿਸ ਦੇ ਅੰਦਰੋਂ ਨਿਕਲ ਗਈ, ਉਹਦੇ ਲਈ ਤਾਂ ਸਾਰੇ ਰਾਹ ਸਾਫ਼ ਹੋ ਜਾਂਦੇ ਹਨ। ਉਹ ਸੰਸਾਰ ਵਿਚ ਰਹਿ ਕੇ ਤਿਆਗੀ ਬਣ ਸਕਦਾ ਹੈ। ਸੰਤ ਵੀ ਸੰਸਾਰ ਵਿਚ ਰਹਿੰਦੇ ਹੋਏ ਅਲਿਪਤ ਹੁੰਦੇ ਹਨ। ਦੁਖ ਸੁਖ ਦੀ ਕਸਵੱਟੀ ਤੇ ਸੰਤ ਪੂਰੇ ਉਤਰਦੇ ਹਨ। ਸੰਤ ਦੀ ਪਰਉਪਕਾਰਤਾ ਤੇ ਸਹਿਨਸ਼ੀਲਤਾ ਇਸ ਦੇ ਆਚਰਨ ਨੂੰ ਹੋਰ ਵੀ ਬਜਰ ਬਨਾਉਂਦੀ ਹੈ।

ਸੰਤਾਂ ਦੇ ਗੁਣਾਂ ਨੂੰ ਡਾ.ਰਾਮ ਨਾਰਾਇਨ ਪਾਂਡੇ ਨੇ ਤਿੰਨ ਭਾਗਾਂ ਵਿਚ ਵੰਡਿਆ ਹੈ- ਵਿਅਕਤੀਗਤ, ਸਮਾਜਕ ਤੇ ਅਧਿਆਤਮਕ।[4]

ਸਾਰੇ ਗੁਣਾਂ ਦਾ ਮੂਲ ਇਕ ਗੁਣ ਜੋ ਸੰਤ ਵਿਚ ਹੁੰਦਾ ਹੈ, ਉਹ ਹੈ, ਉਸ ਦਾ ਪਰਮਾਤਮਾ ਪ੍ਰਤੀ ਪਿਆਰ। ਉਸ ਦਾ ਇਹ ਗੁਣ ਕਿਸੇ ਸਮੇਂ, ਕਿਸੇ ਦੇਸ ਵਿਚ, ਕਦੀ ਵੀ ਪੁਰਾਣਾ ਨਹੀਂ ਹੁੰਦਾ, ਨ ਹੀ ਇਸ ਤੋਂ ਬਿਨ੍ਹਾਂ ਸੰਤ ਪਦਵੀ ਪਾਈ ਜਾ ਸਕਦੀ ਹੈ।

ਸੰਤ ਦਾ ਜੀਵਨ ਅਨੁਭਵ ਦਾ ਜੀਵਨ ਹੁੰਦਾ ਹੈ, ਜੋ ਕੁਛ ਆਖਦਾ ਹੈ, ਉਹ ਸੱਚਾ ਤੇ ਨਿਜੀ ਤਜਰਬੇ ਵਾਲਾ ਹੁੰਦਾ ਹੈ। ਇਸ ਕਰਕੇ ਜੀਵ ਉਸ ਦੇ ਤਜਰਬੇ ਤੋਂ ਸਬਕ

---

੧- ਵਿਠਲ, ਮਰਾਠੀ ਭਾਸ਼ਾ ਦਾ ਸ਼ਬਦ ਹੈ, ਜਿਸ ਦੇ ਅਰਥ ਮਰਾਠੀ ਅਨੁਸਾਰ ਇਉਂ ਹਨ- ਵਿ- ਗਿਆਨ, ਠ- ਬਿਨ੍ਹਾਂ, ਲ- ਅੰਗੀਕਾਰ, ਭਾਵ ਜੋ ਗਿਆਨ ਹੀਨ ਨੂੰ ਵੀ ਅੰਗੀਕਾਰ ਕਰੇ, ਇਥੇ ਪਰਮਾਤਮਾ ਵਲ ਇਸ਼ਾਰਾ ਹੈ। ਗੁਰੂ ਗ੍ਰੰਥ ਸਾਹਿਬ ਵਿਚ ਭਗਤ ਨਾਮ ਦੇਵ ਜੀ ਨੇ ਇਸ ਸ਼ਬਦ ਦੀ ਵਰਤੋਂ ਕੀਤੀ ਹੈ।

੨- Mysticism in Maharashtra, Prof. Ranade.

੩- ਮਹਾਨ ਕੋਸ਼, ਪੰਨਾ ੧੯੨

੪- ਵਿਸਥਾਰ ਲਈ ਵੇਖੋ- ਭਕਤਿ ਕਾਵਿ ਮੇ ਰਹੱਸਵਾਦ, ਡਾ.ਰਾਮ ਨਾਰਾਇਣ ਪਾਂਡੇ, ਪੰਨਾ ੧੪੨

ਸਿਖੇ।[1]

ਪੂਰਨ ਸੰਤ ਉਹੀ ਹੈ, ਜਿਨ੍ਹਾਂ ਨੂੰ ਕਦੀ ਵੀ ਸੱਚਾ ਸਤਿਗੁਰੂ ਵਿਸਰਦਾ ਨਹੀਂ,[2] ਜੋ ਸਦਾ ਕਥਾ ਕੀਰਤਨ ਤੇ ਪ੍ਰਭੂ ਉਸਤਤੀ ਵਿਚ ਲੱਗਾ ਰਹੇ।[3] ਸੰਤ ਤੇ ਪਰਮਾਤਮਾ ਵਿਚ ਕੋਈ ਫਰਕ ਨਹੀਂ ਹੁੰਦਾ।[4]

ਸੰਤ ਦੀ ਰਹਿਤ ਗੁਰੂ ਸਾਹਿਬ ਇਉਂ ਦਸਦੇ ਹਨ– 'ਸੰਤ ਸਵੇਰੇ ਅੰਮ੍ਰਿਤ ਵੇਲੇ ਉਠਦੇ ਹਨ ਤੇ ਪ੍ਰਭੂ ਦਾ ਸਿਮਰਨ ਕਰਦੇ ਹਨ।[5] ਸੰਤ ਦੇ ਅਠੇ ਪਹਿਰ ਹੀ ਪਰਮਾਤਮਾ ਦੇ ਨਜ਼ਦੀਕ ਬੀਤਦੇ ਹਨ। ਹੁਕਮ ਮਿੱਠਾ ਕਰਕੇ ਮੰਨਣਾ ਉਸ ਦਾ ਪਰਮ ਫ਼ਰਜ਼ ਹੈ। ਨਾਮ ਦਾ ਹੀ ਉਸ ਨੂੰ ਆਸਰਾ ਹੈ, ਸਭਨਾਂ ਦੇ ਪੈਰਾਂ ਦੀ ਧੂੜ ਬਣ ਕੇ ਉਹ ਜੀਵਨ ਬਿਤਾਉਂਦਾ ਹੈ, ਇਹ ਉਹਦੀ ਮਰਯਾਦਾ ਹੈ। ਉਸ ਦੀ ਰਹਿਤ ਦੀ ਖੂਬੀ ਅਕਥ ਹੈ। ਉਸ ਦੀ ਰਹਿਣੀ ਵਿਚ ਕੇਵਲ ਨਾਮ ਦੀ ਵਰਤੋਂ ਹੁੰਦੀ ਹੈ। ਕੀਰਤਨ ਕਰਨਾ ਉਸ ਦਾ ਆਰਾਮ ਹੈ। ਸਜਣ ਦੁਸ਼ਮਨ ਉਸ ਲਈ ਇਕ ਸਮਾਨ ਹਨ। ਬਚਨ ਦਾ ਸੂਰਮਾ ਹੁੰਦਾ ਹੈ, ਇਸੇ ਕਰਕੇ ਮਾਇਆ ਜੋ ਹੋਰ ਸਭ ਨੂੰ ਛਲਦੀ ਫਿਰਦੀ ਹੈ, ਇਸ ਪਾਸੋਂ ਛਲੀ ਜਾਂਦੀ ਹੈ। ਦੇਵਤੇ ਵੀ ਸੰਤ ਪੁਰਸ਼ ਦਾ ਸਾਥ ਮੰਗਦੇ ਹਨ। ਸੰਤਾਂ ਦੇ ਦਰਸ਼ਨ ਜਨਮ ਸਫ਼ਲਾ ਕਰ ਦੇਂਦੇ ਹਨ। ਤਦੇ ਗੁਰੂ ਜੀ ਸੰਤ ਦੀ ਸੇਵਾ ਕਰਨ ਦਾ ਸੁਭਾਗ ਪਰਮਾਤਮਾ ਪਾਸੋਂ ਮੰਗਦੇ ਹਨ।[6] ਜੋ ਹਰ ਪਾਸੇ ਪਰਮਾਤਮਾ ਦਾ ਹੀ ਸਰੂਪ ਦੇਖਦਾ ਹੈ, ਨੇਕ ਬਚਨ ਬੋਲਦਾ ਅਤੇ ਸੁਣਦਾ ਹੈ, ਸਰਵ ਵਿਆਪਕ ਪਰਮਾਤਮਾ ਵਿਚ ਉਸ ਦਾ ਧਿਆਨ ਜੁੜਿਆ ਹੋਇਆ ਹੈ, ਅਜਿਹੀ

---

੧- ਸੰਤਨ ਕੀ ਸੁਣਿ ਸਾਚੀ ਸਾਖੀ।। ਸੋ ਬੋਲਹਿ ਜੋ ਪੇਖਹਿ ਆਖੀ।।
—ਰਾਮਕਲੀ ਮ:੫, ਆਦਿ ਗ੍ਰੰਥ, ਪੰਨਾ ੮੯੪

੨- ਜਿਨਾ ਸਾਸਿ ਗਿਰਾਸਿ ਨ ਵਿਸਰੈ ਹਰਿਨਾਮਾ ਮਨਿ ਮੰਤੁ।।
ਧੰਨੁ ਸਿ ਸੇਈ ਨਾਨਕਾ ਪੂਰਨੁ ਸੋਈ ਸੰਤੁ।।
—ਗਉੜੀ ਕੀ ਵਾਰ ਮ:੫, ਆਦਿ ਗ੍ਰੰਥ, ਪੰਨਾ ੩੧੯

੩- ਸੰਤਨ ਕੈ ਸੁਨੀਅਤ ਪ੍ਰਭ ਕੀ ਬਾਤੁ।।
ਕਥਾ ਕੀਰਤਨੁ ਅਨੰਦ ਮੰਗਲ ਧੁਨਿ ਪੂਰਿ ਰਹੀ ਦਿਨਸੁ ਅਰੁ ਰਾਤਿ।।
—ਬਿਲਾਵਲ ਮ:੫, ਆਦਿ ਗ੍ਰੰਥ, ਪੰਨਾ ੮੨੦

੪- ਰਾਮ ਸੰਤ ਮਹਿ ਭੇਦੁ ਕਿਛੁ ਨਾਹੀ ਏਕੁ ਜਨੁ ਕਈ ਮਹਿ ਲਾਖ ਕਰੋਰੀ।।
—ਗਉੜੀ ਮ:੫, ਆਦਿ ਗ੍ਰੰਥ, ਪੰਨਾ ੨੦੮

੫- ਭਿਨੀ ਰੈਨੜੀਐ ਚਮਕਨਿ ਤਾਰੇ।। ਜਾਗਹਿ ਸੰਤ ਜਨਾ ਮੇਰੇ ਰਾਮ ਪਿਆਰੇ।।
—ਆਸਾ ਮ:੫, ਆਦਿ ਗ੍ਰੰਥ, ਪੰਨਾ ੪੫੯

੬- ਆਠ ਪਹਰ ਨਿਕਟਿ ਕਰਿ ਜਾਨੈ।। ਪ੍ਰਭ ਕਾ ਕੀਆ ਮੀਠਾ ਮਾਨੈ।।
--- --- ---
ਕਰ ਜੋੜਿ ਨਾਨਕੁ ਕਰੇ ਅਰਦਾਸਿ।। ਮੋਹਿ ਸੰਤਹ ਟਹਲ ਦੀਜੈ ਗੁਣਤਾਸਿ।।
—ਆਸਾ ਮ:੫, ਆਦਿ ਗ੍ਰੰਥ, ਪੰਨਾ ੩੯੨

ਰਹਿਤ ਵਾਲਾ ਸੰਤ ਸੱਚਾ ਸੰਤ ਹੈ।[੧]

ਸੰਤਾਂ ਪਾਸੋਂ ਜੀਵ ਕੁਛ ਪ੍ਰਾਪਤ ਕਰਨਾ ਚਾਹੇ ਤਾਂ ਉਸ ਲਈ ਜੀਵ ਨੂੰ ਕੁਛ ਜੁਗਤ ਵਰਤਣੀ ਪੈਂਦੀ ਹੈ। ਸੰਤਾਂ ਦਾ ਕਿਹਾ ਬਿਰਥਾ ਨਹੀਂ ਜਾਂਦਾ ਤੇ ਸੰਤ ਸਹਿਜ ਸੁਭਾ ਬੋਲਦੇ ਹਨ। ਜੀਵ ਲਈ ਸੰਤਾਂ ਦੇ ਮੁਖੋਂ ਨਿਕਲਿਆ ਹਰ ਬਚਨ ਅਰਥ ਵਾਲਾ ਹੁੰਦਾ ਹੈ। ਜੇ ਜੀਵ ਜ਼ੁਰਾ ਧਿਆਨ ਨਾਲ, ਜੁਗਤ ਨਾਲ ਚਲੇ ਤਾਂ ਉਹ ਬੜਾ ਕੁਛ ਪ੍ਰਾਪਤ ਕਰ ਸਕਦਾ ਹੈ। ਸੰਤਾਂ ਦਾ ਧਿਆਨ ਇਸੇ ਜੁਗਤ ਨਾਲ ਰਖੇ ਕਿ ਹਰ ਸਮੇਂ ਉਸ ਦੇ ਨੈਣ ਸੰਤਾਂ ਦੀ ਸੇਵਾ ਵਿਚ ਲਗੇ ਰਹਿਣ। ਆਪਣੇ ਕੇਸਾਂ ਨੂੰ ਸੰਤਾਂ ਦੇ ਚਰਨ ਝਾੜਨ ਲਈ ਵਰਤੇ, ਅਠੇ ਪਹਰ ਸੰਤਾਂ ਦੇ ਦਰਸ਼ਨ ਕਰੇ, ਫਿਰ ਜੀਵ ਮਨਚਾਹੇ ਪਦਾਰਥ ਪਾ ਸਕਦਾ ਹੈ।[੨] ਦੁਖ ਆਵੇ ਸੁਖ ਆਵੇ ਜੀਵ ਇਨ੍ਹਾਂ ਨੂੰ ਰੱਬ ਦਾ ਹੁਕਮ ਸਮਝ ਕੇ ਮੰਨੇ, ਇਸੇ ਵਿਚ ਸੰਤ ਖੁਸ਼ ਰਹਿੰਦੇ ਹਨ।[੩] ਸੰਤਾਂ ਦੇ ਚਰਨੀਂ ਲਗ ਕੇ, ਸਾਰੇ ਦੁਖ ਰੋਗ ਬਿਨਸ ਜਾਂਦੇ ਹਨ।[੪] ਜਦੋਂ ਪ੍ਰਭੂ ਦੀ ਦਇਆ ਨਾਲ ਸੰਤਾਂ ਦੀ ਸੰਗਤ ਵਿਚ ਦੁਖ ਦੂਰ ਹੋ ਜਾਣ, ਕਾਮਾਦਿਕ ਵਿਸ਼ੇ ਗਲੋਂ ਲਹਿ ਜਾਣ ਤਾਂ ਜੀਵ ਨੂੰ ਜੋ ਸੰਤੋਖ ਰੂਪੀ ਵਡਮੁਲੀ ਦਾਤ ਮਿਲਦੀ ਹੈ, ਉਹ ਰਾਜ, ਭਾਗ, ਜੋਬਨ, ਸਭ ਦਾਤਾਂ ਨਾਲੋਂ ਵਡਮੁਲੀ ਹੁੰਦੀ ਹੈ।[੫]

ਸੰਤ ਨਾਮ ਦੇ ਰੰਗ ਵਿਚ ਸਰਸ਼ਾਰ ਹੁੰਦੇ ਹਨ। ਅਜਿਹੇ ਵਸਲ ਵੇਲੇ ਅਜੀਬ ਸਰੂਰ ਭਰਿਆ ਸਮਾਂ ਬਣਦਾ ਹੈ- ਸਮੁੰਦਰ ਵਰਗੀ ਵਿਸ਼ਾਲਤਾ, ਪਹੁ-ਫੁਟਾਲੇ ਵਰਗੀ ਤਾਜ਼ਗੀ, ਮਿੱਠੀ ਮਿੱਠੀ ਚਾਨਣੀ ਤੇ ਸ਼ਾਂਤੀ।[੬]

---

੧- ਸੰਤ ਜਨਾ ਕੇ ਪੇਖਨੁ ਸਭੁ ਬ੍ਰਹਮ।। ਸੰਤ ਜਨਾ ਕੈ ਹਿਰਦੈ ਸਭਿ ਧਰਮ।।
ਸੰਤ ਜਨਾ ਸੁਨਹਿ ਸੁਭ ਬਚਨ।। ਸਰਬ ਬਿਆਪੀ ਰਾਮ ਸੰਗਿ ਰਚਨ।।
ਜਿਨਿ ਜਾਤਾ ਤਿਸ ਕੀ ਇਹ ਰਹਤ।। ਸਤਿ ਬਚਨ ਸਾਧੂ ਸਭਿ ਕਹਤ।।
—ਸੁਖਮਨੀ, ਆਦਿ ਗ੍ਰੰਥ, ਪੰਨਾ ੨੯੪

੨- ਨੈਨਹੁ ਸੰਗਿ ਸੰਤਨ ਕੀ ਸੇਵਾ ਚਰਨ ਝਾਰੀ ਕੇਸਾਇਓ।।
ਆਠ ਪਹਰ ਦਰਸਨੁ ਸੰਤਨ ਕਾ ਸੁਖੁ ਨਾਨਕ ਇਹੁ ਪਾਇਓ।।
—ਸਾਰੰਗ ਮ:੫, ਆਦਿ ਗ੍ਰੰਥ, ਪੰਨਾ ੧੨੧੭

੩- ਜਾਇ ਬਸਹੁ ਵਡਭਾਗਣੀ ਸਖੀਏ ਸੰਤਾ ਸੰਗਿ ਸਮਾਈਐ।।
ਤਹ ਦੂਖ ਨ ਭੂਖ ਨ ਰੋਗੁ ਬਿਆਪੈ ਚਰਨ ਕਮਲ ਲਿਵ ਲਾਈਐ।।
—ਬਿਲਾਵਲ ਮ:੫, ਆਦਿ ਗ੍ਰੰਥ, ਪੰਨਾ ੮੦੩

੪- ਦੂਖ ਰੋਗ ਭੈ ਸਗਲ ਬਿਨਾਸੇ ਜੋ ਆਵੈ ਹਰਿ ਸੰਤ ਸਰਨ।।
—ਸਾਰੰਗ ਮ:੫, ਆਦਿ ਗ੍ਰੰਥ, ਪੰਨਾ ੧੨੦੬

੫- ਸੰਤ ਕ੍ਰਿਪਾਲ ਦਇਆਲ ਦਮੋਦਰ ਕਾਮ ਕ੍ਰੋਧ ਬਿਖੁ ਜਾਰੇ।।
ਰਾਜੁ ਮਾਲੁ ਜੋਬਨੁ ਤਨੁ ਜੀਅਰਾ ਇਨ ਊਪਰਿ ਲੈ ਬਾਰੇ।।
—ਧਨਾਸਰੀ ਮ:੫, ਆਦਿ ਗ੍ਰੰਥ, ਪੰਨਾ ੬੮੦

੬- ਚਿੜੀ ਚੁਹਕੀ ਪਹੁ ਫੁਟੀ ਵਗਨਿ ਬਹੁਤੁ ਤਰੰਗ।।
ਅਚਰਜ ਰੂਪ ਸੰਤਨ ਰਚੇ ਨਾਨਕ ਨਾਮਹਿ ਰੰਗ।।
—ਵਾਰ ਗਉੜੀ ਮ:੫, ਆਦਿ ਗ੍ਰੰਥ, ਪੰਨਾ ੩੧੯

ਅਜਿਹੇ ਸੰਤਾਂ ਨੂੰ ਤਨ ਮਨ ਧਨ ਅਰਪਨ ਕਰਨ ਨੂੰ ਜੀ ਕਰਦਾ ਹੈ। ਇਨ੍ਹਾਂ ਦੀ ਕਿਰਪਾ ਦੁਆਰਾ ਜੀਵ ਪਰਮਾਤਮਾ ਦਾ ਨਾਮ ਧਿਆਉਂਦਾ ਹੈ ਤੇ ਹਰ ਪ੍ਰਕਾਰ ਦੇ ਸੁਖ ਅਨੰਦ ਪ੍ਰਾਪਤ ਕਰਦਾ ਹੈ। ਜੀਵ ਕੋਲ ਸੰਤਾਂ ਬਿਨ੍ਹਾਂ ਪ੍ਰਭੂ[1] ਪਾਸ ਜਾਣ ਲਈ ਹੋਰ ਕੋਈ ਬੇੜਾ ਨਹੀਂ, ਇਹੀ ਬੇੜਾ ਜੀਵ ਨੂੰ ਪਾਰ ਲੰਘਾ ਸਕਦਾ ਹੈ।

ਉਹ ਸਥਾਨ ਸ਼ੋਭਨੀਕ ਹੈ, ਉਹ ਘਰ ਸਲਾਹੁਣਯੋਗ ਹੈ, ਜਿਸ ਵਿਚ ਸੰਤ ਵਸਦੇ ਹਨ।[2]

ਸੰਤ ਦੀ ਪਦਵੀ ਇਤਨੀ ਸਤਿਕਾਰਨ ਯੋਗ ਹੈ ਕਿ ਗੁਰੂ ਜੀ ਜੀਵ ਨੂੰ ਸੰਤ ਦੇ ਚਰਨੀਂ ਮਥਾ ਟੇਕਣ ਤੇ ਬਾਰ ਬਾਰ ਬੰਦਨਾ ਕਰਨ ਲਈ, ਉਸ ਦੇ ਚਰਨ ਧੋਣ ਤੇ ਦਰਸ਼ਨ ਕਰਨ ਲਈ ਪ੍ਰੇਰਦੇ ਹਨ।[3] ਅਜਿਹੇ ਪੂਰਨ ਸੰਤ ਦੀ ਜੇ ਕੋਈ ਨਿੰਦਾ ਕਰੇ ਤਾਂ ਉਸ ਨੂੰ ਅਨੇਕ ਪ੍ਰਕਾਰ ਦੇ ਕਸ਼ਟ ਸਹਾਰਨੇ ਪੈਂਦੇ ਹਨ।[4]

ਸੰਤ, ਜੋ ਪ੍ਰਭੂ ਦੇ ਹੁਕਮ ਨੂੰ ਮਿੱਠਾ ਕਰਕੇ ਜਾਣਦੇ ਹਨ, ਸੰਤ ਜਿਹੜੇ ਨਿਰਵੈਰ ਤੇ ਨਿਰਮਲ ਹੁੰਦੇ ਹਨ ਜਿਨ੍ਹਾਂ ਦੇ ਦਰਸ਼ਨਾਂ ਨਾਲ ਸਾਰੇ ਪਾਪ ਉਤਰ ਜਾਂਦੇ ਹਨ, ਉਨ੍ਹਾਂ ਤੋਂ ਗੁਰੂ ਜੀ ਬਲਿਹਾਰ ਜਾਂਦੇ[5] ਹਨ, ਕਿਉਂਕਿ ਇਨ੍ਹਾਂ ਸੰਤਾਂ ਨੇ ਸਾਰੇ ਵਿਕਾਰਾਂ ਤੇ ਕਾਬੂ ਪਾ ਲਿਆ ਹੁੰਦਾ ਹੈ।

ਜਿਵੇਂ ਅਮਲੀ ਨੂੰ ਆਪਣਾ ਅਮਲ ਚੰਗਾ ਲਗਦਾ ਹੈ, ਜ਼ਿਮੀਂਦਾਰ ਨੂੰ ਆਪਣੀ ਭੂਮੀ ਪਿਆਰੀ ਹੈ, ਬਾਲਕ ਦਾ ਦੁੱਧ ਨਾਲ ਪਿਆਰ ਹੈ, ਇਉਂ ਹੀ ਸੰਤ ਪਰਮਾਤਮਾ ਨੂੰ ਪਿਆਰੇ ਲਗਦੇ ਹਨ।[6]

---

੧- ਤਨੁ ਸੰਤਨ ਕਾ ਧਨੁ ਸੰਤਨ ਕਾ ਮਨੁ ਸੰਤਨ ਕਾ ਕੀਆ॥
ਸੰਤ ਪ੍ਰਸਾਦਿ ਹਰਿਨਾਮੁ ਧਿਆਇਆ ਸਰਬ ਕੁਸਲ ਤਬ ਥੀਆ॥
ਸੰਤਨ ਬਿਨੁ ਅਵਰੁ ਨ ਦਾਤਾ ਬੀਆ॥
ਜੋ ਜੋ ਸਰਣਿ ਪਰੈ ਸਾਧੂ ਕੀ ਸੋ ਪਾਰਗਰਾਮੀ ਕੀਆ॥
—ਸੋਰਠਿ ਮ:੫, ਆਦਿ ਗ੍ਰੰਥ, ਪੰਨਾ ੬੧੦

੨- ਧੰਨਿ ਸੁ ਥਾਨੁ ਧੰਨਿ ਓਇ ਭਵਨਾ ਜਾ ਮਹਿ ਸੰਤ ਬਸਾਰੇ॥
—ਧਨਾਸਰੀ ਮ:੫, ਆਦਿ ਗ੍ਰੰਥ, ਪੰਨਾ ੬੮੧

੩- ੳ-ਸੰਤਹ ਚਰਨ ਮਾਥਾ ਮੇਰੋ ਪਉਤ॥ ਅਨਿਕ ਬਾਰ ਸੰਤਹ ਡੰਡਉਤ॥------
ਸੰਤਹ ਚਰਨ ਧੋਇ ਧੋਇ ਪੀਵਾ॥ ਸੰਤਹ ਦਰਸੁ ਪੇਖਿ ਪੇਖਿ ਜੀਵਾ॥
—ਰਾਮਕਲੀ ਮ:੫, ਆਦਿ ਗ੍ਰੰਥ, ਪੰਨਾ ੮੮੯
ਅ-ਹਰਿ ਦਾਸ ਦਾਸਾ ਦੀਨੁ ਸਰਨੰ॥ ਨਾਨਕ ਮਾਥਾ ਸੰਤ ਚਰਨੰ॥
—ਮਾਲੀ ਗਉੜਾ ਮ:੫, ਆਦਿ ਗ੍ਰੰਥ, ਪੰਨਾ ੯੮੬

੪- ਵਿਸਥਾਰ ਲਈ ਵੇਖੋ-ਸੁਖਮਨੀ ਅਸਟਪਦੀ ੧੩, ਆਦਿ ਗ੍ਰੰਥ, ਪੰਨਾ ੨੭੯-੮੦

੫- ਉਨ ਸੰਤਨ ਕੈ ਮੇਰਾ ਮਨੁ ਕੁਰਬਾਨੇ॥ ਜਿਨ ਤੂੰ ਜਾਤਾ ਜੋ ਤੁਧੁ ਮਨਿ ਭਾਨੇ॥
ਤਿਨ ਕੈ ਸੰਗਿ ਸਦਾ ਸੁਖੁ ਪਾਇਆ ਹਰਿਰਸ ਨਾਨਕ ਤ੍ਰਿਪਤਿ ਅਘਾਨਾ ਜੀਉ॥
—ਮਾਝ ਮ:੫, ਆਦਿ ਗ੍ਰੰਥ, ਪੰਨਾ੧੦੦

੬- ਅਮਲਨ ਸਿਉ ਅਮਲੀ ਲਪਟਾਇਓ ਭੂਮਨ ਭੂਮਿ ਪਿਆਰੀ॥
ਖੀਰ ਸੰਗਿ ਬਾਰਿਕੁ ਹੈ ਲੀਨਾ ਪ੍ਰਭ ਸੰਤ ਐਸੇ ਹਿਤਕਾਰੀ॥
—ਸੋਰਠਿ ਮ:੫, ਆਦਿ ਗ੍ਰੰਥ, ਪੰਨਾ ੬੧੩

ਸੰਤ ਦੀ ਪ੍ਰਭੂ ਨਾਲ ਪ੍ਰੀਤ ਇਉਂ ਹੈ ਜਿਉਂ ਮਛਲੀ ਦੀ ਪਾਣੀ ਨਾਲ, ਚਾਤ੍ਰਿਕ ਦੀ ਸਵਾਂਤੀ ਬੂੰਦ ਨਾਲ, ਹਿਰਨ ਦੀ ਰਾਗ ਨਾਲ, ਤੇ ਭੌਰੇ ਦੀ ਫੁਲ ਦੀ ਵਾਸਨਾ ਨਾਲ। ਸੰਤ ਪਰਮਾਤਮਾ ਦੇ ਦਰਸ ਕਰਕੇ ਰਜਦੇ ਹਨ।[1]

ਹ- <u>ਗੁਰਮੁਖ</u>

ਜੋ ਜੀਵ ਸਤਿਗੁਰੂ ਦੀ ਮਹਤਤਾ ਪਹਿਚਾਣ ਕੇ ਆਪਣਾ ਸਾਰਾ ਆਪਾ ਉਸ ਨੂੰ ਅਰਪਨ ਕਰ ਦਿੰਦਾ ਹੈ, ਉਸ ਦੇ ਸ਼ਬਦਾਂ ਵਿਚ ਅਟੱਲ ਵਿਸ਼ਵਾਸ ਰਖ ਕੇ ਜੋ ਸਚਖੰਡ ਦੇ ਮਾਰਗ ਉਤੇ ਸਦਾ ਅਗੇ ਵਧਦਾ ਹੈ, ਜੋ ਗੁਰੂ ਵਿਚ ਹੀ ਪ੍ਰਤਖ ਬ੍ਰਹਮ ਦੇ ਦਰਸ਼ਨ ਕਰਨ ਦਾ ਅਭਿਲਾਖੀ ਹੈ, ਜੋ ਰਾਤ ਦਿਨ ਰਾਮ ਨਾਮ ਵਿਚ ਲੀਨ ਰਹਿੰਦਾ ਹੈ, ਜੋ ਕੇਵਲ ਆਪਣੇ ਆਪ ਨੂੰ ਹੀ ਨਹੀਂ, ਆਪਣੇ ਸਮੁੱਚੇ ਪਰਵਾਰ ਤੇ ਸਾਥੀਆਂ ਨੂੰ ਭਵਸਾਗਰ ਤੋਂ ਪਾਰ ਪਹੁੰਚਾਉਣ ਵਿਚ ਸਮਰਥ ਹੁੰਦਾ ਹੈ, ਉਹ ਗੁਰਮੁਖ ਹੈ।[2] ਉਹ ਪੁਰਖ ਜੋ ਗੁਰੂ ਦੇ ਸਨਮੁਖ ਹੈ, ਕਦੇ ਵਿਮੁਖ ਨਹੀਂ ਹੁੰਦਾ, ਗੁਰਮੁਖ ਕਹਿਲਾਂਦਾ ਹੈ।[3] ਉਹ ਜੀਵ ਜੋ ਪਰਮਾਤਮਾ ਦੇ ਭਾਣੇ ਨੂੰ ਸਿਰ ਮਥੇ ਤੇ ਮਿੱਠਾ ਕਰਕੇ ਮੰਨੇ, ਕਿਸੇ ਦਾ ਦਿਲ ਨ ਦੁਖਾਵੇ, ਆਪਣਾ ਨੁਕਸਾਨ ਕਰਕੇ ਵੀ ਸਾਥੀਆਂ ਦਾ ਭਲਾ ਚਾਹਵੇ, ਆਪ ਨਾਮ ਜਪੇ, ਹੋਰਨਾਂ ਨੂੰ ਜਪਣ ਲਈ ਪ੍ਰੇਰੇ, ਨੇਕ ਕਮਾਈ ਕਰੇ, ਗੁਰਮੁਖ ਅਖਵਾਉਂਦਾ ਹੈ।

ਗੁਰਮੁਖ ਸਵੇਰੇ ਅੰਮ੍ਰਿਤ ਵੇਲੇ ਉਠ ਕੇ ਇਸ਼ਨਾਨ ਕਰਦੇ ਤੇ ਨਾਮ ਜਪਦੇ ਹਨ। ਰਾਤ ਨੂੰ ਰਹਿਰਾਸ ਤੇ ਕੀਰਤਨ ਸੋਹਿਲੇ ਦਾ ਪਾਠ ਕਰਦੇ ਹਨ, ਪ੍ਰਭੂ ਦੀ ਬਖ਼ਸ਼ਸ਼ ਕਰਕੇ ਇਨ੍ਹਾਂ ਤੇ ਨਵੇਂ ਤੋਂ ਨਵਾਂ ਰੂਪ ਚੜ੍ਹਦਾ ਹੈ।[4]

ਪ੍ਰਭੂ ਪ੍ਰਤੀ ਗੁਰਮੁਖਾਂ ਦਾ ਇਹ ਨਿਯਮ ਤੇ ਪਿਆਰ ਗੁਰਮੁਖਾਂ ਨੂੰ ਇੰਨਾ ਉਚਿਆਉਂਦਾ ਹੈ ਕਿ ਉਹ ਪ੍ਰੀਤਮ ਦਾ ਹੀ ਰੂਪ ਹੋ ਜਾਂਦੇ ਹਨ। ਭਾਈ ਨੰਦ ਲਾਲ ਜੀ

---

੧- ਜਿਉ ਮਛਲੀ ਬਿਨੁ ਪਾਣੀਐ ਕਿਉ ਜੀਵਣੁ ਪਾਵੈ।।
ਬੂੰਦ ਵਿਹੂਣਾ ਚਾਤ੍ਰਿਕੋ ਕਿਉਕਰਿ ਤ੍ਰਿਪਤਾਵੈ।।
ਨਾਦ ਕੁਰੰਕਹਿ ਬੇਧਿਆ ਸਨਮੁਖ ਉਠਿ ਧਾਵੈ।।
ਭਵਰ ਲੋਭੀ ਕੁਸਮ ਬਾਸੁ ਕਾ ਮਿਲਿ ਆਪੁ ਬੰਧਾਵੈ।।
ਤਿਉ ਸੰਤ ਜਨਾ ਹਰਿ ਪ੍ਰੀਤਿ ਹੈ ਦੇਖਿ ਦਰਸੁ ਅਘਾਵੈ।।
— ਜੈਤਸਰੀ ਦੀ ਵਾਰ, ਮ:੫, ਆਦਿ ਗ੍ਰੰਥ, ਪੰਨਾ ੭੦੮

੨- ਸੰਤ ਕਾਵਿ ਕਾ ਦਾਰਸ਼ਨਕ ਵਿਸ਼ਲੇਸ਼ਨ (ਹਿੰਦੀ), ਡਾ. ਮਨਮੋਹਨ ਸਹਿਗਲ, ਪੰਨਾ ੭੮-੭੯

੩- ਮਹਾਨ ਕੋਸ਼, ਪੰਨਾ ੩੧੩

੪- ਵਾਰਾਂ ਭਾਈ ਗੁਰਦਾਸ, ਵਾਰ ੩, ਪਉੜੀ ੯, ਵਾਰ ੬, ਪਉੜੀ ੩

ਅਨੁਸਾਰ ਮੌਲਾ ਦਾ ਇਸ਼ਕ ਗੁਰਮੁਖ ਨੂੰ ਮੌਲਾ ਦਾ ਸਰੂਪ ਬਣਾ ਦਿੰਦਾ ਹੈ।[1]

ਗੁਰਮੁਖ ਦੀਆਂ ਵਿਸ਼ੇਸ਼ਤਾਈਆਂ ਦਸਦੇ ਹੋਏ ਭਾਈ ਗੁਰਦਾਸ ਜੀ ਲਿਖਦੇ ਹਨ ਕਿ ਗੁਰਮੁਖ ਸਾਧ ਸੰਗਤ ਵਿਚ ਜਾਂਦਾ ਹੈ, ਕੁਸੰਗਤ ਵਿਚ ਨਹੀਂ ਫਸਦਾ। ਗੁਰਮੁਖ ਦਾ ਪੰਥ ਸ੍ਰੇਸ਼ਠੀਕ ਹੈ। ਇਹ ਜੋਗੀਆਂ ਦੇ ੧੨ ਪੰਥਾਂ ਵਰਗੀਆਂ ਖੇਚਲਾਂ ਵਿਚ ਨਹੀਂ ਪੈਂਦਾ। ਗੁਰਮੁਖ ਜ਼ਾਤ ਵਲੋਂ ਭਾਵੇਂ ਕੋਈ ਹੋਵੇ (ਉਚੀ ਦਾ ਜਾਂ ਨੀਵੀਂ ਜ਼ਾਤ ਦਾ) ਉਹ ਸਾਧ ਸੰਗਤ ਵਿਚ ਪਰਚ ਕੇ ਸੰਗਤ ਰੂਪ ਹੀ ਹੋ ਜਾਂਦਾ ਹੈ। ਗੁਰਮੁਖ ਸ਼ਬਦ ਦੀ ਕਾਰ ਕਰਦਾ ਹੈ। ਨਿਮ੍ਰਤਾ ਦਾ ਜੀਵਨ ਜੀਉਂਦਾ ਹੈ।[2]

ਗੁਰੂ ਅਰਜਨ ਦੇਵ ਜੀ ਨੇ ਗੁਰਮੁਖ ਦੀਆਂ ਵਿਸ਼ੇਸ਼ਤਾਈਆਂ ਦਸਣ ਲਈ ੪ ਪਦਿਆਂ ਵਿਚ ੨੪ ਪ੍ਰਸ਼ਨ[3] ਕੀਤੇ ਹਨ, ਫਿਰ ਉਸੇ ਹੀ ਅਸਟਪਦੀ ਦੇ ਅਗਲੇ ਹਿੱਸੇ ਵਿਚ

---

੧- ਇਸ਼ਕਿ ਮੌਲਾ ਮਰ ਤੁਰਾ ਮੌਲਾ ਕੁਨਦ।
ਦਰਦੀ ਗੁਮਰਾ ਬਿਹਤਰੋ ਸ਼ੈਲਾ ਕੁਨਦ। — ਭਾਈ ਨੰਦ ਲਾਲ ਜੀ

੨- ਵਾਰਾਂ ਭਾਈ ਗੁਰਦਾਸ, ਵਾਰ ੫, ਪਉੜੀ ੧

੩- ਕਉਣੁ ਸੁ ਮੁਕਤਾ ਕਉਣੁ ਸੁ ਜੁਗਤਾ॥
ਕਉਣੁ ਸੁ ਗਿਆਨੀ ਕਉਣੁ ਸੁ ਬਕਤਾ॥
ਕਉਣੁ ਸੁ ਗਿਰਹੀ ਕਉਣੁ ਉਦਾਸੀ ਕਉਣੁ ਸੁ ਕੀਮਤਿ ਪਾਏ ਜੀਉ॥
ਕਿਨਿ ਬਿਧਿ ਬਾਧਾ ਕਿਨਿ ਬਿਧਿ ਛੂਟਾ॥
ਕਿਨਿ ਬਿਧਿ ਆਵਣੁ ਜਾਵਣੁ ਤੂਟਾ॥
ਕਉਣ ਕਰਮ ਕਉਣ ਨਿਹਕਰਮਾ ਕਉਣੁ ਸੁ ਕਹੈ ਕਹਾਏ ਜੀਉ॥
ਕਉਣੁ ਸੁ ਸੁਖੀਆ ਕਉਣੁ ਸੁ ਦੁਖੀਆ॥
ਕਉਣੁ ਸੁ ਸਨਮੁਖੁ ਕਉਣੁ ਵੇਮੁਖੀਆ॥
ਕਿਨ ਬਿਧਿ ਮਿਲੀਐ ਕਿਨ ਬਿਧਿ ਬਿਛੁਰੈ ਇਹ ਬਿਧਿ ਕਉਣੁ ਪ੍ਰਗਟਾਏ ਜੀਉ॥
ਕਉਣੁ ਸੁ ਅਖਰੁ ਜਿਤੁ ਧਾਵਤੁ ਰਹਤਾ॥
ਕਉਣੁ ਉਪਦੇਸੁ ਜਿਤੁ ਦੁਖੁ ਸੁਖੁ ਸਮ ਸਹਤਾ॥
ਕਉਣੁ ਸੁ ਚਾਲ ਜਿਤੁ ਪਾਰਬ੍ਰਹਮ ਧਿਆਏ ਕਿਨਿ ਬਿਧਿ ਕੀਰਤਨੁ ਗਾਏ ਜੀਉ॥
— ਮਾਝ ਮਃ ੫, ਅਸਟਪਦੀਆਂ, ਆਦਿ ਗ੍ਰੰਥ, ਪੰਨਾ ੧੩੧

5 ਪਦਿਆਂ ਵਿਚ[1] ਸਭਨਾ ਪ੍ਰਸ਼ਨਾਂ ਦੇ ਉਤਰ ਦਿੱਤੇ ਹਨ। ਇਹ ਉਤਰ ਹੀ ਗੁਰਮੁਖ ਦੀਆਂ ਵਿਸ਼ੇਸ਼ਤਾਈਆਂ ਹਨ।

| | |
|---|---|
| ੧- ਸੰਸਾਰ ਤੋਂ ਮੁਕਤ ਕੌਣ ਹੈ? | ਗੁਰਮੁਖ ਮੁਕਤ ਵਿਅਕਤੀ ਹੈ। |
| ੨- ਕੌਣ ਵਾਹਿਗੁਰੂ ਨਾਲ ਜੁੜਿਆ ਹੋਇਆ ਹੈ? | ਗੁਰਮੁਖ ਹੈ। |
| ੩- ਵਿਦਵਾਨ ਕੌਣ ਹੈ? | ਗੁਰਮੁਖ ਹੈ। |
| ੪- ਪਰਮਾਤਮਾ ਦਾ ਜਸ ਗਾਉਣ ਵਾਲਾ ਕੌਣ ਹੈ? | ਗੁਰਮੁਖ ਹੈ। |
| ੫- ਅਸਲੀ ਗ੍ਰਿਹਸਤੀ ਕਿਹੜਾ ਹੈ? | ਗੁਰਮੁਖ ਹੈ। |
| ੬- ਤਿਆਗੀ ਕਿਹੜਾ ਹੈ? | ਗੁਰਮੁਖ ਹੈ। |
| ੭- ਗ੍ਰਿਹਸਤ ਦੀ ਪਛਾਣ ਕਿਸ ਨੂੰ ਹੈ? | ਗੁਰਮੁਖ ਅਸਲ ਗ੍ਰਿਹਸਤੀ ਹੈ, ਜੋ ਗ੍ਰਿਹਸਤ ਵਿਚ ਤਿਆਗੀ ਵੀ ਹੈ। |
| ੮- ਮਾਇਆ ਵਿਚ ਕੌਣ ਬੰਨ੍ਹਿਆ ਹੋਇਆ ਹੈ? | ਹਉਮੈ ਤੇ ਮਾਇਆ ਵਿਚ ਜੀਵ ਬੱਝਾ ਹੈ। |
| ੯- ਮਾਇਆ ਤੋਂ ਬਚਿਆ ਕਿਹੜਾ ਹੈ? | ਗੁਰਮੁਖ ਹੀ ਇਸ ਰੋਗ ਤੋਂ ਛੁਟਿਆ ਹੋਇਆ ਹੈ। |
| ੧੦- ਜਨਮ ਮਰਨ ਦਾ ਗੇੜ ਕਿਵੇਂ ਟੁਟੇ? | ਗੁਰਮੁਖ ਇਸ ਗੇੜ ਨੂੰ ਤੋੜ ਸਕਦਾ ਹੈ, ਉਹ ਆਪ ਇਸ ਭਵਸਾਗਰ ਤੋਂ ਤਰ ਜਾਂਦਾ ਹੈ, ਨਾਲ ਹੀ ਆਪਣੇ ਸਾਰੇ ਕੁਟੰਬ ਨੂੰ ਤਾਰ ਲੈਂਦਾ ਹੈ। |

---

੧- ਗੁਰਮੁਖਿ ਮੁਕਤਾ ਗੁਰਮੁਖਿ ਜੁਗਤਾ।। ਗੁਰਮੁਖਿ ਗਿਆਨੀ ਗੁਰਮੁਖਿ ਬਕਤਾ।।
ਧੰਨੁ ਗਿਰਹੀ ਉਦਾਸੀ ਗੁਰਮੁਖਿ ਗੁਰਮੁਖਿ ਕੀਮਤਿ ਪਾਏ ਜੀਉ।।
ਹਉਮੈ ਬਾਧਾ ਗੁਰਮੁਖਿ ਛੂਟਾ।। ਗੁਰਮੁਖਿ ਆਵਣੁ ਜਾਵਣੁ ਤੂਟਾ।।
ਗੁਰਮੁਖਿ ਕਰਮ ਗੁਰਮੁਖਿ ਨਿਹਕਰਮਾ ਗੁਰਮੁਖਿ ਕਰੇ ਸੁ ਸੁਭਾਏ ਜੀਉ।।
ਗੁਰਮੁਖਿ ਸੁਖੀਆ ਮਨਮੁਖਿ ਦੁਖੀਆ।। ਗੁਰਮੁਖਿ ਸਨਮੁਖੁ ਮਨਮੁਖਿ ਵੇਮੁਖੀਆ।।
ਗੁਰਮੁਖਿ ਮਿਲੀਐ ਮਨਮੁਖਿ ਵਿਛੁਰੈ ਗੁਰਮੁਖਿ ਬਿਧਿ ਪ੍ਰਗਟਾਏ ਜੀਉ।।
ਗੁਰਮੁਖਿ ਅਖਰੁ ਜਿਤੁ ਧਾਵਤੁ ਰਹਤਾ।। ਗੁਰਮੁਖਿ ਉਪਦੇਸੁ ਦੁਖੁ ਸੁਖੁ ਸਮ ਸਹਤਾ।।
ਗੁਰਮੁਖਿ ਚਾਲ ਜਿਤੁ ਪਾਰਬ੍ਰਹਮੁ ਧਿਆਏ ਗੁਰਮੁਖਿ ਕੀਰਤਨੁ ਗਾਏ ਜੀਉ।।
ਸਗਲੀ ਬਣਤ ਬਣਾਈ ਆਪੇ।। ਆਪੇ ਕਰੇ ਕਰਾਏ ਥਾਪੇ।।
ਇਕਸੁ ਤੇ ਹੋਇਓ ਅਨੰਤਾ ਨਾਨਕ ਏਕਸੁ ਮਾਹਿ ਸਮਾਏ ਜੀਉ।।
—ਮਾਝ ਮ:੫, ਅਸਟਪਦੀਆਂ, ਆਦਿ ਗ੍ਰੰਥ, ਪੰਨਾ ੧੩੧

| | |
|---|---|
| ੧੧- ਕਰਮਾਂ ਦੇ ਫਲ ਕੌਣ ਸੋਚਦਾ ਹੈ? | ਗੁਰਮੁਖ ਕਰਮਾਂ ਦੇ ਫਲ ਸੋਚ ਕੇ ਕਰਮ ਕਰਦਾ ਹੈ। |
| ੧੨- ਕਰਮਾਂ ਦੇ ਬੰਧਨਾਂ ਤੋਂ ਉਪਰ ਕਿਹੜਾ ਹੈ? | ਗੁਰਮੁਖ ਕਰਮ ਦੇ ਬੰਧਨ ਤੋਂ ਆਜ਼ਾਦ ਹੈ। |
| ੧੩- ਹੁਕਮ ਵਿਚ ਕਿਹੜਾ ਚਲਦਾ ਹੈ? | ਗੁਰਮੁਖ ਅਜਿਹੇ ਕਰਮ ਕਰਦਾ ਹੈ, ਜੋ ਪਰਮਾਤਮਾ ਨੂੰ ਭਾਉਂਦੇ ਹਨ। |
| ੧੪- ਸੁਖੀ ਕੌਣ ਹੈ? | ਗੁਰਮੁਖ ਸੁਖੀ ਹੈ। |
| ੧੫- ਦੁਖੀ ਕੌਣ ਹੈ? | ਮਨਮੁਖ ਦੁਖੀ ਹੈ। |
| ੧੬- ਹਰ ਵੇਲੇ ਹਾਜ਼ਰ ਹਜ਼ੂਰੀਆਂ ਕੌਣ ਹੈ? | ਗੁਰਮੁਖ, ਜੋ ਹਰ ਸਮੇਂ ਪ੍ਰਭੂ ਵਲ ਸਨਮੁਖ ਹੈ। |
| ੧੭- ਬੇਮੁਖ ਕੌਣ ਹੈ? | ਮਨਮੁਖ ਬੇਮੁਖ ਹੈ। |
| ੧੮- ਕਿਸ ਢੰਗ ਨਾਲ ਪ੍ਰਭੂ ਮਿਲ ਸਕਦਾ ਹੈ? | ਗੁਰਮੁਖ ਮਿਲਾਉਣ ਵਾਲਾ ਵਿਚੋਲਾ ਹੈ। |
| ੧੯- ਵਿਛੋੜਾ ਕਿਵੇਂ ਪੈਂਦਾ ਹੈ? | ਮਨਮੁਖਾਂ ਦੀ ਸੰਗਤ ਕਰਨ ਨਾਲ। |
| ੨੦- ਮਿਲਨ ਦਾ ਢੰਗ ਕਿਸ ਦਸਿਆ ਹੈ? | ਗੁਰਮੁਖ ਹੀ ਇਹ ਬਿਧ ਸਮਝਾਉਂਦਾ ਹੈ। |
| ੨੧- ਕਿਹੜਾ ਸ਼ਬਦ ਹੈ ਜੋ ਮਨ ਦੇ ਘੋੜੇ ਨੂੰ ਲਗਾਮ ਪਾਉਂਦਾ ਹੈ? | ਗੁਰਬਾਣੀ ਉਹ ਸ਼ਬਦ ਹੈ, ਜਿਸ ਨਾਲ ਮਨ ਕਾਬੂ ਵਿਚ ਰਖਿਆ ਜਾ ਸਕਦਾ ਹੈ ਤੇ ਜੋ ਗੁਰਮੁਖ ਦੇ ਮੂੰਹੋਂ ਹੀ ਸੁਣੀ ਜਾ ਸਕਦੀ ਹੈ। |
| ੨੨- ਕਿਹੜਾ ਉਪਦੇਸ਼ ਹੈ, ਜਿਸ ਨਾਲ ਦੁਖ ਸੁਖ ਸਮ ਕਰ ਜਾਨਣ ਦਾ ਬਲ ਮਿਲੇ? | ਗੁਰੂ ਦੇ ਮੁਖ ਤੋਂ ਉਚਾਰਿਆ ਸ਼ਬਦ ਉਪਦੇਸ਼ ਹੈ, ਜਿਸ ਨੂੰ ਪੱਲੇ ਬੰਨ੍ਹ ਕੇ ਦੁਖ ਸੁਖ ਜੀਵ ਨੂੰ ਇਕੋ ਜਿਹੇ ਲਗਦੇ ਹਨ, ਭਾਵ ਉਸ ਵਿਚ ਸਹਾਰਨ ਦੀ ਸ਼ਕਤੀ ਆ ਜਾਂਦੀ ਹੈ। |
| ੨੩- ਕਿਸ ਢੰਗ ਨਾਲ ਪ੍ਰਭੂ ਦਾ ਨਾਮ ਧਿਆਇਆ ਜਾਏ? | ਗੁਰਮੁਖਾਂ ਦੀ ਸੰਗਤ ਵਿਚ ਪ੍ਰਭੂ ਦਾ ਨਾਮ ਚਿਤ ਆਉਂਦਾ ਹੈ। |
| ੨੪- ਕੀਰਤਨ (ਪ੍ਰਭੂ ਜਸ ਗਾਇਨ ਕਰਨਾ) ਕਿਸ ਢੰਗ ਗਾਇਆ ਜਾਏ? | ਗੁਰਮੁਖਾਂ ਦੀ ਸੰਗਤ ਵਿਚ ਰਲ ਕੇ ਪ੍ਰਭੂ ਦਾ ਜਸ ਗਾਇਆ ਜਾਵੇ। |

ਇਹ ਸਾਰੀ ਬਣਤਰ (ਗੁਰਮੁਖ, ਮਨਮੁਖ, ਇਨ੍ਹਾਂ ਵਿਚਲਾ ਫਰਕ ਤੇ ਇਨ੍ਹਾਂ

ਦੀ ਆਪਣੀ ਆਪਣੀ ਕਿਰਿਆ) ਪਰਮਾਤਮਾ ਦੀ ਆਪਣੀ ਹੀ ਬਣਾਈ ਹੋਈ ਹੈ। ਉਹ ਆਪ ਹੀ ਗੁਰਮੁਖ ਵਿਚ ਗੁਰਮੁਖਤਾਈ ਭਰਦਾ ਹੈ, ਆਪ ਹੀ ਮਨਮੁਖ ਵਿਚ ਮਨਮੁਖਤਾ ਪਾਉਂਦਾ ਹੈ। ਕੋਈ ਦੂਜਾ ਉਸ ਦਾ ਸਲਾਹਕਾਰ ਨਹੀਂ। ਉਸ ਇਕ ਪ੍ਰਭੂ ਤੋਂ ਹੀ ਅਨੇਕ ਪ੍ਰਕਾਰ ਦੇ ਜੀਵ ਸਾਜੇ ਜਾਂਦੇ ਹਨ ਤੇ ਫੇਰ ਇਕ ਵਿਚ ਹੀ ਜਾ ਕੇ ਸਮਾ ਜਾਂਦੇ ਹਨ। ਜੀਵ ਦੀਆਂ ਸਾਰੀਆਂ ਔਕੜਾਂ ਦਾ ਹਲ ਸਿਰਫ ਏਨਾ ਹੈ ਕਿ ਮਨੁੱਖ ਹਉਂ ਨੂੰ ਤਿਆਗ ਕੇ ਆਪਾ ਵਾਹਿਗੁਰੂ ਦੇ ਅਰਪਨ ਕਰ ਦਏ। ਉਸੇ ਦੇ ਹੁਕਮ ਅੰਦਰ ਚਲੇ, ਸਭੇ ਸੁਖ ਪ੍ਰਾਪਤ ਹੁੰਦੇ ਹਨ। ਇਹ ਕਰਮ ਕੇਵਲ ਕੋਈ ਪਹੁੰਚੀ ਹੋਈ ਆਤਮਾ ਹੀ ਕਰ ਸਕਦੀ ਹੈ, ਜੋ ਕਿਸੇ ਨਾਲ ਰੋਸ ਨ ਕਰੇ (ਸਗੋਂ ਆਪਣੇ ਗੁਨਾਹਾਂ ਵਲ ਝਾਤੀ ਮਾਰਦੀ ਰਹੇ), ਮਾਣ ਨ ਜਤਾਵੇ, ਅਭਿਮਾਨ ਨ ਕਰੇ, ਸਭ ਦੀ ਚਰਨ ਧੂੜ ਹੋ ਕੇ ਰਹੇ, ਤਾਂ ਹੀ ਪ੍ਰਭੂ ਦੀ ਦਰਗਾਹ ਵਾਲਾ ਮੈਦਾਨੇ ਜੰਗ ਜਿਤਿਆ ਜਾ ਸਕਦਾ ਹੈ।[੧]

ਅਜਿਹੇ ਸੱਚੇ ਜੀਵ ਜਗਤ ਵਿਚ ਵਿਰਲੇ ਹੀ ਆਉਂਦੇ ਹਨ। ਕੂੜ ਤਾਂ ਸਾਰੇ ਪਾਸੇ ਪਸਰਿਆ ਹੈ, ਮਨਮੁਖ ਚੁਫੇਰੇ ਹੀ ਦਿਸਦੇ ਹਨ, ਪਰ ਗੁਰਮੁਖ ਲਭਿਆਂ ਕੋਈ ਕੋਈ ਮਿਲਦਾ ਹੈ।

ਗੁਰਮੁਖ ਦਾ ਆਪਣਾ ਕੁਝ ਨਹੀਂ ਹੁੰਦਾ, ਉਸ ਦਾ ਸਭ ਕੁਝ ਪਰਮਾਤਮਾ ਜੋਗਾ ਹੈ। ਜੋ ਕੁਝ ਉਸ ਨੂੰ ਮਿਲਦਾ ਹੈ, ਉਹ ਅਮਾਨਤ ਸਮਝ ਕੇ ਵਰਤਦਾ ਹੈ। ਆਪਣਾ ਹੱਕ ਨਹੀਂ ਜਮਾ ਲੈਂਦਾ, ਤਦੇ ਉਸ ਨੂੰ ਇਸ ਮਾਇਆ ਜਾਲ ਵਿਚੋਂ ਨਿਕਲਣ ਲਗਿਆਂ ਕੋਈ ਦੁਖ ਨਹੀਂ ਹੁੰਦਾ। ਉਹ ਕਮਲ ਫੁਲ ਵਾਂਗ ਜਲ ਉਪਰ ਸਿੱਧਾ ਪਿਆ ਜਲ ਤਰੰਗਾਂ ਵੀ ਮਾਣਦਾ ਹੈ, ਅਲੇਪ ਵੀ ਰਹਿੰਦਾ ਹੈ। ਮਨਮੁਖ ਜਲ ਉਪਰ ਮੂਧੇ ਪਏ ਕਮਲ ਵਾਂਗ ਹੁੰਦਾ ਹੈ। ਜੋ ਜਲ ਵਿਚ ਤਾਂ ਭਿਜਿਆ ਹੋਇਆ ਹੈ, ਪਰ ਸੂਰਜ ਦੀਆਂ ਕਿਰਨਾਂ ਦਾ ਕੋਈ ਲਾਭ ਨਹੀਂ ਲੈ ਸਕਦਾ ਤੇ ਨ ਹੀ ਉਸ ਦੀ ਸੁੰਦਰਤਾ ਵਿਚ ਕਿਸੇ ਨੂੰ ਪ੍ਰਭਾਵਤ ਕਰਨ ਦੀ ਤਾਕਤ ਹੈ।

ਗੁਰਮੁਖ ਆਪਣੇ ਪ੍ਰਭੂ ਵਿਚ ਏਨਾ ਲੀਨ ਰਹਿੰਦਾ ਹੈ ਕਿ ਉਸ ਦਾ ਆਪਣਾ

---

੧- ਰੋਸੁ ਨ ਕਾਹੂ ਸੰਗ ਕਰਹੁ ਆਪਨ ਆਪੁ ਬੀਚਾਰਿ।।
ਹੋਇ ਨਿਮਾਨਾ ਜਗਿ ਰਹਹੁ ਨਾਨਕ ਨਦਰੀ ਪਾਰਿ।।
ਰਾਰਾ ਰੇਨ ਹੋਤ ਸਭ ਜਾਕੀ।। ਤਜ ਅਭਿਮਾਨੁ ਛੁਟੈ ਤੇਰੀ ਬਾਕੀ।।
ਰਣਿ ਦਰਗਹਿ ਤਉ ਸੀਝਹਿ ਭਾਈ।। ਜਉ ਗੁਰਮੁਖਿ ਰਾਮ ਨਾਮ ਲਿਵ ਲਾਈ।।
—ਗਉੜੀ ਬਾਵਨ ਅਖਰੀ ਮ: ੫, ਆਦਿ ਗ੍ਰੰਥ, ਪੰਨਾ ੨੫੯

ਸਰੀਰ ਵੀ ਆਪਣਾ ਨਹੀਂ,[1] ਉਸ ਦਾਤੇ ਦਾ ਹੁੰਦਾ ਹੈ, ਤਦੇ ਹੀ ਗੁਰਮੁਖ ਸਦਾ ਜਿਤਦੇ ਆਏ ਹਨ ਤੇ ਮਨਮੁਖ ਹਾਰਦੇ।

ਗੁਰਮੁਖ ਮਾਇਆ ਵਿਚ ਰਹਿੰਦੇ ਹੋਏ, ਇਸ ਤੋਂ ਬਚ ਜਾਂਦੇ ਹਨ, ਕਿਉਂਕਿ ਇਹ ਇਸ ਦੇ ਗੁਲਾਮ ਨਹੀਂ ਬਣਦੇ ਇਸ ਨੂੰ ਭੋਗਦੇ ਹਨ।

ਇਸ ਕਾਂਡ ਵਿਚ ਬ੍ਰਹਮ ਗਿਆਨੀ, ਜੀਵਨ ਮੁਕਤ, ਸਾਧ,ਸੰਤ, ਗੁਰਮੁਖ ਦੇ ਰੂਪ ਵਿਚ ਪਰਮ ਸੁੱਚੇ ਜੀਵ ਤੇ ਵਿਚਾਰ ਕੀਤੀ ਗਈ ਹੈ, ਸਾਰੀ ਵਿਚਾਰ ਤੋਂ ਮਗਰੋਂ ਇਉਂ ਲਗਿਆ ਹੈ ਕਿ ਇਹ ਸਾਰੀਆਂ ਪਹੁੰਚੀਆਂ ਹੋਈਆਂ ਆਤਮਾਵਾਂ ਹਨ। ਸਾਰੀਆਂ ਦੀਆਂ ਸਿਫਤਾਂ ਵੀ ਲਗ ਪਗ ਇਕੋ ਹਨ। ਸਾਰੀਆਂ ਦੀ ਮੰਜ਼ਲ ਵੀ ਇਕ ਹੈ- ਪ੍ਰਭੂ ਪ੍ਰਾਪਤੀ। ਫੇਰ ਤਾਂ ਇਹ ਨਿਰਨਾ ਕਰਨਾ ਔਖਾ ਨਹੀਂ ਜਾਪਦਾ ਕਿ ਇਹ ਆਤਮਾਵਾਂ ਕੇਵਲ ਨਾਂ ਕਰਕੇ ਹੀ ਭਿੰਨ ਹਨ, ਅਸਲੇ ਤੋਂ ਇਕੋ ਹੀ ਹਨ। ਜਿਨ੍ਹਾਂ ਨੇ ਜੀਵਨ ਮੁਕਤ ਦੀ ਪਦਵੀ ਪਾ ਲਈ ਹੈ ਉਹੀ ਸਾਧ ਹਨ, ਸੰਤ ਹਨ, ਬ੍ਰਹਮ ਗਿਆਨੀ ਤੇ ਗੁਰਮੁਖ ਹਨ।

ਸੋ ਸੁੱਚੇ ਜੀਵਨ ਵਾਲੇ ਸਿੱਖ ਨੂੰ ਹੀ ਗੁਰਮੁਖ, ਸੰਤ, ਸਾਧ, ਜੀਵਨ ਮੁਕਤ ਜਾਂ ਬ੍ਰਹਮ ਗਿਆਨੀ ਆਖਦੇ ਹਨ।[2] ਅਜਿਹਾ ਪਰਮ ਮਨੁੱਖ ਹੀ ਗੁਰਮੁਖ ਹੈ। ਬ੍ਰਹਮ ਗਿਆਨੀ ਹੈ। ਜੋ ਨ ਕਿਸੇ ਤੋਂ ਡਰਦਾ ਹੈ, ਨ ਕਿਸੇ ਨੂੰ ਡਰਾਂਦਾ ਹੈ, ਦੁਖ ਸੁਖ ਨੂੰ ਸਮ ਕਰ ਜਾਣਦਾ ਹੈ-----ਗੁਰਮੁਖ,ਬ੍ਰਹਮ ਗਿਆਨੀ, ਸੰਤ, ਸਿੱਖ, ਸਭ ਏਸੇ ਪਦ ਦੇ ਲਖਾਇਕ ਹਨ।[3] ਡਾ.ਰਤਨ ਸਿੰਘ ਜੱਗੀ[4] ਤੇ ਡਾ.ਤਾਰਨ ਸਿੰਘ[5] ਨੇ ਵੀ ਬ੍ਰਹਮ ਗਿਆਨੀ, ਪੀਰ,ਸਾਧ, ਸੰਤ, ਗੁਰਮੁਖ, ਜੀਵਨ ਮੁਕਤ ਤੇ ਭਗਤ ਸਾਰਿਆਂ ਨੂੰ ਇਕੋ ਅਰਥ ਵਾਲੇ ਸ਼ਬਦ ਆਖਿਆ ਹੈ।

ਬ੍ਰਹਮ ਗਿਆਨੀ, ਜੀਵਨ ਮੁਕਤ, ਸਾਧ, ਸੰਤ ਤੇ ਗੁਰਮੁਖ ਨਾਂ ਤੋਂ ਭਿੰਨ ਹਨ, ਗੁਣਾਂ ਕਰਕੇ ਇਕ ਹਨ,ਸਭਨਾਂ ਵਿਚ ਇਕੋ ਹੀ ਜੋਤ ਜਗ ਰਹੀ ਹੁੰਦੀ ਹੈ।

***
*

---

੧- ਪ੍ਰਭ ਅਪਨੇ ਕਾ ਭਇਆ ਬਿਸਾਸੁ।।ਜੀਉ ਪਿੰਡੁ ਸਭੁ ਤਿਸ ਕੀ ਰਾਸਿ।।
ਨਾਨਕ ਕਉ ਉਪਜੀ ਪਰਤੀਤਿ।।ਮਨਮੁਖ ਹਾਰ ਗੁਰਮੁਖ ਸਦ ਜੀਤਿ।।
—ਗੋਂਡ ਮ:੫,ਆਦਿ ਗ੍ਰੰਥ, ਪੰਨਾ ੮੬੭-੬੮

੨- Outlines of Sikh Thought, Dr.S.S.Kohli,p.109

੩- ਗੁਰਮਤਿ ਦਰਸ਼ਨ,ਡਾ.ਸ਼ੇਰ ਸਿੰਘ,ਪੰਨਾ ੩੧੭

੪- ਵੇਖੋ-ਗੁਰੂ ਨਾਨਕ ਦੀ ਵਿਚਾਰਧਾਰਾ,ਡਾ.ਰਤਨ ਸਿੰਘ ਜੱਗੀ,ਪੰਨਾ ੨੧੪

੫- ਵੇਖੋ- ਨੇਮ ਤੇ ਪ੍ਰੇਮ,ਡਾ.ਤਾਰਨ ਸਿੰਘ,ਪੰਨਾ ੨੧੭

## ਕਾਂਡ-੫

## ਪ੍ਰਭੂ ਪ੍ਰਾਪਤੀ- ਜੋਗ, ਸਹਜ ਤੇ ਅਨਹਦ ਅਵਸਥਾਵਾਂ ਰਾਹੀਂ

### ੳ- ਜੋਗ

ਜੋਗ ਪਾਤੰਜਲੀ ਰਿਸ਼ੀ ਦਾ ਚਿਤ ਨੂੰ ਇਕਾਗਰ ਕਰਨ ਲਈ ਦਸਿਆ ਹੋਇਆ ਸਾਧਨ ਹੈ।[੧] ਜੋਗ ਅਥਵਾ ਯੋਗ ਸੰਸਕ੍ਰਿਤ ਦੇ ਸ਼ਬਦ 'ਯੁਜ' ਤੋਂ ਆਇਆ ਹੈ। ਜਿਸ ਦਾ ਭਾਵ ਹੈ ਬਝਣਾ, ਜੁੜਨਾ ਜਾਂ ਸੰਯੁਕਤ ਕਰਨਾ।[੨] ਅੰਗ੍ਰੇਜ਼ੀ ਵਿਚ ਇਸ ਦਾ ਸਮਾਨ-ਅਰਥਕ ਸ਼ਬਦ ਹੈ ਯੋਕ ( Yoke ) ਜਿਸ ਦਾ ਭਾਵ ਹੈ ਜੁੜਨਾ। ਲਾਤੀਨੀ ਸ਼ਬਦ 'ਜੁਗਮ' ਤੇ ਫਰਾਂਸੀਸੀ ਜੋਂਗ ਹੈ। ਭਾਵ ਸਭ ਦਾ ਇਕੋ ਹੈ- ਮੁਕਤੀ ਹਾਸਲ ਕਰਨੀ ਜਾਂ ਰੱਬ ਨਾਲ ਇਕ ਹੋ ਜਾਣਾ। ਇਸ ਨੂੰ ਸਮਾਧੀ ਵੀ ਆਖ ਲਿਆ ਜਾਂਦਾ ਹੈ। ਇਹ ਸਮਾਧੀ ਤਦੇ ਲਾਈ ਜਾ ਸਕਦੀ ਹੈ, ਜੇ ਜੀਵ ਨੇ ਕਾਮਨਾਵਾਂ, ਵਾਸ਼ਨਾਵਾਂ ਤੇ ਹੋਰ ਵਿਸ਼ੇ ਵਿਕਾਰਾਂ ਦਾ ਤਿਆਗ ਕੀਤਾ ਹੋਇਆ ਹੋਵੇ। ਵਿਸ਼ੇ ਵਿਕਾਰਾਂ ਕਾਰਨ ਜੀਵ ਤੇ ਬ੍ਰਹਮ ਵਿਚ ਜੋ ਫਰਕ ਹੈ, ਉਸ ਨੂੰ ਦੂਰ ਕਰਨ ਦਾ ਇਕ ਹੀ ਢੰਗ ਦਸਿਆ ਜਾਂਦਾ ਹੈ- ਜੋਗ।

ਇਹ ਜੋਗ ਦੋ ਪ੍ਰਕਾਰ ਦਾ ਹੁੰਦਾ ਹੈ। ਇਕ ਤਾਂ ਉਹ ਹੈ, ਜਿਸ ਵਿਚ ਸਾਧਕ ਆਪਣੀ ਹੋਂਦ ਬਿਲਕੁਲ ਹੀ ਮੁਕਾ ਦੇਂਦਾ ਹੈ, ਇਹ ਸੰਕਰਾਚਾਰੀਆ ਦਾ ਜੋਗ ਹੈ। ਦੂਸਰਾ ਹੈ, ਜਿਸ ਵਿਚ ਸਾਧਕ ਦੀ ਆਪਣੀ ਹਸਤੀ ਵੀ ਬਚੀ ਰਹਿੰਦੀ ਹੈ ਤੇ ਪ੍ਰਭੂ ਵੀ ਮਿਲ ਜਾਂਦਾ ਹੈ, ਇਹ ਰਾਮਾਨੁਜ ਦਾ ਜੋਗ ਹੈ।

ਜੋਗ ਦੇ ਸ਼ਬਦੀ ਅਰਥ 'ਮਿਲਾਪ' ਹਨ।[੩] ਭਾਰਤੀ ਧਾਰਮਕ ਲਿਖਤਾਂ ਵਿਚ ਆਤਮਾ ਦੇ ਪਰਮਾਤਮਾ ਨਾਲ ਵਸਲ ਨੂੰ ਜੋਗ ਆਖਦੇ ਹਨ।[੪]

ਜੋਗ ਸਰੀਰ ਜਾਂ ਮਨ ਦੀ ਉਹ ਕਿਰਿਆ ਜਾਂ ਅਭਿਆਸ ਹੈ, ਜਿਸ ਦੇ ਕਰਨ ਨਾਲ ਕੋਈ ਵਿਸ਼ੇਸ਼ ਪ੍ਰਾਪਤੀ ਹੋ ਜਾਵੇ। ਇਸ ਪ੍ਰਾਪਤੀ ਲਈ ਅਠ ਪੌੜੀਆਂ ਲੰਘਣੀਆਂ

---

੧- ਮਹਾਨ ਕੋਸ਼, ਪੰਨਾ ੪੦੧ ਤੇ
Outlines of Sikh Thought,Dr.S.S.Kohli,p.81.

੨- ਜੋਗ ਸ਼ਬਦ ਯੁਜ ਧਾਤੂ ਤੋਂ ਬਣਿਆ ਹੈ, ਜਿਸ ਦਾ ਅਰਥ ਜੋੜ, ਮੇਲ, ਮਿਲਾਪ, ਏਕਤਾ, ਆਦਿ ਹੁੰਦਾ ਹੈ।-ਗੀਤਾ ਰਹੱਸਯ(ਹਿੰਦੀ),ਬਾਲ ਗੰਗਾਧਰ ਤਿਲਕ, ਪੰਨਾ ੫੫

੩- Outlines of Sikh Thought,Dr.S.S.Kohli,p.81.

੪- ਡਾ.ਸੁਰਿੰਦਰ ਸਿੰਘ ਕੋਹਲੀ,ਪਰਖ ੧੯੬੯,ਗੁਰੂ ਨਾਨਕ ਸਿਮ੍ਰਿਤੀ ਅੰਕ, ਲੇਖ ਮਿਸਟਿਸਿਜ਼ਮ ਆਫ ਗੁਰੂ ਨਾਨਕ, ਪੰਨਾ ੬੦

ਪੈਂਦੀਆਂ ਹਨ:-

ਯਮ, ਨਿਯਮ, ਆਸਨ, ਪ੍ਰਾਣਾਯਾਮ, ਪ੍ਰਤਿਹਾਰ, ਧਾਰਨਾ, ਧਿਆਨ ਤੇ ਸਮਾਧੀ।

੧- ਯਮ- ਅਹਿੰਸਾ, ਸਤਿ, ਅਸਤੇਯ ਤੇ ਬ੍ਰਹਮ ਚਰਜ ਦਾ ਨਾਮ ਯਮ ਹੈ।

੨- ਨਿਯਮ- ਪਵਿਤਰਤਾ,ਸੰਤੋਖ, ਤਪ ਤੇ ਈਸ਼ਵਰ ਭਗਤੀ ਨਿਯਮ ਹਨ।

੩- ਆਸਨ- ਆਤਮ ਸੰਜਮ ਕਰਨ ਲਈ ਜਿਸ ਵੀ ਆਸਨ ਰਾਹੀਂ ਸੁਖ ਪੂਰਵਕ ਭਜਨ ਬੰਦਗੀ ਹੋ ਸਕੇ, ਉਹੀ ਆਸਨ ਹੈ।

੪- ਪ੍ਰਾਣਾਯਾਮ- ਯੋਗ ਸੂਤਰ ਵਿਚ ਲਿਖਿਆ ਹੈ ਕਿ ਜਦੋਂ ਆਸਨ ਦੀ ਸਿੱਧੀ ਕਰ ਲਈ ਜਾਵੇ, ਫਿਰ ਜੋਗੀ ਸੁਆਸਾਂ ਦੀ ਹਵਾ ਆਉਣ ਜਾਣ ਤੋਂ ਰੋਕਣ ਦਾ ਅਭਿਆਸ ਕਰਦੇਹਨ,ਇਹ ਪ੍ਰਾਣਾਯਾਮ ਹੈ।

੫- ਪ੍ਰਤਿਹਾਰ- ਇੰਦਰੇ ਜਦੋਂ ਆਪਣੇ ਆਪਣੇ ਵਿਸ਼ੇ ਭੋਗਣ ਦਾ ਲਾਲਚ ਤਿਆਗ ਦੇਣ, ਇਸ ਨੂੰ ਪ੍ਰਤਿਹਾਰ ਆਖਦੇ ਹਨ।

੬- ਧਾਰਨਾ- ਮਨ ਨੂੰ ਇਕ ਜਗ੍ਹਾ ਟਿਕਾਅ ਲੈਣ ਨੂੰ ਧਾਰਨਾ ਕਹਿੰਦੇ ਹਨ।

੭- ਧਿਆਨ- ਧਿਆਨ ਦਾ ਧਾਰਨਾ ਨਾਲ ਅਟੁੱਟ ਸਬੰਧ ਹੈ। ਧਾਰਨਾ ਜਿਸ ਢੰਗ ਨਾਲ ਟਿਕਾਅ ਦੀ ਅਵਸਥਾ ਤੇ ਪਹੁੰਚਦੀ ਹੈ, ਉਹੀ ਧਿਆਨ ਹੈ।

੮- ਸਮਾਧੀ- ਜਿਥੇ ਪੁੱਜ ਕੇ ਧਿਆਨ, ਧਾਰਨਾ ਯਾ ਹੋਰ ਕੋਈ ਵੀ ਖਿਆਲ ਨ ਰਹੇ, ਉਹ ਸਮਾਧੀ ਹੈ, ਇਥੇ ਪੁਜ ਕੇ ਕੇਵਲ ਇਕ ਹੀ ਮਰਕਜ਼ ਦਿਖਾਈ ਦੇਂਦਾ ਹੈ।

ਸਮਾਧੀ ਦੀ ਇਸ ਅਵਸਥਾ ਨੂੰ ਹਠਜੋਗ ਪ੍ਰਦੀਪਕਾ ਵਿਚ ਉਨਮਨੀ ਅਵਸਥਾ ਲਿਖਿਆ ਹੈ। ਜਿਸ ਵਿਚ ਪਹੁੰਚ ਕੇ ਸਰੀਰ ਜਾਣੋਂ ਲਕੜ ਦੇ ਕੁੰਦੇ ਵਾਂਗ ਹੋ ਜਾਂਦਾ ਹੈ, ਜੋਗੀ ਸੰਖ ਤੇ ਧੌਂਸੇ ਦੀ ਆਵਾਜ਼ ਕਦਾਚਿਤ ਨਹੀਂ ਸੁਣ ਸਕਦਾ। ਸਾਰੀਆਂ ਅਵਸਥਾਵਾਂ ਤੋਂ ਖਲਾਸ, ਸਾਰੀਆਂ ਚਿੰਤਾ ਤੋਂ ਪਾਕ ਮੁਰਦੇ ਵਾਂਗ ਜੋਗੀ ਰਹਿੰਦਾ ਹੈ। ਉਹ ਮੁਕਤ ਹੈ, ਇਹਦੇ ਵਿਚ ਸੰਸਾ ਨਹੀਂ।[੧]

ਜੋਗੀਆਂ ਦੇ ਬਾਰਾਂ ਪੰਥ ਹਨ- ਹੇਤੁ, ਪਾਵ, ਆਈ, ਗਮਾਯ, ਪਾਗਲ, ਗੋਪਾਲ, ਕੰਥੜੀ, ਬਨ, ਧ੍ਰਜ, ਚੋਲੀ, ਰਾਵਲ ਅਤੇ ਦਾਸ ਪੰਥ।

ਜੋਗ ਦਾ ਅਸਲ ਉਦੇਸ਼ ਆਤਮ ਗਿਆਨ ਹੈ। ਪ੍ਰਭੂ ਭਗਤੀ ਜਾਂ ਹੋਰ ਸਭ ਦਾ

---

੧- ਹਠਯੋਗ ਪ੍ਰਦੀਪਕਾ, ਚੌਥਾ ਉਪਦੇਸ਼, ਸਲੋਕ ੧੦੬-੧੦੭, ਹਵਾਲਾ- ਗੁਰਮਤਿ ਨਿਰਣਯ, ਭਾਈ ਜੋਧ ਸਿੰਘ ਪੰਨਾ 199

ਦਰਜਾ ਮਗਰੋਂ ਆਉਂਦਾ ਹੈ।[1]

ਜੋਗ ਦੀਆਂ ੪ ਕਿਸਮਾਂ ਦਸੀਆਂ ਜਾਂਦੀਆਂ ਹਨ-

੧- ਮੰਤਰ ਜੋਗ- ਇਕ ਮੰਤਰ ਦੇ ਰਟਣ ਨਾਲ ਮਨ ਨੂੰ ਇਕਾਗਰ ਕਰਨਾ ਮੰਤਰ ਜੋਗ ਹੈ।

੨- ਲੈਅ ਜੋਗ- ਮਨ ਨੂੰ ਪ੍ਰਭੂ ਭਗਤੀ ਵਿਚ ਜੋੜਨਾ ਲੈਅ ਜੋਗ ਹੈ।

੩- ਰਾਜ ਜੋਗ- ਮਨ ਅਤੇ ਸਾਹ ਤੇ ਕਾਬੂ ਕਰਕੇ ਭਗਤੀ ਕਰਨਾ ਰਾਜ ਜੋਗ ਹੈ।

੪- ਹਠ ਜੋਗ- ਸਰੀਰ ਨੂੰ ਖਾਸ ਪ੍ਰਕਾਰ ਦੀ ਕਸਰਤ ਰਾਹੀਂ ਸਾਧ ਕੇ ਪਾਠ ਪੂਜਾ ਕਰਨੀ। ਇਹ ਜੋਗੀ ਆਪਣੀ ਸਿਹਤ ਦਾ ਖਾਸ ਖਿਆਲ ਰਖਦੇ ਹਨ, ਕਿਉਂਕਿ ਕਸਰਤ ਸਹਿਣ ਲਈ ਵੀ ਤਾਂ ਬਲ ਦੀ ਲੋੜ ਹੈ।

ਜੋਗ ਦੀਆਂ ਇਨ੍ਹਾਂ ਚੋਹਾਂ ਕਿਸਮਾਂ ਵਿਚੋਂ ਕਿਸੇ ਇਕ ਨੂੰ ਅਸੀਂ ਪ੍ਰਭੂ ਪਾਣ ਲਈ ਮੁਕੰਮਲ ਰਸਤਾ ਨਹੀਂ ਦਸ ਸਕਦੇ। ਸਗੋਂ ਸਾਰਿਆਂ ਦੇ ਸੁਮੇਲ ਨਾਲ ਹੀ ਪਰਮਾਤਮਾ ਤਕ ਪਹੁੰਚ ਹੋਣੀ ਸੰਭਵ ਹੈ। ਰੱਬ ਨੂੰ ਗਿਆਨ ਰਾਹੀਂ ਮਿਲਣਾ (ਸਾਇੰਸ ਵਾਂਗ) ਜੋਗ ਹੈ। ਰੱਬ ਨੂੰ ਭਾਵਨਾ ਰਾਹੀਂ ਪ੍ਰਾਪਤ ਕਰਨਾ ਰਹੱਸਵਾਦ ਹੈ।[2]

ਜੋਗੀ ਤੇ ਜੋਗਨ ਸ਼ਬਦ ਗੁਰੂ ਅਰਜਨ ਦੇਵ ਜੀ ਨੇ ਕਈ ਥਾਈਂ ਵਰਤੇ ਹਨ ਪਰ ਇਸ ਦੇ ਅਰਥ ਸੰਕਰਾਚਾਰੀਆ, ਰਾਮਾਨੁਜ ਤੇ ਹਠਯੋਗ ਪ੍ਰਦੀਪਕਾ ਨਾਲੋਂ ਫਰਕ ਹਨ। ਗੁਰੂ ਸਾਹਿਬ ਦਾ ਜੋਗੀ ਕਿਸੇ ਸਰੀਰਕ ਤਪ ਵਲ ਨਹੀਂ ਜਾਂਦਾ ਸਗੋਂ ਉਹ ਤਾਂ ਮਨ ਦੀ ਸਫਾਈ ਦਾ ਜੋਗ ਧਾਰਨ ਕਰਦਾ ਹੈ।

ਸਰੀਰ ਨੂੰ ਕਸ਼ਟ ਦੇਣ ਨਾਲ ਮਨ ਨੂੰ ਤਸਲੀ ਨਹੀਂ ਦਿੱਤੀ ਜਾ ਸਕਦੀ। ਜੇ ਕੋਈ ਜੰਗਲਾਂ ਵਿਚ ਜਾ ਕੇ ਜੋਗੀ ਬਣੇ ਤਾਂ ਉਸ ਵਿਚ ਤੇ ਜੰਗਲੀ ਜਾਨਵਰਾਂ ਵਿਚ ਕੋਈ ਫਰਕ ਨਹੀਂ। ਜੇ ਕੋਈ ਵਾਲ ਵਧਾ ਕੇ ਜਟਾਧਾਰੀ ਜੋਗੀ ਬਣ ਜਾਵੇ ਤਾਂ ਇਹ ਵੀ ਅਸਲੀ ਜੋਗ ਨਹੀਂ, ਵਾਲ ਤਾਂ ਰਿੱਛ ਦੇ ਵੀ ਕਾਫੀ ਹੁੰਦੇ ਹਨ। ਕੰਦਰਾਂ ਵਿਚ ਲੁਕ ਛਿਪ ਕੇ ਮਨ ਨੂੰ ਸਾਧਿਆ ਨਹੀਂ ਜਾ ਸਕਦਾ, ਸੱਪ ਸਪੋਲੀਏ, ਚੂਹੇ ਆਦਿ ਸਦਾ ਖੁੱਡਾਂ ਵਿਚ ਰਹਿੰਦੇ ਹਨ। ਉਹ ਤਾਂ ਮੁਕਤ ਹੋਏ ਅਸਾਂ ਨਹੀਂ ਵੇਖੇ। ਸਰੀਰ ਰੁਖਾਂ ਨਾਲ ਟੰਗ ਕੇ ਜੇ ਜੋਗ ਮਿਲ ਸਕੇ ਤਾਂ ਚਾਮ ਚੜਿਕਾਂ ਵਰਗਾ ਮਹਾਨ ਜੋਗੀ ਹੀ ਕੋਈ ਨਹੀਂ, ਪਰ ਨਹੀਂ ਇਹ ਤਾਂ ਸੱਚੇ ਜੋਗ ਦਾ ਮਜ਼ਾਕ ਹੈ। ਸਰਦੀਆਂ ਵਿਚ ੧੦੧ ਘੜਿਆਂ ਨਾਲ ਇਸ਼ਨਾਨ ਕਰਕੇ ਜਾਂ ਗਰਮੀਆਂ ਵਿਚ ਗੋਹੇ ਲਕੜੀਆਂ ਦੇ ਸਰਕਲ ਬਨਾ ਕੇ, ਜਲਾ ਕੇ, ਵਿਚਕਾਰ

---

੧- The Cultural Heritage of India, Vol.III, p.89, as quoted in A Critical Study of Adi Granth, Dr.S.S.Kohli, p.257.

੨- An Introduction to Yoga, Annie Besant, p.25.

ਬੈਠ ਕੇ ਭਗਤੀ ਕਰਨ ਨਾਲ ਪਰਮਾਤਮਾ ਖੁਸ਼ ਨਹੀਂ ਹੋ ਸਕਦਾ, ਇਹ ਸਭ ਦੇਹੀ ਨੂੰ ਕਸ਼ਟ ਹਨ, ਮਨ ਸੁਧ ਕਰਨ ਦੇ ਤਰੀਕੇ ਨਹੀਂ।

ਜੋਗ ਦੇ ਫਲਸਫੇ ਨੂੰ ਤਾਂ ਗੁਰੂ ਸਾਹਿਬ ਮੰਨਦੇ ਹਨ, ਪਰ ਪ੍ਰਾਨਾਯਾਮ, ਆਸਨ, ਆਦਿ ਸਾਧਨਾਂ ਦੀ ਆਪ ਨਿਖੇਧੀ ਕਰਦੇ ਹਨ। ਧਿਆਨ ਧਾਰਨਾ ਤੇ ਸਮਾਧੀ ਨੂੰ ਗੁਰੂ ਜੀ ਨੇ ਆਪਣੇ ਵਿਚਾਰਾਂ ਅਨੁਸਾਰ ਢਾਲ ਕੇ ਅਸਲੀ ਜੋਗ ਦਾ ਰਾਹ ਦਸਿਆ, ਜਿਸ ਨੂੰ ਡਾ. ਕੋਹਲੀ ਨਾਮ- ਜੋਗ ਆਖਦੇ ਹਨ।[1]

ਭਗਤ ਸਿੰਘ ਹੀਰਾ ਲਿਖਦੇ ਹਨ[2] ਕਿ ਗੁਰਮਤ ਉਪਰ ਜੋਗ ਸ਼ਾਸਤਰ ਦਾ ਕੋਈ ਸਿੱਧਾ ਪ੍ਰਭਾਵ ਨਹੀਂ ਪਿਆ, ਪਰ ਡਾ. ਸ਼ੇਰ ਸਿੰਘ[3] ਦੇ ਵਿਚਾਰ ਅਨੁਸਾਰ ਸਿੱਖੀ ਰਹਿਣੀ ਉਤੇ ਜਿਨਾ ਅਸਰ ਜੋਗ ਮਤ ਦਾ ਹੈ ਉਨਾ ਕਿਸੇ ਹੋਰ ਦਾ ਨਹੀਂ।

ਅਸਲ ਵਿਚ ਗੁਰੂ ਸਾਹਿਬ ਦਾ ਰਾਹ ਇਨ੍ਹਾਂ ਦੁਹਾਂ ਨਾਲੋਂ ਵਖਰਾ ਹੈ। ਜਿਸ ਵਿਚ ਜੋਗ ਮੱਤ ਵਰਗੀ ਕੋਈ ਵੀ ਉਣਤਾਈ ਨਜ਼ਰ ਨਹੀਂ ਆਉਂਦੀ।

ਗੁਰੂ ਜੀ ਦਾ ਜੋਗੀ ਕਿਹੋ ਜਿਹਾ ਹੈ:-

ਨਾਮ ਦਾ ਅਭਿਆਸ ਕਰਨ ਵਾਲਾ, ਪ੍ਰਭੂ ਦੇ ਹੁਕਮ ਵਿਚ ਰਹਿਣ ਵਾਲਾ ਜੀਵ ਗੁਰੂ ਅਰਜਨ ਦੇਵ ਜੀ ਦਾ ਜੋਗੀ ਹੈ।

ਜੋ ਜੀਵ ਪੂਜਾ ਪਾਠ ਵਿਚ ਮਗਨ ਰਹਿੰਦਾ ਹੈ, ਛੇ ਸ਼ਾਸਤਰਾਂ ਤੇ ਸਿੰਮ੍ਰਿਤੀਆਂ ਦਾ ਗਿਆਨ ਹਾਸਲ ਕਰਦਾ ਹੈ, ਸਰੀਰ ਨੂੰ ਕਸ਼ਟ ਦੇ ਕੇ ਜੰਗਲਾਂ ਵਿਚ ਫਿਰਦਾ ਹੈ, ਹੋਰ ਕਈ ਪ੍ਰਕਾਰ ਦੇ ਯਗ, ਹਵਨ ਤੇ ਪਾਖੰਡ ਕਰਦਾ ਹੈ, ਉਹ ਅਸਲੀ ਜੋਗੀ ਨਹੀਂ, ਇਹ ਰਸਮਾਂ ਨਾਮ ਜੋਗ ਦੇ ਤੁਲ ਨਹੀਂ ਪੁਜ ਸਕਦੀਆਂ।[4]

ਜੀਵ ਸਾਰੀ ਧਰਤੀ ਨੂੰ ਘੁੰਮ ਆਵੇ, ਵਡਾ ਤਪੀ ਤਪੀਸਰ ਬਣ ਜਾਵੇ, ਕਈ ਪ੍ਰਕਾਰ ਦੇ ਆਸਨ ਕਰਨੇ ਸਿਖ ਲਵੇ, ਜੈਨ ਮਤ ਵਰਗੇ ਸੰਜਮ ਕਰਨ ਲਗ ਜਾਵੇ, ਤਾਂ ਵੀ

---

੧- A Critical Study of Adi Granth, Dr. S. S. Kohli, p.371.

੨- ਗੁਰਮੱਤ ਵਿਚਾਰਧਾਰਾ, ਭਗਤ ਸਿੰਘ ਹੀਰਾ, ਪੰਨਾ ੫੧

੩- ਵੇਖੋ-ਗੁਰਮਤਿ ਦਰਸ਼ਨ, ਡਾ. ਸ਼ੇਰ ਸਿੰਘ, ਪੰਨਾ ੧੨੭

੪- ੳ-ਜਾਪ ਤਾਪ ਗਿਆਨ ਸਭਿ ਧਿਆਨ।।-ਸੁਖਮਨੀ, ਆਦਿ ਗ੍ਰੰਥ, ਪੰਨਾ ੨੬੫

ਅ-ਚਾਰਿ ਪੁਕਾਰਹਿ ਨਾ ਤੂ ਮਾਨਹਿ।। ਖਟੁ ਵੀ ਏਕਾ ਬਾਤ ਵਖਾਨਹਿ।।

--- --- ---

— ਰਾਮਕਲੀ ਮ:੫, ਆਦਿ ਗ੍ਰੰਥ, ਪੰਨਾ ੮੮੬

ੲ-ਚਹੁ ਮਹਿ ਪੇਖਿਓ ਖਟ ਮਹਿ ਪੇਖਿਓ ਦਸਅਸਟੀ ਸਿੰਮ੍ਰਿਤਾਇ।।

ਸਭ ਮਿਲਿ ਏਕੋ ਏਕੁ ਵਖਾਨਹਿ ਤਉ ਕਿਸ ਤੇ ਕਹਉ ਦੁਰਾਇ।।

— ਭੈਰਉ ਮ:੫, ਆਦਿ ਗ੍ਰੰਥ, ਪੰਨਾ ੧੧੩੮

ਉਹ ਜੋਗੀ ਨਹੀਂ ਬਣ ਸਕਦਾ।[1] ਜੇ ਜੀਵ ਬਾਹਰੀ ਜੋਗ ਸਾਧਨਾ ਵਿਚ ਲੱਗਾ ਰਹੇ, ਭਾਵੇਂ ਨਿਵਲੀ[2] ਆਸਨ ਤੇ ਭੁਅੰਗਮ[3] ਦੀ ਸਾਧਨਾ ਕਰਦਾ ਰਹੇ ਤਾਂ ਮਨ ਦੀ ਸੁਧੀ ਔਖੀ ਹੈ। ਜੀਵ ਅਸਲੀ ਜੋਗੀ ਮਨ ਦੀ ਸਫਾਈ ਨਾਲ ਬਣ ਸਕਦਾ ਹੈ। ਜੋਗ ਦੇ ਉਸਤਾਦਾਂ ਦੁਆਰਾ ਦੱਸੇ ਸਾਰੇ ਆਸਨ ਵੀ ਕਰਕੇ ਜੀਵ ਥਕ ਗਿਆ, ਵਡੀ ਉਮਰ ਵੀ ਭੋਗ ਲਈ ਪਰ ਜੂਨਾਂ ਤੋਂ ਛੁਟਕਾਰਾ ਨਹੀਂ ਮਿਲ ਸਕਿਆ।[4] ਕਾਰਨ ਇਕੋ ਕਿ ਸਰੀਰ ਨੂੰ ਕਸ਼ਟ ਦੇ ਕੇ ਮਨ ਤਾਂ ਸਾਫ ਨਹੀਂ ਹੋ ਸਕਦਾ। ਮਨ ਤਾਂ ਨਾਮ ਦੇ ਸਾਬਨ ਨਾਲ ਹੀ ਧੋਤਾ ਜਾ ਸਕਦਾ ਹੈ।

ਜੰਗਲਾਂ ਵਿਚ ਜਾ ਕੇ ਜੋਗੀਆਂ ਵਾਲੇ ਵੇਸ ਨਾਲ, ਚੁਪ ਸਾਧਨ ਨਾਲ ਜਾਂ ਵਿਰਕਤ ਹੋ ਜਾਣ ਨਾਲ ਜੋਗੀ ਨਹੀਂ ਬਣਿਆ ਜਾ ਸਕਦਾ। ਜੋਗੀ ਉਹੀ ਹੈ, ਜਿਸ ਤੇ ਪਰਮਾਤਮਾ ਦੀ ਬਖਸ਼ਸ਼ ਹੋਈ ਹੋਵੇ ਤੇ ਉਸ ਦਾ ਚਿਤ ਪ੍ਰਭੂ ਚਰਨਾਂ ਨਾਲ ਜੁੜ ਗਿਆ ਹੋਵੇ।[5] ਕਈਆਂ ਦੀ ਸਾਰੀ ਆਰਜਾ ਵਿਅਰਥ ਹੀ ਲੰਘ ਜਾਂਦੀ ਹੈ। ਉਹ ਫੋਕਟ ਰਸਮਾਂ, ਵਹਿਮਾ ਭਰਮਾ, ਭੇਖਾਂ ਪਖੰਡਾਂ ਵਿਚ ਪਏ ਰਹਿੰਦੇ ਹਨ। ਉਸ ਬਿਤਾਈ ਉਮਰ ਦਾ ਕੋਈ ਅਰਥ ਨਹੀਂ, ਸਮਾ ਉਹੀ ਸੁਕਾਰਥਾ ਹੋਵੇਗਾ ਜੋ ਨਾਮ ਜੋਗ ਵਿਚ ਲਗੇਗਾ।[6]

ਬਣਾਂ ਵਿਚ ਘੁੰਮਣ ਵਾਲੇ ਲੋਕ ਮਿਲ ਜਾਂਦੇ ਹਨ ਪਰ ਰਾਮ ਨਾਲ ਸੱਚੀ ਲਿਵ ਵਾਲਾ ਕੋਈ ਵਿਰਲਾ ਜੀਵ ਹੁੰਦਾ ਹੈ। ਉਂਜ ਤਾਂ ਸਾਰੇ ਹੀ ਜੋਗੀ, ਜਤੀ, ਦੇਵਤੇ, ਬ੍ਰਹਮਾ ਤੇ ਬ੍ਰਹਮਾ ਦੇ ਚਾਰੇ ਪੁੱਤਰ- ਸਨਕ, ਸਨੰਦਨ, ਸਨਾਤਨ ਤੇ ਸਨਤ ਕੁਮਾਰ,[7] ਸਭੇ ਹੀ ਉਸੇ ਪਰਮਾਤਮਾ ਨੂੰ ਮਿਲਨਾ ਚਾਹੁੰਦੇ ਹਨ। ਉਹ ਨਾਮ ਜੋਗ ਦੇ ਰਾਹੀਂ ਮਿਲਦਾ

---

੧- ਨਉ ਖੰਡ ਪ੍ਰਿਥਵੀ ਫਿਰੈ ਚਿਰੁ ਜੀਵੈ॥---ਸੁਖਮਨੀ, ਆਦਿ ਗ੍ਰੰਥ, ਪੰਨਾ ੨੬੫

੨- ਨਿਵਲੀ ਕਰਮ- ਇਕ ਯੋਗ ਕਿਰਿਆ ਹੈ- ਦੋਵੇਂ ਮੋਢੇ ਨੀਵੇਂ ਕਰਕੇ ਸਿੱਧੇ ਬੈਠ ਕੇ ਸੁਆਸਾਂ ਦੇ ਬਲ ਨਾਲ ਪੇਟ ਨੂੰ ਹੇਠ ਉਤੇ ਸਜੇ ਖਬੇ ਚਲਾਉਣਾ ਜਿਸ ਨਾਲ ਅੰਦਰੋਂ ਆਂਦਰਾਂ ਸਾਫ ਹੋ ਜਾਂਦੀਆਂ ਹਨ।

੩- ਭੁਇਅੰਗਮ ਨਾੜੀ ਯੋਗੀਆਂ ਦੀ ਮਿਥੀ ਹੋਈ ਇਕ ਨਾੜੀ ਜੋ ਰੀੜ ਦੀ ਹੱਡੀ ਦੇ ਨਾਲ ਨਾਲ ਦਿਮਾਗ ਤੱਕ ਜਾਂਦੀ ਹੈ। ਇਹ ਸੱਪ ਦੀ ਸ਼ਕਲ ਦੀ ਹੁੰਦੀ ਹੈ। ਇਸ ਵਿਚੋਂ ਜੋਗੀ ਸੁਆਸ ਲੰਘਾ ਕੇ ਦਸਮ ਦੁਆਰ ਪਹੁੰਚਾਉਂਦੇ ਹਨ।

੪- (ਪਾਠੁ ਪੜਿਓ ਅਰੁ ਬੇਦੁ ਬੀਚਾਰਿਓ ਨਿਵਲਿ ਭੁਅੰਗਮ ਸਾਧੇ॥----)
—ਸੋਰਠਿ ਮ:੫, ਆਦਿ ਗ੍ਰੰਥ, ਪੰਨਾ ੬੪੧

੫- ਕਿਨ ਹੀ ਕੀਆ ਪਰਵਿਰਤਿ ਪਸਾਰਾ॥:----
ਮੋਹਿ ਦੀਨ ਹਰਿ ਹਰਿ ਹਰਿ ਸਰਣੀ॥
—ਰਾਮਕਲੀ ਮ:੫, ਆਦਿ ਗ੍ਰੰਥ, ਪੰਨਾ ੯੧੨-੧੩

੬- ਕਾਹੂ ਬਿਹਾਵੈ ਜੋਗ ਤਪ ਪੂਜਾ॥ ਕਾਹੂ ਰੋਗ ਸੋਗ ਭਰਮੀਜਾ॥
—ਰਾਮਕਲੀ ਮ:੫, ਆਦਿ ਗ੍ਰੰਥ, ਪੰਨਾ ੯੧੪ (ਵਿਸਥਾਰ ਲਈ ਪੂਰੀ ਅਸਟਪਦੀ ਵੇਖੋ

੭- ਹੈ ਕੋਈ ਰਾਮ ਪਿਆਰੋ ਗਾਵੈ॥-----
—ਗਉੜੀ ਬੈਰਾਗਣਿ ਮ:੫, ਆਦਿ ਗ੍ਰੰਥ, ਪੰਨਾ ੨੦੩

ਹੈ, ਰਾਮਦਾਸੀਏ[1] ਬਣਨ ਨਾਲ ਨਹੀਂ ਮਿਲਦਾ। ਘੁੰਗਰੂ ਬੰਨ੍ਹ ਕੇ ਨਚ ਲੈਣਾ ਤਾਂ ਸਿਰਫ ਪੇਟ ਲਈ ਰੋਟੀਆਂ ਕਮਾਉਣ ਦਾ ਸਾਧਨ ਹੈ,[2] ਇਸ ਨਾਲ ਰੱਬ ਰਾਜ਼ੀ ਕਰਨਾ ਔਖਾ ਹੈ। ਅਸਲੀ ਰਾਮ ਦਾ ਦਾਸ ਉਹੀ ਬਣ ਸਕਦਾ ਹੈ, ਜਿਸ ਦੇ ਮਨ ਵਿਚ ਹਰੀ ਨਾਮ ਵਸਿਆ ਹੋਵੇ ਤੇ ਉਸ ਨੂੰ ਜੀਵਨ ਜੁਗਤ ਆਉਂਦੀ ਹੋਵੇ।[3]

ਪ੍ਰਭੂ ਚਰਨਾਂ ਨਾਲ ਲਗਣ ਨਾਲ ਹੀ ਅਸਲੀ ਜੋਗ ਪਾ ਸਕੀਦਾ ਹੈ।[4] ਉਸ ਦਾ ਗੁਣ ਗਾਉਣ ਨਾਲ ਅਸਲੀ ਜੋਗੀ ਕਹਾਉਣ ਦਾ ਹੱਕ ਮਿਲਦਾ ਹੈ।[5] ਜੋ ਕੇਵਲ ਚਰਚਾ ਹੀ ਕਰਦੇ ਰਹਿੰਦੇ ਹਨ, ਨਾਮ ਜਪਦੇ ਨਹੀਂ, ਉਹ ਜੋਗੀ, ਧਿਆਨੀ, ਭੇਖੀ, ਗਿਆਨੀ, ਧਰਤੀ ਉਪਰ ਹੀ ਵਿਚਰਦੇ ਰਹਿ ਜਾਂਦੇ ਹਨ,[6] ਉਨ੍ਹਾਂ ਦੇ ਹੱਥ ਕੁਝ ਨਹੀਂ ਆਉਂਦਾ।

ਅਸਲੀ ਜੋਗੀ ਨੂੰ ਗੁਰੂ ਜੀ ਨੇ ਰਾਜ ਜੋਗੀ ਆਖਿਆ ਹੈ। ਅਜਿਹਾ ਜੋਗ, ਜੋ ਗ੍ਰਿਹਸਤ ਦਾ ਰਾਜ ਭੋਗਦਿਆਂ ਹੋਇਆਂ ਵੀ ਕਮਾਇਆ ਜਾ ਸਕਦਾ ਹੈ। ਗੁਰਮਤ ਵਿਚ ਇਹ ਸਭ ਤੋਂ ਉਤਮ ਮਾਰਗ ਗਿਣਿਆ ਜਾਂਦਾ ਹੈ। ਉਹ ਜੀਵ ਰਾਜ ਜੋਗੀ ਹੈ, ਜੋ ਮਨ ਦੀ ਦੁਬਿਧਾ ਗਵਾ ਲੈਂਦਾ ਹੈ।[7]

ਜਦੋਂ ਦੁਬਿਧਾ ਮਰ ਗਈ, ਮਨ ਅਡੋਲ ਹੋ ਗਿਆ, ਫਿਰ ਜੰਗਲੀਂ ਭਟਕਣਾ ਤੇ ਘਰ ਵਿਚ ਟਿਕਣਾ ਇਕ ਸਮਾਨ ਹੋ ਜਾਂਦਾ ਹੈ, ਇਕੋ ਹਰੀ ਮਨ ਵਿਚ ਵਸ ਜਾਂਦਾ ਹੈ। ਹੋਰ ਅਨੇਕਾਂ ਪਾਸਿਓਂ ਮਨ ਨੂੰ ਹਟਕ ਕੇ ਇਕੋ ਪਰਮਾਤਮਾ ਦਾ ਧਿਆਨ ਧਰੇ ਤੇ ਰਾਜ ਜੋਗ ਕਮਾਵੇ। ਸੰਸਾਰੀ ਜੀਵ ਲਈ ਇਹ ਅਲੌਕਿਕ ਅਵਸਥਾ ਹੈ।[8] ਜੋ ਕਿਸੇ ਵਿਰਲੇ

---

੧- ਇਹ ਬੈਰਾਗੀਆਂ ਦੀ ਸੰਪਰਦਾਇ ਹੈ, ਜਿਸ ਦਾ ਅਸਲੀ ਰੂਪ ਗੁਰੂ ਜੀ ਨੇ ਸੁਖਮਨੀ ਵਿਚ (ਆਦਿ ਗ੍ਰੰਥ, ਪੰਨਾ ੨੭੫ ਉਪਰ) ਦਸਿਆ ਹੈ।

੨- ਘੂੰਘਰ ਬਾਧਿ ਭਏ ਰਾਮਦਾਸਾ ਰੋਟੀਅਨ ਕੇ ਓਪਾਵਾ।।
—ਮਾਰੂ ਮ:੫, ਆਦਿ ਗ੍ਰੰਥ, ਪੰਨਾ ੧੦੦੩

੩- ਜਿਸ ਕੈ ਮਨਿ ਪਾਰਬ੍ਰਹਮ ਕਾ ਨਿਵਾਸੁ।। —ਸੁਖਮਨੀ, ਆਦਿ ਗ੍ਰੰਥ, ਪੰਨਾ ੨੭੪-੭੫

੪- ਜੋਗ ਦਾਨ ਅਨੇਕ ਕਿਰਿਆ ਲਗਿ ਚਰਣ ਕਮਲਹ ਸਾਧੀਐ।।
—ਰਾਮਕਲੀ ਮ:੫, ਆਦਿ ਗ੍ਰੰਥ, ਪੰਨਾ ੯੨੫

੫- ਰਾਜ ਲੀਲਾ ਤੇਰੈ ਨਾਮਿ ਬਨਾਈ।। ਜੋਗੁ ਬਨਿਆ ਤੇਰਾ ਕੀਰਤਨੁ ਗਾਈ।।
—ਆਸਾ ਮ:੫, ਆਦਿ ਗ੍ਰੰਥ, ਪੰਨਾ ੩੮੫

੬- ਕਰਤ ਕਰਤ ਚਰਚ ਚਰਚ ਚਰਚਰੀ।।
ਜੋਗ ਧਿਆਨ ਭੇਖ ਗਿਆਨ ਫਿਰਤ ਫਿਰਤ ਧਰਤ ਧਰਤ ਧਰਚਰੀ।।
—ਕਾਨੜਾ ਮ:੫, ਆਦਿ ਗ੍ਰੰਥ, ਪੰਨਾ ੧੩੦੮

੭- ਐਸਾ ਕੋਇ ਜਿ ਦੁਬਿਧਾ ਮਾਰਿ ਗਵਾਵੈ।। ਇਸਹਿ ਮਾਰਿ ਰਾਜਜੋਗੁ ਕਮਾਵੈ।।
—ਗਉੜੀ ਮ:੫, ਆਦਿ ਗ੍ਰੰਥ, ਪੰਨਾ ੨੩੭

੮- ਥਿਰ ਥਿਰ ਚਿਤ ਥਿਰ ਹਾਂ।। ਬਨੁ ਗ੍ਰਿਹੁ ਸਮਸਰਿ ਹਾਂ।।
ਅੰਤਰਿ ਏਕ ਪਿਰ ਹਾਂ।। ਬਾਹਰਿ ਅਨੇਕ ਧਰਿ ਹਾਂ।।
ਰਾਜਨ ਜੋਗੁ ਕਰਿ ਹਾਂ।। ਕਹੁ ਨਾਨਕ ਲੋਗ ਅਲੋਗੀ ਰੀ ਸਖੀ।।
—ਆਸਾ ਮ:੫, ਆਸਾਵਰੀ, ਆਦਿ ਗ੍ਰੰਥ, ਪੰਨਾ ੪੦੯

ਨੂੰ ਹੀ ਮਿਲਦੀ ਹੈ।

ਅਸਲੀ ਜੋਗ ਕਮਾਉਣ ਦਾ ਤਰੀਕਾ ਕੀ ਹੈ- ਧਰਤੀ ਤੇ ਭ੍ਰਮਣ ਕਰਨ ਦੀ ਥਾਂ ਅੰਦਰ ਵਸਦੇ ਹਰੀ ਦੀ ਤਲਾਸ਼ ਕੀਤੀ ਜਾਏ। ਗੁਰੂ ਦੀ ਸਿਖਿਆ ਇਸ ਜੋਗੀ ਦੀਆਂ ਮੁੰਦਰਾਂ ਹਨ। ਗਿਆਨ ਇੰਦਰੇ ਮਿਲ ਕੇ ਪ੍ਰਭੂ ਦੀ ਤਲਾਸ਼ ਵਿਚ ਲਗੇ ਹੋਏ ਹਨ, ਆਤਮਕ ਉਨਤੀ ਵਲ ਧਿਆਨ ਜਾਂਦਾ ਹੈ। ਇੰਦਰੀਆਂ ਨੇ ਵੈਰਾਗ ਧਾਰ ਲਿਆ ਹੈ, ਆਪਣਾ ਦੁਨਿਆਵੀ ਸੁਭਾਅ ਬਦਲ ਕੇ ਪ੍ਰਭੂ ਪ੍ਰਾਪਤੀ ਵਿਚ ਜੁਟ ਪਈਆਂ ਹਨ। ਭਰਮ ਭੁਲੇਖੇ ਜਲਾ ਕੇ ਜੋ ਰਾਖ ਤਿਆਰ ਹੁੰਦੀ ਹੈ, ਇਹ ਰਾਖ ਜੋਗੀ ਆਪਣੇ ਸਰੀਰ ਤੇ ਮਲਦੇ ਹਨ। ਇਸ ਜੋਗੀ ਦਾ ਪੰਥ 'ਇਕ ਵਾਹਿਗੁਰੂ ਦੀ ਪ੍ਰਾਪਤੀ' ਹੈ। ਇਸ ਦਾ ਭੋਜਨ ਸਹਜ ਸੁਖ ਹੈ। ਇਸ ਦੀ ਸਿੰਗੀ ਅਨਹਤ ਸ਼ਬਦ ਹੈ। ਇਸ ਜੋਗੀ ਦਾ ਡੰਡਾ ਨਾਮ ਨੂੰ ਮਨ ਵਿਚ ਵਸਾਉਣਾ ਹੈ। ਅਜਿਹਾ ਜੋਗੀ ਵਡਿਆਂ ਭਾਗਾਂ ਨਾਲ ਮਿਲਦਾ ਹੈ,[1] ਜੋ ਮਾਇਆ ਦੇ ਬੰਧਨਾਂ ਤੋਂ ਛੁਟਕਾਰਾ ਦਿਵਾ ਦੇਵੇ। ਅਜਿਹਾ ਜੋਗੀ ਪੂਜਣ ਯੋਗ ਹੈ।

ਅ- ਸਹਜ ਅਵਸਥਾ

'ਸਹਜ' ਦੇ ਸ਼ਬਦੀ ਅਰਥ ਹਨ- ਕੁਦਰਤੀ ਸੰਤੋਖ। ਜਿਉਂ ਨਿੰਮ੍ਹੀ ਅੱਗ ਤੇ ਰਿਝੀ ਸਬਜ਼ੀ ਵਿਚ ਸਾਰੇ ਖੁਰਾਕੀ ਤੱਤ ਹੁੰਦੇਹਨ, ਇਉਂ ਤਨ ਮਨ ਦਾ ਸਹਜ ਅਤੇ ਆਤਮ- ਜੁਗਤ ਵਿਅਕਤੀ ਨੂੰ ਚੰਗੇ ਤੋਂ ਚੰਗੇਰਾ ਬਨਾਉਂਦਾ ਹੈ।[2]

ਸਹਜ ਅਵਸਥਾ ਨੂੰ ਚੌਥਾ ਪਦ ਜਾਂ ਪਰਮਪਦ ਵੀ ਆਖਦੇ ਹਾਂ। ਇਸ ਨੂੰ ਚੌਥਾ ਪਦ ਇਸ ਕਰਕੇ ਆਖਦੇ ਹਾਂ ਕਿਉਂਕਿ ਤਿੰਨ ਅਵਸਥਾਵਾਂ- ਜਾਗ੍ਰਤ, ਸੁਪਨ ਤੇ ਸੁਖੋਪਤ (ਸੁਪਨ ਰਹਿਤ)- ਲੰਘ ਕੇ ਇਹ ਚੌਥੀ ਅਵਸਥਾ ਪ੍ਰਾਪਤ ਹੁੰਦੀ ਹੈ।[3]

ਸਹਜ ਅਵਸਥਾ ਦਾ ਉਹੀ ਅਨੰਦ ਹੈ, ਜੋ ਤੁਰੀਆ ਅਵਸਥਾ ਅਥਵਾ ਮੋਖ਼ਸ਼ ਦਾ ਹੈ।[4] ਇਸ ਨੂੰ ਇਉਂ ਵੀ ਬਿਆਨ ਕਰ ਸਕਦੇ ਹਾਂ- ਜਦੋਂ ਸਥੂਲ ਬੁਧੀ ਤੋਂ ਉਪਰ ਉਠ

---

੧- ਜੋਗ ਜੁਗਤਿ ਸੁਨਿ ਆਇਓ ਗੁਰ ਤੇ।।
ਸੇਵਾ ਪੂਜ ਕਰਉ ਤਿਸੁ ਮੂਰਤਿ ਕੀ ਨਾਨਕੁ ਤਿਸੁ ਪਗ ਚਾਟੈ।।
—ਗਉੜੀ ਪੂਰਬੀ ਮ:੫, ਆਦਿ ਗ੍ਰੰਥ, ਪੰਨਾ ੨੦੮

੨- Guru Nanak-World Teacher, G.S. Mansukhani, p.87.

੩-ੳ- Outlines of Sikh Thought, Dr. S.S. Kohli, p.121.
ਅ- ਗੁਰਮਤ ਨਿਰਣਯ ਭੰਡਾਰ, ਗਿਆਨੀ ਲਾਲ ਸਿੰਘ, ਪੰਨਾ ੩੪

੪- ਸ੍ਰੀ ਗੁਰੂ ਗ੍ਰੰਥ ਦਰਸ਼ਨ (ਹਿੰਦੀ), ਡਾ. ਜਯ ਰਾਮ ਮਿਸ਼ਰ, ਪੰਨਾ ੨੫੩

ਕਿ ਸੂਖਮ ਮੰਡਲ ਵਿਚ ਪ੍ਰਵੇਸ਼ ਹੁੰਦਾ ਹੈ ਤਾਂ ਸਾਨੂੰ ਸ੍ਵੈ ਅਨੁਭਵ ਨਾਲ ਪਤਾ ਲਗਦਾ ਹੈ ਕਿ ਸਾਡੇ ਅੰਦਰ[1] ਵੀ ਬ੍ਰਹਮ ਵਸਦਾ ਹੈ, ਇਸ ਨੂੰ ਨਿਰਗੁਣ ਧਾਰਾ ਵਾਲੇ ਸਹਜ ਅਵਸਥਾ ਆਖਦੇ ਹਨ।

ਗੁਰੂ ਰਾਮਦਾਸ ਜੀ ਅਨੁਸਾਰ ਜਿਸ ਜੀਵ ਨੇ ਕਾਮ, ਕ੍ਰੋਧ, ਝੂਠ, ਨਿੰਦਾ, ਮਾਇਆ, ਹੰਕਾਰ, ਸੰਸਾਰਕ ਸਨੇਹ, ਸਾਰੇ ਕੁਝ ਦਾ ਆਤਮਕ ਤੌਰ ਤੇ ਤਿਆਗ ਕੀਤਾ ਹੋਵੇ ਤੇ ਉਹ ਉਸ ਨਿਰੰਜਨ ਨਾਲ ਅਭੇਦ ਹੋ ਗਿਆ ਹੋਵੇ,[2] ਇਕੋ ਰਾਮ ਦਾ ਹੀ ਉਸ ਨੂੰ ਆਸਰਾ ਹੋਵੇ, ਉਹ ਸਮਝੋ ਸਹਜ ਅਵਸਥਾ ਦਾ ਜੀਵ ਹੈ।

ਇਉਂ ਸਹਜ ਇਕ ਅਜਿਹੀ ਅਵਸਥਾ ਹੈ ਜਿਥੇ ਨ ਧੁੱਪ ਹੈ ਨ ਛਾਂ, ਨਾ ਜੀਵਨ ਹੈ ਨ ਮੌਤ, ਨ ਦੁਖ ਹੈ ਨ ਸੁਖ। ਉਚ ਨੀਚ ਦੀ ਭਾਵਨਾ ਕੋਈ ਨਹੀਂ, ਰਾਤ ਦਿਨ ਦਾ ਭੇਦ ਵੀ ਕੋਈ ਨਹੀਂ, ਨ ਹੀ ਪਉਣ, ਪਾਣੀ ਜਾਂ ਅੱਗ ਦਾ ਅਸਰ ਹੈ, ਉਥੇ ਕੇਵਲ ਸਤਿਗੁਰੂ ਦੇ ਚਰਨਾਂ ਦਾ ਵਾਸ ਹੈ।

ਸਹਜ ਸ਼ਬਦ ਦੀ ਵਰਤੋਂ ਅਥਰਵ ਵੇਦ ਜਿੰਨੀ ਪੁਰਾਣੀ ਹੈ। ਵੇਦਾਂ ਤੋਂ ਬਾਅਦ ਇਸ ਦੀ ਵਰਤੋਂ ਸਿੱਧਾਂ ਨੇ ਕੀਤੀ। ਨਾਥ ਪੰਥੀਆਂ ਨੇ ਇਸ ਨੂੰ ਘਟ ਵਰਤਿਆ, ਕਿਉਂਕਿ ਉਹ ਹਠਜੋਗ ਨੂੰ ਜ਼ਿਆਦਾ ਤਰਜੀਹ ਦਿੰਦੇ ਸਨ। ਜੇ ਕਿਤੇ ਇਸ ਸ਼ਬਦ ਨੂੰ ਵਰਤਿਆ ਤਾਂ ਉਹ ਵੀ 'ਸੁਭਾਵਕ' ਅਰਥ ਵਿਚ।

ਭਗਤੀ ਲਹਿਰ ਵਿਚ ਸਹਜ ਸ਼ਬਦ ਦੀ ਜ਼ਿਆਦਾ ਵਰਤੋਂ ਕਰਨ ਵਾਲੇ ਭਗਤ ਕਬੀਰ ਹਨ। ਇਹ ਸਹਜ ਉਪ੍ਰੋਕਤ ਅਰਥਾਂ ਨਾਲੋਂ ਭਿੰਨ ਹੈ। ਕਬੀਰ ਦੇ ਸਹਜ ਦਾ ਭਾਵ ਵੈਰਾਗ, ਭਗਤੀ[3] ਤੇ ਨਿਰਗੁਣ ਬ੍ਰਹਮ ਦੀ ਪ੍ਰਾਪਤੀ ਦੇ ਰੂਪ ਵਿਚ ਹੈ। ਕਿਤੇ ਕਿਤੇ ਇਹ ਸ਼ਬਦ ਸਮਾਧੀ ਦੇ ਰੂਪ ਵਿਚ ਵੀ ਆਉਂਦਾ ਹੈ। ਇਸ ਵਿਚ ਕੋਈ ਸ਼ਕ ਨਹੀਂ ਕਿ ਭਗਤ ਕਬੀਰ ਨੇ ਇਹ ਸ਼ਬਦ ਤੰਤਰਾਂ ਵਿਚੋਂ ਤੇ ਨਾਥਾਂ ਜੋਗੀਆਂ ਪਾਸੋਂ ਲੈ ਕੇ ਅਪਣਾਏ ਹਨ। ਇਸ ਤੋਂ ਬਾਅਦ ਗੁਰੂ ਨਾਨਕ ਦੇਵ ਜੀ ਨੇ ਨ ਤਾਂ ਭਗਤ ਕਬੀਰ ਵਾਲਾ ਸਹਜ

---

੧- ਹਿੰਦੀ ਕਾਵਿ ਮੇਂ ਨਿਰਗੁਣ ਸੰਪਰਦਾਇ (ਹਿੰਦੀ) ਡਾ. ਪੀਤਾਂਬਰ ਦੱਤ ਬੜਥਵਾਲ, ਪੰਨਾ ੧੪੮

੨- ਪਰਹਰਿ ਕਾਮ ਕ੍ਰੋਧੁ ਝੂਠੁ ਨਿੰਦਾ ਤਜਿ ਮਾਇਆ ਅਹੰਕਾਰੁ ਚੁਕਾਵੈ॥
ਨਾਨਕ ਸਾਚਾ ਮਨਿ ਵਸੈ ਸਾਚ ਸਬਦਿ ਹਰਿ ਨਾਮਿ ਸਮਾਵੈ॥
—ਸਲੋਕ ਮ:੪, ਮਾਝ ਕੀ ਵਾਰ, ਆਦਿ ਗ੍ਰੰਥ, ਪੰਨਾ ੧੪੧

੩- ਗਗਨ ਰਸਾਲ ਚੁਐ ਮੇਰੀ ਭਾਠੀ॥ ਸੰਚਿ ਮਹਾ ਰਸੁ ਤਨੁ ਭਇਆ ਕਾਠੀ॥
ਉਆ ਕਉ ਕਹੀਐ ਸਹਜ ਮਤਵਾਰਾ॥ ਪੀਵਤ ਰਾਮ ਰਸੁ ਗਿਆਨ ਬੀਚਾਰਾ॥
—ਗਉੜੀ ਕਬੀਰ, ਆਦਿ ਗ੍ਰੰਥ, ਪੰਨਾ ੩੨੮

੪- ਕਹਿ ਕਬੀਰ ਮਨ ਸਰਸੀ ਕਾਜ॥ ਸਹਜ ਸਮਾਨੇ ਤ ਭਰਮ ਭਾਜ॥
—ਬਸੰਤ ਕਬੀਰ, ਆਦਿ ਗ੍ਰੰਥ, ਪੰਨਾ ੧੧੯੫

ਨਕਲ ਕੀਤਾ ਤੇ ਨ ਹੀ ਨਾਥ ਜੋਗੀਆਂ ਵਾਲਾ[੧]। ਗੁਰੂ ਨਾਨਕ ਦੇਵ ਜੀ ਜਿਸ ਸਹਜ ਅਵਸਥਾ ਦਾ ਜ਼ਿਕਰ ਕਰਦੇ ਹਨ, ਉਥੇ ਪਹੁੰਚ ਕੇ ਕਿਸੇ ਹੋਰ ਸ਼ੁਕ ਦੀ ਗੁੰਜਾਇਸ਼ ਨਹੀਂ ਰਹਿੰਦੀ। ਇਸ ਸਹਜ ਦੇ ਘਰ ਨੂੰ ਗੁਰੂ ਜੀ ਨੇ 'ਹਰੀ ਦਾ ਮਹਲ'[੨] ਆਖਿਆ ਹੈ।

ਗੁਰੂ ਅਰਜਨ ਗੁਰੂ ਨਾਨਕ ਦਾ ਹੀ ਪੰਜਵਾਂ ਸਰੂਪ ਹਨ, ਫਿਰ ਵਿਸ਼ੇ ਵਸਤੂ ਦੀ ਭਿੰਨਤਾ ਦਾ ਸੁਆਲ ਹੀ ਨਹੀਂ ਉਠਦਾ। ਗੁਰੂ ਅਰਜਨ ਦੇਵ ਜੀ ਨੇ ਗੁਰੂ ਨਾਨਕ ਦੇਵ ਜੀ ਦੇ ਵਰਤੇ ਸ਼ਬਦ- ਸਹਜ, ਸਹਜ ਸਮਾਧਿ, ਮਹਾਂ ਸੁਖ, ਆਦਿ ਹੀ ਰਚਨਾ ਵਿਚ ਲਿਆਂਦੇ ਹਨ।

ਗੁਰੂ ਅਰਜਨ ਦੇਵ ਜੀ ਨੇ ਸਹਜ ਸ਼ਬਦ ਦੀ ਵਰਤੋਂ ਇਸ ਪ੍ਰਕਾਰ ਕੀਤੀ ਹੈ:-

੧- ਸਹਜ ਸੁਖ - ਸਹਜ ਅਨੰਦ ਦੀ ਅਵਸਥਾ

ਸਹਜ ਸੂਖ ਆਨੰਦ ਘਨੇਰੇ ਹਉਮੈ ਬਿਨਠੀ ਗਾਠੇ।।[੩]

੨- ਸਹਜ ਸੈਨ- ਸਮਾਧੀ ਦੀ ਅਵਸਥਾ

ਸਹਜ ਸੈਨ ਅਰੁ ਸੁਖਮਨ ਨਾਰੀ ਊਧ ਕਮਲ ਬਿਗਸਇਆ।।[੪]

੩- ਸਹਜ ਕਥਾ- ਕਰਤਾਰ ਦੇ ਗੁਣ ਕੀਰਤਨ ਰਾਹੀਂ ਗਾਉਣ ਵਾਲੀ ਅਵਸਥਾ

ਸਹਜ ਕਥਾ ਪ੍ਰਭ ਕੀ ਅਤਿ ਮੀਠੀ ਕਥੀ ਅਕਥ ਕਹਾਣੀ।।[੫]

੪- ਸਹਜ ਕੇਲ- ਅਵਿਨਾਸੀ ਅਨੰਦ

ਸਹਜ ਕੇਲ ਅਨਦ ਖੇਲ ਰਹੇ ਫੇਰ ਭਏ ਮੇਲ।।
ਨਾਨਕ ਗੁਰ ਸਬਦਿ ਪਰਾਤੇ।।[੬]

੫- ਸਹਜ ਗੁਫਾ- ਸ਼ਾਂਤ ਅਵਸਥਾ

ਸਹਜ ਗੁਫਾ ਮਹਿ ਤਾੜੀ ਲਾਈ ਆਸਣੁ ਊਚ ਸਵਾਰਿਆ ਜੀਉ।।[੭]

੬- ਸਹਜ ਧੁਨਿ- ਨਾਮ ਦੀ ਅਖੰਡ ਧੁਨੀ

ਅਨਦਿਨੁ ਉਪਜੀ ਸਹਜ ਧੁਨਾ।[੮]

---

੧- The Sikh Gurus and Sikh Society, Niharanjan Ray, p.133

੨- ਮਹਲ ਮਹਿ ਬੈਠੇ ਅਗਮ ਅਪਾਰ।।ਭੀਤਰਿ ਅੰਮ੍ਰਿਤੁ ਸੋਈ ਜਨੁ ਪਾਵੈ ਜਿਸੁ ਗੁਰ ਕਾ ਸਬਦੁ ਰਤਨ ਆਚਾਰ।।-ਮਲਾਰ ਮ:੧, ਆਦਿ ਗ੍ਰੰਥ, ਪੰਨਾ ੧੨੫੬

੩- ਸੂਹੀ ਛੰਤ ਮ:੫, ਆਦਿ ਗ੍ਰੰਥ, ਪੰਨਾ ੭੮੪

੪- ਸੋਰਠਿ ਮ:੫, ਆਦਿ ਗ੍ਰੰਥ, ਪੰਨਾ ੬੧੨

੫- ਸੂਹੀ ਛੰਤ ਮ:੫, ਆਦਿ ਗ੍ਰੰਥ, ਪੰਨਾ ੭੮੧

੬- ਗਉੜੀ ਮ:੫, ਆਦਿ ਗ੍ਰੰਥ, ਪੰਨਾ ੨੧੪

੭- ਮਾਝ ਮ:੫, ਆਦਿ ਗ੍ਰੰਥ, ਪੰਨਾ ੯੭

੮- ਬਸੰਤ ਮ:੫, ਆਦਿ ਗ੍ਰੰਥ, ਪੰਨਾ ੧੧੮੪

੭-ਸਹਜ ਸਿਫ਼ਤਿ- ਆਤਮਾ ਦੇ ਚਾਉ ਵਿਚ ਕੀਤੀ ਗਈ ਸਿਫ਼ਤ ਨੂੰ ਸਹਜ ਸਿਫਤਿ ਕਿਹਾ ਜਾਂਦਾ ਹੈ।[੧]

ਸਹਜ ਸਿਫਤਿ ਭਗਤਿ ਤਤੁ ਗਿਆਨਾ॥
ਸਦਾ ਅਨੰਦੁ ਨਿਹਚਲੁ ਸਚੁ ਥਾਨਾ॥[੨]

੮-ਸਹਜ ਬਿਨੋਦ- ਉਹ ਖੁਸ਼ੀਆਂ ਜੋ ਮਨ ਨੂੰ ਅਡੋਲ ਰਖਣ[੩]

ਸਹਜ ਬਿਨੋਦ ਚੋਜ ਆਨੰਤਾ॥ਨਾਨਕ ਕਉ ਪ੍ਰਭੁ ਮਿਲਿਓ ਅਚਿੰਤਾ॥[੪]

੯-ਸਹਜ ਸਮਾਧਿ- ਹਠ ਸਮਾਧੀ ਦੇ ਉਲਟ ਗੁਰੂ ਜੀ ਨੇ ਸਹਜ ਸਮਾਧੀ ਦੱਸੀ ਹੈ।

ਸਹਜ ਸਮਾਧਿ ਅਨੰਦ ਸੂਖ ਪੂਰੇ ਗੁਰਿ ਦੀਨ॥[੫]

੧੦-ਸਹਜਿ ਸੰਤੋਖ- ਪੂਰਨ ਟਿਕਾਉ ਦੀ ਅਵਸਥਾ ਹੈ।

ਸਹਜ ਸੰਤੋਖਿ ਸਦਾ ਤ੍ਰਿਪਤਾਸੇ ਅਨਦੁ ਖਸਮ ਕੈ ਭਾਣੈ ਜੀਉ॥[੬]

੧੧-ਸਹਜਿ ਅਨੰਦ- ਸਹਜ ਅਵਸਥਾ ਵਿਚ ਅਨੰਦ ਪ੍ਰਾਪਤੀ

ਸਹਜ ਅਨੰਦੁ ਹੋਵੈ ਦਿਨੁ ਰਾਤੀ ਅੰਕੁਰੁ ਭਲੋ ਹਮਾਰਾ॥[੭]

ਆਪ ਨੇ ਸਹਜ ਅਵਸਥਾ ਪ੍ਰਾਪਤ ਕਰਨ ਦੇ ਰਾਹ ਵਿਚ ਆਉਂਦੇ ਪੜਾਅ ਇਉਂ ਦਸੇ ਹਨ:-

ਪ੍ਰਥਮੇ ਤਿਆਗੀ ਹਉਮੈ ਪ੍ਰੀਤਿ॥ਦੁਤੀਆ ਤਿਆਗੀ ਲੋਗਾ ਰੀਤਿ॥
ਤ੍ਰੈ ਗੁਣ ਤਿਆਗਿ ਦੁਰਜਨ ਮੀਤ ਸਮਾਨੇ॥ਤੁਰੀਆ ਗੁਣੁ ਮਿਲਿ ਸਾਧ ਪਛਾਨੇ॥
ਸਹਜ ਗੁਫਾ ਮਹਿ ਆਸਣੁ ਬਾਧਿਆ॥ਜੋਤਿ ਸਰੂਪ ਅਨਾਹਦੁ ਵਾਜਿਆ॥
ਮਹਾ ਅਨੰਦੁ ਗੁਰ ਸਬਦੁ ਵੀਚਾਰਿ॥ਪ੍ਰਿਅ ਸਿਉ ਰਾਤੀ ਧੰਨ ਸੋਹਾਗਣਿ ਨਾਰਿ॥[੮]

ਸਹਜ ਅਵਸਥਾ ਪ੍ਰਾਪਤ ਕਰਨੀ ਤੇ ਪ੍ਰਾਪਤ ਕਰਕੇ ਕਾਇਮ ਰਖਣੀ ਬੜੀ ਹੀ ਮੁਸ਼ਕਲ ਹੈ। ਇਸ ਤੋਂ ਬਾਅਦ ਇਸ ਨੂੰ ਬਿਆਨ ਕਰ ਸਕਣਾ ਹੋਰ ਵੀ ਦੁਸ਼ਵਾਰ ਹੈ। ਇਹੀ ਅਵਸਥਾ ਹੈ ਜਿਸ ਨੂੰ ਪਾ ਕੇ ਸਭ ਗਿਆਨੀ, ਵਿਦਵਾਨ, ਭਗਤ ਚੁਪ ਸਾਧ

---

੧- ਸ਼ਬਦਾਰਥ ਪੋਥੀ ਪਹਿਲੀ, ਪੰਨਾ ੨੩੭
੨- ਗਉੜੀ ਮ:੫, ਆਦਿ ਗ੍ਰੰਥ, ਪੰਨਾ ੨੩੭
੩- ਸ਼ਬਦਾਰਥ ਪੋਥੀ ਚੌਥੀ, ਪੰਨਾ ੧੧੫੭
੪- ਭੈਰਉ ਅਸਟਪਦੀਆਂ ਮ:੫,ਆਦਿ ਗ੍ਰੰਥ, ਪੰਨਾ ੧੧੫੭
੫- ਬਿਲਾਵਲ ਮ:੫,ਆਦਿ ਗ੍ਰੰਥ, ਪੰਨਾ ੮੦੭
੬- ਮਾਝ ਮ:੫, ਆਦਿ ਗ੍ਰੰਥ, ਪੰਨਾ ੧੦੯
੭- ਟੋਡੀ ਮ:੫,ਆਦਿ ਗ੍ਰੰਥ, ਪੰਨਾ ੭੧੭
੮- ਆਸਾ ਮ:੫, ਆਦਿ ਗ੍ਰੰਥ, ਪੰਨਾ ੩੭੦

ਲੈਂਦੇ ਹਨ। ਇਥੇ ਪੁਜ ਕੇ ਜੀਵ ਤੇ ਪਰਮਾਤਮਾ ਵਿਚ ਕੋਈ ਭੇਦ ਨਹੀਂ ਰਹਿ ਜਾਂਦਾ।[1] ਇਹ ਅਵਸਥਾ ਤਕੜੀ ਘਾਲਣਾ ਤੋਂ ਬਾਅਦ ਹੀ ਪ੍ਰਾਪਤ ਹੁੰਦੀ ਹੈ।

ਗੁਰੂ ਨਾਨਕ ਦੇਵ ਜੀ ਨੇ ਆਤਮਾ ਦੇ ਪਰਮਾਤਮਾ ਤਕ ਪੁਜਣ ਨੂੰ ਪੰਜ ਮੰਜਲਾਂ ਵਿਚ ਵੰਡਿਆ ਹੈ। ਸਚ ਖੰਡ ਉਨ੍ਹਾਂ ਵਿਚੋਂ ਅਖੀਰਲੀ ਮੰਜ਼ਲ ਹੈ। ਇਹੀ ਸਹਜ ਅਵਸਥਾ ਹੈ ਜਿਸ ਦਾ ਬਿਆਨ ਸ਼ਬਦਾਂ ਰਾਹੀਂ ਕਰਨਾ ਕਠਨ ਹੈ, ਇਹ ਸਿਰਫ ਅਨੁਭਵੀ ਹੀ ਜਾਣ ਸਕਦੇ ਹਨ।

ਇਸ ਅਵਸਥਾ ਤੇ ਪੁੱਜ ਕੇ ਰਾਜਸ, ਤਾਮਸ ਤੇ ਸਾਤਕ ਗੁਣਾਂ ਦੀ ਹੋਂਦ ਖਤਮ ਹੋ ਜਾਂਦੀ ਹੈ। ਇਨ੍ਹਾਂ ਨੂੰ ਰਾਹ ਵਿਚ ਮਿੱਧ ਕੇ ਸਚਖੰਡ ਦਾ ਦੁਆਰ ਦਿਖਾਈ ਦੇਂਦਾ ਹੈ। ਇਥੇ ਅਕੱਥ ਸ਼ਾਂਤੀ, ਅਨੰਦ ਤੇ ਤਸੱਲੀ ਪ੍ਰਾਪਤ ਹੁੰਦੀ ਹੈ। ਇਥੇ ਪਹੁੰਚ ਕੇ ਜੀਵ ਲਈ ਰੋਸ਼ਨੀ ਹੀ ਰੋਸ਼ਨੀ ਹੈ। ਜੀਵ ਦੀ ਜੋਤ ਪਰਮਾਤਮਾ ਦੀ ਜੋਤ ਨਾਲ ਮਿਲ ਜਾਂਦੀ ਹੈ। ਹੋਰ ਕੋਈ ਤ੍ਰਿਸ਼ਨਾਂ ਬਾਕੀ ਨਹੀਂ ਰਹਿ ਜਾਂਦੀ।[2] ਇਥੇ ਤਕ ਪੁਜਣਾ[3] ਮਨੁੱਖ ਦੇ ਕੇਵਲ ਸ੍ਵੈ ਜਤਨਾਂ ਦਾ ਫਲ ਨਹੀਂ। ਇਥੇ ਤਕ ਅਪੜਨਾ 'ਗੁਰ ਪ੍ਰਸਾਦਿ' ਹੈ, ਭਾਵ ਗੁਰੂ ਦੀ ਕਿਰਪਾ ਦੁਆਰਾ ਇਹ ਅਵਸਥਾ ਪ੍ਰਾਪਤ ਹੁੰਦੀ ਹੈ।

ਸਹਜ ਅਵਸਥਾ ਦੇ ਖ਼ਾਸ ਗੁਣ ਹਨ- ਮਨੁੱਖ ਦਾ ਜੀਵਨ ਕੁਦਰਤੀ ਜੀਵਨ ਹੁੰਦਾ ਹੈ, ਨੇਕੀ ਤੇ ਪਿਆਰ ਉਸ ਦੇ ਅੰਦਰੋਂ ਫੁੱਟ ਫੁੱਟ ਨਿਕਲਦੇ ਹਨ; ਸਾਰਾ ਜੀਵਨ ਆਪੇ ਤੇ ਵਿਖਾਵੇ ਤੋਂ ਰਹਿਤ ਹੁੰਦਾ ਹੈ, ਨੇਕੀ ਵਲ ਝੁਕਾਉ ਕਿਸੇ ਹਠ, ਲਾਲਚ ਜਾਂ ਦਬਾਉ ਕਰਕੇ ਨਹੀਂ ਹੁੰਦਾ, ਸਗੋਂ ਆਪ ਮੁਹਾਰੇ ਹੁੰਦਾ ਹੈ।[4] ਇਸ ਅਵਸਥਾ ਤੇ ਪੁੱਜ ਕੇ ਹਰਖ ਸੋਗ ਨਹੀਂ ਰਹਿ ਜਾਂਦਾ, ਜਨਮ ਮਰਨ ਦਾ ਭੈ ਨਹੀਂ ਰਹਿ ਜਾਂਦਾ।[5] ਇਹ ਪਰਮ ਪਦਵੀ ਮਿਲਦੀ ਤਾਂ ਪਰਮਾਤਮਾ ਦੀ ਨਦਰ ਨਾਲ ਹੀ ਹੈ, ਪਰ ਫਿਰ ਵੀ ਜੀਵ ਦਾ ਉਦਮੀ ਹੋਣਾ ਬਹੁਤ ਜ਼ਰੂਰੀ ਹੈ। ਜਿੰਨਾ ਚਿਰ ਜੀਵ ਆਪ ਉਦਮ ਨਾ ਕਰੇ ਪਰਮਾਤਮਾ

---

੧- ਜਿਉ ਜਲ ਮਹਿ ਜਲੁ ਆਇ ਖਟਾਨਾ।। ਤਿਉ ਜੋਤੀ ਸੰਗਿ ਜੋਤਿ ਸਮਾਨਾ।।
—ਸੁਖਮਨੀ, ਆਦਿ ਗ੍ਰੰਥ, ਪੰਨਾ ੨੭੮

੨- ਮੈ ਬਹੁੜਿ ਨ ਤ੍ਰਿਸਨਾ ਭੁਖੜੀ ਹਉ ਰਜਾ ਤ੍ਰਿਪਤਿ ਅਘਾਇ ਜੀਉ।।
—ਗੁਣਵੰਤੀ ਸੂਹੀ ਮ:੫, ਆਦਿ ਗ੍ਰੰਥ, ਪੰਨਾ ੭੬੩

੩- ਨਵਿ ਨਿਧਿ ਨਾਮੁ, ਭਗਤ ਸਿੰਘ ਹੀਰਾ, ਪੰਨਾ ੨੫੩

੪- ਵਿਸਥਾਰ ਲਈ ਵੇਖੋ-ਸਿਰੀ ਰਾਗੁ ਮ:੩ ਅਸਟਪਦੀ ੨੩, ਆਦਿ ਗ੍ਰੰਥ ਪੰਨਾ ੬੮ ਅਤੇ ਗਉੜੀ ਗੁਆਰੇਰੀ ਮ:੫, ਅਸਟਪਦੀ ੩, ਆਦਿ ਗ੍ਰੰਥ, ਪੰਨਾ ੨੩੬-੩੭

੫- ਸੁਖ ਸਹਜ ਆਨੰਦ ਭਵਨ।।
ਸਾਧ ਸੰਗਿ ਬੈਸਿ ਗੁਣ ਗਾਵਹਿ ਤਹ ਰੋਗ ਸੋਗ ਨਹੀ ਜਨਮ ਮਰਨ।।
—ਰਾਮਕਲੀ ਮ:੫, ਆਦਿ ਗ੍ਰੰਥ, ਪੰਨਾ ੮੮੮

ਦੀ ਨਦਰ ਸਵੱਲੀ ਨਹੀਂ ਹੋਵੇਗੀ।[1] ਆਲਸ, ਇਸ ਅਵਸਥਾ ਦੇ ਰਾਹ ਵਿਚ ਵੱਡੀ ਰੁਕਾਵਟ ਬਣਦਾ ਹੈ।[2]

ਆਲਸ ਨੂੰ ਦੂਰ ਰਖ ਕੇ ਇਹ ਜੀਵਨ ਪਦਵੀ ਪਾ ਕੇ, ਇਸ ਨੂੰ ਕਾਇਮ ਰਖਣਾ ਵੀ ਜ਼ਰੂਰੀ ਹੈ। ਇਹ ਜੀਵ ਦੇ ਆਪਣੇ ਵੱਸ ਵਿਚ ਹੈ, ਇਹ ਪਦਵੀ ਖਜੂਰ ਤੇ ਚੜ੍ਹਨ ਦੀ ਨਿਆਈਂ ਹੈ, ਜੋ ਚੜ੍ਹ ਗਏ, ਉਹ ਮਿੱਠਾ ਫਲ ਪ੍ਰਾਪਤ ਕਰ ਗਏ ਤੇ ਜੋ ਰਾਹ ਦੀਆਂ ਦੁਸ਼ਵਾਰੀਆਂ ਤੋਂ ਘਬਰਾ ਗਏ ਜਾਂ ਫਿਰ ਚੜ੍ਹ ਕੇ ਹੰਕਾਰ ਵਿਚ ਆ ਗਏ, ਉਹਨਾਂ ਦੀ ਸਾਰੀ ਮਿਹਨਤ ਨਿਸਫਲ।

ਸਹਜ ਹੌਲੀ ਹੌਲੀ ਸਾਰੀਆਂ ਕਮਜ਼ੋਰੀਆਂ ਤੇ ਜੀਵਨ ਲੋੜਾਂ ਨਾਲ ਘੋਲ ਕਰਦਿਆਂ ਪ੍ਰਾਪਤ ਹੁੰਦਾ ਹੈ।[3]

ਸਹਜ ਅਵਸਥਾ ਨੂੰ ਸੁਖ ਮਹਲ,[4] ਅਨਭਉ ਨਗਰ,[5] ਦਸਮ ਦੁਆਰ,[6] ਬੈਕੁੰਠ ਨਗਰ,[7] ਸਤਿ ਅਸਥਾਨ,[8] ਤੁਰੀਆ ਅਵਸਥਾ[9] ਤੇ ਪਰਮਪਦ[10] ਵੀ ਆਖਿਆ ਜਾਂਦਾ ਹੈ।

---

੧- ੳ- ਉਦਮੁ ਕਰਤ ਮਨੁ ਨਿਰਮਲੁ ਹੋਆ॥ ਹਰਿ ਮਾਰਗਿ ਚਲਤ ਭ੍ਰਮੁ ਸਗਲਾ ਖੋਇਆ॥
—ਮਾਝ ਮ:੫, ਆਦਿ ਗ੍ਰੰਥ, ਪੰਨਾ ੯੯

ਅ- ਉਦਮੁ ਕਰਤ ਸੀਤਲ ਮਨ ਭਏ॥ ਮਾਰਗਿ ਚਲਤ ਸਗਲ ਦੁਖ ਗਏ॥
—ਗਉੜੀ ਮ:੫, ਆਦਿ ਗ੍ਰੰਥ, ਪੰਨਾ ੨੦੧

ੲ- ਉਦਮੁ ਕਰਤ ਹੋਵੈ ਮਨੁ ਨਿਰਮਲੁ ਨਾਚੈ ਆਪੁ ਨਿਵਾਰੇ॥
ਪੰਚ ਜਨਾ ਲੇ ਵਸਗਤਿ ਰਾਖੈ ਮਨ ਮਹਿ ਏਕੰਕਾਰੇ॥
—ਆਸਾ ਮ:੫, ਆਦਿ ਗ੍ਰੰਥ, ਪੰਨਾ ੩੮੧

੨- ਪ੍ਰਭ ਮਿਲਬੇ ਦੀ ਲਾਲਸਾ ਤਾ ਤੇ ਆਲਸੁ ਕਹਾ ਕਰਉ ਰੀ॥
—ਆਸਾ ਮ:੫, ਆਦਿ ਗ੍ਰੰਥ, ਪੰਨਾ ੩੮੯

੩- ਨੇਮ ਤੇ ਪ੍ਰੇਮ, ਡਾ. ਤਾਰਨ ਸਿੰਘ, ਪੰਨਾ ੨੨੮

੪- ਸੁਖ ਮਹਲ ਜਾ ਕੇ ਊਚ ਦੁਆਰੇ॥ ਤਾ ਮਹਿ ਵਾਸਹਿ ਭਗਤ ਪਿਆਰੇ॥
—ਸੂਹੀ ਮ:੫, ਆਦਿ ਗ੍ਰੰਥ, ਪੰਨਾ ੭੩੯

੫- ਅਨਭਉ ਨਗਰ ਤਹਾ ਸਦ ਵਸੈ॥ —ਗਉੜੀ ਮ:੫, ਆਦਿ ਗ੍ਰੰਥ, ਪੰਨਾ ੨੩੭

੬- ਦਸਮੀ ਦਸ ਦੁਆਰ ਬਸਿ ਕੀਨੇ॥ ਮਨ ਸੰਤੋਖੁ ਨਾਮ ਜਪਿ ਲੀਨੇ॥
—ਗਉੜੀ ਥਿਤੀ ਮ:੫, ਆਦਿ ਗ੍ਰੰਥ, ਪੰਨਾ ੨੯੮

੭- ਤਹ ਬੈਕੁੰਠੁ ਜਹ ਨਾਮੁ ਉਚਰਹਿ॥ —ਰਾਮਕਲੀ ਮ:੫, ਆਦਿ ਗ੍ਰੰਥ, ਪੰਨਾ ੮੯੦

੮- ਸਤਿ ਪੁਰਖੁ ਸਤਿ ਅਸਥਾਨੁ॥ ਊਚ ਤੇ ਊਚ ਨਿਰਮਲ ਨਿਰਬਾਣੁ॥
—ਸਾਰੰਗ ਮ:੫, ਆਦਿ ਗ੍ਰੰਥ, ਪੰਨਾ ੧੨੩੬

੯- ਤੀਨਿ ਬਿਆਪਹਿ ਜਗਤ ਕਉ ਤੁਰੀਆ ਪਾਵੈ ਕੋਇ॥
—ਗਉੜੀ ਥਿਤੀ ਮ:੫, ਆਦਿ ਗ੍ਰੰਥ, ਪੰਨਾ ੨੯੭

੧੦- ਗੁਰਿ ਸਬਦੁ ਦ੍ਰਿੜਾਇਆ ਪਰਮਪਦੁ ਪਾਇਆ ਦੁਤੀਆ ਗਏ ਸੁਖ ਹੋਏ॥
—ਦੇਵ ਗੰਧਾਰੀ ਮ:੫, ਆਦਿ ਗ੍ਰੰਥ, ਪੰਨਾ ੫੩੪

ੲ- ਅਨਹਦ ਜਾਂ ਅਨਾਹਤ ਸ਼ਬਦ ਦੀ ਅਵਸਥਾ

ਸਹਜ ਅਵਸਥਾ ਵਿਚ ਅਕਹਿ ਤਸਲੀ ਮਿਲਦੀ ਹੈ; ਉਥੇ ਅਨਹਦ ਝੁਨਕਾਰ ਸੁਣਾਈ ਦਿੰਦੀ ਹੈ। ਉਹ ਸ਼ਬਦ ਜੋ ਕਿਸੇ ਆਵਾਜ਼ ਤੋਂ ਪੈਦਾ ਨਹੀਂ ਹੁੰਦਾ ਅਨਹਦ ਸ਼ਬਦ ਹੈ। ਇਹ ਕੰਨਾਂ ਜਾਂ ਜ਼ੁਬਾਨ ਦਾ ਵਿਸ਼ਾ ਨਹੀਂ, ਇਹ ਤਾਂ ਨਿਰੋਲ ਅਨੁਭਵ ਦਾ ਵਿਸ਼ਾ ਹੈ, ਜੋ ਸਿਰਫ ਨਾਮੀ ਵਿਚ ਅਭੇਦ ਹੋਇਆ ਜੀਵ ਹੀ ਜਾਣ ਸਕਦਾ ਹੈ। ਲਿਵ ਲਗਾ ਕੇ ਜਦੋਂ ਇਕ ਰਸ ਇਕ ਚਿਤ ਪ੍ਰਭੂ ਸਿਮਰਨ ਕੀਤਾ ਜਾਂਦਾ ਹੈ ਤਾਂ ਸਿਮਰਨ ਦੇ ਸੁਆਦ ਦੀ ਆਖਰੀ ਸੁਆਦੀ ਝਲਕ 'ਅਨਹਦ' ਸ਼ਬਦ ਹੈ।

ਸ਼ਬਦ ਦੁਨੀਆਂ ਵਿਚ ਬੇਅੰਤ ਹੋ ਰਹੇ ਹਨ ਪਰ ਸਾਡੇ ਕੰਨ, ਜੋ ਸ਼ਬਦ ਵਾਯੂ ਵਿਚ ਖਾਸ ਥਰਾਹਟ ਪੈਦਾ ਕਰਨ, ਉਹੋ ਹੀ ਸੁਣ ਸਕਦੇ ਹਨ। ਨ ਉਸ ਤੋਂ ਨੀਵੀਂ ਥਰਾਹਟ ਦੇ ਸ਼ਬਦ ਸੁਣ ਸਕਦੇ ਹਨ ਤੇ ਨ ਉੱਚੀ ਦੇ। ਕਿਸੇ ਮਨੁੱਖ ਵਿਚ ਇਹ ਤਾਕਤ ਕੁਦਰਤੀ ਹੋ ਸਕਦੀ ਹੈ ਕਿ ਉਹ ਹੋਰਨਾਂ ਨਾਲੋਂ ਉੱਚੀ ਜਾਂ ਨੀਵੀਂ ਥਰਾਹਟ ਦੀਆਂ ਆਵਾਜ਼ਾਂ ਸੁਣ ਲਵੇ। ਕਈ ਜਾਂਗਲੀ ਕੌਮਾਂ ਵਿਚ ਇਹ ਤਾਕਤ ਹੈ। ਜਨੌਰ, ਖਾਸ ਕਰਕੇ ਸ਼ਿਕਾਰੀ ਜਨੌਰ ਬਹੁਤ ਦੂਰੋਂ ਖੜਾਕ ਸੁਣ ਲੈਂਦੇ ਹਨ, ਪਰ ਇਹ ਅਨਾਹਤ ਸ਼ਬਦ ਨਹੀਂ।[1]

ਜੋਗੀ ਮੰਨਦੇ ਹਨ ਕਿ ਪ੍ਰਾਣਾਯਾਮ ਦੀ ਸਾਧਨਾ ਕਰਕੇ ਸਮਾਧੀ ਲਗਦੀ ਹੈ ਅਤੇ ਦਸਵੇਂ ਦੁਆਰ ਵਿਚ ਪੰਚ ਸ਼ਬਦ, ਅਰਥਾਤ- ਸੰਖ, ਮ੍ਰਿਦੰਗ, ਕਿੰਗੁਰੀ, ਮੁਰਲੀ ਤੇ ਵੀਣਾ ਦੀ ਧੁਨੀ ਸੁਣਾਈ ਦਿੰਦੀ ਹੈ। ਗੁਰਮਤ ਵਿਚ ਅਨਾਹਤ ਸ਼ਬਦ ਤੋਂ ਭਾਵ ਹੈ ਕਿ ਗੁਰਮੁਖ ਪੁਰਸ਼ ਯਥਾਰਥ ਗਿਆਨ ਨੂੰ ਪ੍ਰਾਪਤ ਹੋ ਕੇ ਜਦ ਸਹਿਜ ਸਮਾਧੀ ਵਿਚ ਲੀਨ ਹੁੰਦੇ ਹਨ ਤਦ ਚਮਤਕਾਰੀ ਅਨੁਭਵ ਉਨ੍ਹਾਂ ਦੇ ਦਿਮਾਗ ਵਿਚ ਫੁਰਦੇ ਹਨ, ਜੋ ਸ਼ਬਦ ਕੰਠ, ਤਾਲੂ ਅਤੇ ਜੀਭ ਆਦਿਕ ਦੀ ਸਹਾਯਤਾ ਬਿਨਾਂ ਉਪਜੇ, ਉਸ ਦਾ ਨਾਉਂ 'ਅਨਾਹਤ' ਹੈ, ਜੋ 'ਆਹਤ' ਦੇ ਵਿਰੁੱਧ ਹੈ।[2]

ਅਨਹਦ ਸ਼ਬਦ ਦੀ ਵਰਤੋਂ ਆਮ ਜੋਗੀ ਕਰਦੇ ਹਨ। ਜੋਗੀਆਂ ਦਾ ਅਨਹਦ ਤੇ ਗੁਰਮਤ ਦਾ ਅਨਹਦ ਭਿੰਨ ਭਿੰਨ ਹਨ। ਜੋਗੀ ਦਸਵੇਂ ਦੁਆਰ ਤੇ ਪੁਜਣ ਤੋਂ ਪਹਿਲਾਂ ਅਨਹਦ ਸ਼ਬਦ ਦੀ ਧੁਨੀ ਸੁਣਦੇ ਕਹੇ ਜਾਂਦੇ ਹਨ, ਪਰ ਗੁਰਬਾਣੀ ਅਨੁਸਾਰ ਅਨਹਦ ਝੁਨਕਾਰ ਦਸਵੇਂ ਦੁਆਰੈ ਤੇ ਪੁਜ ਕੇ ਸੁਣਾਈ ਦਿੰਦੀ ਹੈ।

---

੧- ਗੁਰਮਤਿ ਨਿਰਣਯ, ਭਾਈ ਜੋਧ ਸਿੰਘ, ਪੰਨਾ ੨੧੭

੨- ਗੁਰੁਮਤ ਪ੍ਰਭਾਕਰ, ਭਾਈ ਕਾਨ੍ਹ ਸਿੰਘ ਨਾਭਾ, ਅੰਕ ੫੦੩, ਪੰਨਾ ੪੧੯

੩- ਅਦਿਸਟੁ ਅਗੋਚਰੁ ਪਾਰਬ੍ਰਹਮੁ ਮਿਲਿ ਸਾਧੂ ਅਕਥੁ ਕਥਾਇਆ ਥਾ।।
ਅਨਹਦ ਸਬਦੁ ਦਸਮ ਦੁਆਰਿ ਵਜਿਓ ਤਹ ਅੰਮ੍ਰਿਤ ਨਾਮੁ ਚੁਆਇਆ ਥਾ।।
—ਮਾਰੂ ਮ:੫, ਆਦਿ ਗ੍ਰੰਥ, ਪੰਨਾ ੧੦੦੨

ਜੋਗੀ ਇਸ ਨੂੰ ਹਠ ਜੋਗ ਰਾਹੀਂ ਪ੍ਰਾਪਤ ਕਰਦੇ ਹਨ। ਗੁਰੂ ਜੀ ਪਿਆਰ ਰਾਹੀਂ ਇਸ ਪਦਵੀਂ ਨੂੰ ਪ੍ਰਾਪਤ ਕਰਦੇ ਹਨ। ਜਿਹੜਾ ਵੀ ਸਾਧਕ ਪ੍ਰਭੂ ਨਾਲ ਪ੍ਰੀਤ ਲਾ ਲੈਂਦਾ ਹੈ, ਉਸ ਦੇ ਧਿਆਨ ਵਿਚ ਮਗਨ ਹੋ ਜਾਂਦਾ ਹੈ, ਉਹ ਅਨਹਦ ਸ਼ਬਦ ਸੁਣ ਸਕਦਾ ਹੈ।[੧] ਅਨਹਤ ਨਾਦ ਦਾ ਸੁਆਦ ਕਥਨ ਤੋਂ ਬਾਹਰਾ ਹੈ।[੨] ਸਾਧਕ ਆਪਣੇ ਮਨ ਦੇ ਫੁਰਨੇ ਰੋਕਦਿਆਂ ਰੋਕਦਿਆਂ ਮਨ ਦੇ ਸਾਰੇ ਵਿਕਾਰ ਦੂਰ ਕਰ ਲੈਂਦਾ ਹੈ। ਇਸ ਨੂੰ ਸੁਰਤ ਸ਼ਬਦ ਵਿਚ ਟਿਕਾਉਣਾ ਵੀ ਆਖਦੇ ਹਨ।[੩] ਇਥੇ ਜੀਵ ਦੀਆਂ ਗਿਆਨ ਇੰਦਰੀਆਂ ਸ਼ਬਦ ਦੀਆਂ ਅਨੁਸਾਰੀ ਹੋ ਜਾਂਦੀਆਂ ਹਨ, ਮਨ ਦੀਆਂ ਸਾਰੀਆਂ ਭਟਕਣਾਂ ਮੁਕ ਜਾਂਦੀਆਂ ਹਨ। ਬਿਲੀ ਤੇ ਕਸਾਈ ਵਾਂਗ ਸੁਭਾ ਹੀ ਤਬਦੀਲ ਹੋ ਜਾਂਦਾ ਹੈ।[੪] ਸਿੱਖ ਦਾ ਮਨ ਨਿਰੰਕਾਰ ਵਿਚ ਏਨਾ ਅਭੇਦ ਹੋ ਜਾਂਦਾ ਹੈ ਕਿ ਦੁਹਾਂ ਵਿਚ ਪਛਾਣ ਕਰਨੀ ਔਖੀ ਹੋ ਜਾਂਦੀ ਹੈ। ਦੁਹਾਂ ਦੇ ਸੁਭਾ ਇਕੋ ਜਿਹੇ ਹੋ ਜਾਂਦੇ ਹਨ।[੫] ਇਹੀ ਗੁਰੂ ਸਾਹਿਬ ਦਾ ਅਨਾਹਦ ਸ਼ਬਦ ਹੈ। ਆਪ ਜੀ ਨੇ ਜੋਗੀਆਂ ਵਾਂਗ ਅਨਹਦ ਨਾਦ ਸ਼ਬਦ ਦੀ ਵਰਤੋਂ ਨਹੀਂ ਕੀਤੀ ਸਗੋਂ ਆਪਣੇ ਵਿਸ਼ਾਲ ਗਿਆਨ ਭੰਡਾਰ ਅਨੁਸਾਰ ਇਹ ਸ਼ਬਦ ਨੂੰ ਵਰਤਿਆ ਹੈ-

੧- ਪਰਮਾਤਮਾ ਦੀ ਸਿਫ਼ਤ ਸਲਾਹ ਲਈ-

ਅਨਹਤ ਸਬਦੁ ਸੁਹਾਵਾ।। ਸਚੁ ਮੰਗਲੁ ਹਰਿ ਜਸੁ ਗਾਵਾ।।[੬]

੨- ਗੁਰਬਾਣੀ ਦੇ ਕੀਰਤਨ ਦੀ ਗਹਿਰੀ ਸਿਫ਼ਤ ਲਈ-

ਕੀਰਤਨੁ ਨਿਰਮੋਲਕ ਹੀਰਾ।। ਆਨੰਦ ਗੁਣੀ ਗਹੀਰਾ।।
ਅਨਹਦ ਬਾਣੀ ਪੂੰਜੀ।। ਸੰਤਨ ਹਥਿ ਰਾਖੀ ਕੂੰਜੀ।।[੭]

੩- ਸ੍ਰੀ ਅੰਮ੍ਰਿਤਸਰ ਸ਼ਹਿਰ ਵਸਣ ਵੇਲੇ[੮]-

---

੧- ਪ੍ਰਭ ਕੈ ਸਿਮਰਨਿ ਅਨਹਦ ਝੁਨਕਾਰ।।-ਸੁਖਮਨੀ ਆਦਿ ਗ੍ਰੰਥ, ਪੰਨਾ ੨੬੩

੨- ਉ-ਸੁੰਨਿ ਸਮਾਧਿ ਅਨਹਤ ਤਹ ਨਾਦ।। ਕਹਨੁ ਨ ਜਾਈ ਅਚਰਜ ਬਿਸਮਾਦ।।
— ਸੁਖਮਨੀ, ਆਦਿ ਗ੍ਰੰਥ, ਪੰਨਾ ੨੯੩

ਅ- ਪੰਚ ਸਬਦ ਤਹ ਪੂਰਨ ਨਾਦ।। ਅਨਹਦ ਬਾਜੇ ਅਚਰਜ ਬਿਸਮਾਦ।।
—ਰਾਮਕਲੀ ਮ:੫, ਆਦਿ ਗ੍ਰੰਥ, ਪੰਨਾ ੮੮੮

੩- ਰਹਤ ਰਹਤ ਰਹਿ ਜਾਹਿ ਬਿਕਾਰਾ।। ਗੁਰ ਪੂਰੇ ਕੈ ਸਬਦਿ ਅਪਾਰਾ।।
ਗਉੜੀ ਬਾਵਨ ਅਖਰੀ ਮ:੫, ਆਦਿ ਗ੍ਰੰਥ, ਪੰਨਾ ੨੫੯

੪- ਦੀਸਤ ਮਾਸੁ ਨ ਖਾਇ ਬਿਲਾਈ।। ਮਹਾ ਕਸਾਬਿ ਛੁਰੀ ਸਟਿ ਪਾਈ।।
—ਰਾਮਕਲੀ ਮ:੫, ਆਦਿ ਗ੍ਰੰਥ, ਪੰਨਾ ੮੯੮

੫- ਸੰਤ ਗੋਬਿੰਦ ਕੈ ਏਕੈ ਕਾਮ।।—ਗੋਂਡ ਮ:੫, ਆਦਿ ਗ੍ਰੰਥ, ਪੰਨਾ ੮੬੭

੬- ਸੂਹੀ ਛੰਤ ਮ:੫, ਆਦਿ ਗ੍ਰੰਥ, ਪੰਨਾ ੭੭੮

੭- ਰਾਮਕਲੀ ਮ:੫, ਆਦਿ ਗ੍ਰੰਥ, ਪੰਨਾ ੮੯੩-੯੪

੮- ਹਵਾਲਾ-ਸ਼ਬਦਾਰਥ ਪੋਥੀ ਤੀਜੀ, ਪੰਨਾ ੭੮੩

ਅਨਹਦ ਰੋਜ ਭਗਤ ਭਵ ਭੰਜਨ ਅਨਹਦ ਵਾਜੇ ਧੁਨੀਐ ਰਾਮ।।
ਅਨਹਦ ਝੁਣਕਾਰੇ ਤਤੁ ਬੀਚਾਰੇ ਸੰਤ ਗੋਸਟਿ ਨਿਤ ਹੋਵੈ।।
ਹਰਿਨਾਮੁ ਅਰਾਧਹਿ ਮੈਲੁ ਸਭ ਕਾਟਹਿ ਕਿਲਵਿਖ ਸਗਲੇ ਖੋਵੈ।।[1]

ਜੋਗ ਸਾਧਨਾ ਰਾਹੀਂ 'ਸਹਜ' ਦੀ ਪ੍ਰਾਪਤੀ ਹੁੰਦੀ ਹੈ ਤੇ ਸਹਜ ਦੀ ਪ੍ਰਾਪਤੀ ਸਮੇਂ ਅਨਹਦ ਝੁਨਕਾਰ ਆਪ ਹੀ ਆਪ ਸੁਣਾਈ ਦੇਂਦੀ ਰਹਿੰਦੀ ਹੈ। ਜੀਵ ਜੀਵਨ ਮੁਕਤ ਹੋ ਜਾਂਦਾ ਹੈ, ਉਸ ਵਿਚ ਤੇ ਪਰਮਾਤਮਾ ਵਿਚ ਕੋਈ ਭੇਦ ਨਹੀਂ ਰਹਿ ਜਾਂਦਾ।

ਆਤਮਾ ਪਰਮਾਤਮਾ ਹੈ ਤੇ ਪਰਮਾਤਮਾ ਆਤਮਾ। ਇਹ ਦੋਵੇਂ ਵਖੋ ਵੱਖ ਨਹੀਂ ਇਕ ਹੀ ਹਨ।[2] ਇਹ ਰਿਸ਼ਤਾ ਇਸ ਅਵਸਥਾ ਤੇ ਪੁੱਜ ਕੇ ਇੰਨਾ ਨਿੱਘਾ ਹੋ ਜਾਂਦਾ ਹੈ ਕਿ ਪਰਮਾਤਮਾ ਹਰ ਕਦਮ ਤੇ ਜੀਵਾਤਮਾ ਦਾ ਪਥ ਪਰਦਰਸ਼ਕ ਬਣਦਾ ਹੈ। ਹਰ ਵੇਲੇ ਜੀਵ ਉਪਰ ਮਿਹਰ ਦਾ ਪ੍ਰਸਾਦ ਝਰਦਾ ਰਹਿੰਦਾ ਹੈ। ਇਸ ਅਨੁਭਵ ਨਾਲ ਹੀ ਜੀਵਾਤਮਾ ਇਹ ਮਹਿਸੂਸ ਕਰਦੀ ਹੈ ਕਿ ਮੇਰੇ ਅੰਦਰ ਹੀ ਰੱਬ (ਬ੍ਰਹਮ) ਹੈ।[3] ਇਥੇ ਪਹੁੰਚ ਕੇ ਕਿਸੇ ਪ੍ਰਕਾਰ ਦਾ ਦੁਖ ਨਹੀਂ ਪੋਂਹਦਾ, ਕੋਈ ਤਕਲੀਫ ਨਹੀਂ ਆਉਂਦੀ। ਬਸ ਇਕੋ ਪ੍ਰਭੂ ਪਿਆਰੇ ਦਾ ਸਰੂਪ ਨਜ਼ਰੀਂ ਆਉਂਦਾ ਹੈ। ਸਾਰੀ ਲੋਕਾਈ ਪਰਮਾਤਮਾ ਦਿਸਦੀ ਹੈ। ਇਹ ਸੁਆਦ ਦਸਿਆ ਨਹੀਂ ਜਾ ਸਕਦਾ, ਮਾਣਿਆ ਜਾ ਸਕਦਾ ਹੈ। ਵੇਖਿਆ ਨਹੀਂ ਜਾ ਸਕਦਾ ਕੇਵਲ ਮਹਿਸੂਸ ਕੀਤਾ ਜਾ ਸਕਦਾ ਹੈ।[4]

ਇਸ ਤੋਂ ਅੱਗੇ ਤਾਂ ਜੀਵ ਦੇ ਅੰਦਰੋਂ ਹਰੀ ਆਪ ਬੋਲਦਾ ਹੈ, ਪ੍ਰਭੂ ਜੀਵ ਵਿਚ ਵਸ ਗਿਆ ਤਾਂ ਇਸ ਨੂੰ ਹਰ ਪ੍ਰਕਾਰ ਦੇ ਖ਼ਜ਼ਾਨੇ ਪ੍ਰਾਪਤ ਹੋ ਗਏ।

ਗੋਵਿੰਦ ਗਾਜੇ ਅਨਹਦ ਵਾਜੇ ਅਚਰਜ ਸੋਭ ਬਣਾਈ।।
ਕਹੁ ਨਾਨਕ ਪਿਰੁ ਮੇਰੈ ਸੰਗੇ ਤਾ ਮੈ ਨਵਨਿਧਿ ਪਾਈ।।[5]

*****
***
*

---

੧- ਸੂਹੀ ਛੰਤ ਮ:੫,ਆਦਿ ਗ੍ਰੰਥ, ਪੰਨਾ ੭੮੩
੨- Kathopanishad, Swami Sarva-Nanda, p.84-85.
੩- ਹਿੰਦੀ ਕਾਵਿ ਮੇ ਨਿਰਗੁਣ ਸੰਪਰਦਾਇ (ਹਿੰਦੀ) ਡਾ. ਪੀਤਾਂਬਰ ਦੱਤ ਬੜਥਵਾਲ, ਪੰਨਾ ੧੮੬
੪- ਸਹਜ ਕਥਾ ਪ੍ਰਭ ਕੀ ਅਤਿ ਮੀਠੀ।। ਵਿਰਲੈ ਕਾਹੂ ਨੇਤ੍ਰਹੁ ਡੀਠੀ।।
—ਸੂਹੀ ਮ:੫,ਆਦਿ ਗ੍ਰੰਥ, ਪੰਨਾ ੭੩੯
੫- ਆਸਾ ਛੰਤ ਮ:੫,ਆਦਿ ਗ੍ਰੰਥ, ਪੰਨਾ ੪੫੩

## ਸਾਰ

ਰਹੱਸਵਾਦ ਉਹ ਪ੍ਰਯੋਗ ਹੈ ਜੋ ਬ੍ਰਹਮ ਤੇ ਉਸ ਦੀ ਮਾਇਆ ਨੂੰ ਸਮਝਣ ਲਈ ਸਾਧਕ ਨੂੰ ਕਰਨਾ ਪੈਂਦਾ ਹੈ। ਇਸ ਪ੍ਰਯੋਗ ਵਿਚੋਂ ਜੋ ਨਤੀਜਾ ਸਾਧਕ ਨੂੰ ਮਿਲਦਾ ਹੈ, ਉਹ ਇਕ ਅਜਿਹੀ ਅਕੱਥ ਅਵਸਥਾ ਹੈ ਜਿਸ ਨੂੰ ਦਸ ਸਕਣ ਲਈ ਅਜ ਤੱਕ ਸ਼ਬਦਾਂ ਦਾ ਜਾਮਾ ਨਹੀਂ ਮਿਲਿਆ। ਜੋ ਵੀ ਇਸ ਬਾਰੇ ਜਾਣ ਸਕਿਆ, ਚੁੱਪ ਸਾਧਦਾ ਗਿਆ।

ਜੋ ਲੋਕ ਰੱਬ ਦੀ ਗਿਆਨ-ਪ੍ਰਾਪਤੀ ਦਾ ਦਾਅਵਾ ਕਰਦੇ ਹਨ, ਉਹ ਠੀਕ ਨਹੀਂ ਕਹਿੰਦੇ, ਕਿਉਂਕਿ ਅਸਲੀ ਜਾਨਣ ਵਾਲੇ ਦਾਅਵੇ ਕਰਨ ਤੇ ਵਿਖਾਵੇ ਕਰਨ ਦੀ ਅਵਸਥਾ ਤੋਂ ਬਹੁਤ ਉਪਰ ਜਾ ਪੁਜਦੇ ਹਨ, ਜਿਥੇ ਕੇਵਲ ਉਹ ਤੇ ਉਨ੍ਹਾਂ ਦਾ ਪ੍ਰਭੂ ਹੀ ਹੁੰਦਾ ਹੈ।

ਰਹੱਸਵਾਦੀ ਦੀਆਂ ਕੁਝ ਪ੍ਰਮੁੱਖ ਵਿਸ਼ੇਸ਼ਤਾਈਆਂ ਇਹ ਹਨ:-

੧- ਸਾਧਕ ਦੀ ਪਰਮਾਤਮਾ ਨਾਲ ਸਿਧੀ ਪਹੁੰਚ।

੨- ਜ਼ਿਆਦਾ ਛਾਨ ਬੀਨ ਦੀ ਗੁੰਜਾਇਸ਼ ਮੁੱਕ ਜਾਂਦੀ ਹੈ, ਸਗੋਂ ਘੱਟ ਸ਼ਬਦਾਂ ਦਾ ਆਸਰਾ ਲਿਆ ਜਾਂਦਾ ਹੈ।

੩- ਸਾਧਕ ਦੁਨੀਆਂ ਵਿਚ ਰਹਿ ਕੇ ਪਰਮਾਤਮਾ ਬਾਰੇ ਗਿਆਨ ਹਾਸਲ ਕਰਦਾ ਹੈ।

੪- ਫਿਰ ਗਿਆਨ ਹਾਸਲ ਕਰਨ ਵਾਲੀ ਦਸ਼ਾ ਨੂੰ ਬਿਆਨਣ ਲਈ ਸ਼ਬਦ ਨਹੀਂ ਅਹੁੜਦੇ ਤੇ ਰਮਜ਼ਾਂ ਦਾ ਆਸਰਾ ਲਿਆ ਜਾਂਦਾ ਹੈ। ਇਹ ਸਭ ਤੋਂ ਮਜਬੂਰੀ ਭਰੀ ਵਿਸ਼ੇਸ਼ਤਾਈ ਹੈ।

੫- ਸਭ ਤੋਂ ਪ੍ਰਮੁੱਖ ਵਿਸ਼ੇਸ਼ਤਾਈ ਹੈ ਸਾਧਕ ਦੀ ਆਸਤਕਤਾ। ਨਾਸਤਕ ਜੀਵ ਕਦੀ ਰਹੱਸਵਾਦੀ ਨਹੀਂ ਹੋ ਸਕਦਾ।

ਰਹੱਸਵਾਦ ਦੀਆਂ ਪੰਜ ਮੰਜ਼ਲਾਂ ਗੁਰੂ ਨਾਨਕ ਦੇਵ ਜੀ ਨੇ ਦਸੀਆਂ ਹਨ। ਗੁਰੂ ਸਾਹਿਬਾਨ ਸਰੀਰਕ ਰੂਪ ਵਿਚ ਵੱਖ ਵੱਖ ਸਨ, ਪਰ ਅਧਿਆਤਮਕ ਪਖੋਂ ਇਕ ਹੀ ਆਸ਼ਾ ਤੇ ਇਕ ਹੀ ਮੰਜ਼ਲ ਲੈ ਕੇ ਆਏ ਸਨ, ਜਿਸ ਦੀ ਪ੍ਰਾਪਤੀ ਲਈ ਉਨ੍ਹਾਂ ਨੇ ਸਾਰਾ ਜੀਵਨ ਲਗਾਇਆ।

੧- ਧਰਮ ਖੰਡ- ਆਤਮਕ ਮੰਡਲ ਦੀ ਪਹਿਲੀ ਪੌੜੀ ਦਾ ਨਾਂ ਧਰਮ ਖੰਡ ਹੈ, ਇਸ ਵਿਚ ਫ਼ਰਜ਼ ਦੇ ਰਾਹ ਤੇ ਤੁਰਨਾ ਦਸਿਆ ਹੈ।

੨- ਗਿਆਨ ਖੰਡ- ਜਦੋਂ ਫਰਜ਼ਾਂ ਦਾ ਗਿਆਨ ਹੁੰਦਾ ਹੈ ਤਾਂ ਗਿਆਨ ਦੀ ਹਨੇਰੀ ਨਾਲ ਸਭ ਵਹਿਮ ਨਸ ਜਾਂਦੇ ਹਨ ਤੇ ਜੀਵ ਇਹ ਸਮਝਣ ਲਗ ਜਾਂਦਾ ਹੈ ਕਿ ਇਸ ਅਨੰਤ ਸੰਸਾਰ ਤੇ ਉਹ ਕੇਵਲ ਇਕ ਕਿਣਕਾ ਮਾਤਰ ਹੈ। ਇਹ ਅਵਸਥਾ ਗਿਆਨ ਖੰਡ ਦੀ ਹੈ।

੩- ਸਰਮ ਖੰਡ- ਗਿਆਨ ਹੋ ਜਾਣ ਦੇ ਬਾਅਦ ਜੀਵ ਸਾਧਨਾ ਕਰਦਾ ਹੈ, ਜਿਸ ਨਾਲ ਉਸ ਦੀ ਸੁਰਤ, ਮਨ ਅਤੇ ਬੁਧੀ ਸਭ ਨਿਰਮਲ ਹੋ ਜਾਂਦੇ ਹਨ। ਇਹ ਸਰਮ ਖੰਡ ਹੈ।

੪- ਕਰਮ ਖੰਡ- ਇਹ ਬਖਸ਼ਿਸ਼ ਦਾ ਖੰਡ ਹੈ। ਜੀਵ ਦਾ ਮਨ ਪੂਰਨ ਤੌਰ ਤੇ ਪ੍ਰਭੂ ਦੀ ਵਡਿਆਈ ਵਿਚ ਲਗ ਜਾਂਦਾ ਹੈ। ਇਸ ਅਵਸਥਾ ਤੇ ਮਾਇਆ ਦਾ ਕੋਈ ਅਸਰ ਨਹੀਂ ਹੁੰਦਾ ਤੇ ਨ ਹੀ ਮੌਤ ਦਾ ਭੈ ਰਹਿੰਦਾ ਹੈ। ਇਹ ਕਰਮ ਖੰਡ ਹੈ।

੫- ਸੱਚ ਖੰਡ- ਜਦੋਂ ਜੀਵ ਤੇ ਪ੍ਰਭੂ ਦੀ ਬਖਸ਼ਿਸ਼ ਹੋ ਜਾਂਦੀ ਹੈ, ਉਹ ਤੇ ਅਨੰਤ ਜਗਤ ਦਾ ਮਾਲਕ ਪਰਮਾਤਮਾ ਇਕ ਮਿਕ ਹੋ ਜਾਂਦੇ ਹਨ, ਹੋਰ ਕੋਈ ਲਾਲਸਾ ਨਹੀਂ ਰਹਿੰਦੀ, ਇਹ ਸੱਚ ਖੰਡ ਹੈ।

## ਗੁਰੂ ਅਰਜਨ ਦੇਵ ਜੀ ਦਾ ਰਹੱਸਵਾਦ

ਬ੍ਰਹਮ, ਜੀਵ, ਜਗਤ, ਮਾਇਆ, ਕਰਮ, ਹੁਕਮ ਤੇ ਨਦਰ ਆਪ ਦੇ ਰਹੱਸਵਾਦ ਦੇ ਦਾਰਸ਼ਨਕ ਤੱਤ ਹਨ।

ਆਚਾਰ ਨੀਤੀ, ਨਾਮ, ਸਤਿਗੁਰੂ, ਸ਼ਬਦ, ਸਤਿਸੰਗ, ਕੀਰਤਨ ਅਤੇ ਪ੍ਰਭੂ ਪ੍ਰਾਪਤੀ ਆਪ ਦੇ ਰਹੱਸਵਾਦ ਦੇ ਧਾਰਮਕ ਅੰਗ ਹਨ।

ਬ੍ਰਹਮ ਅਜਿਹਾ ਰਹੱਸਮਈ ਵਿਸ਼ਾ ਹੈ ਜੋ ਹਰ ਕਾਲ ਵਿਚ ਵਿਦਵਾਨਾਂ ਦੇ ਧਿਆਨ ਗੋਚਰਾ ਰਿਹਾ ਹੈ। ਗੁਰੂ ਅਰਜਨ ਦੇਵ ਜੀ ਉਸ ਨੂੰ ਅਤੁਲ, ਅਥਾਹ, ਅਡੋਲ, ਅਪਾਰ ਕਹਿੰਦੇ ਹਨ। ਬ੍ਰਹਮ ਦੇ ਨਿਰਗੁਣ ਤੇ ਸਰਗੁਣ ਦੋਵੇਂ ਹੀ ਸਰੂਪ ਆਪ ਮੰਨਦੇ ਹਨ। ਉਸ ਦਾ ਨਿਰਗੁਣ ਸਰੂਪ ਸ੍ਰਿਸ਼ਟੀ ਰਚਨਾ ਤੋਂ ਪਹਿਲਾਂ ਸੀ ਤੇ ਸਰਗੁਣ ਸਰੂਪ ਰਚਨਾ ਦੇ ਰੂਪ ਵਿਚ ਜ਼ਾਹਰ ਹੈ। ਬ੍ਰਹਮ ਦੀਆਂ ਵਿਸ਼ੇਸ਼ਤਾਈਆਂ ਇਹ ਹਨ:-

ਉਹ ਇਕ ਹੈ, ਸਤਿ ਹੈ, ਕਰਤਾ ਪੁਰਖ ਹੈ, ਨਿਰਭਉ ਹੈ, ਨਿਰਵੈਰ ਹੈ, ਅਕਾਲ ਮੂਰਤ ਹੈ, ਅਜੂਨੀ ਹੈ, ਸੈਭੰ ਹੈ, ਅੰਤਰਯਾਮੀ ਹੈ, ਦਾਤਾ ਹੈ, ਸਰਵ ਵਿਆਪਕ

ਹੈ, ਅਨਾਦਿ ਹੈ ਅਤੇ ਨਿਆਂਕਾਰ ਹੈ। ਅਜਿਹੀਆਂ ਸਿਫਤਾਂ ਵਾਲੇ ਬ੍ਰਹਮ ਦੀ ਮਹਾਨਤਾ ਸ਼ਬਦਾਂ ਦੀ ਕੈਦ ਵਿਚ ਨਹੀਂ ਆ ਸਕਦੀ।

ਬ੍ਰਹਮ ਤੋਂ ਦੂਸਰੇ ਦਰਜੇ ਤੇ ਜੀਵ ਦਾ ਜ਼ਿਕਰ ਆਉਂਦਾ ਹੈ। ਜਿਥੇ ਆਤਮਾ ਹ, ਉਥੇ ਪਰਮਾਤਮਾ ਹੈ। ਇਹ ਆਤਮਾ ਜੀਵ ਵਿਚ ਵਾਸ ਕਰਦੀ ਹੈ। ਮਾਇਆ ਦੇ ਪ੍ਰਭਾਵ ਹੇਠ ਇਹ ਆਪਣੇ ਅਸਲੇ ਨੂੰ ਭੁਲ ਕੇ ਜਨਮ ਮਰਨ ਦੇ ਗੇੜ ਵਿਚ ਚਕਰ ਲਗਾਉਂਦੀ ਰਹਿੰਦੀ ਹੈ ਜਿਸ ਵਿਚੋਂ ਨਿਕਲਣ ਲਈ ਗੁਰੂ ਸਾਹਿਬਾਨ ਨੇ ਵਿਸ਼ੇਸ਼ ਸਾਧਨ ਦਾ ਨਿਰੂਪਨ ਕੀਤਾ ਹੈ।

ਉਹ ਪਾਰਬ੍ਰਹਮ ਹੀ ਜਾਣਦਾ ਹੈ ਕਿ ਉਸ ਨੇ ਕਦੋਂ ਸ੍ਰਿਸ਼ਟੀ ਸਾਜੀ। ਗੁਰੂ ਅਰਜਨ ਦੇਵ ਜੀ ਅਨੁਸਾਰ ਵਾਹਿਗੁਰੂ ਸੁੰਨ ਸਮਾਧੀ ਵਿਚ ਸੀ, ਜਦੋਂ ਉਸ ਦੀ ਇੱਛਾ ਹੋਈ ਉਸ ਨੇ ਸ੍ਰਿਸ਼ਟੀ ਦੀ ਸਾਜਨਾ ਕਰ ਲਈ। ਜਗਤ ਰਚਨਾ ਅਨਿੱਤ ਹੈ, ਸਾਪੇਖ ਸੱਚ ਹੈ ਭਾਵੇਂ ਨਾਸ਼ਵਾਨ ਹੈ। ਆਪ ਅਨੁਸਾਰ ਇਹ ਸ੍ਰਿਸ਼ਟੀ ਕਈ ਵਾਰ ਸਾਜੀ ਗਈ ਤੇ ਕਈ ਵਾਰ ਸਮੇਟੀ ਗਈ। ਇਸ ਦਾ ਸਮੇਟਣਾ ਵੀ ਉਸੇ ਬ੍ਰਹਮ ਦੇ ਹੱਥ ਹੈ, ਜਿਸ ਨੇ ਸਾਜੀ ਹੈ।

ਪਰਮਾਤਮਾ ਅਤੇ ਆਤਮਾ ਤੋਂ ਇਲਾਵਾ ਸਾਰਾ ਮਾਇਆ ਵਿਹੁਣਿਆ ਜਗਤ ਕਾਲ ਦੇ ਵਸ ਵਿਚ ਹੈ। ਗੁਰੂ ਸਾਹਿਬ ਨੇ ਮਾਇਆ ਦੇ ਤਿੰਨ ਗੁਣ ਦਸੇ ਹਨ– ਰਜੋ, ਤਮੋ, ਤੇ ਸਤੋ। ਇਹ ਮਾਇਆ ਪਰਮਾਤਮਾ ਦੀ ਰਚੀ ਹੋਈ ਹੈ, ਜੋ ਇਸ ਨੂੰ ਮਨਚਾਹੇ ਨਾਚ ਨਚਾਉਂਦਾ ਹੈ। ਇਹ ਗੁਰਮੁਖਾਂ ਦੀ ਦਾਸੀ ਹੈ, ਸੇਵਕ ਹੈ, ਪਰ ਮਨਮੁਖਾਂ ਨੂੰ ਆਪਣਾ ਪੂਰਾ ਜ਼ੋਰ ਵਿਖਾਉਂਦੀ ਹੈ।

ਹਉਮੈ ਵੀ ਮਾਇਆ ਵਰਗਾ ਹੀ ਇਕ ਕੰਡਾ ਹੈ। ਹਉਮੈ ਕਰਕੇ ਜੀਵ ਪ੍ਰਭੂ ਤੋਂ ਦੂਰ ਰਹਿੰਦਾ ਹੈ। ਜਿੰਨਾ ਚਿਰ ਇਹ ਕੰਡਾ ਨਹੀਂ ਨਿਕਲਦਾ ਉਨਾਂ ਚਿਰ ਜੀਵ ਦੁਖੀ ਰਹਿੰਦਾ ਹੈ। ਹੰਕਾਰ ਜੀਵ ਦੇ ਅੰਦਰੋਂ ਤਾਂ ਹੀ ਨਿਕਲ ਸਕਦਾ ਹੈ, ਜੇ ਪਰਮਾਤਮਾ ਦੀ ਮਿਹਰ ਹੋਵੇ।

ਜੀਵ ਜੋ ਕਰਮ ਕਰਦਾ ਹੈ, ਉਨ੍ਹਾਂ ਦਾ ਹੀ ਫਲ ਭੋਗਦਾ ਹੈ। ਕਰਮ ਤਿੰਨ ਪ੍ਰਕਾਰ ਦੇ ਹਨ– ਸੰਚਿਤ, ਪ੍ਰਾਰਬਧ ਤੇ ਆਗਾਮੀ।

ਹੁਕਮ ਮੰਨਣਾ ਗੁਰੂ ਸਾਹਿਬ ਦੇ ਰਹੱਸਵਾਦ ਦਾ ਖਾਸ ਤੱਤ ਹੈ। ਸਾਧਾਰਨ ਜੀਵ ਪ੍ਰਭੂ ਦੇ ਹੁਕਮ ਨੂੰ ਸਮਝਣੋਂ ਅਸਮਰਥ ਰਹਿੰਦੇ ਹਨ, ਪਰ ਭਗਤ ਜਨ ਪ੍ਰਭੂ ਦੇ ਹੁਕਮ ਨੂੰ ਮਿੱਠਾ ਕਰਕੇ ਮੰਨਦੇ ਹਨ। ਇਹ ਹੁਕਮ ਮੰਨਣ ਦੀ ਸ਼ਕਤੀ ਬੜੀ ਕਰੜੀ ਸਾਧਨਾ ਨਾਲ

ਪ੍ਰਾਪਤ ਹੁੰਦੀ ਹੈ।

ਨਦਰ ਜਾਂ ਪ੍ਰਸਾਦਿ ਵਾਹਿਗੁਰੂ ਦੀ ਦਾਤ ਹੈ, ਇਹ ਦਾਤ ਵੰਡਣ ਲਗਿਆਂ ਪਰਮਾਤਮਾ ਜ਼ਾਤ, ਨਸਲ, ਧਰਮ, ਰੰਗ, ਉਚ ਨੀਚ ਆਦਿ ਦਾ ਭੇਦ ਨਹੀਂ ਵੇਖਦਾ, ਜਿਸ ਤੇ ਉਹਦੀ ਕਿਰਪਾ ਹੋ ਜਾਵੇ ਉਹ ਹੀ ਰਿੱਧੀਆਂ ਸਿੱਧੀਆਂ ਪ੍ਰਾਪਤ ਕਰਦਾ ਹੈ। ਇਹ ਨਦਰ ਜੀਵ ਦੀ ਸਾਰੀ ਸਫਲਤਾ ਦਾ ਰਹੱਸ ਹੈ।

ਵਾਹਿਗੁਰੂ ਦੀ ਨਦਰ ਪ੍ਰਾਪਤ ਕਰਨ ਲਈ ਜੀਵ ਦਾ ਆਚਰਨ ਸੁੱਚਾ ਹੋਣਾ ਚਾਹੀਦਾ ਹੈ, ਜੋ ਹਉਂ ਦੀ ਮੈਲ ਗੁਆ ਕੇ ਜਤ, ਸਤ, ਭਉ, ਭਾਉ, ਦਇਆ, ਧਰਮ ਆਦਿ ਗੁਣ ਧਾਰਨ ਕਰ ਸਕਦਾ ਹੈ, ਅਜਿਹੇ ਆਚਾਰਵਾਨ ਜੀਵ ਨੂੰ ਸਾਰੀ ਸ੍ਰਿਸ਼ਟੀ ਹੀ ਆਪਣੀ ਭਾਸਦੀ ਹੈ।

ਆਤਮਕ ਉਸਾਰੀ ਲਈ ਨਾਮ ਜਪਣਾ ਜ਼ਰੂਰੀ ਹੈ। ਨਾਮ ਅਤੇ ਗਿਆਨ ਸਤਿਗੁਰੂ ਰਾਹੀਂ ਮਿਲਦੇ ਹਨ। ਨਾਮ ਨੂੰ 'ਗੁਰ-ਸ਼ਬਦ' ਵੀ ਕਹਿੰਦੇ ਹਨ। ਇਹ ਗੁਰ-ਸ਼ਬਦ ਅਥਵਾ ਨਾਮ ਦਾ ਸਿਮਰਨ ਨਾਮੀ ਨਾਲ ਅਭੇਦ ਕਰ ਦਿੰਦਾ ਹੈ। ਵਾਹਿਗੁਰੂ ਨੇ ਸ਼ਬਦ ਦਾ ਅਖੁੱਟ ਖ਼ਜ਼ਾਨਾ ਸਾਨੂੰ ਬਖਸ਼ਿਆ ਹੈ। ਜਿੰਨਾ ਚਾਹੀਏ ਵਰਤੀਏ, ਇਹ ਮੁਕੇਗਾ ਨਹੀਂ। ਇਹ ਗੁਰ-ਸ਼ਬਦ ਦੀਪਕ ਸਮਾਨ ਹੈ ਜੋ ਹਨੇਰੇ ਰਾਹਾਂ ਨੂੰ ਰੁਸ਼ਨਾ ਦਿੰਦਾ ਹੈ।

ਸਤਿਸੰਗਤ ਉਹ ਸਥਾਨ ਹੈ, ਜਿਥੇ ਭਲੇ ਪੁਰਸ਼ ਇਕੱਠੇ ਹੋ ਕੇ ਪ੍ਰਭੂ ਦਾ ਨਾਮ ਜਪਦੇ ਹਨ, ਪ੍ਰਭੂ ਦੀ ਉਸਤਤੀ ਗਾਇਨ ਕਰਦੇ ਹਨ। ਸਤਿਸੰਗਤ ਵਿਚ ਪਰਮਾਤਮਾ ਆਪ ਵਸਦਾ ਹੈ, ਤਦੇ ਗੁਰੂ ਸਾਹਿਬ ਸਤਿਸੰਗਤ ਵਿਚ ਜਾਣ ਤੇ ਜ਼ੋਰ ਦੇਂਦੇ ਹਨ। ਸਤਿਸੰਗਤ ਨਾਲ ਸਮਾਜਕ ਬਰਾਬਰੀ ਦੀ ਜਾਚ ਆਉਂਦੀ ਹੈ, ਜਿਸ ਨਾਲ ਉਚ ਨੀਚ ਦਾ ਖੱਪਾ ਦੂਰ ਹੋ ਸਕਦਾ ਹੈ।

ਕੀਰਤਨ ਕਰਨਾ ਸਤਿਸੰਗ ਦਾ ਹੀ ਇਕ ਅੰਗ ਹੈ, ਜਿਸ ਨਾਲ ਰਸਨਾ ਤੇ ਕੰਨ ਪਵਿੱਤਰ ਹੋ ਜਾਂਦੇ ਹਨ। ਹਰੀ ਜਸ ਸੁਣਨ ਵਾਲਿਆਂ ਵਿਚ ਕਿਸੇ ਕਿਸਮ ਦੀ ਦੂਈ ਦਵੈਤ ਦੀ ਭਾਵਨਾ ਨਹੀਂ ਰਹਿੰਦੀ। ਤੀਰਥਾਂ ਤੇ ਘੁੰਮਣ ਨਾਲੋਂ, ਸਾਧ ਸੰਗਤ ਵਿਚ ਜਾ ਕੇ ਕੀਰਤਨ ਕਰਨਾ ਸਭ ਤੋਂ ਉੱਤਮ ਕਾਰਜ ਹੈ।

ਬ੍ਰਹਮਗਿਆਨੀ, ਜੀਵਨ ਮੁਕਤ, ਸਾਧ, ਸੰਤ, ਗੁਰਮੁਖ– ਇਹ ਸਾਰੇ ਨਾਂ ਤੋਂ ਵੱਖ ਹਨ, ਪਰ ਇਨ੍ਹਾਂ ਦੀਆਂ ਸਿਫ਼ਤਾਂ ਵਿਚ ਕਾਫ਼ੀ ਹੱਦ ਤਕ ਸਮਾਨਤਾ ਹੈ। ਸੱਚ

ਬੋਲਣਾ, ਹਉਂ ਮਿਟਾ ਦੇਣੀ, ਲਾਲਚ ਦੀ ਦੁਨੀਆਂ ਤੋਂ ਉਪਰ ਰਹਿਣਾ, ਸੰਸਾਰ ਵਿਚ ਰਹਿੰਦੇ ਹੋਏ ਵੀ ਅਲਿਪਤ ਰਹਿਣਾ, ਜੀਊਂਦੇ ਜੀ ਆਪਣੀਆਂ ਵਾਸ਼ਨਾਵਾਂ ਤੇ ਕਾਬੂ ਪਾਈ ਰਖਣਾ, ਇਕ ਵਾਹਿਗੁਰੂ ਵਿਚ ਵਿਸ਼ਵਾਸ ਕਰਨਾ ਤੇ ਉਸੇ ਦਾ ਨਾਂ ਸੁਆਸ ਸੁਆਸ ਜਪਣਾ ਆਦਿ ਵਿਸ਼ੇਸ਼ਤਾਈਆਂ ਇਨ੍ਹਾਂ ਸਭਨਾਂ ਵਿਚ ਮਿਲਦੀਆਂ ਹਨ।

ਸਭ ਤੋਂ ਉਚੀ ਆਤਮਕ ਅਵਸਥਾ ਤੁਰੀਆ ਅਵਸਥਾ ਜਾਂ ਸਹਿਜ ਅਵਸਥਾ ਹੈ, ਇਹੋ ਪਰਮ ਅਨੰਦ ਦੀ ਅਵਸਥਾ ਹੈ। ਇਸ ਨੂੰ 'ਸਦਾ ਵਿਗਾਸ' ਦੀ ਅਵਸਥਾ ਵੀ ਕਿਹਾ ਗਿਆ ਹੈ। ਇਸ ਅਵਸਥਾ ਤੇ ਪੁੱਜ ਕੇ ਜਗਿਆਸੂ ਪੂਰਨ ਜੋਗੀ ਬਣਦਾ ਹੈ। ਅਜਿਹਾ ਜੋਗੀ ਸਰੀਰ ਨੂੰ ਕਸ਼ਟ ਦੇ ਕੇ ਜੋਗ ਕਮਾਉਣ ਵਾਲਾ ਨਹੀਂ, ਸਗੋਂ ਨਾਮ ਦੀ ਸਾਧਨਾ ਕਰਨ ਵਾਲਾ ਜੋਗੀ ਹੈ। ਜਿਸ ਦਾ ਭੋਜਨ ਸਹਿਜ ਸੁਖ ਹੈ। ਜਿਸ ਦੀ ਸਿੰਙੀ ਅਨਹਤ ਸ਼ਬਦ ਹੈ ਅਤੇ ਜਿਸ ਦਾ ਡੰਡਾ ਨਾਮ ਨੂੰ ਮਨ ਵਿਚ ਵਸਾਉਣਾ ਹੈ। ਇਸ ਅਵਸਥਾ ਤੇ ਪੁੱਜ ਕੇ ਆਤਮਾ ਪਰਮਾਤਮਾ ਵਿਚ ਇਤਨੀ ਵਿਲੀਨ ਹੋ ਜਾਂਦੀ ਹੈ ਕਿ ਉਹ ਆਪਣਾ ਤਜਰਬਾ ਕਿਸੇ ਨੂੰ ਦਸ ਸਕਣ ਦੇ ਸਮਰੱਥ ਨਹੀਂ ਰਹਿੰਦੀ।

*****
***
*

ਜਪ੍ਯਉ ਜਿਨ੍ ਅਰਜੁਨ ਦੇਵ ਗੁਰੂ
ਫਿਰਿ ਸੰਕਟ ਜੋਨਿ ਗਰਭ ਨ ਆਯਉ।।

ਕਲਿ ਭੱਟ, ਆਦਿ ਗ੍ਰੰਥ, ਪੰਨਾ ੧੪੦੯

## ਪੁਸਤਕਾਵਲੀ

### ਪੰਜਾਬੀ


੧- ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ।

੨- ਅਧਿਅਨ ਤੇ ਅਧਿਆਪਨ, ਡਾ.ਹਰਿਭਜਨ ਸਿੰਘ, ਨਵਚੇਤਨ ਪਬਲਿਸ਼ਰਜ਼, ਘੰਟਾ ਘਰ, ਅੰਮ੍ਰਿਤਸਰ, ੧੯੭੦.

੩- ਸ਼ਬਦਾਰਥ- ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਚਾਰ ਭਾਗ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ।

੪- ਸਿੱਖ ਇਤਿਹਾਸ ਬਾਰੇ, ਡਾ.ਗੰਡਾ ਸਿੰਘ, ਲਾਹੌਰ ਬੁਕ ਸ਼ਾਪ, ਲਾਹੌਰ, ੧੯੪੬.

੫- ਸਿੱਖ ਧਰਮ, ਪ੍ਰਿੰ.ਤੇਜਾ ਸਿੰਘ, ਪ੍ਰਕਾਸ਼ ਪੁਸਤਕ ਮਾਲਾ, ਪਟਿਆਲਾ, ੧੯੫੨.

੬- ਸ੍ਰੀ ਗੁਰੂ ਗ੍ਰੰਥ ਸਾਹਿਬ-ਇਕ ਪਰਿਚਯ, ਡਾ.ਧਰਮਪਾਲ ਮੈਣੀ, ਲਾਹੌਰ ਬੁਕ ਸ਼ਾਪ, ਲੁਧਿਆਣਾ, ੧੯੬੨.

੭- ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਾਹਿਤਕ ਇਤਿਹਾਸ, ਡਾ.ਤਾਰਨ ਸਿੰਘ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, ੧੯੬੩.

੮- ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਾਹਿੱਤਕ ਵਿਸ਼ੇਸ਼ਤਾ, ਡਾ.ਗੋਪਾਲ ਸਿੰਘ ਦਰਦੀ, ਪੰਜਾਬੀ ਐਕਾਡਮੀ, ਦਿੱਲੀ, ੧੯੫੮.

੯- ਸ੍ਰੀ ਗੁਰੂ ਗ੍ਰੰਥ ਕੋਸ਼, ਖਾਲਸਾ ਟ੍ਰੈਕਟ ਸੋਸਾਇਟੀ, ੧੯੨੭.

੧੦- ਸ੍ਰੀ ਗੁਰੂ ਤੀਰਥ ਸੰਗ੍ਰਹਿ, ਪੰ.ਤਾਰਾ ਸਿੰਘ ਨਰੋਤਮ।

੧੧- ਸੰਥਯਾ- ਸ੍ਰੀ ਗੁਰੂ ਗ੍ਰੰਥ ਸਾਹਿਬ, ਪਹਿਲੀ ਪੋਥੀ, ਭਾਈ ਵੀਰ ਸਿੰਘ, ਖਾਲਸਾ ਸਮਾਚਾਰ, ਅੰਮ੍ਰਿਤਸਰ।

੧੨- ਹਿੰਦੂ ਮਿਥਿਹਾਸ ਕੋਸ਼, ਜਾਨ ਡਾਸਨ, ਭਾਸ਼ਾ ਵਿਭਾਗ, ਪਟਿਆਲਾ, ੧੯੬੩.

੧੩- ਹੁਸੈਨ ਰਚਨਾਵਲੀ, ਪਿਆਰਾ ਸਿੰਘ ਪਦਮ, ਸਰਦਾਰ ਸਾਹਿਤ ਭਵਨ, ਪਟਿਆਲਾ, ੧੯੬੮.

੧੪- ਕਲਮ ਦੀ ਕਰਾਮਾਤ, ਡਾ.ਬਲਬੀਰ ਸਿੰਘ, ਖਾਲਸਾ ਸਮਾਚਾਰ, ਅੰਮ੍ਰਿਤਸਰ, ੧੯੪੪.

੧੫- ਕੁਝ ਹੋਰ ਧਾਰਮਕ ਲੇਖ, ਪ੍ਰੋ.ਸਾਹਿਬ ਸਿੰਘ, ਲਾਹੌਰ ਬੁਕ ਸ਼ਾਪ, ਲਾਹੌਰ, ੧੯੪੬.

੧੬- ਗੁਰੂ ਅਰਜਨ ਤੇ ਸੰਤ ਦਾਦੂ ਦਿਆਲ- ਇਕ ਤੁਲਨਾਤਮਕ ਅਧਿਅਨ, ਡਾ.ਕਰਤਾਰ ਸਿੰਘ ਸੂਰੀ।

੧੭- ਗੁਰੂ ਅਰਜਨ- ਜੀਵਨ ਤੇ ਰਚਨਾ, ਭਾਸ਼ਾ ਵਿਭਾਗ,ਪਟਿਆਲਾ, ੧੯੭੦

੧੮- ਗੁਰ ਸ਼ਬਦ ਰਤਨਾਕਰ ਮਹਾਨ ਕੋਸ਼, ਭਾਈ ਕਾਨ੍ਹ ਸਿੰਘ ਨਾਭਾ, ਭਾਸ਼ਾ ਵਿਭਾਗ, ਪਟਿਆਲਾ।

੧੯- ਗੁਰ ਸਾਗਰ ਰਤਨ ਪ੍ਰਕਾਸ਼, ਗੁਰਬਖਸ਼ ਸਿੰਘ ਤੂਰਨ।

੨੦- ਗੁਰੂ ਨਾਨਕ-ਜੀਵਨ ਦਰਸ਼ਨ ਤੇ ਕਲਾ, ਸੰਪਾਦਕ ਡਾ.ਸੁਰਿੰਦਰ ਸਿੰਘ ਕੋਹਲੀ।

੨੧- ਗੁਰੂ ਨਾਨਕ ਤੇ ਭਗਤੀ ਅੰਦੋਲਨ, ਡਾ.ਮਨਮੋਹਨ ਸਿੰਘ, ਮਨਦੀਪ ਪ੍ਰਕਾਸ਼ਨ, ਨਵੀਂ ਦਿੱਲੀ-੧੫.

੨੨- ਗੁਰੂ ਨਾਨਕ ਦੀ ਸਾਹਿਤਕ ਪ੍ਰਤਿਭਾ ਤੇ ਹੋਰ ਲੇਖ, ਪ੍ਰੋ.ਦੀਵਾਨ ਸਿੰਘ।

੨੩- ਗੁਰੂ ਨਾਨਕ ਦੀ ਵਿਚਾਰਧਾਰਾ, ਡਾ.ਰਤਨ ਸਿੰਘ ਜੱਗੀ, ਨਵਯੁਗ ਪਬਲਿਸ਼ਰਜ਼, ਦਿੱਲੀ।

੨੪- ਗੁਰੂ ਨਾਨਕ ਦੇ ਵਿਸ਼ੇਸ਼ ਪ੍ਰਸੰਗ ਵਿਚ ਪੰਜਾਬੀ ਨਿਰਗੁਣਧਾਰਾ ਦਾ ਆਲੋਚਨਾਤਮਕ ਅਧਿਅਨ, ਪ੍ਰੇਮ ਪ੍ਰਕਾਸ਼ ਸਿੰਘ, (ਥੀਸਸ)

੨੫- ਗੁਰੂ ਨਾਨਕ ਨਿਰੰਕਾਰੀ, ਡਾ.ਕਾਲਾ ਸਿੰਘ ਬੇਦੀ, ਪੰਜਾਬੀ ਬੁਕ ਸਟੋਰ, ਦਿੱਲੀ, ੧੯੬੬.

੨੬- ਗੁਰਪੁਰਬ ਦਰਸ਼ਨ, ਡਾ.ਸ਼ੇਰ ਸਿੰਘ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, ੧੯੫੧.

੨੭- ਗੁਰਪੁਰਬ ਨਿਰਣਯ, ਕਰਮ ਸਿੰਘ ਹਿਸਟੋਰੀਅਨ, ਬਹਾਦਰ ਸਿੰਘ, ਅੰਮ੍ਰਿਤਸਰ, ੧੯੧੨.

੨੮- ਗੁਰਬਾਣੀ ਪ੍ਰਬੋਧ, ਭਗਤ ਰਾਮ ਦਿੱਤਾ ਜੀ, ਕ੍ਰਿਪਾਲ ਸਿੰਘ ਬਲਵੀਰ ਸਿੰਘ, ਅੰਮ੍ਰਿਤਸਰ, ੧੯੪੬.

੨੯- ਗੁਰਬਾਣੀ ਵਿਆਕਰਣ, ਪ੍ਰੋ.ਸਾਹਿਬ ਸਿੰਘ, ਹਿੰਦ ਪ੍ਰੈਸ, ਕੋਰਟ ਰੋਡ, ਅੰਮ੍ਰਿਤਸਰ, ੧੯੫੧.

੩੦- ਗੁਰਬਿਲਾਸ ਪਾਤਸ਼ਾਹੀ ਛੇਵੀਂ, ਸੰਪਾਦਕ ਗਿਆਨੀ ਇੰਦਰ ਸਿੰਘ ਗਿੱਲ, ਵਜ਼ੀਰ ਹਿੰਦ ਪ੍ਰੈਸ, ਅੰਮ੍ਰਿਤਸਰ, ੧੯੬੮.

੩੧- ਗੁਰਮਤ ਸਿਧਾਂਤ ਤੇ ਕੌਮਾਂਤਰੀ ਵਿਚਾਰਧਾਰਾ, ਲਾਲ ਸਿੰਘ, ਨਿਊ ਬੁਕ ਕੰਪਨੀ, ਜਲੰਧਰ, ੧੯੬੬.

੩੨- <u>ਗੁਰਮਤ ਜੀਵਨ-</u> ਭਾਈ ਵੀਰ ਸਿੰਘ ਮਜੀਠਾ, ਗਿਆਨੀ ਲਾਲ ਸਿੰਘ ਭਸੌੜ, ਪਟਿਆਲਾ।

੩੩- <u>ਗੁਰਮਤਿ ਪ੍ਰਕਾਸ਼</u>, ਪ੍ਰੋ.ਸਾਹਿਬ ਸਿੰਘ,ਕਾਰੋਨੇਸ਼ਨ ਬੁਕ ਡਿਪੋ,ਅੰਮ੍ਰਿਤਸਰ,੧੯੪੭.

੩੪- <u>ਗੁਰਮਤ ਫਿਲਾਸਫੀ</u>, ਗਿਆਨੀ ,ਪ੍ਰਤਾਪ ਸਿੰਘ, ਸਿੱਖ ਪਬਲਿਸ਼ਿੰਗ ਹਾਊਸ, ਅੰਮ੍ਰਿਤਸਰ, ੧੯੫੧.

੩੫- <u>ਗੁਰਮੱਤ ਵਿਚਾਰਧਾਰਾ</u>, ਭਗਤ ਸਿੰਘ ਹੀਰਾ,ਨੈਸ਼ਨਲ ਬੁਕ ਸ਼ਾਪ,ਦਿੱਲੀ।

੩੬- <u>ਗੁਰਮਤ ਪ੍ਰਭਾਕਰ</u>, ਭਾਈ ਕਾਨ੍ਹ ਸਿੰਘ ਨਾਭਾ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, ੧੯੭੨.

੩੭- <u>ਗੁਰਮਤਿ ਦਰਸ਼ਨ</u>, ਸ਼ੇਰ ਸਿੰਘ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ, ੧੯੫੧.

੩੮- <u>ਗੁਰਮਤਿ ਨਿਰਣਯ</u>, ਭਾਈ ਜੋਧ ਸਿੰਘ, ਮੈਸਰਜ਼ ਅਤਰ ਚੰਦ ਕਪੂਰ ਐਂਡ ਸਨਜ਼, ਲਾਹੌਰ, ੧੯੪੫.

੩੯- <u>ਗੁਰਮਤ ਨਿਰਣਯ ਭੰਡਾਰ</u>, ਭਾਗ ਦੂਜਾ, ਗਿਆਨੀ ਲਾਲ ਸਿੰਘ, ਗੁਰਮਤ ਪ੍ਰੈਸ, ਅੰਮ੍ਰਿਤਸਰ, ੧੯੪੪.

੪੦- <u>ਗੁਰਮਤਿ ਲੈਕਚਰ</u>, ਗਿਆਨੀ ਪ੍ਰਤਾਪ ਸਿੰਘ, ਭਾਈ ਜਵਾਹਰ ਸਿੰਘ ਕ੍ਰਿਪਾਲ ਸਿੰਘ ਬਜ਼ਾਰ ਮਾਈ ਸੇਵਾਂ,ਅੰਮ੍ਰਿਤਸਰ, ੧੯੬੭.

੪੧- <u>ਜੀਵਨ ਕਥਾ ਸ੍ਰੀ ਗੁਰੂ ਅਰਜਨ ਦੇਵ ਜੀ</u>, ਭਾਈ ਦਿੱਤ ਸਿੰਘ, ਲਾਹੌਰ ਬੁਕ ਸ਼ਾਪ, ਲਾਹੌਰ।

੪੨- <u>ਜੀਵਨ ਬ੍ਰਿਤਾਂਤ ਸ੍ਰੀ ਗੁਰੂ ਅਰਜਨ ਦੇਵ ਜੀ</u>, ਪ੍ਰੋ.ਸਾਹਿਬ ਸਿੰਘ, ਸਿੰਘ ਬ੍ਰਦਰਜ਼ ਅੰਮ੍ਰਿਤਸਰ, ੧੯੬੭.

੪੩- <u>ਤ੍ਵਾਰੀਖ ਗੁਰੂ ਖ਼ਾਲਸਾ</u>, ਗਿਆਨੀ ਗਿਆਨ ਸਿੰਘ, ਭਾਗ ਪਹਿਲਾ, ਸਿੱਖ ਰੈਫਰੈਂਸ ਲਾਇਬ੍ਰੇਰੀ, ਅੰਮ੍ਰਿਤਸਰ, (ਲਿਥੋਪ੍ਰਿੰਟ), ੧੮੯੧.

੪੪- <u>ਤਤਕਰਾ- ਸ੍ਰੀ ਗੁਰੂ ਗ੍ਰੰਥ ਸਾਹਿਬ ਜੀ</u>, ਅਕਾਲੀ ਕੌਰ ਸਿੰਘ, ਭਾਸ਼ਾ ਵਿਭਾਗ, ਪਟਿਆਲਾ।

੪੫- <u>ਧਰਮ-ਇਕ ਤੁਲਨਾਤਮਕ ਅਧਿਐਨ</u>, ਡਾ.ਰਾਧਾ ਕ੍ਰਿਸ਼ਨਨ, ਲੋਕ ਸਾਹਿੱਤ ਪ੍ਰਕਾਸ਼ਨ, ਅੰਮ੍ਰਿਤਸਰ, ੧੯੬੫.

੪੬- ਨਵ ਨਿਧਿ ਨਾਮੁ, ਭਗਤ ਸਿੰਘ ਹੀਰਾ, ਨੈਸ਼ਨਲ ਪ੍ਰੈਸ ਆਫ਼ ਇੰਡੀਆ, ਚਾਂਦਨੀ ਚੌਂਕ, ਦਿੱਲੀ

੪੭- ਨੇਮ ਤੇ ਪ੍ਰੇਮ, ਡਾ. ਤਾਰਨ ਸਿੰਘ, ਨਵਚੇਤਨ ਪਬਲਿਸ਼ਰਜ਼, ਘੰਟਾ ਘਰ, ਅੰਮ੍ਰਿਤਸਰ।

੪੮- ਪੰਜਾਬ ਯੂਨੀਵਰਸਿਟੀ ਪੰਜਾਬੀ ਸਾਹਿੱਤ ਦਾ ਇਤਿਹਾਸ, ਸੰਪਾਦਕ ਡਾ. ਸੁਰਿੰਦਰ ਸਿੰਘ ਕੋਹਲੀ, ਭਾਗ ਦੂਜਾ, ਪੰਜਾਬ ਯੂਨੀਵਰਸਿਟੀ ਪਬਲੀਕੇਸ਼ਨ ਬਿਊਰੋ, ਚੰਡੀਗੜ੍ਹ, ੧੯੬੭.

੪੯- ਪੰਜਾਬੀ ਸਾਹਿੱਤ ਦਾ ਇਤਿਹਾਸ, ਡਾ. ਸੁਰਿੰਦਰ ਸਿੰਘ ਕੋਹਲੀ, ਲਾਹੌਰ ਬੁਕ ਸ਼ਾਪ, ਲੁਧਿਆਣਾ, ੧੯੫੫.

੫੦- ਪੰਜਾਬੀ ਸਾਹਿੱਤ ਵਿਚ ਭਗਤੀ ਅੰਦੋਲਨ, ਡਾ. ਮਨਮੋਹਨ ਸਿੰਘ (ਥੀਸਸ)।

੫੧- ਭਗਤੀ ਤੇ ਸ਼ਕਤੀ, ਡਾ. ਤਾਰਨ ਸਿੰਘ, ਭਾਈ ਫਕੀਰ ਸਿੰਘ ਐਂਡ ਸਨਜ਼, ਅੰਮ੍ਰਿਤਸਰ, ੧੯੬੨.

੫੨- ਵਾਰਾਂ ਭਾਈ ਗੁਰਦਾਸ, ਖਾਲਸਾ ਸਮਾਚਾਰ, ਅੰਮ੍ਰਿਤਸਰ, ੧੯੬੨.

੫੩- ਵਿਚਾਰ ਮਾਲਾ, ਡਾ. ਸ਼ੇਰ ਸਿੰਘ, ਲਾਹੌਰ ਬੁਕ ਸ਼ਾਪ, ਲੁਧਿਆਣਾ, ੧੯੫੧.

੫੪- ਵੇਦਕ ਰਿਸ਼ੀਆਂ ਦੇ ਇਲਮ, ਗਿਆਨੀ ਦਿੱਤ ਸਿੰਘ, ਵਜ਼ੀਰ ਹਿੰਦ ਪ੍ਰੈਸ, ਅੰਮ੍ਰਿਤਸਰ।


ਪੱਤਰ ਤੇ ਹਥ ਲਿਖਤਾਂ


੫੫- ਇਤਿਹਾਸਕ ਪਤਰ, ਵਿਸਾਖ, ਜੇਠ, ਹਾੜ, ੨੦੦੬ (ਸੰ.੧੯੪੯) ਸਿੱਖ ਹਿਸਟਰੀ ਸੋਸਾਇਟੀ, ਅੰਮ੍ਰਿਤਸਰ।

੫੬- ਸਾਹਿੱਤ ਸਮਾਚਾਰ, ਭਾਈ ਵੀਰ ਸਿੰਘ ਅੰਕ

੫੭- ਗਉੜੀ ਸੁਖਮਨੀ ਮ:੫, ਸ੍ਰੀ ਗੁਰੂ ਅਰਜਨ ਦੇਵ ਜੀ, ਸਿੱਖ ਰੇਫਰੇਂਸ ਲਾਇਬ੍ਰੇਰੀ, ਅੰਮ੍ਰਿਤਸਰ, ਹੱਥ ਲਿਖਤ ਨੰ.੭੬੯.

੫੮- ਗੁਰ ਪ੍ਰਨਾਲੀਆਂ, ਸਿੱਖ ਹਿਸਟਰੀ ਸੋਸਾਇਟੀ, ਅੰਮ੍ਰਿਤਸਰ, ੪੦੩ ਗੁਰੂ ਨਾਨਕ ਸ਼ਾਹੀ।

੫੯- ਗੁਰ ਪ੍ਰਨਾਲੀ, ਕ੍ਰਿਤ ਭਾਈ ਗੁਲਾਬ ਸਿੰਘ, ਇਤਿਹਾਸਕ ਪੱਤਰ, ਵਿਸਾਖ, ਜੇਠ, ਹਾੜ, ੧੯੫੦

੬੦- ਗੁਰ ਪ੍ਰਨਾਲੀ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਲਾਇਬ੍ਰੇਰੀ, ਹਥ ਲਿਖਤ ਨੰਬਰ ੩੮੮.

੬੧- ਪੰਜਾਬੀ ਦੁਨੀਆ- ਗੁਰਮਤ ਅੰਕ, ਗੁਰੂ ਰਾਮਦਾਸ ਅੰਕ, ਸੂਫ਼ੀ ਸਾਹਿੱਤ ਅੰਕ
੬੨- ਪ੍ਰਰਖ, ੧੯੬੯, ਭਾਗ ਦੂਜਾ।
੬੩- ਪ੍ਰਰਖ, ੧੯੭੨, ਭਾਗ ਦੂਜਾ (ਬੰਸਾਵਲੀ ਨਾਮਾ ਦਸਾਂ ਪਾਤਸ਼ਾਹੀਆਂ ਕਾ, ਕੇਸਰ ਸਿੰਘ ਛਿਬਰ)।

ਹਿੰਦੀ

੬੪- ਉਤਰੀ ਭਾਰਤ ਕੀ ਸੰਤ ਪ੍ਰੰਪਰਾ, ਪਰਸ ਰਾਮ ਚਤੁਰਵੇਦੀ।
੬੫- ਸੰਸਕ੍ਰਿਤ ਸ਼ਬਦਾਰਥ ਕੌਸ਼ਤੁਭ
੬੬- ਸੰਤ ਸਾਹਿਤਯ, ਡਾ.ਸੁਦਰਸ਼ਨ ਸਿੰਘ ਮਜੀਠੀਆ, ਰੂਪ ਕਮਲ ਪ੍ਰਕਾਸ਼ਨ, ਦਿਲੀ, ੧੯੬੨.
੬੭- ਸੰਤ ਸਾਹਿਤਯ ਕੀ ਸਮਾਜਕ ਪਿਠਭੂਮੀ, ਡਾ.ਹਜ਼ਾਰੀ ਪ੍ਰਸ਼ਾਦ ਦ੍ਵਿਵੇਦੀ।
੬੮- ਸੰਤ ਕਾਵਿ ਕਾ ਦਾਰਸ਼ਨਕ ਵਿਸ਼ਲੇਸ਼ਨ, ਡਾ.ਮਨਮੋਹਨ ਸਹਿਗਲ, ੧੯੬੫.
੬੯- ਸੰਤ ਦਰਸ਼ਨ, ਡਾ.ਨਾਰਾਇਨ ਦੀਕਸ਼ਿਤ।
੭੦- ਸ੍ਰੀ ਗੁਰੂ ਗ੍ਰੰਥ ਦਰਸ਼ਨ, ਡਾ.ਜਯ ਰਾਮ ਮਿਸ਼ਰ, ਸਾਹਿੱਤ ਭਵਨ, ਇਲਾਹਾਬਾਦ, ੧੯੬੦.
੭੧- ਹਿੰਦੀ ਸਾਹਿਤਯ ਕੋਸ਼, ਗਿਆਨ ਮੰਡਲ ਲਿਮਿਟਿਡ,ਵਾਰਾਨਸੀ, ੧੯੫੮.
੭੨- ਹਿੰਦੀ ਕਾਵਯ ਮੇ ਨਿਰਗੁਣ ਸੰਪਰਦਾਇ, ਡਾ.ਪੀਤਾਂਬਰ ਦੱਤ ਬੜਥਵਾਲ, ਅਨੁਵਾਦਕ-ਪਰਸਰਾਮ ਚਤੁਰਵੇਦੀ,ਅਵਧ ਪਬਲਿਸ਼ਿੰਗ ਹਾਊਸ,ਲਖਨਊ।
੭੩- ਹਿੰਦੀ ਕੀ ਨਿਰਗੁਣ ਕਾਵਿ ਧਾਰਾ ਔਰ ਉਸ ਕੀ ਦਾਰਸ਼ਨਕ ਪ੍ਰਿਸ਼ਟਭੂਮੀ, ਡਾ.ਗੋਬਿੰਦ ਤ੍ਰਿਗੁਣਾਇਤ।
੭੪- ਕਬੀਰ ਔਰ ਜਾਇਸੀ- ਰਹੱਸਵਾਦ ਔਰ ਤੁਲਨਾਤਮਕ ਵਿਵੇਚਨ, ਡਾ.ਗੋਬਿੰਦ ਤ੍ਰਿਗੁਣਾਇਤ।
੭੫- ਕਬੀਰ ਕੀ ਵਿਚਾਰਧਾਰਾ, ਡਾ.ਗੋਬਿੰਦ ਤ੍ਰਿਗੁਣਾਇਤ।
੭੬- ਕਬੀਰ ਦਰਸ਼ਨ, ਡਾ.ਰਾਮ ਜੀ ਲਾਲ ਸਹਾਇ।
੭੭- ਕਬੀਰ ਕਾ ਰਹੱਸਵਾਦ, ਰਾਮ ਕੁਮਾਰ ਵਰਮਾ, ਸਾਹਿੱਤ ਭਵਨ,ਇਲਾਹਾਬਾਦ।
੭੮- ਗੁਰੂ ਨਾਨਕ- ਜੀਵਨ ਔਰ ਦਰਸ਼ਨ, ਡਾ.ਜਯ ਰਾਮ ਮਿਸ਼ਰ।

੭੯- ਗੁਰੂ ਅਰਜਨ ਦੇਵ ਜੀ ਕੀ ਬਾਣੀ, ਭਾਸ਼ਾ ਵਿਭਾਗ, ਪਟਿਆਲਾ, ੧੯੭੧.

੮੦- ਗੀਤਾ ਰਹੱਸਯ, ਬਾਲ ਗੰਗਾ ਧਰ ਤਿਲਕ, ੧੯੫੮.

੮੧- ਗੋਰਖ ਬਾਣੀ, ਡਾ. ਪੀਤਾਂਬਰ ਦੱਤ ਬੜਥਵਾਲ।

੮੨- ਭਕਤਿ ਕਾਵਿ ਮੇਂ ਰਹੱਸਵਾਦ, ਡਾ. ਰਾਮ ਨਾਰਾਇਣ ਪਾਂਡੇ, ਨੈਸ਼ਨਲ ਪਬਲਿਸ਼ਿੰਗ ਹਾਊਸ, ਦਿੱਲੀ, ੧੯੬੬.

੮੩- ਭਾਰਤੀਯ ਦਰਸ਼ਨ, ਬਲਦੇਵ ਉਪਾਧਿਆਏ।

੮੪- ਮਹਾਂਦੇਵੀ ਕੀ ਰਹੱਸਯ ਸਾਧਨਾ, ਸ਼੍ਰੀ ਵਿਸ਼ੰਭਰ ਮਾਨਵ।

੮੫- ਰਹੱਸਯਵਾਦ, ਰਾਮ ਮੂਰਤੀ ਤ੍ਰਿਪਾਠੀ।

੮੬- ਤਾਰੀਖਿ ਸਿਖਾਂ, ਮੁਨਸ਼ੀ ਖ਼ੁਸ਼ਵਕਤ ਰਾਇ (ਫ਼ਾਰਸੀ)।

੮੭- ਸਰਮਾਇਆ ਇਸ਼ਕ, ਮਾਣਕ ਅਲੀ ਖਾਂ, (ਉਰਦੂ)।

## ਅੰਗ੍ਰੇਜ਼ੀ

88- A Critical Study of Adi Granth, Dr. Surinder Singh Kohli, Panjabi Writers' Co-operative Industrial Society Ltd., Karol Bagh, Delhi, 1961.

89. Adi Granth, Ernest Trumpp, Waterloo Place Pall Mall S.W. London, 1877.

90. An Ideal Man of Guru Granth, Dr. Tarn Singh, 1966.

91. A History of the Welfare of Science with Theology in Christendom, A.D. White, Vol. I.

92. A History o£ the Sikhs, J.D. Cunningham.

93. A History of Sikhs, S. Khushwant Singh, Vol. I.

94. A History of the Panjab, Syed Mohammed Latif.

95. An Intelligent Man's guide to Indian Philosophy, M.C. Pandye.

96. An Introduction to Yoga, Annie Besant.

97. An Ancient Wisdom, Annie Besant, Theosophical Publishing House, London, 1897.

98. A Short History of Sikhs, Teja Sin h & Ganda Singh, 1950.

99. A Study of Ethical Principle, James Seth.

100. Chhandogya Upanishad, Trans. by Hindu Scriptures, New York.

101. Comparative Religion, A.C. Bouquet, Penguin, England.

102. Constructive Survey of Upanishadic Philosophy, Prof.Ranade.

103. Dictionary of Islam, Thomas Patrick Hughes,London, 1935.

104. Dictionary of Mysticism, Frank Gaynor ,New York, 1953.

105. Eastern Religion & Western G Thought,Dr.S.Radha Krishanan.

106. Encyclopaedia Brittanica, Pub.by.-A Society of Gentlemen in Scotland,1768,Vol.IV,X,XVI.

107. Encyclopaedia of Philosophy, The MacMillan Company & The Free Press, New York, 1967.

108. Encyclopaedia of Religion & Ethics, James Hastings, New York, 1917,Vol.III,VI,IX,XII.

109. Encyclopaedia of Social Sciences, Vol.II.

110. Ethics of the Sikhs, Avtar Singh, Panjabi University, Patiala, 1970.

111. First Principles of Theosophy, C.Jinarajadasa XI Edition,1960.

112. Guru Nanak-World Teacher,Gobind Singh Mansukhani.

113. Hindu Mysticism, S.N.Das Gupta, New York, 1927.

114. Hindu Philosophy, Theos Bernard.

115. Hints for Self Culture, Sh.Hardayal M.A.Ph.D., 2nd Edition, Raj Kamal Publication Ltd.New Delhi.

116. History of Indian Philosophy,S.N. Das Gupta,Vol.I and II.

117. History & Philosophy of the Sikh Religion,Khazan Singh, Vol.I&II,Nawal Kishore Press Ltd.Lahore,1914.

118. Indian Philosophy, Dr.S. Radha Krishanan,Vol.I&II. George Allen & Unwin Ltd.London,The Macmillon Company, New York,1941.

119. Introduction to Comparative Mysticism, Jacques De Marquette, Copy right by- The Philosophical Library New York,1949.

120. Introduction to Sikhism,Gobind Singh Mansukhani.

121. Islamic Sufism,Iqbal Ali Shah.

122. Jalaludin Rumi- Poet & Mystic, R.A.Nicholoson,1950.

123. Kathopanishad,Swami Sarvananda Madras VII Ed.1952.

124. Mysticism, Evelyn, Underhill,1910.

125. Mysticism- A Study and an Anthology, F.C.Happold.

126. Mysticism and Philosophy, W.T. Stace, MacMillon & Co.Ltd. London, 1961.

127. Mysticism- Christian and Buddhist, D.T. Suzuki, Collier Books, New York, 1962.

128. Mysticism- East & West, Rudolf Otto, 1932.

129. Mysticism in Bhagwad Gita, Mahinder Nath Sircar.

130. Mysticism in English Literature, Spurgen.

131. Mysticism in Maharashtra, Prof. Ranade.

132. Mysticism in Religion, Dean W.R. Inge, Hutchinson, London.

133. Mysticism in Upanishads, Bankey Behari, Gita Press, Gorakhpur, 1940.

134. Mysticism of Guru Nanak, Dr. Dewan Singh, (Thesis), 1973.

135. Mystics of Islam, R.A.Nicholoson.

136. Pathway to God, Prof. Ranade.

137. Philosophy of Guru Nanak, Dr.Surinder Singh Kohli.

138. Philosophy of Sikhism, Dr. Sher Singh, Sikh University Press, Lahore, 1944.

139. Principles of Tantras, Woodroffe.

140. Psalm of Peace, Teja Singh.

141. Reason & Emotion, J. Macmurrey.

142. Religion of India, Max Weber.

143. Sayings of Shri Rama Krishna, Published by the Rama Krishna Math, Mylapore, Madras, 1949.

144. Sikh Martyrs, Bhagat Lakshman Singh, The Cambridge Press, Madras, 1923.

145. Sikh Religion- Karma & Transmigration, S. Harnam Singh P.C.S. (Rtd.) Sutlej Press Clock Tower, Ludhiana.

146. Sikhism its Ideals and Institution, Principal Teja Singh, 1948.

147. Some Studies in Sikhism, Bhai Jodh Singh, 1953.

148. Studies in Mystical Religion, R.M. Johnes.

149. Tantras and accult Secrets, D.N.Bose.

150. The Essentials of Mysticism, E. Underhill London, 1948.

151. The Evolution of Theology in the Greek Philosophers, Edward Caird.

152. The Faith of the World-(A Dictionary of all Religions and Religious Sects),Rev.James Gardner,M.A.Vol.I,II,London.

153. The Gospel of Islam,Duncan Greenlees Madras, 1948.

154. The Gospel of Guru Granth Sahib,Duncan Greelees, The Theosophical Publishing House Adyar,Madras,1952.

155. ~~The History of Panjab, [illegible], [illegible].~~ The Glorious Koran.

156. The Message of Guru Arjan, Prof.Puran Singh,Lahore Book Shop, Lahore,1945.

157. The Mystic Way, E. Underhill. ? ?

158. The Mythology of the Hindus,Charles Coleman,Leaden Hall Street, London, 1832.

159. The Nature of Mysticism, C. Jinarajadasa, Theosophical Publishing House,Adyar,Madras,1934.

160. The Path of Perfection, Swami Vivekananda.

161. The Perennial Philosophy, Aldous Huxley, London, 1947.

162. The Philosophy of Religion, G. Galloway,1930.

163. The Principle Upanishads, Dr. S. Rada Krishanan.

164. The Reconstruction of Religious thought in Islam,Dr.Sir Mohd. Iqbal.

165. The Sikh Gurus and Sikh Society,Niharanjan Ray,Panjabi University Patiala,1970.

166. The Sikhs and Sikhism, Dr.Ganda Singh,G.S.Press,Madras.

167. The Sikh Religion, M.A. Macauliffe, Vol.II&III,Oxford,1909

168. The Spirit Born People, Prof.Puran Singh,Language DepttPatiala.

169. The Ten Masters, Prof.Puran Singh,Singh Brothers,Amritsar.

170. The Theory and Art of Mysticism, Radha Kamal Mukerjee, Bombay.

171. The Tribune, May 16, 1974.

172. Transformation of Sikhism, Gokal Chand Narang, Gujrat Press, Karol Bagh, New Delhi, V Edition, 1960.

173. Outlines of Sikh Thought, Dr. S. S. Kohli, Panjabi Parkashak, Karol Bagh, New Delhi, 5, 1966.

174. Upanishads- Brihardarnayaka, Mundak.

175. Varieties of Religious Experience, William James.

176. Western Mysticism, Dam Cuthbert Butler.

177. What is Hinduism, D.S. Sharma, The Madras Law Journal Office, Madras, 1945.


*****
***
*